ਸ੍ਰੀ ਭਗਤ ਰਵਿਦਾਸ ਜੀ ਦੀ ਜਨਮਸਾਖੀ

ਸ੍ਰੀ ਮਾਨ ਸੰਤ ਗਿਆਨੀ ਕਾਲਾ ਸਿੰਘ ਨਾਮਧਾਰੀ

# ਸ੍ਰੀ ਭਗਤ ਰਵਿਦਾਸ ਜੀ

# ਦੀ ਜਨਮ ਸਾਖੀ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਭੂਪ ਸਿੰਘ ਨਾਮ ਧਾਰੀ

ਮੰਡੀ ਡਬਵਾਲੀ

ਸੰਤ ਭੂਪ ਸਿੰਘ ਨਾਮਧਾਰੀ

ਮੰਡੀ ਡਬਵਾਲੀ

ਗਲੀ ਨਾਮਧਾਰੀਆਂ ਵਾਲੀ

Sri Satguru Jagjit Singh Ji Elibrary NamdhariElibrary@gmail.com

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਭਗਤਾਂ ਮੁਖ ਅੰਮ੍ਰਿਤ ਹੈ ਬਾਣੀ

# ਸ੍ਰੀ ਭਗਤ ਰਵਿਦਾਸ ਜੀ ਦੀ ਜਨਮਸਾਖੀ

ਸ੍ਰੀ ਮਾਨ ਸੰਤ ਗਿਆਨੀ ਕਾਲਾ ਸਿੰਘ ਨਾਮਧਾਰੀ

ਨਿਝਰ ਗੋਤ, ਸ੍ਰੀ ਨਾਮਦੇਵ ਬੰਸ ਨਾਮਧਾਰੀ ਇਤਹਾਸ

ਸ੍ਰੀ ਨਾਮਦੇਵ ਜੀ ਦੀ ਸਾਖੀ ਦਾ ਲਿਖਾਰੀ

ਬੇਨਤੀ ॥

ਨਾਮ ਅਕਾਲ ਹੈ ਜਪੇ ਜੋ ਮਨ ਚਿਤ ਲਾਏ ।
ਲੀਏ ਦੁਖ ਜਾਵਸੀ ਹੋਸੀ ਦੂਰ ਬਲਾਏ ॥
ਕ ਗੁਰੂ ਗੋਬਿੰਦ ਸਿੰਘ, ਗੁਰੂ ਰਾਮ ਸਿੰਘ ਜੋਏ ।
ਕੋ ਮੇਰੀ ਬੰਦਨਾ ਬਿਗਨ ਬਿਨਾਸਨ ਸੋਏ ॥
ਸ੍ਰੀ ਰਵਿਦਾਸ ਦਾ ਜੀਵਨ ਜੋ ਬਿਰਤਾਂਤ ।
ਸੁਣੋ ਸੰਤ ਸੇਵਕੋ ਕਰਕੇ ਬ੍ਰਿਤ ਇਕਾਂਤ ॥

ਆਦ ਪ੍ਰਤਿ ਬੰਦਨਾ ਸਰਨ ਪਿਆਂ ਤਾਰ ਗੁਰੂ ... ਰਚੀ ... ਰਾ ਜਸ ਗਾਵਣਾ । ਅੰਗਦ ਅਮਰਦਾਸ ... ਵਦਾ ਹਾਂ । ਰਾਮਦਾਸ ਗੁਰੂ ਅਰਜਨ ਧਿਆਵਣੇ ... ਹਰਿਗੋਬਿੰਦ ਹਰਿ ਰਾਇ ਸ੍ਰੀ ਹਰਿ ਕ੍ਰਿਸ਼ਨ ਜੀ ਨੌਮੇਂ ਦਸਮੇਸ਼ ਦੇ ਚਰਨ ਚਿਤ ਲਾਵਣਾ । ਸ੍ਰੀ ਦਸਮੇਸ਼ ਗੁਰੂ ਗਿਆਰ੍ਹਵੇਂ ਸਰੂਪ ਆਏ ਬਾਰ੍ਹਵੇਂ ਗੁਰਾਂ ਦੇ ਸੀਸ ਚਰਨ ਟਿਕਾਂਵਣਾ ॥ ੧ ॥

ਕਬਿਤ—ਗੁਰੂ ਹੈ ਬਾਲਕ ਸਿੰਘ ਗਿਆਰ੍ਹਵਾਂ ਸਰੂਪ ਜਾਣੋ ਬਹੁ ਸਤਿਗੁਰੂ ਰਾਮ ਸਿੰਘ ਬਾਰ੍ਹਵੇਂ ਜੋ ਆਇਓ ਹੈ । ਢਾਢੀਆਂ ਦੀ ਬੰਸ ਭੈਣੀ ਸਾਹਿਬ ਜੋ ਨਿਵਾਸ ਕੀਤਾ ਨਾਮਧਾਰੀ ਪੰਥ ਸੰਤ ਖਾਲਸਾ ਚਲਾਇਓ ਹੈ । ਗੁਰੂ ਹਰੀ ਸਿੰਘ ਜੀ ਨੇ ਦਾਸ ਤਾਈਂ ਵਰ ਦਿਤੇ

Sri Satguru Jagjit Singh Ji Elibrary NamdhariElibrary@gmail.com

ਅਨਭਵ ਕਰ ਕਾਵਿ ਦਾਸ ਨੇ ਰਚਾਇਓ ਹੈ। ਰਾਜਨ ਕੇ ਰਾਜ ਮਹਾਰਾਜ ਪ੍ਰਤਾਪਸਿੰਘ ਤੀਨ ਲੋਕ ਪਤਿ ਕੇ ਚਰਨ ਸਿਰ ਨਾਇਓ ਹੈ।੨।

ਕਬਿਤ ॥ ਛਡ ਗੁਰੂ ਰੀਤੀ ਸੀ ਪ੍ਰੀਤੀ ਹੋਈ ਪਥਰਾਂ ਦੀ ਆਣਕੇ ਕੁਰੀਤੀ ਸਾਰੇ ਦੇਸ ਨੂੰ ਫਸਾਇਆ ਸੀ। ਭੈਰੋਂ ਗੁਗਾ ਔ ਸਲੀਤੀ ਛਡ ਦਿਤੀ ਵੇਦ ਨੀਤੀ,ਗਰੰਥ ਬਾਣੀ ਦੂਰ ਕੀਤੀ ਗੁਰੂ ਨੂੰ ਭੁਲਾਇਆ ਸੀ। ਬੇਇਤਫਾਕੀ ਬਦਨੀਤੀ ਫੁਟ ਰੂਪੀ ਭੰਗ ਪੀਤੀ ਕਰਨ ਹਿਤ ਸਰਜੀਤੀ ਬਲੀ ਜੋਧਾ ਪ੍ਰਗਟਾਇਆ ਸੀ। ਐਸੀ ਦੇਖ ਦਿਸ਼ਾ ਦਸਮੇਸ਼ ਜਾਮੇ ਬਾਰ੍ਹਵੇਂ ਚਿ ਸਤਿਗੁਰੂ ਰਾਮ ਸਿੰਘ ਹੋ ਕੇ ਆਪ ਆਇਆ ਸੀ ॥੩॥

ਕਬਿਤ—ਨਾਮ ਕਾ ਜਪਈਆ ਜੀ ਰਖਈਆ ਸਰਬ ਦੀਨਨ ਕਾ ਰੀਤ ਗੁਰੂ ਕੀ ਕਰਈਆ ਜਗ,ਹੋਮ ਕਰਵਾਇਓ ਹੈ। ਸਿੰਘ ਸੂਰਮੇ ਕਰਈਆ, ਬਾਣੀ ਸਭ ਤੇ ਪੜ੍ਹਈਆ, ਨਾ ਦਵੈਤ ਕੇ ਰਖਈਆ ਸਭ ਨਾਮ ਏਕ ਹੀ ਜਪਾਇਓ। ਕੂੜ ਕਾ ਕਟੱਈਆ ਜੀ ਤੜਈਆ ਮੜ੍ਹੀ ਗੋਰਨ ਕਾ ਸੋਧਕਾ ਰਖਈਆ ਮੁਖਵਾਕ ਫਰਮਾਇਓ ਹੈ। ਬੰਦਨਾ ਹੈ ਮੇਰੀ ਦਸਮੇਸ਼ ਜਾਮੇ ਬਾਰ੍ਹਵੇਂ ਨੂੰ ਸਤਿਗੁਰੂ ਰਾਮ ਸਿੰਘ ਹੋ ਕੇ ਆਪ ਆਇਓ ਹੈ ॥ ੪ ॥

ਕਬਿਤ—ਬੰਦਨਾ ਹੈ ਮੇਰੀ ਗੁਰੂ ਗਰੰਥ ਸੰਤ ਖਾਲਸੇ ਨੂੰ, ਕੰਨ ... ਭਵ ਸਿੰਧ ਪਾਰ ਉਤਾਰਦਾ। ਪੰਜ ਜੀ ਪਿਆਰੇ ਸਾਹਿਬ... ... ਮੁਕਤਿਆਂ ਦੇ ਅਸੋ ਗੁਰਮੁਖਾਂ ਸੀਸ ਚਰਨਾਂ ਤੇ ਡਾਰ... ਕਰੋ ਪ੍ਰਕਾਸ਼ ਬੁਧ, ਕਾਵਿ ਦਾ ਭੰਡਾਰ ਦੇਵੋ ਏਹੋ ਅਰਦਾਸ ਦਾਸ ਆਪ ਕਾ ਪੁਕਾਰਦਾ। ਮੰਨ ਅਰਦਾਸ ਹੁਣ ਪੂਰੀ ਕਰੋ ਆਸ ਮ... ਕਾਲਾ ਸਿੰਘ ਭਗਤ ਜਸ ਲਿਖੇ ਅਵਤਾਰ ਦਾ ॥ ੫ ॥

(ਸਾਖੀ ਰਚਨ ਦਾ ਪਰੇਮ)

ਕਬਿਤ—ਨਿਤਨੇਮ ਸਿੰਘ ਨਾਮਧਾਰੀਏ ਦੀਵਾਨ ਲੌਣ ਸੰਗਤਾਂ ਬੇਅੰਤ ਆਈਆਂ ਹੁਮ ਜੋ ਹੁਮਾਹੇ ਸਨ। ਪੰਥ ਪ੍ਰਕਾਸ਼ ਨਾਮਧਾਰੀ ਇਤਹਾਸ ਕਾਵਿ ਕਥਾ ਕੀਤੀ ਤਾਹਿ ਮਾਹਿ ਸਿੰਘ ਹੁਲਸਾਏ ਸਨ।

Sri Satguru Jagjit Singh Ji Elibrary NamdhariElibrary@gmail.com

ਵਾਰ ਵਾਰ ਸੰਗਤਾਂ ਨੇ ਆਖਿਆ ਸੀ ਦਾਸ ਤਾਈਂ ਸਾਖੀ ਨਾਮ ਦੇਵ ਲਿਖ ਆਪ ਜੋ ਛਪਾਏ ਸਨ। ਓਸੇ ਤਰਾਂ ਹੁਣ ਸ੍ਰੀ ਭਗਤ ਰਵਿਦਾਸ ਲਿਖੋ ਬੈਂਤਾਂ ਵਿਚ ਕਾਵਿ ਸਿਧੀ ਬੋਲੀ ਜੋ ਲਖਾਏ ਸਨ ॥ ੬ ॥

ਦੋਹਰਾ—ਪੂਰਨ ਕਰਦੇ ਸਤਿਗੁਰੂ ਸੰਗਤ ਵਾਲੀ ਆਸ।
ਲਿਖਦਾ ਕਾਲਾ ਸਿੰਘ ਹੈ ਸਾਖੀ ਸ੍ਰੀ ਰਵਿਦਾਸ॥
ਲਿਖ ਇਕਤਾਲੀ ਸ਼ਬਦ ਜੋ, ਟੀਕਾ ਬੁਧ ਅਨੁਸਾਰ।
ਜਸ ਲਿਖਾਂ ਮੈਂ ਭਗਤ ਦਾ ਕਾਵਿ ਭਾਵ ਉਚਾਰ॥
ਪੜ੍ਹੇ ਸੁਣੇ ਪਰਸੰਗ ਜੋ ਕਰ ਕੇ ਬ੍ਰਿਤਿ ਇਕਾਂਤ।
ਸਰਬ ਜਗਤ ਮੈਂ ਸੁਖ ਮਿਲੇ ਮਨ ਮੈਂ ਆਵੇ ਸ਼ਾਂਤ॥
ਬੈਂਤ ਆਦਿ ਕਬਿਤ ਜੋ ਦਵਈਏ ਚੋਪਈ ਨਾਲ।
ਦੋਹਰੇ ਡੇਉਢੀ ਚਾਲ ਕੋ ਪੜ੍ਹ ਕੇ ਹੋਣ ਨਿਹਾਲ॥

ਸਾਖੀ ਦਾ ਲਿਖਣਾ

ਬੈਂਤ—ਬਹੁਤ ਕਰੀ ਸੀ ਬੇਨਤੀ ਸੰਗਤਾਂ ਨੇ ਦਾਸ ਚਿਤਦੇ ਮੈਂ ਸੋਚ ਸੁਚਾਂਵਦਾ ਹਾਂ। ਰਚੇ ਕਈ ਪੁਸਤਕ ਬੈਂਤਾਂ ਵਿਚ ਪਹਿਲੇ ਅਰਥ ਬੋਧ ਨੂੰ ਲਿਖ ਲਿਖਾਂਵਦਾ ਹਾਂ। ਪੈਂਤੀ ਅਖਰੀ ਬੈਂਤਾਂ ਦੀ ਕਰੀ ਰਚਨਾ ਸ਼ਹੀਦ ਬਿਲਾਸ ਨੂੰ ਮੈਂ ਛਪਾਵਦਾ ਹਾਂ। *ਪੰਥ ਪ੍ਰਕਾਸ਼ ਲਿਖਿਆ ਨਾਮਧਾਰੀਆਂ ਦਾ ਸਤਿਗੁਰਾਂ ਤੋਂ ਮਾਣ ਨੂੰ ਪਾਂਵਦਾ ਹਾਂ। ਸਾਖੀ ਰਚੀ ਵਡੀ †ਨਾਮਦੇਵ ਜੀ ਦੀ ਕਾਹਟ ਸ਼ਬਦ ਦਾ ਟੀਕਾ ਬਨਾਂਵਦਾ ਹਾਂ। ਭਗਤ ਮਾਲਾ ਤੇ ਪਰਚੀਆਂ ਦੇਖ ਕਰ ਕੇ ਭਾਈ ਗੁਰਦਾਸ ਵਾਰਾਂ ਲਿਖ ਪਾਂਵਦਾ ਹਾਂ। (ਇਕਤਾਲੀ) ਸ਼ਬਦ ਗੁਰੂ ਗ੍ਰੰਥ ਸਾਹਿਬ ਅੰਦਰ ਟੀਕਾ ਕਾਵਿ ਤੇ ਕਰ ਉਲਟਾਂਵਦਾ ਹਾਂ। ਕਈ ਪੁਸਤਕਾਂ ਤੋਂ ਖੋਜ ਭਾਲ

---

*ਪੰਥ ਪ੍ਰਕਾਸ਼ ਤੇ ਪੈਂਤੀਸ ਅੱਖਰੀ ਵਿਚ ਮਲੇਰ ਕੋਟਲੇ ਦੇ ਨਾਮਧਾਰੀ ਸਿੰਘਾਂ ਦੀ ਬਹਾਦਰੀ ਤੇ ਸ਼ਹੀਦੀ ਦਾ ਹਾਲ ਹੈ। ਏਹ ਨਾਮਧਾਰੀ ਸਿੰਘਾਂ ਦੀ ਕਥਾ ਹੈ ਆਦਿ ਤੋਂ ਅੰਤ ਤਕ।

†ਨਾਮਦੇਵ ਦੇ ਕਾਹਟ ਸ਼ਬਦਾਂ ਦਾ ਟੀਕਾ ਕਬਿਤਾਂ ਵਿਚ ਜੀਵਨ ਚਰਿਤ੍ਰ ਬੈਂਤਾਂ ਵਿਚ ਬੋਲੀ ਠੇਠ ਪੰਜਾਬੀ ੧੯੧੪ ਛਪ ਚੁਕੇ ਹਨ।

Sri Satguru Jagjit Singh Ji Elibrary NamdhariElibrary@gmail.com

ਕਰ ਕੇ ਨਾਲ ਆਪਣੀ ਬੁਧ ਰਲਾਂਵਦਾ ਹਾਂ। ਕਈ ਵਾਰ ਸੀ ਆਖਿਆ ਸੰਗਤਾਂ ਨੇ ਸਾਖੀ ਲਿਖੋ ਜੀ ਭਗਤ ਰਵਿਦਾਸ ਵਾਲੀ। ਕਾਲਾ ਸਿੰਘ ਆਖੇ ਸੁਣੋ ਪ੍ਰੇਮ ਕਰ ਕੇ ਸ੍ਰੀ ਭਗਤ ਰਵਿਦਾਸ ਪ੍ਰਕਾਸ਼ ਵਾਲੀ।

### ਸ੍ਰੀ ਰਵਿਦਾਸ ਜੀ ਦਾ ਅਵਤਾਰ

ਭਾਰਤ ਵਰਸ਼ ਅੰਦਰ ਮਸ਼ਹੂਰ ਸਾਰੇ ਕਾਂਸ਼ੀ ਪੁਰੀ ਸੰ...ਤ ਭੰਡਾਰ ਹੈ ਜੀ। ਜੋ ਮਰੇ ਏਥੇ ਮੁਕਤ ਮਿਲ ਜਾਂਦੀ ਵਰ ਸ਼ਿਵਾਂ ਦਾ ਕਹੇ ਸੰਸਾਰ ਹੈ ਜੀ। ਏਸੇ ਸ਼ੈਹਰ ਦੇ ਅੰਦਰ ਨੇ ਰਹਿਣ ਵਾਲੇ ਜਸੀ, ਗੋਤ ਤੇ ਕਾਲੂ ਚਮਾਰ ਹੈ। ਕਿਰਤ ਧਰਮ ਦੀ ਕਰਨ ਪਤਵਾ... ਅੰਦਰ ਸੰਤੋਖ, ਪੁਤਰ ਹੋਇਆ ਪੈਦਾਵਾਰ ਹੈ ਜੀ। ਹੋਇਆ ਉਮਰ ਜੁਆਨ... ਜਾਂ ਆਣਕੇ ਤੇ ਸ਼ਾਦੀ ਕਰਨ ਨੂੰ ਹੋਏ ਤਿਆਰ ਹੈ ਜੀ। ਹਾਜ਼... ਚਿਤ੍ਰਕੂਟ ਖਾਸ ਵਸਤੀ, ਧਾਰੂ ਨਾਮ ਤੇ ਭਗਤ ਪਿਆਰ ਹੈ ਜੀ। ਕੌਂਸਿਆ ਦੇਵੀ ਪੁਤਰੀ, ਪਰੇਮ ਭਗਤ ਵਾਲੀ ਹੋਈ ਜੁਆਨ ਜਾਂ ਉਮਰ ਮੁਟਿਆਰ ਹੈ ਜੀ। ਧਾਲੀ ਵਾਲ ਗੋਤ ਉਸ ਦਾ ਦਸਦੇ ਨੇ ਕੰਮ ਚੰਮ ਦਾ ਕਰਨ ਵਿਚਾਰ ਹੈ ਜੀ। ਸੰਤੋਖ ਦਾਸ ਦੀ ਸ਼ਾਦੀ ਸੀ ਕਰੀ ਆਹਾ ਕੌਂਸ ਦੇਵੀ ਹੋਈ ਸੇਵਾਦਾਰ ਹੈ ਜੀ। ਕਿਰਤ ਕਰ ਕੇ ਬਿਰਤਿ ਇਕੰਤ ਰਖਦੇ ਜਾਪ ਕਰਦੇ ਸ੍ਰੀ ਕਰਤਾਰ ਹੈ ਜੀ। ਅੰਦਰੋਂ ਮੰਗ ਹੋਈ ਪੁਤਰ ਘਰ ਹੋਵੇ ਸਾਕਾਰ ਪ੍ਰਗਟ ਨਿਰਾਕਾਰ ਹੈ ਜੀ। ਦਸ ਮਾਂਹ ਜਾਂ ਦਿਨ ਬਤੀਤ ਹੋਏ ਕਾਂਸ਼ੀ ਪੁਰੀ ਅੰਦਰ ਚਮਤਕਾਰ ਹੋਇਆ। ਕਾਲਾ ਸਿੰਘ ਅਕਾਲ ਦੀ ਜੋਤ ਵਿਚੋਂ ਸ੍ਰੀ ਭਗਤ ਰਵਿਦਾਸ ਅਵਤਾਰ ਹੋਇਆ।

### ਅਕਾਲ ਪੁਰਖ ਦੀ ਵਿਚਾਰ

ਸਚ ਖੰਡ ਅੰਦਰ ਨਿਰਾਕਾਰ ਪ੍ਰਭੂ ਬੈਠੇ ਦੇਖਦੇ ਧਿਆਨ ਨੂੰ ਪਾਏ ਕੇ ਜੀ ਉਤਰ ਦਖਣ, ਪੱਛਮ ਪੂਰਬ, ਦਿਸ਼ਾ ਚਾਰੇ; ਨੌਂ ਖੰਡ ਦੇਖੇ ਧਿਆਨ ਪਾਇ ਕੇ ਜੀ। ਕਈ ਠਾਕਰਾਂ ਦਾ ਬੈਠੇ ਜਾਪ ਕਰਕੇ, ਸ਼ਿਵਲਿੰਗ ਪੂਜਣ ਮਨ ਲਾਇ ਕੇ ਜੀ। ਗੋਰ ਮੜ੍ਹੀ ਮੁਸਾਣੀ ਤੇ ਸਖੀਸ ਰੱਬ, ਗੂਗੇ, ਭੈਰੋਂ ਨੂੰ ਮੰਨਣ ਮੁਨਾਇ ਕੇ ਜੀ।

ਮੰਤਰ, ਤੰਤਰ,ਅਗਨੀ, ਪੌਣ, ਪਾਣੀ, ਚੰਦ, ਸੂਰਜ ਨੂੰ ਮਥੇ ਘਸਾਇਕੇ ਜੀ। ਬ੍ਰਾਹਮਣ ਵਿਚ ਹੰਕਾਰ ਦੇ ਭਰੇ ਹੋਏ ਨੇ ਪੇਟ ਪੂਜਦੇ ਰੱਬ ਭੁਲਾਇਕੇ ਜੀ। ਸ਼ੂਦਰ, ਖੱਤਰੀ, ਵੈਸ਼ ਤੇ ਪੰਥ ਜੋਗੀ ਬੈਠੇ ਆਪਣੇ ਮੱਤ ਬਨਾਇਕੇ ਜੀ। ਫਸੇ ਹੋਏ ਨੇ ਜਾਤ ਅਭਿਮਾਨ ਅੰਦਰ ਬੈਠੇ ਤੀਰਥਾਂ ਦੇ ਉਤੇ ਜਾਇਕੇ ਜੀ। ਛੂਤ ਛੂਤ ਕਰਕੇ ਬੁਰਾ ਆਖਦੇ ਸਨ ਨੀਚ ਜਾਤਾਂ ਨੂੰ ਕਹਿਣ ਦਬ ਇਕੇ ਜੀ। ਦੇਖੋ ਬੰਦਿਆਂ ਨੂੰ ਵਡਾ ਕਹਿਣ ਮਾੜਾ ਪਰੇ ਹੋਵੋ ਕਹਿੰਦੇ ਸਾਥੋਂ ਧਾਇਕੇ ਜੀ। ਜੇਹੜੇ ਭੂਤ ਪਰੇਤਾਂ ਨੂੰ ਮੰਨਦੇ ਨੇ ਕਹੀਏ ਓਹਨਾਂ ਨੂੰ ਕਿਵੇਂ ਸਮਝਾਇਕੇ ਜੀ। ਨੀਚ ਕੌਮ ਚੁਮਾਰ ਦੇ ਜਨਮ ਲੈ ਕੇ ਉਚੇ ਕਰੀਏ ਏਹਨਾਂ ਨੂੰ ਜਾਇਕੇ ਜੀ। ਨਾਲ ਦੇਵਤਿਆਂ ਕਰ ਸਲਾਹ ਪਹਿਲੇ ਰੂਪ ਆਪਣਾ ਧਾਰ ਭਗਵਾਨ ਆਏ। ਕਾਲਾ ਸਿੰਘ ਅਕਾਲ ਦਿਆਲ ਸੁਆਮੀ ਨੀਚ ਜਾਤੀ ਦੀ ਕਰਨ ਕਲਿਆਨ ਆਏ।

## ਸ੍ਰੀ ਭਗਤ ਜੀ ਦਾ ਅਵਤਾਰ

(ਕ੍ਰਿਤ ਸੁਰਗਵਾਸੀ ਭਾਈ ਹੀਰਾ ਸਿੰਘ ਵਲੋਂ)

ਵਾਹਿਗੁਰੂ ਜੀ ਨੂੰ ਨਮਸ਼ਕਾਰ ਮੇਰੀ ਮਾਲਕ ਆਪ ਹੈ ਧਰਤੀ ਅਕਾਸ਼ ਹੋਇਆ। ਕਿਰਪਾ ਓਸ ਦੀ ਜੋਤ ਪ੍ਰਕਾਸ਼ ਹੋ ਕੇ ਜੀਵ ਤਾਰਨੇ ਤਰਫ ਕਿਆਸ ਹੋਇਆ। ਕਥਾ ਸੁਣੋ ਜੀ ਭਗਤ ਰਵਿਦਾਸ ਜੀ ਦੀ ਕਾਂਸ਼ੀ ਪੁਰੀ ਅੰਦਰ ਜਿਸਦਾ ਵਾਸ ਹੋਇਆ। ਸੰਮਤ ਚੌਦਾਂ ਸੌ ਇਕੱਤਰਾ ਬਿਕ੍ਰਮੀ ਸੀ ਸੰਗਰਾਂਦ ਪਹਿਲੀ ਹਾੜ ਮਾਸ ਹੋਇਆ। ਐਤਵਾਰ ਨੂੰ ਰਾਤ ਦੇ ਪਹਿਰ ਤੜਕੇ ਸ੍ਰੀ ਰਵਿਦਾਸ ਜੀ ਦਾ ਪ੍ਰਕਾਸ਼ ਹੋਇਆ। ਸੰਤੋਖਦਾਸ ਪਿਤਾ, ਕੌਂਸ ਦੇਵੀ ਮਾਤਾ, ਭਲੀ ਕੁਖੋਂ ਪਰਗਟ ਰਵਿਦਾਸ ਹੋਇਆ। ਦੇਵ ਪੁਰੀ ਅੰਦਰ ਜੈ ਜੈ ਕਾਰ ਹੋਈ ਭਰਮ ਦੂਰ ਪਖੰਡ ਦਾ ਨਾਸ ਹੋਇਆ। ਕਰਨ ਮੰਗਲਾਚਾਰ ਤੇ ਦਾਨ ਦੇਖੋ ਜਸੀ, ਗੋਤ ਨੂੰ ਬੜਾ ਹੁਲਾਸ ਹੋਇਆ। ਦਇਆ, ਧਰਮ ਤੇ ਖਿਮਾ, ਸੰਤੋਖ ਵਧਿਆ ... ਪਾਪੀਆਂ ਚਿਤ ਉਦਾਸ ਹੋਇਆ। ਹੀਰਾ ਸਿੰਘ ਏਹ ਨਾਮ

ਜਪਾਏ ਸਭ ਨੂੰ ਸੰਤ ਜਨਾਂ ਦਾ ਚਿਤ ਹੁਲਾਸ ਹੋਇਆ।

ਵਧਾਈਆਂ

ਦਾਈ ਆਣਕੇ ਦਿਤੀ ਵਧਾਈ ਪਹਿਲਾਂ ਪੈਦਾ ਆਪ ਦੇ ਹੋਇਆ ਹੈ ਬਾਲ ਬਾਬਾ। ਚੰਦ ਮੁਖੜਾ ਚੌਦਮੀ ਰਾਤ ਜੇਹਾ ਸੁੰਦਰ ਬਦਨ ਤੇ ਰੂਪ ਅਕਾਲ ਬਾਬਾ। ਹੋਇਆ ਵਡਾ ਪ੍ਰਕਾਸ਼ ਅਸਚਰਜ ਓਥੇ ਦੇਵ ਪੁਰੀ ਅੰਦਰ ਕੁਲਾਹਲ ਬਾਬਾ। ਲਖਪਤੀ ਦਾਦੀ ਖੁਸ਼ੀ ਬਹੁਤ ਹੋਈ ਆਂਡ ਗੁਆਂਡ ਤੇ ਖੁਸ਼ੀ ਨਿਹਾਲ ਬਾਬਾ।

ਪਿਤਾ ਜੀ ਵਲੋਂ ਦਾਨ

ਹੋਇਆ ਸੂਰਜ ਪ੍ਰਕਾਸ਼ ਤੇ ਖੁਸ਼ੀ ਹੋਈ ਲੋਕ ਦੇਂਵਦੇ ਆਣ ਵਧਾਈਆਂ ਜੇ। ਸੰਤੋਖ ਦਾਸ ਨੇ ਖੁਸ਼ੀ ਦੇ ਨਾਮ ਉਤੇਂ ਚੀਜ਼ਾਂ ਵੰਡੀਆਂ ਦੂਣ ਸਵਾਈਆਂ ਜੇ। ਗੜ, ਚੌਲ, ਬਸਤਰ ਦਿਤੇ ਮਨ ਭਾਉਂਦੇ ਰਸਦਾਂ ਸਾਧੂਆਂ ਤਾਈਂ ਪੁਚਾਈਆਂ ਜੇ। ਮੂੰਹੋਂ ਮੰਗਿਆ ਦਾਨ ਗਰੀਬ ਲੈਂਦੇ ਖੁਸ਼ੀਆਂ ਸ਼ਹਿਰ ਅੰਦਰ ਸਾਰੇ ਆਈਆਂ ਜੇ। ਬਾਬੇ ਸ੍ਰੀ ਰਵਿਦਾਸ ਦੇ ਨਾਮ ਉਤੇ ਪਿਤਾ ਦਾਨ ਦਿੰਦਾ ਕਦੇ ਥੱਕਿਆ ਨਾ। ਧੰਨ ਧੰਨ ਦਾਨੀ ਹੀਰਾ ਸਿੰਘ ਆਖੇ 'ਸੰਤੋਖ' ਦਾਨ ਦੇ ਕੇ ਅਜੇ ਅੱਕਿਆ ਨਾ।

ਭਗਤ ਜਨਾ ਕਉ ਸਦਾ ਨਿਵ ਰਹੀਐ॥

ਜੋਤਸ਼ੀ ਨੇ ਰਵਿਦਾਸ ਭਗਤ ਦੇ ਦਰਸ਼ਨ ਕਰਨੇ

ਆਇਆ ਜੋਤਸ਼ੀ ਜਦੋਂ ਦੀਦਾਰ ਕੀਤਾ ਕੀਤੀ ਬੰਦਨਾ ਚਰਨ ਪ੍ਰਨਾਮ ਹੈ ਜੀ। ਲਗਨ ਸੋਹਣਾ ਨਸ਼ੱਤਰ ਮਹੂਰਤਾਂ ਦਾ ਪੰਡਤ ਧਰਦਾ ਭਗਤ ਦਾ ਨਾਮ ਹੈ ਜੀ। ਈਸ਼ਰ ਜੋਤ ਤੇ ਰਾਮ ਦੀ ਮੂਰਤੀ ਹੈ ਜਗਤ ਕਰੇ ਪੂਜਾ ਏਹਦੀ ਆਮ ਹੈ ਜੀ। ਭਗਤੀ ਭਜਨ ਜਪਾਵੇਗਾ ਨਾਮ ਸਭ ਨੂੰ ਦੁਖ ਨਾਸ ਹੋਵੇ ਜਪੇ ਰਾਮ ਹੈ ਜੀ। ਨੀਚ ਜਾਤ ਨੂੰ ਮਾਣ ਦਿਵਾਉਣ ਵਾਲਾ ਮੰਨੇ ਏਸ ਨੂੰ ਜਗਤ ਤਮਾਮ ਹੈ ਜੀ। ਰਵਿਦਾਸ ਨਾਮ ਏਹਦਾ ਸੂਰਜ ਵਾਂਗ ਚਮਕੇ ਸੂਰਜ ਚੰਦ ਤਕ ਨਾਮ ਆਮ

Sri Satguru Jagjit Singh Ji Elibrary NamdhariElibrary@gmail.com

ਹੈ ਜੀ। ਪਿਤਾ ਦਾਨ ਦੇ ਕੇ ਪੰਡਤ ਵਿਦਾ ਕੀਤਾ ਖ਼ੁਸ਼ੀ ਹੋਇਆ ਸੀ ਦਾਨ ਨੂੰ ਪਾਇਕੇ ਜੀ। ਹੀਰਾ ਸਿੰਘ ਪੰਡਤ ਕਰੇ ਉਸਤਤੀ ਨੂੰ ਬੈਠਾ ਲੋਕਾਂ ਦੇ ਤਾਈਂ ਸਮਝਾਇਕੇ ਜੀ।

### ਭਗਤ ਜੀ ਦੀ ਬਾਲ ਲੀਲ੍ਹਾ

ਪਹਿਲੇ ਸਾਲ ਮਥਾ ਚੰਦ ਵਾਂਗ ਸੋਹਣਾ ਮਾਤਾ ਦੇਖ ਕੇ ਬਹੁਤ ਪਿਆਰ ਕਰਦੀ। ਖਿਲਿਆ ਮੁਖ ਗੁਲਾਬ ਮਤਾਬ ਜੇਹਾ ਸ਼ੀਰ ਦੇ ਸੀਨਾ ਠੰਡਾ ਠਾਰ ਕਰਦੀ। ਸਾਲ ਦੂਸਰੇ ਸੀਸ ਤੇ ਕੇਸ ਸੋਹਣੇ ਜੂੜਾ ਕੇਸਾਂ ਦਾ ਬੰਨ੍ਹ ਦਸਤਾਰ ਕਰਦੀ। ਸੁੰਦਰ ਦੰਦ ਅਨਾਰ ਦੀਪਾਰ ਆਹਾ ਨੇਤਰ ਦੇਖ ਬਲਿਹਾਰ ਬਲਿਹਾਰ ਕਰਦੀ। ਸਾਲ ਤੀਸਰੇ ਖੇਡਦੇ ਅੰਙਣੇ ਮੈਂ ਫਿਰਨ ਹਸਦੇ ਮਾਤਾ ਨਿਹਾਰ ਕਰਦੀ। ਖਿੜੇ ਰਹਿੰਦੇ ਗੁਲਾਬ ਦੇ ਫੁਲ ਵਾਂਗੂ ਆਂਡ ਗੁਆਂਡ ਖੇਲਣ ਦੇ ਵਿਚਾਰ ਕਰਦੀ। ਚੌਥੇ ਸਾਲ ਨੂੰ ਪਾਈ ਪੁਸ਼ਾਕ ਸੁੰਦਰ ਮਾਈ ਪੁਤਰ ਦਾ ਨਿਤ ਦੀਦਾਰ ਕਰਦੀ। ਸਾਲ ਪੰਜਵੇਂ ਬਚਨ ਸਪਸ਼ਟ ਆਖਣ ਮਾਤਾ ਮੁਖ ਤੇ ਜਿਵੇਂ ਉਚਾਰ ਕਰਦੀ। ਆਖੇ ਬੋਲ ਪੁਤਰ ਰਾਮ ਨਾਮ ਮੂੰਹੋਂ ਮਾਤਾ ਸਿਖਿਆ ਨਿਤ ਪੁਕਾਰ ਕਰਦੀ। ਛੀਵੇਂ ਸਾਲ ਦੇ ਭਗਤ ਜੀ ਆਣ ਹੋਏ ਮਾਤਾ ਕਹੇ ਵਿਹਾਰ ਦੀ ਸਾਰ ਕਰਦੀ। ਜਾਕੇ ਗੰਗਾ ਤੇ ਕਰਨ ਅਸ਼ਨਾਨ ਪਹਿਲੇ ਨਾਮ ਜਪਣ ਦਾ ਵਲ ਉਚਾਰ ਕਰਦੀ। ਕਦੇ ਭਗਤ ਜੀ ਬੈਠਕੇ ਨਾਮ ਜਪਦੇ ਮਾਲਾ ਫੇਰਦੇ ਬਿਰਤੀ ਟਿਕਾਏ ਕੇ ਜੀ। ਚਾਲ ਦੁਨੀਆਂ ਤੋਂ ਭਗਤਾਂ ਦੀ ਵਖਰੀ ਹੈ ਹੀਰਾ ਸਿੰਘ ਏਹ ਕਹਿਣ ਸਮਝਾਇਕੇ ਜੀ।

### ਪਿਤਾ ਨੇ ਭਗਤ ਜੀ ਨੂੰ ਪਾਠਸ਼ਾਲਾ ਵਿਚ ਪੜ੍ਹਨੇ ਪਾਉਣਾ

ਨੌਂ ਬਰਸ ਦੇ ਭਗਤ ਜੀ ਆਣ ਹੋਏ ਕਹਿਣ ਪਿਤਾ ਹੁਣ ਪੜ੍ਹਨ ਸਿਖਾਇ ਦਈਏ। ਸੰਸਕ੍ਰਿਤ ਤੇ ਨਾਗਰੀ ਪੜ੍ਹਤ ਜੇਹੜੀ ਵਿਆਕਰਨ ਤੇ ਬੋਧ ਪੜ੍ਹਾਇ ਦਈਏ। ਕਰਨ ਵਣਜ ਵਪਾਰ ਸੰਸਾਰ ਅੰਦਰ ਸ਼ਹਿਰ ਕੋਈ ਦੁਕਾਨ ਹੀ ਪਾਇ ਦਈਏ। ਪਾਠਸ਼ਾਲਾ ਅੰਦਰ ਲੈ ਗਏ

Sri Satguru Jagjit Singh Ji Elibrary NamdhariElibrary@gmail.com

ਭਗਤ ਜੀ ਨੂੰ ਕਹਿਣ ਪਾਂਧੇ ਨੂੰ ਮਿਠਾ ਵਰਤਾ ਦਈਏ। ਹਥ ਜੋੜ ਸੰਤੋਖ ਜੀ ਕਹਿਣ ਲਗੇ ਏਹ ਰਵਿਦਾਸ ਨੂੰ ਅਖਰ ਪੜ੍ਹਾਓ ਪੰਡਤ। ਸੰਸਕ੍ਰਿਤ ਅੰਦਰ ਕਰੋ ਤਤਵੇਤਾ ਹੀਰਾਸਿੰਘ ਨੂੰ ਛੇਤੀ ਬਣਾਓ ਪੰਡਤ।

ਪਾਠਸ਼ਾਲਾ ਤੇ ਵਿਦਿਆ

ਪਾਠਸ਼ਾਲਾ ਵਡੀ ਕਾਂਸ਼ੀ ਪੁਰੀ ਅੰਦਰ ਜਿਥੇ ਪੜ੍ਹਦੇ ਸੀ ਬੈਠੇ ਵਿਸ਼ੇਖ ਸਾਧੂ। ਬ੍ਰਾਹਮਣ, ਉਚੀਆਂ ਕੁਲਾਂ ਦੇ ਕਵੀ, ਪੰਡਿਤ, ਜੋਗੀ, ਗੁਣੀ ਸੰਨਿਆਸੀ ਸੀ ਭੇਖ ਸਾਧੂ। ਗਿਆਨੀ, ਵਿਆਕਰਨੀ ਕਈ ਬੇਦ ਕੰਠੀ ਲਿਖੇ ਫਟੀਆਂ ਤੇ ਅਜੇ ਲੇਖ ਸਾਧੂ। ਛੇ ਸ਼ਾਸਤਰ ਪੁਰਾਣਾ ਦੀ ਬਹਿਸ ਹੁੰਦੀ ਆਪਸ ਵਿਚ ਲੜਦੇ ਰਹਿਣ ਭੇਖ ਸਾਧੂ। ਅਸੀਂ ਵਡੇ ਹਾਂ ਦੁਨੀਆਂ ਸਾਰੀਆਂ ਤੋਂ, ਕੁਲ ਉੱਚੀ ਤੇ ਭੇਖ ਸੰਨਿਆਸੀਆਂ ਦਾ। ਸਾਰਸੁਤ ਵਡੇ ਪੰਡਤ ਤਤਵੇਤਾ ਹੀਰਾ ਸਿੰਘ ਝਗੜਾ ਗੰਗਾ ਵਾਸੀਆਂ ਦਾ।

ਪਾਠਸ਼ਾਲਾ

ਪੰਡਤ ਆਖਦਾ ਆਓ ਜੀ ਬਾਲ ਕਾਕਾ ਤੁਹਾਨੰ ਵਿਦਿਆ ਬੋਧ ਪੜ੍ਹਾਵਾਂ ਪਹਿਲੇ। ਕਾ, ਖਾ, ਗਾ, ਘਾ, ਙਾ ਆਖੋ ਅਖਰ ਲਿਖਨੇ ਇਹੋ ਸਿਖਾਵਾਂ ਪਹਿਲੇ। ਮੂੰਹੋਂ ਬੋਲ ਆਖਣ ਅਖਰ ਪੰਜ ਪਹਿਲੇ ਹੋਰ ਬਾਲਾਂ ਤੋਂ ਬੋਧ ਬਤਲਾਵਾਂ ਪਹਿਲੇ। ਭਗਤ ਚੁਪ ਰਹੇ ਮੂੰਹੋਂ ਬੋਲਦੇ ਨਹੀਂ ਪਾਂਧਾ ਕਹੇ ਮੈਂ ਕੀ ਸਮਝਾਵਾਂ ਪਹਿਲੇ। ਤੇਰੀ ਜਾਤ ਚੁਮਾਰ ਕੀ ਸਾਰ ਜਾਣੇ ਬਚੇ ਉਚੀਆਂ ਕੁਲਾਂ ਦੇ ਸਾਰ ਕਰਦੇ। ਕਵੀ, ਜੋਗੀ, ਸੰਨਿਆਸੀ ਤੇ ਗੁਣੀ ਪੰਡਤ ਗਿਆਨੀ ਸੂਰਮੇ ਬੈਠੇ ਵਿਚਾਰ ਕਰਦੇ। ਬਚੇ ਉਚੀਆਂ ਕੁਲਾਂ ਦੇ ਪੜ੍ਹਨ ਏਥੇ ਲੋਕ ਬੇਦ ਪੁਰਾਨਾਂ ਦੀ ਸਾਰ ਕਰਦੇ। ਅਖਰ ਸਿਖ ਤੇ ਬੇਦ ਪੁਰਾਨ ਪੜ੍ਹ ਜਾ ਅਸੀ ਦਸ ਤੈਨੂੰ ਵਾਰ ਵਾਰ ਕਰਦੇ। ਚੁਪ ਕਾਸ ਤੇ ਹੋਇਆ ਤੂੰ ਬੋਲਦਾ ਨਹੀਂ ਤੈਨੂੰ ਵਿਦਿਆ ਪੜ੍ਹਨ ਦੀ ਸਾਰ ਨਹੀਓਂ। ਹੀਰਾ ਸਿੰਘ ਨੀਚ ਜਾਤ ਨੂੰ ਪਤਾ ਕਾਹਦਾ ਸ਼ਬਦ ਸੁਧ ਜੋ ਕਹਿਣ ਉਚਾਰ ਨਹੀਓਂ।

Sri Satguru Jagjit Singh Ji Elibrary NamdhariElibrary@gmail.com

ਭਗਤ ਜੀ ਨੇ ਏਹ ਸ਼ਬਦ ਉਚਾਰਨ ਕੀਤਾ

ਰਾਗੁ ਰਾਮਕਲੀ ਬਾਣੀ ਸ੍ਰੀ ਰਵਿਦਾਸ ਜੀ ਕੀ

ੴ ਸਤਿਗੁਰਪ੍ਰਸਾਦਿ ॥

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥ ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥ ੧ ॥ ਦੇਵ ਸੰਸੈ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲ ਲੂਟੇ ॥ ੧ ॥ ਰਹਾਉ ॥ ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥ ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥ ੨ ॥ ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥ ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥ ੩ ॥ ੧ ॥ ੨੮ ॥

ਅਰਥ—ਕਬਿਤ ॥ ਭਾਵੇਂ ਇਨਾ ਵੇਦਾਂ ਤੇ ਪੁਰਾਣਾ ਨੂੰ ਵਿਚਾਰ ਲਈਏ ਰਾਤ ਦਿਨੇ ਬੈਠ ਉਠ ਕਰਿਓ ਵਖਿਆਨ ਜੀ। ਸਾਰੀ ਉਮਰ ਸਾਸਤਾਂ ਵਿਚ ਪੜ੍ਹਕੇ ਜੇ ਕੰਠ ਧਰੇ ਦਿਲ ਵਿਚ ਹੋਵੇ ਨਾ ਸਚਾ ਸੁਚਾ ਗਿਆਨ ਜੀ। ਲੋਹਾ ਸੋਨਾ ਬਣੇ ਕਿਵੇਂ ਲਗੇ ਬਿਨ ਪਾਰਸ ਦੇ ਗੁਰ ਬਿਨ ਜੀਵ ਕੈਸੇ ਪਾਵੇ ਕਲਿਆਨ ਜੀ। ਕਾਮ, ਕਰੋਧ, ਮਾਇਆ, ਮੋਹ ਤ੍ਰਿਸ਼ਨਾ ਦੀ ਮਾਰ ਕੋਲੋਂ ਲੁਟੇ ਗਏ ਤੁਸੀ ਸਾਰੇ ਕਰੋ ਖਾਂ ਧਿਆਨ ਜੀ।੧।

ਕਬਿਤ—ਤੁਸਾਂ ਨੂੰ ਹੰਕਾਰ ਅਸੀ ਵਡੀ ਜਾਤ ਵਾਲੇ ਜੈਤ ਪੰਡਿਤ ਤੇ ਜੋਗੀ ਸੰਨਿਆਸੀ ਪਾਠ ਸਾਰੀਏ। ਮਾਨ ਅਭਿਮਾਨ ਵਿਚ ਫਸੇ ਹੋਏ ਕਵੀ ਰਾਜ ਗਿਆਨੀ ਅਸੀਂ ਭਾਰੇ ਹੁਣ ਕਿਸੇ ਤੇ ਨਾ ਹਾਰੀਏ। ਦਾਨੀ, ਅਭਿਮਾਨੀ ਮੰਨੇ ਸੂਰਮੇ ਹੀ ਆਪ ਤਾਈਂ ਬੁਧੀਵਾਨ ਅਸੀਂ ਹੋਏ ਬਡੇ ਹੀ ਹੰਕਾਰੀਏ। ਕਹਿਤ ਰਵਿਦਾਸ ਭੁਲੇ ਨਾਮ ਦੀ ਪਛਾਨ ਬਿਨਾ ਬੌਰਿਆਂ ਦੇ ਵਾਂਗ ਚਿਤ ਹੋਏ ਨੇ ਬਸਾਰੀਏ। ਮਾਣ ਜਾਤ ਵਾਲਾ ਇਕ ਛਿਨ ਵਿਚ ਨਾਸ ਹੋਵੇ ਪਰੇਮ ਪਿਆਰ ਬਾਝੋਂ ਬੌਰੇ ਸੁਣੇ ਨੇ ਗਿਆਨੀਏਂ। ਮੈਨੂੰ ਨਾਮ ਦਾ ਅਧਾਰ ਹੋਵੇ ਜੀਵਨ ਪ੍ਰਾਨ ਧਨ

Sri Satguru Jagjit Singh Ji Elibrary NamdhariElibrary@gmail.com

ਨਿਰੰਕਾਰ ਬਿਨਾ ਥੋਥੇ ਤੁਸੀ ਬਖਿਆਨੀਏਂ ।

### ਪੰਡਿਤਾਂ ਦਾ ਮਾਣ ਦੂਰ ਹੋਣਾਂ

ਸਭੇ ਕਹਿਣ ਪੰਡਿਤ ਹਥ ਜੋੜ ਸਾਰੇ ਸੰਤੋਖ ਦਾਸ ਤੂੰ ਕਰੀਂ ਕਿਆਸ ਬਾਬਾ । ਏਸ ਬਾਲ ਨੇ ਬੋਧ ਦਾ ਭਾਸ਼ ਕੀਤਾ ਇਕੋ ਸ਼ਬਦ ਕਰ ਮੂੰਹੋਂ ਪ੍ਰਕਾਸ਼ ਬਾਬਾ। ਤੇਰੇ ਬਾਲ ਅੰਮ੍ਰਿਤ ਭਰਿਆ ਹੈ ਸੋਮਾ ਕਰੇ ਲੋਕਾਂ ਦੀ ਬੰਦ ਖਲਾਸ ਬਾਬਾ। ਭਗਤ ਜਨਾ ਦੀ ਉਤਮ ਹੈ ਬਾਣੀ ਜੁਗੋ ਜੁਗ ਏਹ ਦੇਵੇ ਧਰਵਾਸ ਬਾਬਾ। ਸੰਸਕ੍ਰਿਤ ਤੇ ਬੇਦਾਂ ਦਾ ਤਤ ਦਸਦਾ ਕਹਿਆ ਸਬਦ ਸੋਹਣਾ ਸੁਧ ਭਾਸ ਬਾਬਾ। ਸਾਨੂੰ ਜਾਤ ਦਾ ਮਾਣ ਹੈ ਠੀਕ ਭਾਈ ਮਾਫੀ ਮੰਗਦੇ ਕਰ ਅਰਦਾਸ ਬਾਬਾ। ਸੰਤੋਖ ਪਿਤਾ ਜੀ, ਖੁਸ਼ੀ ਦੇ ਵਿਚ ਹੋਇਆ ਸਿਖੀ ਵਿਦਿਆ ਭਗਤ ਰਵਿਦਾਸ ਬਾਬਾ। ਹੀਰਾ ਸਿੰਘ ਪਹਿਲੇ ਪਾਠਸ਼ਾਲ ਵਿਚੋਂ ਚਲ ਆਏ ਸੀ ਘਰ ਰਵਿਦਾਸ ਬਾਬਾ ।

### ਭਗਤ ਰਵਿਦਾਸ ਜੀ ਨੇ ਕਿਰਤ ਸਿਖਣੀ

ਦਸਵੇਂ ਸਾਲ ਅੰਦਰ ਕੰਮ ਸਿਖਣ ਲਗੇ ਰੰਬੀ ਪਕੜ ਲਈ ਹਥ ਹਥਿਆਰ ਹੈ ਜੀ। ਪਧਰੀ, ਫਲੀ, ਥਰਨਾ ਫੜੇ, ਲੇਸਨਾ, ਬੀ ਪੰਨੇ ਨਾਲ ਖਵੀਲ ਸੁਧਾਰ ਹੈ ਜੀ। ਕੋਰਾਂ, ਜੋੜੇ, ਕੰਡਿਆਰੀ ਦੀ ਕਰੇ ਕਾਰੀ ਸੂਈ ਪਕੜੇ ਹੋਏ ਹੁਸ਼ਿਆਰ ਹੈ ਜੀ। ਸਿੰਗੀ ਫੇਰੇ ਕਲਬੂਤ ਸਬੂਤ ਲਾਵੇ ਜੋੜਾ ਠੀਕ ਬਣਦਾ ਨੋਕਦਾਰ ਹੈ ਜੀ। ਚਿਤ੍ਰਕਾਰੀਆਂ ਕਢਦਾ ਖੂਬ ਤਿਲਾ ਪਿਤਾ ਦੇਖ ਕੇ ਕਹੇ ਬਲਿਹਾਰ ਹੈ ਜੀ। ਪੜੇ ਵਿਦਿਆ ਰੋਹੀ ਇਕੰਤ ਜਾਕੇ ਜਪੇ ਨਾਮ ਇਕੋ ਕਰਨਹਾਰ ਹੈ ਜੀ। ਜੋੜਾ ਦੇਂਵਣਾ ਸੰਤ ਅਤੀਤ ਤਾਈਂ ਮੰਗੇ ਮੂਲ ਨਾ ਮੂੰਹੋਂ ਉਚਾਰ ਹੈ ਜੀ। ਜਸ ਹੋਂਵਦਾ ਭਗਤ ਦਾ ਦਿਨੇ ਰਾਤੀ ਦਰਸ ਕਰਨ ਖਾਤਰ ਕਈ ਆਂਵਦੇ ਨੇ। ਗਿਆਰਾਂ ਸਾਲ ਦੀ ਉਮਰ ਦੇ ਵਿਚ ਭਾਈ ਕਰਨ ਮੰਗਣੀ ਖੁਸ਼ੀ ਮਨਾਂਵਦੇ ਨੇ।

Sri Satguru Jagjit Singh Ji Elibrary NamdhariElibrary@gmail.com

ਭਗਤ ਜੀ ਦਾ ਵਿਆਹ

ਨਾਨਾ ਭਗਤ ਦਾ ਧਾਰੂ ਸੀ ਨਾਮ ਆਹਾ ਰਿਸ਼ਤਾ ਭਗਤ ਦੇ ਤਾਈਂ ਕਰਾਂਵਦੇ ਨੇ। ਸ਼ਾਦੀ ਵਾਸਤੇ ਸਭ ਸਾਮਾਨ ਲਿਆਂਦੇ ਖੰਡ ਘਿਓ ਤੇ ਬਸਤਰ ਮੰਗਾਂਵਦੇ ਨੇ। ਅੰਗ ਸਾਕ ਆਇ ਮਾਮੇ ਮਾਮੀਆਂ ਭੀ ਗੀਤ ਮੰਗਲਾਚਾਰ ਦੇ ਗਾਂਵਦੇ ਨੇ। ਸੰਮਤ ਚੌਦਾਂ ਸੌ ਇਆਸੀਏ ਜੇਠ ਅੰਦਰ ਗ੍ਰਹਿ ਸੋਧ ਕੇ ਦਿਨ ਲਿਖਾਵਦੇ ਨੇ। ਜੰਵ ਬਣ ਚਲੇ ਅੰਕ ਸਾਕ ਸਾਥੀ ਮਿਰਜਾ ਪੁਰ ਪਹੁੰਚੇ ਸੁਖ ਪਾਂਵਦੇ ਦੇ। ਲੜਕੀ ਵਾਲਿਆਂ ਆਣ ਸੰਭਾਲ ਕੀਤੀ ਛੇਹੇ ਲਿਆ ਪ੍ਰਸ਼ਾਦ ਛਕਾਂਵਦੇ ਨੇ। ਅਧੀ ਰਾਤ ਅੰਦਰ ਵੇਦੀ ਰਚ ਕਰ ਕੇ ਕੇਲੇ ਵੰਨ੍ਹ ਕੇ ਸੋਹਜ ਬਣਾਂਵਦੇ ਨੇ। ਸੁਧ ਘਿਓ ਦੀ ਹਮਨ ਵਿਚ ਪਾ ਅਹੂਤੀ ਮੰਤਰ ਵੇਦਾਂ ਦੇ ਪੜ੍ਹ ਪੜ੍ਹਾਂਵਦੇ ਨੇ। ਫੇਰੇ ਚਾਰ ਦੇ ਕੇ ਭਾਗਣ ਭਾਗ ਵਾਲੀ ਵੰਡ ਸੀਰਨੀ ਭਾਈ ਵਰਤਾਂਵਦੇ ਨੇ। ਡੋਲੇ ਚਾੜ੍ਹਕੇ ਸਗਨ ਮਨਾ ਪਹਿਲੇ ਮੰਜਲੋਂ ਲੰਘ ਕਾਂਸ਼ੀ ਪੁਰੀ ਆਂਵਦੇ ਨੇ। ਮਾਤਾ ਡੋਲੇ ਨੂੰ ਵੇਖ ਕੇ ਖੁਸ਼ੀ ਹੋਈ ਪਾਣੀ ਵਾਰਨੇ ਕਰ ਪਿਲਾਂਵਦੇ ਨੇ। ਨਾਰਾਂ ਗਾਉਂਦੀਆਂ ਬੋਲ ਮਿਲਾ ਸੋਹਣੇ ਲਾਹਿ ਡੋਲਿਓਂ ਘਰ ਲੈ ਜਾਂਵਦੇ। ਕੀਤੇ ਸਗਨ, ਦਾਨ ਦਿਤੇ ਪੂਰ ਸਭ ਨੂੰ ਰੋਟੀ ਵਿਚ ਪ੍ਰਸ਼ਾਦ ਬਨਾਂਵਦੇ ਨੇ। ਖੁਸ਼ੀ ਵਿਚ ਪਰਵਾਰ ਦੇ ਨਿਤ ਰਹਿੰਦੀ ਕਿਰਤ ਕਰਨ ਭਗਤ ਮਨ ਲਾਇ ਸੰਤੋ। ਹੀਰਾ ਸਿੰਘ ਜੀ ਨਿਤ ਅਸ਼ਨਾਨ ਕਰਦੇ ਅੰਮ੍ਰਿਤ ਵੇਲੇ ਗੰਗਾ ਵਿਚ ਜਾਇ ਸੰਤੋ।

ਸਾਖੀ ਦੁਬਾਰਾ ਲਿਖਣੀ ਸੰਤ ਕਾਲਾ ਸਿੰਘ ਨੇ

ਸੰਮਤ ਉਨੀ ਸੋ ਵਿਚ ਪੰਜੱਤਰੇ ਦੇ ਸਾਖੀ ਰਚ ਪ੍ਰਸੰਗ ਬਣਾਇਆ ਸੀ। ਹੋਣੀ ਸਿਰ ਤੇ ਕੂਕਦੀ ਖੰਦਿਆਂ ਦੇ ਉਸ ਆਣ ਕੇ ਦਰਸ ਦਿਖਾਇਆ ਸੀ। ਕਤਕ ਵਦੀ ਗਿਆਰਾਂ ਵੀਰਵਾਰ ਤੜਕੇ ਕਲਮ ਰਖ ਸਰੀਰ ਸਮਾਇਆ ਸੀ। ਛਬੀ ਸਾਲ ਉਮਰ ਹੀਰਾ ਸਿੰਘ ਜੀ ਦੀ ਮੌਤ ਆਣ ਘੇਰਾ ਝਟ ਪਾਇਆ ਜੀ। ਹਰੀ ਭਰੀ ਜੁਆਨੀ ਦੇ ਵਿਚ ਸੰਤੋ ਵਿਛੜ ਅਸਾਂ ਤੋਂ ਸੁਰਗ ਸਿਧਾਇਆ ਸੀ।

Sri Satguru Jagjit Singh Ji Elibrary NamdhariElibrary@gmail.com

ਤਥਾ–ਪੁਤਰ ਗੁਜਰਿਆਂ ਦੇ ਸਲ ਬੜੇ ਹੁੰਦੇ ਖੂਨ ਜਿਗਰ ਦਾ ਸਾਰਾ ਹੀ ਸੁਕ ਜਾਂਦਾ। ਕੰਮ ਲਖ ਹੋਵੇ ਕੋਈ ਕਰਨ ਵਾਲਾ ਮੌਤ ਸਾਮ੍ਹਣੇ ਸਭੋ ਹੀ ਰੁਕ ਜਾਂਦਾ। ਮੌਤ ਪੁਤਰ ਦੀ ਤੇ ਪਿਤਾ ਮਰੇ ਪਹਿਲਾਂ ਦੁਖ ਸੁਖ ਵਾਲਾ ਪੈਂਡਾ ਮੁਕ ਜਾਂਦਾ। ਹੈ ਗਲ ਮਸ਼ਹੂਰ ਜਹਾਨ ਅੰਦਰ ਫੁਲ ਟੁਟਿਆਂ ਤੇ ਬੂਟਾ ਸੁਕ ਜਾਂਦਾ।

ਤਥਾ–ਨੌਂ ਬਰਸਾਂ ਪਿਛੋਂ ਦਿਲ ਸ਼ਾਂਤ ਆਈ ਪੂਰੇ ਗੁਰਾਂ ਦਾ ਕੀਤਾ ਧਿਆਨ ਸੰਤੋ। ਕਈ ਵਾਰ ਸੀ ਆਖਿਆ ਸੰਗਤਾਂ ਨੇ ਲਿਖੋ ਭਗਤ ਜੀਵਨ ਮੇਹਰਵਾਨ ਸੰਤੋ। ਪੜ੍ਹਨ ਸੁਣਨ ਵਾਲੇ ਸਭੇ ਖੁਸ਼ੀ ਹੋਵਣ ਬੈਂਤਾਂ ਵਿਚ ਹੋਵੇ ਦਾਸਤਾਨ ਸੰਤੋ। ਕਾਲਾ ਸਿੰਘ ਮੈਂ ਲਿਖੂੰ ਪ੍ਰਸੰਗ ਅਗੇ ਤੋੜ ਚਾੜ੍ਹੇਗਾ ਆਪ ਭਗਵਾਨ ਸੰਤੋ।

### ਪੰਡਤਾਂ ਦੇ ਬਾਬੇ ਪ੍ਰਤੀ ਬਚਨ

ਭੇਖੀ ਜੋਗੀ ਸੰਨਿਆਸੀ ਜੋ ਤੱਤਵੇਤਾ ਪੰਡਤ ਬੇਦ ਕਥਾ ਜੋ ਫੋਲਦੇ ਸਨ। ਕਵੀ ਗੁਣੀ ਗਿਆਨੀ ਸਭੋ ਖੁਸ਼ ਹੋ ਗਏ ਨੀਚ ਆਖ ਜੇਹੜੇ ਜ਼ੈਹਰ ਘੋਲਦੇ ਸਨ। ਲਗੇ ਉਸਤਤੀ ਕਰਨ ਰਵਿਦਾਸ ਜੀ ਦੀ ਆਸ ਪਾਸ ਬੈਠੇ ਜੇਹੜੇ ਕੋਲ ਦੇ ਸਨ। ਧੰਨ ਧੰਨ ਸੰਤੋਖ ਜੀ ਪੁਤਰ ਤੇਰਾ ਧੰਨ ਧੰਨ ਰਵਿਦਾਸ ਜੀ ਬੋਲਦੇ ਸਨ।

### ਭਗਤ ਜੀ ਦਾ ਵਿਚਾਰ

ਅੰਤਰ ਧਿਆਨ ਰਵਿਦਾਸ ਜੀ ਘਰ ਆਏ ਹੋਈ ਚਿਤ ਦੇ ਵਿਚ ਵਿਚਾਰ ਹੈ ਜੀ। ਗੁਰੂ ਬਿਨਾ ਨਾ ਕਦੇ ਕਲਿਆਨ ਹੋਵੇ ਗੁਰੂ ਬਿਨਾ ਨਾ ਮਿਲੇ ਕਰਨਹਾਰ ਹੈ ਜੀ। ਬ੍ਰਹਮਾ ਨਾਰਦ ਬਿਆਸ ਨੇ ਗੁਰੂ ਧਾਰੇ ਪਾਇਆ ਏਸ ਸੰਸਾਰ ਤੋਂ ਪਾਰ ਹੈ ਜੀ। ਏਹ ਮੁਢ ਕਦੀਮੀ ਦੀ ਰੀਤ ਜ਼ਾਹਰੀ ਗੁਰੂ ਬਿਨਾਂ ਨਾ ਹੋਵੇ ਛੁਟਕਾਰ ਹੈ ਜੀ। ਸ਼ਾਸਤ੍ਰ ਬੇਦ ਪੁਰਾਣ ਪੁਕਾਰਦੇ ਨੇ ਗੁਰੂ ਬਿਨਾ ਨਾ ਹੁੰਦਾ ਉਧਾਰ ਹੈ ਜੀ। ਗਿਆਨ ਧਿਆਨ ਇਸ਼ਨਾਨ ਹੈ ਗੁਰੂ ਕਰਕੇ ਗੁਰੂ ਸਾਰਿਆਂ ਤੋਂ ਤਤਸਾਰ ਹੈ ਜੀ। ਬਿਨਾ ਗੁਰਾਂ ਤੇ ਰਾਹ ਨਾ ਮਿਲੇ ਅਸਲੀ ਗੁਰੂ ਕਰਨ ਇਸਦਾ ਚਮਤਕਾਰ

Sri Satguru Jagjit Singh Ji Elibrary NamdhariElibrary@gmail.com

ਹੈ ਜੀ। ਜਿਵੇਂ ਘੜੇ ਬਿਨਾਂ ਪਾਣੀ ਨਹੀਂ ਰਹਿੰਦਾ ਤਿਵੇਂ ਪਾਣੀ ਬਿਨਾ ਘੜਾ ਬਣਾਂਵਦਾ ਨਹੀਂ। ਦੇਹ ਧਾਰੀ ਗੁਰੂ ਦੇ ਬਿਨਾਂ ਸਾਰੇ ਏਹ ਜੀਵ ਤਿਵੇਂ ਸੋਭਾ ਪਾਂਵਦਾ ਨਹੀਂ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥
ਰਚਿਤ ਗਿਆਨੀ ਕਾਲਾ ਸਿੰਘ

ਦੋਹਰਾ–ਨਾਨਕ ਗੁਰੂ ਗੋਬਿੰਦ ਸਿੰਘ ਗੁਰੂ ਰਾਮ ਸਿੰਘ ਨਾਮ।
ਦੁਆਦਸ ਗੁਰੂ ਮਮ ਬੰਦਨਾ ਬਾਰ ਬਾਰ ਪ੍ਰਨਾਮ॥

ਬੈਂਤ–ਰਾਮ ਚੰਦ੍ਰ ਜੀ ਗੁਰੂ ਵਸ਼ਿਸ਼ਟ ਕੀਤਾ ਦੁਰਬਾਸ਼ਾ ਰਿਸ਼ੀ ਗੁਰੂ ਕ੍ਰਿਸ਼ਨ ਭਗਵਾਨ ਦਾ ਹੈ। ਨਾਰਦ ਭਾਲ ਸੀ ਗੁਰੂ ਦੀ ਨਿਤ ਕਰਦਾ ਰਸਤਾ ਲਭਿਆ ਇਹੋ ਕਲਿਆਨ ਦਾ ਹੈ। ਬਿਆਸ ਵਿਦਿਆ ਵਿਚ ਪ੍ਰਬੀਨ ਹੈ ਸਨ ਲਿਖਿਆ ਸਾਰ ਜਿਨ ਬੇਦ ਪੁਰਾਨ ਦਾ ਹੈ। ਚਮਕ ਜਾਪਦੀ ਭਾਵੇਂ ਹੈ ਲੋਹੇ ਅੰਦਰ ਲੋਹਾ ਲੋਹੇ ਨੂੰ ਮਿਲੇ ਚਮਕਾਨ ਦਾ ਹੈ। ਗੁਰਾਂ ਬਾਝ ਅੰਧੇਰ ਗੁਬਾਰ ਸਾਰੇ ਪਤਾ ਗੁਰੂ ਦਿੰਦਾ ਜੋਗ ਗਿਆਨ ਦਾ ਹੈ। ਗੁਰੂ ਧਾਰਿਆਂ ਬਿਨਾ ਹੈ ਖਬਰ ਕਾਹਦੀ ਗੁਰੂ ਧਾਰਨਾ ਕੰਮ ਇਨਸਾਨ ਦਾ ਹੈ। ਨਾਮਦੇਵ ਤੇ ਭਗਤ ਕਬੀਰ ਧੰਨੇ ਗੁਰੂ ਧਾਰੇ ਤੇ ਹੋਏ ਬੁਲੰਦ ਆਹਾ। ਤਿਵੇਂ ਭਗਤ ਜੀ ਚਿਤ ਵਿਚਾਰ ਕੀਤੇ ਮੈਂ ਭੀ ਗੁਰੂ ਧਾਰਾਂ ਰਾਮਾਨੰਦ ਜੇਹਾ।

ਭਗਤ ਰਵਿਦਾਸ ਨੇ ਗੁਰੂ ਧਾਰਨਾ

ਰਵਿਦਾਸ ਗੰਗਾ ਦੇ ਕੰਢੇ ਜਾ ਕਰ ਕੇ ਬੈਠੇ ਨੰਦ ਜੀ ਨੂੰ ਨਿਮਸਕਾਰ ਕਰਦਾ। ਹਥ ਜੋੜ ਦੋਵੇਂ ਗਲ ਪਾ ਪੱਲਾ ਨਾਲ ਨਿੰਮਰਤਾ ਅਰਜ ਗੁਜਾਰ ਕਰਦਾ। ਰਾਮ ਨਾਮ ਅੰਦਰ ਮੇਰੇ ਪੂਰ ਦੇਵੋ ਖੜਾ ਭਗਤ ਬਿਨਤੀ ਬਾਰੋ ਬਾਰ ਕਰਦਾ। ਰਾਮਾ ਨੰਦ ਦੇਖੇ ਓਹਦੀ ਉਮਰ ਛੋਟੀ ਸ੍ਰੀ ਮੁਖ ਤੇ ਆਪ ਉਚਾਰ ਕਰਦਾ। ਕੀ ਨਾਮ ਤੇਰਾ ਜਨਮ ਕਿਸ ਘਰ ਦਾ ਕੀ ਕਰਮ ਕਰਦਾ ਦਸ ਬਾਲ ਸੋਹਣੇ। ਕਾਲਾ ਸਿੰਘ ਜਾਪ ਤੇ ਨਾਮ ਦਸਾਂ ਮਿਠੇ ਲਗਦੇ ਬਾਲ ਸਵਾਲ ਸੋਹਣੇ।

Sri Satguru Jagjit Singh Ji Elibrary NamdhariElibrary@gmail.com

ਭਗਤ ਰਵਿਦਾਸ ਜੀ ਦਾ ਰਾਮਾਨੰਦ ਜੀ ਨੂੰ ਆਪਣਾ ਨਾਮ ਦਸਣਾ

ਹਡ ਮਾਸ ਮਲ ਮੂਤਰ ਸਰੀਰ ਸਾਰਾ ਹੈ ਅਸੁਧ ਸਰੀਰ ਜੋ ਚਰਮ ਮੇਰਾ। ਮਲ ਮੂਤਰ ਬਿਨਾ ਸੁਧ ਆਤਮਾ ਹੈ ਰਚਿਆ ਠੀਕ ਪੂਰਨ ਏਹੋ ਬ੍ਰਹਮ ਮੇਰਾ। ਮੇਰਾ ਨਾਮ ਰਵਿਦਾਸ ਉਦਾਸ ਗੁਰ ਜੀ ਹੈ ਘਰ ਚਮਾਰਾਂ ਦੇ ਜਰਮ ਮੇਰਾ। ਵੰਡ ਛਕਣਾ ਕਿਰਤ ਮੈਂ ਕਰਾਂ ਘਰ ਦੀ ਧਿਆਨ ਅਤੇ ਇਸ਼ਨਾਨ ਹੈ ਕਰਮ ਮੇਰਾ।

ਸ੍ਰੀ ਰਾਮਾਨੰਦ ਜੀ

ਰਾਮਾ ਨੰਦ ਜੀ ਚਿਤੋਂ ਅਨੰਦ ਹੋਏ ਸੁਣਿਆ ਨਾਮ ਸੀ ਤੇਰਾ ਜਰੂਰ ਭਗਤਾ। ਪਾਠਸ਼ਾਲਾ ਦੇ ਪਾਂਡੇ ਨਿਹਾਲ ਹੋਏ ਵਿਚ ਕਾਂਸ਼ੀ ਦੇ ਤੂੰ ਮਸ਼ਹੂਰ ਭਗਤਾ। ਤੂੰ ਤਾਂ ਆਪ ਹੀ ਨਾਮ ਦਾ ਰੂਪ ਹੈਂ ਜੋ ਭੇਜਿਆ ਰਾਮ ਨੇ ਆਪਣਾ ਨੂਰ ਭਗਤਾ। ਮੈਂ ਵੈਸ਼ਨੋ ਮੱਤ ਦਾ ਭੇਖ ਧਾਰੀ ਪਰੇ ਰਹੋ ਮੈਥੋਂ ਕਿਤੇ ਦੂਰ ਭਗਤਾ। ਮੇਰੀ ਸਮਝ ਨਾ ਤੁਸਾਂ ਭਜਨ ਦਸਾਂ ਭਗਤ ਰੂਪ ਤੂੰ ਨੌਂ ਨਿਹਾਲ ਸੋਹਣੇ। ਕਾਲਾ ਸਿੰਘ ਹੈ ਜਾਤ ਚਮਾਰ ਤੇਰੀ ਸੁਖਨ ਬੋਲਦਾ ਮੂੰਹੋਂ ਕਮਾਲ ਸੋਹਣੇ।

ਭਗਤ ਰਵਿਦਾਸ ਜੀ

ਬੜੀ ਨਾਲ ਅਧੀਨਗੀ ਭਗਤ ਆਖੇ ਦੇਵੋ ਭਜਨ ਚੁਰਾਸੀਓਂ ਛੁਟ ਜਾਸਾਂ। ਦੇਹਾਂ ਝੂਠੀਆਂ ਦਾ ਇਤਬਾਰ ਕਾਹਦਾ ਭਾਂਡੇ ਕੱਚ ਦੇ ਵਾਂਗਰਾਂ ਟੁਟ ਜਾਸਾਂ। ਕਿਰਪਾ ਕਰੋ ਤੇ ਨਾਮ ਦੀ ਦਾਤ ਬਖਸ਼ੋ ਅੰਮ੍ਰਿਤ ਪੀ ਕੇ ਲੁਟ ਨੂੰ ਲੁਟ ਜਾਸਾਂ। ਰਹਿਤ ਦਸੋ ਮੈਨੂੰ ਮੈਂ ਸੋਈ ਕਰਸਾਂ ਜੰਮਣ ਮਰਨ ਤੇ ਫੇਰ ਨਖੁਟ ਜਾਸਾਂ। ਨੀਵੀਂ ਜਾਤ ਦੇ ਜਾਣ ਕੇ ਟਾਲ ਕੀਤੀ ਹੋ ਵਿਚੋਂ ਸੰਸਾਰ ਦੇ ਗੁਟ ਜਾਸਾਂ। ਏਸ ਦੇਹ ਵਿਚੋਂ ਮੈਂ ਉਡ ਜਾਵਾਂ ਖਾਲੀ ਪਿੰਜਰਾ ਮੈਂ ਏਥੇ ਸੁਟ ਜਾਸਾਂ। ਜੇਕਰ ਨਾਮ ਦਾ ਦਿਓਗੇ ਹਥ ਡੰਡਾ ਸ੍ਰੀ ਸੱਪ ਹੰਕਾਰ ਦੀ ਕੁਟ ਜਾਸਾਂ। ਕਿਰਪਾ ਕਰ ਕੇ ਚਾੜ ਜਹਾਜ਼ ਦੇਵੋ ਕਿਤੇ ਐਵੇਂ ਨਾ ਗੁਰੂ ਜੀ ਹੁਟ ਜਾਸਾਂ। ਭਜਨ ਦਸ ਦੇਵੋਂ ਗੁਰੂ ਦਾਸ ਤਾਈਂ ਨਿਰਾਕਾਰ ਅੰਦਰ ਜੁਟ ਜੁਟ ਜਾਸਾਂ। ਨਾਲ ਨਿੰਮ੍ਰਤਾ

Sri Satguru Jagjit Singh Ji Elibrary NamdhariElibrary@gmail.com

ਅਰਜ ਗੁਜਾਰ ਪਹਿਲੇ ਮਸਤ ਹੋਕੇ ਸ਼ਬਦ ਉਚਾਰਦਾ ਹੈ। ਕਾਲਾ ਸਿੰਘ ਹੁਣ ਨੰਦ ਜੀ ਖੁਸ਼ੀ ਹੋਏ ਭਗਤ ਆਪਣਾ ਆਪ ਸੁਧਾਰਦਾ ਹੈ।

ਰਾਗ ਗੌੜੀ ਬਾਣੀ ਸ੍ਰੀ ਰਵਿਦਾਸ ਜੀ ਕੀ ਪਦੇ ਗੁਆਰੇਰੀ

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ਮੇਰੀ ਸੰਗਤਿ ਪੋਚ ਸੋਚ ਦਿਨ ਰਾਤੀ ॥ਮੇਰਾ ਕਰਮੁ ਕੁਟਿਲਤਾ ਜਨਮ ਕੁਭਾਂਤੀ ॥੧॥ ਰਾਮ ਗੁਸਈਆ ਮੇਰੇ ਜੀਅ ਕੇ ਜੀਵਨਾ ਮੋਹਿ ਨ ਬਿਸਾਰਹੁ ਮੈ ਜਨ ਤੇਰਾ । ੧ ॥ ਰਹਾਉ ॥ ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ। ਚਰਣ ਨ ਛਾਡਉ ਸਰੀਰ ਕਲਿ ਜਾਈ ॥ ੨ ॥ ਕਹੁ ਰਵਿਦਾਸ ਪਰਉ ਤੇਰੀ ਸਾਂਭਾ ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ । ੩ ॥ ੧ । ੨ ॥

ਅਰਥ—ਕਬਿਤ ॥ ਨੀਚਾਂ ਨਾਲ ਸੰਗ ਮੇਰਾ ਦਿਨੇ ਰਾਤ ਕੰਮ ਕਰਾਂ ਠੀਕ ਜਾਤ ਮੇਰੀ ਤੁਸੀ ਜਾਣੋ ਖਾਂ ਚਮਾਰ ਜੀ। ਗੁਸਾਈਂ ਦਸੋ ਨਾਮ ਮੇਰੇ ਜੀਆ ਕੇ ਜਿਵਾਨ ਮੈਨੂੰ ਦੇ ਕੇ ਭਜਨ ਅਜ ਕਰੋ ਤੁਸੀ ਪਾਰ ਜੀ। ਦਸ ਕੇ ਤੇ ਨਾਮ ਮੇਰੀ ਬਿਪਤਾ ਨੂੰ ਦੂਰ ਕਰੋ ਚਰਨਾਂ ਤੇ ਸਿਰ ਮੇਰਾ ਦਿਓ ਅਜ ਤਾਰ ਜੀ। ਭਗਤ ਰਵਿਦਾਸ ਤੇਰੀ ਸਾਂਭ ਵਿਚ ਸਾਮ ਗੁਰੂ ਦੇ ਦਿਓ ਨਾਮ ਜਿਸ ਰਟਾਂ ਵਾਰ ਵਾਰ ਜੀ।

ਰਾਮਾਨੰਦ ਜੀ ਨੇ ਭਗਤ ਰਵਿਦਾਸ ਨੂੰ ਗੁਰਮੰਤਰ ਦੇਣਾ

ਮੂੰਹੋਂ ਸ਼ਬਦ ਸੁਣਿਆ ਰਾਮਾ ਨੰਦ ਜੀ ਨੇ ਦੀਵਾ ਸ਼ਬਦਾਂ ਦ ਹਥ ਫੜਾਉਣ ਲੱਗਾ। ਨਾਲ ਆਤਮਾ ਜੋੜ ਜੁੜਾਨ ਖਾਤਰ ਜਨਮ ਮਰਨ ਤੇ ਪੜਦਾ ਪੜਾਉਣ ਲਗਾ। ਕੜਿਆ ਦੁਧ ਸੀ ਜਿਵੇਂ ਤਿਆਰ ਹੋਇਆ ਨੰਦ ਨਾਮ ਦੀ ਜਾਗ ਹੈ ਲਾਉਣ ਲਗਾ। ਭਾਂਡਾ ਦੇਖਿਆ ਸੁਧ ਸੀ ਆਤਮਾ ਦਾ ਜਪ ਵਾਹਿਗੁਰੂ ਨਾਮ ਸੁਨਾਉਣ ਲਗਾ। ਭਏ ਪ੍ਰਕਾਸ ਭਰਮ ਭਉ ਭਾਗਾ ਰਾਹ ਮੰਤਰ ਹਰ ਕੰਨ ਸਮਝਾਉਣ ਲਗਾ। ਵਾਹਿਗੁਰੂ ਮੰਤਰ ਇਹੋ ਦਸ ਦਿਤਾ ਸਾਸ ਸਾਸ ਜਪ ਕਹਿ ਫਰਮਾਉਣ ਲਗਾ। ਬੋਲੇ ਰਹਿਤ ਦਸੇ ਰਾਮਾਨੰਦ ਪਹਿਲੇ ਅਠੇ ਪਹਿਰ ਏਹ ਨਾਮ ਵਿਸਾਰਨਾ ਨਹੀਂ। ਕਾਲਾ ਸਿੰਘ ਨਿਰਮਾਣ ਹੋ ਜਾਪ ਕਰ ਲੈ ਵਿਤ

Sri Satguru Jagjit Singh Ji Elibrary NamdhariElibrary@gmail.com

ਆਪਣੇ ਕਦੇ ਹੰਕਾਰਨਾ ਨਹੀਂ।

ਸ੍ਰੀ ਰਾਮਾਨੰਦ ਜੀ ਨੇ ਰਹਿਤ ਦਸਣੀ

ਕਿਰਿਆ ਵੈਸ਼ਨੋ ਸਭ ਤੇ ਹੈ ਉਚੀ ਸੁਚ ਸੋਧ ਦਾ ਕਰਨਾ ਹੈ ਹਾਰ ਬੇਟਾ। ਜਟਾ ਜੂਟ ਰਹਿਣਾ ਸਿਰ ਤੇ ਕੇਸ ਧਰਕੇ ਕੇਸੀ ਸਣੇ ਨ੍ਹੌਣਾ ਨੀਰ ਧਾਰ ਬੇਟਾ। ਜੰਗਲ ਜਾਣਾ ਤੇ ਪਾਣੀ ਨੂੰ ਸਾਥ ਲੈਣਾ ਆ ਕੇ ਨ੍ਹਾਵਣਾ ਏ ਦੂਜੀ ਵਾਰ ਬੇਟਾ। ਅੱਡੀ ਧੋਤੀ ਬਸਤ੍ਰ ਸ਼ੁਧ ਧੋ ਦੇਣੇ ਪੂਜੋ ਠਾਕਰਾਂ ਨੂੰ ਨਿਰਾਧਾਰ ਬੇਟਾ। ਕਿਰਿਆ ਰਖਣੀ ਨਿਤ ਸੁਚੇਤ ਹੋ ਕੇ ਮੰਨੀ ਆਪ ਨੂੰ ਨਾਹੀਂ ਚਮਾਰ ਬੇਟਾ। ਮਾਲਾ, ਤਿਲਕ, ਜੰਞੂ, ਉਰਸਾ ਪਾਸ ਚੰਨਣ ਰਖੀਂ ਸੰਖ ਘੜਿਆਲ ਵਿਚਾਰ ਬੇਟਾ। ਦਾਰੂ ਮਾਸ ਖਾਵੇ ਜੋ ਜੀਵ ਮਾਰੇ ਓਹਦਾ ਕਰੀਂ ਨਾ ਭੁਲ ਅਹਾਰ ਬੇਟਾ। ਕਰਨੀ ਸੰਧਿਆ ਗਾਇਤ੍ਰੀ ਭਜਨ ਇਹੋ ਤੜਕੇ ਪੈਹਰ ਦੇ ਨ੍ਹੌਣਾ ਹੈ ਕਾਰ ਬੇਟਾ। ਬ੍ਰਹਮ ਗਿਆਨ ਅੰਦਰ ਭਗਤ ਪੂਰ ਤੂਹੀਂ ਤੈਥੋਂ ਵਖ ਨਾਹੀਂ ਪ੍ਰਵਦਗਾਰ ਬੇਟਾ। ਏਹੋ ਭਜਨ ਤੇ ਰਹਿਤ ਬਿਤਾ ਦੇਣੀ ਜੇਹੜਾ ਬਣੇ ਤੇਰਾ ਸੇਵਾਦਾਰ ਬੇਟਾ। ਵਿਚ ਦੇਸ ਪ੍ਰਦੇਸ ਦੇ ਜਾਇਕੇ ਤੇ ਬੈਰਾਗ ਮੱਤ ਦਾ ਕਰੀਂ ਪਰਚਾਰ ਬੇਟਾ। ਬਰਨ ਚਾਰ ਪੂਜਣ ਤੈਨੂੰ ਆਣ ਕਰਕੇ ਮੁਕਤ ਪਾਏਗਾ ਤੈਥੋਂ ਸੰਸਾਰ ਬੇਟਾ। ਕਾਲਾ ਸਿੰਘ ਸੁਣਕੇ ਭਗਤ ਮਸਤ ਹੋ ਕੇ ਸੂਹੀ ਰਾਗ ਗਾ ਕੇ ਸ਼ਬਦ ਬੋਲਿਆ ਜੀ। ਵਡੀ ਗੁਰੂ ਜੀ ਤੁਸਾਂ ਦੀ ਮੇਹਰ ਹੋਈ ਲਗਾ ਭਰਮ ਦਾ ਜੰਦਰਾ ਖੋਲ੍ਹਿਆ ਜੀ।

ਰਾਗ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰਪ੍ਰਸਾਦਿ ॥

ਸਹੁ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥ ਤਨੁ ਮਨੁ ਦੇਇ ਨ ਅੰਤਰ ਰਾਖੈ ॥ ਅਵਰਾ ਦੇਖਿ ਨ ਸੁਨੈ ਅਭਾਖੈ ॥ ੧ ॥ ਸੋ ਕਤ ਜਾਨੈ ਪੀਰ ਪਰਾਈ ॥ ਜਾਕੇ ਅੰਤਰਿ ਦਰਦੁ ਨ ਪਾਈ ॥ ੧ ॥ ਰਹਾਉ ॥ ਦੁਖੀ ਦੁਹਾਗਨਿ ਦੁਇ ਪਖ ਹੀਨੀ ॥ ਜਿਨਿ ਨਾਹ ਨਿਰੰਤਰ ਭਗਤਿ ਨ ਕੀਨੀ ॥ ਪੁਰਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥ ੨ ॥ ਦੁਖੀਆ ਦਰਦਵੰਦੁ ਦਰਿ ਆਇਆ ॥ ਬਹੁਤੁ ਪਿਆਸ ਜਬਾਬੁ ਨ ਪਾਇਆ ॥ ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥ ੩ ॥ ੧ ॥ ੨ । ੫ ॥

Sri Satguru Jagjit Singh Ji Elibrary NamdhariElibrary@gmail.com

ਅਰਥ—ਬੈਂਤ ॥ ਸੁਹਾਗਨ ਇਸਤ੍ਰੀ ਪਤੀ ਸਤਕਾਰ ਹੈ ਜੀ ਛੁਟਣ ਜਾਣਦੀ ਪਤੀ ਪਿਆਰ ਕਾਹਨੂੰ। ਤਨ, ਮਨ, ਧਨ ਪਤੀ ਦੀ ਵਿਚ ਸੇਵਾ ਬਿਨਾ ਪਤੀ ਦੇ ਮੰਨੇ ਭਰਤਾਰ ਕਾਹਨੂੰ। ਨਹੀਂ ਦੇਖਦੀ ਕਿਸੇ ਵਲ ਤਕਕੇ ਤੇ ਪਤੀਬ੍ਰਤ ਹੁੰਦੀ ਵਿਭਚਾਰ ਕਾਹਨੂੰ। ਤਿਉਂ ਸਿਖ ਹੀ ਗੁਰੂ ਦੀ ਸਾਰ ਜਾਣੇ ਹੁਕਮ ਗੁਰੂ ਦਾ ਮੰਨੇ ਗੁਵਾਰ ਕਾਹਨੂੰ। ਪੁਰਸਲਾਤ ਪੈਂਡਾ ਜਿਵੇਂ ਬਿਖੜਾ ਹੈ ਨਾਚ ਕਰਨਾ ਧਾਰ ਤਲਵਾਰ ਉਤੇ। ਤਿਉਂ ਗੁਰੂ ਦੇ ਦੁਆਰ ਤੇ ਜਾਵਣਾ ਹੈ। ਦੁਖੀ ਵੈਦਾਂ ਦੀ ਭਾਲ ਸੰਸਾਰ ਉਤੇ। ਮੈਂ ਗੁਰੂ ਜੀ ਤੁਸਾਂ ਦੀ ਸਰਨ ਤੱਕੀ ਮੇਹਰ ਕਰੋ ਰਵਿਦਾਸ ਚੁਮਾਰ ਉਤੇ। ਚਰਨ ਤੁਸਾਂ ਦੇ ਗੁਰੂ ਜੀ ਆਨ ਪਕੜੇ ਦਇਆ ਕਰੋ ਗੁਰੂ ਗੁਨਾਂਹਗਾਰ ਉਤੇ ਨਦਰ ਗੁਰਾਂ ਦੀ ਤੇ ਕਿਰਪਾ ਆਣ ਹੋਈ ਇਕ ਪਲਕ ਅੰਦਰ ਭਾਂਡੇ ਪੂਰ ਹੋ ਗਏ। ਰਾਮਾਨੰਦ ਨੂੰ ਮਿਲ ਆਨੰਦ ਹੋਏ ਕਾਲਾ ਸਿੰਘ ਜੈਸੇ ਕੋਹਨੂਰ ਹੋ ਗਏ।

### ਸ੍ਰੀ ਭਗਤ ਜੀ ਦਾ ਨਿਤਨੇਮ

ਮਿਲ ਕੇ ਗੁਰਾਂ ਨੂੰ ਗਿਦੜੋਂ ਸ਼ੇਰ ਬਣ ਗਏ ਰਾਮ ਨਾਮ ਸੇਤੀ ਚਿਤ ਲਾਇਆ ਜੀ। ਅਠੇ ਪਹਿਰ ਅੰਦਰ ਜਿਹਬਾ ਨਾਮ ਜਪਦੇ ਅੰਮ੍ਰਿਤ ਰਸ ਦਾ ਸੋਮਾਂ ਪ੍ਰਗਟਾਇਆ ਜੀ। ਕਿਰਤ ਕਰਕੇ ਜੋੜੇ ਨੂੰ ਗੰਡ ਛਡਦੇ ਤਿਆਗ ਰੂਪ ਹੋ ਸਮਾ ਬਿਤਾਇਆ ਜੀ। ਸਾਧੂ ਸੰਤ ਗਰੀਬਾਂ ਨੂੰ ਦੇਣ ਜੋੜੇ ਪੈਸੇ ਮੰਗੇ ਨਾ ਦੂਣ ਸਵਾਇਆ ਜੀ। ਪੂਜਣ ਠਾਕਰਾਂ ਨੂੰ ਤਿਲਕ ਪਾ ਜੰਞੂ ਠਾਕਰ ਦਵਾਰਾ ਇਕ ਵਖ ਬਣਾਇਆ ਜੀ। ਕਰਨ ਗੰਗਾ ਤੇ ਨਿਤ ਇਸ਼ਨਾਨ ਤੜਕੇ ਗੰਗਾ ਦਰਸ ਦੇਹ ਸੰਖ ਫੜਾਇਆ ਜੀ। ਪੰਜ ਮੁਖੀਆ ਸੰਖ ਸੀ ਨਿਤ ਵਜੇ ਹਮਨ ਧੂਪ ਘੜਿਆਲ ਖੜਕਾਇਆ ਜੀ। ਕਾਂਸ਼ੀ ਸ਼ਹਿਰ ਮੇ ਨਿਤ ਪਰਚਾਰ ਕਰਕੇ ਰਬੋਂ ਭੁਲਿਆਂ ਨੂੰ ਰਾਹੇ ਪਾਇਆ ਜੀ। ਦੇਖ ਦੇਖ ਕ ਸੜਦੇ ਰਹਿਣ ਬ੍ਰਾਹਮਣ ਕਹਿਣ ਅਛੂਤਾਂ ਕਿੱਡਾ ਰੌਲਾ ਪਾਇਆ ਜੀ। ਰਾਤ ਦਿਨੇ ਵਧੇ ਤੇਜ ਭਗਤ ਜੀ ਦਾ ਬ੍ਰਾਹਮਣ ਅੰਦਰੋਂ ਦੇਖ ਕੇ ਸੜ ਰਹੇ

Sri Satguru Jagjit Singh Ji Elibrary NamdhariElibrary@gmail.com

ਸਨ। ਉਚੀ ਜਾਤ ਦਾ ਮਾਣ ਸੀ ਬਹੁਤ ਕਰਦੇ ਨਿਤ ਨਿੰਦਿਆ ਕਰਨ ਤੇ ਕੜ ਰਹੇ ਸਨ।

### ਸ੍ਰੀ ਰਾਮਾਨੰਦ ਜੀ ਦੇ ਹੋਰ ਚੇਲਿਆਂ ਦੀਆਂ ਸ਼ਾਖਾਂ

ਬਾਰਾਂ ਚੇਲੇ ਹੈ ਸਨ ਰਾਮਾ ਨੰਦ ਜੀ ਦੇ *ਕਬੀਰ ਭਗਤ ਜੀ ਵਡਾ ਸਦਾਂਵਦਾ ਹੈ। †ਸੈਨ ਭਗਤ ਨਾਈ ਚੇਲਾ ਦੂਸਰਾ ਜੋ ਬੀਦੋਗੜ ਬੈਠਾ ਜਸ ਗਾਂਵਦਾ ਹੈ। ‡ਪੀਪਾ ਗਾਂਗਰੇ ਸ਼ਹਿਰ ਦਾ ਖਾਸ ਰਾਜਾ

---

*ਸ੍ਰੀ ਕਬੀਰ ਜੀ ਦਾ ਜਨਮ; ਸੰਮਤ ਚੌਦਾਂ ਸੌ ਪਚਵੰਜਾ ਵਿਚ ਹੋਇਆ ਹੈ, ਉਸ ਦੀ ਜਨਮ ਸਾਖੀ ਵਿਚ ਲਿਖਿਆ ਹੈ, ਚੌਦਾਂ ਸੌ ਪੱਚਵੰਜੇ ਭਾਈ ਜਨਮੇ ਪ੍ਰਭ ਕਬੀਰ ਗੋਸਾਈ, ਸੋਮਵਾਰ ਜੇਠ ਦੀ ਪੰਦਰਾਂ ਨੂੰ ਮੀਰੂ ਜੁਲਾਹੇ ਦੇ ਘਰ ਆਏ। ਪਿਤਾ ਮੀਰੂ ਸੰਮਤ ਚੌਦਾਂ ਸੌ ਬਾਹਠ ਵਿਚ ਪਾਣੀ ਦਾ ਹੜ ਆਉਣ ਕਰ ਕੇ ਜੁਲਾਹਾ ਪੁਰੋ ਨਗਰ ਜੋ ਬਨਾਰਸ ਦੇ ਬਾਰਾਂ ਕੋਹ ਸੀ ਛਡਕੇ ਬਨਾਰਸ ਵਿਚ ਆਣ ਵਸੇ। ਕਬੀਰ ਜੀ ਨੇ ਰਾਮਾ ਨੰਦ ਜੀ ਨੂੰ ਗੁਰੂ ਧਾਰਨ ਵੇਲੇ ਗੰਗਾ ਦੇ ਕੰਢੇ ਅੰਮ੍ਰਿਤ ਵੇਲੇ ਜਿਸ ਰਸਤੇ ਰਾਮਾ ਨੰਦ ਜੀ ਹਮੇਸ਼ਾਂ ਗੰਗਾ ਜਾ ਕੇ ਇਸ਼ਨਾਨ ਕਰਦੇ ਸੀ ਕਬੀਰ ਜੀ ਉਸ ਡੰਡੀ ਤੇ ਜਾ ਪਏ। ਜਦ ਰਾਮਾ ਨੰਦ ਜੀ ਗੰਗਾ ਤੋਂ ਅਸ਼ਨਾਨ ਕਰ ਕੇ ਵਾਪਸ ਆਏ ਤਾਂ ਓਧਰ ਕਬੀਰ ਜੀ ਨੇ ਚੀਕ ਮਾਰੀ, ਰਾਮਾ ਨੰਦ ਜੀ ਬੋਲੇ, ਬਚਾ ਰਾਮ ਕੋ ਰਾਮ ਕਹੋ। ਬਸ ਏਥੇ ਗੁਰੂ ਦੀਖਿਆ ਮਿਲੀ ਇਤਿਆਦਿਕ ਕਈ ਕਿਤਾਬਾਂ ਪਖੰਡਾਂ ਦੇ ਖੰਡਨ 'ਚ ਲਿਖੀਆਂ।

†ਸ੍ਰੀ ਸੈਨ ਜੀ ਬਿਕ੍ਰਮੀ ਚੌਦਾਂ ਸੌ ਸਤਾਰਾਂ ਬੰਦੂ ਗੜ ਰਾਜਾ ਰਾਮ ਦੇ ਪਿਤਾ ਦੇ ਘਰ ਅਸੂ ਦੀ ਦਸੰਮੀ ਨੂੰ ਜਨਮੇ। ਗੁਰੂ ਰਾਮਾ ਨੰਦ ਜੀ ਨੂੰ ਧਾਰ ਕੇ ਆਪ ਬੀਜਾ ਗੜ ਰਾਜ ਰਾਜੇ ਦੀ ਟਹਿਲ ਕਰਨ ਲਗੇ। ਇਕ ਦਿਨ ਘਰ ਵਿਚ ਸੰਤਾਂ ਦੇ ਆਉਣ ਕਰ ਕੇ ਸ੍ਰੀ ਸੈਨ ਜੀ ਉਨਾਂ ਨਾਲ ਸਤਿਸੰਗ ਕਰਦੇ ਰਹੇ ਤੇ ਰਾਜ ਦਰਬਾਰ ਵਿਚ ਨਾ ਪਹੁੰਚ ਸਕੇ। ਰਾਮ ਜੀ ਨੇ ਸੈਨ ਦਾ ਰੂਪ ਧਾਰ ਕੇ ਰਾਜ ਦਰਬਾਰ ਦਾ ਕੰਮ ਪੂਰਾ ਕਰ ਦਿਤਾ।

‡ਭਗਤ ਪੀਪਾ ਜੀ ਦਾ ਜਨਮ ਸੰਮਤ ੧੪੮੨ ਨੂੰ ਰਾਜਪੂਤ ਘਰਾਨਿਆਂ ਵਿਚ ਹੋਇਆ। ਆਪ ਪਹਿਲੇ ਦੇਵੀ ਦਾ ਭਗਤ ਸੀ। ਫਿਰ ਰਾਮਾਨੰਦ ਜੀ ਦਾ ਚੇਲਾ ਹੋ ਕੇ ਵੈਸ਼ਨੋ ਹੋ ਗਿਆ ਅਤੇ ਬੋਲਿਆ–

ਮੈਂ ਉਨ ਰਾਂਡਨੇ ਠਗਿਓ ਜਾਈ। ਅਬ ਲੌ ਬਿਰਥੀ ਅਉਧ ਗਵਾਈ। ਮੈਂ ਮੂਰਖ
ਜਨਮ ਅਮੋਲਕ ਹਾਰਾ। ਗਈ ਓਧ ਕੋ ਦੇਵਨਹਾਰਾ। ਇਨ ਸਰਪਨ ਮੈਂ ਖਾਇਆ
ਸਭ ਅੰਗ ਬਿਖ ਗਈ ਖਾਇ। ਗਰੜ ਤੁਮ ਹਰ ਸਾਬ ਹੋ, ਮੈਂ ਤੁਮਰੀ ਸਰਨਾਇ।

ਏਹ ਰਾਜਾ ਆਪਣੀ ਸੀਤਾ ਇਸਤ੍ਰੀ ਸਮੇਤ ਰਾਜ ਤਿਆਗ ਕੇ ਰਾਮਾ ਨੰਦ ਜੀ ਦਾ ਚੇਲਾ ਹੋ ਕੇ ਪੰਜਾਬ ਵਿਚ ਪਿਪਨਾਕ ਪਿੰਡ ਵਿਚ ਜਾ ਕੇ ਸਰੀਰ ਤਿਆਗ ਦਿਤਾ। ਇਥੇ ਓਹਨਾਂ ਦੇ ਨਾਮ ਤੇ ਇਕ ਸਰੋਵਰ ਹੈ ਜੋ ਕਿਲਾ ਦੀਦਾਰ ਸਿੰਘ ਪਾਸ ਹੈ।

Sri Satguru Jagjit Singh Ji Elibrary NamdhariElibrary@gmail.com

ਰਾਂਜਪੂਤ ਆ ਸਰਨ ਤਕਾਂਵਦਾ ਹੈ। *ਸੁਰਸਰਾ ਨੰਦ ਜੀ ਪੰਜਵੇਂ ਖਾਸ ਚੇਲੇ ਸੁਖਾਨੰਦ ਜੀ ਛੀਵਾ ਕਹਾਂਵਦਾ ਹੈ। ਭੁੱਭਾ ਨੰਦ ਚੇਲਾ ਏਹਦਾ ਸੱਤਵਾਂ ਹੈ ਪੰਥ ਆਪਣਾ ਏਹ ਬਣਾਵਦਾ ਹੈ। ਸ੍ਰੀ ਧੰਨਾ ਜੀ ਮੇਰਠ ਸ਼ਹਿਰ ਦਾ ਸੀ ਰਬ ਨਾਲ ਮਿਲ ਖੇਤੀ ਰਚਾਂਵਦਾ ਹੈ। ਚੇਲਾ ਨੌਮਾ ਆਸਾ ਨੰਦ ਦਾਸ ਹੋ ਕੇ ਰਾਮਾ ਨੰਦ ਪੈਰ ਪੁਜਾਂਵਦਾ ਹੈ। ਮਹਾਂ ਨੰਦ ਅਤੇ ਪਰਮਾਨੰਦ ਜੀ ਨੇ ਸ੍ਰੀ ਨੰਦ ਜੀ ਭੀ ਜਸ ਗਾਂਵਦਾ ਹੈ। ਸ੍ਰੀ ਭਗਤ ਰਵਿਦਾਸ ਚੁਮਾਰ ਜਾਤੀ ਸੱਤ ਧਰਮ ਅੰਦਰ ਰੰਗ ਲਾਂਵਦਾ ਹੈ। ਬਹੁਤ ਮੱਤ ਨੇ ਏਹਨਾਂ ਬਿਰਾਗੀਆਂ ਦੇ ਰਾਮਾ ਨੰਦ ਦੇ ਚੇਲਿਆਂ ਸਾਰਿਆਂ ਦੇ। ਕਈ ਮਜ਼ਬ ਤੇ ਸ਼ਾਖਾਂ ਕਈ ਹੋਈਆਂ †ਬਹੁਤੇ ਮਤ ਨੇ ਏਹਨਾਂ ਪਿਆਰਿਆਂ ਦੇ।

### ਜੀਵ ਹਿੰਸਾ ਹਟਾ ਕੇ ਸਚੇ ਮਾਰਗ ਵਿਚ ਲਾਉਣਾ ਅਤੇ ਜਾਪ ਦਸਣਾ

ਪੂਰੇ ਸਤਿਗੁਰਾਂ ਦਾ ਸਤਿ ਸੰਗ ਕਰਕੇ, ਭਗਤ ਜਾਪ ਕਰਤਾਰ ਕਰਤਾਰ ਜਪਦਾ। ਹਰ ਰੋਜ਼ ਨਿਤ ਨੇਮ ਬਣਾਂ ਅੰਦਰ, ਸਮਾਧੀ ਲਾਕੇ ਤੇ ਨਿਰਾਕਾਰ ਜਪਦਾ। ਸ਼ਕਲ ਸੋਹਣੀ ਤੇ ਸਾਲ ਜਵਾਨ ਹੋ ਗਏ, ਬਿਰਤੀ ਰੂਪ ਹੋ ਕੇ ਕਰਨਹਾਰ ਜਪਦਾ। ਨਿਰਾਕਾਰ ਦੇ ਨਿਤ ਦੀਦਾਰ

---

*ਸੂਰਦਾਸ ਸੁਰਸਰਾ ਨੰਦ ਨੇ ਸੂਰ ਸਾਗਰ ਪੁਸਤਕ ਲਿਖਿਆ ਹੈ,ਇਹਦੀ ਸਮਾਧ ਕਾਂਸ਼ੀ ਵਿਚ ਹੈ ਏਹ ਬਡੇ ਕਵੀ ਸਨ।

ਨਾਬਾਨੰਦ ਜੀ ਡੂਮ ਜਾਤੀ ਦੇ ਸਨ ਆਪ ਪੰਜ ਸਾਲ ਦੀ ਉਮਰ ਵਿਚ ਅੰਧੇ ਹੋ ਗਏ ਸਨ ਆਪ ਦੇ ਮਾਤਾ ਪਿਤਾ ਜੋ ਆਪ ਨੂੰ ਜੰਗਲ ਵਿਚ ਛਡ ਆਏ ਸਨ। ਇਹਨਾਂ ਦਾ ਨਾਮ ਨਾਰਾਇਨ ਦਾਸ ਸੀ। ਇਹਨਾਂ ਦੀ ਸਮਾਧ ਜਹਾਂਗੀਰ ਦੇ ਸਮੇਂ ਦਿਲੀ ਵਿਚ ਬਣਾਈ ਗਈ। ਆਪ ਵੈਸ਼ਨੋ ਮਤ ਦੇ ਸੀ।

†ਰਾਮਾਨੰਦ ਜੀ ਨੇ ਗੁਰੂ ਰਾਘਵਾ ਨੰਦ ਤੋਂ ਵਖ ਹੋ ਕੇ ਆਪਣੇ ਮੱਤ ਦੀ ਪੂਜਾ ਕਰਵਾਈ ਇਸ ਮਤ ਵਿਚ ਰਾਮ ਨਾਮ ਦਾ ਜਾਪ ਹੈ। ਸ੍ਰੀ ਰਾਮ ਮੰਤਰ ਹੈ ਗੁਰੂ ਮੰਤਰ ਮਿਲਣ ਸਮੇਂ ਜੈ ਰਾਮ, ਜੈ ਸੀਤਾ ਰਾਮ, ਰਾਮ ਚੰਦਰ ਆਦਕਾਂ ਦੀ ਪੂਜਾ ਮੰਨਦੇ ਹਨ। ਸਭ ਤੇ ਵਡੇ ਅਵਤਾਰ ਰਾਮ ਜੀ ਹਨ। ਤੁਲਸੀ ਤੇ ਸਾਲਗਰਾਮ ਦੀ ਪੂਜਾ ਕਰ ਕੇ ਠਾਕਰਾਂ ਅਗੇ ਮਰਜੰਗੀਆਂ ਵਜਾਉਂਦੇ ਨੇ। ਇਸ਼ਨਾਨ ਕਰ ਕੇ ਪ੍ਰਸ਼ਾਦ ਛਕਦੇ ਹਨ ਲੁਕ ਕੇ। ਕਿਸੇ ਦੇ ਨਾਲ ਲਗ ਕੇ ਰੋਟੀ ਨਹੀਂ ਖਾਂਦੇ। ਵੈਸ਼ਨੋ ਮਤਾਂ ਦੇ ਕਈ ਭੇਤ ਹੋ ਗਏ ਸਨ। ਇਹਨਾਂ ਭਗਤਾਂ ਦੀ ਬਾਣੀ ਵਖੋ ਵਖ ਭਾਸ਼ਾ ਵਿਚ ਹੈ।

Sri Satguru Jagjit Singh Ji Elibrary NamdhariElibrary@gmail.com

ਹੁੰਦੇ, ਦਿਲ ਜਿਨ੍ਹਾਂ ਦੇ ਹੈ ਕਰਨਹਾਰ ਵੱਸਦਾ।

ਦੋਹਿਰਾ—ਰੋਹੀ ਬਣ ਦੇ ਵਿਚ ਜਾਏ ਕੇ ਲਗੇ ਸੁਰਤ ਟਿਕਾਨ।
ਸਿਮਰਨ ਵਿਚ ਮਸਤ ਹੋ ਨਿਤ ਨੇਮ ਕਰਵਾਨ॥

ਦਵੈਯਾ

ਇਸ ਰੋਹੀ ਬਣ ਵਿਚ ਇਕ ਦਿਨ ਚਲ ਸ਼ਿਕਾਰੀ ਆਇਆ,
ਖਾਤਰ ਮਿਰਗਾਂ ਪਕੜਨ ਕਾਰਨ ਛਿਪ ਕੇ ਦਾਓ ਲਗਾਇਆ।
ਪਾਸ ਘੜਾ ਮੁਖ ਚਮੜੇ ਮੜ੍ਹਿਆ ਪੰਖ ਮੋਰ ਦਾ ਪਾਵੇ,
ਘੜਾ ਹੇਠਾਂ ਰੱਖ ਸ਼ਿਕਾਰੀ ਹਥਾਂ ਨਾਲ ਵਜਾਵੇ।
ਮਿਰਗਾਂ ਸੁਣੀ ਆਵਾਜ਼ ਘੜੇ ਦੀ ਮਸਤੀ ਅੰਦਰ ਆਏ,
ਡਾਰਾਂ ਮਿਰਗ ਰੋਹੀ ਇਸ ਰਹਿੰਦੇ ਪਾਸ ਸ਼ਿਕਾਰੀ ਧਾਏ।
ਇਕ ਹਰਨੀ ਦੋ ਬਚੇ ਉਸਦੇ ਛਡ ਬਚਿਆਂ ਨੂੰ ਧਾਈ,
ਲਾ ਕੇ ਦਾਓ ਸ਼ਿਕਾਰੀ ਪਾਪੀ ਰਸੀ ਗਲ ਵਿੱਚ ਪਾਈ।
ਭੁਲਾ ਰਾਗ ਦਲੀਲੋਂ ਸਾਰਾ ਹਰਨੀ ਪਕੜ ਸ਼ਿਕਾਰੀ,
ਪਲ ਪਲ ਯਾਦ ਕਰੇਂਦੀ ਬਚੇ ਕੁਦਰਤ ਮੌਤ ਹਮਾਰੀ।
ਪਕੜ ਜ਼ਾਲਮਾਂ ਮੈਨੂੰ ਬੱਧਾ ਸੀਖੀਂ ਮਾਸ ਪਕਾਵਣ,
ਬਚੇ ਮੇਰੇ ਸ਼ੀਰ ਖੋਰੇ ਨੇ ਤੜਫ ਤੜਫ ਮਰ ਜਾਵਣ।
ਵਾਰ ਵਾਰ ਉਹ ਦਿਲ ਵਿਚ ਸੋਚੇ ਰੱਸਾ ਗਲੋਂ ਲੁਹਾਵਾਂ।
ਬਚਿਆਂ ਤਾਈਂ ਦੁਧ ਪਿਲਾ ਕੇ ਪਾਸ ਸ਼ਿਕਾਰੀ ਆਵਾਂ।
ਮਾਰੇ ਸਰਲੀ ਹੋਂਦੀ ਬਿਟ ਬਿਟ ਟਪੇ ਬਹੁਤ ਵਿਚਾਰੀ।
ਦੇਖ ਦਿਸ਼ਾ ਇਹ ਹਰਨੀ ਵਾਲੀ ਆਖੇ ਫੇਰ ਸ਼ਿਕਾਰੀ।
ਕੱਟ ਵੱਢ ਮਾਸ ਕੇ ਹਰਨੀਏਂ ਪੁਤਰ ਮੇਰੇ ਖਾਵਣ,
ਭੁਖ ਓਹਨਾਂ ਦੀ ਦੂਰ ਕਰਾਂ ਮੈਂ ਘਰ ਨੂੰ ਲਗਾ ਧਾਵਣ।
ਉਸ ਹਰਨੀ ਜੋ ਦੁਖੀਆ ਭਾਰੀ ਸੁਣੇ ਫਰਿਆਦ ਨਾ ਕਾਈ,
ਯਾਦ ਕਰੇਂਦੀ ਰੱਬਾ ਆ ਕੇ ਤੂੰਹੀਓਂ ਆ ਛਡਾਈਂ।
ਜਾਨੀ ਜਾਣ ਰਵਿਦਾਸ ਭਗਤ ਜੀ ਆਇਓ ਪਾਸ ਸ਼ਿਕਾਰੀ,

Sri Satguru Jagjit Singh Ji Elibrary NamdhariElibrary@gmail.com

ਉਸ ਹਰਨੀ ਸ਼ਿਕਾਰੀ ਵਾਲੀ ਸਮਝੀ ਭਾਸ਼ਾ ਸਾਰੀ।
ਆਖੇ ਭਗਤ ਸੁਣੋ ਸ਼ਿਕਾਰੀ ਨਾਲ ਧਿਆਨ ਗਲ ਮੇਰੀ,
ਬਚੇ ਇਸ ਦੇ ਦੁਧ ਪਿਆਸੇ ਏਹ ਹਰਨੀ ਕਿਉਂ ਘੇਰੀ।
ਇ ਦੀ ਮਰਜੀ ਅਸੀਂ ਹਾਂ ਜਾਮਨ ਬਚਿਆਂ ਸ਼ੀਰ ਪਿਲਾਵੇ,
ਦੁਧ ਚੁੰਘਾਵੇ ਦੇਇ ਦਿਲਾਸੇ ਪਾਸ ਤੁਮਾਰੇ ਆਵੇ।
ਹਥ ਜੋੜ ਕੇ ਕਹੇ ਸ਼ਿਕਾਰੀ ਏਹ ਜੰਗਲ ਦੇ ਵਾਸੀ,
ਥੋਹੜੇ ਜਾਮਨ ਦਿਤਿਆਂ ਛੱਡਾਂ ਲੋਕ ਕਰਨਗੇ ਹਾਸੀ।
ਗਲ ਤੋਂ ਰੱਸੀ ਲਾਹਵਾਂ ਜੇਕਰ ਜੰਗਲ ਅੰਦਰ ਧਾਵੇ,
ਭੁਖਾ ਟੱਬਰ ਮਾਸ ਬਿਨਾ ਹੈ ਤੜਫ ਤੜਫ ਮਰ ਜਾਵੇ।
ਨਾਲ ਨਿੰਮਰਤਾ ਕਹਿਣ ਭਗਤ ਜੀ ਮੰਨੋ ਮੇਰਾ ਕਹਿਣਾ,
ਭਵ ਸਾਗਰ ਤੋਂ ਲੈ ਖਿਲਾਸੀ ਜੋ. ਦੁਨੀਆਂ ਵਿਚ ਰਹਿਣਾ।
ਕਰਸਾਂ ਮੈਂ ਮਜਦੂਰੀ ਤੇਰੀ ਟਬਰ ਤਾਈਂ ਰਿਝਾਵਾਂ,
ਕੁਟ ਕੁਟ ਚੂਰੀ ਘਿਓ ਵਿਚ ਖਾਵੇ ਰਜ ਰਜ ਅੰਨ ਖੁਲਾਵਾਂ।
ਸੁਣ ਸੁਣ ਗੱਲਾਂ ਕਾਂਸ਼ੀ ਵਾਸੀ ਬੁਢੇ ਸਿਆਣੇ ਆਏ,
ਕਹਿੰਦੇ ਸ੍ਰੀ ਰਵਿਦਾਸ ਜੀ ਤਾਈਂ ਬਾਂਦੀ ਦੇਇ ਛੁਡਾਏ।
ਹਰਨੀ ਨੂੰ ਛਡ ਦਿਤਾ ਸ਼ਿਕਾਰੀ ਜਾ ਬਚਿਆਂ ਸ਼ੀਰ ਪਿਲਾਵੇ,
ਬਾਬੇ ਜੀ ਨੂੰ ਜਾਮਨ ਦਿੱਤਾ ਕਹਿ ਕਹਿ ਦੁਧ ਚੁੰਘਾਵੇ।
ਮਾਣੋ ਉਮਰ ਤੁਸੀ ਮੈਂ ਵਾਰੀ ਇਸ ਰੋਹੀ ਵਿਚਕਾਰੇ,
ਹਰੀ ਅੰਗੂਰੀ ਖਾ ਕੇ ਜੀਵੋ ਜਿਗਰੋਂ ਟੁਕੜੇ ਪਿਆਰੇ।
ਆਖਰ ਸ਼ੀਰ ਅਸਾਂ ਤੋਂ ਪੀਵੋ ਮੁੜ ਨਾ ਅਸਾਂ ਪਿਲਾਣਾ,
ਜਾਮਨ ਭਗਤ ਦੀ ਪੂਰੀ ਕਰਨੀ ਜਾਲਮ ਮੈਨੂੰ ਖਾਣਾ।
ਸੁਣ ਗੱਲਾਂ ਬਚੇ ਦੋਏ ਚੰਬੜਨ ਨਾਲ ਹਰਨੀ ਦੇ ਧਾਏ,
ਬਾਬੇ ਜੀ ਅਰ ਪਾਸ ਸ਼ਿਕਾਰੀ ਛਾਲਾਂ ਲਾ ਲਾ ਆਏ।
ਚਲੋ ਭਗਤ ਦੇ ਦਰਸ਼ਨ ਕਰੀਏ ਸੰਗ ਮਾਤਾ ਦੇ ਜਾਈਏ,
ਕਹਿਣ ਮਾਤਾ ਜੀ ਨਾਲ ਤੁਸਾਂ ਦੇ ਅਸੀ ਬੀ ਸੀਸ ਕਟਾਈਏ।

Sri Satguru Jagjit Singh Ji Elibrary NamdhariElibrary@gmail.com

ਗਲ ਬਚਿਆਂ ਦੀ ਸੁਣਕੇ ਹਰਨੀ ਬਕ ਦੋਨੋਂ ਲੈ ਆਈ,
ਬਾਬਾ ਜੀ ਦੇ ਚਰਨਾਂ ਉਤੇ ਨਿਵ ਨਿਵ ਕਰਨ ਬਡਾਈ।
ਧੰਨ ਧੰਨ ਰਾਮ ਦੇ ਭਗਤ ਪਿਆਰੇ ਜੀਵ ਜੰਤ ਦੇ ਵਾਲੀ,
ਕਟ ਦਿਓ ਚੁਰਾਸੀ ਸਾਡੀ ਦੀਨ ਦੁਨੀ ਦੇ ਵਾਲੀ।
ਹੋਯਾ ਸਿਖ ਸ਼ਿਕਾਰੀ ਉਸ ਦਿਨ ਚਰਨੀ ਸੀਸ ਨਿਵਾਇਆ,
ਬਾਬੇ ਜੀ ਨੇ ਉਸ ਦਿਨ ਓਥੇ ਸ੍ਰੀ ਮੁਖ ਸ਼ਬਦ ਸੁਨਾਇਆ।

ਆਸਾ ਬਾਣੀ ਸ੍ਰੀ ਰਵਿਦਾਸ ਜੀਉ

ੴ ਸਤਿਗੁਰਪ੍ਰਸਾਦਿ ॥

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ ॥ ੧ ॥ ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ ੧ ॥ ਰਹਾਉ ॥ ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥ ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤ ਪੋਚ ॥ ੨ ॥ ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥ ਕਾਲ ਫਾਸਿ ਅਬਧ ਲਾਗੇ ਕਛੁ ਨ ਚਲੈ ਉਪਾਇ ॥ ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥ ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥ ੪ ॥ ੧ ॥ ੭ ॥

ਅਰਥ—ਕਬਿਤ ॥ ਜੀਵ ਜੰਤ ਮਾਰ ਖਾਣ ਵਾਲਿਓ ਵਿਚਾਰ ਕਰੋ ਮੇਰੀ ਵਲ ਨਿਗਾਹ ਕਰ ਸੁਣ ਓਇ ਸ਼ਿਕਾਰੀਆ। ਕੰਨਾਂ ਵਾਲੇ ਰੋਗ ਨੇ ਗਵਾਈ ਜਾਨ ਹਰਨੀ ਦੀ ਬਚਿਆਂ ਸਮੇਤ ਆਈ ਚਲ ਕੇ ਵਿਚਾਰੀਆ। ਮੱਛੀ ਦਾ ਸੁਆਦ ਜੀਭ ਫਸ ਜਾਵੇ ਕੁੰਡੀਵਿਚ ਕੇਤਕੀ ਦੇ ਫੁਲ ਦੇਖ ਭੌਰ ਜਿੰਦ ਵਾਰੀਆ। ਪਤੰਗ ਦੇਖ ਦੀਪਕ ਜਿੰਦ ਆਪਣੀ ਹੈ ਵਾਰ ਦੇਵੇ ਕਾਗਜਾਂ ਦੀ ਹਥਨੀ ਤੇ ਹਾਥੀ ਖਾਵੇ ਮਾਰੀਆ ॥ ੧ ॥

ਕਬਿਤ—ਇਕ ਇਕ ਦੋਸ਼ ਦੇ ਸੁਆਦ ਵਿਚ ਫਸੇ ਹੋਏ ਪੰਜ ਚੋਰ ਤੇਰੇ ਵਿਚ ਕਰ ਲੈ ਵਿਚਾਰ ਤਾਂ। ਕਾਮ, ਕਰੋਧ, ਲੋਭ, ਮੋਹ, ਮਦ ਹੈਗੇ ਤੇਰੇ ਵਿਚ ਪੰਜੇ ਦੋਖ ਦੇਖ ਬੰਦੇ ਛੇਤੀ ਲੈਣ ਮਾਰ ਤਾਂ। ਝੂਠਾ ਹੈ ਸੰਸਾਰ ਜਿਸ ਨਾਲ ਤੈਂ ਪਰੀਤ ਲਾਈ ਇਸ ਦੇ ਪਰੇਮ ਵਿਚ ਫਸੇਂ ਵਾਰ ਵਾਰ ਤਾਂ। ਦੀਵਾ ਤੇਰਾ ਮੈਲਾ ਨਹੀਂ ਰਾਮ ਦੀ ਪਛਾਨ ਦਿਸੇ

ਚਿਤ ਵਿਚ ਗਿਆਨ ਕਰ ਆਪ ਵਾਲੀ ਸਾਰ ਤਾਂ। ਮਾਨਸ ਜਨਮ ਨਹੀਂ ਮਿਲਣਾ ਹੈ ਵਾਰ ਵਾਰ ਛਡ ਕੇ ਸ਼ਿਕਾਰ ਭਾਈ ਜਪੀਂ ਕਰਤਾਰ ਤਾਂ ॥ ੨ ॥

ਕਬਿਤ—ਸਪ ਕਾਂ ਸੂਰ ਨਹੀਂ ਜਾਣਦੇ ਨੇ ਪਾਪ ਪੁੰਨ ਸਤ ਤੇ ਅਸੱਤ ਵਾਲੀ ਨਹੀਂ ਹੈ ਵਿਚਾਰ ਜੀ। ਮਾਨਸ ਜਨਮ ਲਖ ਜੂਨ ਤੋਂ ਹੈ ਸਿਰਤਾਜ ਕਾਮ ਬਸ ਹੋ ਕੇ ਬੰਦਾ ਹੁੰਦਾ ਹੈ ਖੁਆਰ ਜੀ। ਜੇਹੜਾ ਬੰਦਾ ਟੇਢੀਆਂ ਜੂਨਾਂ ਵਿਚ ਖੇਲਦਾ ਹੈ ਦਿਨ ਰਾਤ ਐਵੇਂ ਰਿਹਾ ਨਾਮ ਨੂੰ ਵਿਸਾਰ ਜੀ। ਜੈਸੀ ਕਹੇ ਮਿਲੇ ਸਜਾ ਸਚੀ ਦਰਗਾਹ ਵਿਚ ਪਾਪੀ ਤਾਈਂ ਫਾਂਸੀ ਜਮਾਂ ਵਾਲੀ ਹੈ ਤਿਆਰ ਜੀ ॥ ੩ ॥

ਕਬਿਤ—ਜਮਾਂ ਕੋਲ ਫੇਰ ਕੋਈ ਛਡੇ ਤੇ ਛਡਾਂਦਾ ਨਾਹੀਂ ਇਸ ਲੀਏ ਦਾਸ ਹੈ ਦੁਨੀਆਂ ਤੇ ਉਦਾਸ ਤਾਂ। ਗੁਰਾਂ ਦਿਤਾ ਗਿਆਨ ਕੀਤੇ ਭਰਮ ਨੇ ਦੂਰ ਭਾਈ ਰਾਮ ਭਰਪੂਰ ਦਿਸੇ ਓਹਦਾ ਪ੍ਰਕਾਸ਼ ਤਾਂ ਭਗਤਾਂ ਦਾ ਸਹਾਈ ਰਾਮ ਪੂਰਨ ਵਿਆਪਕ ਹੈ ਰਖ ਲੈ ਗੋਬਿੰਦ ਬਿਨੈ ਕਰੇ ਰਵਿਦਾਸ ਤਾਂ। ਰਾਮ ਹੈ ਸਹਾਈ ਸ਼ਾਂਤ ਦਿਲ ਵਿਚ ਧਾਰ ਬੰਦੇ ਪਾਪੀ ਨਾ ਕਹਾਵੀਂ ਖਾਣਾ ਭੁਲ ਕੇ ਨਾ ਮਾਸ ਤਾਂ ॥ ੪ ॥

ਵਾਕ ਕਵੀ

ਬੈਂਤ—ਮਾਸ ਖਾਣਾ ਮਨੁਖਾਂ ਦਾ ਕਰਮ ਹੈ ਨੀ ਮਾਸ ਖਾਣ ਵਾਲੇ ਕੁਤੇ ਕਾਗ ਬੰਦੇ। ਮਾਸ ਖਾਣ ਵਾਲੇ ਬੰਦੇ ਹੋਨ ਗੰਦੇ ਮਾਸ ਖਾਣ ਜੋ ਪੁਰਸ਼ ਨਿਭਾਗ ਬੰਦੇ। ਇਲ, ਗਿਦੜ, ਗਿਲਜਾਂ, ਕੁਕੜ ਮਾਸ ਖਾਂਦੇ ਟੇਢੀ ਜੂਨ ਪਾਵਨ ਓਹ ਨਾਗ ਬੰਦੇ। ਕਾਲਾ ਸਿੰਘ ਜੋ ਆਦਮੀ ਮਾਸ ਖਾਵੇ ਲਮਢੀਂਗ ਬਘਿਆੜ ਦੇ ਵਾਂਗ ਬੰਦੇ।

ਸ੍ਰੀ ਗੰਗਾ ਨੇ ਹਥ ਕਢ ਕੇ ਦਮੜੀ ਦੀ ਭੇਟਾ ਲੈਣੀ ਤੇ ਰਾਜੇ ਚੰਦਰ ਪ੍ਰਤਾਪ ਨੇ ਰਵਿਦਾਸ ਭਗਤ ਦਾ ਸਿਖ ਬਣਨਾ ਤੇ ਪਥਰੀ ਹੇਠ ਦੀ ਗੰਗਾ ਵਗਣੀ

ਦੋਹਰਾ—ਚੋਦਾਂ ਸੈ ਵਿਚ ਬਾਨਵੇਂ ਕੁੰਭ ਗੰਗਾ ਦਾ ਆਇ।
ਬਾਬਾ ਕਰੇ ਪਰਚਾਰ ਨਿਤ ਸੱਤ ਧਰਮ ਦਾ ਜਾਇ ॥

Sri Satguru Jagjit Singh Ji Elibrary NamdhariElibrary@gmail.com

ਦੋਹਰਾ—ਚਾਰ ਬਰਨ ਉਪਦੇਸ ਕਰ ਸੱਤ ਧਰਮ ਤੇ ਜਾਨ।
ਨਿਤ ਗੰਗਾ ਦੇ ਘਾਟ ਤੇ ਸਤ ਸੰਗ ਕਰਵਾਨ॥

ਬੈਂਤ—ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰਦੇ ਪੂਜਾ ਪਾਠ ਕਰ ਧਿਆਨ ਕਰਤਾਰ ਪਹਿਲੇ। ਮਾਲਾ ਤਿਲਕ ਜੰਞੂ ਸਿਰ ਤੇ ਕੇਸ ਸਜਦੇ ਠਾਕਰ ਦੁਆਰੇ ਜਾ ਕਰਨ ਦੀਦਾਰ ਪਹਿਲੇ। ਕਿਰਤ ਜੋੜਿਆਂ ਦੀ ਗੰਡ ਤੁਪ ਕਰਕੇ ਬੈਠ ਜਾਂਵਦੇ ਨਿਤ ਬਜ਼ਾਰ ਪਹਿਲੇ। ਜੋਹੜਾ ਦੇਵੇ ਮਿਹਨਤ ਉਸ ਤੋਂ ਲੈ ਲੈਂਦੇ ਮੂਹੋਂ ਮੰਗਦੇ ਨਾ ਟਕੇ ਚਾਰ ਪਹਿਲੇ। ਸੁਬ੍ਹਾ ਸ਼ਾਮ ਜਾ ਕੇ ਗੰਗਾ ਘਾਟ ਉਤੇ ਨਿਰਾਕਾਰ ਦਾ ਕਰਨ ਪਰਚਾਰ ਪਹਿਲੇ। ਦੂਰੋਂ ਨੇੜਿਓਂ ਸੀ ਖਬਰ ਆਣ ਹੋਈ ਲੋਕ ਆਣ ਕਰਦੇ ਨਮਸ਼ਕਾਰ ਪਹਿਲੇ। ਮਾਲਾ ਤਿਲਕ ਲਗਾ ਦੇਖ ਸੜਨ ਬ੍ਰਾਹਮਣ ਆਖਣ ਕਿਉਂ ਪੂਜਣ ਬਰਨ ਚਾਰ ਪਹਿਲੇ। ਅਸੀ ਵਡੇ ਪੰਡਿਤ ਪੂਜਲੋਕ ਹਾਂ ਜੀ ਲੋਕੀ ਪੂਜਦੇ ਜਾਤ ਚੁਮਾਰ ਪਹਿਲੇ। ਗਾਜ਼ੀ ਪੁਰੋਂ ਸੰਗ ਭਾਰਾ ਬਹੁਤ ਆਇਆ ਕੁੰਭ ਗੰਗਾ ਤੇ ਕਰਨ ਦੀਦਾਰ ਪਹਿਲੇ। ਬੈਠੇ ਬਾਬਾ ਜੀ ਆਪਣੀ ਹਟ ਉਤੇ ਸੰਗ ਆਗਿਆ ਵਿਚ ਬਜ਼ਾਰ ਪਹਿਲੇ। ਗੰਗਾ ਰਾਮ ਪੰਡਿਤ ਓਹਨਾਂ ਵਿਚ ਹੈਸੀ ਤੋਪੇ ਜੁਤੀ ਲਵਾਏ ਸੀ ਚਾਰ ਪਹਿਲੇ। ਭਗਤ ਗੰਡ ਦਿਤਾ ਜੋੜਾ ਪ੍ਰੇਮ ਅੰਦਰ ਪੰਡਤ ਸੋਚਦਾ ਦਿਲ ਵਿਚਾਰ ਪਹਿਲੇ।

ਗੰਗਾ ਰਾਮ ਨੇ ਭਗਤ ਰਵਿਦਾਸ ਜੀ ਨੂੰ ਜੁਤੀ ਗੰਡਾਈ ਦੀ ਇਕ ਦਮੜੀ ਦੇਣੀ

ਗੰਗਾ ਰਾਮ ਨੇ ਪਲਿਓਂ ਖੋਲਕੇ ਤੇ ਦਿਤੀ ਭਗਤ ਦੇ ਤਾਈਂ ਫੜਾਇ ਦਮੜੀ। ਬਾਬਾ ਹਸ ਕੇ ਆਖੇ ਸੁਣ ਪੰਡਤਾ ਬਈ ਦਈਏ ਗੰਗਾ ਦੀ ਭੇਟਾ ਚੜ੍ਹਾਇ ਦਮੜੀ। ਕਹੀਂ ਬੋਲ ਉਚੀ ਗੰਗਾ ਮਾਤ ਤਾਈਂ ਪਾਣੀ ਵਿਚ ਨਾ ਸਿਟੀਂ ਵਗਾਇ ਦਮੜੀ। ਦਿਤੀ ਭਗਤ ਰਵਿਦਾਸ ਨੇ ਇਕ ਦਮੜੀ ਗੰਗਾ ਲਵੀਂ ਤੂੰ ਹਥ ਉਠਾਇ ਦਮੜੀ। ਜੇਕਰ ਹਥ ਕਢਕੇ ਗੰਗਾ ਮਾਤ ਲਵੇ ਦੇਵੀਂ ਗੰਗਾ ਨੂੰ ਇਹ ਫੜਾਇ ਦਮੜੀ। ਕੁੰਭ ਵੇਲੇ ਇਸ਼ਨਾਨ ਦੇ ਜਾ ਕਰ ਕੇ ਗੰਗਾ ਮਾਤ ਦੀ ਭੇਟਾ

Sri Satguru Jagjit Singh Ji Elibrary NamdhariElibrary@gmail.com

ਪੁਚਾ ਦੇਵੀਂ । ਕਾਲਾ ਸਿੰਘ ਮੈਂ ਤੈਨੂੰ ਦਸ ਦਿਤਾ ਪਾਣੀ ਵਿਚ ਨਾ ਦਮੜੀ ਸਿਟਾ ਦੇਵੀਂ ।

ਗੰਗਾ ਰਾਮ

ਦਮੜੀ ਲੈਕੇ ਪੰਡਤ ਤੁਰ ਪਿਆ ਸੀ ਦਿਲ ਆਪਣੇ ਸੋਚ ਸੁਚਾ ਰਿਹਾ ਸੀ। ਗਲ ਸੁਣੀ ਜੋ ਭਗਤ ਰਵਿਦਾਸ ਤੋਂ ਸੀ ਵਖ ਬੰਨ ਦਮਵੀ ਰਾਹੇ ਜਾ ਰਿਹਾ ਸੀ । ਨਾਲੇ ਭਗਤ ਦੇ ਹੁਕਮ ਨੂੰ ਯਾਦ ਕਰਦਾ ਨਾਲੇ ਮਨ ਨੂੰ ਕਹਿ ਸਮਝਾ ਰਿਰਾ ਸੀ। ਇਕ ਦਮੜੀ ਚਮਾਰ ਦੀ ਹਥ ਕਢ ਕੇ ਗੰਗਾ ਲਵੇ ਕਿਵੇਂ ਗੀਤ ਗਾ ਰਿਹਾ ਸੀ । ਮੰਜ਼ਲਾਂ ਲੰਘ ਕਈ ਹਰਦੁਆਰ ਪੁਜਾ ਸੰਗ ਜਾ ਡੇਰਾ ਕੰਢੇ ਲਾਇਆ ਜੀ। ਗੰਗਾ ਕੁੰਭ ਤੇ ਪੁਰਬ ਦੇ ਆਣ ਵੇਲੇ ਕਾਲਾ ਸਿੰਘ ਜਾਕੇ ਦਰਸ ਪਾਇਆ ਜੀ।

ਹਰਦੁਆਰ ਦਾ ਕੁੰਭ

ਹਰਦੁਆਰ ਤੇ ਕੁੰਭ ਇਸ਼ਨਾਨ ਵੇਲੇ ਜੁੜਿਆ ਆਦਮੀ ਕਈ ਹਜ਼ਾਰ ਓਥੇ। ਭਾਰਤ ਵਰਸ਼ ਵਿਚੋਂ ਹਿੰਦੂ ਚਲ ਆਏ ਬਾਲ, ਬਿਰਧ, ਜਵਾਨਾਂ, ਨਰ ਨਾਰ ਓਥੇ। ਸਿਧ, ਸਾਧ, ਮੁਨੀ, ਰਾਜੇ, ਕਰਮ ਚਾਰੀ, ਬ੍ਰਹਮਚਾਰੀ ਸੀ ਅਨੇਕ ਪ੍ਰਕਾਰ ਓਥੇ । ਦਸ ਨਾਮ ਤੇ ਭੇਖ ਸੰਨਿਆਸੀਆਂ ਦੇ ਬੈਰਾਗੀ, ਵੈਸ਼ਨੋ, ਮਤ ਉਪਾਰ ਓਥੇ। ਕਈ ਭੂਤ ਅਵਧੂਤ ਬਿਰੱਕਤ ਮੁਨੀ ਕਈ ਦਾਨੀ ਆਏ ਸ਼ਾਹੂਕਾਰ ਓਥੇ। ਕਿਤੇ ਮਾਲ ਪੂੜੇ, ਲੱਡੂ, ਘਿਓਰ ਮਿਲਦੇ ਦਾਨਾਂ ਵਾਲਿਆਂ ਖੋਲ੍ਹੇ ਭੰਡਾਰ ਓਥੇ। ਕਈ ਲੈਣ ਵਾਲੇ ਕਈ ਦੇਣ ਵਾਲੇ ਕਈ ਜੰਨਤਾ ਦੇ ਅਨੇਕ ਪ੍ਰਕਾਰ ਓਥੇ। ਕਈ ਸੰਤ ਮਹੰਤ ਇਕੰਤ ਵਾਸੀ ਦਰਸ਼ਨ ਆਣ ਕਰਦੇ ਗੰਗ ਧਾਰ ਓਥੇ ।ਨੌਣ ਪਿਛੇ ਲੜ ਲੜ ਮਰ ਮਰ ਹੋਏ ਫੱਟੜ ਕਹਿੰਦੇ ਅਸਾਂ ਨ੍ਹੌਣਾਂ ਪਹਿਲੀ ਵਾਰ ਓਥੇ। ਲਾਠੀ ਚਲਦੀ ਭੇਖ ਸੰਨਿਆਸੀਆਂ ਦੀ ਬੈਰਾਗੀ ਮਤ ਦਾ ਸੀ ਹਾ ਹਾ ਕਾਰ ਓਥੇ। ਲਗਾ ਪੁਰਬ ਵਿਸਾਖੀ ਆਣ ਜਿਸ ਦਿਨ ਨ੍ਹਾ ਕੇ ਦਾਨ ਕਰਦੇ ਬੇਸ਼ੁਮਾਰ ਓਥੇ। ਰਤਨ,

Sri Satguru Jagjit Singh Ji Elibrary NamdhariElibrary@gmail.com

ਮੋਤੀ, ਹੀਰੇ, ਸਵਰਨ, ਚਾਂਦੀਆਂ ਦੇ ਗੰਗਾ ਵਿਚ ਸਿਟਣ ਪਾਣੀ ਧਾਰ ਓਥੇ। ਗੰਗਾ ਰਾਮ ਨੇ ਖੋਲ੍ਹਕੇ ਇਕ ਦਮੜੀ ਕਰੇ ਬੇਨਤੀ ਜਾ ਹਰੀ ਦੁਆਰ ਓਥੇ। ਗੰਗਾ ਹੱਥ ਨਾ ਕੱਢਿਆ ਦਾਨ ਦੇ ਲਈ ਪੰਡਤ ਦਿਲ ਵਿਚ ਰਿਹਾ ਵਿਚਾਰ ਓਥੇ। ਗੰਗਾ ਦਮੜੀ ਚਮਾਰ ਦੀ ਸਿਟ ਦੇਵਾਂ ਗੰਗਾ ਲਊ ਕਿਉਂ ਹੱਥ ਪਸਾਰ ਓਥੇ। ਆਖਰ ਕਰ ਇਸ਼ਨਾਨ ਤੇ ਹਥ ਜੋੜੇ ਗੰਗਾ ਮਾਤਾ ਜੀ ਕਰੋ ਦਿਦਾਰ ਦਮੜੀ। ਕਾਲਾ ਸਿੰਘ ਰਵਿਦਾਸ ਦੀ ਇਕ ਦਮੜੀ ਗੰਗਾ ਮਾਤਾ ਲੈ ਹਥ ਪਸਾਰ ਦਮੜੀ।

### ਗੰਗਾ ਜੀ ਵਲੋਂ ਕੰਗਨ ਦੇਣਾ

ਹੱਥ ਕੱਢਿਆ ਗੰਗਾ ਨੇ ਓਸ ਵੇਲੇ ਦਾਨ ਦਮੜੀ ਦਾ ਪੰਡੇ ਫੜਾ ਦਿਤਾ। ਗੰਗਾ ਭਗਤ ਰਵਿਦਾਸ ਦੇ ਨਾਮ ਉਤੇ ਕੰਗਨ ਸੋਨੇ ਦਾ ਭੇਟ ਝੜਾ ਦਿਤਾ। ਛਲ ਪਾਣੀ ਦੀ ਨੇ ਐਸਾ ਜ਼ੋਰ ਪਾਇਆ ਧੋਤੀ ਗੜਵੀ ਦੇ ਤਾਈਂ ਰੁੜਾ ਦਿਤਾ। ਬ੍ਰਾਹਮਣ ਦੇਖ ਦਰਸ਼ਨ ਕੜਾ ਬੰਨ੍ਹ ਪੱਲੇ ਲੁਕਾ ਲਿਆ ਜੋ ਗੰਗਾ ਕੜਾ ਦਿਤਾ। ਹੋਇਆ ਵਖਰਾ ਆਪਣੇ ਸਾਥੀਆਂ ਤੋਂ ਗਾਜ਼ੀ ਪੁਰ ਆਕੇ ਮੌਜਾਂ ਮਾਣਦਾ ਸੀ। ਲਾਲਚ ਕਰਿਆ ਸੀ ਕਾਲਾ ਸਿੰਘ ਓਥੇ ਕਾਹਨੂੰ ਸ੍ਰੀ ਰਵਿਦਾਸ ਨੂੰ ਜਾਣਦਾ ਸੀ।

### ਗੰਗਾ ਰਾਮ ਨੇ ਪਕੜਿਆ ਜਾਣਾ

ਨੌ ਬਰਸ ਪਿਛੋਂ ਦੇਵਨੇਤ ਐਸੀ ਕਾਲ ਪੈ ਗਿਆ ਭਾਰਾ ਸੰਸਾਰ ਅੰਦਰ। ਬਾਰਸ਼ ਨਾ ਹੋਈ ਗਈ ਸੀ ਸੁਕ ਪੈਲੀ ਝੂੰਡੀ ਹਰੀ ਖਾ ਗਈ ਕਤਾਰ ਅੰਦਰ। ਲੋਕਾਂ ਚੀਜ਼ਾਂ ਵਸਤੂ ਜੋ ਵੇਚ ਖਾਧੇ ਹੋਏ ਭੁਖ ਸੇ ਬੜੇ ਲਚਾਰ ਅੰਦਰ। ਔਰਤ ਕਹੇ ਪਤੀ ਜੀ ਅਰਜ਼ ਸੁਣਨੀ ਕੜਾ ਸੋਨੇ ਦਾ ਪਿਆ ਭੰਡਾਰ ਅੰਦਰ। ਏਹਨੂੰ ਵੇਚਕੇ ਕਾਲ ਟਪਾ ਲਵੋ ਅਸੀ ਭੁਖ ਨੇ ਕਰੇ ਲਚਾਰ ਅੰਦਰ। ਸੁਣਕੇ ਗਲ ਇਹੋ ਪੰਡਤ ਲੈ ਕੰਗਨ ਗਿਆ ਚਲ ਸਰਾਫ ਬਜ਼ਾਰ ਅੰਦਰ। ਹੈ ਸੀ ਕੀਮਤ ਲਖ ਦੀ ਕੜੇ ਵਾਲੀ ਹੀਰੇ ਜੜੇ ਸੀਗੇ ਮੀਨਾ ਕਾਰ ਅੰਦਰ। ਕੰਗਨ ਬ੍ਰਾਹਮਣ

Sri Satguru Jagjit Singh Ji Elibrary NamdhariElibrary@gmail.com

ਦੇ ਕਿਵੇਂ ਹੈ ਹਥ ਆਇਆ ਸਰਾਫ ਕਰਦੇ ਮਨ ਵਿਚਾਰ ਅੰਦਰ। ਓਸੇ ਵੇਲੇ ਹੀ ਸਰਾਫ ਬਜ਼ਾਰ ਵਿਚੋਂ ਪੁਲਸ ਪਕੜ ਲੈ ਗਈ ਕਿਲ੍ਹੇ ਲਾਲ ਪਿਆਰੇ। ਪਕੜਿਆ ਚੋਰ ਇਥੋਂ ਕਾਲਾ ਸਿੰਘ ਜੀ ਨੇ ਬ੍ਰਾਹਮਣ ਡਾਕੂ ਨੇ ਕਰਨ ਖਿਆਲ ਸਾਰੇ।

ਬ੍ਰਾਹਮਣ ਨੂੰ ਰਾਜੇ ਪਾਸ ਲੈ ਜਾਣਾ

ਹਥ ਕੜੀ ਲਾਕੇ ਮੁਸ਼ਕਾਂ ਬੰਨ ਕਰਕੇ ਕੀਤਾ ਪੁਲਸ ਨੇ ਪਹਿਲੇ ਖੁਆਰ ਮਿਸਰ। ਕੰਗਨ ਦੇਖ ਰਾਜਾ ਪੁਛੇ ਦਸ ਗੰਗੂ ਲਾਇਆ ਪਾੜ ਤੋਂ ਕਿਸ ਬਜ਼ਾਰ ਮਿਸਰ। ਹੀਰੇ ਜੜੇ ਮੋਤੀ ਮੀਨਾ ਕਾਰ ਚੰਗੀ ਕੜਾ ਲਿਆ ਕਿਥੋਂ ਤੂੰ ਉਚਾਰ ਮਿਸਰ। ਪੂਰੀ ਸਜਾ ਮਿਲੇ ਹੁਣ ਤੁਧ ਤਾਈਂ ਕੁਟ ਕੁਟ ਦੇਣਾ ਤੈਨੂੰ ਮਾਰ ਮਿਸਰ। ਸਣੇ ਔਰਤ ਪੁਤ੍ਰ ਪ੍ਰਵਾਰ ਪਕੜੇ ਪਕੜੇ ਸਭ ਆਏ ਘਰ ਬਾਰ ਮਿਸਰ। ਸਚ ਦਸੇਂ ਤੇਰਾ ਖੈਹੜਾ ਛੁਟ ਜਾਂਵੇ ਨਾਲ ਚੋਰਾਂ ਦੇ ਤੇਰੀ ਪ੍ਰੀਤ ਹੈ ਓਏ। ਘਰ ਪੰਡਤਾਂ ਦੇ ਤੂੰ ਜਨਮਿਆਂ ਏਂ ਬੁਰੀ ਬ੍ਰਾਹਮਣਾਂ ਦੀ ਦੇਖੀ ਨੀਤ ਹੈ ਓਇ।

ਬਿਆਨ ਰੰਗਾ ਰਾਮ

ਗਾਜੀ ਪੁਰ ਅੰਦਰ ਮੈਂ ਰਹਿਣ ਵਾਲਾ ਬ੍ਰਾਹਮਣ ਜਾਤ ਤੇ ਲਿਖੋ ਬਿਆਨ ਰਾਜਾ। ਸੰਮਤ ਚੌਦਾਂ ਸੈ ਬਾਹਨਵੇਂ ਕੁੰਭ ਉਤੇ ਗਿਆ ਗੰਗਾ ਤੇ ਕਰਨ ਇਸ਼ਨਾਨ ਰਾਜਾ ਕਾਂਸ਼ੀ ਸ਼ੈਹਰ ਅੰਦਰ ਜੁਤੀ ਟੁਟ ਗਈ ਸੀ ਮੈਂ ਗੰਢਾਈ ਸੀ ਨਾਲ ਈਮਾਨ ਰਾਜਾ। ਇਕੋ ਦਮੜੀ ਮੈਂ ਦਿਤੀ ਰਵਿਦਾਸ ਤਾਈਂ ਰਵਿਦਾਸ ਆਖਦਾ ਨਾਲ ਧਿਆਨ ਰਾਜਾ। ਏਹ ਭੇਟਾ ਮੇਰੀ ਗੰਗਾ ਮਾਤ ਤਾਈਂ ਦੇਵੀਂ ਗੰਗਾ ਨੂੰ ਕਹਿੰਦਾ ਉਚਾਰ ਦਮੜੀ। ਹਥ ਕੰਢੇ ਗੰਗਾ ਮਾਤ ਆਣ ਫੜ ਲਈ ਭੇਟ ਦਿਤੀ ਰਵਿਦਾਸ ਚਮਾਰ ਦਮੜੀ। ਹਰਿਦੁਆਰ ਉਤੇ ਕੁੰਭ ਨ੍ਹੌਣ ਵੇਲੇ ਮੈਂ ਆਖਿਆ ਇਵੇਂ ਪੁਕਾਰ ਦਮੜੀ। ਉਸ ਵੇਲੇ ਮੇਰੇ ਹਥ ਤੋਂ ਜੀ ਗੰਗਾ ਮਾਈ ਲੈ ਲਈ ਹਰਿਦੁਆਰ ਦਮੜੀ ਉਸ ਕੰਗਨ ਦਿਤਾ ਮੈਨੂੰ ਲਾਹ ਰਥੋਂ ਮੈਂ ਲੈ ਕੰਗਨ ਓਥੋਂ ਨਸਿਆ ਸੀ ਕਾਲਾ ਸਿੰਘ ਬੀਤੇ ਨੌਂ ਸਾਲ

Sri Satguru Jagjit Singh Ji Elibrary NamdhariElibrary@gmail.com

ਰਾਜਾ ਅਜ ਤਕ ਨਾ ਕਿਸੇ ਨੂੰ ਦਸਿਆ ਸੀ।

ਰਾਜੇ ਨੇ ਮਹਿਲੀਂ ਆਉਣਾ

ਕਿਲ੍ਹੇ ਬੰਦ ਅੰਦਰ ਬ੍ਰਾਹਮਣ ਤੁਰਤ ਕੀਤਾ ਰਾਜਾ ਮੈਹਲ ਅੰਦਰ ਚਲ ਆਇਓ ਜੀ। ਰਾਣੀ ਦੇਖਕੇ ਕੰਗਨ ਨਿਹਾਲ ਹੋਈ ਏਸ ਨਾਲ ਦਾ ਹੋਰ ਮੰਗਾਇਓ ਜੀ। ਮੇਰੀ ਉਮਰ ਅੰਦਰ ਐਸਾ ਖਾਸ ਸੁੰਦਰ ਤੁਸੀ ਕਦੇ ਨਾ ਕੰਗਨ ਬਨਾਇਓ ਜੀ। ਜੇਕਰ ਦਿਓ ਕੰਗਨ ਮੈਂ ਰਹਾਂ ਜਿਊਂਦੀ ਨਹੀਂ ਮੁਝ ਨੂੰ ਨਾ ਬੁਲਾਇਓ ਜੀ।

ਤਥਾ

ਉਸ ਵੇਲੇ ਰਾਣਾ ਪ੍ਰਤਾਪ ਚੰਦ੍ ਨਾਗਰ ਮਲ ਨੂੰ ਲਿਖੇ ਸੁਮਾਰ ਰਾਜਾ। ਤੇਰੇ ਸ਼ੈਹਰ ਅੰਦਰ ਵਡਾ ਚੋਰ ਡਾਕੂ ਨਾਮ ਭਗਤ ਰਵਿਦਾਸ ਚੁਮਾਰ ਰਾਜਾ। ਚੋਰੀ ਓਸ ਤੋਂ ਅਸਾਂ ਸਬੂਤ ਕਰਨੀ ਘਲੋ ਓਸ ਨੂੰ ਕਰ ਤਿਆਰ ਰਾਜਾ। ਕਾਲਾ ਸਿੰਘ ਰਾਜਾ ਨਾਗਰ ਮਲ ਦੇਖੋ ਸ੍ਰੀ ਭਗਤ ਨੂੰ ਕਰੇ ਤਿਆਰ ਰਾਜਾ।

ਰਾਜੇ ਨਾਗਰ ਮਲ ਨੇ ਭਗਤ ਜੀ ਨੂੰ ਤੋਰਨਾ

ਰਾਜੇ ਸਦਿਆ ਆਪਣੇ ਮੈਹਲ ਅੰਦਰ ਅਦਬ ਨਾਲ ਆਖੇ ਦੀਨ ਦਿਆਲ ਭਗਤਾ। ਰਾਣੇ ਚੰਦ ਪ੍ਰਤਾਪ ਨੇ ਸਦਿਆ ਏ ਗਾਜੀ ਪੁਰ ਜਾਵੋ ਤਤਕਾਲ ਭਗਤਾ। ਕਿਸੇ ਕੰਮ ਅੰਦਰ ਤੁਹਾਨੂੰ ਯਾਦ ਕਰਦਾ ਜਾਕੇ ਓਹਨੂੰ ਭੀ ਕਰੀਂ ਨਿਹਾਲ ਭਗਤਾ। ਛੇਤੀ ਮੁੜ ਤੁਸਾਂ ਕਾਂਸ਼ੀ ਪੁਰੀ ਆਉਣਾ ਕਰੋ ਧਰਮ ਪ੍ਰਚਾਰ ਅਕਾਲ ਭਗਤਾ।

ਸ੍ਰੀ ਰਵਿਦਾਸ ਜੀ ਦੇ ਤਿਆਰੀ

ਸ੍ਰੀ ਭਗਤ ਜੀ ਝੱਟ ਤਿਆਰ ਹੋਏ ਕੁਝ ਸਿਖ ਸੇਵਕ ਬਾਬੇ ਨਾਲ ਹੈ ਸੀ। ਚੌਂਕੀ ਠਾਕਰਾਂ ਦੀ ਚੰਨਣ ਸਣੇ ਉਰਸਾ ਸੰਖ ਪਾਸ ਆਸਣ ਦੀਨ ਦਿਆਲ ਹੈ ਸੀ। ਪਥਰੀ ਰੰਬੀ ਆਰਾਂ ਸੂਤਰ ਨਾਲ ਲੇ ਲਏ ਕਿਰਤ ਕਰ ਸੱਕਣਾ ਅੰਨ ਪਾਲ ਹੈ ਸੀ। ਜਿਸ ਰਸਤੇ ਭਗਤ ਜੀ ਜਾਵੰਦੇ ਨੇ ਚਰਨੀ ਪੈਣ ਆਕੇ ਬੁਢੇ ਬਾਲ ਹੈ ਸੀ। ਗਾਜੀ ਪੁਰ ਅੰਦਰ

Sri Satguru Jagjit Singh Ji Elibrary NamdhariElibrary@gmail.com

ਭਗਤ ਚਰਨ ਪਾਏ ਸੰਖ ਧੁਨੀ ਵਜੇ ਘੜਿਆਲ ਹੈ ਸੀ। ਬਾਰਸ਼ ਆਣ ਕੀਤੀ ਇੰਦ੍ਰ ਦੇਵਤੇ ਨੇ ਰਾਜੇ ਪਾਸ ਸਾਧੂ ਕਿਲੇ ਲਾਲ ਆਏ। ਕਾਲਾ ਸਿੰਘ ਧੰਨ ਧੰਨ ਲੋਕ ਆਖਣ ਕਹਿਣ ਭਗਤ ਜੀ ਦੀਨ ਦਿਆਲ ਆਏ।

### ਭਗਤ ਨੇ ਕਿਲ੍ਹੇ ਪਾਸ ਦੁਕਾਨ ਕਰਨੀ

ਬਾਬੇ ਜਗ੍ਹਾ ਉੱਚੀ ਇਕ ਦੇਖ ਕੇ ਤੇ ਕਿਰਤ ਕਰਨ ਦੀ ਖੋਲ੍ਹ ਦੁਕਾਨ ਦੇਖੋ। ਨਿੱਤਨੇਮ ਤੇ ਧਰਮ ਪ੍ਰਚਾਰ ਕਰਦੇ ਹਿੰਦੂ ਦਰਸ਼ਨ ਕਰਦੇ ਮੁਸਲਮਾਨ ਦੇਖੋ। ਸੱਤ ਧਰਮ ਤੇ ਸ਼ੁਭ ਉਪਦੇਸ਼ ਦੇਂਦੇ ਨਾਮ ਦਾਨ ਉਪਦੇਸ਼ ਅਸ਼ਨਾਨ ਦੇਖੋ। ਰਾਜਾ ਚੱਲ ਆਪੇ ਅਹਿਲਕਾਰ ਆਏ ਦਰਸ਼ਨ ਕਰਕੇ ਹੋਏ ਹੈਰਾਨ ਦੇਖੋ।

### ਭਗਤ ਜੀ ਦਾ ਰਾਜੇ ਤੇ ਪਰਜਾ ਨੂੰ ਉਪਦੇਸ਼

(ਭਾਈ ਗੁਰਦਾਸ ਜੀ ਦੀ ਵਾਰ ੧੦ ਪਉੜੀ)

ਭਗਤ ਭਗਤ ਜਗ ਵਜਿਆ ਚਹੁੰ ਚਕਾਂ ਵਿਚ ਚੰਮਰੇਟਾ॥
ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੋਰ ਸੁਮੇਟਾ॥
ਜਿਉ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ॥
ਚਹੁੰ ਬਰਨਾ ਉਪਦੇਸ਼ਦਾ ਗਿਆਨ ਧਿਆਨ ਕਰ ਭਗਤਸਹੇਟਾ॥
ਨਾਵਨ ਆਇਆ ਸੰਗ ਮਿਲ ਬਾਨਾਰਸ ਕਰ ਗੰਗਾ ਥੇਟਾ॥
ਕਢ ਕਸੀਰਾ ਸੌਂਪਿਆ ਰਵਿਦਾਸੇ ਗੰਗਾ ਦੀ ਭੇਟਾ॥
ਲਗਾ ਪੁਰਬ ਆਭੀਚਦਾ ਡਿਠਾ ਚਲਿਤ ਅਚਰਜ ਅਮੇਟਾ॥
ਲਿਆ ਕਸੀਰਾ ਹਥ ਕਢ ਸੂਤ ਇਕ ਜਿਉ ਤਾਣਾ ਪੇਟਾ॥
ਭਗਤ ਜਨਾਂ ਹਰਿ ਮਾਂ ਪਿਓ ਬੇਟਾ॥ ੧੭॥

### ਰਾਜਾ

ਪੁਛੇ ਨਾਲ ਅਧੀਨਗੀ ਭਗਤ ਜੀ ਨੂੰ ਕਿਵੇਂ ਤੁਸਾਂ ਏਹ ਕੰਗਨ ਚੁਰਾਇਆ ਜੀ। ਛੋਟੀ ਜਾਤ ਚੁਮਾਰਾਂ ਤੇ ਵਡੇ ਬ੍ਰਾਹਮਣ ਮਿਲਕੇ ਕਿਸ ਤਰ੍ਹਾਂ ਪਾੜ ਲੁਗਾਇਆ ਜੀ। ਏਹਦੀ ਕੀਮਤ ਦੇਖਕੇ ਸ਼ੱਕ ਪੈਂਦਾ ਕਿਸੇ ਰਾਜੇ ਤੋਂ ਕੜਾ ਉਡਾਇਆ ਜੀ। ਸਚ ਦਸੋ ਦੂਜਾ ਕੜਾ ਦਿਓ

Sri Satguru Jagjit Singh Ji Elibrary NamdhariElibrary@gmail.com

ਜਲਦੀ ਵੰਡ ਤੁਸਾਂ ਹਿਸੇ ਜੋ ਆਇਆ ਜੀ। ਹਥ ਤੁਸਾਂ ਦੇ ਕੀਮਤੀ ਚੋਜ਼ ਆਈ ਹੀਰੇ ਜੜ੍ਹਤ ਸੋਨੇ ਪੰਨੇ ਲੁਟ ਦੀ ਹੈ। ਕਾਲਾ ਸਿੰਘ ਜੀ ਮੈਂ ਤੁਹਾਨੂੰ ਸਚ ਆਖਾਂ ਕੜੇ ਦਿਤੇ ਬਿਨ ਜਾਨ ਨਾ ਛੁਟਦੀ ਹੈ।

ਸ੍ਰੀ ਰਵਿਦਾਸ ਜੀ

ਗੰਗਾ ਮਾਤਾ ਨੇ ਕੜਾ ਹੈ ਆਪ ਦਿਤਾ ਅਦਲ ਕਰ ਜੇ ਗੰਗਾ ਦਰ ਆਓ ਰਾਜਾ। ਸਚਾ ਅਦਲ ਕਰਨਾ ਓਹਨੇ ਹੁਣੇ ਭਾਈ ਅਧੀ ਘੜੀ ਦੋ ਵਿਚ ਪਤਿਆਓ ਰਾਜਾ। ਗੰਗਾ ਰਾਮ ਦੀ ਬੇੜੀਆਂ ਖੋਲ੍ਹ ਦੇਵੋ ਮੇਰੇ ਪਾਸ ਦੁਕਾਨ ਲਿਆਓ ਰਾਜਾ। ਚਾਰ ਬਰਨ ਸਾਰੇ ਲੋਕ ਆਏ ਦੇਖਣ ਗੰਗਾ ਆਪੇ ਹੀ ਕਰੇ ਨਿਆਓ ਰਾਜਾ। ਗੰਗਾ ਚਲ ਕੇ ਤੇ ਕਿਲ੍ਹੇ ਲਾਲ ਆਵੇ ਖੜੇ ਸਭ ਦੇਖਣ ਹਿੰਦੁਸਤਾਨ ਵਾਲੇ। ਕਾਲਾ ਸਿੰਘ ਰਵਿਦਾਸ ਜੀ ਕਹਿਣ ਹੱਸ ਕੇ ਚੋਜ ਦੇਖ ਲਿਓ ਸ੍ਰੀ ਭਗਵਾਨ ਵਾਲੇ।

ਪੱਥਰੀ ਹੇਠੋਂ ਗੰਗਾ ਜੀ ਦਾ ਪ੍ਰਗਟ ਹੋਣਾ

ਬਾਬੇ ਆਪਣੇ ਉਪਰੋਂ ਲਾ ਆਸਣ ਪੱਥਰੀ ਆਪਣੀ ਦੇ ਉਪਰ ਪਾਂਵਦਾ ਹੈ। ਹੱਥ ਜੋੜ ਕੇ ਬੇਨਤੀ ਕਰੇ ਪਹਿਲੇ ਗੰਗਾ ਮਾਤ ਵਿਚ ਸੁਰਤ ਲਗਾਂਵਦਾ ਹੈ। ਸਰਬ ਤੀਰਥਾਂ ਤੇ ਮਾਤ ਤੂੰ ਵਡੀ ਵਡਾ ਮਰਤਬਾ ਜੱਗ ਅਲਾਂਵਦਾ ਹੈ। ਸ੍ਰੀ ਮਾਤਾ ਜੀ ਅਦਲ ਹੈ ਆਪ ਕਰਨਾ ਰਾਜਾਂ ਸਚ ਪੁਛਣਾ ਹੁਣੇ ਚਾਂਵਦਾ ਹੈ। ਜਿਵੇਂ ਕੜਾ ਦਿਤਾ ਗੰਗਾ ਰਾਮ ਤਾਈਂ ਰਾਜਾ ਖੜਾ ਤਿਉਂ ਕੜਾ ਮੰਗਾਂਵਦਾ ਹੈ। ਹੈ ਕੜਾ ਏ ਪ੍ਰਾਨ ਉਧਾਰ ਸਾਡਾ ਭਗਤ ਬੇਨਤੀ ਚਾ ਸੁਨਾਂਵਦਾ ਹੈ। ਜਲ ਥਲ ਅੰਦਰ ਰਖਣ ਹਾਰ ਪ੍ਰਭੂ ਜੀਅ ਜੰਤਾਂ ਦੀ ਖਬਰ ਹੈ ਸਾਰ ਵਾਲਾ। ਜਲ ਵੈਹਣ ਦਾ ਕਿਲ੍ਹੇ ਦੇ ਵਲ ਹੋਇਆ ਚਸ਼ਮਾਂ ਪ੍ਰਗਟਿਆ ਗੰਗਾ ਦੀ ਧਾਰ ਵਾਲਾ।

ਗੰਗਾ ਜੀ

ਬਾਬੇ ਚੁਕ ਆਸਣ ਪਥਰੀ ਪਰੇ ਕੀਤੀ ਪਾਣੀ ਚਲਿਆ ਗੰਗਾ ਦੀ ਧਾਰ ਵਿਚੋਂ। ਲੈਹਰਾਂ ਆਉਂਦੀਆਂ ਦੇਖਦੀ ਸਭ ਦੁਨੀਆਂ ਐਸਾ

Sri Satguru Jagjit Singh Ji Elibrary NamdhariElibrary@gmail.com

ਪ੍ਰਗਟਿਆ ਸੀ ਚਮਤਕਾਰ ਵਿਚੋਂ। ਕਿਤੇ ਚਾਂਦੀ ਹੀਰੇ ਮੋਤੀ ਆਣ ਚਮਕੇ ਰੁੜੇ ਜਾਣ ਕਈ ਪ੍ਰਬਤ ਗਾਰ ਵਿਚੋਂ। ਖੜਕਾ ਸੁਣਕੇ ਡਰਿਆ ਰਣਵਾਸ ਸਾਰਾ ਛਡ ਆਏ ਨੇ ਲੋਕ ਬਜਾਰ ਵਿਚੋਂ। ਪਥਰੀ ਹੇਠ ਆ ਗੰਗਾ ਦੀ ਲਹਿਰ ਦਿਸਦੀ ਕਈ ਕਰਨ ਲਗੇ ਨਿਮਸ਼ਕਾਰ ਵਿਚੋਂ।

ਕੰਗਣ ਧੋਤੀ ਛੋਟੀ ਦੇਖ ਕੇ ਗੜਵੀ ਦੇਖਣੀ ਰਾਜੇ ਨੇ ਚਰਨ ਫੜਨੇ

ਇਕ ਲੈਹਰ ਅੰਦਰ ਕੰਗਣ ਆ ਛਣਕੇ ਭਗਤ ਚੁਕ ਕੇ ਕਿਹਾ ਸੁਣਾ ਕੰਗਣ। ਰਾਜਾ ਲਿਆਓ ਮਿਲਾ ਕੇ ਦੇਖ ਕੰਗਣ ਵਿਓ ਏਸੇ ਹੀ ਸਾਥ ਮਿਲਾ ਕੰਗਣ। ਕੰਗਣ ਮੇਲਿਆ ਸਾਰੇ ਨਿਹਾਲ ਹੋ ਗਏ ਕਹਿੰਦੇ ਧੰਨ ਰਵਿਦਾਸ ਤੇ ਆਹ ਕੰਗਨ। ਦੂਜੀ ਲੈਹਰ ਅੰਦਰ ਬਾਮਣ ਦੇਖਦਾ ਹੈ ਧੋਤੀ ਗੜਵੀ ਰੁੜੀਦੀ ਲੈਹਰ ਪਾ ਕੰਗਣ। ਬਾਮਣ ਕਹੈ ਧੋਤੀ ਮੇਰੀ ਏਹ ਗੜਵੀ ਭਗਤ ਕਹੈ ਚਕ ਲੈ ਛੇਤੀ ਜਾਹ ਕੰਗਣ। ਰਾਜੇ ਚਰਨ ਫੜ ਲਏ ਓਸੇ ਵਕਤ ਓਥੇ ਭੁਲ ਜੋੜਕੇ ਹਥ ਬਖਸ਼ਾਂਵਦੇ ਜੀ। ਕਾਲਾ ਸਿੰਘ ਮਹਿਲਾਂ ਅੰਦਰ ਲੈ ਜਾਂਦਾ ਮੁਕਤ ਭੁਗਤ ਲੈ ਸੇਵਾ ਕਰਾਂਵਦੇ ਜੀ*।

ਰਾਜੇ ਨੇ ਸੇਵਕ ਬਣਨਾ

ਕਈ ਤਰਾਂ ਦੀ ਸੇਵਾ ਨੂੰ ਕਰੇ ਰਾਜਾ ਰਾਣੇ ਬਣੇ ਆ ਕੇ ਸੇਵਾਦਾਰ ਸਾਰੇ। ਵਡੇ ਵਿਚ ਪਰਵਾਰ ਤੇ ਬਰਨ ਚਾਰੇ ਸਤਸੰਗ ਕਰਦੇ ਨਰ ਨਾਰ ਸਾਰੇ। ਬਾਬਾ ਵੈਸ਼ਨੋ ਮਤ ਪਰਚਾਰ ਕਰਦਾ ਹੋਏ ਵੈਸ਼ਨੋ ਰਾਜ ਦਰਬਾਰ ਸਾਰੇ। ਕਿਤੇ ਹਮਨ ਹੋਵੇ ਕਥਾ ਨਿਆਉਂ ਵਾਲੀ ਬਾਨੀ ਕੀਰਤੀ ਕਰਨ ਪ੍ਰਚਾਰ ਸਾਰੇ। ਨੀਚ ਜਾਤ ਨੂੰ ਉਚਿਆਂ ਕਰਨ ਵਾਲਾ ਬਾਬੇ ਤਾਈਂ ਪੂਜਣ ਬਰਨ ਚਾਰ ਸਾਰੇ। ਗੁਰੂ ਮੰਤਰ

---

੧ਗੰਗੋਤ੍ਰੀ ਤੇ ਗੰਗਾ ਦੀ ਸਮੁੰਦਰ ਤਕ ੧੫੬੦ ਮੀਲ ਦੀ ਲੰਮਾਈ ਹੈ। ਗੋਮਤੀ ੧। ਸਰਜੂ ੨। ਸੋਨ ਭਦਰਾਂ ੩। ਗੰਡਕਾ ਨਦੀ ੪। ਇਸ ਵਿਚ ਆ ਪੈਂਦੀਆਂ ਨੇ। ਗਾਜ਼ੀ ਪੁਰੇ ਜਿਥੇ ਪਥਰੀ ਹੇਠ ਗੰਗਾ ਵਗਦੀ ਹੈ। ਉਸ ਘਾਟ ਦਾ ਨਾਮ ਸਰਪੰਚ ਗੰਗਾ ਹੈ।

Sri Satguru Jagjit Singh Ji Elibrary NamdhariElibrary@gmail.com

ਦੇ ਸਭੇ ਨਿਹਾਲ ਕੀਤੇ ਸੁਧ ਅੰਮ੍ਰਿਤ ਪਾਨ ਕਰਾਇਆ ਜੀ। ਪੜਦੇ ਤੋੜਕੇ ਚੰਦ੍ਰ ਪ੍ਰਤਾਪ ਵਾਲੇ ਜਾਪ ਇਕ ਅਕਾਲ ਜਪਾਇਆ ਜੀ।

ਭਗਤ ਜੀ ਦਾ ਰਾਜਾ ਪਰਜਾ ਨੂੰ ਉਪਦੇਸ਼

ਬਾਬਾ ਆਖਦਾ ਦੁਨੀਆਂ ਤੇ ਜਿਊਣ ਕਾਹਦਾ ਜਾ ਕੇ ਕਰਿਆ ਜੇ ਨ ਸਾਧ ਦਾ ਸੰਗ ਹੈ ਜੀ। ਨਿਰਮਲ ਆਪਣਾ ਆਤਮਾ ਨਹੀਂ ਜਿਸਦਾ ਓਹਨੂੰ ਚੜ੍ਹਦਾ ਨਾ ਨਾਮ ਦਾ ਰੰਗ ਹੈ ਨੀ। ਕਾਮ, ਕਰੋਧ, ਲੋਭ ਪਹਿਲੇ ਵਸ ਕਰਨੇ ਮਿਥਿਆ ਚੀਜ ਨ ਮੰਗਣੀ ਮੰਗ ਹੈ ਨੀ। ਤਨ ਮਨ ਸਭ ਗੁਰੂ ਨੂੰ ਵਾਰ ਦੇਵੇ ਦੀਪਕ ਦੇਖ ਜਿਉਂ ਮਾਣ ਪਤੰਗ ਹੈ ਨੀ। ਜਨਮ ਮਰਨ ਚੁਰਾਸੀ ਦਾ ਮੁਕ ਜਾਂਦਾ ਜਮਾਂ ਵਾਲੀ ਫਾਸੀ ਪੈਣੀ ਅੰਗ ਹੈ ਨੀ। ਅਠੋ ਪੈਹਰ ਹੈ ਨਾਮ ਦਾ ਜਾਪ ਕਰਨਾ ਦਵੈਸ਼ੀ ਹੋਇਕੇ ਕਰਜਾ ਜੰਗ ਹੈ ਨੀ। ਨਦੀ ਵੈਹਣ ਦਰਿਆਓ ਵਡੇ ਨਾਲੇ ਜਿਵੇਂ ਗੰਗ ਮਿਲ ਕੇ ਸੰਗ ਗੰਗ ਹੋ ਗਏ। ਕਾਲਾ ਸਿੰਘ ਤਿਵੇਂ ਗੁਰੂ ਰੂਪ ਹੋ ਗਏ ਏਕਾ ਮਿਲੇ ਜਿਵੇਂ ਦੂਣੇ ਅੰਗ ਹੋ ਗਏ।

ਸੇਵਕਾ ਵਲੋਂ

ਕਈ ਦਿਨ ਸਤਸੰਗ ਏਹ ਰਿਹਾ ਹੁੰਦਾ ਭਗਤ ਨਾਮ ਦਾ ਤੋਰ ਭੰਡਾਰ ਦਿਤਾ। ਭਜਨ ਪੁਛ ਕੇ ਕਈ ਬਣੇ ਸੇਵਕ ਜਨਮ ਮਰਨ ਚੁਰਾਸੀਓਂ ਟਾਰ ਦਿਤਾ। ਕਿਰਤ ਆਪਣੀ ਕਰਦੇ ਬਜਾਰ ਅੰਦਰ ਸਤਿਨਾਮ ਦਾ ਕਰ ਪਰਚਾਰ ਦਿਤਾ। ਨਾਮ ਜਪਦੇ ਜਪਾਉਂਦੇ ਹੋਰਨਾਂ ਨੂੰ ਰਾਣੀ ਰਾਜ ਪਰਜਾ ਸਭੇ ਤਾਰ ਦਿਤਾ। ਇਕ ਦਿਨ ਦਰਬਾਰ ਸਤਸੰਗ ਅੰਦਰ ਸ਼ਬਦ ਨਾਲ ਪਰੇਮ ਸੁਨਾਉਣ ਲਗੇ। ਸੁਖ ਰਿਧੀਆਂ ਸਿਧੀਆਂ ਨਿਧੀਆਂ ਦੇ ਸੋਰਠ ਰਾਗ ਪੜ੍ਹਕੇ ਸਮਝਾਉਣ ਲਗੇ।

ਰਾਗ ਸੋਰਠ ਬਾਣੀ ਸ੍ਰੀ ਰਵਿਦਾਸ ਜੀ ਕੀ

ਸੁਖ ਸਾਗਰ ਸੁਰਿ ਤਰ ਚਿੰਤਾ ਮਨਿ ਕਾਮਧੇਨ ਬਸਿ ਜਾਕੇ ਰੇ॥ ਚਾਰਿ ਪਦਾਰਥ ਅਸਟ ਦਮਾ ਸਿਧ ਨਵ ਨਿਧ ਕਰਤਲ ਤਾ ਕੇ ॥ ੧ ॥ ਹਰਿ ਹਰਿ ਹਰਿ ਨ ਜਪਸ ਰਸਨਾ ॥ ਅਵਰ ਸਭ ਤਿਆਗ ਬਚਨ ਰਚਨਾ ॥ ੧ ॥ ਰਹਾਉ ॥ ਨਾਨਾ ਖਿਆਨ ਪੁਰਾਨ ਬੇਦ ਬਿਧ ਚਉਤੀਸ ਅਛਰ ਮਾਹੀ। ਬਿਆਸ ਬਿਚਾਰ ਕਹਿਓ ਪ੍ਰਮਾਰਥ ਰਾਮ ਨਾਮ ਸਰਿ ਨਾਹੀ ॥

॥ ੨ ॥ ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵਲਾਗੀ ॥ ਕਹਿ ਰਵਿਦਾਸ ਪ੍ਰਗਾਸ ਰਿਦੈ ਧਰ ਜਨਮ ਮਰਨ ਭੈ ਭਾਗੀ ॥ ੩ ॥ ੪ ੧੧ ॥

ਅਰਥ–ਕਬਿਤ ॥ ਸੁਣੋ ਭਾਈ ਰਾਜਾ ਅਤੇ ਪਰਜਾ ਧਿਆਨ ਧਰ ਕਰਾਮਾਤਾਂ ਰਿਧਾਂ ਸਿਧਾਂ ਮਨ ਮੈਂ ਵਿਚਾਰੀਏ। ਕਾਮਧੇਨ ਗਊ, ਕਲਪ ਬਿਰਛਾਂ ਸਮੇਤ ਭਾਵੇਂ ਪਦਾਰਥ ਨੇ ਚਾਰ ਤੇ ਅਠਾਰਾਂ ਸਿਧਾਂ ਧਾਰੀਏ। ਨੌ ਨਿਧਾਂ ਵਸ ਕਰੇ ਸਾਰੇ ਜੇ ਸੰਸਾਰ ਤਾਈਂ ਰਾਮ ਜਪੇ ਨਾਮ ਬਿਨਾ ਝੂਠੇ ਨੇ ਬਪਾਰੀਏ। ਝੂਠੇ ਨੇ ਜੇ ਸਾਰੇ ਸੁਖ ਦਿਸਦੇ ਹਵਾ ਦੇ ਵਾਂਗੂ ਨਾਮ ਜਪ ਵਾਰ ਵਾਰ ਜਨਮ ਸੁਧਾਰੀਏ।੧।

ਕਬਿਤ–ਰਾਮ ਜੀ ਦਾ ਨਾਮ ਜਪੇ ਹੋਵੇ ਕਲਿਆਨ ਭਾਈ ਵੇਦ ਤੇ ਪੁਰਾਨ ਪੜ ਵੇਲਾ ਨਾ ਵਿਸਾਰ ਤਾਂ। ਨਾਨਾ ਪ੍ਰਕਾਰ ਦੀਆਂ ਕਥਾਂ ਨੇ ਪੁਰਾਨਾ ਵਿਚ ਚਉਤੀ ਅੱਖਰਾਂ ਦੇ ਵਿਚ ਹੋਏ ਨੇ ਉਚਾਰਤਾਂ। ਬਿਆਸ ਜੀ ਨੇ ਲਿਖੇ ਪ੍ਰਮਾਰਥਾਂ ਦੇ ਢੰਗ ਕਈ ਰਾਮ ਨਾਮ ਜਾਪ ਵਡਾ ਲਿਖਿਆ ਅਕਾਰ ਤਾਂ। ਲਾਇਕੇ ਸਮਾਧੀਆਂ ਉਪਾਧੀਆਂ ਤੋਂ ਤੋਂ ਰਹਿਕੇ ਵਖ ਵਾਹਿਗੁਰੂ ਦੇ ਨਾਮ ਵਾਲੀ ਜੋੜ ਲਵੇ ਤਾਰ ਤਾਂ। ਹੋਵੇ ਪ੍ਰਕਾਸ਼ ਓਹਦੇ ਰਿਦੇ ਵਿਚ ਖਾਸ ਭਾਈ ਸਾਸ ਸਾਸ ਨਾਮ ਜੋਹ ੜ ਮਨੋਂ ਨ ਵਿਸਾਰੇਗਾ। ਕਹਤ ਰਵਿਦਾਸ ਭਵ ਸਾਗਰ ਤੇ ਪਾਰ ਹੋਵੇ ਔਣ ਜਾਣ ਵਾਲੀ ਜੀਵ ਦੀ ਚੁਰਾਸੀ ਕਟ ਡਾਰੇਗਾ।

ਸ੍ਰੀ ਰਵਿਦਾਸ ਨੇ ਰਾਜੇ ਅਤੇ ਪਰਜਾ ਨੂੰ ਸਿਖਿਆ ਦੇਣੀ

ਉਚੇ ਮੋਤੀਆਂ ਦੇ ਮੰਦਰ ਬਣੇ ਸੋਹਣੇ ਕਿਤੇ ਭੁਲ ਨ ਜਾਈਂ ਅਨਭੋਲ ਰਾਜਾ। ਸ਼ੀਸ਼ੇ ਕਚ ਦੇ ਵਾਂਗ ਸੰਸਾਰ ਸੋਹਣਾ ਮਾਇਆ ਢੋਲ ਦੇ ਵਾਂਗਰਾਂ ਪੋਲ ਰਾਜਾ। ਮਿਠੀ ਤਰਬ ਸਤਾਰ ਦੀ ਲਗਦੀ ਹੈ ਪੇਟ ਓਸ ਦੇ ਹੈ ਬੜੀ ਖੋਲ ਰਾਜਾ। ਸਚੇ ਨਿਆਉਂ ਤੇ ਧਰਮ ਦਾ ਮਾਪ ਕੰਡਾ ਵਿਚੋਂ ਸਤ ਅਸਤ ਨੂੰ ਤੋਲ ਰਾਜਾ। ਮਤ ਵੈਸ਼ਨੋ ਰਖਣੀ ਸੋਧ ਪਿਆਰੇ ਮਾਇਆ ਦੇਖ ਕੇ ਜਾਣਾ ਨਹੀਂ ਡੋਲ ਰਾਜਾ। ਨਾਮ, ਦਾਨ, ਇਸ਼ਨਾਨ ਤੇ ਦਇਆ ਕਰਨੀ ਮਾਨਸ ਜਨਮ ਦਾ ਕਰਮ ਅਮੋਲ

Sri Satguru Jagjit Singh Ji Elibrary NamdhariElibrary@gmail.com

ਰਾਜਾ। ਬਹੁਤ ਦਿਨ ਬਾਬਾ ਗਾਜ਼ੀ ਪੁਰ ਰਹਿਕੇ ਕਾਂਸ਼ੀ ਸ਼ਹਿਰ ਅੰਦਰ ਕਿਰਪਾ ਧਾਰ ਆਏ। ਨਾਲੇ ਕੰਵਰ ਪ੍ਰਤਾਪ ਨੂੰ ਤਾਰ ਆਏ ਨਾਲੇ ਦੇਸ ਦਾ ਕਰ ਸੁਧਾਰ ਆਏ।

ਬ੍ਰਾਹਮਣਾਂ ਦੀਆਂ ਈਰਖਾ

ਕਾਂਸ਼ੀ ਪੁਰੀ ਸ਼ਿਵ ਜੀ ਦਾ ਘਰ ਦਸਣ ਬਾਬਾ ਆਪਣੇ ਨਿਤ ਵਿਹਾਰ ਕਰਦਾ। ਮਸਤ ਹੋ ਕੇ ਨਾਮ ਦਾ ਜਾਪ ਕਰਦੇ ਪੂਜਾ ਠਾਕਰਾਂ ਦੀ ਨਿਰਾਧਾਰ ਕਰਦਾ। ਮਾਲਾ ਤਿਲਕ ਜੰਞੂ ਜਟਾ ਜੂਟ ਬਾਬਾ ਸੰਧਿਆ ਗਾਇਤ੍ਰੀ ਮੰਤਰ ਉਚਾਰ ਕਰਦਾ। ਵਜੇ ਸੰਖ ਕਹਿਕੇ ਵਿਸ਼ਨੂੰ ਆਪ ਦਿਤਾ ਟਲ ਨਾਲ ਘੜਿਆਲ ਠਣਕਾਰ ਕਰਦਾ। ਜੋੜੇ ਨਿਤ ਸੀਵੇਂ ਜਾਇ ਹਟ ਉਤੇ ਕਿਰਤ ਜਾਇਕੇ ਵਿਚ ਬਜਾਰ ਕਰਦਾ। ਨਿਤਨੇਮ ਇਸ਼ਨਾਨ ਕਰ ਪਹਿਰ ਤੜਕੇ ਸਵਾਸ ਸਵਾਸ ਹੈ ਜਾਪ ਕਰਤਾਰ ਕਰਦਾ। ਪੰਡੇ ਸੜਦੇ ਕਈ ਦਵੈਸ਼ ਕਰਦੇ ਭਗਤ ਸੰਖ ਘੜਿਆਲ ਵਜਾਂਵਦਾ ਕਿਉਂ। ਹੋ ਕੇ ਜਾਤ ਛੋਟੀ ਤਿਲਕ ਪਾਏ ਜੰਞੂ ਤੜਕੇ ਗੰਗਾ ਦੇ ਚਲਕੇ ਨਹਾਂਵਦਾ ਕਿਉਂ।

ਪੀਰਾਂ ਦਿਤੇ ਮਰਾਸੀ ਨੇ ਚੁਗਲੀ ਕਰਨੀ

ਕੋਲ ਘਰ ਸੀ ਇਕ ਮਰਾਸੀਆਂ ਦਾ ਪੀਰਾਂ ਨਾਮ ਤੇ ਵਡਾ ਸ਼ੈਤਾਨ ਪਾਪੀ। ਕਰਦਾ ਨਿੰਦਿਆ ਭਗਤ ਦੀ ਨਿਤ ਜਾ ਕੇ ਪਾਸ ਬ੍ਰਾਹਮਣਾ ਦੇ ਬੇਈਮਾਨ ਪਾਪੀ। ਥੋੜੀ ਰੀਸ ਰਵਿਦਾਸ ਚਮਾਰ ਕਰਦਾ ਕਰੇ ਆਪਣੇ ਉਲਟ ਵਖਿਆਨ ਪਾਪੀ। ਬਾਣਾ ਪੰਡਤਾਂ ਦਾ ਸੁਚ ਸੋਧ ਰਖੇ ਕਹਿੰਦਾ ਤਾਰਾਂਗਾ ਮੈਂ ਜਹਾਨ ਪਾਪੀ।

ਤਥਾ

ਨਿਤ ਸੰਖ ਘੜਿਆਲ ਤੇ ਕਰੇ ਪੂਜਾ ਮੰਦਰ ਆਪਣਾ ਵਖ ਚਣਾਇਆ ਜੀ। ਜੰਞੂ ਤਿਲਕ ਤੇ ਠਾਕਰਾਂ ਪੂਜਦਾ ਹੈ ਉਚਾ ਆਪ ਨੂੰ ਚਾਹੇ ਬਨਾਇਆ ਜੀ। ਨਾਲੇ ਕਥਾ ਕਰਦਾ ਧੋਤੀ ਪਾਏ ਨੀਵੀਂ ਮਾਲਾ ਫੇਰਦਾ ਨਿਤ ਸਵਾਇਆ ਜੀ। ਰਾਤੀ ਆਰਤੀ ਨਿਤ ਚਮਾਰ ਕਰਦੇ

Sri Satguru Jagjit Singh Ji Elibrary NamdhariElibrary@gmail.com

ਚਾਹੀਏ ਏਸ ਦੇ ਤਾਈਂ ਹਟਾਇਆ ਜੀ। ਉਚੀ ਕੋਮ ਪੰਡਤ ਰੋਕੋ ਭਗਤ ਤਾਈਂ ਕਰੇ ਭਗਤੀ ਨਾ ਕੋਈ ਚਮਾਰ ਬੇਲੀ। ਕਾਲਾ ਸਿੰਘ ਮੈਂ ਤਾਂ ਥੋਨੂੰ ਸਚ ਆਖਾਂ ਦੇਵੋ ਭਗਤ ਰਵਿਦਾਸ ਨੂੰ ਮਾਰ ਬੇਲੀ।

ਨਿੰਦਕਾਂ ਦੀਆਂ ਸਲਾਹਾਂ

ਨਿੰਦਕ ਹੋਏ ਕਠੇ ਭਰੇ ਈਰਖਾ ਦੇ ਬ੍ਰਾਹਮਣ ਕਹਿਣ ਭੂੰਨੇ ਵਾਂਗ ਦਾਨਿਆਂ ਦੇ। ਓਹੋ ਸੰਖ ਘੜਿਆਲ ਦਾ ਲਗਦਾ ਕੀ ਜੰਞੂ ਤਿਲਕ ਨੇ ਬ੍ਰਾਹਮਣਾ ਸਿਆਣਿਆਂ ਦੇ। ਗੰਢੇ ਜੁਤੀਆਂ ਤੇ ਰੀਸ ਕਰੇ ਸਾਡੀ ਓਹਨੂੰ ਭੁੰਨੀਏਂ ਵਾਂਗ ਮਖਾਣਿਆਂ ਦੇ। ਪੂਜਾ ਪਾਠ ਤੇ ਭਗਤ ਨੂੰ ਰੋਕ ਦੇਈਏ ਪਹਿਲੋਂ ਪੁਛੀਏ ਵਾਂਗ ਸਿਆਣਿਆਂ ਦੇ। ਕੁਟ ਕੁਟ ਕੇ ਸਾਰੀ ਚਮਾਰੜੀ ਨੂੰ ਵਾਂਗ ਤੂਸ ਦੇ ਅਸੀਂ ਉਡਾ ਦਿਆਂਗੇ। ਸੰਖ ਘੜਿਆਲ ਅਤੇ ਜੰਞੂ ਖੋਹ ਮਾਲਾ ਵਿਚੋ ਠਾਕਰਾਂ ਦਾ ਡੇਰਾ ਢਾਹ ਦਿਆਂਗੇ। ਨਾਲੇ ਰਵਿਦਾਸ ਨੂੰ ਅਸੀਂ ਸਮਝਾ ਦਿਆਂਗੇ ਸਿਆਪਾ ਘਰ ਚਮਾਰਾਂ ਪਵਾ ਦਿਆਂਗੇ। ਨਾਲੇ ਇਟ ਤੇ ਇਟ ਖੜਕਾਦਿਆਂਗੇ। ਗੰਗਾ ਨ੍ਹਾਉਣੇ ਤੋਂ ਹੁਣੇ ਹਟਾ ਦਿਆਂਗੇ। ਦਾਦੇ ਕਾਲੂ ਤੇ ਪਿਤਾ ਸੰਤੋਖ ਤਾਈਂ ਭਗਤ ਬਣਨੇ ਦਾ ਮਜਾ ਚਖਾ ਦਿਆਂਗੇ। ਗਲ ਕੀ ਗੋਡੀਆਂ ਅਸੀਂ ਲੁਵਾ ਦਿਆਂਗੇ ਅਗ ਲਾ ਕੇ ਛਪਰ ਮਚਾ ਦਿਆਂਗੇ। ਸੀਂਦੇ ਜੁਤੀਆਂ ਤਿਲਕ ਕਿਉਂ ਪਾਏ ਜੰਞੂ ਅਗੇ ਵਾਸਤੇ ਅਸੀਂ ਏਹ ਲਾਹ ਦਿਆਂਗੇ। ਅਸੀਂ ਬ੍ਰਾਹਮਣ ਸਾਡੀ ਹੈ ਜਾਤ ਉਚੀ ਸਾਡੇ ਸਾਹਮਣੇ ਕੌਣ ਹੈ ਲੜਨ ਵਾਲਾ। ਕਾਲਾ ਸਿੰਘ ਅਸੀ ਸਾਰੇ ਬੇਦ ਪਾਠੀ ਸਾਡੇ ਵਾਂਗ ਬੈਠਾ ਕੇਹੜਾਂ ਪੜਨ ਵਾਲਾ।

ਭਾਈਚਾਰੇ ਨੇ ਭਗਤ ਨੂੰ ਰੋਕਣਾ

ਡਰਦੇ ਬ੍ਰਾਹਮਣਾ ਤੋਂ ਚੁਮਾਰ ਸਾਰੇ, ਸ੍ਰੀ ਭਗਤ ਜੀ ਤਾਈਂ ਸਮਝਾਉਣ ਆਏ। ਬ੍ਰਾਹਮਣ ਔਖੇ ਨੇ ਭਗਤ ਜੀ ਤੁਧ ਪਾਸੋਂ ਤਿਲਕ ਜੰਞੂ ਹਾਂ ਅਸੀਂ ਲੁਹਾਉਣ ਆਏ। ਕਥਾ ਕਰਨੀ, ਨਾ ਨਹਾਉਣਾ ਹੈ ਵਿਚ ਗੰਗਾ ਚਾਰ ਬਰਨ ਕਿਉਂ ਸਿਰ ਨਿਵਾਉਣ ਆਏ। ਰਾਜਾ ਹਿੰਦੂ

Sri Satguru Jagjit Singh Ji Elibrary NamdhariElibrary@gmail.com

ਤੇ ਓਹ ਫਰਿਆਦ ਕਰਸਨ ਮਤ ਵੈਸ਼ਨੋ ਅਸੀ ਛੁਡਾਉਣ ਆਏ। ਰਾਮਾ ਨੰਦ ਨੂੰ ਤੈਂ ਜੋ ਗੁਰੂ ਕੀਤਾ ਓਹਨੇ ਦਿਤਾ ਕੀ ਤੈਨੂੰ ਬਤਾਉਣ ਆਏ। ਦੇਖੋ ਮਤ ਚੁਮਾਰਾਂ ਦੀ ਗਈ ਮਾਰੀ ਗੁਰੂ ਵਾਲਿਆਂ ਤਾਈਂ ਸਮਝਾਉਣ ਆਏ। ਰਾਮਾ ਨੰਦ ਗੁਰ ਪਟ ਚਮਾਰ ਦਿਤੇ ਦੇਖੋ ਪਟਿਆਂ ਤੋਂ ਬੂਟਾ ਲਾਉਣ ਆਏ। ਗਏ ਅਸੀਂ ਪਟੇ ਜਾਣਾ ਪੱਟਿਆ ਤੂੰ ਤੈਨੂੰ ਭਗਤ ਜੀ ਅਸੀ ਸਮਝਾਉਣ ਆਏ। ਕਹਿਣ ਦਾਦਾ ਪਿਤਾ ਹਥ ਜੋੜ ਦੋਵੇਂ ਨਿੰਦਕ ਬ੍ਰਾਹਮਣਾ ਤੇ ਤੂੰ ਡਰੀਂ ਭਗਤਾ। ਕਾਲਾ ਸਿੰਘ ਤਿਲਕ ਜੰਞੂ ਲਾਹ ਸਿਟੇ ਠਾਕਰ ਚੰਨਣ ਉਰਸਾ ਪਰੇ ਧਰੀਂ ਭਗਤਾ।

### ਭਗਤ ਜੀ ਵਲੋਂ ਜਵਾਬ

ਭਗਤ ਆਖਦਾ ਸੁਣੋ ਪ੍ਰਵਾਰ ਮੇਰੇ ਮੈਨੂੰ ਸਿਖੇ ਨੂੰ ਹੋਰ ਸਿਖਾਵਨਾ ਕੀ। ਮੈਂ ਤਾਂ ਦਰਸ ਪਰਸਾਂ ਰਾਮਾਨੰਦ ਜੀ ਦੇ ਹੋਰ ਪਾਸੇ ਕਿਸੇ ਮੈਂ ਜਾਵਨਾ ਕੀ। ਪਰੇਮ ਪੱਟੀਆ ਓਸ ਪੜ੍ਹਾਇ ਦਿਤੀ ਭਜਨ ਦਸਿਆ ਮੈਂ ਛਡਾਵਨਾ ਕੀ। ਜਿਨ੍ਹਾਂ ਨਾਮ ਅੰਮ੍ਰਿਤ ਪੀਤਾ ਗੁਰਾਂ ਕੋਲੋਂ ਫੇਰ ਓਸ ਨੂੰ ਹੋਰ ਪਿਲਾਵਨਾ ਕੀ। ਸਾਸ ਸਾਸ ਅੰਦਰ ਰਵਿਆ ਰਾਮ ਮੇਰੇ ਬਿਨਾ ਰਾਮ ਛਡ ਹੋਰ ਮੈਂ ਗਾਵਨਾ ਕੀ। ਜਿਨਾ ਧਰਿਆ ਧਿਆਨ ਇਸ਼ਨਾਨ ਕੀਤਾ ਫੇਰ ਓਸ ਨੇ ਹੋਰ ਪੁਜਾਵਨਾ ਕੀ। ਮਤ ਵੈਸ਼ਨੋ ਨੂੰ ਜਿਨ੍ਹਾਂ ਧਾਰ ਲਿਆ ਫੇਰ ਚੂਹੜਿਆਂ ਦੇ ਘਰ ਖਾਵਣਾ ਕੀ। ਯਾਰੀ ਜਿਨ੍ਹਾਂ ਦੀ ਸ਼ੇਰ ਦੇ ਨਾਲ ਹੈ ਜੀ ਗਿੱਦੜ ਕੁਤਿਆਂ ਤੇ ਡਰ ਪਾਵਣਾ ਕੀ। ਜਿਦ੍ਹੇ ਤੀਰ ਪਰੇਮ ਦਾ ਲਗ ਜਾਵੇ ਜ਼ਖਮ ਓਸ ਨੂੰ ਕਿਸੇ ਹਟਾਵਣਾ ਕੀ। ਜਿਨ੍ਹਾਂ ਗੁਰੂ ਚਰਨਾਂ ਉਤੇ ਸੀਸ ਵਾਰੇ ਓਹਨਾਂ ਬਾਮਣਾਂ ਤੋਂ ਡਰ ਪਾਵਣਾ ਕੀ। ਮਰ ਜਾਵਣਾ ਮੌਤ ਤੋਂ ਨਹੀਂ ਡਰਨਾ ਲੜ ਨਿੰਦਕਾਂ ਮੇਰਾ ਬਨਾਵਣਾ ਕੀ। ਜਿਥੇ ਵਾਹਿਗੁਰੂ ਆਪ ਸਹਾਈ ਹੋਵੇ ਦੁਸ਼ਟਾਂ ਓਥੇ ਮੁਕਾਬਲਾ ਲਾਵਣਾ ਕੀ। ਮਾਲਾ ਤਿਲਕ ਜੰਞੂ ਠਾਕਰ ਭਜਨ ਮਾਲਾ ਧਿਆਨ ਬਿਨਾ ਪ੍ਰਮਾਤਮਾ ਪਾਵਣਾ ਕੀ। ਠੇਕਾ ਬ੍ਰਾਹਮਣਾ ਦਾ ਭਜਨ ਹੈ ਕਰਨਾ ਕਿਥੇ ਲਿਖਿਆ ਹੋਰ ਹਟਾਵਣਾ ਕੀ।

Sri Satguru Jagjit Singh Ji Elibrary NamdhariElibrary@gmail.com

ਨਹੀਂ ਜੀਵਣਾ ਬਹੁਤਾ ਜਹਾਨ ਅੰਦਰ ਫੇਰ ਬ੍ਰਾਹਮਣਾ ਤੇ ਖੌਫ ਖਾਵਣਾ ਕੀ। ਡਰੋ ਆਪ ਨਾ ਤੁਸੀ ਡਰਾਉ ਮੈਨੂੰ ਚੁਮਾਰ ਬਣਕੇ ਨੀਚ ਸਧਾਵਣਾ ਕੀ। ਜਿਨ੍ਹਾਂ ਨਾਮ ਜਪਿਆ ਨਿਰਭੈ ਹੋ ਗਏ ਭੈ ਦੇਣ ਤੇ ਅਸਾਂ ਡਰਾਵਣਾ ਕੀ। ਕਹਿਣ ਪਿਤਾ ਦਾਦਾ ਨਾਲ ਪਿਆਰਦੇ ਜੀ ਕੋਈ ਕਰ ਲੈ ਤੂੰ ਬਪਾਰ ਭਗਤਾ। ਕਾਲਾ ਸਿੰਘ ਤੈਂ ਰੱਬ ਤੋਂ ਕੀ ਲੈਣਾ ਖੈਹੜਾ ਛਡਦੇ ਕਹਿਣ ਚੁਮਾਰ ਭਗਤਾ।

### ਸ੍ਰੀ ਰਵਿਦਾਸ ਜੀ ਦਾ ਉਤਰ

ਕਿਹਾ ਭਗਤ ਨੇ ਸਭ ਬਰਾਦਰੀ ਨੂੰ ਤੁਸੀਂ ਇਹ ਕੀ ਗਲਾਂ ਸਿਖਾਂਵਦੇ ਹੋ। ਉਚੇ ਬਾਮਣਾ ਨੂੰ ਤੁਸੀ ਮੰਨਦੇ ਹੋ ਅਤੇ ਆਪ ਨੂੰ ਨੀਚ ਬਤਾਂਵਦੇ ਹੋ। ਹਥ ਪੈਰ ਸਾਡੇ ਇਕੋ ਬਾਮਣਾਂ ਦੇ ਨੇਤਰ, ਕੰਨ, ਮੂੰਹ ਇਕੋ ਰਖਾਂਵਦੇ ਹੋ। ਇਕੋ ਹਵਾ ਪਾਣੀ ਖਾਨ ਪਾਨ ਇਕੋ ਇਕੋ ਧਰਤ ਤੇ ਜਿਥੇ ਰਹਾਂਵਦੇ ਹੋ। ਕਿਰਤ ਕਰੋ ਤੁਸੀ ਮੰਗਣ ਖਾਣ ਬਾਮਣ ਮੰਗ ਖਾਨਿਆਂ ਤੋਂ ਡਰ ਪਾਂਵਦੇ ਹੋ। ਥੋੜੇ ਘਰੀਂ ਆ ਕੇ ਮੰਗ ਖਾਣ ਵਾਲੇ ਨਾਲ ਲਗਿਆਂ ਤੇ ਭਿਟੇ ਜਾਂਵਦੇ ਹੋ। ਤੁਸੀਂ ਗਲ ਨਹੀਂ ਸਮਝਦੇ ਭੇਤ ਵਾਲੀ ਭੇਡਾਂ ਸ਼ੇਰਾਂ ਦੇ ਸਾਥ ਰਲਾਂਵਦੇ ਹੋ। ਪੂਜਾ ਪਾਠ ਮੇਰਾ ਸੀਸ ਨਾਲ ਜਾਏ ਗੁਰੂ ਨਾਮ ਤੇ ਮੈਨੂੰ ਭੁਲਾਂਵਦੇ ਹੋ। ਮੈਨੂੰ ਕੁਛ ਭੀ ਡਰ ਨਾ ਬਾਮਣਾ ਦਾ ਗਰਜ ਭਗਤ ਜੀ ਆਖ ਬਤਾਇਆ ਹੈ। ਕਾਲਾ ਸਿੰਘ ਨੇ ਹੋਰ ਹੁਣ ਆਖਣਾ ਕੀ ਏਹ ਭਗਤ ਨੇ ਆਖ ਸੁਣਾਇਆ ਹੈ।

### ਪੰਚੈਤੀ ਚੁਮਾਰਾਂ ਦੀਆਂ ਗੱਲਾਂ

ਕਈ ਕਹਿਣ ਦੇਖੋ ਰਵਿਦਾਸ ਭਾਈ ਤੜਕੇ ਉਠਕੇ ਤੇ ਗੰਗਾ ਨ੍ਹਾਂਹਵਦਾ ਕਿਉਂ। ਠਾਕਰ ਪੂਜਦਾ ਆਰਤੀ ਨਿਤ ਕਰਦਾ ਸੰਖ ਬਾਹਮਣਾਂ ਵਾਂਗ ਵਜਾਂਵਦਾ ਕਿਉਂ। ਜੰਞੂ, ਧੋਤੀ, ਸੋਧ ਰਖੇ ਪਾਸ ਚੰਨਣ ਵਾਂਗ ਪਾਂਡਿਆਂ ਤਿਲਕ ਲਗਾਂਵਦਾ ਕਿਉਂ। ਕਿਉਂ ਕਥਾ ਕਰਦਾ ਗੰਗਾ ਘਾਟ ਉਤੇ ਰਾਜੇ ਰਾਣੀ ਤੋਂ ਮਥਾ ਟਿਕਾਂਵਦਾ ਕਿਉਂ। ਕੋਈ ਕਹੇ ਬਾਬਾ ਤੜਕੇ ਨ੍ਹਾਂਵਦਾ ਕਿਉਂ ਕੋਈ ਕਹੇ ਬਾਣੀ ਉਚੀ

Sri Satguru Jagjit Singh Ji Elibrary NamdhariElibrary@gmail.com

ਉਚੀ ਗਾਂਵਦਾ ਕਿਉਂ। ਦੇਖੋ ਮੱਤ ਮਾਰੀ ਬੁਰਾ ਕਹਿਣ ਲਗੇ ਨਿਗੁਰੇ ਜਾਣਦੇ ਭਗਤੀ ਦੀ ਸਾਰ ਕਾਹਨੂੰ। ਜੇਕਰ ਬਾਬੇ ਦੀ ਬਾਣੀ ਦੇ ਮਗਰ ਲਗਦੇ ਬੋਲਣ ਆਪ ਨੂੰ ਫੇਰ ਚੁਮਾਰ ਕਾਹਨੂੰ।

ਅਕਾਲ ਪੁਰਖ ਦੇ ਦਰਸ਼ਨ

ਨਿਤਨੇਮ ਹਰ ਰੋਜ ਹੀ ਜਾਇ ਗੰਗਾ ਅੰਮ੍ਰਿਤ ਵੇਲੜੇ ਕਰਨ ਇਸ਼ਨਾਨ ਸੰਤੋ। ਸੁਰਤੀ ਨਾਲ ਅਕਾਲ ਦੇ ਜੋੜ ਲੈਂਦੇ ਲਾਕੇ ਚੌਂਕੜੀ ਕਰੇ ਧਿਆਨ ਸੰਤੋ। ਨਿਰੰਕਾਰ ਦੀ ਜੋਤ ਦੇ ਹੋਇ ਦਰਸ਼ਨ ਰਾਮ ਮੂਰਤੀ ਸ੍ਰੀ ਭਗਵਾਨ ਸੰਤੋ। ਖੁਸ਼ੀ ਹੋਈ ਵਡੀ ਏਸ ਭਗਤ ਉਤੇ ਅਕਾਲ ਪੁਰਖ ਆ ਦਰਸ ਦਿਖਾਨ ਸੰਤੋ।

ਤਥਾ

ਬਚਨ ਕਰਨ ਪ੍ਰਮਾਤਮਾ ਨਾਲ ਲਗੇ ਬੈਠੇ ਪਰੇ ਹੋ ਕੇ ਉਚੇ ਦੂਰ ਪ੍ਰੀਤਮ। ਤੇਰਾ ਮੇਰਾ ਸਰੂਪ ਕੋਈ ਭੇਦ ਹੈ ਨਹੀਂ ਤੇਰੇ ਜਹੂਰ ਤੇ ਮੇਰਾ ਹੈ ਨੂਰ ਪ੍ਰੀਤਮ। ਸ਼ਬਦ ਮਸਤ ਹੋ ਕੇ ਬਾਬਾ ਕਹਿਣ ਲਗਾ ਉਚੀ ਉਚੀ ਏ ਸੁਣੇ ਭਰਪੂਰ ਪ੍ਰੀਤਮ। ਸ੍ਰੀ ਰਾਗ ਅੰਦਰ ਭਗਤ ਸ਼ਬਦ ਬੋਲੇ ਹੋਏ ਵਾਹਿਗੁਰੂ ਵਿਚ ਭਰਪੂਰ ਪ੍ਰੀਤਮ।

ੴ ਸਤਿਗੁਰਪ੍ਰਸਾਦਿ ॥

ਸਿਰੀ ਰਾਗੁ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥

ਟੀਕਾ–ਹੇ ਨਿਰੰਕਾਰ, ਤੇਰੇ ਅਤੇ ਵਿਚ ਭੇਦ ਕਿਸਤਰਾਂ ਦਾ ਹੈ। ਭਾਵ ਪੜਦਾ ਹੈ ਨਹੀਂ।

ਕਨਿਕ ਕਟਿਕ ਜਲ ਤਰੰਗ ਜੈਸਾ ॥੧॥

ਸਵਰਨ ਅਤੇ ਸਵਰਨ ਦੇ ਘੜੇ ਹੋਏ ਕੜੇ ਵਿਚ, ਪਾਣੀ ਅਤੇ ਪਾਣੀ ਦੀ ਚਲਦੀ ਲਹਿਰ ਵਿਚ। ਭਾਵ ਮੈਂ ਤੈਨੂੰ ਮਿਲਕੇ ਤੇਰਾ ਰੂਪ ਹੋ ਗਿਆ।

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥

ਜੇਕਰ 'ਹੇ ਹਰੀ) ਮੈਂ ਪਾਪੀ ਨਾ ਹੁੰਦਾ; ਹੇ ਰਾਮ ਜੀ।

Sri Satguru Jagjit Singh Ji Elibrary NamdhariElibrary@gmail.com

ਪਤਿਤ ਪਾਵਨ ਨਾਮ ਕੈਸੇ ਹੁੰਤਾ ॥ ੧ ॥ ਰਹਾਉ ॥

ਤਾਂ ਤੇਰਾ ਪਾਪੀਆਂ ਨੂੰ ਤਾਰਣ ਵਾਲਾ ਕਿਸਤਰਾਂ ਹੋ ਸਕਦਾ ਸੀ ॥ ੧ ॥

ਤੁਮ ਜੁ ਨਾਇਕ ਆਛਹੁ ਅੰਤ੍ਰਜਾਮੀ ॥

ਹੇ ਸੁਆਮੀ ਤੁਸੀ ਸਭ ਤੋ ਵਡੇ ਅੰਤਰਜਾਮੀ ਹੋ।

ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ।੨।

ਤੇਰੀ ਕਿਰਪਾ ਨਾਲ ਹੀ ਜਾਣਿਆ ਜਾਂਦਾ ਹੈ ਤੇਰਾ ਪੂਰਾ ਨਾਮ।

ਸਰੀਰੁ ਅਰਾਧੈ ਮੋਕਉ ਬੀਚਾਰੁ ਦੇਹੂ ॥

ਹੇ ਨਿਰੰਕਾਰ ਤੇਰੇ ਨਾਮ ਦਾ ਸਵਾਸ ਸਵਾਸ ਜਾਪ ਕਰਨੇ ਕਰ ਕੇ ਮੈਨੂੰ ਆਪ ਦੇ ਪ੍ਰਤਖ ਦਰਸ਼ਨ ਹੋ ਰਹੇ ਹਨ।

ਰਵਿਦਾਸ ਸਮ ਦਲ ਸਮਝਾਵੈ ਕੋਊ ॥ ੩ ॥ ੧ ।

ਤੇਰੀ ਕਿਰਪਾ ਸੇ ਸਮ ਦਮ ਬਿਆਪਕ ਰੂਪ ਨਜ਼ਰ ਆਇਆ ਰਵਿਦਾਸ ਨੂੰ।

### ਬਾਬੇ ਜੀ ਦਾ ਨਿਤ ਕਰਮ

ਅਕਾਲ ਪੁਰਖ ਦੇ ਵਡੇ ਦੀਦਾਰ ਕੀਤੇ ਮਸਤ ਹੋਇਕੇ ਨਾਮ ਧਿਆਂਵਦੇ ਨੇ। ਨਿਤ ਪਾਰ ਗੰਗਾ ਜਾ ਕੇ ਨਾਮ ਜਪਦੇ ਕਦੇ ਤਰਨ ਗੰਗਾ ਚਲ ਨ੍ਹਾਂਵਦੇ ਨੇ। ਰੰਗ ਜਰਦ ਤੇ ਸਰਦ ਅਵਾਜ ਮੂਹੋਂ ਮਿਠੇ ਬੋਲਕੇ ਹਰੀ ਗੁਣ ਗਾਂਵਦੇ ਨੇ। ਕਿਤੇ ਬੈਠ ਕੇ ਕਰੇ ਸਤਿਸੰਗ ਬਾਬਾ ਨਿਰਤ ਕਰ ਕੇ ਤਾਲ ਪੂਰਾਂਵਦੇ ਨੇ। ਅਠੇ ਪੇਹਰ ਹਰਿ ਰੰਗ ਨਿਹਾਲ ਰਹਿੰਦੇ ਕਦੇ ਬੋਲ ਨਾ ਕਿਸੇ ਬੁਲਾਂਵਦੇ ਨੇ। ਕੰਮ ਕਿਰਤ ਛਡੇ ਘਰ ਦੇ ਸਰਬ ਬਾਬੇ ਕਿਤੇ ਅਚਲ ਸਮਾਧੀਆਂ ਲਾਂਵਦੇ ਨੇ। ਕਈ ਦਿਨ ਪਿਛੋਂ ਕਦੇ ਖਾਨ ਰੋਟੀ, ਪਾਣੀ ਪੀ ਕੇ ਦਿਨ ਲੰਘਾਂਵਦੇ ਨੇ। ਕਦੇ ਹਸਦੇ ਰੋਂਦੇ ਵੈਰਾਗ ਅੰਦਰ ਨੈਨ ਮਸਤ ਹਰ ਦਮ ਰਹਾਂਵਦੇ ਨੇ। ਚੇਹਰੇ ਲਾਲ ਤੇ ਮਸਤੀ ਭਰਪੂਰ ਸਾਰੇ ਜਲਵੇ ਜੋਤ ਦੇ ਨਿਤ ਹੀ ਪਾਂਵਦੇ ਨੇ। ਮੁਲਖ ਮਾਹੀ ਅੰਦਰ ਕਦੇ ਵਸਦੇ ਨੇ ਜੇਹੜੇ ਨਾਮ ਅੰਦਰ ਟੁਬੀ ਲਾਂਵਦੇ ਨੇ। ਮਾਤਾ ਪਿਤਾ ਰਵਿਦਾਸ ਦੀ ਦੇਖ ਹਾਲਤ ਦੂਰ ਨੇੜੇ ਤੇ ਸਾਕ ਸਮਝਾਉਣ ਆਏ। ਕਾਲਾ ਸਿੰਘ ਜੇਕਰ ਜੋੜੇ ਨਹੀਂ ਸਿਊਣੇ ਦੇਖੋ ਵਣਜ ਵਪਾਰ ਕਰਾਉਣ ਆਏ।

Sri Satguru Jagjit Singh Ji Elibrary NamdhariElibrary@gmail.com

ਸਰਬੰਧੀਆਂ ਨੇ ਭਗਤ ਜੀ ਨੂੰ ਕੰਮ ਬਾਬਤ ਕਹਿਣਾ

ਕਠੇ ਹੋਇਕੇ ਸੱਦਦੇ ਭਗਤ ਜੀ ਨੂੰ ਮਾਤਾ ਪਿਤਾ ਸਰਬੰਧੀ ਪ੍ਰਰਵਾਰ ਪਿਆਰੇ। ਬੈਠੇ ਆਣ ਕੇ ਕੋਲ ਸੀ ਬੋਲਦੇ ਨੇ ਨਾਲ ਨਿੰਮ੍ਰਤਾ ਕਰਨ ਵਿਚਾਰ ਪਿਆਰੇ। ਕੰਮ ਛਡਿਆਂ ਕਿਵੇਂ ਨਿਰਬਾਹ ਹੋਵੇ ਮਿਲੇ ਅੰਨ ਨਾ ਸਾਨੂੰ ਹੁਦਾਰ ਪਿਆਰੇ। ਦਿਨੇ ਰਾਤ ਅਸੀ ਕੰਮ ਜੋਰ ਕਰਦੇ ਤਾਹੀਂ ਖਟਦੇ ਹਾਂ ਟਕੇ ਚਾਰ ਪਿਆਰੇ। ਜੇਕਰ ਚੰਮ ਦਾ ਛਡ ਵਿਹਾਰ ਦੇਣਾ ਹੋਰ ਕਰਨਾ ਚਾਹੀਏ ਰੁਜਗਾਰ ਪਿਆਰੇ। ਹੈ ਕਲਿਆਨਤਾ ਏਸ ਵਿਹਾਰ ਵਿਚੋਂ ਕਰੋ ਵਣਜ ਹੀ ਵਿਚ ਸੰਸਾਰ ਪਿਆਰੇ। ਲੈਣਾ ਦੇਣਾ ਪਹਾੜਾਂ ਤੇ ਚੜ੍ਹਨ ਅਉਖਾ, ਅਉਖੀ ਘਾਟੀਆਂ ਤੇ ਅਉਖੀ ਧਾਰ ਪਿਆਰੇ ਬੈਲਾਂ ਲਦਣਾ ਭਾਰ ਤੇ ਆਪ ਤੁਰਨਾ ਚੰਗਾ ਕੰਮ ਹੈ ਏਹ ਬਪਾਰ ਪਿਆਰੇ। ਪੂੰਜੀ ਲੈਕੇ ਕਰੋ ਏਹ ਵਣਜ ਭਗਤਾ ਤੈਨੂੰ ਦਸਦੇ ਅਸੀ ਚਮਾਰ ਪਿਆਰੇ। ਏਸ ਬਿਨਾ ਹੋਰ ਕੰਮ ਕਰੇਂਗਾ ਕੀ ਦਸੀਂ ਅਸਾਂ ਨੂੰ ਆਪ ਉਚਾਰ ਪਿਆਰੇ। ਕਾਲਾ ਸਿੰਘ ਰਵਿਦਾਸ ਜੀ ਮਸਤ ਆਹਾ ਗਉੜੀ ਰਾਗ ਚਿ ਬਾਣੀਉਚਾਰਦੇ ਨੇ। ਇਕ ਕਿਰਤ ਪ੍ਰਮਾਤਮਾ ਨਾਲ ਕਰਨੀ ਕੰਮ ਕਰ ਲੈ ਵਣਜ ਵਪਾਰ ਦੇ ਨੇ।

ਗਉੜੀ ਬੈਰਾਗਣ ਰਵਿਦਾਸ ਜੀਉ

ੴ ਸਤਿਗੁਰਪ੍ਰਸਾਦਿ ॥

ਘਟਿ ਅਵਘਟਿ ਡੂਗਰ ਘਣਾ ਇਕ ਨਿਰਗੁਣ ਬੈਲੁ ਹਮਾਰ ॥

(ਦੇਖੋ ਭਾਈ ਉਚੇ ਤੋਂ ਉਚੇ ਅਤੇ ਨੀਵੀਂ ਤੋਂ ਨੀਵੀਂ ਜਗਾ ਅਕਾਰ ਤੋਂ ਰਹਿਤ ਬੈਲਾਂ ਨਾਲ (ਮੈਂ ਸਾਂਝ ਕੀਤੀ ਹੈ।

ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥

ਰਾਮ ਦੇ ਨਾਮ ਦੀ ਪੂੰਜੀ ਦਾ ਜਾਪ ਹਿਸਾਬ) ਬੜੀ ਅਧੀਨਗੀ ਨਾਲ ਚਲਦਾ ਹੈ।

ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ। ੧ ॥ ਰਹਾਉ ॥

ਰਾਮ ਦੇ ਨਾਮ ਦਾ ਭਾਰ ਲਦਿਆ ਹੋਇਆ ਹੈ।(ਪਿਆਰੇ ਦੇ ਦੇਸ ਜਾਣ ਵਾਸਤੇ)

Sri Satguru Jagjit Singh Ji Elibrary NamdhariElibrary@gmail.com

ਹਉ ਬਨਜਾਰੋ ਰਾਮ ਕੋ ਸਹਜ ਕਰੋ ਬਾਪਾਰੁ ॥

(ਭਾਈ)ਮੈਂ ਸਹਜੇ ਹੀ ਸਹਜੇ ਰਾਮ ਬਪਾਰ ਨੂੰ ਲਧਕੇ ਰਾਮ ਬਨਜਾਰਾ ਹੋ ਗਿਆਹਾਂ

ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰ ।੨।

ਬਿਖਿਆ (ਰੂਪੀ ਸੰਸਾਰੀ ਚੀਜਾਂ) ਛੱਡਕੇ ਰਾਮ ਬਪਾਰੀ ਹੋ ਚੁਕਾ ਹਾਂ।

ਉਰਵਾਰ ਪਾਰ ਦੇ ਦਾਨੀਆ ਲਿਖ ਲੇਹੁ ਆਲ ਪਤਾਲ ॥

(ਗੋਰਾ) ਉਰੇ (ਅਤੇ) ਗੰਗਾ ਤੇ ਪਾਰ ਰਹਿਣ ਵਾਲਿਓ ਸਿਆਣਿਓ ਏਹ ਗਲ ਤੁਸੀ ਲਿਖ ਲੈਣੀ।

ਮੋਹਿ ਜਮ ਡੰਡ ਨ ਲਾਗਈ ਤਜੀਲੇ ਸਰਬ ਜੰਜਾਲ॥ ੩ ॥

ਅਤੇ ਮੈਨੂੰ ਜਮਾਂ ਦੀ ਤਲਬ ਭਾਵ ਚੁੰਗੀ ਨਹੀਂ ਲਗਣੀ ਛੱਡੀ ਗਈ ਹੈ ਜਮਾਂ ਦੀ ਜੰਜਾਲੀ ਜੋ (ਬੰਦਨ) ਨਹੀਂ ਹੈ।

ਜੈਸਾ ਰੰਗ ਕਸੁੰਭ ਕਾ ਤੈਸਾ ਏਹ ਸੰਸਾਰ ॥

(ਝੂਠਾ ਸੰਸਾਰ ਹੈ। ਕਸੁੰਭੇ ਰੰਗ ਦੀ ਤਰਾਂ।

ਮੇਰੇ ਰਮਈਏ ਰੰਗ ਮਜੀਠ ਕਾ ਕਹੁ ਰਵਦਾਸ ਚਮਾਰ ॥ ੪ ॥ ੧ ॥ ੩ ॥

ਰਾਮ ਦੇ ਰੰਗ ਮਜੀਠੀ ਪਕਾ (ਜੋ ਹੈ) ਉਸ ਦਾ ਬਪਾਰ ਰਾਮ ਜੀ ਦੇ ਨਾਲ (ਬਹੁਤ) ਚਿਰਾਂ ਤੋਂ ਚਲਦਾ ਹੈ। ਚੁਮਾਰ ਹੈ ਭਾਈ ਤੁਸੀ ਭਾਵ ਚੰਮ ਦੇ ਕੰਮ ਨੂੰ ਕਰਨ ਵਾਲਿਓ,ਆਓ ਸਚੇ ਬਪਾਰੀ ਬਣ ਜਾਓ।

ਵਾਕ ਕਵੀ

**ਏਹ ਪਰੇਮ ਭਰੀ ਬਾਣੀ ਸੁਣ ਕਈ ਚਿਤ ਆਪਣੇ ਵਿਚ ਅਨੰਦ ਹੋ ਗਏ। ਕਈਆਂ ਬਾਬੇ ਦੇ ਮਤ ਨੂੰ ਧਾਰ ਲੀਤਾ ਉਚੇ ਮਰਤਬੇ ਪਾਲੰਦ ਹੋ ਗਏ। ਕਈਆਂ ਆਖਿਆਂ ਏਹਨੂੰ ਸਮਝਾਵਨਾ ਕਿਉਂ ਔਣ ਜਾਣ ਵਲੋਂ ਕਈ ਬੰਦ ਹੋ ਗਏ। ਕਾਲਾ ਸਿੰਘ ਜੀ ਬਹੁਤ ਬਰਾਦਰੀ ਮੈਂ ਸਿਖ ਬਣੇ ਬਹੁਤੇ ਸ੍ਰੀ ਚੰਦ ਹੋ ਗਏ।**

ਬਾਬੇ ਜੀ ਦੀ ਮਸਤ ਬ੍ਰਿਤੀ

**ਨਿਰਾਕਾਰ ਦਾ ਬਾਬਾ ਜੀ ਜਾਪ ਕਰਦਾ ਜੋਤ ਉਸ ਦਾ ਆਨ ਪ੍ਰਵੇਸ਼ ਹੋਇਆ। ਰਹੇ ਮਸਤ ਅਲਮਸਤ ਹਰ ਹਾਲ ਅੰਦਰ ਨਿਰੰਕਾਰ ਦਾ ਜਦੋਂ ਏਹ ਲੇਸ ਹੋਇਆ। ਘਰ ਬਾਰ ਨੂੰ ਛਡ ਉਜਾੜ ਰਹਿੰਦੇ**

Sri Satguru Jagjit Singh Ji Elibrary NamdhariElibrary@gmail.com

ਰਗ ਰਗ ਅੰਦਰ ਹਰੀ ਨੇਸ ਹੋਇਆ। ਕਦੇ ਕਪੜੇ ਭੂਰੀ ਦੇ ਰਖਦੇ ਨੇ ਕਦੇ ਰੇਸ਼ਮੀ ਲਾਹਿ ਦਰਵੇਸ਼ ਹੋਇਆ। ਕਈ ਆਣ ਚਰਨਾਂ ਉਪਰ ਸੀਸ ਧਰਦੇ ਜਿਨ੍ਹੂੰ ਰਾਮ ਦੇ ਨਾਮ ਦਾ ਪੇਸ ਹੋਇਆ। ਕਈ ਦਿਨ ਨੇ ਸੰਖ ਘੜਿਆਲ ਵਜਦੇ ਠਾਕਰ ਪੂਜਾ ਨਾ ਕਦੇ ਹੈ ਲੇਸ ਹੋਇਆ। ਨਾ ਹਰਖ ਨਾ ਸੋਗ ਅਨੰਦ ਰਹਿੰਦੇ ਵੈਰੀ ਮੀਤ ਨਾ ਹਿਤ ਹੰਦੇਸ ਹੋਇਆ। ਜਦੋਂ ਨਾਮ ਦਾ ਚੜ੍ਹ ਜਾਏ ਰੰਗ ਗੂੜ੍ਹਾ ਰੰਗੇ ਜਾਣ ਮਨ ਗੂੜ੍ਹੇ ਰੰਗ ਵਾਲੇ। ਮਸਤ ਹੋ ਜਾਂਦ ਕਾਲਾ ਸਿੰਘ ਜੈਸੇ ਛੁਟ ਨਸ਼ੇ ਜਾਂਦੇ ਝੂਠੇ ਭੰਗ ਵਾਲੇ।

### ਪਿਤਾ ਸੰਤੋਖ ਦਾਸ ਦਾ ਉਦਾਸ ਹੋਣਾ

ਇਹ ਦੇਖ ਮਾਤਾ ਪਿਤਾ ਸੋਚਦੇ ਨੇ ਕਰਨੀ ਭਗਤ ਦੀ ਹੁਣ ਸੰਮਾਲ ਔਖੀ। ਜੋੜੇ ਵੰਡ ਦਿਤੇ ਸਾਧਾਂ ਪਾਂਧੀਆਂ ਨੂੰ ਉਲਟ ਪਈ ਹੈ ਵੈਸ਼ਨੋ ਚਾਲ ਔਖੀ। ਚੋਕੀ ਠਾਕਰਾਂ ਦੀ ਸੰਭਾਲ ਚੰਗੀ ਸੰਖ ਟੱਲਾਂ ਦੀ ਵਜੇ ਘੜਿਆਲ ਔਖੀ। ਪਧਰੀ, ਫਲੀ, ਬਰਨਾ, ਰੰਬੀ, ਆਰ, ਸੂਈ ਕਲਬੂਤ ਸਿੰਗੀ ਦੀ ਕਰਨੀ ਸੰਭਾਲ ਔਖੀ। ਖਾਣ ਪੀਣ ਸਾਨੂੰ ਏਨਾਂ ਦੇਵਣਾ ਕੀ ਸਾਨੂੰ ਝਲਨੀ ਹੋਈ ਹੈ ਝਾਲ ਔਖੀ। ਖਾਲੀ ਜਗ੍ਹਾ ਖੁਸ਼ਕ ਦੇਕੇ ਆਖਦੇ ਨੇ ਵਖ ਅਸਾਂ ਤੋਂ ਕਰ ਨਿਰਬਾਹ ਬੇਟਾ। ਭਾਂਵੇਂ ਵੈਸ਼ਨੋ ਮਤ ਨੂੰ ਧਾਰ ਲੈ ਤੂੰ ਸਾਥੋਂ ਵਖਰੀ ਛਪਰੀ ਪਾ ਬੇਟਾ।

### ਪ੍ਰਸੰਗ ਗੋਰਖ ਨਾਥ ਨੇ ਜੋਗੀਆਂ ਸਮੇਤ ਆਉਣਾ

ਭਗਤ ਆਪਣੇ ਚਿਤ ਅਨੰਦ ਰਹਿੰਦੇ ਇਕੋ ਜਾਪ ਅਕਾਲ ਜਪਾਇਆ ਜੀ। ਝਟ ਸੇਵਕਾਂ ਨੇ ਓਸੇ ਆਣ ਵੇਲੇ ਛੰਨ ਬਾਬੇ ਦਾ ਇਕ ਚਨਾਇਆ ਜੀ। ਠਾਕਰ ਪੂਜਾ ਦਾ ਮੰਦਰ ਸੀ ਵਖ ਕੀਤਾ, ਲੰਗਰ ਵਾਸਤੇ ਛਪਰ ਬਨਾਇਆ ਜੀ। ਰਾਤ ਰਹਿਣ ਵਾਲੇ ਸਿਖ ਸੰਤ ਦੇ ਲਈ ਵਖ ਘਰ ਸਤਸੰਗ ਸੁਹਾਇਆ ਜੀ। ਥੋੜ੍ਹੀ ਦੂਰ ਇਕ ਨੁਕਰੇ ਵਿਚ ਸੰਤੋ ਜੋੜੇ ਸਿਊਣ ਤੇ ਕਿਰਤ ਚਲਾਇਆ ਜੀ। ਸੁਚ ਸੋਧ ਲੰਗਰ ਨਿਤਨੇਮ ਕਰਸਨ, ਸਦਾ ਬਰਤ ਲਾ ਕੇ ਛਕਾਇਆ ਜੀ।

ਤੁਬਾ

ਮਾਤਾ ਭਾਗਣ ਰਵਿਦਾਸ ਜੀ ਭਗਤ ਦੋਵੇਂ ਕਿਰਤ ਕਰ ਕੇ ਲੰਗਰ ਚਲਾਉਣ ਲਗੇ। ਮੁਫਤ ਜੋੜੇ ਗਰੀਬਾਂ ਨੂੰ ਵੰਡ ਦੇਂਦੇ ਦੋਇ ਕਪੜੇ ਸੋਤ ਹਟੋਣ ਲਗੇ। ਜਸ ਫੈਲਿਆ ਖੋਲ ਭੰਡਾਰ ਦਿਤੇ ਲੋਕ ਭਿਛਕ ਨੇ ਨਿਤ ਹੀ ਆਉਣ ਲਗੇ। ਹੋਈ ਕੀਰਤੀ ਵਿਚ ਸੰਸਾਰ ਸਾਰੇ ਕਈ ਆਇਕੇ ਦਰਸ਼ਨ ਪੌਣ ਲਗੇ। ਕਿਥੋਂ ਖਰਚ ਕਰਨ ਹੈ ਭਗਤ ਲਗਾ ਗਲਾਂ ਕਰਕੇ ਕਈ ਪਤਿਔਣ ਲਗੇ। ਦੂਰ ਦੂਰ ਪਹਾੜੀ ਤੇ ਕੰਦਰਤਾ ਤੋਂ ਜੋਗੀ ਸਾਧ ਅਤੀਤ ਦਰਸੋਣ ਲਗੇ। ਕਹਿੰਦੇ ਬਰਨ ਚਮਿਆਰ ਤੇ ਕਰੇ ਭਗਤੀ ਨੀਚ ਜਾਤ ਨੂੰ ਉਚੇ ਕਰਾਉਣ ਲਗੇ। ਗੰਗਾ ਪਥਰੀ ਤੇ ਕੰਗਣ ਦੀ ਕਥਾ ਸਾਰੀ ਦਮੜੀ ਹਥਾਂ ਦੀ ਵਾਰਤਾ ਲੌਣ ਲਗੇ। ਚਾਰ ਬਰਨ ਬਾਮਣ ਕਈ ਪੂਜਦੇ ਨੇ ਨਿਤ ਰੱਬ ਦੇ ਦਰਸ਼ਨ ਪੌਣ ਲਗੇ।

ਗੋਰਖਨਾਥ ਦਾ ਡੇਰਾ ਕਾਂਸ਼ੀ ਪੁਰੀ ਵਿਚ

ਹੋਰ ਸੁਣਕੇ ਉਸਤਤੀ ਬਹੁਤ ਸਾਰੀ ਗੋਰਖ ਨਾਥ ਉਜੈਨ ਤੋਂ ਧਾਇਆ ਜੀ। ਨਾਲੇ ਚੇਲਿਆਂ ਸਿਧਾਂ ਦੇ ਨਾਲ ਆ ਕੇ ਕਾਂਸ਼ੀ ਪੁਰੀ ਅੰਦਰ ਡੇਰਾ ਲਾਇਆ ਜੀ। ਗੋਰਖ ਨਾਥ ਜੀ ਨੇ ਗੰਗਾ ਘਾਟ ਉਤੇ ਉਚੇ ਟਿਬਿਆਂ ਤੇ ਆਸਣ ਲਾਇਆ ਜੀ। ਨਾਦ ਵਜਿਆ ਸੁਣਿਆ ਸ਼ਹਿਰ ਸਾਰੇ ਲੋਕਾਂ ਆਣਕੇ ਜਾਂ ਦਰਸ਼ਨ ਪਾਇਆ ਜੀ। ਦੁਧ ਦਹੀਂ ਅੰਨ ਚੌਲ ਤੇ ਫਲ ਭੇਟਾ ਨਾਗਰ ਮਲ ਏਹ ਭੇਟ ਲਿਆਇਆ ਜੀ। ਕਾਲਾ ਸਿੰਘ ਗੋਰਖ ਸ੍ਰੀ ਭਰਥਰੀ ਨੇ ਦਰਸ਼ਨ ਬਾਬੇ ਜੀ ਦਾ ਆਣ ਪਾਇਆ ਜੀ।

ਭਗਤ ਰਵਿਦਾਸ ਜੀ ਦੇ ਘਰ ਗੋਰਖ ਨਾਥ ਤੇ ਨਾਥਾਂ ਨੇ ਆਉਣਾ

ਚੇਲੇ ਬਹੁਤ ਸਾਰੇ ਨਾਥ ਜਤੀ ਸਾਧੂ ਗੋਰਖ ਨਾਥ ਆਏ ਬੰਨ ਡਾਰ ਇਕ ਦਿਨ। ਕਈ ਰਾਜੇ ਰਈਸ਼ ਨੇ ਚਲ ਆਏ ਸਾਰੇ ਨਾਥਾਂ ਦੇ ਪਿਛੇ ਕਿਤਾਰ ਇਕ ਦਿਨ। ਜਿਥੇ ਸ੍ਰੀ ਰਵਿਦਾਸ ਦਾ ਮੰਦਰ ਸੀਗਾ

Sri Satguru Jagjit Singh Ji Elibrary NamdhariElibrary@gmail.com

ਆਦੇਸ ਆਦੇਸ ਆ ਕਹੀ ਪੁਕਾਰ ਇਕ ਦਿਨ। ਬਾਬੇ ਦੇਖਕੇ ਉਠ ਪ੍ਰਨਾਮ ਕੀਤੋ ਸਿਧਾਂ ਕਹੀ ਸੀ ਗੀ ਨਿਮਸ਼ਕਾਰ ਇਕ ਦਿਨ। ਜਿਥੇ ਸੰਗਤ ਹੁੰਦੀ ਸੀ ਸੰਤ ਕਥਾ ਡੇਰਾ ਸਿਧਾਂ ਨੇ ਲਿਆ ਉਤਾਰ ਇਕ ਦਿਨ। ਗੋਰਖ ਛਪਰਾਂ ਨੂੰ ਦੇਖ ਕਹਿਣ ਲਗਾ ਸ੍ਰੀ ਬਾਬੇ ਨੂੰ ਮੁਖੋਂ ਉਚਾਰ ਇਕ ਦਿਨ।

ਗੁਰੂ ਗੋਰਖ ਜੀ ਵਲੋਂ

ਨਾਥ ਆਖਿਆ ਭਗਤ ਜੀ ਸੁਣੋ ਪਹਿਲੇ, ਦੇਖ ਛਪਰਾਂ ਆਇਆ ਖਿਆਲ ਮੈਨੂੰ। ਤੈਨੂੰ ਵੱਡਾ ਗਰੀਬੀ ਨੇ ਤੰਗ ਕੀਤਾ, ਇਕ ਛਿਨ ਵਿਚ ਕਰਾਂ ਨਿਹਾਲ ਤੈਨੂੰ। ਬੂਟੀ ਆਹ ਲੈ ਕੇ ਤਾਂਬਾ ਢਾਲ ਪਾਵੀਂ, ਸੋਨਾ ਬਣ ਜਾਵੇ ਤਤ ਕਾਲ ਤੈਨੂੰ। ਗਰੀਬੀ ਮੁਕ ਜਾਵੇ ਤੇ ਸ਼ਾਹ ਬਣ ਜਾਵੇਂ, ਸਾਡੇ ਦਰਸ ਤੇ ਇਹੋ ਜ਼ਮਾਲ ਤੈਨੂੰ।

ਸ੍ਰੀ ਭਗਤ ਜੀ ਵਲੋਂ ਜਵਾਬ

ਸੁਣੋ ਨਾਥ ਜੀ ਕੂੜ ਦਾ ਰੂਪ ਸੋਨਾ, ਝੂਠੇ ਇਸ ਵਿਚ ਮਨ ਭੁਲਾਵਣਾ ਨਹੀਂ। ਜੋੜੇ ਗੰਢ ਕੇ ਕਿਰਤ ਹਮੇਸ਼ ਖਾਣੀ, ਮੁਫਤਖੋਰ ਬਣ ਵੇਲੜ ਸਦਾਵਣਾ ਨਹੀਂ। ਕਿਰਤ ਆਪਣੀ ਕਰਕੇ ਦਾਨ ਕਰਨਾ, ਮੰਦਰ ਕੂੜ ਦਾ ਪੱਕਾ ਪਕਾਵਣਾ ਨਹੀ। ਗੁਰਾਂ ਪੂਰਿਆਂ ਕੰਨ ਵਿਚ ਨਾਮ ਦਿਤਾ, ਦਿਲ ਆਪਣੇ ਤੋਂ ਭੁਲਾਵਨਾ ਨਹੀਂ। ਨਹੀਂ ਲੋੜੇ ਸੋਨੇ ਵਾਲੀ ਚਾਹ ਦਿਲ ਵਿਚ, ਭਠੀ ਨਾਮ ਵਾਲੀ ਸੋਨਾ ਢਾਲਦਾ ਮੈਂ। ਪਾਰਸ ਬਟੀ ਏ ਗੁਰਾਂ ਤੋਂ ਪਾ ਲਈ ਮੈਂ, ਕਾਮ ਕਰੋਧ ਤਾਂਬਾ ਨਿਤ ਗਾਲਦਾ ਮੈਂ।

ਗੋਰਖ ਜੀ

ਗੋਰਖ ਨਾਥ ਕਹੇ ਭਗਤ ਜੀ ਆਹ ਦੇਖੋ, ਪਾਣੀ ਵਾਲੀ ਜੋ ਨਾਲ ਖਿਆਲ ਤੂੰਬੀ। ਬਾਬੇ ਆਨ ਦੇਖੀ ਤੂੰਬੀ ਉਸ ਵੇਲੇ, ਹੀਰੇ ਮੋਤੀਆਂ ਦੇ ਭਰੀ ਨਾਲ ਤੂੰਬੀ। ਵਿਚ ਸਰਫੀ ਸੋਨੇ ਦੀ ਆਣ ਠਣਕੇ, ਉਪਰ ਝਟ ਸੀ ਆਈ ਜਾਂ ਉਛਾਲ ਤੂੰ। ਲਵੋ ਭਗਤ ਜੀ ਆਪ ਭੀ

Sri Satguru Jagjit Singh Ji Elibrary NamdhariElibrary@gmail.com

ਕਰੋ ਛੇਤੀ, ਕਰੋ ਹਥ ਤੁਸੀਂ ਤਤਕਾਲ ਤੂੰਬੀ।

ਸ੍ਰੀ ਬਾਬਾ ਜੀ

ਬਾਬੇ ਆਖਿਆ ਨਾਥ ਜੀ ਸਚ ਦਸਾਂ ਹੀਰੇ ਮੋਤੀ ਤੇ ਸਰਫੀ ਦੀ ਲੋੜ ਹੈ ਨੀ। ਰਾਮਾ ਨੰਦ ਗੁਰੂ ਦੀ ਕਿਰਪਾ ਆਣ ਹੋਈ। ਰਹੀ ਤ੍ਰਿਸ਼ਨਾ ਭਰਮ ਦੀ ਕੋੜ ਹੈ ਨੀ। ਸਵਾਸ ਸਵਾਸ ਮੈਂ ਨਾਮ ਦੀ ਮੰਗ ਮੰਗਾਂ ਹੋਰ ਮੰਗ ਵਾਲੀ ਮਨ ਓੜ ਹੈ ਨੀ। ਰਾਮ ਨਾਲ ਮਿਲਕੇ ਰਾਮ ਰਾਮ ਹੋ ਗਏ ਰਿਹਾ ਵਿਚ ਰਤੀ ਕਿਤੇ ਜੋੜ ਹੈ ਨੀ । ਗੋਰਖ ਨਾਥ ਜੀ ਬੜੇ ਅਨੰਦ ਹੋਏ ਸੀਸ ਕਰ ਨੀਵਾਂ ਤੇ ਆਦੇਸ ਬੋਲੀ। ਧੰਨ ਭਗਤ ਜੀ ਤੁਸਾਂ ਦੀ ਹੈ ਬਿਰਤੀ ਧੰਨ ਮਿਠੀ ਪਰੇਮ ਵਸ਼ੇਸ਼ ਬੋਲੀ।

ਪਰਸੰਗ ਪਰਮਾਨੰਦ ਬੈਰਾਗੀ ਨੇ ਚਾਰ ਸੌ ਚੇਲਿਆਂ ਸਮੇਤ ਭਗਤ ਰਵਿਦਾਸ ਜੀ ਨਾਲ ਬਹਿਸ ਕਰਨ ਲਈ ਕਾਂਸ਼ੀ ਵਿਚ ਆਉਣਾ, ਸੇਵਕ ਹੋਣਾ

ਪਰਮਾ ਨੰਦ ਬੈਰਾਗੀ ਸੀ ਮਤ ਅੰਦਰ ਮਸ਼ਹੂਰ ਸਾਰੇ ਕਰਾਮਾਤ ਵਾਲਾ। ਚਾਰ ਸੌ ਚੇਲਾ ਉਸਦੇ ਨਾਲ ਹੈਸੀ ਮਾਣ ਬਹੁਤ ਸੀਗਾ ਬਾਮਣ ਜਾਤ ਵਾਲਾ। ਕਵੀ ਵਿਦਿਆ ਬੇਦਾਂ ਦਾ ਸੀ ਬਕਤਾ ਕਰਮ ਕਾਂਡੀ ਸੀ ਵਡਾ ਜਮਾਤ ਵਾਲਾ। ਦਿਲੋਂ ਭਗਤ ਦਾ ਬਣ ਕੇ ਆਇਆ ਵੈਰੀ ਡੇਰਾ ਚੱਕੂੰ ਚਮਾਰਾਂ ਦੀ ਜਾਤ ਵਾਲਾ। ਅਜ ਜਿਤ ਕੇ ਭਗਤ ਰਵਿਦਾਸ ਤਾਈਂ ਮਤ ਵੈਸ਼ਨੋ ਓਹਦਾ ਹਟਾ ਦਿਆਂਗਾ। ਕਾਲਾ ਸਿੰਘ ਮੈਂ ਕਰਾਮਾਤ ਸੇਤੀ ਸੁਧ ਦੁਧ ਵਿਚ ਪਾਣੀ ਪਾ ਦਿਆਂਗਾ।

ਬਾਬੇ ਜੀ ਦੇ ਦਰਸ਼ਨ ਹੋਣੇ

ਪਰਮਾਨੰਦ ਜੀ ਨੇ ਬਾਬੇ ਪਾਸ ਆ ਕੇ ਜੈ ਰਾਮ ਸੀਤਾ ਮੂਹੋ ਖੋਲਿਆ ਜੀ। ਜੈਰਾਮ ਜੀ ਭਗਤ ਜੀ ਕਿਹਾ ਅਗੋਂ ਅਤੇ ਕਥਾ ਭੰਡਾਰ ਭੀ ਖੋਲਿਆ ਜੀ। ਓਹਨੂੰ ਜਾਤ ਦਾ ਵਡਾ ਮਾਣ ਹੈ ਸੀ ਬਾਬੇ ਚਾੜ ਕੰਡੇ ਉਤੇ ਤੋਲਿਆ ਜੀ। ਪੰਜ ਤੱਤ ਦੀ ਕਰੀ ਪਛਾਣ ਪਹਿਲੇ ਰਾਮ

Sri Satguru Jagjit Singh Ji Elibrary NamdhariElibrary@gmail.com

ਸਰਬ ਘਟਾਂ ਅੰਦਰ ਹੈ ਮੌਲਿਆ ਜੀ। ਭੈਰੋਂ ਰਾਗ ਅੰਦਰ ਬਾਬੇ ਬੋਲ ਬਾਣੀ ਦੂਈ ਦਵੈਸ਼ ਦਾ ਪੜਦਾ ਤੁੜਾ ਦਿਤਾ। ਕਾਲਾ ਸਿੰਘ ਕਹੇ ਧੰਨ ਰਵਿਦਾਸ ਬਾਬਾ ਜਿਨ੍ਹੇ ਗਿਆਨ ਦਾ ਹੜ ਚਲਾ ਦਿਤਾ।

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰਪ੍ਰਸਾਦਿ ॥

ਬਿਨੁ ਦੇਖੇ ਉਪਜੈ ਨਹੀ ਆਸਾ ॥

ਟੀਕਾ—ਹੇ ਪਰਮਾਨੰਦ ਜਿਸ ਮੂਰਤੀ ਦਾ ਧਿਆਨ ਕਰਕੇ ਪਤਾ ਲਗਦਾ ਹੈ।

ਜੋ ਦੀਸੈ ਸੋ ਹੋਇ ਬਿਨਾਸਾ ॥

ਧਿਆਨ ਧਰ ਕੇ ਫਿਰ ਅਗਾਹਾਂ ਦਰਸ਼ਨ ਹੋਏ ਤੇ ਮੂਰਤੀ ਦੀ ਲੋੜ ਨਹੀਂ ਰਹਿੰਦੀ

ਬਰਨ ਸਹਿਤ ਜੋ ਜਾਪੈ ਨਾਮੁ ॥

ਨਿਤਨੇਮ ਜੋ ਸਿਮਰਨ ਕਰਦਾ ਹੈ (ਪ੍ਰਮਾਤਮ ਦੇਵ ਦਾ

ਸੋ ਜੋਗੀ ਕੇਵਲ ਨਿਹਕਾਮੁ ॥ ੧ ॥

ਨਿਸ਼ਕਾਮਨਾ ਜੋ ਜਾਪ ਜਪਦਾ ਹੈ ਸੋ ਸਚਾ ਜੋਗੀ ਹੈ।

ਪਰਚੈ ਰਾਮੁ ਰਵੈ ਜਉ ਕੋਈ ॥

ਰਾਮ ਨਾਮ ਦੀ ਲਿਵ ਲਾਉਣ ਤੇ ਪਰੇਮੀ ਦੀ ਅਵਸਥਾ ਵਧ ਜਾਂਦੀ ਹੈ।

ਪਾਰਸੁ ਪਰਸੈ ਦੁਬਿਧਾ ਨ ਹੋਈ ॥ ੧ ॥ ਰਹਾਉ ॥

ਪਾਰਸ ਵਟੀ ਨਾਲ ਲਗ ਕੇ ਜਿਵੇਂ (ਤਾਂਬਾ) ਸੋਨਾ ਹੋ ਜਾਂਦਾ ਹੈ। ਭਾਵ ਤਿਵੇਂ ਹੀ ਸੰਤਾਂ ਨੂੰ ਮਿਲ ਕੇ ਜੀਵ ਦੀ ਦਵੈਸ਼ ਨਾਸ਼ ਹੋ ਜਾਂਦੀ ਹੈ।

ਸੋ ਮੁਨਿ ਮਨ ਕੀ ਦੁਬਿਧਾ ਖਾਇ ॥

ਸਚਾ ਮੁਨੀ ਸੰਤ ਮਨ ਤੇ ਦਵੈਸ਼ ਨਹੀਂ ਰਖਦਾ।

ਬਿਨੁ ਦੁਆਰੇ ਤ੍ਰੈਲੋਕ ਸਮਾਇ ॥ ੧ ॥

ਉਹਨਾਂ ਦੀ ਅਵਸਥਾ ਤ੍ਰਿਕੁਟੀ ਵਿਚ ਜਾ ਵਸਦੀ ਹੈ।

ਮਨ ਕਾ ਸੁਭਾਉ ਸਭੁ ਕੋਈ ਕਰੈ।

ਸਚੇ ਜੋਗੀ ਮਨ ਦੇ ਫੁਰਨਿਆਂ ਨੂੰ ਚੰਗੇ ਮਾੜੇ ਨਹੀਂ ਹੋਣ ਦਿੰਦੇ।

Sri Satguru Jagjit Singh Ji Elibrary NamdhariElibrary@gmail.com

ਕਰਤਾ ਹੋਇ ਸੋ ਅਨਭੈ ਰਹੈ ॥ ੨ ॥

ਪ੍ਰਮਾਤਮਾ ਦੀ ਰਜਾ ਵਿਚ ਰਹਿੰਦੇ ਨੇ ਨਾਮ ਸਿਮਰਨ ਵਾਲੇ ਨਿਰਭੈ।

ਫਲ ਕਾਰਣ ਫੂਲੀ ਬਨਿਰਾਇ ॥

ਬਨਾਸਪਤੀ ਨੂੰ ਜਿਵੇਂ ਫਲ ਲਗਣ ਦੇ ਕਾਰਨ ਫੁਲ ਲਗਦੇ ਹੈਨ।

ਫਲ ਲਾਗਾ ਤਬ ਫੂਲ ਬਿਲਾਇ ॥

ਫਲ ਲਗਣ ਤੇ ਫੁਲ ਨਹੀਂ ਰਹਿੰਦਾ ਭਾਵ ਫੁਲ ਨਾਸ਼ ਹੋ ਜਾਂਦਾ ਹੈ।

ਗਿਆਨੈ ਕਾਰਨ ਕਰਮ ਅਭਿਆਸੁ ॥

ਵਾਹਿਗੁਰੂ ਦਾ ਸਿਮਰਨ ਕਰਨ ਵਾਸਤੇ ਕਰਮ ਠੀਕ ਹੈਨ।

ਗਿਆਨੁ ਭਇਆ ਤਉ ਕਰਮਹਿ ਨਾਸ ॥ ੩ ॥

ਅਜਪਾ ਜਾਪ ਹੋਵੇ ਕਰਮ ਕਾਂਡ ਦੀ ਲੋੜ ਨਹੀਂ ਭਾਸਦੀ।

ਘ੍ਰਿਤ ਕਾਰਨ ਦਧਿ ਮਥੈ ਸਇਆਨ ।।

ਜਿਵੇਂ ਦਹੀਂ ਰਿੜਕ ਕੇ ਸਿਆਣੇ ਘਿਉ ਕਢਦੇ ਨੇ।

ਜੀਵਤ ਮੁਕਤਿ ਸਦਾ ਨਿਰਬਾਨ ॥

ਤਿਵੇਂ ਪਰੇਮਾ ਭਗਤੀ ਕਰਨ ਤੇ ਜੀਵ ਮੁਕਤ ਹੋ ਜਾਂ ਾ ਹੈ।

ਕਹਿ ਰਵਿਦਾਸ ਪਰਮ ਬੈਰਾਗ ॥

ਸ੍ਰੀ ਰਵਿਦਾਸ ਸਮਝਾਉਂਦੇ ਨੇ ਹੈ, ਵੈਸ਼ਨੋ ਮਤ ਦੇ ਆਗੂ ਪਰਮਾਨੰਦ।

ਰਿਦੈ ਰਾਮੁ ਕੀ ਨ ਜਪਸਿ ਅਭਾਗ ॥ ੪ ॥ ੧ ॥

ਸਰਬ ਬਿਆਪਕ ਰਮਨ ਹਾਰ ਦਾ ਜਾਪ ਕਰ, (ਹੰਕਾਰ) ਤਿਆਗ ਭਾਵ ਸਤਸੰਗ ਦੀ ਵਡੀ ਲੋੜ ਹੈ। ਮਨ ਦੇ ਟਿਕਾ ਵਾਸਤੇ।

ਪਰਮਾਨੰਦ ਵਲੋਂ ਬੇਨਤੀ

ਪਰਮਾਨੰਦ ਜੀ ਬੜੇ ਆਨੰਦ ਹੋਏ ਕਹਿੰਦੇ ਦਿਲ ਦਾ ਭਰਮ ਹੈ ਠੀਕ ਲਾਹਿਆ। ਆਹ ਭਗਤ ਜੀ ਭੇਟਾ ਮਨਜ਼ੂਰ ਕਰਨੀ ਹੀਰੇ ਮੋਤੀਆਂ ਦੇ ਥਾਲ ਮੈਂ ਲਿਆਇਆ। ਬਾਬਾ ਆਖਦਾ ਨਾਮ ਦੀ ਲੋੜ ਸਾਨੂੰ ਅਸੀ ਨਹੀਂ ਲੈਣੀ ਪਰੇ ਕਰੋ ਮਾਇਆ। ਹੀਰਾ ਨਾਮ ਦਾ ਅਸਾਂ ਨੇ ਨੇਮ ਬਧਾ ਝੂਠੇ ਹੀਰਿਆਂ ਤੋਂ ਅਸੀ ਸੰਗ ਚਾਹਿਆ।

Sri Satguru Jagjit Singh Ji Elibrary NamdhariElibrary@gmail.com

ਸਲੋਕੁ ॥

ਹਰਿਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥

ਟੀਕਾ—ਹੇ ਭਾਈ ਹਰੀ ਰੂਪ ਹੀਰਾ ਸਾਡੇ ਕੋਲ ਹੈ ਇਸ ਤੋਂ ਬਿਨਾ ਹੋਰ ਲੋੜ ਨਹੀਂ ਰਹੀ ਸੰਤਾਂ ਨੂੰ।

ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥ ੪੧ ॥ ਜੋੜ ॥

ਏਹ ਦੋਜਕ ਵਿੱਚ ਲੈਜਾਣ ਵਾਲੀ ਮਾਇਆ ਹੈ। ਭਾਵ ਭਗਤ ਜੀ ਤਿਆਗ ਦ ਉਪਦੇਸ਼ ਦਿੰਦੇ ਹਨ।

ਸ੍ਰੀ ਪਰਮਾਨੰਦ ਦਾ ਸੇਵਕ ਹੋਣਾ

ਨਦਰੀ ਨਦਰ ਦੇ ਨਾਲ ਨਿਹਾਲ ਕਰਦੇ ਭਗਤ ਆਏ ਨੇ ਚਲ ਦੁਕਾਨ ਅੰਦਰ। ਪਰਮਾਨੰਦ ਜੀ ਬੜੇ ਨਿਰਮਾਣ ਹੋਏ ਮਾਣ ਛਡਿਆ ਕਰਨ ਧਿਆਨ ਅੰਦਰ। ਮੋੜੇ ਗੰਡਣ ਵਾਲੀ ਕੂੰਡੀ ਪਈ ਦੇਖੀ ਹੈ ਜੇਹੜੀ ਮਸ਼ਹੂਰ ਜਹਾਨ ਅੰਦਰ। ਬਰਹਾਟ ਰੂਪ ਬ੍ਰਹਮੰਡ ਨੌਂ ਖੰਡ ਦੇਖੇ ਪਹਬਤ ਸਾਗਰ ਤੇ ਵਿਚੇ ਤੂਫਾਨ ਅੰਦਰ। ਤਿੰਨ ਲੋਕ, ਚੌਦਾਂ ਭਵਨ, ਸੱਤ ਸਾਗਰ ਬਰਮਾ ਬਿਸ਼ਨ ਸ਼ਿਵ ਟੱਲ ਬੇਜਾਨ ਅੰਦਰ। ਹੀਰੇ ਮੋਤੀ ਪੁਖਰਾਜ ਤੇ ਲਾਲ ਟਮਕਣ ਹੋਇਆ ਦੇਖਕੇ ਤੇ ਪਰੇਸ਼ਾਨ ਅੰਦਰ। ਮੈਨੂੰ ਮਾਣ ਸੀ ਜਾਤ ਦਾ ਭੁਲ ਮੇਰੀ ਰਹਿੰਦਾ ਘਰ ਗਰੀਬਾਂ ਭਗਵਾਨ ਅੰਦਰ। ਸੀਸ ਆਪਣਾ ਭਗਤ ਦੇ ਚਰਨ ਧਰਿਆ ਟੁਟਿਆ ਦਿਲ ਤੋਂ ਜਦੋਂ ਗੁਮਾਨ ਅੰਦਰ। ਛੂਤ ਨਾਲ ਅਛੂਤ ਦੇ ਲਗਕੇ ਤੇ ਪਰਮਾ ਨੰਦ ਜੀ ਭਰਮ ਗਵਾ ਦਿਤੇ। ਸੇਵਕ ਹੋਇਕੇ ਬ੍ਰਹਮ ਦੀ ਸਮਝ ਆਵੇ ਕਾਲਾ ਸਿੰਘ ਨੇ ਸ਼ੰਕੇ ਨਸਾਇ ਦਿਤੇ।

ਪਰਮਾਨੰਦ ਜੀ ਦਾ ਪਛੋਤਾ

ਮੈਨੂੰ ਬੇਦ ਪਾਠੀ ਪੜ੍ਹਨ ਦਾ ਮਾਣ ਹੈਸੀ ਬਹਿਸ ਕਰ ਕੇ ਸੀ ਮੈਂ ਹਰਾਉਣ ਵਾਲਾ। ਦਇਆ ਵਿਚ ਨਾ ਚਿਤ ਦੇ ਰਹੀ ਮੇਰੇ, ਸੀ ਕਰੋਧ ਤਲਵਾਰ ਚਲਾਉਣ ਵਾਲਾ। ਦਾਨ ਆਪ ਹੀ ਸਾਂ ਮੈਂ ਲੈਣ ਵਾਲਾ ਨਹੀਂ ਕਿਸੇ ਨੂੰ ਦਾਨ ਦਿਵੌਣ ਵਾਲਾ। ਕਾਮੀ ਕਰੋਧੀ ਤੇ ਲੋਭੀ ਸੀ ਚਿਤ ਮੇਰਾ ਨਿਤ ਨਿੰਦਿਆ ਸੀ ਕਰਾਉਣ ਵਾਲਾ। ਜੁਗਤੀ ਦਸ

Sri Satguru Jagjit Singh Ji Elibrary NamdhariElibrary@gmail.com

ਦੇਵੋ ਕਿਰਪਾ ਆਪ ਕਰ ਕੇ ਸ਼ੰਕੇ ਭਰਮ ਤੇ ਦੂਰ ਅਗਿਆਨ ਹੋਵੇ ! ਕਾਲਾ ਸਿੰਘ ਤੁਸੀ ਹੋ ਸਰਬ ਵਿਆਪੀ ਸਰਬ ਵਿਆਪੀ ਦਾ ਮੈਨੂੰ ਧਿਆਨ ਹੋਵੇ।

ਸ੍ਰੀ ਰਵਿਦਾਸ ਜੀ ਵਲੋਂ ਉਪਦੇਸ਼

ਸੁਣਕੇ ਭਗਤ ਜੀ ਨੇ ਨਦਰ ਮੇਹਰ ਕੀਤੀ ਨਾਲ ਆਤਮਾ ਰਾਮ ਮਿਲਾ ਦਿਤਾ। ਦੀਵਾ ਗਿਆਨ ਦਿਤਾ ਹਥ ਜਿਸ ਵੇਲੇ ਭਰਮ ਹਨੇਰ ਤੇ ਸਭ ਨਸਾ ਦਿਤਾ। ਇਕੋ ਬ੍ਰਹਮ ਬ੍ਰਹਮੰਡ ਦੇ ਵਿਚ ਸਾਰੇ ਲਖਤਾ ਦਸ ਦਵੈਸ਼ ਮਿਟਾ ਦਿਤਾ। ਮੰਜ਼ਲ ਸਤਮੀ ਭੂਮਿਕਾ ਜਾ ਦੇਖੀ ਅੰਮ੍ਰਤ ਕੁੰਡ ਦੇ ਕੋਲ ਪੁਚਾ। ਅਨਹੋਂਦ ਵਾਜੇ, ਕੁੰਡਲੀ ਖੁਲ ਗਈ ਪਰਮਾਨੰਦ ਨੂੰ ਮਸਤ ਬਣਾ ਦਿਤਾ ਦਿੱਤਾ।ਸਣੇ ਸਾਥੀਆਂ ਹੋ ਨਿਹਾਲ ਗਿਆ ਆਸਾ ਰਾਗ ਦਾਂ ਸ਼ਬਦ ਸੁਨਾਉਣ ਲਗੇ। ਓਹਨੂੰ ਰਾਮ ਦੇ ਨਾਲ ਮਿਲਾਉਣ ਲਗੇ ਨਾਲੇ ਵਿਚ ਵੈਰਾਗ ਦੇ ਗੌਣ ਲਗੇ।

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ ॥ ੧ ॥ ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ ੧ ॥ ਰਹਾਉ। ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥ ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤ ਪੋਚ ॥ ੨ ॥ ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥ ਕਾਲ ਫਾਸਿ ਅਬਧ ਲਾਗੇ ਕਛੁ ਨ ਚਲੈ ਉਪਾਇ ॥ ੩ ॥ ਰਵਿਦਾਸ ਉਦਾਸ ਤਜ ਭ੍ਰਮੁ ਤਪਨ ਤਪ ਗੁਰ ਗਿਆਨ ॥ ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ। ੪॥

ਟੀਕਾ—ਦਵੱਯਾ ਛਿਓੜ॥

ਫਸੇ ਮ੍ਰਿਗ ਸੁਣ ਘੰਡਾ ਹੇੜਾ, ਮੱਛੀ ਕੰਡੀ ਅੰਦਰ ਜੀਭ ਰਸੰਦਰ।
ਭੌਰ ਫੁਲਾਂ ਤੇ ਕਰੇ ਗੁਜਾਰਾਂ, ਦੀਵਾ ਦੇਖ ਪਤੰਗਰ ਔਂਦਾ ਮੰਦਰ।
ਹਾਥੀ ਮੂਰਤ ਦੇਖ ਕਾਗਜ ਕੀ, ਕਾਮ ਵਸ ਦੁਖ ਪਾਵੇ ਉਮਰ ਗਵਾਵੇ।
ਏਕੋ ਦੋਖ ਵਿਸ਼ੇ ਵਸ ਕੀਤੇ ਆਪਣੀ ਜੂਨ ਫਸਾਵੇ ਆਪ ਬੰਧਾਵੇ।
ਸਤਿਗੁਰ ਪੂਰੇ ਮਿਲਦੇ ਜਿਸਨੂੰ ਬੋਧ ਵਿਦਿਆ ਦੇ ਦਸਣ ਨੇਰਾ ਚੱਕਣ।

Sri Satguru Jagjit Singh Ji Elibrary NamdhariElibrary@gmail.com

ਬਿਬੇਕ ਦੀਪਕ ਚਰਾਗ ਬਾਲਕੇ ਦਿਲੋਂ ਮਲੀਨਤਾ ਢੱਕਣ ਖੋਲਣ ਢੱਕਣ।
ਸੰਗਤ ਕਰੇ ਦੇਹ ਧਾਰੀ ਗੁਰੂ ਦੀ ਜਨਮ ਮਨੁਖਾ ਲਾਵੇ ਮੁਕਤੀ ਪਾਵੇ।
ਕਾਮ ਕਰੋਧ ਦਵੈਸ਼ ਈਰਖਾ ਦਵੈਤ ਦਿਲੋਂ ਚੁਕਾਵੇ ਏਕ ਵਿਸਾਵੇ।
ਲਖ ਚੁਰਾਸੀ ਜੂਨਾਂ ਕੱਟਕੇ ਕਾਲ ਜਮਾਂ ਨੂੰ ਤੋੜੇ ਨਾਮੇ ਦੇ ਹੋੜੇ।
ਗੁਰੂ ਗਿਆਨ ਤਪਾਂ ਸਿਰ ਹੈ ਜਿੰਦਰਾ ਭਰਮ ਮਰੋੜੇ ਕੁਲਫਾਂ ਤੋੜੇ।
ਭਗਤੀ ਕਰੇ ਜੋ ਰੂਪ ਹਰੀ ਦਾ ਪਰਮਾਨੰਦ ਸਿਆਨੇ ਹਰੀ ਦਿਵਾਨੇ।
ਹਰ ਰੂਪ ਵਿਚ ਹਰੀ ਹੈ ਵਸਦਾ ਏਕੋ ਬ੍ਰਹਮ ਪਛਾਨੇ ਹੋਰ ਨਾ ਜਾਨੇ।

ਦੋਹਰਾ—ਸੁਣਿਆ ਸ਼ਬਦ ਰਵਿਦਾਸ ਤੋਂ ਪਰਮਾਨੰਦ ਨਿਧਾਨ।
ਉਸਤਤੀ ਉਚਰ ਸੁਣਾਇਆ ਵਿਚ ਪਰੇਮ ਦੇ ਆਨ॥

### ਸ੍ਰੀ *ਪ੍ਰਮਾਨੰਦ ਜੀ ਵਲੋਂ ਸ਼ਬਦ

ਤੈ ਨਰ ਕਿਆ ਪੁਰਾਨ ਸੁਣ ਕੀਨਾ॥ ਆਨ ਪਾਵਨੀ ਭਗਤਿ ਨਾ ਉਪਜੀ ਭੂਖੇ ਦਾਨ ਨ ਦੀਨਾ॥੧॥ ਕਾਮ ਨਾ ਬਿਸਰਿਓ ਕ੍ਰੋਧ ਨ ਬਿਸਰਿਓ ਲੋਭ ਨ ਛੂਟਿਓ ਦੇਵਾ। ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਹਫਲ ਭਈ ਸਭ ਸੇਵਾ॥੨॥ ਬਾਟ ਪਾਰ ਘਰ ਮੂਸ ਬਿਰਾਨੋ ਭੇਟ ਭਰੈ ਅਪਰਾਧੀ॥ ਜਹਿ ਪ੍ਰਲੋਕ ਜਾਹਿ ਅਪਕੀਰਤ ਸੋਈ ਅਬਿਦਿਆ ਸਾਧੀ॥੩॥ ਹਿੰਸਾ ਤੌ ਮਨ ਤੇ ਨਹੀਂ ਛੂਟੀ ਜੀਅ ਦਇਆ ਨਹੀਂ ਪਾਲੀ॥ ਪਰਮਾਨੰਦ ਸਾਧ ਸੰਗਤ ਬਿਨ ਕਥਾ ਪੁਨੀਤ ਨ ਚਾਲੀ।੪॥

### ਵਾਕ ਸੇਵਕ

ਪਰਮਾ ਨੰਦ ਜੀ ਦਿਲ ਤੋਂ ਲਾਹ ਸ਼ੰਕੇ ਚਲੇ ਦੇਸ ਪਰਦੇਸ ਵਿਚ ਆਂਵਦੇ ਨੇ। ਜਾਣ ਤੀਰਥਾਂ ਤੇ ਸੰਗ ਚੇਲਿਆਂ ਦੇ ਮਹਿਮਾਂ ਸ੍ਰੀ ਰਵਿਦਾਸ ਦੀ ਗਾਂਵਦੇ ਨੇ। ਇਕ ਭਗਤ ਭਗਵਾਨ ਦੀ ਪੂਜ ਬਾਝੋਂ

---

*ਇਹ ਸ਼ਬਦ ਗੁਰੂ ਗਰੰਥ ਸਾਹਿਬ ਦਾ ਹੈ। ਪਰਮਾਨੰਦ ਜੀ ਜਿਲਾ ਸੋਲ੍ਹਪੁਰ ਦੇ ਬਾਰਸੀ ਪਿੰਡ ਵਿਚ ਸੰਮਤ ੧੩੯੮ ਨੂੰ ਜਨਮੇ ਸੀ। ਆਪ ਨੇ ਇਕ ਕਿਤਾਬ ਲਿਖੀ ਹੈ। ਜੋ (ਅਸਟਛਾਪ) ਨਾਮ ਕਰਕੇ ਪਰਸਿਧ ਹੈ। ਸਾਰੀ ਹੀ ਉਮਰ ਰਾਮ ਦੀ ਉਪਾਸ਼ਨਾ ਹੈ ਆਪ ਨੇ ਕਵੀ ਹੋਣ ਦੀ ਹੈਂਵ ਵਿਚ ਆਪਣੇ ਆਪ ਨੂੰ ਚਾਤ੍ਰਕ ਨਾਮ ਲਿਖਿਆ ਹੈ ਛੰਦਾਂ ਵਿਚ। ਆਪ ਦੇ ਨਾਮ ਤੋਂ ਇਕ ਮੱਤ ਜਿਸਦਾ ਨਾਮ ਪਰਮਾਨੰਦੀਏ ਵੈਸ਼ਨੋ ਪ੍ਰਸਿਧ ਹੈ।

Sri Satguru Jagjit Singh Ji Elibrary NamdhariElibrary@gmail.com

ਹੋਰ ਕੀਤੇ ਪਖੰਡ ਨਸਾਂਵਦੇ ਨੇ। ਬੈਰਾਗੀ ਮਤ ਸੀ ਏਹਨਾਂ ਦਾ ਦਸਦੇ ਨੇ ਗੁਰੂ ਇਹਨਾਂ ਦੇ ਇਹ ਅਲਾਂਵਦੇ ਨੇ। ਰਾਮਾ ਨੰਦ ਜੀ ਮੂਰਤੀ ਪੂਜ ਹੈਸਨ ਪਰਮਾ ਨੰਦ ਜੀ ਰਾਮ ਦਾ ਧਿਆਨ ਕਰਦੇ। ਅੰਮ੍ਰਤ ਵੇਲੜੇ ਉਠ ਹਮੇਸ਼ ਪਹਿਲੇ ਕਾਲਾ ਸਿੰਘ ਜੇ ਉਠ ਇਸ਼ਨਾਨ ਕਰਦੇ।

ਦੋਹਰਾ—ਆਗਿਆ ਲੈਕੇ ਭਗਤ ਤੋਂ ਤੁਰ ਪਏ ਪਰਮਾ ਨੰਦ।
ਜਸ ਭਗਤ ਰਵਿਦਾਸ ਦਾ ਹੁੰਦਾ ਨਿਤ ਬਲੰਦ॥

ਰਵਿਦਾਸ ਭਗਤ ਜੀ ਨੂੰ ਅਕਾਲ ਪੁਰਖ ਜੀ ਦੇ ਦਰਸ਼ਨ ਹੋਣੇ

ਦਵੈਯਾ ਛੰਦ॥

ਦੇਸ ਪ੍ਰਦੇਸੀਂ ਜਸ ਭਗਤ ਦਾ ਵਧਿਆ ਜਗਤ ਮੇਂ ਸਾਰੇ।
ਦੂਰੋਂ ਨੇੜਿਓਂ ਕਰ ਕੇ ਕਈਆਂ ਆ ਕੇ ਜਨਮ ਸੁਧਾਰੇ।
ਪੂਜਾ ਸੰਧਿਆ ਸਮੇਂ ਨਿਤ ਹੀ ਸੰਖ ਵਜੇ ਘੜਿਆਲਾ।
ਮਸਤੀ ਨਾਮ ਦੀ ਰੰਗਣ ਚੜ੍ਹ ਪਈ ਫਿਰਦੀ ਹਰਦਮ ਮਾਲਾ।
ਅਠੇ ਪੋਹਰ ਹੀ ਭੀੜ ਹਮੇਸ਼ਾਂ ਇਕ ਆਵਣ ਇਕ ਜਾਵਣ।
ਗੁਰ ਮੰਤਰ ਤੇ ਰਹਿਤ ਦਸਦੇ ਲਗੇ ਭਰਮ ਨਸਾਵਣ।
ਕਰਮ ਵੈਸ਼ਨੋ ਧਾਰਨ ਕੀਤੇ ਇਕ ਛਿਨ ਨਹੀਂ ਭੁਲਾਂਦੇ।
ਕੇਸ, ਸਫੇਦ ਬਸਤਰ ਦਾਹੜਾ ਰੋਮ ਨ ਕਿਤੋਂ ਲੁਹਾਂਦੇ।
ਹੀਰੇ ਮੋਤੀ, ਪਾਰਸ ਵਟੀ ਭਗਤ ਤਿਆਗੀ ਮਾਇਆ।
ਤਾਂ ਹੀ ਪੰਚਮ ਗੁਰੂ ਜੀ ਲਿਖਿਆ *ਹਰਿਕਾ ਦਰਸ਼ਨ ਪਾਇਆ।
ਸਤ ਸੰਗਤ ਨਿਤ ਹੁੰਦੀ ਰਹਿੰਦੀ ਚੜ੍ਹੀ ਨਾਮ ਦੀ ਰੰਗਣ।
ਕਿਰਤ ਕੰਮ ਭੀ ਛਡੇ ਸਾਰੇ ਜੋੜੇ ਸਿਊਣੇ ਗੰਢਣ।
ਅੰਮ੍ਰਿਤ ਵੇਲੇ ਜੋਤ ਅਕਾਲੀ ਦਰਸ਼ਨ ਆ ਕਰ ਦੇਵਣ।
ਭਗਤਾਂ ਦੇ ਵਸ ਠਾਕਰ ਹੋਇਆ ਰਜਿ ਰਜਿ ਜੇਹੜੇ ਸੇਵਣ।
ਕਿਹਾ ਪ੍ਰਗਟ ਹੋ ਕੇ ਰਾਮ ਜੀ ਕਿਤਨੀ ਪਰੀਤੀ ਮੇਰੀ।

---

*ਰਵਿਦਾਸ ਢੋਵੰਤਾ ਢੋਰ ਨੀਤ ਤਿਨ ਤਿਆਗੀ ਮਾਇਆ॥
ਪ੍ਰਗਟ ਹੋਇਆ ਸਾਧ ਸੰਗਿ ਹਰਿ ਦਰਸਨ ਪਾਇਆ॥

Sri Satguru Jagjit Singh Ji Elibrary NamdhariElibrary@gmail.com

**ਜਿਸ ਕਾਰਨ ਮੈਂ ਭਰਦਾ ਭਗਤਾ ਨਿਤ ਚੌਕੀ ਹਾਂ ਤੇਰੀ।**
**ਮਸਤੀ ਨਾਮ ਦੀ ਚੜ੍ਹੀ ਬਾਬੇ ਨੂੰ ਉਚੀ ਉਚੀ ਗਾਵੇ।**
**ਨਾਲੇ ਰੱਬ ਦੇ ਦਰਸ਼ਨ ਕਰਦੇ ਹਰਿ ਜਸ ਉਚਰ ਸੁਨਾਵੇ।**

ਬਾਣੀ ਸੋਰਠ

ਜਉ ਤੁਮ ਗਿਰਵਰ ਤਉ ਹਮ ਮੋਰਾ ॥

ਟੀਕਾ—ਹੇ ਨਿਰੰਕਾਰ ਜੇ ਪ੍ਰਭੂ ਪਹਾੜ ਦੀ ਨਿਆਈਂ ਉਚਾ ਜਾਪੇ ਤਾਂ ਮੈਂ ਫਿਰ ਮੋਰ ਹੋ ਕੇ ਤੇਰੇ ਵਿਚ ਵਸਾਂ। ਭਾਵ ਉਚੀ ਬੋਲ ਕੇ ਤੇਰਾ ਜਾਪ ਕਰਾਂ।

ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ।੧॥

ਜੇਕਰ ਅਸਮਾਨ ਤੇ ਚੰਦਰਮਾ ਦਾ ਰੂਪ ਕਰ ਲਵੇਂ ਮੈਂ ਚਕੋਰ ਪੰਛੀ ਬਣ ਕੇ ਤੇਰਾ ਦਰਸ਼ਨ ਵੇਖਾਂ।

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹੁ ।

ਹੇ ਨਿਰੰਕਾਰ ਜੇਕਰ ਤੁਸੀ ਮੈਥੋਂ ਦੂਰ ਨਹੀਂ ਜਾਂਦੇ ਤਾਂ ਮੈਂ ਭੀ ਨਹੀਂ ਦੂਰ ਜਾਂਦ ਸਚੀ ਪਰੀਤ ਏਹ ਹੈ ਜੋ ਆਪ ਨਾਲ ਹੈ।

ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ ।

ਤੇਰੇ ਨਾਲੋਂ ਪਰੀਤ ਤੋੜ ਕੇ ਹੋਰ ਕਿਥੇ ਜੋੜਾਂ ਭਾਵ ਹੋਰ ਥਾਂ ਨਹੀਂ।

ਜਉ ਤੁਮ ਦੀਵਰਾ ਤਉ ਹਮ ਬਾਤੀ ॥

ਹੇ ਪ੍ਰੀਤਮ ਜੀਉ ਜੇ ਤੂੰ ਦੀਵਾ ਹੋ ਜਾਵੇਂ ਜਗਤ ਰੂਪੀ ਤੇਲ ਸਾਂਭਣ ਵਾਲਾ ਤਾਂ ਮੈਂ ਬਤੀ ਬਣਕੇ ਵਿਚ ਰਹਾਂਗਾ।

ਜਉ ਤੁਮ ਤੀਰਥ ਤਉ ਹਮ ਜਾਤੀ ॥ ੨ ॥

ਜੇ ਤੀਰਥ ਬਣ ਜਾਵੇਂ ਤਾਂ ਮੈਂ ਜਾਲਾ ਹੋ ਕੇ (ਜਾਤੀ, ਤਰਾਂ ਪਾਣੀ ਦੇ ਵਿਚੋ ਰਹਾ।

ਸਾਚੀ ਪ੍ਰੀਤ ਹਮ ਤੁਮ ਸਿੰਗ ਜੋਰੀ ॥

ਸਚ ਦੀ ਪ੍ਰੀਤ ਤੇ ਪ੍ਰਤੀਤ ਗੰਡੀ ਹੋਈ ਹੈ।

ਤੁਮ ਜੋਰਿ ਅਵਰ ਸੰਗਿ ਤੋਰੀ ॥ ੩ ॥

ਹੋਰਨਾਂ ਨਾਲੋਂ ਤੋੜ ਦਿਤੀ ਹੈ ਪ੍ਰੀਤੀ।

ਜਹਿ ਜਹਿ ਜਾਉ ਤਹਾ ਤੇਰੀ ਸੇਵਾ ॥

ਜਿਸ ਵੇਲੇ ਤੂੰ ਸਰਗੁਣ ਰੂਪ ਧਾਰ ਕੇ ਜਗਤ ਵਿਚ ਆਵੇਂ ਮੈਂ ਤੇਰੀ ਸੇਵਾ ਕਰਾਂ ਗਾ ਤੇ ਸੇਵਕ ਹੋਕੇ ਰਹਾਂਗਾ।

Sri Satguru Jagjit Singh Ji Elibrary NamdhariElibrary@gmail.com

ਦੇਵੋ ਕਿਰਪਾ ਆਪ ਕਰ ਕੇ ਸ਼ੰਕੇ ਭਰਮ ਤੇ ਦੂਰ ਅਗਿਆਨ ਹੋਵੇ ! ਕਾਲਾ ਸਿੰਘ ਤੁਸੀ ਹੋ ਸਰਬ ਵਿਆਪੀ ਸਰਬ ਵਿਆਪੀ ਦਾ ਮੈਨੂੰ ਧਿਆਨ ਹੋਵੇ ।

ਸ੍ਰੀ ਰਵਿਦਾਸ ਜੀ ਵਲੋਂ ਉਪਦੇਸ਼

ਸੁਣਕੇ ਭਗਤ ਜੀ ਨੇ ਨਦਰ ਮੇਹਰ ਕੀਤੀ ਨਾਲ ਆਤਮਾ ਰਾਮ ਮਿਲਾ ਦਿਤਾ । ਦੀਵਾ ਗਿਆਨ ਦਿਤਾ ਹਥ ਜਿਸ ਵੇਲੇ ਭਰਮ ਹਨੇਰ ਤੇ ਸਭ ਨਸਾ ਦਿਤਾ । ਇਕੋ ਬ੍ਰਹਮ ਬ੍ਰਹਮੰਡ ਦੇ ਵਿਚ ਸਾਰੇ ਲਖਤਾ ਦਸ ਦਵੈਸ਼ ਮਿਟਾ ਦਿਤਾ । ਮੰਜ਼ਲ ਸਤਮੀ ਭੂਮਿਕਾ ਜਾ ਦੇਖੀ ਅੰਮ੍ਰਤ ਕੁੰਡ ਦੇ ਕੋਲ ਪੁਚਾ । ਅਨਹੌਂਦ ਵਾਜੇ, ਕੁੰਡਲੀ ਖੁਲ ਗਈ ਪਰਮਾਨੰਦ ਨੂੰ ਮਸਤ ਬਣਾ ਦਿਤਾ ਦਿੱਤਾ।ਸਣੇ ਸਾਥੀਆਂ ਹੋ ਨਿਹਾਲ ਗਿਆ ਆਸਾ ਰਾਗ ਦਾਂ ਸ਼ਬਦ ਸੁਨਾਉਣ ਲਗੇ । ਓਹਨੂੰ ਰਾਮ ਦੇ ਨਾਲ ਮਿਲਾਉਣ ਲਗੇ ਨਾਲੇ ਵਿਚ ਵੈਰਾਗ ਦੇ ਗੌਣ ਲਗੇ ।

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰੁ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ ॥ ੧ ॥ ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ ੧ ॥ ਰਹਾਉ ॥ ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥ ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤ ਪੋਚ ॥ ੨ ॥ ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥ ਕਾਲ ਫਾਸਿ ਅਬਧ ਲਾਗੇ ਕਛੁ ਨ ਚਲੈ ਉਪਾਇ ॥ ੩ ॥ ਰਵਿਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥ ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥ ੪ ॥

ਟੀਕਾ—ਦਵੈਯਾ ਫਿਓੜ ॥

ਫਸੇ ਮ੍ਰਿਗ ਸੁਣ ਘੰਡਾ ਹੇੜਾ, ਮੱਛੀ ਕੰਡੀ ਅੰਦਰ ਜੀਭ ਰਸੰਦਰ ।
ਭੌਰ ਫੁਲਾਂ ਤੇ ਕਰੇ ਗੁਜਾਰਾਂ, ਦੀਵਾ ਦੇਖ ਪਤੰਗਰ ਔਂਦਾ ਮੰਦਰ ।
ਹਾਥੀ ਮੂਰਤ ਦੇਖ ਕਾਗਜ ਕੀ, ਕਾਮ ਵਸ ਦੁਖ ਪਾਵੇ ਉਮਰ ਗਵਾਵੇ ।
ਏਕੋ ਦੋਖ ਵਿਸ਼ੇ ਵਸ ਕੀਤੇ ਆਪਣੀ ਜੂਨ ਫਸਾਵੇ ਆਪ ਬੰਧਾਵੇ ।
ਸਤਿਗੁਰ ਪੂਰੇ ਮਿਲਦੇ ਜਿਸਨੂ ਬੋਧ ਵਿਦਿਆ ਦੇ ਦਸਣ ਨੇਰਾ ਚੱਕਣ ।

Sri Satguru Jagjit Singh Ji Elibrary NamdhariElibrary@gmail.com

ਬਿਬੇਕ ਦੀਪਕ ਚਰਾਗ ਬਾਲਕੇਦਿਲੋਂ ਮਲੀਨਤਾ ਢੱਕਣ ਖੋਲਣ ਢੱਕਣ।
ਸੰਗਤ ਕਰੇ ਦੇਹ ਧਾਰੀ ਗੁਰੂ ਦੀ ਜਨਮ ਮਨੁਖਾ ਲਾਵੇ ਮੁਕਤੀ ਪਾਵੇ।
ਕਾਮ ਕਰੋਧ ਦਵੈਸ਼ ਈਰਖਾ ਦਵੈਤ ਦਿਲੋਂ ਚੁਕਾਵੇ ਏਕ ਵਿਸਾਵੇ।
ਲਖ ਚੁਰਾਸੀ ਤੂੰਨਾਂ ਕੱਟਕੇ ਕਾਲ ਜਮਾਂ ਨੂ ਤੋੜੇ ਨਾਮੇ ਦੇ ਹੋੜੇ।
ਗੁਰੂ ਗਿਆਨ ਤਪਾਂ ਸਿਰ ਹੈ ਜਿੰਦਰਾ ਭਰਮ ਮਰੋੜੇ ਕੁਲਫਾਂ ਤੋੜੇ।
ਭਗਤੀ ਕਰੇ ਜੋ ਰੂਪ ਹਰੀ ਦਾ ਪਰਮਾਨੰਦ ਸਿਆਨੇ ਹਰੀ ਦਿਵਾਨੇ।
ਹਰ ਰੂਪ ਵਿਚ ਹਰੀ ਹੈ ਵਸਦਾ ਏਕੋ ਬ੍ਰਹਮ ਪਛਾਨੇ ਹੋਰ ਨਾ ਜਾਨੇ।

ਦੋਹਰਾ—ਸੁਣਿਆ ਸ਼ਬਦ ਰਵਿਦਾਸ ਤੋਂ ਪਰਮਾਨੰਦ ਨਿਧਾਨ।
ਉਸਤਤੀ ਉਚਰ ਸੁਣਾਇਆ ਵਿਚ ਪਰੇਮ ਦੇ ਆਨ॥

ਸ੍ਰੀ *ਪ੍ਰਮਾਨੰਦ ਜੀ ਵਲੋਂ ਸ਼ਬਦ

ਤੈ ਨਰ ਕਿਆ ਪੁਰਾਨ ਸੁਣ ਕੀਨਾ॥ ਆਨ ਪਾਵਨੀ ਭਗਤਿ ਨਾ ਉਪਜੀ ਭੂਖੇ ਦਾਨ ਨ ਦੀਨਾ॥੧॥ ਕਾਮ ਨਾ ਬਿਸਰਿਓ ਕ੍ਰੋਧ ਨ ਬਿਸਰਿਓ ਲੋਭ ਨ ਛੂਟਿਓ ਦੇਵਾ। ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਹਫਲ ਭਈ ਸਭ ਸੇਵਾ॥੨॥ ਬਾਟ ਪਾਰ ਘਰ ਮੂਸ ਬਿਰਾਨੋ ਪੇਟ ਭਰੇ ਅਪਰਾਧੀ॥ ਜਹਿ ਪ੍ਰਲੋਕ ਜਾਹਿ ਅਪਕੀਰਤ ਸੋਈ ਅਬਿਦਿਆ ਸਾਧੀ॥੩॥ ਹਿੰਸਾ ਤੌ ਮਨ ਤੇ ਨਹੀਂ ਛੂਟੀ ਜੀਅ ਦਇਆ ਨਹੀਂ ਪਾਲੀ॥ ਪਰਮਾਨੰਦ ਸਾਧ ਸੰਗਤ ਬਿਨ ਕਥਾ ਪੁਨੀਤ ਨ ਚਾਲੀ॥੪॥

ਵਾਕ ਸੇਵਕ

ਪਰਮਾ ਨੰਦ ਜੀ ਦਿਲ ਤੋਂ ਲਾਹ ਸ਼ੰਕੇ ਚਲੇ ਦੇਸ ਪਰਦੇਸ ਵਿਚ ਆਂਵਦੇ ਨੇ। ਜਾਣ ਤੀਰਥਾਂ ਤੇ ਸੰਗ ਚੇਲਿਆਂ ਦੇ ਮਹਿਮਾਂ ਸ੍ਰੀ ਰਵਿਦਾਸ ਦੀ ਗਾਂਵਦੇ ਨੇ। ਇਕ ਭਗਤ ਭਗਵਾਨ ਦੀ ਪੂਜ ਬਾਝੋਂ

---

*ਇਹ ਸ਼ਬਦ ਗੁਰੂ ਗਰੰਥ ਸਾਹਿਬ ਦਾ ਹੈ। ਪਰਮਾਨੰਦ ਜੀ ਜਿਲਾ ਸੋਲ੍ਹਾਪੁਰ ਦੇ ਬਾਰਸੀ ਪਿੰਡ ਵਿਚ ਸੰਮਤ ੧੩੯੮ ਨੂੰ ਜਨਮੇ ਸੀ। ਆਪ ਨੇ ਇਕ ਕਿਤਾਬ ਲਿਖੀ ਹੈ। ਜੋ (ਅਸਟਛਾਪ) ਨਾਮ ਕਰਕੇ ਪਰਸਿਧ ਹੈ ਸਾਰੀ ਹੀ ਉਮਰ ਰਾਮ ਦੀ ਉਪਾਸ਼ਨਾ ਹੈ ਆਪ ਨੇ ਕਵੀ ਹੋਣ ਦੀ ਹੈਸੀਅਤ ਵਿਚ ਆਪਣੇ ਆਪ ਨੂੰ ਚਾਤ੍ਰਕ ਨਾਮ ਲਿਖਿਆ ਹੈ ਛੰਦਾਂ ਵਿਚ। ਆਪ ਦੇ ਨਾਮ ਤੋਂ ਇਕ ਮੱਤ ਜਿਸਦਾ ਨਾਮ ਪਰਮਾਨੰਦੀਏ ਵੈਸ਼ਨੋ ਪ੍ਰਸਿਧ ਹੈ।

ਹੋਰ ਕੀਤੇ ਪਖੰਡ ਨਸਾਂਵਦੇ ਨੇ। ਬੈਰਾਗੀ ਮਤ ਸੀ ਏਹਨਾਂ ਦਾ ਦਸਦੇ ਨੇ ਗੁਰੂ ਇਹਨਾਂ ਦੇ ਇਹ ਅਲਾਂਵਦੇ ਨੇ। ਰਾਮਾ ਨੰਦ ਜੀ ਮੂਰਤੀ ਪੂਜ ਹੋਸਨ ਪਰਮਾ ਨੰਦ ਜੀ ਰਾਮ ਦਾ ਧਿਆਨ ਕਰਦੇ। ਅੰਮ੍ਰਤ ਵੇਲੜੇ ਉਠ ਹਮੇਸ਼ ਪਹਿਲੇ ਕਾਲਾ ਸਿੰਘ ਜੋ ਉਠ ਇਸ਼ਨਾਨੋ ਕਰਦੇ।

ਦੋਹਰਾ—ਆਗਿਆ ਲੈਕੇ ਭਗਤ ਤੋਂ ਤੁਰ ਪਏ ਪਰਮਾ ਨੰਦ।
ਜਸ ਭਗਤ ਰਵਿਦਾਸ ਦਾ ਹੁੰਦਾ ਨਿਤ ਬਲੰਦ॥

ਰਵਿਦਾਸ ਭਗਤ ਜੀ ਨੂੰ ਅਕਾਲ ਪੁਰਖ ਜੀ ਦੇ ਦਰਸ਼ਨ ਹੋਣੇ

ਦਵੈਯਾ ਛੰਦ॥

ਦੇਸ ਪ੍ਰਦੇਸੀਂ ਜਸ ਭਗਤ ਦਾ ਵਧਿਆ ਜਗਤ ਮੇਂ ਸਾਰੇ।
ਦੂਰੋਂ ਨੇੜਿਓਂ ਕਰ ਕੇ ਕਈਆਂ ਆ ਕੇ ਜਨਮ ਸੁਧਾਰੇ।
ਪੂਜਾ ਸੰਧਿਆ ਸਮੇਂ ਨਿਤ ਹੀ ਸੰਖ ਵਜੇ ਘੜਿਆਲਾ।
ਮਸਤੀ ਨਾਮ ਦੀ ਰੰਗਣ ਚੜ੍ਹ ਪਈ ਫਿਰਦੀ ਹਰਦਮ ਮਾਲਾ।
ਅਠੇ ਪੈਹਰ ਹੀ ਭੀੜ ਹਮੇਸ਼ਾਂ ਇਕ ਆਵਣ ਇਕ ਜਾਵਣ।
ਗੁਰ ਮੰਤਰ ਤੇ ਰਹਿਤ ਦਸਦੇ ਲਗੇ ਭਰਮ ਨਸਾਵਣ।
ਕਰਮ ਵੈਸ਼ਨੋ ਧਾਰਨ ਕੀਤੇ ਇਕ ਛਿਨ ਨਹੀਂ ਭੁਲਾਂਦੇ।
ਕੇਸ, ਸਫੇਦ ਬਸਤਰ ਦਾਹੜਾ ਰੋਮ ਨ ਕਿਤੋਂ ਲੁਹਾਂਦੇ।
ਹੀਰੇ ਮੋਤੀ, ਪਾਰਸ ਵਟੀ ਭਗਤ ਤਿਆਗੀ ਮਾਇਆ।
ਤਾਂ ਹੀ ਪੰਚਮ ਗੁਰੂ ਜੀ ਲਿਖਿਆ *ਹਰਿਕਾ ਦਰਸ਼ਨ ਪਾਇਆ।
ਸਤ ਸੰਗਤ ਨਿਤ ਹੁੰਦੀ ਰਹਿੰਦੀ ਚੜ੍ਹੀ ਨਾਮ ਦੀ ਰੰਗਣ।
ਕਿਰਤ ਕੰਮ ਭੀ ਛਡੇ ਸਾਰੇ ਜੋੜੇ ਸਿਊਣੇ ਗੰਡਣ।
ਅੰਮ੍ਰਿਤ ਵੇਲੇ ਜੋਤ ਅਕਾਲੀ ਦਰਸ਼ਨ ਆ ਕਰ ਦੇਵਣ।
ਭਗਤਾਂ ਦੇ ਵਸ ਠਾਕਰ ਹੋਇਆ ਰਜਿ ਰਜਿ ਜੇਹੜੇ ਸੇਵਣ।
ਕਿਹਾ ਪ੍ਰਗਟ ਹੋ ਕੇ ਰਾਮ ਜੀ ਕਿਤਨੀ ਪਰੀਤੀ ਮੇਰੀ।

---

*ਰਵਿਦਾਸ ਢੋਵੰਤਾ ਢੋਰ ਨੀਤ ਤਿਨ ਤਿਆਗੀ ਮਾਇਆ॥
ਪ੍ਰਗਟ ਹੋਇਆ ਸਾਧ ਸੰਗਿ ਹਰਿ ਦਰਸਨ ਪਾਇਆ॥

Sri Satguru Jagjit Singh Ji Elibrary NamdhariElibrary@gmail.com

ਜਿਸ ਕਾਰਨ ਮੈਂ ਭਰਦਾ ਭਗਤਾ ਨਿਤ ਚੋਕੀ ਹਾਂ ਤੇਰੀ।
ਮਸਤੀ ਨਾਮ ਦੀ ਚੜ੍ਹੀ ਬਾਬੇ ਨੂੰ ਉਚੀ ਉਚੀ ਗਾਵੇ।
ਨਾਲੇ ਰੱਬ ਦੇ ਦਰਸ਼ਨ ਕਰਦੇ ਹਰਿ ਜਸ ਉਚਰ ਸੁਨਾਵੇ।

ਬਾਣੀ ਸੋਰਠ

ਜਉ ਤੁਮ ਗਿਰਵਰ ਤਉ ਹਮ ਮੋਰਾ ॥

ਟੀਕਾ—ਹੇ ਨਿਰੰਕਾਰ ਜੇ ਪ੍ਰਭੂ ਪਹਾੜ ਦੀ ਨਿਆਈਂ ਉਚਾ ਜਾਪੇ ਤਾਂ ਮੈਂ ਫਿਰ ਮੋਰ ਹੋ ਕੇ ਤੇਰੇ ਵਿਚ ਵਸਾਂ। ਭਾਵ ਉਚੀ ਬੋਲ ਕੇ ਤੇਰਾ ਜਾਪ ਕਰਾਂ।

ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ।੧॥

ਜੇਕਰ ਅਸਮਾਨ ਤੇ ਚੰਦਰਮਾ ਦਾ ਰੂਪ ਕਰ ਲਵੇਂ ਮੈਂ ਚਕੋਰ ਪੰਛੀ ਬਣ ਕੇ ਤੇਰਾ ਦਰਸ਼ਨ ਦੇਖਾਂ।

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਾਹੁ ।

ਹੇ ਨਿਰੰਕਾਰ ਜੇਕਰ ਤੁਸੀ ਮੈਥੋਂ ਦੂਰ ਨਹੀਂ ਜਾਂਦੇ ਤਾਂ ਮੈਂ ਭੀ ਨਹੀਂ ਦੂਰ ਜਾਂਦ ਸਚੀ ਪਰੀਤ ਏਹ ਹੈ ਜੋ ਆਪ ਨਾਲ ਹੈ।

ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ ।

ਤੇਰੇ ਨਾਲੋਂ ਪਰੀਤ ਤੋੜ ਕੇ ਹੋਰ ਕਿਥੇ ਜੋੜਾਂ ਭਾਵ ਹੋਰ ਥਾਂ ਨਹੀਂ।

ਜਉ ਤੁਮ ਦੀਵਰਾ ਤਉ ਹਮ ਬਾਤੀ ॥

ਹੇ ਪ੍ਰੀਤਮ ਜੀਉ ਜੇ ਤੂੰ ਦੀਵਾ ਹੋ ਜਾਵੇਂ ਜਗਤ ਰੂਪੀ ਤੇਲ ਸਾਂਭਣ ਵਾਲਾ ਤਾਂ ਮੈਂ ਬਤੀ ਬਣਕੇ ਵਿਚ ਰਹਾਂਗਾ।

ਜਉ ਤੁਮ ਤੀਰਥ ਤਉ ਹਮ ਜਾਤੀ ॥ ੨ ॥

ਜੇ ਤੀਰਥ ਬਣ ਜਾਵੇਂ ਤਾਂ ਮੈਂ ਜਾਲਾ ਹੋ ਕੇ (ਜਾਤੀ) ਤਰਾਂ ਪਾਣੀ ਦੇ ਵਿਚੇ ਰਹਾ।

ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ ॥

ਸਚ ਦੀ ਪ੍ਰੀਤ ਤੇ ਪ੍ਰਤੀਤ ਗੰਢੀ ਹੋਈ ਹੈ।

ਤੁਮ ਜੋਰਿ ਅਵਰ ਸੰਗਿ ਤੋਰੀ ॥ ੩ ॥

ਹੋਰਨਾਂ ਨਾਲੋਂ ਤੋੜ ਦਿਤੀ ਹੈ ਪ੍ਰੀਤੀ।

ਜਹਿ ਜਹਿ ਜਾਉ ਤਹਾ ਤੇਰੀ ਸੇਵਾ ॥

ਜਿਸ ਵੇਲੇ ਤੂੰ ਸਰਗੁਣ ਰੂਪ ਧਾਰ ਕੇ ਜਗਤ ਵਿਚ ਆਵੇਂ ਮੈਂ ਤੇਰੀ ਸੇਵਾ ਕਰਾਂ ਗਾ ਤੇ ਸੇਵਕ ਹੋਕੇ ਰਹਾਂਗਾ।

Sri Satguru Jagjit Singh Ji Elibrary NamdhariElibrary@gmail.com

ਲਛਮੀ, ਪੁਤਰ, ਮੰਦਰ, ਸੇਤੀ ਸੰਤ ਨਾ ਚਿਤ ਭਰਮਾਵਣ।
ਮਨ ਵਸ ਕਰ ਕੇ ਸਾਧੂ ਆਪਣਾ ਪੁਜਣ ਦਸਵੇਂ ਦੁਆਰੇ।
ਅਨਹਦ ਵਾਜੇ ਰੁਣ ਝੁਣ ਸੁਣਦੇ ਜੋਤੀਂ ਪੈਣ ਚਮਕਾਰੇ।
ਅੰਮ੍ਰਿਤ ਰਸ ਦੀ ਧਾਰਾ ਪੀਵਣ ਖੁਸ਼ੀ ਓਸ ਵਿਚ ਜੀਵਣ।
ਬਲਣ ਪਰੇਮ ਦੇ ਦੀਵੇ ਹਰਦਮ ਭਰ ਭਰ ਪਿਆਲੇ ਪੀਵਣ।
ਸਾਧੂ ਸੰਤ ਗਰੀਬਾਂ ਅੰਦਰ ਵੰਡ ਖਾਣਾ ਤੇ ਪੀਣਾ।
ਰਹਿਣਾ ਵਿਚ ਗਰੀਬੀ ਹਰ ਦਮ ਸਾਸ ਜਿੰਨਾ ਚਿਰ ਜੀਣਾ।
ਬਣ ਗਏ ਸੋਨਾ ਸੰਦ ਨਿਕਾਰੇ ਚੰਮੜਾ ਕਟਣ ਨਾਹੀਂ।
ਕੰਮ ਗੰਢਣ ਤੁਪਣ ਵਾਲਾ ਹੁੰਦਾ ਹੈ ਨਾ ਕਾਹੀ।
ਪੁਛਣ ਲੋਕ ਸਰਬੰਧੀ ਸਾਖੀ ਬੀਤੇ ਕਈ ਮਹੀਨੇ।
ਕਿਉ ਨਹੀਂ ਕੰਮ ਕਰੇਂਦੇ ਭਗਤ ਜੀ ਕਿਧਰ ਸੰਦ ਨਗੀਨੇ।
ਆਹ ਲੋ ਰੰਬੀ, ਆਰਾਂ, ਸੂਈਆਂ, ਆਪਣਾ ਕੰਮ ਚਲਾਵੋ।
ਇਸ ਦੁਨੀਆਂ ਦੇ ਚਾਰ ਦਿਹਾੜੇ ਖਾਵੋ ਚਾ ਹੰਡਾਵੋ।
ਉਸ ਵੇਲੇ ਫਿਰ ਬਾਬੇ ਜੀ ਨੇ ਏਹੋ ਸ਼ਬਦ ਸੁਣਾਇਆ।
ਕੰਮ ਬਿਗਾਰਾਤੇ ਗੰਡਣ ਵਾਲਾ ਇਕ ਦਮ ਇਉਂ ਹਟਾਇਆ।

ਸੋਰਠ ਬਾਣੀ ਰਵਿਦਾਸ ਜੀ

ਚਮਰਟਾ ਗਾਂਠਿ ਨ ਜਨਈ।। ਲੋਗੁ ਗਠਾਵੈ ਪਨਹੀ ॥ ੧ ॥ ਰਹਾਉ ॥
ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥ ੧ ॥ ਲੋਗੁ ਗੰਠਿ
ਗੰਠਿ ਖਰਾ ਬਿਗੂਚਾ ॥ ਹਉ ਬਿਨੁ ਗਾਂਠੇ ਜਾਇ ਪਹੂਚਾ ॥ ੨॥ ਰਵਿਦਾਸੁ
ਜਪੈ ਨਾਮਾ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥ ੩ ॥ ੭ ॥ ੨੦ ॥

ਅਕਾਸ਼ ਬਾਣੀ ਹੋਣੀ

ਦੋਹਰਾ ॥ ਸੁਣਕੇ ਏਸ ਸ਼ਬਦ ਨੂੰ ਸੰਗਤ ਹੋਈ ਅਨੰਦ।
ਚੰਮੜਾ ਸਿਊਣਾ ਗੰਡਣਾ ਕੀਤਾ ਸਭ ਹੀ ਬੰਦ ॥

ਬੈਂਤ—ਇਕੰਤ ਬੈਠ ਕੇ ਭਗਤ ਜੀ ਜਾਪ ਕਰਦੇ ਹੋਈ ਅਕਾਸ਼ ਬਾਣੀ ਸਮਝਾ ਦੇ ਤੂੰ। ਮੁਫਤ ਖੋਰੇ ਵੇਲੜ ਪੂਜਾ ਖਾਣ ਜੇਹੜੇ ਉਚੇ ਨੀਵੇਂ ਦਾ ਭੇਦ ਬਤਾ ਦੇ ਤੂੰ। ਨੀਚ ਨੀਚ ਕਹਿਕੇ ਦੂਰੇ ਦੂਰੇ ਕਰਦੇ

Sri Satguru Jagjit Singh Ji Elibrary NamdhariElibrary@gmail.com

ਨੀਵੀਂ ਕੌਮ ਨੂੰ ਉਚਾ ਬਣਾ ਦੇ ਤੂੰ। ਮੇਰੀ ਜੋਤ ਤੇਰੀ ਮੈਂ ਤੂੰ ਇਕੋ ਭਰਮ ਭੂਤ ਦਾ ਛੂਤ ਉਡਾ ਦੇ ਤੂੰ। ਹਰ ਇਕ ਜੰਤ ਰਾਣੇ ਰੰਕ ਦਸ ਦੇਵੀਂ ਧਰਤੀ ਇਕ ਤੇ ਬੈਠਣ ਸਿਖਾ ਦੇ ਤੂੰ। ਸਿਖਿਆ ਦਸਕੇ ਧਰਮ ਦੇ ਵਲ ਲਾ ਦੇ ਅੰਮ੍ਰਿਤ ਸਾਜ ਕੇ ਆਪ ਛਕਾ ਦੇ ਤੂੰ। ਖੰਡਣ ਕਰ ਪਖੰਡ ਦਾ ਨਾਸ ਕਰਕੇ ਸਿਧੇ ਮਾਰਗ ਦੇ ਵਿਚ ਚਲਾ ਦੇ ਤੂੰ। ਜੀਵ ਹਿੰਸਾ ਝੂਠ ਦਾਰੂ ਮਾਸ ਨਿੰਦਾ ਮੁਸ਼ਕਪੂਰ ਦੇ ਵਾਂਗ ਉਡਾ ਦੇ ਤੂੰ। ਧਰਮ ਸੱਤ ਸਨਾਤਨੀ ਦਸ ਦੇਵੀਂ ਨਾਮ ਦਾਨ ਇਸ਼ਨਾਨ ਦ੍ਰਿੜਾ ਦੇ ਤੂੰ। ਹਾਜਰ ਨਾਜ਼ਰ ਹਾਂ ਮੈਂ ਅੰਗ ਸੰਗ ਭਗਤਾ ਰਾਮ ਨਾਮ ਦੀ ਜੋਤ ਜਗਾ ਦੇ ਤੂੰ। ਪੰਜ ਤੱਤ ਅੰਦਰ ਏਹ ਖੇਲ ਸਾਰਾ ਹਡ ਚੰਮ ਦਾ ਭੇਦ ਮੁਕਾ ਦੇ ਤੂੰ। ਭੁਲੇ ਜੀਵਾਂ ਨੂੰ ਹੁਣ ਸਮਝਾ ਦੇ ਤੂੰ ਹਰੀ ਜਾਪ ਵਾਲਾ ਰੌਲਾ ਪਾ ਦੇ ਤੂੰ। ਸਾਰੀ ਦੁਨੀਆ ਤੇ ਨਾਮ ਜਪਾ ਦੇ ਤੂੰ ਕਾਲਾ ਸਿੰਘ ਨੂੰ ਉਚਾ ਬਣਾ ਦੇ ਤੂੰ।

ਦੋਹਰਾ—ਏਹ ਸੁਣ ਬਾਣੀ ਨਭ ਤੋਂ ਬਾਬੇ ਲਾਏ ਧਿਆਨ।
ਦਰਸ਼ਨ ਦਿੰਦੇ ਆਪ ਪ੍ਰਭ ਆ ਕੇ ਸ੍ਰੀ ਭਗਵਾਨ॥
ਵਿਚ ਪ੍ਰੇਮ ਦੇ ਭਗਤ ਜੀ ਬੋਲਣ ਸ਼ਬਦ ਨਿਸ਼ੰਗ।
ਕਾਲਾਸਿੰਘ ਦਿਨ ਰਾਤ ਹੀ ਚੜਿਆ ਨਾਮ ਦਾ ਰੰਗ॥

ਰਾਗ ਸੋਰਠ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰਪ੍ਰਸਾਦਿ॥

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥

ਹੇ ਹਰੀ ਪੂਰਨ ਜਿਸ ਵੇਲੇ ਮੇਰਾ ਕੋਈ ਆਕਾਰ ਸੀ ਓਨਾ ਚਿਰ ਤੂੰ ਮੈਥੋਂ ਪਰੇ ਸੀ ਹੁਣ ਤੂੰਹੀ ਤੂੰ ਹੈਂ, ਮੈਂ ਤਾਂ ਹਾਂ ਹੀ ਨਹੀਂ (ਇਕੋ ਰੂਪ ਹੋ ਗਏ ਹਾਂ)।

ਅਨਲ ਅਗਮ ਜੈਸੇ ਲਹਿਰ ਮਇਓ ਦਧਿ ਜਲ ਕੇਵਲ ਮਾਹੀ॥

ਪੌਣ ਤੇ ਅਗ ਦੀ ਉਤਪਤੀ (ਅਤੇ) ਪੌਣ ਤੇ ਹੀ ਨਾਸ ਹੈ, (ਫਿਰ) ਪਾਣੀ ਦੀ ਲੈਹਰ, (ਅਤੇ) ਦੁਧ ਵਿਚ ਪਾਣੀ (ਜਿਵੇਂ) ਦੁਧ ਹੋ ਜਾਂਦਾ ਹੈ, ਭੇਦ ਹਟ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਮਾਧਵੇ ਕਿਆ ਕਹੀਐ ਭਰਮ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥

ਹਨੇਰੇ ਵਿਚ ਭਰਮ ਹੈ (ਰੱਸੀ) ਸਪ ਵਾਂਗ ਚਾਨਣ ਹੋਏ ਭਰਮ ਹਟ ਜਾਂਦਾ ਹੈ।

ਨਰਪਤਿ ਏਕੁ ਸਿੰਘਾਸਣ ਸੋਇਆ ਸੁਪਨੇ ਭਇਆ ਭਿਖਾਰੀ ॥

ਜਿਵੇਂ ਰਾਜੇ ਨੇ ਸੁਪਨੇ ਅੰਦਰ ਭਿਖਿਆ ਮੰਗੀ ਅਤੇ ਜਾਗਣ ਤੇ ਰਾਜ ਸਿੰਘਾਸਣ ਤੇ।

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥ ੨ ॥

ਹਾਂ ਪਰੀਤਮ ਮੈਂ ਜਦ ਤੋਂ ਤੇਰੇ ਨਾਲੋਂ ਵਿਛੜ ਕੇ ਏਹ ਦੇਹ ਪਾਈ ਹੈ ਤਦ ਤੋਂ ਤੁਸੀ ਤੇ ਮੈਥੋਂ ਨਿਆਰੇ ਹੋ ਗਏ ਹੋ ਨਾ।

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥

ਰਾਤ ਨੂੰ ਰਸੀ ਸੱਪ ਵਾਲੀ ਵਿਥਿਆ ਹੈ, ਹੁਣ ਗੁਰੂ ਦੀ ਕਿਰਪਾ ਤੇ ਚਾਨਣ ਹੋ ਗਿਆ ਹੈ ਆਪ ਦਾ ਰਸਤਾ ਮਿਲ ਗਿਆ ਹੈ।

ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨਿ ਨ ਆਇਆ ॥ ੩ ॥

ਅਨੇਕਾਂ ਲੋਕ ਆਪ ਰਸਤਾ ਛਡ ਕੇ ਉਜੜ ਵਿਚ ਭੁਲ ਗਏ ਨੇ। ਕਹਿੰਦੇ ਹਨ ਹੋਰ ਕਹਿਣਾ ਸੀ ਆਪ ਦਾ ਨਾਮ।

ਸਰਬੇ ਏਕੁ ਅਨੇਕੈ ਸੁਆਮੀ ਸਭ ਘਟਿ ਭੋਗਵੈ ਸੋਈ ॥

ਜਲ ਥਲ ਸਾਰੇ ਤੇਰਾ ਇਕ ਰੂਪ ਵਸ ਰਿਹਾ ਹੈ।

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੋ ਹੋਈ ॥ ੪ ॥ ੧ ॥

ਹੇ ਨਿਰੰਕਾਰ ਜੀ ਮੈਂ ਤੇਰਾ ਜਾਪ ਕਰਕੇ ਸਹਜ ਪਦ ਵਿਚ ਮਿਲ ਕੇ ਤੇਰਾ ਹੀ ਰੂਪ ਹੋ ਗਿਆ ਤੂੰਹੀ ਤੂੰ ਜਪਦਾ ਹੋਇਆ ਭਾਵ ਮੈਂ ਤੇ ਰਾਮ ਇਕੋ ਹੀ ਹਾਂ।

ਸਾਰੀ ਬਰਾਦਰੀ ਨੇ ਬਾਬੇ ਜੀ ਦਾ ਸੇਵਕ ਹੋਣਾ

**ਹਥ ਜੋੜ ਕੇ ਸਿਆਣਿਆਂ ਅਰਜ ਕੀਤੀ ਚੰਗਾ ਆਪ ਦਾ ਲਗੇ ਦਰਬਾਰ ਸਾਨੂੰ। ਦਰਸ਼ਨ ਆਪ ਦੇ ਹੋਣ ਹੇ ਸਤਿਗੁਰੂ ਜੀ ਦਰਸ਼ਨ ਦਿਓ ਆ ਕੇ ਲੰਗਾ ਪਾਰ ਸਾਨੂੰ। ਜਨਮ ਮਰਨ ਚੁਰਾਸੀਓਂ ਕਟ ਦੇਵੋ ਸਿਖ ਆਪਣੇ ਕਰੋ ਵਿਚਾਰ ਸਾਨੂੰ। ਮੰਤਰ ਦਸ ਦਿਓ ਕੰਨ ਵਿਚ ਸਡੇ ਸਿਖ ਆਪਣੇ ਕਰੋ ਤਿਆਰ ਸਾਨੂੰ। ਅੰਮ੍ਰਤ ਦਿਓ ਜੀ ਅਜ ਛਕਾ ਬਾਬਾ ਜਾਪ ਜੁਗਤੀ ਦੀ ਦਸੋ ਦਿਓ ਸਾਰ ਸਾਨੂੰ। ਅਸੀ ਆਪ ਦਾ**

Sri Satguru Jagjit Singh Ji Elibrary NamdhariElibrary@gmail.com

ਨਿਤ ਸਤਸੰਗ ਕਰਦੇ ਬਾਮਣ ਆਖਦੇ ਨੀਚ ਚਮਾਰ ਸਾਨੂੰ। ਅਸੀ ਤੇਰੇ ਦੁਆਰੇ ਤੇ ਆਏ ਹਾਂ ਜੀ ਖੈਰ ਪਾਓ ਝੋਲੀ ਪ੍ਰਵਦਗਾਰ ਸਾਨੂੰ।ਐਸੀ ਸਿਖਿਆ ਅਸਾਂ ਨੂੰ ਦਸ ਦੇਵੋ ਲੋਕੀ ਕਹਿਣ ਨਾ ਚੱਕੋ ਬਿਗਾਰ ਸਾਨੂੰ। ਲੋਕ ਲਜਿਆ ਤੋਂ ਅਸੀਂ ਤੰਗ ਆਏ ਰਹੀ ਚਿਤ ਮੈਂ ਤੇ ਇਹੋ ਸੰਗ ਲੋ ਜੀ। ਤੁਸੀ ਸ੍ਰੀ ਰਵਿਦਾਸ ਜੀ ਕਰੋ ਕਿਰਪਾ ਕਾਲਾ ਸਿੰਘ ਨੂੰ ਭਜਨ ਵਿਚ ਰੰਗ ਲੋ ਜੀ।

ਸ੍ਰੀ ਭਗਤ ਜੀ ਦਾ ਆਪਣੀ ਬਰਾਦਰੀ ਨੂੰ ਸਿਖ ਕਰਨਾ

ਭਗਤ ਆਖਿਆ ਰਾਮ ਪਿਆਰਿਓ ਜੀ ਜਿਹਬਾ ਸੁਆਦ ਅੰਦਰ ਜੀਆਂ ਘਾਵਣਾ ਨਹੀਂ। ਦਾਰੂ, ਮਾਸ, ਜੂਲਾ, ਝੂਠ, ਬੋਲਣਾ ਨਹੀਂ ਘਰ ਕੰਜਰਾਂ ਦੇ ਚਲ ਜਾਵਣਾ ਨਹੀਂ। ਚੋਰੀ ਠਗੀ ਡਾਕੇ ਧਾੜੇ ਮਾਰਨੇ ਨਹੀਂ ਪੈਸਾ ਲੜਕੀ ਦਾ ਲੈ ਵਿਆਹਵਣਾ ਨਹੀਂ। *ਨੱਕ ਕੰਨ ਨ ਵਿੰਨ੍ਹਣੇ ਲੜਕੀਆਂ ਦੇ ਗਹਿਣਾ ਸੋਨਾ ਤੇ ਚਾਂਦੀ ਦਾ ਪਾਵਣਾ ਨਹੀਂ। ਕਿਰਤ ਆਪਣੀ ਵਿਚ ਹੀ ਮਸਤ ਰਹਿਣਾ ਦੇਖ ਮਾਇਆ ਨੂੰ ਮਨ ਭਰਮਾਵਣਾ ਨਹੀਂ। ਸੁਚ ਸੋਧ ਜੂਠਾ ਕਿਸੇ ਨਹੀਂ ਖਾਣਾ ਨਿਤ ਨ੍ਹਾਏ ਬਿਨਾ ਅੰਨ ਖਾਵਣਾ ਨਹੀਂ। ਕੇਸ ਰਖਣੇ ਤੇ ਜਟਾ ਜੂਟ ਰਹਿਣਾ ਰੋਮ ਕਿਤੋਂ ਭੀ ਕਿਸੇ ਲੁਹਾਵਣਾ ਨਹੀਂ। ਮਾਤਾ ਜੋਗਣੀ ਭੈਰੋਂ ਗਨੇਸ਼ ਗੁਗਾ ਪੀਰਾਂ ਮਟ ਸੁਲਤਾਨ ਦੇ ਧਾਵਣਾ ਨਹੀਂ। ਤੀਰਥ ਯਾਤਰਾ ਤੇ ਦਾਨ ਅੰਨ ਕਰਨਾ ਪਖੰਡੀ ਲੋਕਾਂ ਦੇ ਪਾਸ ਨੂੰ ਜਾਵਣਾ ਨਹੀਂ। ਏਨਾਂ ਪੰਡਿਆਂ ਡੂਮਾਂ ਤੇ ਮੁਸਲਿਆਂ ਨੂੰ ਪੰਗਤ ਆਪਣੀ ਵਿਚ ਬਠਾਵਣਾ ਮੁਸਲਮਾਨਾਂ ਦਾ ਅੰਨ ਨਾ ਕਦੇ ਖਾਣਾ ਨਾਲ ਭੰਗੀਆਂ ਦੇ ਰਲ ਖਾਵਣਾ ਨਹੀਂ। ਨਹੀਂ ਵਿਚ ਕਚਹਿਰੀ ਦੇ ਕਦੇ ਜਾਣਾ ਦਾਵਾ ਕਿਸੇ ਤੇ ਕਦੇ ਕਰਾਵਣਾ ਨਹੀਂ। ਰਹਿਣਾ ਵਿਚ ਗਰੀਬੀ ਦੇ ਬਹੁਤ ਚੰਗਾ ਹਕ ਕਿਸੇ ਦਾ ਕਿਸੇ ਖੁਸਾਵਣਾ ਨਹੀਂ। ਬੰਦਾ ਏਸ ਸੰਸਾਰ ਤੇ ਚਲ

---

*ਪਿਛਲੇ ਰਵਦਾਸੀਏ ਆਪਣੀ ਲੜਕੀਆਂ ਦੇ ਨੱਕ ਕੰਨ ਦੇ ਗਹਿਣੇ ਆਦਿਕ ਨਹੀਂ ਪੌਂਦੇ ਸੀ। ਗੁਰੂ ਜੀ ਨੇ ਭੀ ਕੂੜ ਸੋਨਾ ਕੂੜ ਰੁਪਾ ਕੂੜ ਪੈਨਣਹਾਰ ਲਿਖਿਆ ਹੈ।

Sri Satguru Jagjit Singh Ji Elibrary NamdhariElibrary@gmail.com

ਜਾਵੇ ਟੋਇਆ ਪੁਟ ਕੇ ਕਿਸੇ ਦਬਾਵਣਾ ਨਹੀਂ । ਚਿਖਾ ਲਕੜਾਂ ਨਾਲ ਸਸਕਾਰ ਕਰਨਾ ਰੋਇ ਰੋਇ ਕਿਤੇ ਰੌਲਾ ਪਾਵਣਾ ਨਹੀਂ। ਰਾਮ ਨਾਮ ਜਪਦੇ ਵਿਦਾ ਕਰੋ ਭਾਈ ਵਿਛੜੇ ਹੋਏ ਨੇ ਮੁੜ ਕੇ ਆਵਣਾ ਨਹੀਂ ਦੇ ਭਜਨ ਪਾਠ ਹੈ ਨਿਤ ਸਤਿਸੰਗ ਕਰਨਾ ਰਾਮ ਨਾਮ ਬਿਨਾ ਹੋਰ ਗਾਵਣਾ ਨਹੀਂ । ਹਰਿਤ ਵਾਲ ਕੇ ਸ੍ਰੀ ਰਵਿਦਾਸ ਜੀ ਨੇ ਸਾਰੇ ਸੰਗਤ ਨੂੰ ਕਰ ਨਿਹਾਲ ਦਿਤਾ। ਕਾਲਾ ਸਿੰਘ ਸਤਿਸੰਗ ਜੋ ਨਿਤ ਕਰ। ਬਾਬੇ ਆਪਣਾ ਓਹਨੂੰ ਜਮਾਲ ਦਿਤਾ।

### ਸੇਵਕਾਂ ਦੀ ਅਰਜ

ਧੰਨ ਧੰਨ ਹੋ ਜੀ ਸ੍ਰੀ ਸਤਿਗੁਰੂ ਜੀ ਦਿਤਾ ਦਿਲਾਂ ਤੋਂ ਭਰਮ ਨਸਾਇ ਸਾਡਾ। ਸਾਨੂੰ ਮਤਿ ਦਿਤੀ ਸੁਧ ਆਤਮਾ ਦੀ ਕਰੀ ਸ਼ਾਂਤੀ ਮਨ ਸਮਝਾਇ ਸਾਡਾ। ਬ੍ਰਹਮ ਗਿਆਨਤਾ ਤੱਤ ਉਪਦੇਸ਼ ਦੇਕੇ ਦਿਲ ਪਿਆਰ ਦਾ ਸਬਕ ਸਿਖਾਇ ਸਾਡਾ। ਰਾਮ ਨਾਮ ਦੇ ਵਲ ਧਿਆਨ ਹੋਵੇ ਤਰਫ਼ ਦੂਸਰੇ ਚਿਤ ਨ ਜਾਇ ਸਾਡਾ। ਠਾਕਰ ਛਤਰੀ ਰਾਣੇ ਰਾਜਪੂਤ ਹਿੰਦੂ ਬਰਨ ਉਚੇ ਕਿਉਂ, ਨੀਵੇਂ ਚੁਮਾਰ ਭਗਤਾ। ਅਸੀ ਨੀਚ ਤੇ ਉਚੇ ਨੇ ਓਹ ਕਿਵੇਂ ਕਾਲਾ ਸਿੰਘ ਤੂੰ ਸੱਚ ਨਿਤਾਰ ਭਗਤਾ

ਦੋਹਰਾ—ਸੁਣ ਕੇ ਇਹੋ ਬੇਨਤੀ ਦਿੰਦੇ ਭਰਮ ਨੂੰ ਤੋੜ।
ਉਚੇ ਬਰਨ ਸਿਧਾਂਵਦੇ ਦਿਤੇ ਛਿਨ ਵਿਚ ਰੋੜ।
ਸ੍ਰੀ ਮੁਖ ਬਾਣੀ ਬੋਲ ਕੇ ਦਿੰਦੇ ਨੇਕ ਸਲਾਹ।
ਬਿਲਾਵਲ ਰਾਗ ਦੇ ਵਿਚ ਹੈ ਬਾਣੀ ਦੇਣਸੁਣਾਹ।

ਬਿਲਾਵਲੁ ॥

ਜਿਹ ਕੁਲ ਸਾਧੁ ਬੈਸਨੌ ਹੋਇ ॥

ਟੀਕਾ—ਜਿਸ ਕੁਲ (ਜਾਤ ਵਿਚ) ਸੰਤ ਨਾਮ ਦੇ ਸਿਮਰਨ ਵਾਲਾ ਜਨਮ ਲੈ ਲਵ

ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗ ਸੋਇ । ੧॥ ਰਹਾਉ ॥

ਉਹ ਉਚੀ ਗਰੀਬ ਜਾਤ ਨਾਮ ਜਪਣ ਵਾਲਾ ਚੰਨਣ ਬ੍ਰਿਛ ਦੀ ਤਰਾਂ

Sri Satguru Jagjit Singh Ji Elibrary NamdhariElibrary@gmail.com

ਮਸ਼ਹੂਰ ਹੋ ਜਾਂਦਾ ਹੈ।

ਬ੍ਰਹਮਨ ਵੈਸ਼ ਸੂਦ ਅਰੁ ਖਤ੍ਰੀ ਡੋਮ ਚੰਡਾਲ ਮਲੇਛ ਮਨ ਸੋਇ ॥

ਨੀਵੀਆਂ ਜਾਤਾਂ ਦਸੀਆਂ ਹੋਈਆਂ ਵਿਚੋਂ ਭਗਤੀ ਕਰਨ ਵਾਲਾ ਉਚਾ ਹੋ ਕੇ ਸ਼ਾਂਤੀ ਪੈਦਾ ਕਰ ਕੇ ਆਪਣੀ ਕੁਲ ਨੂੰ ਉਚਾ ਕਰ ਦਿੰਦਾ ਹੈ।

ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥ ੧ ॥

ਨਾਮ ਜਪਣ ਕਰਕੇ ਗੁਰੂ ਤੇ ਸਿਖ ਨੂੰ ਤਾਰ ਲੈਂਦਾ ਹੈ। ਅਗਲੀ ਤੇ ਪਿਛਲੀ ਦੋਵਾਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ।

ਧੰਨਿ ਸੁ ਗਾਉ ਧੰਨਿ ਸੁ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥

ਜਿਥੇ ਸੰਤ ਜਨ ਜਨਮ ਧ ਰਦੇ ਨੇ, ਓਹ ਧਰਤੀ, ਪਿੰਡ, ਘਰ, ਕੁਲ, ਦਿਸ਼ਾ ਮੰਨਣ ਵਾਲੇ ਹੋ ਜਾਂਦੇ ਹਨ। ਓਸੇ ਦੇਸ਼ ਨੂੰ ਦੇਖਕੇ ਨਿਮਸ਼ਕਾਰ ਹੁੰਦੀ ਹੈ।

ਜਿਨਿ ਪੀਆ ਸਾਰ ਰਸੁ ਤਜੇ ਆਨ ਰਸੁ ਹੋਇ ਰਸ ਮਗਨ ਡਾਰੇ ਬਿਖ ਖੋਇ ॥੨॥

ਜਿਨਾਂ ਨੇ ਅੰਮ੍ਰਿਤ ਰਸ ਨਿਝਰ ਝਰਨਾ ਪੀਤਾ ਹੈ ਅੰਮ੍ਰਿਤ ਰਸ ਸਰਬ ਸ੍ਰੇਸ਼ਟ ਰਸ ਪੀ ਕੇ ਓਹ ਹੋਰ ਰਸ ਸੁਆਦਾਂ ਦੇ ਵਿਕਾਰਾਂ ਵਿਚ ਨਹੀਂ ਜਾਂਦੇ। ਇਕੋ ਰੰਗ ਵਿਚ ਚਲੇ ਜਾਂਦੇ ਨੇ ਵਿਖਿਆ ਦਵੈਸ਼ ਨੂੰ ਤਿਆਗ ਕੇ।

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰ ਨ ਕੋਇ ॥

ਬੇਦ ਵਕਤਾ ਪਾਠੀ ਅਤੇ ਛਤ੍ਰੀ ਵਡੀ ਪਤ ਵਾਲੇ, ਅਤੇ ਸੂਰਮੇ ਭੀ ਹੋਣ ਪਰ ਨਾਮ ਜਪਣ ਵਾਲੇ ਦੇ ਬਰਾਬਰ ਨਹੀਂ। ਭਾਵ ਸਭ ਨੀਵੇਂ ਹੀ ਰਹਿ ਜਾਂਦੇ ਹਨ।

ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗ ਸੋਇ ॥੩॥ ੨ ॥ ੨੫॥

ਜਿਵੇਂ ਚੁਪੱਤੀ ਦੇ ਪੱਤਰ ਪਾਣੀ ਵਿਚ ਹੁੰਦੇ ਹਨ ਤੇ ਓਹ ਪਾਣੀ ਵਿਚ ਹੁੰਦਿਆਂ ਵੀ ਨਹੀਂ ਭਿਜਦੇ। ਭਗਤ ਜੀ ਕਹਿੰਦੇ ਹਨ ਤਿਵੇਂ ਹੀ ਨਾਮ ਜਪਣ ਵਾਲੇ ਸੰਸਾਰੀ ਜੀਵ ਧੰਧਿਆਂ ਤੋਂ ਪਰੇ ਰਹਿੰਦੇ ਹਨ। ਭਾਵ ਸਚੀ ਰਹਿਤ ਹਿਰਦੇ ਵਿਚ ਧਾਰਨ ਕਰ ਲੈਂਦੇ ਹਨ ਓਹਨਾਂ ਦੇ ਜਨਮ ਧੰਨਤਾ ਜੋਗ ਹੋ ਜਾਂਦੇ ਨੇ।

ਸਿੱਖਾਂ ਦੀ ਨਿੰਮਰਤਾ

ਬ੍ਰਹਮ ਗਿਆਨ ਭਰੀ ਬਾਣੀ ਸੁਣ ਕਰ ਕੇ ਲਗੇ ਕਰਨ ਸੰਗ ਨਿਮਸ਼ਕਾਰ ਸਾਰੇ। ਊਚ ਨੀਚ ਦਾ ਭਰਮ ਸੀ ਮਿਟ ਗਿਆ ਦੂਰ ਲਾਹ ਦਿਤੇ ਲਧੇ ਭਾਰ ਸਾਰੇ। ਤਤ ਸਤ ਪ੍ਰਮਾਤਮਾ ਸਰਬ ਵਿਆਪੀ

Sri Satguru Jagjit Singh Ji Elibrary NamdhariElibrary@gmail.com

ਜਾਣ ਗਏ ਸੰਗੀ ਨਰ ਨਾਰ ਸਾਰੇ। *ਕਾਲਾ ਸਿੰਘ ਬਰਾਦਰੀ ਸਿਖ ਬਣ ਕੇ ਹੋਇ ਗਈ ਮਸ਼ਹੂਰ ਸੰਸਾਰ ਸਾਰੇ।

ਬਾਬੇ ਜੀ ਦਾ ਕਾਂਸ਼ੀ ਵਿਚ ਸਦਾ ਵਰਤ

ਬਾਬੇ ਪਾਸ ਮਾਇਆ ਸੇਵਕ ਰਖ ਜਾਂਦੇ ਭਗਤ ਮਾਇਆ ਨੂੰ ਦੇਖਕੇ ਚੁਕਦੇ ਨਾ। ਦੇਖ ਲਛਮੀ ਬੜੀ ਹੈਰਾਨ ਹੋਈ ਕਹਿੰਦੀ ਦੇਖ ਮੈਨੂੰ ਭਗਤ ਝੁਕਦੇ ਨਾ। ਰਿਧ ਸਿਧ ਸਭੇ ਆਪੇ ਕਰਨ ਸੇਵਾ ਕੁਮੇਰ ਭੰਡਾਰੀ ਬੀ ਭਗਤਾਂ ਤੋਂ ਲੁਕਦੇ ਨਾ। ਭੁਖੇ ਨੰਗਿਆਂ ਨੂੰ ਬਸਤਰ ਦੇਣ ਰੋਟੀ ਦਾਨ ਕਰਨ ਵਲੋਂ ਕਦੇ ਰੁਕਦੇ ਨਾ। ਆਪ ਕਪੜੇ ਭੁਰਿਆਂ ਨਾਲ ਰਹਿੰਦੇ ਮਾਲਾ ਨਾਮ ਦੀ ਵਿਚ ਵੈਰਾਗ ਬੋਲਣ। ਹੋਏ ਮਸਤ ਦਿਵਾਨੇ ਨੇ ਨਾਮ ਅੰਦਰ ਸ਼ਬਦ ਵਿਚ ਬਿਲਾਵਲ ਦੇ ਰਾਗ ਬੋਲਣ।

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ੴ ਸਤਿਗੁਰਪ੍ਰਸਾਦਿ ॥

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥ ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥ ੧ ॥ ਤੂੰ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥ ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ਰਹਾਉ॥ ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥ ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥ ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥ ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥ ੩ ॥ ੧ ॥ ੨੯ ॥

---

*ਸੁਧ ਮਾਰਗ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਵਿਚ ਲਿਖਿਆ ਹੈ, ਬੀਰ ਸਿੰਘ, ਸਰਦਾਰਾ ਸਿੰਘ; ਮਧਨ ਸਿੰਘ ਹਜਰੋਂ ਦੇ ਚੁਮਾਰ ਸਿਖ ਸਨ। ਜਿਨਾ ਸ੍ਰੀ ਕੇਸ ਗੜ੍ਹ ਅੰਮ੍ਰਿਤ-ਛਕਿਆ ਹੈ, ਸੰਮਤ ੧੯੧੫ ਵਿਚ ਲਿਖਿਆ ਦੇਖੋ। ਸੰਮਤ ਈਸਵੀ ੧੯੨੮ ਦੇ ਸ਼ਹੀਦ ਨਾਮਧਾਰੀ ਸਿੰਘਾਂ ਦੇ ਸਾਥੀ ਮਲੇਰ ਕੋਟਲਾ ਦੇ ਗਊ ਬਦ ਰੋਕਣ ਵਾਲੇ ਭਾਈ ਵਜੀਰ ਸਿੰਘ, ਸੇਡਾ ਸਿੰਘ ਬੇਲਾ ਸਿੰਘ ਦੱਬੋ ਪਿੰਡ, ਜ਼ਿਲਾ ਲੁਧਿਆਣਾ ਦੇ ਰਵਦਾਸੀਏ ਨੇ ਮਿ: ਕਾਵਨ ਦੀ ਤੋਪ ਅਗੇ ਹਸ ਹਸ ਸ਼ਹੀਦੀ ਪਾਈ ਹੈ। ਫੀਰੋਜ਼ ਪੁਰ ਜ਼ਿਲੇ ਦੇ ਖੋਟੇ ਪਿੰਡ (ਹਰੀ ਪੁਰ) ਵਿਚ ਬਾਬਾ ਕਾਲਾ ਸਿੰਘ ਰਵਦਾਸੀਏ ਨਾਮਧਾਰੀ ਪੰਥ ਦੇ ਸੂਬ ਸਨ ਜਿਨਾਂ ਦੀ ਇਜ਼ਤ ਸਭ ਨਾਮਧਾਰੀ ਸਿੰਘ ਕਰਦੇ ਸਨ। ਲੇਖਕ ਨੇ ਵੀ ਓਹਨਾਂਦੇ ਦਰਸ਼ਨ ਕੀਤੇ ਹਨ ਅਤੇ ਸੰਤ ਗਜਣ ਸਾਹਜੀ ਡੇਰਾ ਫੁਲੇਰਵਾਲਿਆਂ ਨੂੰ ਮਾਲਵੇ ਦੇ ਸਿਖ ਸਭ ਮੰਨਦੇ ਹਨ ਜਿਨਾਂ ਦਾ ਆਲੀਸ਼ਾਨ ਹੈ ਦਿਵਾਨੇ ਸੰਤਾਂ ਦਾ।

Sri Satguru Jagjit Singh Ji Elibrary NamdhariElibrary@gmail.com

ਦੋਹਰਾ— ਸੁਣ ਬਾਣੀ ਏਹ ਭਗਤ ਦੀ ਹੋਇਆ ਬਹੁਤ ਵੈਰਾਗ।
ਧੰਨ ਧੰਨ ਸੰਗਤ ਬੋਲਦੀ ਕਰਮ ਪਏ ਨੇ ਜਾਗ॥

ਸ਼ਰਫੀਆਂ ਦੀ ਕਥਾ

ਤੜਕੇ ਪਹਿਰ ਦੇ ਉਠ ਹਮੇਸ਼ ਸੰਤੋ ਗੜਵਾ ਪਾਣੀ ਲੈ ਜਾਏ ਮੁਦਾਨ ਬਾਬਾ। ਪੰਜ ਕਰੇ ਸ਼ਨਾਨਾ ਤੇ ਕਰੇ ਦਾਤਣ ਸਣੇ ਕੇਸ ਓਹ ਕਰੇ ਅਸ਼ਨਾਨ ਬਾਬਾ। ਸੁਰਤੀ ਸ਼ਬਦ ਸਰੂਪ ਸਮਾਧ ਲਾ ਕੇ ਜਾਪ ਵਾਹਿਗੁਰੂ ਕਰੇ ਧਿਆਨ ਬਾਬਾ। ਪਹਿਰ ਦਿਨ ਚੜ੍ਹੇ ਤਿਲਕ ਲਾਏ ਮੱਥੇ ਸੰਖ ਨਿਤ ਘੜਿਆਲ ਬਜਾਨ ਬਾਬਾ। ਆਸਣ ਠਾਕਰਾਂ ਤੇ ਨਿਤ ਪੰਜ ਮੋਹਰਾਂ ਭੇਟਾ ਰਖੇ ਕੁਮੇਰ ਭਗਵਾਨ ਬਾਬਾ। ਕਈ ਦਿਨ ਮੋਹਰਾਂ ਕਿਸੇ ਚੁਕੀਆਂ ਨਾ ਢੇਰ ਮੋਹਰਾਂ ਦਾ ਦੇਖ ਹੈਰਾਨ ਬਾਬਾ। ਅੰਮ੍ਰਿਤ ਵੇਲੇ ਆਸਾ ਦੀ ਸੁਰ ਬੋਲੀ ਮਸਤ ਨਾਮ ਵਿਚ ਸ਼ਬਦ ਨੂੰ ਗਾਨ ਬਾਬਾ।

ਆਸਾ॥

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥

ਟੀਕਾ—ਹੇ ਸ੍ਰੀ ਅੰਤਰਜਾਮੀ ਤੁਸੀ ਚੰਨਣ ਬ੍ਰਿਛ ਦੀ ਨਿਆਈਂ ਸੀਤਲ ਹੋ, ਮੈਂ ਇਰੰਡ ਜੈਸਾ ਹਾਂ ਤੇ ਤੁਹਾਡਾ ਸੰਗੀ ਹੋਕੇ ਆਸਰਾ ਕੀਤਾ ਹੈ।

ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥

ਜਿਵੇਂ ਨੀਵੇਂ ਰੁਖ ਸੁਗੰਧ (ਚੰਨਣ ਕੋਲ) ਬਸਦੇ ਹੋਏ ਵਾਸ਼ਨਾ ਵਾਲੇ ਹੋ ਜਾਂਦੇ ਨੇ ਭਾਵ ਨਿੰਮ ਤੇ ਬਣਦੇ ਰੁਖ।

ਮਾਧਉ ਸਤਿ ਸੰਗਤਿ ਸਰਨਿ ਤੁਮਾਰੀ॥ ਹਮ ਅਉਗਨ ਤੁਮ ਉਪਕਾਰੀ॥੧॥ ਰਹਾਉ॥

ਹੇ ਪੂਰਨ ਬ੍ਰਹਮ ਤੇਰੀ ਸੰਗਤ ਕਰ ਕੇ ਮੈਂ ਅਵਗੁਣੀ ਤੇ ਤੈਂ ਉਪਕਾਰ ਕੀਤਾ।

ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥

ਤੁਸੀ ਸਫੇਦ ਰੇਸ਼ਮੀ ਦੁਸ਼ਾਲਾ ਮੈਂ ਉਸ ਵਿਚ ਜਸ ਕਰਦਾ ਹਾਂ ਕੀੜੇ ਦੀ ਨਿਆਈਂ।

ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥

ਜਿਵੇਂ ਮਾਖਿਓ ਵਿਚ ਮਖੀ ਹੁੰਦੀ ਹੈ ਰਸ ਚੂਸਦੀ ਹੈ ਮੈਂ ਆਪ ਦਾ ਜਸ ਕਰ ਕੇ

Sri Satguru Jagjit Singh Ji Elibrary NamdhariElibrary@gmail.com

ਅੰਮ੍ਰਤ ਰਸ ਪੀ ਰਿਹਾ ਹਾਂ।

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥

ਜਾਤ ਪਾਤ ਛੋਟੀ ਕੁਲ ਵਿਚ ਜਨਮ ਹੈ ਮੇਰਾ ਭਾਵ ਜਿਸਨੂੰ ਲੋਕ ਨੀਵੇਂ ਕਹਿੰਦੇ ਨੇ।

ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥ ੩ ॥ ੨ ॥

ਰਮਣਹਾਰ ਤੇਰੀ ਸੇਵਾ ਨਹੀਂ ਹੁੰਦੀ ਤੂੰ ਬੇਅੰਤ ਹੈਂ ਤੇਰੇ ਗੁਣ ਬੇਅੰਤ ਨੇ, ਮੈਂ ਰਵਿਦਾਸ ਛੋਟੀ ਮਤ ਵਾਲਾ ਹਾਂ ਚੁਮਾਰ ਜੜੀ ਵਿਚੋਂ।

ਭਗਤ ਜੀ ਦੇ ਨਾਲ ਪਾਂਡਿਆਂ ਨੇ ਈਰਖਾ ਕਰਨੀ

ਰਹਿੰਦੇ ਮਸਤ ਨੇ ਨਾਮ ਦੇ ਨਸ਼ੇ ਅੰਦਰ ਕਰਦੇ ਵਾਹਿਗੁਰੂ ਸਾਥ ਪਿਆਰ ਹੈ ਸੀ। ਲੈਕੇ ਸਿਖਿਆ ਸਾਰੇ ਹੀ ਸਿਖ ਹੋਏ ਰਾਣੇ ਛਤਰੀ ਕਈ ਸਰਦਾਰ ਹੈ ਸੀ। ਝੰਡਾ ਝੂਲਿਆ ਧਰਮ ਦਾ ਦੇਸ ਅੰਦਰ ਬਾਮਣ ਦੁਖੀ ਪਖੰਡੀ ਮਕਾਰ ਹੈ ਸੀ। ਬਾਮਣ ਜਾਤੀ ਦੇ ਮਾਣ ਦੇ ਵਿਚ ਬੰਦੇ ਕਰਨ ਨਿੰਦਿਆ ਭਗਤ ਚਮਾਰ ਹੈ ਸੀ। ਨਾਲ ਭਗਤ ਜੀ ਦੇ ਵੈਰ ਕਰਨ ਵਾਲੇ ਟੋਲੇ ਬਾਮਣਾ ਦੇ ਪੰਜ ਚਾਰ ਹੈਸੀ। ਨਿਤ ਨਿੰਦਿਆ ਕਰਨ ਬਜਾਰ ਖੜਕੇ ਕਰਦੇ ਰਹਿੰਦੇ ਮਖੌਲ ਉਚਾਰ ਹੈਸੀ। ਨਾਲੇ ਸੰਗਤਾਂ ਤਾਈਂ ਮਖੌਲ ਕਰਦੇ ਹੋਇਆ ਬਾਮਣਾ ਤਾਈਂ ਹੰਕਾਰ ਹੈਸੀ। ਸੇਵਕ ਤੰਗ ਹੋਏ ਕੀਤੇ ਬਾਮਣਾ ਦੇ ਬਣੇ ਭਗਤ ਦੇ ਜੋ ਸੇਵਾਦਾਰ ਹੈ ਸੀ। ਦਸਣ ਭਗਤ ਤਾਈਂ ਨਿੰਦਾ ਕਰਨ ਜੇਹੜੀ ਬਾਬੇ ਸੇਵਕਾਂ ਤਾਈਂ ਸਮਝਾਇਆ ਜੀ। ਕਾਲਾ ਸਿੰਘ ਦੇਖੋ ਸ੍ਰੀ ਭਗਤਨੇ ਜੀ ਨੇ ਗੌਂਡ ਰਾਗ ਮੇਂ ਸ਼ਬਦ ਹੈ ਗਾਇਆ ਜੀ।

ਗੌਂਡ ਰਵਿਦਾਸ ਜੀ

ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥

ਅਠਾਹਠ ਤੀਰਥਾਂ ਤੇ ਜਾ ਕੇ ਜੋ ਇਸ਼ਨਾਨ ਕਰੇ।

ਜੇ ਓਹੁ ਦੁਆਦਸ ਸਿਲਾ ਪੂਜਾਵੈ ਵੈ ॥

ਸ਼ਿਵ ਜੀ ਦੇ ਬਾਰਾਂ ਅੰਗਾਂ ਦੀ ਨਿਤ ਪੂਜਾ ਕਰੇ।

Sri Satguru Jagjit Singh Ji Elibrary NamdhariElibrary@gmail.com

ਜੇ ਓਹੁ ਕੂਪ ਤਟਾ ਦੇਵਾਵੈ ॥

ਕਰੈ ਜਿੰਦਾ ਬਿਰਥਾ ਜਾਵੈ ॥

ਖੂਹੇ ਤਾਲ ਬੌਲੀਆਂ ਪੁੰਨ ਖਾਤਰ ਲਾ ਦੇਵੇ ਲੋਕਾਂ ਵਾਸਤੇ।
ਨਿੰਦਾ ਕਰਨ ਵਾਲੇ ਦਾ ਸਭੋ ਬਿਰਥ ਜਾਵੇ।

ਸਾਧ ਕਾ ,ਨਿੰਦਕ ਕੈਸੇ ਤਰੈ। ਸਰਪਰ ਜਾਨਹੁ ਨਰਕ ਹੀ ਪਰੈ ॥ ੧ ॥ ਰਹਾਉ ॥

ਮਹਾਂ ਪੁਰਸ਼ਾਂ ਦੀ ਨਿੰਦਾ ਕਰਨ ਵਾਲਾ ਅਠਾਰਾਂ ਨਰਕ ਭੋਗੇਗਾ ਵਾਰ ਵਾਰ (ਜਨਮ ਪਾਕੇ)।

ਜੇ ਓਹੁ ਗ੍ਰਹਿਨ ਕਰੇ ਕੁਲਖੇਤ ॥ ਅਰਪੈ ਨਾਰਿ ਸਿੰਗਾਰ ਸਮੇਤਿ ॥

ਸੰਤ ਦਾ ਨਿੰਦਕ ਭਾਵੇਂ ਸੂਰਜ ਦੇ ਗ੍ਰਹਿਣ ਵਿਚ ਕੁਰਖੇਤ੍ਰ ਤੇ ਚਲ ਕੇ ਸੋਲਾਂ ਸ਼ਿੰਗਾਰਾਂ ਵਾਲੀ ਸੋਲਾਂ ਸਾਲ ਦੀ ਇਸਤ੍ਰੀ ਵਿਧੀ ਨਾਲ ਦਾਨ ਕਰੇ।

ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥ ਕਰੈ ਨਿੰਦ ਕਵਨੈ ਨਹੀ ਗੁਨੈ ॥੨॥

ਸਿੰਮ੍ਰਤੀਆਂ ਜੋ ਸਤਾਈ ਹਨ ਓਹਦੀ ਕਥਾ ਸੁਣ ਕੇ ਕੰਨਾਂ ਨਾਲ ਤੇ ਕੰਠ ਹੋ ਜਾਵੇ ਪਰ ਨਿੰਦਿਆ ਕਰਨ ਵਾਲੇ ਦੇ ਸਭੇ ਫਲ ਨਾਸ ਹੋ ਜਾਂਦੇ ਨੇ।

ਜੋ ਓਹੁ ਅਨਿਕ ਪ੍ਰਸਾਦਿ ਕਰਾਵੈ। ਭੂਮਿਦਾਨ ਸੋਭਾ ਮੰਡਪਿ ਪਾਵੈ ॥

ਜਗ ਦਾਨ ਤੇ ਭੂਮ ਦਾਨ ਕਰਕੇ ਸੋਭਾ ਹੋਵੇ ਜਗਤ ਵਿਚ ਸਾਰੇ।

ਅਪਨਾ ਬਿਗਾਰਿ ਬਿਰਾਨਾ ਸਾਂਢੈ ॥ ਕਰੈ ਨਿੰਦ ਬਹੁ ਜੋਨੀ ਹਾਂਢੈ ॥ ੩ ॥

ਸ਼ਾਸਤ੍ਰਾਂ ਦੇ ਕਰਮ ਅਨੁਸਾਰ ਚਲਦਾ ਹੋਵੇ, ਕਿਸਦੇ ਕਾਰਜਾਂ ਕਰ ਕੇ ਦੁਨੀਆਂ ਤੇ ਪਰਉਪਕਾਰ ਕਹੇ ਪਰ ਨਿੰਦਿਆ ਕਰੇ ਤਾਂ ਕਿਸੇ ਲੇਖੇ ਨਹੀਂ ਕਰਮ ਕੀਤੇ ਹੋਏ।

ਨਿੰਦਾ ਕਹਾ ਕਰਹੁ ਸੰਸਾਰਾ ॥ ਨਿੰਦਕ ਕਾ ਪ੍ਰਗਟਿਆ ਪਾਹਾਰਾ ॥

ਹੇ ਭਾਈ ਸਤਸੰਗੀਓ ਜੇਹੜਾ ਸੰਸਾਰੀ ਲੋਕ ਜੋ ਨਿੰਦਾ ਕਰਦੇ ਨੇ ਓਹ ਪਾਪਾਂ ਦੇ ਭਾਗੀ ਹੋ ਜਾਂਦੇ ਨੇ ਨਿੰਦਕ ਦਾ ਪ੍ਰਗਟ ਹੋ ਜਾਂਦਾ ਹੈ ਨਿਰਾਦਰ ਜਗਤ ਮੇਂ।

ਨਿੰਦਕੁ ਸੋਧਿ ਸਾਧਿ ਬੀਚਾਰਿਆ ॥

ਕਹੁ ਰਵਿਦਾਸ ਪਾਪੀ ਨਰਕ ਸਿਧਾਰਿਆ ॥੪॥੨॥੧੧॥ ੭। ੨।੪੯।

ਨਿੰਦਕ ਪੁਰਸ਼ ਸਾਧਾਂ ਨੇ ਦਸਿਆ ਹੈ ਨਰਕ ਦਾ ਅਧਕਾਰੀ ਹੋ ਜਾਂਦਾ ਹੈ। ਭਾਵ ਹੇ ਭਾਈ ਤੁਸੀ ਨਾਮ ਜਪੋ ਨਿੰਦਿਆ ਕਰਨ ਵਾਲੇ ਆਪਣਾ ਸਭ ਕੁਛ ਗੁਵਾ ਲੈਂਦੇ ਨੇ।

ਵਾਕ ਕਵੀ

**ਸੁਣਿਆ ਸੇਵਕਾਂ ਨੇ ਸ਼ਬਦ ਸ਼ਾਂਤ ਹੋਏ ਨਿੰਦਕ ਆਪ ਹੀ ਨਰਕ ਸਿਧਾਰ ਜਾਸਨ। ਨਿੰਦਕ ਜਮਾਂ ਦੀ ਮਾਰ ਨੂੰ ਖਾਣ ਸਾਰੇ ਕੁੰਭੀ ਨਰਕ**

Sri Satguru Jagjit Singh Ji Elibrary NamdhariElibrary@gmail.com

ਦੇ ਵਿਚ ਪਧਾਰ ਜਾਸਨ। ਨਿੰਦਕ ਡੁਬ ਜਾਵਨ ਸਾਗਰ ਵਿਚ ਡੂੰਘੇ ਸੰਤ ਜਨ ਸਮੁੰਦਰੋਂ ਪਾਰ ਜਾਸਨ। ਕਾਲਾ ਸਿੰਘ ਜਪੇ ਨਾਮ ਵਾਹਿਗੁਰੂ ਦਾ ਝੁਖਾਂ ਮਾਰ ਨਿੰਦਕ ਸਭੇ ਹਾਰ ਜਾਸਨ।

ਨਿੰਦਕਾਂ ਦਾ ਹਾਲ

ਸ੍ਰੀ ਰਿਸ਼ੀ ਦੁਰਬਾਸ਼ਾ ਨੂੰ ਨਿੰਦਿਆ ਸੀ, ਜਾਦਵ ਆਪਣੀ ਬੰਸ ਗੁਵਾ ਬੈਠੇ। ਕਪਲ ਮੁਨੀ ਨਿੰਦੇ ਸਗੜ ਦੇ ਪੁਤਰਾਂ ਨੇ ਮੌਤ ਸਠ ਹਜਾਰ ਪੁਵਾ ਬੈਠੇ। ਸ੍ਰੀ ਰਾਮ ਜੀ ਨੂੰ ਰਾਵਨ ਨਿੰਦਿਆ ਸੀ ਦਸ ਸੀਸ ਤੇ ਲੰਕਾ ਢਹਾ ਬੈਠੇ। ਸ੍ਰੀ ਹਰ ਨਰੈਣ ਨੂੰ ਨਿੰਦਕੇ ਤੇ ਹਰਨਾਖਸ ਆਪਣਾ ਵਰ ਗੁਵਾ ਬੈਠੇ। ਸ੍ਰੀ ਅਸਟਾਂ ਬਕਰ ਜੀ ਨਿੰਦ ਬਦਲੇ ਅੱਠ ਬਲ ਗੁਰ ਤੋਂ ਫਲ ਲਾ ਬੈਠੇ। ਗੁਰੂ ਨਿੰਦ ਬਦਲੇ ਕਾਗ ਭਸੁੰਡ ਵੇਖੋ ਕਾਗ ਨਾਮ ਸੀ ਓਹ ਧਰਾ ਬੈਠੇ। ਵਿਸ਼ਨੂੰ ਨਿੰਦਿਆ ਦਾ ਫਲ ਲਿਆ ਨਾਰਦ ਮੂੰਹ ਬਾਂਦਰ ਦਾ ਰੂਪ ਸੀ ਪਾ ਬੈਠੇ। ਸ੍ਰੀ ਕ੍ਰਿਸ਼ਨ ਦੀ ਨਿੰਦਿਆ ਕੰਸ ਕੀਤੀ ਕੇਸੋਂ ਕੰਸ ਜੀ ਜਾਨ ਗੁਵਾ ਬੈਠੇ। ਅਜ ਰਾਜੇ ਨੇ ਨਿੰਦਿਆ ਸੰਤ ਤਾਈਂ ਲਿਦ ਖੇਰ ਪਾ ਅੰਤ ਨੂੰ ਖਾਹ ਬੈਠੇ। ਜੂਨ ਲਖ ਚੁਰਾਸੀ ਤੇ ਨਰਕ ਭੋਗੇ ਨਿੰਦਾ ਕਰੇ ਜੋ ਆਪ ਖੁਆ ਬੈਠੇ। ਨਿੰਦਕ ਮਹਾਂ ਪਾਪੀ ਟੇਢੀ ਜੂਨ ਪਾਵੇ *ਬਾਣੀ ਗੁਰਾਂ ਦੀ ਏਹ ਫਰਮਾਂਵਦੀ ਏ। ਕਾਲਾ ਸਿੰਘ ਦੀ ਨਿੰਦਿਆ ਕਰੇ ਕੋਈ ਪਟ ਆਪਣਾ ਮੂਲ ਗੁਆਂਵਦੀ ਏ।

ਪੰਦਰਾਂ ਸੌ ਅਠ ਵਿਚ ਸੰਤੋਖ ਦਾਸ ਪਿਤਾ ਦਾਦਾ ਕਾਲੂ ਜੀ ਦਾ ਪ੍ਰਲੋਕ ਜਾਣਾ

ਦਾਦਾ ਪਿਤਾ ਭੀ ਸੁਰਗ ਸਿਧਾਰ ਗਏ ਇਸ਼ਨਾਨ ਕਰਾ ਕੇ ਚਿਖਾ ਤਿਆਰ ਹੈ ਸੀ। ਕਿਰਿਆ ਕਰਮ ਜੋ ਰੀਤ ਸਨਾਤਨੀ ਸੀ ਕਰੀ ਭਗਤ ਜੀ ਨੇ ਸਾਰੀ ਕਾਰ ਹੈ ਸੀ। ਨਿਤ ਵਜਦੇ ਸੰਖ ਘੜਿਆਲ ਢੋਖੇ ਬਾਮਣ ਦੁਖੀ ਮਰਾਸੀ ਮਕਾਰ ਹੈ ਸੀ। ਪੀਰਾਂ ਦਿਤਾ ਮਰਾਸੀ ਸੀ

---

(ਭੈਰਉ ਮ: ੫)

*ਭਗਤ ਕੀ ਨਿੰਦਾ ਕੰਧ ਛਿਦਾਵੈ ॥ ਭਗਤ ਕੀ ਨਿੰਦਾ ਨਰਕ ਭੁਗਾਵੈ ॥
ਭਗਤ ਕੀ ਨਿੰਦਾ ਗਰਭ ਮਹਿ ਗਲੈ ॥ ਭਗਤ ਕੀ ਨਿੰਦਾ ਰਾਜ ਤੇ ਟਲੈ ॥

Sri Satguru Jagjit Singh Ji Elibrary NamdhariElibrary@gmail.com

ੜੜਾ ਨਿੰਦਕ ਕਰੇ ਨਿੰਦਿਆ ਨਿਤ ਬਦਨਾਮੀਆਂ ਜੀ। ਕਾਲਾ ਸਿੰਘ ਤੂੰ ਨਿਰਭੈ ਨਾਮ ਜਪ ਲੈ ਨਰਕ ਜਾਣਗੀਆਂ ਝੂਠੀਆਂ ਸਾਮੀਆਂ ਜੀ।

ਸ੍ਰੀ ਭਗਤ ਜੀ ਉਤੇ ਬਾਹਮਣਾ ਨੇ ਦਾਵਾ ਕਰਨਾ ਤੇ ਰਾਜੇ ਨੇ ਭਗਤ ਜੀ ਦਾ ਸਿਖ ਹੋਣਾ ਭਗਤ ਜੀ ਨੇ ਗੰਗਾ ਵਿਚ ਪਥਰ ਤਾਰਨੇ

**ਬੈਂਤ ॥** ਕਠੇ ਹੋਏ ਬਾਮਣ ਮੰਗ ਖਾਣ ਵਾਲੇ ਅਰਜੀ ਦੇਣ ਜੇ ਹੁੰਦਾ ਨੁਕਸਾਨ ਰਾਜਾ। ਤੇਰੇ ਰਾਜ ਵਿਚ ਕਾਂਸ਼ੀ ਸ਼ਹਿਰ ਅੰਦਰ ਭਗਤੀ ਕਰੇ ਚਮਾਰ ਲਈਂ ਮਾਨ ਰਾਜਾ। ਹੁੰਦੀ ਬੜੀ ਅਨੀਤੀ ਹੈ ਏਸ ਵੇਲੇ ਤੇਰਾ ਨਸ਼ਟ ਹੋ ਜਾਊ ਰਾਜਧਾਨ ਰਾਜਾ। ਚੁਮਾਰ ਜਾਤ ਨੇ ਤਿਲਕ ਤੇ ਪਾਏ ਜੰਞੂ ਮਥਾ ਆਪ ਨੂੰ ਲਗਾਂ ਟਿਕਾਨ ਰਾਜਾ। ਰਖੇ ਕਪੜੇ ਰਾਜਿਆਂ ਵਾਂਗ ਅਪਨੇ ਚਿਟੇ ਦੁਧ ਸਫੈਦ ਸਮਾਨ ਰਾਜਾ। ਨਾਲੇ ਭਗਤੀ ਭਗਵਾਨ ਦੀ ਨਿਤ ਕਰਦਾ ਮਥਾ ਟੇਕਦੇ ਬਰਨ ਜਹਾਨ ਰਾਜਾ। ਨਹੀਂ ਵਿਚ ਕਚਹਿਰੀ ਦੇ ਕਦੇ ਜਾਣਾ ਨਿਤ ਕਰਦਾ ਇਹੋ ਵਖਿਆਨ ਰਾਜਾ। ਕਰੇ ਰਾਜ ਦਰਬਾਰ ਤੇ ਉਲਟ ਬਾਤਾਂ ਲੰਗਰ ਖੋਲਿਆ ਦੇਖ ਹੈਰਾਨ ਤੜਕੇ ਪਹਿਰ ਤੇ ਉਠਕੇ ਨ੍ਹਾਏ ਗੰਗਾ ਨਿਤਨੇਮ ਓਹ ਕਰੇ ਇਸ਼ਨਾਨ ਰਾਜਾ। ਅਸੀਂ ਉਠਦੇ ਸੂਰਜ ਦੇ ਚੜ੍ਹਨ ਵੇਲੇ ਭਿਟ ਦੇਂਦਾ ਓਹ ਪਾਣੀ ਨੂੰ ਆਨ ਰਾਜਾ। ਅਸੀ ਨ੍ਹੌਣਾ ਧੋਣਾ ਸਭ ਬੰਦ ਕੀਤਾ ਨੀਚ ਲਗੇ ਨੇ ਡੁਬੀਆਂ ਲਾਨ ਰਾਜਾ। ਓਹ ਸਾਡੇ ਵਾਂਗ ਤਿਲਕ ਲਾਏ ਨਾਹੀਂ ਅਸੀਂ ਆਏ ਹਾਂ ਓਹਨੂੰ ਹਟਾਨ ਰਾਜਾ। ਹੱਕ ਬਾਮਣਾ ਦਾ ਤਿਲਕ ਜੰਞੂਆਂ ਦਾ ਚੁਮਾਰ ਲਗ ਪਏ ਨੇ ਹੁਣ ਪਾਨ ਰਾਜਾ। ਬਰਨਾ ਖੂਨ ਹੋ ਜਾਣਗੇ ਬਹੁਤ ਸਾਰੇ ਜਦੋਂ ਚਕ ਲਈ ਅਸੀਂ ਕਿਰਪਾਨ ਰਾਜਾ। ਕੈਦ ਕਰੋ ਮਾਰੋ ਜਾਂ ਦਿਓ ਫਾਂਸੀ ਅਸੀਂ ਦੁਖੀ ਹਿੰਦੂ ਮੁਸਲਮਾਨ ਰਾਜਾ। ਨਹੀਂ ਤਾਂ ਕਢ ਦਿਓ ਕਾਂਸ਼ੀ ਪੁਰੀ ਵਿਚੋਂ ਬਣੇ ਨੀਚ ਨਾ ਕੋਈ ਪ੍ਰਧਾਨ ਰਾਜਾ। ਤਿਲਕ ਜੰਞੂ ਤੇ ਠਾਕਰਾਂ ਪੂਜਦਾ ਹੈ ਛੇਤੀ ਉਸ ਦਾ ਕਰੋ ਚਲਾਨ ਰਾਜਾ। ਲੋਹੜਾ ਮਾਰਿਆ ਬਾਹਮਣਾ ਪਾਂਬਰਾਂ ਨੇ ਹੋਇਆ ਦੇਖ ਕੇ ਵਡਾ ਹੈਹਾਨ ਰਾਜਾ। ਰਾਜੇ ਸੁਣ ਅਰਜੀ ਪਤਾ ਘਲ ਕੇ ਜੀ

Sri Satguru Jagjit Singh Ji Elibrary NamdhariElibrary@gmail.com

ਕਿਲੇ ਵਿਚ ਰਵਿਦਾਸ ਬੁਲਾਇਆ ਜੀ। ਕਾਲਾ ਸਿੰਘ ਕਚਹਿਰੀ ਨੂੰ ਚਲੋ ਛੇਤੀ ਮੂਰਖ ਬਾਹਮਣਾ ਨੇ ਰੌਲਾ ਪਾਇਆ ਜੀ।

ਭਗਤ ਜੀ ਦਾ ਕਚਹਿਰੀ ਵਿਚ ਜਾਣਾ

ਸੁਣ ਪਰਵਾਨਾ ਰਾਜੇ ਵਾਲਾ ਬਾਬੇ ਕਰੀ ਤਿਆਰੀ।
ਤਿਲਕ ਮਥੇ ਗਲ ਜੰਞੂ ਸੋਹਣਾ ਮਾਲਾ ਹਥ ਮੈ ਧਾਰੀ।
ਨੀਵੀਂ ਧੋਤੀ ਪਊਏ ਚਰਨੀ ਵਿਚ ਬਜਾਰਾਂ ਜਾਂਦੇ।
ਹਰ ਕੋਈ ਬੰਦੇ ਦੇਖਣ ਵਾਲੇ ਨਿਵ ਨਿਵ ਸੀਸ ਨਿਵਾਂਦੇ।
ਭਰੀ ਕਚਹਿਰੀ ਬਾਮਣ ਸ ਹੇ ਚੁਗਲਾਂ ਗਲਾਂ ਕਰਸਨ।
ਬਾਬਾ ਜੀ ਤੇ ਸੇਵਕ ਸਾਥੀ ਦਿਤੇ ਜਾ ਕਰ ਦਰਸ਼ਨ।
ਦੇਖ ਤਿਲਕ ਜੰਞੂ ਪਊਏ ਬਾਹਮਣ ਸੜ ਕੇ ਬੋਲੇ।
ਕਰੋਧੀ ਭਾਰੇ ਬੜੇ ਹੰਕਾਰੇ ਦਿਲ ਕਾਲੇ ਜਿਉਂ ਕੋਲੇ।
ਨਾਗਰ ਮਲ ਨੇ ਕਿਹਾ ਭਗਤ ਜੀ ਪੰਡਿਆਂ ਅਰਜੀ ਪਾਈ।
ਛੋਟੀ ਜਾਤ ਚੁਮਾਰ ਆਖਦੇ ਨਾ ਕਰ ਤੂੰ ਖਟਿਆਈ।
ਜੰਞੂ ਤਿਲਕ ਮਥੇ ਤੇ ਲਾਉਣਾ ਏਹ ਤੁਲਸੀ ਦੀ ਮਾਲਾ।
ਸੰਖ ਘੜਿਆਲ ਤੇ ਪੂਜਾ ਮੂਰਤ ਤੈਨੂੰ ਕਿਸੇ ਸਿਖਾਲਾ।
ਅੰਮ੍ਰਿਤ ਵੇਲੇ ਉਠ ਕੇ ਰਾਤੀਂ ਚਲ ਗੰਗਾ ਵਿਚ ਨੌਣਾ।
ਛੋਟੀ ਜਾਤ ਦਾ ਹਕ ਨ ਕੋਈ ਤੈਨੂੰ ਹੈ ਸਮਝਾਉਣਾ।
ਜੁਜਰਬੇਦ ਨੇ ਦਸਿਆ ਹੈ ਇਹ ਧਿਆ ਕੱਤੀ ਵਿਚ ਪਿਆਰੇ।
ਸ਼ੂਦਰ ਪੈਰਾਂ ਵਿਚੋਂ ਜੰਮੇ ਵਿਚ ਸਲੋਕ ਇਉਂ ਉਚਾਰੇ।

ਬੇਦ ਜੁਜਰ ਧਿਅ ॥ ੩੧ ॥ ੧੧ ॥

ਬ੍ਰਹਮਣੋ, ਸਯ, ਮੁਖਮਾ, ਸੀਦ੍ਰ, ਬਾਹੂ ਰਾਜ ਨਯਃ ਕ੍ਰਿਤ।
ਉਰੂ ਤਦ ਸਯਯ ਦ੍ਰੈਸਯਃ ਪਦ ਭਯਾ ਸ਼ੂਦ੍ਰੋ ਅਜਾ ਯਤ।

ਟੀਕਾ—ਬਾਹਮਣ ਈਸ਼ਰ ਮੂੰਹ ਤੋਂ ਜੰਮੇ ਛਤਰੀ ਬਾਂਹ ਵਿਚਾਰੇ।
ਵੈਸ਼ ਪਟਾਂ ਤੋਂ ਸ਼ੂਦਰ ਪੈਰੋਂ ਹੈ ਨੀਚੇ ਇਉਂ ਸਾਰੇ।
ਮਨੂੰ ਜੀ ਨੇ ਹੈ ਏਹ ਲਿਖਿਆ ਸ਼ੂਦਰ ਜਾਤ ਜੋ ਮਾੜੀ।
ਵਿਦਿਆ ਬੁਧ ਨਾ ਦਸੇ ਭਾਈ ਕਰੇ ਨੀਚ ਨੂੰ ਤਾੜੀ।

Sri Satguru Jagjit Singh Ji Elibrary NamdhariElibrary@gmail.com

ਸਲੋਕ ਮਨੂੰ ਸਿੰਮ: ਮੰਤਰ ॥੮੦–ਅ ੪ ॥

ਨਾ ਸ਼ੂਦ੍ਰਜ, ਮਤਿ ਦਦਯਾ, ਨੋ ਚਵਸਟ ਨਹਿ ਵਿਸ਼ੇ ਕ੍ਰਿਤਮਃ।

ਨਾ ਚਾਸਿਯੋ ਪਦੇ ਸੋਧ ਧਰਮ ਨ ਚਾਸਤ੍ਰ, ਵਰਤ ਮਾਦਿ ਸੇਤ੍ਰ।

ਟੀਕਾ–ਨੀਚ ਜਾਤ ਦਾ ਹਕ ਨ ਕੋਈ ਭਜਨ ਰਾਮ ਦਾ ਗਾਵੇ।
ਕਥਾ ਗਾਇਤ੍ਰੀ ਸਾਲਗਰਾਮ ਭੋਜਨ ਜਗ ਰਚਾਵੇ।
ਹੁਣ ਤੋਂ ਪਹਿਲੇ ਸੋ ਜੋ ਕੀਤਾ ਅਗਾਹਾਂ ਮੂਲ ਨਾ ਕਰਨਾ।
ਕਰੀ ਹਦੈਤ ਅਸਾਂ ਨੇ ਭਗਤਾ ਪੰਡਿਆਂ ਤੋਂ ਹੈ ਡਰਨਾ।
ਮੂੰਹੋਂ ਭਗਤ ਜੀ ਇਉਂ ਫੁਰਮੌਂਦੇ ਸੁਣ ਰਾਜਾ ਗਲ ਮੇਰੀ।
ਇਕੋ ਬਰਮ ਉਚ ਨੀਚ ਵਿਚ ਬਣ ਪਰਬਤ ਜਲ ਠੇਰੀ।
ਮਾਣ ਜਾਤ ਦਾ ਬਾਮਣ ਕਰਦੇ ਪੜ੍ਹਦੇ ਬੇਦ ਪੁਰਾਨਾ।
ਰਿਖ਼ੀਆਂ ਵਾਲੀ ਕਥਾ ਵਿਚਾਰੋ ਸੁਣਨਾ ਉਚ ਟਿਕਾਨਾ।
ਵਿਚ ਪੁਰਾਨਾ ਪੜ੍ਹ ਕੇ ਦੇਖੋ ਰਿਸ਼ੀਆਂ ਵਾਲੀ ਸਾਖੀ।
ਹਰਨੀ ਪੇਟੋਂ ਸਿੰਗੀ ਰਿਖ ਜੀ ਹਸਤਾ ਮਲ ਸੀ ਹਾਥੀ।
ਵਸ਼ਿਸ਼ਟ ਗੁਰੂ ਜੀ ਵੇਸਵਾ ਪੇਟੋਂ ਬਿਆਸ ਝਿਊਰੀ ਜੰਮੇ।
ਗੋਤਮ ਸਸੀ ਤੇ ਉਤਪੰਨ ਹੋਏ ਮਾਂਡਕ (ਮੀਂਡੇ) ਨਿੰਮੇ।
ਪਰਾਸਰ ਰਿਸ਼ੀ ਦੀ ਮਾਤ ਸੀ ਚੂੜ੍ਹੀ ਬਾਲਮੀਕ ਸੀ ਚੂੜ੍ਹਾ।
ਨਾਲ ਕ੍ਰਿਸ਼ਨ ਦੇ ਇਕਮਿਕ ਹੋਏ ਪਿਆਰ ਕੀਤਾ ਸੀ ਗੂੜ੍ਹਾ।
ਨੀਚੋਂ ਉਚ ਭਏ ਨੇ ਸਾਰੇ ਸ੍ਰੀ ਕ੍ਰਿਸ਼ਨ ਜਗ ਰਚਾਇਆ।
ਪੂਰਾ ਜਗ ਹੋਇਆ ਉਸ ਵੇਲੇ ਬਾਲਮੀਕ ਜਦ ਖਾਇਆ।
ਵਜੇ ਵਾਜੇ ਸੁਣੇ ਬੈਕੁੰਠੋਂ ਫਲ ਜਗ ਦਾ ਕੀਤਾ।
ਉਸਦਿਨ ਬਾਲਮੀਕ ਨੂੰ *ਸਿਆਮਾ ਬੁਕਲ ਵਿਚ ਹੈ ਲੀਤਾ।
ਉਤਮ ਨਾਮ ਰਾਮ ਦਾ ਜਪ ਕੇ ਉਚੀ ਪਦਵੀ ਪਾਵੇ॥
ਜਿਨ ਜਿਨ ਨਾਮ ਜਪਿਆ ਰਾਜੇ ਨਿਰਭੈ ਹੋ ਜਸ ਗਾਵੇ॥
ਰਾਮਾ ਨੰਦ ਗੁਰੂ ਹੈ ਮੇਰਾ ਜਿਸ ਤੋਂ ਬੰਧਨ ਟੂਟੇ।
ਦੇਹ ਧਾਰੀ ਸਰਨ ਬਿਨਾ ਨ ਦਿਲ ਤੋਂ ਭਰਮ ਨਿਖੂਟੇ।

*ਸੁਆਨ ਸਤਰੂ ਬਾਲਮੀਕ ਕ੍ਰਿਸ਼ਨ ਲਾਵੇ ਹੇਤ। (ਭਗਤ ਬਾਣੀ ਵਿਚੋਂ)

Sri Satguru Jagjit Singh Ji Elibrary NamdhariElibrary@gmail.com

ਕੀ ਕੋਈ ਅੰਮ੍ਰਿਤ ਵੇਲੇ ਉਠਕੇ ਗੰਗਾ ਵਿਚ ਨਾ ਨ੍ਹਾਵੇ।
ਕੀ ਕੋਈ ਠੇਕਾ ਬ੍ਰਾਹਮਣਾ ਦਾ ਹੈ ਗੀਤ ਗੋਬਿੰਦ ਨਾ ਗਾਵੇ।
ਕੀ ਕੋਈ ਬਿਨਾ ਬ੍ਰਾਹਮਣਾ ਪ੍ਰਮਾਤਮ ਦੇਵ ਨ ਪੂਜੇ।
ਧਰਤੀ ਸਾਂਜੀ ਉਚ ਨੀਚ ਦੀ ਕਿਉਂ ਤੀਜੇ ਹਮ ਦੂਜੇ।
ਸ਼ਾਂਤ ਹੋਈ ਕਚਹਿਰੀ ਸਾਰੀ ਸੁਣ ਕੇ ਏਹ ਕਹਾਣੀ।
ਆਸਾ ਰਾਗ ਦੇ ਅੰਦਰ ਬਾਬੇ ਉਚਰ ਸੁਣਾਈ ਬਾਣੀ।

ਆਸਾ ॥

ਹਰਿ ਹਰਿ ਹਰਿ ਹਰਿ ਹਰਿ ਹਰੇ ॥ ਹਰਿ ਸਿਮਰਤ ਜਨ ਗਏ ਨਿਸਤਰ ਤਰੇ ॥ ੧ ॥ ਰਹਾਉ ॥ ਹਰਿ ਕੇ ਨਾਮ ਕਬੀਰ ਉਜਾਗਰ ॥ ਜਨਮ ਜਨਮ ਕੇ ਕਾਟੇ ਕਾਗਰ ।੧। ਨਿਮਤ ਨਾਮਦੇਉ ਦੂਧ ਪੀਆਇਆ ॥ ਤਉ ਜਗ ਜਨਮ ਸੰਕਟ ਨਹੀ ਆਇਆ ॥ ੨ ॥ ਜਨ ਰਵਿਦਾਸ ਰਾਮ ਰੰਗਿ ਰਾਤਾ ॥ ਇਉ ਗੁਰ ਪ੍ਰਸਾਦਿ ਨਰਕ ਨਹੀ ਜਾਤਾ ॥ ੩ ॥ ੫ ॥

ਦਵੈਯਾ ਛੰਦ ॥

ਬ੍ਰਹਮਗਿਆਨ ਦੀ ਬਾਣੀ ਸੁਣਕੇ ਰਾਜੇ ਸੀਸ ਨਿਵਾਇਆ।
ਭਰਮ ਅੰਧੇਰਾ ਦੂਰ ਹੋ ਗਿਆ ਬਾਬੇ ਜਦੋਂ ਬਤਾਇਆ।
ਰਿਸ਼ੀਆਂ ਵਾਲੀ ਸੁਣੀ ਕਥਾ ਜਦ ਧੰਨ ਧੰਨ ਰਾਜਾ ਬੋਲੇ।
ਧੰਨ ਭਗਤ ਰਵਿਦਾਸ ਗੁਰੂ ਜੀ ਲਗੇ ਜੰਦਰੇ ਖੋਲੇ।
ਕਬੀਰ ਜੁਲਾਹਾ ਜਾਤ ਦਾ ਰਾਮ ਨਾਮ ਜਸ ਗਾਇਆ।
ਨਾਮਦੇਵ ਨੇ ਠਾਕਰ ਤਾਈਂ ਹਸ ਹਸ ਦੂਧ ਪਿਲਾਇਆ।
ਭਗਤਾਂ ਦੇ ਵਸ ਠਾਕਰ ਭਾਈ ਮਰਜੀ ਪੀਵਨ ਖਾਵਣ।
ਜਿਧਰ ਹਾਕਾਂ ਮਾਰਨ ਭਾਈ ਓਧਰ ਭਜੇ ਜਾਵਣ।
ਧੰਨੇ ਜਟ ਨੇ ਭਗਤੀ ਕਰਕੇ ਵਛੇ ਗਊਆਂ ਚਾਰੇ।
ਸਾਂਝੀ ਖੇਤੀ ਨਾਲ ਰੱਬ ਦੇ ਛਡੇ ਨਿਤ ਕਿਆਰੇ।

ਗੰਗਾ ਵਿਚ ਰਵਿਦਾਸ ਭਗਤ ਨੇ ਠਾਕਰ ਮੂਰਤੀ ਤਾਰਨੀ

ਦਵੈਯਾ ਛੰਦ ॥

ਰਾਜਾਂ ਆਖੇ ਗੰਗਾ ਘਾਟ ਤੇ ਮਿਸ਼ਰੋ ਦੇਣਾ ਦਰਸ਼ਨ।

Sri Satguru Jagjit Singh Ji Elibrary NamdhariElibrary@gmail.com

ਠਾਕਰ ਜੀ ਨਿਆਉਂ ਕਰਨਗੇ ਪ੍ਰਸ਼ਨ ਆਪੇ ਕਰਸਨ।
ਆਪੋ ਆਪਣੇ ਠਾਕਰ ਸਭਨਾਂ ਘਰੋਂ ਚੁਕ ਲਿਆਉਣੇ।
ਝੂਠੇ ਸਚੇ ਠਾਕਰ ਭਾਈ ਸਭ ਦੇ ਹੈ ਪ੍ਰਤਾਉਣੇ।
ਰਾਜੇ ਦੇ ਇਹ ਮੂੰਹੋਂ ਸੁਣ ਕੇ, ਬ੍ਰਾਹਮਣ ਹੋਏ ਹੈਰਾਨੀ।
ਉਲਟੀ ਮਤ ਰਾਜੇ ਵਾਲੀ, ਪੁਠੀ ਹੋਈ ਕਹਾਨੀ।
ਫਿਰਾਈ ਖਬਰ ਸ਼ਹਿਰ ਦੇ ਅੰਦਰ ਠਾਕਰਾਂ ਗੰਗਾ ਨ੍ਹਾ ਕੇ।
ਭਗਤ ਰਵਿਦਾਸ ਨੂੰ ਮਾਰ ਦੇਣਾ ਹੈ ਗੰਗਾ ਉਤੇ ਜਾ ਕੇ।
ਕੋਈ ਕਹੇ ਠਾਕਰ ਤਾਰਨ ਪਥਰ ਮੂਰਤ ਸਾਰੇ।
ਪਥਰ ਕਦੇ ਨਹੀਂ ਤਰਨੇ ਭਾਈ ਸੁਣੇ ਨਾ ਕਿਸੇ ਬਿਚਾਰੇ।
ਆਖਰ ਕਲ ਸਵੇਰ ਹੋਈ ਲੋਕ ਗੰਗਾ ਤੇ ਆਏ।
ਘਾਟ ਉਤੇ ਭੀੜ ਪਈ ਸੀ, ਪਾਂਡੇ ਬਹੁਤੇ ਧਾਏ।
ਸਾਲਗ ਰਾਮ, ਮੂਰਤੀ, ਠਾਕਰ, ਦੇਵ ਪਿਰਤਮਾ ਭਾਰੀ।
ਲਧੇ ਪੰਡਤ ਆਏ ਸਾਰੇ, ਸਿਰ ਤੇ ਚੱਕ ਬਿਗਾਰੀ।

### ਭਗਤ ਜੀ ਨੇ ਆਪਣੇ ਘਰੋਂ ਪਥਰ ਮੂਰਤੀ ਤੇ ਠਾਕਰ ਲਿਆਉਣੇ

ਚਿਟੇ ਬਸਤਰ ਸੇਵਕ ਸਾਥੀ, ਦਿਸਦੇ ਭਗਤ ਨਿਰਾਲੇ। ਕੇਸਾਂ ਵਾਲੇ ਦਾੜ੍ਹੇ ਸਜ ਦੇ, ਜਿਉਂ ਪਰਵਾਰ ਚੰਦਾਲੇ। ਇਕ ਪਥਰੀ ਤੇ ਠਾਕਰ ਰਖੇ, ਗੰਡਣ ਤੁਪਣ ਵਾਲੀ। ਇਕ ਰੰਬੀ ਇਕ ਆਰ ਸੀ ਰਖੀ, ਠਾਕਰ ਕਰਨ ਸੰਭਾਲੀ। ਰੱਖ ਸੀਸ ਤੇ ਆਏ ਭਗਤ ਜੀ, ਦਿਸਣ ਸਭ ਤੋਂ ਉਚੇ। ਵੇਖ ਬਾਬੇ ਤੋਂ ਪਰੇ ਹਟਾਏ ਬ੍ਰਾਹਮਣ ਜੋ ਸੀ ਸੁਚੇ। ਰਾਜੇ ਤਾਈਂ ਕਹਿੰਦੇ ਬਾਹਮਣ, ਦੇਖੋ ਜਾਤ ਗਵਾਲੀ। ਪਥਰੀ ਉਤੇ ਠਾਕਰ ਰਖੇ, ਜੋ ਛਿਤਰ ਗੰਢਣ ਵਾਲੀ। ਰਾਜੇ ਕਿਹਾ ਸੁਣੋ ਪੰਡਤੋ, ਠਾਕਰ ਸਭ ਸੰਭਾਲੋ। ਇਸ ਗੰਗਾ ਦੇ ਵਹਿਣ ਅੰਦਰ, ਸਭੇ ਜਲਦੀ ਡਾਲੋ। ਜਿਸਦੇ ਠਾਕਰ ਹੋਵਣ ਭਾਈ, ਉਹ ਸਦੇ ਉਹ ਆਵਣ।

Sri Satguru Jagjit Singh Ji Elibrary NamdhariElibrary@gmail.com

ਨਹੀਂ ਤਾਂ ਝੂਠੇ ਵਟਿਆਂ ਤਾਈਂ ਵਿਚੇ ਕਰਾਂ ਰੁੜ੍ਹਾਵਣ। ਪੰਡਤ ਆਖਣ ਸੁਣੀਏ ਰਾਜਨ, ਸਚੇ ਬਚਨ ਹਮਾਰੇ। ਪਥਰੀ ਵਾਲੇ ਠਾਕਰ ਜਿਹੜੇ ਪਹਿਲੇ ਭਗਤ ਜੀ ਤਾਰੇ। ਬ ਬਾ ਜੀ ਨੇ ਉਚਰ ਸੁਣਾਇਆ,ਤੁਸੀਂ ਹੋ ਖਟ ਕਰਮੀ। ਮੇਰੀ ਜਾਤ ਛੁਟੇਰੀ, ਪੰਡੇ ਉਚੇ ਤੁਮ ਤੇ ਧਰਮੀ। ਪਹਿਲੇ ਉਚੇ ਤੁਮ ਤੇ ਠਾਕਰ, ਗੰਗਾ ਅੰਦਰ ਤਾਰੋ। ਫੇਰ ਉਹਨਾਂ ਨੂੰ ਪਾਸ ਬੁਲਾਵੋ, ਹਾਕਾਂ ਮਾਰ ਪੁਕਾਰੋ। ਰਾਜੇ ਵਲੋਂ ਆਗਿਆ ਹੋਈ ਜੋ ਪੰਡਤ ਨੇ ਸਿਆਣੇ। ਠਾਕਰ ਗੰਗਾ ਅੰਦਰ ਡਾਰੋ, ਫਿਰ ਉਹ ਆਪ ਬਿਲਾਣੇ। ਐਸੀ ਸੁਣ ਕੇ ਬਾਹਮਣ ਭਾਈ ਠਾਕਰ ਗੰਗਾ ਡਾਰੇ। ਜਾਂਦੇ ਸਾਰ ਪਾਣੀ ਦੇ ਅੰਦਰ ਡੁਬੇ ਸਭ ਵਿਚਾਰੇ। ਆਖਰ ਹਾਕਾਂ ਮਾਰਨ ਆਵੋ ਠਾਕਰ ਮੂਰਤ ਮੋਹਣੀ। ਰਾਧੇ ਸ਼ਿਆਮਾ ਸੀਤਾ ਰਾਮ, ਹੇ ਮੂਰਤ ਮਨ ਮੋਹਣੀ। ਮਾਰ ਅਵਾਜ਼ਾਂ ਹਟ ਗਏ ਬਾਹਮਣ, ਪਥਾਰ ਮੂਰਤ ਪੂਜਕ। ਗੰਗਾ ਵਹਿਣ ਅੰਦਰ ਰੁੜ੍ਹ ਗਏ ਪੈਂਦੇ ਨਾਹੀ ਸੂਜਕ ਬਾਬੇ ਜੀ ਨੂੰ ਆਖੇ ਰਾਜਾ ਤੁਮਰੀ ਮੂਰਤ ਠਾਕਰ। ਗਹਿਰੇ ਪਾਣੀ ਅੰਦਰ ਲੈ ਕੇ, ਉਸ ਥਾਂ ਗੇਰੋ ਜਾਕਰ। ਕਰ ਇਸਨਾਨ ਲਿਆ ਉਸ ਵੇਲੇ, ਠਾਕਰ ਪਥਰੀ ਧੋ ਕੇ। ਸਾਲਗ ਰਾਮ ਮੂਰਤੀ ਜੋ ਸੀ, ਅਗੇ ਰਖੀ ਹੋਕੇ। ਸਾਲਗ ਰਾਮ ਸਣੇ ਜੋ ਪਥਰੀ ਬਾਬੇ ਤੁਰਤ ਉਠਾਈ ਡੂੰਘੀ ਲਹਿਰ ਪਾਣੀ ਅੰਦਰ ਬਾਬੇ ਜਾ ਤੁਰਾਈ ਗੰਗਾ ਵਿਚ ਪਥਰੀ ਤਰਦੀ ਸਾਲਗ ਰਾਮ ਭੀ ਤਾਰੇ ਦਰਸ਼ਨ ਕੀਤੇ ਸਭਨਾ ਓਥੇ ਜੋ ਸੀ ਦੇਖਣਹਾਰੇ। ਐਪਰ ਬਾਬੇ ਜੀ ਮਸਤਾਨੇ ਸੰਖ ਘੜਿਆਲ ਵਜਾ ਕੇ। ਲਗੇ ਆਰਤੀ ਕਰਨ ਉਸ ਦਿਨ ਰਾਗ ਧਨਾਸਰੀ ਗਾ ਕੇ।

ਧਨਾਸਰੀ ਬਾਣੀ ਰਵਿਦਾਸ ਜੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ॥ ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰੋ ਕੇਸਰੋ ਲੈ ਛਿਟਕਾਰੇ॥ ਨਾਮ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੈ ਤੁਝਹਿ ਕਉ ਚਾਰੇ ॥ ੧ ॥ ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮ ਤੇਰੋ ਤੇਲੁ ਲੈ ਮਾਹਿ ਪਸਾਰੇ॥ ਨਾਮ ਤੇਰੇ ਕੀ ਜੋਤਿ ਲਗਾਈ

Sri Satguru Jagjit Singh Ji Elibrary NamdhariElibrary@gmail.com

ਭਇਓ ਉਜਿਆਰੋ ਭੁਵਨ ਸਗਲਾਰੇ ॥ ੨ ॥ ਨਾਮੁ ਤੇਰੋ ਤਾਗਾ ਨਾਮ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥ ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮ ਤੇਰਾ ਤੁਹੀ ਚਵਰ ਢੋਲਾਰੇ ॥ ੩ ॥ ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥ ੪ ॥ ੩ ॥੨੩॥

ਭਗਤ ਜੀ

ਦੋਹਰਾ—ਬਹੁਤ ਕਾਲ ਤਕ ਭਗਤ ਜੀ ਬਾਣੀ ਉਚਰ ਤਤਕਾਲ ।
ਰਾਜਾ ਨਾਗਰ ਮੱਲ ਦੇ ਹੋ ਗਏ ਸਿਖ ਨਿਹਾਲ ॥
ਰਾਜੇ ਨਾਗਰ ਮੱਲ ਨੇ ਬਿਨੈ ਕਰੀ ਹਥ ਜੋੜ ।
ਠਾਕਰਾਂ ਤਾਈਂ ਸਦ ਲੋ ਪਾਣੀ ਉਪਰ ਤੋਰ ।
ਦੋਹਰਾ—ਸੁਣ ਕੇ ਏਹੋ ਬੇਨਤੀ ਬਾਬੇ ਸਬਦ ਅਲਾਉਣ ।
ਭਗਤੀ ਭਾਉ ਪ੍ਰੇਮ ਨਾਲ ਬਾਣੀ ਉਚਰ ਸੁਣਾਉਣ ॥

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰਪ੍ਰਸਾਦਿ ।

ਮੁਕੰਦ ਮੁਕੰਦ ਜਪਹੁ ਸੰਸਾਰ ॥ ਬਿਨੁ ਮੁਕੰਦ ਤਨੁ ਹੋਇ ਅਉਹਾਰ ॥

ਟੀਕਾ ਹੇ ਸੰਸਾਰ ਵਿਚ ਫਸੇ ਹੋਏ ਜੀਵੋ ਪ੍ਰਵਦਗਾਰ ਦਾ ਜਾਪ ਕਰੋ ਜਿਸ ਤੋ ਨਿਸਤਾਰਾ ਹੋ ਜਾਂਵੇ ।

ਸੋਈ ਮੁਕੰਦ ਮੁਕਤਿ ਕਾ ਦਾਤਾ ॥ ਸੋਈ ਮੁਕੰਦ ਹਮਰਾ ਪਿਤ ਮਾਤਾ ॥ ੧।

ਓਹ ਪਰੀ ਪੂਰਨ ਪ੍ਰਮਾਤਮ ਦੇਵ ਮੁਕਤਿ ਕਰਦਾ ਹੈ; ਮੇਰਾ ਪਿਤਾ ਅਤੇ ਮਾਤਾ ਭੀ ਏਹੋ ਹੈ ਪਾਲਣ ਕਰਨ ਵਾਲਾ ।

ਜੀਵਤ ਮੁਕੰਦੇ ਮਰਤਿ ਮੁਕੰਦੇ ॥ ਤਾਕੇ ਸੇਵਕ ਕਉ ਸਦਾ ਅਨੰਦੇ ॥ ੧ ॥ ਰਹਾਉ ॥

ਹੇ ਭਾਈ ਹੁਣ ਅਸੀ ਜੀਉਂਦੇ ਅਤੇ ਫੇਰ ਭੀ ਨਾਮ ਹੀ ਜਪਣਾ ਹੈ ।

ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥ ਜਪਿ ਮੁਕੰਦ ਮਸਤਕਿ ਨੀਸਾਨੰ ।

ਨਾਮ ਜਪਣ ਕਰਕੇ ਮਸਤਕ ਪਵਿਤਰ ਨੇ ਨਾਮ ਹੀ ਪ੍ਰਾਨ ਦਾ ਅ ਸਰਾ ਹੈ ।

ਸੇਵ ਮੁਕੰਦ ਕਰੈ ਬੈਰਾਗੀ ॥ ਸੋਈ ਮੁਕੰਦੁ ਦੁਰਬਲ ਧਨ ਲਾਧੀ ॥ ੨ ॥

ਜੀਵ ਨਾਮ ਜਪਣ ਤੇ ਬਿਰਾਗੀ ਹੁੰਦਾ ਹੈ, ਨਾਮ ਹੀ ਮਾੜਿਆਂ ਦਾ ਧੰਨ ਹੈ ।

Sri Satguru Jagjit Singh Ji Elibrary NamdhariElibrary@gmail.com

ਏਕ ਮੁਕੰਦ ਕਰੈ ਉਪਕਾਰ ॥ ਹਮਰਾ ਕਹਾ ਕਰੈ ਸੰਸਾਰ ॥

ਏਹ ਪਰਉਪਕਾਰ ਰਾਮ ਦਾ ਹੈ, ਜੋ ਹਾਮੀ ਹੈਨ ਨਾਮ ਦੇ ਸੰਸਾਰ ਵਿਚ ਉਸ ਨੂੰ ਤਾਰਦਾ ਹੈ ।

ਮੇਟੀ ਜਾਤਿ ਹੂਏ ਦਰਬਾਰਿ । ਤੁਹੀ ਮੁਕੰਦ ਜੋਗ ਜੁਗਤਾਰ ॥੩॥

ਹੇ ਰਾਮ ਤੈਂ ਜਾਤ ਦਾ ਲਿਹਾਜ ਨਹੀਂ ਕੀਤਾ,ਆਪ ਆਕੇ ਤਾਰਦੇ ਹੋਏ ਦਰਸ਼ਨ ਦੇਕੇ ।

ਉਪਜਿਓ ਗਿਆਨ ਹੂਆ ਪ੍ਰਗਾਸ ॥ ਕਰਿ ਕਿਰਪਾ ਲੀਨੈ ਕੀਟ ਦਾਸ ॥

ਤੇਰੀ ਕਿਰਪਾ ਹੇ (ਵਾਹਿਗੁਰੂ ਦਾਸ ਤੇ ਹੋਈ ਕੀੜੇ ਤੋਂ ਦਾਸ ਸੇਵਕ ਕਰ ਦਿਤਾ ।

ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥
ਜਪ ਮੁਕੰਦ ਸੇਵਾ ਤਾਹੂ ਕੀ ॥੪॥੩੦॥

ਹੇ ਰਾਮ ਜੀ ਭਰਮ ਅਤੇ ਤ੍ਰਿਸ਼ਨਾਂ ਨਾਸ ਹੋ ਗਈ ਤੇਰਾ ਜਾਪ ਹੀ ਹੁੰਦਾ ਰਹੇ, ਭਾਵ ਹਰੀ ਦੀ ਪ੍ਰੇਮਾ ਭਗਤੀ ਦਾ ਪ੍ਰਕਾਸ਼ ਹੋ ਜਾਵੇ ।

ਦਵੈਯਾ ਛੰਦ ॥

ਏਹ ਸ਼ਬਦ ਬਾਬੇ ਨੇ ਪੜਿਆ ਠਾਕਰ ਤਰਦੇ ਆਏ ।
ਆਣ ਨਦੀ ਦੇ ਕੰਢੇ ਲਗੇ ਬਾਬੇ ਪਕੜ ਰਖਾਏ ।
ਤੁਲਸੀ ਦਲ ਤੇ ਧੂਪ ਧੁਖਾ ਕੇ ਹਮਨ ਅਹੂਤੀ ਪਾਈ ।
ਚਾਰੇ ਬਰਨ ਧੰਨ ਧੰਨ ਆਖਣ ਉਲਟੀ ਸਭ ਲੁਕਾਈ ।
ਹੋ ਸ਼ਰਮਿੰਦੇ ਬਾਮਣ ਤੁਰ ਗਏ ਪਥਰ ਸਿਟ ਵਿਚ ਗੰਗਾ ।
ਲੋਕ ਮਖੌਲੀ ਹਾਸੇ ਕਰਦੇ ਬਾਹਮਣ ਲੈਂਦੇ ਪੰਗਾ ।
ਗਲ ਪਲਾ ਪਾ ਨਾਗਰ ਮੱਲ ਨੇ ਚਰਨੀ ਸੀਸ ਨਿਵਾਯਾ ।
ਗੁਰਮੰਤਰ ਦੀ ਸਿਖਿਆ ਦਿਤੀ ਓਸਨੂੰ ਸਿਖ ਬਨਾਯਾ ।
ਮੈਂ ਹੰਕਾਰੀ ਵਡਾ ਭਾਰੀ ਦਰਸ਼ਨ ਚਲ ਨਾ ਕੀਤਾ ।
ਬਖਸ਼ੋ ਭੁਲ ਅਸਾਂ ਥੀਂ ਹੋਈ ਜੋ ਕੀਤਾ ਸੋ ਬੀਤਾ ।
ਅਗੇ ਵਾਸਤੇ ਹੁਕਮ ਕਰੋ ਜੋ ਮੈਂ ਓਹ ਸੇਵ ਕਰਾਵਾਂ ।
ਸਦਾ ਲਈ ਹਾਂ ਚੇਰਾ ਤੇਰਾ ਰਾਜਾ ਮੈਂ ਕਹਾਵਾਂ ।
ਘਰ ਵਿਚ ਦੌਲਤ ਭਰੇ ਖਜਾਨੇ ਏਹ ਮੇਰੇ ਭੀ ਸਭ ਤੇਰੇ ।
ਚਲੋ ਮਹਿਲਾਂ ਅੰਦਰ ਸੁਆਮੀ ਲਾਵੋ ਓਥੇ ਡੇਰੇ ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਭਗਤ ਜੀ ਰਾਜ ਮਧ ਤੇ ਸਭ ਕੁਛ ਗਿਆਨ ਸੁਣਾਂਦੇ।
ਭਗਤੀ ਭਾਉ ਪ੍ਰੇਮ ਦੀ ਪਉੜੀ ਉਚੀ ਮੰਜ਼ਲ ਪਹੁੰਚਾਂਦੇ।

ਰਾਜੇ ਦੀ ਬੇਨਤੀ

ਹਥ ਜੋੜ ਕੇ ਰਾਜੇ ਨੇ ਅਰਜ ਕੀਤੀ ਬਾਬਾ ਆਪਣੀ ਭੁਲ ਬਖਸ਼ਾਵਨਾ ਮੈਂ। ਕਦੇ ਗਿਆ ਨਾ ਮੈਂ ਸਤਿਸੰਗ ਅੰਦਰ ਚਰਨ ਤੁਸਾਂ ਦੇ ਘਰ ਪੁਆਵਨਾ ਮੈਂ। ਘਰ ਮਹਿਲਾਂ ਅੰਦਰ ਚਰਨ ਆਪ ਪੌਣੇ ਚਿਤ ਆਪਣਾ ਸ਼ਾਂਤ ਕਰਾਵਨਾ ਮੈਂ। ਸ਼ਰਨ ਤੁਸਾਂ ਦੀ ਤਕ ਕੇ ਆਣ ਡਿਗਿਆ ਗੁਰੂ ਤੁਸਾਂ ਨੂੰ ਅਜ ਬਣਾਵਨਾ ਮੈਂ। ਰਾਜਾ ਮੈਂ ਤੇ ਆਪ ਨੇ ਹੁਕਮ ਕਰਨਾ ਕਰਨਾ ਰਾਜ ਪਰਬੰਧ ਖਿਆਲ ਬਾਬਾ। ਮੇਰੇ ਮਨ ਦੇ ਭਰਮ ਨੇ ਨਾਸ ਹੋਏ ਪਰੀ ਪੂਰਨ ਤੂੰ ਰੂਪ ਅਕਾਲ ਬਾਬਾ।

ਸ੍ਰੀ ਰਵਿਦਾਸ ਦਾ ਰਾਜੇ ਪ੍ਰਤੀ ਉਪਦੇਸ਼

ਬਾਬੇ ਆਖਿਆ ਮਨ ਨੂੰ ਵਸ ਕਰਨਾ ਸਿਖ ਹੋਣਾ ਅਉਖਾ ਹੁੰਦਾ ਮਰਨ ਰਾਜਾ। ਨਦੀ ਵਿਸ਼ੇ ਵਿਕਾਰਾਂ ਦੀ ਭਰੀ ਹੋਈ ਏ ਹੁੰਦਾ ਗੁਰੂ ਨਾ ਧਾਰੇ ਬਿਨ ਤਰਨ ਰਾਜਾ। ਕਾਮ, ਕ੍ਰੋਧ, ਲੋਭ, ਮੋਹ ਤਿਆਗ ਕੇ ਤੇ ਕਰਮ ਵੈਸ਼ਨੋ ਸੋਖਾ ਨਹੀਂ ਕਰਨ ਰਾਜਾ। ਅੰਮ੍ਰਿਤ ਵੇਲੇ ਹੈ ਉਠ ਅਸ਼ਨਾਨ ਕਰਨਾ ਮਨ ਸੁਧ ਹੋ ਜਾਵਣਾ ਸਰਨ ਰਾਜਾ। ਸਿਖੀ ਸਿਖਿਆ ਗੁਰੂ ਦੀ ਧਾਰ ਖੰਡਾ ਨਾਚ ਕਰਨਾ ਤੇ ਸੋਨਾ ਘੜਨ ਰਾਜਾ। ਮੂੰਹੋਂ ਕਹਿ ਦੇਣਾ ਮੈਂ ਸਿਖ ਤੇਰਾ ਸਿਖ ਅਉਖਾ ਖਜੂਰ ਜਿਉਂ ਚੜ੍ਹਨ ਰਾਜਾ। ਲੋਕ ਲਜਿਆ ਤੋੜਕੇ ਸਿਖ ਹੋਣਾ ਪੂਰੇ ਸੰਤ ਦੇ ਪਕੜਨੇ ਚਰਨ ਰਾਜਾ। ਕੀਤੀ ਬੇਨਤੀ ਕਿਲੇ ਵਿਚ ਚਰਨ ਪਾਵੋ ਮੰਨ ਬੇਨਤੀ ਕਿਲੇ ਨੂੰ ਚਲ ਆਏ। ਸਿਖ ਸੰਗਤਾਂ ਕੀਰਤਨੀ ਸਿਖ ਸੇਵਕ ਕਾਲਾ ਸਿੰਘ ਰਵਿਦਾਸ ਮਹੱਲ ਆਏ।

ਰਾਜੇ ਦੇ ਮਹਲਾਂ ਵਿਚ ਦੀਵਾਨ

ਨਾਗਰ ਮਲ ਰਾਜੇ ਤੇ ਹੋਈ ਕਿਰਪਾ ਓਹਦੀ ਦਿਲ ਤੋਂ ਛੂਤ ਚੁਕਾਉਣ ਲਗੇ। ਤਖਤ ਡਾਹ ਕੇ ਆਸਣ ਵਿਛਾ ਦਿਤੇ ਭਗਤ ਬੈਠ

Sri Satguru Jagjit Singh Ji Elibrary NamdhariElibrary@gmail.com

ਸੋਭਾ ਵਿਚ ਪਾਉਣ ਲਗੇ। ਕੀਰਤਨ ਕਰਨ ਵਾਲੇ ਸਤਸੰਗੀਆਂ ਨੇ ਸਾਜ ਸੁਰਾਂ ਦੇ ਨਾਲ ਰਲਾਉਣ ਲਗੇ। ਤਾਲ ਖੰਜਰੀ ਢੋਮਕੇ ਘੁੰਗਰੂ ਤੇ ਤਾਰ ਸਣੇ ਸਤਾਰ ਵਜਾਉਣ ਲਗੇ। ਤਾਲੀ ਜਲ ਤਰੰਗ ਬਜੰਤਰੀ ਜੋ ਰਾਗੀ ਰਾਗ ਅੰਦਰ ਘੁਮਰ ਪਾਉਣ ਲਗੇ। ਕਈ ਮਸਤ ਹੋਕੇ ਨਿਰਤ ਕਰਨ ਲਗੇ ਰੱਬੀ ਜਸ ਅੰਦਰ ਸ਼ਬਦ ਗਾਉਣ ਲਗੇ। ਮਹਿਲ ਗੂੰਜ ਪਏ ਕੀਰਤਨ ਦੇ ਠਾਠ ਅੰਦਰ ਸੋਹਣੀ ਸੁਰ ਅੰਦਰ ਮਹਾਰਾਜ ਬੋਲੇ। ਕਾਲਾ ਸਿੰਘ ਜਿਥੇ ਆਪ ਨਾਮ ਜਪਦੇ ਸੂਹੀ ਰਾਗ ਅੰਦਰ ਸੁਰ ਸਾਜ ਬੋਲੇ।

ਸੂਹੀ ॥

ਜੋ ਦਿਨੁ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥ ਸੰਗੁ ਚਲਤ ਹੈ ਹਮ ਭੀ ਚਲਨਾ ॥ ਦੂਰਿ ਗਵਨੁ ਸਿਰ ਊਪਰ ਮਰਨਾ ॥ ੧ ॥ ਕਿਆ ਤੂ ਸੋਇਆ ਜਾਗੁ ਇਆਨਾ ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ੧ ॥ ਰਹਾਉ ॥ ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ ਸਭ ਘਟਿ ਭੀਤਰਿ ਹਾਟੁ ਚਲਾਵੈ ॥ ਕਰਿ ਬੰਦਗੀ ਛਾਡਿ ਮੈ ਮੇਰਾ ॥ ਹਿਰਦੈ ਨਾਮੁ ਸਮਾਰਿ ਸਵੇਰਾ ॥ ੨ ॥ ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹਦਿਸ ਅੰਧਿਆਰਾ ॥ ੩ ॥ ਕਹਿ ਰਵਿਦਾਸ ਨਿਦਾਨਿ ਦਿਵਾਨੇ ॥ ਚੇਤਸਿ ਨਾਹੀ ਦੁਨੀਆ ਫਨ ਖਾਨੇ ॥ ੪ ॥ ੨॥ ੨੬॥

ਸੂਹੀ ਬਾਣੀ

ਊਚੇ ਮੰਦਰ ਸਾਲ ਰਸੋਈ ॥ ਏਕ ਘਰੀ ਫੁਨਿ ਰਹਨੁ ਨ ਹੋਈ ॥ ੧ ॥ ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥ ੧ ॥ ਰਹਾਉ ॥ ਭਾਈ ਬੰਧ ਕੁਟੰਬ ਸਹੇਰਾ ॥ ਓਇ ਭੀ ਲਾਗੇ ਕਾਢੁ ਸਵੇਰਾ ॥ ੨ ॥ ਘਰ ਕੀ ਨਾਰਿ ਉਰਹਿ ਤਨ ਲਾਗੀ ॥ ਉਹ ਤਉ ਭੂਤੁ ਭੂਤੁ ਕਰਿ ਭਾਗੀ ॥ ੩॥ ਕਹਿ ਰਵਿਦਾਸ ਸਭੈ ਜਗੁ ਲੂਟਿਆ ॥ ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥ ੨੭॥

ਭਗਤ ਦਾ ਉਪਦੇਸ਼ ॥ ਦਵੈਯਾ ਛੰਦ ॥

ਕੰਨ ਵਿਚ ਮੰਤਰ ਦਸ ਕੇ ਸਭ ਨੂੰ ਸ਼ੁਭ ਉਪਦੇਸ਼ ਸੁਣਾ ਕੇ।
ਰਾਜੇ ਰਾਣੀ ਮੁਨਸ਼ੀ ਸਾਰੇ ਅੰਮ੍ਰਿਤ ਦਿਓ ਛਕਾ ਕੇ।
ਉਸ ਦਿਨ ਬਾਬੇ ਰਾਜੇ ਤਾਈਂ ਸ਼ੁਭ ਉਪਦੇਸ਼ ਸੁਣਾਇਆ।

Sri Satguru Jagjit Singh Ji Elibrary NamdhariElibrary@gmail.com

ਦਇਆ ਖਿਮਾ ਸੰਤੋਖ ਧਰਮ ਹਿਤ ਨਾਮ ਦਾਨ ਸਮਝਾਇਆ।
ਹੱਕ ਬਿਗਾਨਾ ਸਚ ਬੋਲਣਾ ਕਰਨਾ ਨਿਆਉਂ ਕਚਹਿਰੀ।
ਧਰਮ ਕਰਮ ਸਭ ਰਖਣੇ ਚੇਤੇ ਨਿਗ੍ਹਾ ਨ ਕਰਨੀ ਗਹਿਰੀ।
ਅੰਮ੍ਰਿਤ ਵੇਲੇ ਉਠ ਹਮੇਸ਼ਾ ਗੰਗਾ ਟੁਬੀ ਲਾਣੀ।
ਅੰਤਰ ਧਿਆਨ ਜਾਪ ਕਰੋ ਨਿਤ ਫਿਰ ਪੜ੍ਹਨੀ ਗੁਰਬਾਣੀ।
ਕੰਨ ਵਿਚ ਮੰਤਰ ਦਸਦੇ ਸਭ ਨੂੰ ਸ਼ੁਭ ਉਪਦੇਸ਼ ਸੁਣਾ ਕੇ।
ਰਾਜੇ ਰਾਣੀ ਮੁਨਸ਼ੀ ਸਾਰੇ ਅੰਮ੍ਰਿਤ ਦਿਓ ਛਕਾ ਕੇ।
ਰਾਜੇ ਕਿਹਾ ਹੁਕਮ ਦਿਓ ਮੈਂ ਬਾਹਮਣਾ ਡੰਨ ਲਗਾਵਾਂ।
ਸਾਰੀ ਉਮਰ ਜੇਹਲ ਵਿਚ ਰਖਾਂ ਕੈਦੀ ਚਾ ਬਣਾਵਾਂ।
ਮੁੜ ਨਾ ਨਿੰਦਿਆ ਕਰਨ ਬਖੇੜਾ ਸੰਤ ਸਾਧ ਦੇ ਨਾਲੇ।
ਜਾਤ ਉਚੀ ਦੀ ਲਾਹਾਂ ਖੁਮਾਰੀ ਪਕੜਾਂ ਬੁਢੇ ਬਾਲੇ।
ਸ਼ਾਂਤ ਸੁਭਾਵ ਵਿਚ ਕਿਹਾ ਭਗਤ ਨੇ ਜੋ ਕਰਸਨ ਸੋ ਭਰਸਨ।
ਜੇਹੜੇ ਕਰਸਨ ਸੋਈ ਮਹੇਸਨ ਤੁਸੀ ਕਰੋ ਹਰਿ ਦਰਸ਼ਨ।
ਨਾਮ ਦਾਨ ਦ੍ਰਿੜਾ ਕੇ ਬਾਬਾ ਸਤ ਸੰਗ ਵਿਚ ਆਵੈ।
ਨਿਤ ਪ੍ਰਤ ਆਵਣ ਸੰਗਤ ਲਗੀ ਬਾਬਾ ਕਥਾ ਸੁਣਾਵੈ।
ਕਾਲਾ ਸਿੰਘਾ ਰਾਜੇ ਰਾਣੀਆਂ ਚਰਨੀ ਸੀਸ ਨਿਵਾਇਆ।
ਲੰਗਰ ਭੇਟਾ ਖਾਤਰ ਰਾਜੇ ਅੰਨ ਘਿਓ ਆਦ ਪੁਚਾਇਆ।

ਪੰਜਾਬ ਦੇ ਯਾਤਰੂਆਂ ਨੇ ਭਗਤ ਜੀ ਦੇ ਦਰਸ਼ਨ ਕਰਨੇ

ਦੂਰ ਦੇਸਾਂ ਪਰਦੇਸਾਂ ਅੰਦਰ ਖਬਰ ਫੈਲ ਗਈ ਪਿਆਰੇ।
ਸ਼ਕਤੀ ਅੰਦਰ ਗੰਗਾ ਦੇ ਵਿਚ ਬਾਬੇ ਪੱਥਰ ਤਾਰੇ।
ਸੈਣੀ ਸਿਖ ਲੁਭਾਣੇ ਪਰੇਮੀ ਵਣਜ ਕਰਨ ਜੋ ਸਾਥੀ।
ਸਭਨਾਂ ਰਜ ਰਜ ਦਰਸ਼ਨ ਕੀਤੇ ਸੁਣ ਕੇ ਏਹੋ ਸਾਖੀ।
ਚੁਮਾਰ ਪੰਜਾਬੀ ਚਲਕੇ ਜਾਂਦੇ ਸਿਖ ਬਣਦੇ ਵਿਚ ਕਾਂਸ਼ੀ।
ਸਿਖ ਬਣੇ ਜੋ ਪੁਛੇ ਕੋਈ ਅਸੀ ਰਾਮ ਦੇ ਦਾਸੀ।
ਰਾਮਦਾਸੀਏ ਸਿੱਖ ਕਹਾਉਣੇ ਲੱਗੇ ਭਗਤ ਦੁਆਰੇ।

Sri Satguru Jagjit Singh Ji Elibrary NamdhariElibrary@gmail.com

ਦੇਸਾਂ ਅੰਦਰ ਸਿੱਖੀ ਫੈਲੀ ਵਿਚ ਪੰਜਾਬ ਦੇ ਸਾਰੇ।
ਬਾਜੀਗਰ ਇਕ ਸੇਵਕ ਹੋਇਆ ਸੇਵਾ ਸੀ ਨਿਤ ਕਰਦਾ।
ਕਾਂਸ਼ੀ ਅੰਦਰ ਰਹੇ ਬਹੁਤ ਚਿਰ ਚਰਨ ਸੀਸ ਨਿਤ ਧਰਦਾ।
ਬਾਜੀ ਪੌਣ ਲਗਾ ਸੀ ਇਕ ਦਿਨ ਉਚੇ ਵੰਜ ਗਡਾ ਕੇ।
ਰਸੇ ਉਪਰ ਛਾਲਾਂ ਮਾਰਨ ਉਲਟ ਪੁਲਟ ਪਟਕਾ ਕੇ।
ਜੋ ਕੋਈ ਮਾਇਆ ਦੇਵੇ ਉਸ ਨੂੰ ਉਚੀ ਉਚੀ ਹਸਣ।
ਦੇਖ ਮਾਇਆ ਨੂੰ ਖੁਸ਼ ਹੋ ਜਾਂਦੇ ਦੇਖ ਮਾਇਆ ਨੂੰ ਨਸਣ।
ਜੇਕਰ ਮਾਇਆ ਦੇਵੇ ਨਾਹੀਂ ਰੋਣੀ ਸੂਰਤਿ ਕਰਕੇ।
ਰੋ ਪੈਂਦੇ ਜਿਉਂ ਰੋਂਦੇ ਹੁੰਦੇ ਹੁੰਦੇ ਨੇ ਜਿਉਂ ਮਰ ਕੇ।
ਦੇਖ ਦਸ਼ਾ ਏਹ ਬਾਬਾ ਜੀ ਨੇ ਏਹੋ ਸ਼ਬਦ ਸੁਣਾਇਆ।
ਰਾਗ ਆਸਾ ਦੇ ਵਿਚ ਲਿਖਿਆ ਬਾਬੇ ਜੋ ਫੁਰਮਾਇਆ।

ਆਸਾ ॥

ਮਾਟੀ ਕੋ ਪੁਤਰਾ ਕੈਸੇ ਨਚਤ ਹੈ ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ ॥ ੧ ॥ ਰਹਾਉ ॥ ਜਬ ਕਛੁ ਪਾਵੈ ਤਬ ਗਰਬੁ ਕਰਤ ਹੈ ॥ ਮਾਇਆ ਗਈ ਤਬ ਰੋਵਨੁ ਲਗਤ ਹੈ। ੧॥ ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥ ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨ ॥ ਕਹਿ ਰਵਿਦਾਸ ਬਾਜੀ ਜਗੁ ਭਾਈ ॥ ਬਾਜੀਗਰ ਸਿਉ ਮੋਹਿ ਪ੍ਰੀਤਿ ਬਨਿਆਈ ॥੬ ।੩॥੧੨ ॥

ਬਾਜੀਗਰਾਂ ਦਾ ਸਿਖ ਹੋਣਾ

ਬ੍ਰਹਮ ਗਿਆਨ ਵਸ਼ੇਸ਼ ਉਪਦੇਸ਼ ਸੁਣਕੇ ਖੁਸ਼ੀ ਹੋ ਗਏ ਇਕੋ ਵਾਰ ਸਾਰੇ। ਚਰਨੀ ਸੀਸ ਧਰ ਕੇ ਨਮਸ਼ਕਾਰ ਕੀਤੀ ਸੇਵਕ ਸਰਬ ਹੋਏ ਇਕੋ ਵਾਰ ਸਾਰੇ। ਕਰਮ ਵੈਸ਼ਨੋ ਮਾਲਾ ਦਾ ਜਾਪ ਦੇ ਕੇ ਬਾਜੀਗਰ ਭੀ ਦਿਤੇ ਸੁਧਾਰ ਸਾਰੇ ਜਿੰਨੇ ਯਾਤਰੂ ਸਨ ਪੰਜਾਬ ਵਾਸੀ ਜਸ ਭਗਤ ਦਾ ਕਰਨ ਉਚਾਰ ਸਾਰੇ। ਸਿਖ ਭਗਤ ਦੇ ਆਏ ਪੰਜਾਬ ਅੰਦਰ ਚਰਨ ਸੀਸ ਕੀਤੀ ਨਮਸਕਾਰ ਸਾਰੇ। ਕਾਲਾ ਸਿੰਘ ਜੀ ਜੇਹੜੇ ਨਾਮ ਜਪਦੇ ਦਿਲ ਉਨ੍ਹਾਂ ਦੇ ਨੇ ਨਿਰਭੈ ਹੋਏ। ਧੰਨ ਧੰਨ ਸ੍ਰੀ ਭਗਤ ਰਵਿਦਾਸ ਹੈ ਜੀ ਧੰਨ ਸ੍ਰੀ ਰਵਿਦਾਸ ਦੀ ਜੈ ਹੋਵੇ।

Sri Satguru Jagjit Singh Ji Elibrary NamdhariElibrary@gmail.com

* ਹਿੱਸਾ ਦੂਸਰਾ *

# ਰਾਣੀ ਝਾਲਾਂ ਬਾਈ ਦਾ ਸੇਵਕ ਹੋਣਾ

—ਤੇ—

# ਰਾਜੇ ਕੁੰਭ ਸਿੰਘ ਦਾ ਯੱਗ

## ੩੬੩ ਬ੍ਰਾਹਮਣਾ ਨੇ ਸਿੱਖ ਹੋਣਾ

## ਸ੍ਰੀ ਰਵਿਦਾਸ ਜੀ ਨੂੰ ਰਾਜ ਸੰਘਾਸਨ ਤੇ ਬਿਠਾ ਕੇ ਚੌਰ ਕਰਨਾ

### ਕਵੀ ਦੀ ਬੇਨਤੀ

ਦੋਹਰਾ—ਦੁਆਦਸ ਗੁਰ ਕੋ ਬੰਦਨਾ ਦੋ ਕਰ ਸੀਸ ਨਿਵਾਏ।
ਨਦਰ ਕਰੋ ਗੁਰ ਦਾਸ ਤੇ ਕੋਟ ਪਾਪ ਨਸ ਜਾਏ ॥

### ਸਵੈਯਾ ਛੰਦ ॥

ਬੰਦਨ ਹੈ ਗੁਰ ਨਾਨਕ ਜੀ ਨੂੰ ਜੋ ਕਟਦੇ ਜਮ ਤੰਦਾਂ।
ਸੇਵਕ ਦੇਖ ਅੰਗਦ ਗੁਰ ਕੀਤਾ ਛਡ ਦੋਹਾਂ ਫਰਜੰਦਾਂ।
ਅਮਰਦਾਸ ਗੁਰ ਅਮਰ ਕਰੇ ਸਭ ਚਰਨ ਜਿਥੇ ਜਾ ਧਰਦੇ।
ਰਾਮਦਾਸ ਸੋਢੀ ਗੁਰ ਚੌਥੇ, ਤਾਲ ਸੁਧਾ ਤੇ ਭਰਦੇ।
ਅਰਜਨ ਗੁਰੂ ਸ਼ਹਿਨਸ਼ਾਹ ਪੰਜਵੇਂ,ਮੇਹਰ ਕਰੀ ਜਿਨ ਕਵੀਆਂ।
ਸਬਕ ਸ਼ਾਂਤੀ ਆਪ ਪੜ੍ਹਾਇਆ, ਬੈਠੇ ਤੱਤੀਆਂ ਤਵੀਆਂ।
ਛੇਵੇਂ ਸਤਿਗੁਰ ਹਰਿਗੋਬਿੰਦ ਜੀ, ਕੰਮ ਦੀਨਾਂ ਦੇ ਸਾਰੇ।
ਮੀਰੀ ਪੀਰੀ ਪਹਿਨ ਗੁਰੂ ਜੀ, ਹਿੰਦੂ ਦੇ ਕਾਜ ਸਵਾਰੇ।
ਸਤਵੇਂ ਸਤਿਗੁਰੂ ਹਰਿਰਾਏ ਜੀ, ਦੁਖੀਏ ਚਰਨੀ ਲਾਏ।
ਰਾਜ ਭਾਗ ਸੀ ਦਿਤਾ ਉਹਨਾਂ, ਢਿਡ ਵਜਾਉਂਦੇ ਆਏ।

Sri Satguru Jagjit Singh Ji Elibrary NamdhariElibrary@gmail.com

ਅਠਵੇਂ ਸਤਿਗੁਰ ਹਰਿ ਕ੍ਰਿਸ਼ਨ ਜੀ, ਜਾ ਵਰਤਾਏ ਲੈਹਰੇ।
ਛਿਟੀ ਧਰੀ ਜਦ ਸਿਰ ਦੇ ਉਤੇ ਕਥਾ ਉਚਾਰੀ ਮੇਹਰੇ।
ਨੌਵੇਂ ਸਤਿਗੁਰ ਤੇਗ ਬਹਾਦਰ ਡੁਬਦਾ ਦੇਸ ਬਚਾਇਆ।
ਖਾਤ੍ਰ ਹਿੰਦ ਦੀ ਸਤਿਗੁਰ ਜੀ ਨੇ ਸੀਸ ਦੇਹਲੀ ਵਿਚ ਲਾਇਆ।
ਗੁਰੂ ਗੋਬਿੰਦ ਸਿੰਘ ਪੰਥ ਚਲਾਇਆ ਕੰਮ ਦੀਨਾ ਦੇ ਸਾਰੇ।
ਮਾਤਾ ਬਾਪ ਜਿਗਰ ਦੇ ਟੁਕੜੇ ਦੇਸ ਉਤੋਂ ਚਾ ਵਾਰੇ।
ਗੁਰ ਬਾਲਕ ਸਿੰਘ ਜੋਤ ਗਿਆਰਵੀਂ ਵਿਚ ਹਜਰੋ ਦੇ ਆਈ।
ਅਨਭਵ ਬਦਲ ਬਣਾ ਕੇ ਓਹਨਾਂ ਝੜੀ ਨਾਮ ਦੀ ਲਾਈ।
ਗੁਰੂ ਰਾਮ ਸਿੰਘ ਰੂਪ ਬਾਰਵਾਂ ਸੁੱਚਾ ਪੰਥ ਚਲਾਇਆ।
ਊਚ ਨੀਚ ਨੂੰ ਨਾਮ ਦਸਕੇ ਕਲ ਵਿਚ ਸਤਿਜੁਗ ਲਾਇਆ।
ਹਰੀ ਸਿੰਘ ਗੁਰ ਜੋਤ ਹਰੀ ਦੀ ਸ਼ਰਨ ਕਵੀ ਜਾਂ ਲੀਨੀ।
ਨਦਰੀ ਨਦਰ ਨਿਹਾਲ ਸੀ ਕੀਤਾ ਸਾਰ ਕਾਵ ਦੀ ਦੀਨੀ।
ਚਰਨ ਗੁਰੂ ਪ੍ਰਤਾਪ ਸਿੰਘ ਦੇ ਹਰ ਦਮ ਦਿਲ ਵਿਚ ਧਾਰਾਂ।
ਸੁਧ ਬੁਧ ਤੇ ਚਾਲ ਕਾਵਿ ਦੀ ਏਹ ਪ੍ਰਸੰਗ ਉਚਾਰਾਂ।
ਪੜੇ ਸੁਣੇ ਪ੍ਰਸੰਗ ਝਾਲਾਂ ਦਾ ਭਗਤ ਸਿਦਕ ਵਿਚ ਆਵੇ।
ਕਾਲਾ ਸਿੰਘ ਗੁਰ ਦਰਸ਼ਨ ਦਾ ਫਲ ਅਮਰ ਬੈਕੁੰਠ ਪੁਚਾਵੇ।

### ਪ੍ਰਸੰਗ ਝਾਲਾਂ ਬਾਈ ਰਾਣੀ ਦਾ

ਦੋਹਰਾ—ਝਾਲਾਂ ਰਾਣੀ ਜਿਸਤਰ੍ਹਾਂ ਗੁਰੂ ਕਰੇ ਰਵਿਦਾਸ।
ਪ੍ਰੇਮ ਰਿਦੇ ਵਿਚ ਧਾਰਿਆ ਮਨ ਵਿਚ ਹੈ ਪ੍ਰਗਾਸ॥
ਸੁਣੋ ਸੰਤ ਜਨ ਕਥਾ ਨੂੰ ਜਿਵੇਂ ਕੀਤਾ ਹੈ ਯਗ।
ਇਕੋ ਗੁਰੂ ਰਵਿਦਾਸ ਧਾਰ ਬਿਚਰੇ ਹਰ ਸਰਬਗ।
ਪੰਡਤ ਰਾਣੇ ਜੋਤਸ਼ੀ ਹੋਏ ਭਗਤ ਦੇ ਮਿਤ।
ਪੜੋ ਸੁਣੋ ਪ੍ਰਸੰਗ ਨੂੰ ਇਕ ਮਨ ਕਰ ਇਕ ਚਿਤ।

### ਝਾਲਾਂ ਬਾਈ ਰਾਣੀ ਦਾ ਹਾਲ

ਬੈਂਤ—ਵਿਚ ਸ਼ਹਿਰ ਲਖਨਊ ਦੇ ਤਖਤ ਉਤੇ ਰਾਜਾ ਨਾਮ

Sri Satguru Jagjit Singh Ji Elibrary NamdhariElibrary@gmail.com

ਗੁਪਾਲ ਸਿੰਘ ਟਾਰ ਹੈ ਜੀ। ਪਾਟਲ ਨਾਮ ਦੂਜਾ ਧਰਮੀ ਲੋਕ ਆਖਣ ਫੂਲਵਤੀ ਰਾਣੀ ਏਹਦੀ ਨਾਰ ਹੈ ਜੀ। ਘਰ ਏਹਨਾਂ ਦੇ ਪੁਤਰੀ ਆਣ ਹੋਈ ਝਾਲਾ ਨਾਮ ਧਰਿਆ ਨਾਲ ਪਿਆਰ ਹੈ ਜੀ। ਜੋਬਨ ਉਮਰ ਹੋਈ ਜੁਆਨੀ ਪਾਈ ਝਾਲਾਂ ਪੜੇ ਵਿਦਿਆ ਗ੍ਰੰਥ ਦੇ ਸਾਰ ਹੈ ਜੀ। ਪੜ੍ਹੀ ਵਿਦਿਆ ਵਿਚ ਭਰਪੂਰ ਝਾਲਾਂ ਸ਼ਾਦੀ ਕਰਨ ਦੇ ਫੁਰੇ ਵਿਚਾਰ ਹੈ ਜੀ। ਉਦੇ ਪੁਰ ਰਾਜੇ ਰਾਣੇ ਕੁੰਭ ਜੀ ਦੇ ਹੋਈ ਵਿਆਹ ਦੀ ਰਸਮ ਵਿਹਾਰ ਹੈ ਜੀ। ਘਰ ਸੌਹਰਿਆਂ ਦੇ ਝਾਲਾਂ ਵਸਦੀ ਸੀ ਸੋਲਾਂ ਲਾਂਵਦੀ ਨਿਤ ਸ਼ਿੰਗਾਰ ਹੈ ਜੀ। ਇਕ ਪੁਤਰ ਇਸ ਦਾ ਰਾਇ ਨਾਮ ਜਿਸ ਦਾ ਹੋਣਹਾਰ ਤੇ ਸੋਹਣੀ ਨੁਹਾਰ ਹੈ ਜੀ। ਰਾਣੀ ਬਣੀ ਪਟਰਾਣੀ ਸੀ ਮੇਹਲ ਅੰਦਰ ਪੜ੍ਹਦੀ ਰਹੀ ਗੀਤਾ ਤਤਸਾਰ ਹੈ ਜੀ। ਚਿਤ ਪ੍ਰੇਮ ਸੀ ਸੰਤ ਦਾ ਕਰਾਂ ਦਰਸ਼ਨ ਈਸ਼ਵਰ ਰੂਪ ਦਾ ਹੋਵੇ ਦੀਦਾਰ ਹੈ ਜੀ। ਏਹ ਸੋਚ ਭੰਡਾਰੇ ਸੀ ਖੋਲ ਦਿਤੇ ਦਾਨ ਜੱਗ ਕੀਤੇ ਕਈ ਵਾਰ ਹੈ ਜੀ। ਕਥਾ ਵੇਦ ਪੁਰਾਨਾਂ ਦੀ ਸੁਣੇ ਰਾਣੀ ਗਿਆ ਪਰੇਮ ਅੰਦਰ ਤੀਰ ਮਾਰ ਹੈ ਜੀ। ਤੀਰਥ ਜਾ ਪਰਸਾਂ ਅਠ ਸਠ ਸਾਰੇ ਗੰਗਾ ਗੋਮਤੀ ਤੇ ਹਰੀ ਦੁਆਰ ਹੈ ਜੀ। ਕਰਨ ਯਾਤਰਾ ਤੁਰਤ ਸੀ ਨਿਤ ਰਾਣੀ ਸੇਵਕ ਸਾਥਣਾ ਨਾਲ ਅਪਾਰ ਹੈ ਜੀ। ਆਦ ਬਦਰੀ ਕ੍ਰਿਪਾਲ ਦੇ ਤੀਰ ਦੇਖੇ ਗਇਆ ਜੀ, ਫਲਗੂ, ਆਰਪਾਰ ਹੈ ਜੀ। ਪ੍ਰਯਾਗ ਰਾਜ ਹੇਮ ਕੁੰਡ ਦੁਆਰਕਾ ਜੀ, ਅੰਮ੍ਰਤ ਕੁੰਡ, ਮਨੀ ਕਰਨ, ਵਾਰ ਹੈ ਜੀ। ਚਿਤ੍ਰ ਕੂਟ ਅਜੁਧਿਆ, ਭੀਤ ਭੀਲੀ, ਰਿਛੀ ਕੇਸ, ਪੰਚ ਬਟੀ, ਦੀ ਤਾਰ ਹੈ ਜੀ। ਪਧਮ ਨਾਥ ਅਤੇ ਜਗਨ ਨਾਥ ਸਾਰੇ ਸੋਨ ਭਦਰਾਂ, ਗੰਡਕੀ, ਧਾਰ ਹੈ ਜੀ। ਜਨਕ ਪੁਰੀ, ਕਿਸ਼ਨ ਸਾਗਰ, ਜਾ ਦੇਖੇ ਮੁਕਤ ਨਾਥ ਲਾਹੇ ਜਾਕੇ ਭਾਰ ਹੈ ਜੀ। ਕਰਦੀ ਯਾਤਰਾ ਸੋ ਕਈ ਸਾਲ ਪਿਛੋਂ ਸ਼ਿਵ ਸ਼ੰਭੂ ਦੇ ਆਈ ਭੰਡਾਰ ਹੈ ਜੀ। ਮੰਦਰ ਦੋ ਹਜਾਰ ਦੇ ਕਰੇ ਦਰਸ਼ਨ ਕਾਂਸ਼ੀ ਪੁਰੀ ਦੇ ਭਰੇ ਅੰਬਾਰ ਹੈ ਜੀ। ਰਾਣੀ ਦਾਨ ਕੀਤੇ ਧੰਨ ਵਾਰ ਦਿਤੇ ਖੀਰ ਪੂਰੀ ਕੜਾਹ ਤੇ ਘਿਓਰ ਪਿਆਰੇ। ਕਾਲਾ ਸਿੰਘ ਬਾਹਮਣ ਹੋਏ

Sri Satguru Jagjit Singh Ji Elibrary NamdhariElibrary@gmail.com

ਖੁਸ਼ੀ ਸਾਰੇ ਵਿਛੇ ਮਖਮਲੀ ਜਿਨ੍ਹਾਂ ਨੂੰ ਤਿਓਰ ਪਿਆਰੇ।

ਪੰਡਤਾਂ ਨੇ ਝਾਲਾਂ ਬਾਈ ਰਾਣੀ ਤੋਂ ਹੋਰ ਦਾਨ ਮੰਗਣਾ

ਕਈ ਭੇਖ ਦੇ ਸਾਧ ਸੀ ਸਾਬ ਰਾਣੀ ਖਾਣ ਪੀਣ ਵਾਲੇ ਵੇਹਲੜ ਆਨ ਲਗ ਪਏ। ਜਦੋਂ ਚਲੀ ਚਤੌੜ ਤੋਂ ਰਾਣੀ ਝਾਲਾਂ ਆਪੋ ਆਪਣੇ ਕਰਨ ਬਿਆਨ ਲਗ ਪਏ। ਕੋਈ ਦਾਨ ਤੇ ਕੋਈ ਇਸ਼ਨਾਨ ਆਖੇ ਕੋਈ ਕਥਾ ਤੇ ਮੁਕਤ ਬਤਾਨ ਲਗ ਪਏ। ਕਈ ਆਪਣਾ ਆਪ ਜਤਾਨ ਲਗ ਪਏ ਇਕ ਦੂਜੇ ਨੂੰ ਖੰਡਨ ਖਿੰਡਾਨ ਲਗ ਪਏ। ਸਭ ਆਪਣੀ ਢੱਡ ਵਜਾਨ ਲਗ ਪਏ ਝਾਲਾਂ ਬਾਈ ਨੂੰ ਜਾਲ ਫਸਾਨ ਲਗ ਪਏ। ਬੇਇਤਫਾਕ ਦੀ ਕਥਾ ਚਲਾਨ ਲਗ ਪਏ ਅਹੰ ਬ੍ਰਹਮ ਦਾ ਹੋਕਾ ਦਿਵਾਨ ਲਗ ਪਏ। ਰਬ ਆਪ ਨੂੰ ਆਪੇ ਬਿਤਾਨ ਲਗ ਪਏ ਜੋਗ ਧਰਮ ਸ਼ਨਾਨ ਵਖਿਆਨ ਲਗ ਪਏ। ਕਈ ਝਾਲਾਂ ਦੇ ਗੀਤ ਹੀ ਗਾਨ ਲਗ ਪਏ ਮੁਫਤ ਮਾਲ ਪੂੜੇ ਖੀਰ ਖਾਨ ਲਗ ਪਏ। ਧੰਨ ਧੰਨ ਝਾਲਾਂ ਬਾਈ ਦਾਨ ਕਰਦੀ ਸਿਫਤ ਕਰਕੇ ਓਹਨੂੰ ਛਲਾਨ ਲਗ ਪਏ। ਰਾਣੀ ਸਿਫਤ ਸੁਣਕੇ ਖੁਸ਼ੀ ਹੋਂਵਦੀ ਨਹੀਂ ਪੂਰੇ ਸੰਤ ਦੀ ਦਸ ਕੋਈ ਪਾਓ ਘਰ ਦੀ। ਕਾਲਾ ਸਿੰਘ ਮੈਂ ਕਰ ਲਵਾਂ ਜਨਮ ਸਫਲਾ ਰਹਾਂ ਓਸ ਦਾ ਸਦਾ ਦੀਦਾਰ ਕਰਦੀ।

ਰਾਣੀ ਨੇ ਪੂਰੇ ਸੰਤ ਦੀ ਭਾਲ ਕਰਨੀ

ਰਾਣੀ ਪੁਛਦੀ ਸਾਧੂਆਂ ਪਾਂਧੀਆਂ ਨੂੰ ਸੱਚੇ ਸੰਤ ਦੀ ਪਾ ਦਿਓ ਦਸ ਭਾਈਓ। ਏਹ ਸੁਣ ਕੇ ਕਿਹਾ ਮਹਾਤਮਾ ਨੇ ਕਾਂਸ਼ੀ ਭਗਤ ਰਵਿਦਾਸ ਹੈ ਵਸ ਬਾਈ। ਅਠ ਸਠ ਤੀਰਥ ਮੈਂ ਜਾ ਦੇਖੇ ਸ਼ਾਂਤ ਚਿੱਤ ਨਾ ਦਿਲ ਨੂੰ ਰਸ ਭਾਈਓ। ਕਾਲਾ ਸਿੰਘ ਮੈਂ ਓਸ ਦਾ ਕਰਾਂ ਦਰਸ਼ਨ ਆਦਿ ਬਿਆਧਿ ਅਪਰਾਧ ਜੋ ਨਸ ਬਾਈ।

ਮਹਾਤਮਾ ਨੇ ਰਾਣੀ ਨੂੰ ਦਸਣਾ

ਛੋਟੀ ਉਮਰ ਅੰਦਰ ਗਏ ਪਾਠਸ਼ਾਲਾ ਪੰਡਤ ਜੋਤਸ਼ੀ ਦਿਤੇ ਸੀ ਤਾਰ ਰਾਣੀ। ਦਮੜੀ ਦਾਨ ਕੀਤੀ ਭੇਟਾ ਕੜਾ ਗੰਗਾ ਪਥਰੀ ਹੇਠ ਚਲੀ ਗੰਗਾ ਧਾਰ ਰਾਣੀ। ਪਾਰਸ ਵੱਟੀ ਜੋ ਤਾਂਬੇ ਨੂੰ ਕਰੇ ਸੋਨਾ ਭਗਤ

Sri Satguru Jagjit Singh Ji Elibrary NamdhariElibrary@gmail.com

ਲਾਇ ਨਾ ਹਥ ਕਿਸਾਰ ਰਾਣੀ। ਪਥਰ ਮੂਰਤੀ ਜੋ ਸਾਲਗਰਾਮ ਸੰਦੀ ਰੰਗਾ ਵਿਚ ਤਾਰੇ ਪੈਹਰ ਚਾਰ ਰਾਣੀ। ਨਾਗਰ ਮਲ ਰਾਜਾ ਓਹਦਾ ਸਿਖ ਹੈ ਜੀ ਕਰੇ ਨਿਤ ਸੇਵਾ ਨਿਸਚਾਧਾਰ ਰਾਣੀ। ਗੁਰੂ ਹੈ ਸਚਾ ਮੁਕਤ ਭੁਗਤ ਦਾਤਾ ਪਰ ਜਾਤ ਹੈ ਓਹਦੀ ਚਮਾਰ ਰਾਣੀ। ਸੁਣਿਆ ਜਸ ਰਾਣੀ ਬੜੀ ਖੁਸ਼ੀ ਹੋਈ ਮੋਹਰ ਪੰਜ ਸੌ ਭੇਟਾ ਚੜ੍ਹਾਵਾਂਗੀ ਮੈਂ। ਸਚ ਮੁਚ ਅਤੀਤ ਹੈ ਲਛਮੀ ਤੋਂ ਫੇਰ ਉਸ ਨੂੰ ਗੁਰੂ ਬਨਾਵਾਂਗੀ ਮੈਂ।

ਸ੍ਰੀ ਰਵਿਦਾਸ ਦੇ ਰਾਣੀ ਝਾਲਾਂ ਨੇ ਦਰਸ਼ਨ ਕਰਨੇ

ਬੜੀ ਪਰੇਮ ਸ਼ਰਧਾ ਧਾਰ ਚਿਤ ਮੰਦਰ ਦਰਸ਼ਨ ਕਰਨ ਖਾਤਰ ਚਲ ਆਈ ਝਾਲਾਂ। ਨਮਸਕਾਰ ਕਰਕੇ ਅਦਬ ਨਾਲ ਰਾਣੀ ਸਰਫੀ ਪੰਜ ਸੌ ਭੇਟ ਚੜ੍ਹਾਈ ਝਾਲਾਂ। ਭਗਤ ਆਖਿਆ ਮਾਇਆ ਤੂੰ ਚੁਕ ਰਾਣੀ ਲੈਣੀ ਮਾਇਆ ਦੀ ਭੇਟ ਨ ਕਾਈ ਝਾਲਾਂ। ਜਿਥੇ ਹੋਏ ਸ਼ਰਧਾ ਮੋਹਰਾਂ ਚਾੜ੍ਹ ਓਥੇ ਏਸ ਮਾਇਆ ਤੇ ਮਨ ਨਾ ਲਾਈਂ ਝਾਲਾਂ। ਮੈਂ ਚੁਮਾਰ ਹਾਂ ਜਾਤਿ ਤੇ ਤੂੰ ਉਚੀ ਤੈਨੂੰ ਬ੍ਰਹਮ ਦੀ ਸੁਧ ਨਾ ਆਈ ਝਾਲਾਂ। ਜੇਕਰ ਆਤਮਾ ਸੁਧ ਸਰੀਰ ਸਾਰਾ ਸੁਧ ਸਰਬ ਬ੍ਰਹਮੰਡ ਹੈ ਬਾਈ ਝਾਲਾਂ। ਰਾਮ ਨਾਮ ਜਪਣਾ ਹੋਰ ਪੂਜਣਾ ਨਹੀਂ ਰਾਖਣਹਾਰ ਹੈ ਸਦਾ ਅਕਾਲ ਰਾਣੀ। ਬਾਬੇ ਭੇਤ ਦਸੇ ਮੂਹੋਂ ਬੋਲ ਬਾਣੀ ਕਾਲਾ ਸਿੰਘ ਹੋਈ ਨਦਰ ਨਿਹਾਲ ਰਾਣੀ।

ਬਸੰਤ ਬਾਣੀ ਰਵਿਦਾਸ ਜੀ ਦੀ

੧ ਓ ਸਤਿਗੁਰਪ੍ਰਸਾਦਿ ॥

ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥

ਟੀਕਾ—ਹੇ ਰਾਣੀ! ਤੈਨੂੰ ਪਤਾ ਨਹੀਂ ਲਗਾ ਤੂੰ ਆਪਣੇ ਰਾਜ ਮਧ ਲੋਬਨ ਦੇ ਕਪੜੇ ਪਾਕੇ ਸੰਤਾਂ ਕੋਲ ਆਈ ਹੈਂ? ਤੈਨੂੰ ਕੁਛ ਦਿਸਿਆ ਨਹੀਂ।

ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ ॥ ੧ ॥

ਤੇਰੇ ਸਿਰ ਤੇ ਕਾਲ ਬੈਠਾ ਹੈ, ਤੂੰ ਹੰਕਾਰ ਵਿਚ ਮਤੀ ਹੋਈ ਹੈਂ ਭਾਵ (ਮੈਂ ਰਾਣੀ ਹਾਂ)

Sri Satguru Jagjit Singh Ji Elibrary NamdhariElibrary@gmail.com

ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾ ਜੁ ਤੂੰ ਤਿਸ ਤੇ ਕਰੀ ਉਤਾਵਲੀ ॥ ੧ ॥ ਰਹਾਉ ॥

ਹੇ ਬਾਈ ਤੀਰਥ ਯਾਤਰਾ ਦੇ ਦਾਨ ਕਰਨ ਵਿਚ ਤੈਨੂੰ ਨਿਰਸੰਦੇਹ ਹੰਕਾਰ ਹੋ ਗਿਆ ਹੈ ਜਿਵੇਂ ਭਾਦਰੋਂ ਦੇ ਮਹੀਨੇ ਬਾਰਸ਼ ਦੇ ਹਟ ਜਾਣ ਤੋਂ ਖੁੰਬ ਸੋਹਣੀ ਦਿਸਦੀ ਹੈ ਫਿਰ ਧੁਪ ਤੇ ਨਾਸ ਹੋ ਜਾਂਦੀ ਹੈ।

ਜੈਸੇ ਕੁਰੰਕ ਨਹੀ ਪਾਇਓ ਭੇਦ ॥ ਤਨ ਸੁਗੰਧ ਢੂੰਢੈ ਪ੍ਰਦੇਸ ॥

ਜਿਵੇਂ ਮ੍ਰਿਗ ਦੇ ਨਾਭ ਵਿਚ (ਕਸਤੂਰੀ) ਹੈ ਓਹ ਵਾਸ਼ਨਾ ਦੇਖ ਕੇ ਮਸਤ ਹੋ ਕੇ ਲਭਦਾ ਹੈ ਜੰਗਲ ਵਿਚੋਂ। ਤਿਉਂ ਹੀ ਹੇ ਬਾਈ ਤੇਰੇ ਅੰਦਰ ਹੈ ਸਭ ਕੁਛ।

ਅਪ ਤਨ ਕਾ ਜੋ ਕਰੈ ਬੀਚਾਰੁ ॥ ਤਿਸੁ ਨਹੀ ਜਮ ਕਰੈ ਖੁਆਰ ॥ ੨ ॥

ਆਪਣੇ ਸਰੀਰ ਅੰਦਰ ਖੋਜ, ਤੈਨੂੰ ਹਰੀ ਦੇ ਦਰਸ਼ਨ ਹੋਣ, ਜਿਸ ਤੇ ਜਮਾਂ ਤੋਂ ਛੁਟਕਾਰਾ ਪਾਵੇਂ।

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮੰਗਨਹਾਰ ॥

ਪੁਤਰ ਪੋਤਰੇ ਤੇ ਮਾਇਆ ਦਾ ਮਾਣ ਛਡਦੇ ਨਹੀਂ ਤੇ ਲੇਖਾ ਦੇਣਾ ਪਵੇਗਾ।

ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥ ੩ ॥

ਮਾੜੇ ਕੰਮਾਂ ਦਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ, ਫੇਰ ਕਿਸ ਨੂੰ ਯਾਦ ਕਰੇਂਗੀ।

ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ॥

ਸਾਧੂ (ਦੇਹ ਧਾਰੀ) ਸੰਤਾਂ ਦੀ ਸੰਗਤ ਤੋਂ ਤੇਰੇ ਮਨ ਦੇ ਭਰਮ ਸਾਰੇ ਨਾਸ ਹੋ ਜਾਣਗੇ

ਕਹਿ ਰਵਿਦਾਸ ਜੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥ ੪॥੪॥

ਭਗਤ ਜੀ ਕਹਿੰਦੇ ਹਨ ਹੇ ਬਾਈ! ਨਾਮ ਜਪਣ ਵਾਲੇ ਦੀ ਜਾਤ ਕੁਲ ਕੋਈ ਨਹੀਂ ਭਾਵ ਰਾਮ ਨਾਲ ਮਿਲ ਕੇ ਰਾਮ ਰੂਪ ਹੋ ਜਾਂਦੇ ਨੇ।

### ਰਾਣੀ ਦੀ ਬੇਨਤੀ

**ਝਾਲਾ ਬਾਈ ਨੇ ਬ੍ਰਹਮ ਉਪਦੇਸ਼ ਸੁਣਿਆ,**
**ਦਿਲ ਸ਼ਾਂਤ ਹੋਈ ਠੰਡੀ ਠਾਰ ਬਾਬਾ।**
**ਮੇਰੇ ਅੰਤਰੀ ਭੇਦਾਂ ਨੂੰ ਮੇਟ ਦਿਤਾ,**

Sri Satguru Jagjit Singh Ji Elibrary NamdhariElibrary@gmail.com

ਦਿਤਾ ਸਾਗਰੋਂ ਪਾਰ ਉਤਾਰ ਬਾਬਾ।
ਜਨਮ ਮਰਨ ਵਾਲੇ ਸੰਗਲ ਕਟ ਦੇਵੋ,
ਆਦ ਬਿਆਦ ਉਪਾਧ ਨੂੰ ਟਾਰ ਬਾਬਾ।
ਗੁਰੂ ਮੰਤਰ ਕੰਨ ਵਿਚ ਦਸ ਦੇਵੋ,
ਦਾਸੀ ਆਪ ਕੀ ਮੈਂ ਸੇਵਾਦਾਰ ਬਾਬਾ।
ਸੁਖ ਸ਼ਾਂਤ ਨਾ ਡਿਠੀ ਮੈਂ ਤੀਰਥਾਂ ਤੇ,
ਸੁਖ ਆਪ ਦੇ ਡਿਠਾ ਦਰਬਾਰ ਬਾਬਾ।
ਦਰਸ਼ਨ ਕਰਕੇ ਦਿਲ ਨੂੰ ਸ਼ਾਂਤ ਹੋਈ,
ਵਾਸੀ ਕਰੋ ਮੈਨੂੰ ਦਸਮੇਂ ਦੁਆਰ ਬਾਬਾ।
ਰਾਮ ਨਾਮ ਅੰਦਰ ਮਸਤ ਹੋ ਜਾਵਾਂ,
ਪੀਵਾਂ ਰਸ ਅੰਮ੍ਰਿਤ ਮਿੱਠੀ ਧਾਰ ਬਾਬਾ।
ਝਾਲਾ ਬਾਈ ਦੇ ਕਟਿਓ ਪਾਪ ਬਾਬਾ,
ਹਾਰ ਥੱਕ ਮੈਂ ਹੋਈ ਅਖੀਰ ਤੇਰੀ।
ਲੱਖ ਵਾਰ ਆਖਾਂ ਕਰਾਂ ਬੇਨਤੀ ਮੈਂ,
ਦਿਲ ਮੇਰੇ ਤੇ ਹੋਵੇ ਤਸਵੀਰ ਤੇਰੀ।

### ਰਾਣੀ ਨੂੰ ਸ੍ਰੀ ਰਵਿਦਾਸ ਜੀ ਵਲੋਂ ਸਿਖਿਆ

ਬਾਬੇ ਆਖਿਆ ਰਾਣੀਏ ਸੁਣੀ ਬਾਈ,
ਸਿਖ ਹੋਵੇ ਤੇ ਸੁਣੀ ਵਿਚਾਰ ਪਹਿਲੇ।
ਰਹਿਤ ਬੈਸਿਨੋ ਰਖਣੀ ਬਹੁਤ ਔਖੀ,
ਲੋਹਣੇ ਹਾਰ ਸੋਝਾ ਸ਼ਿੰਗਾਰ ਪਹਿਲੇ।
ਛਲੇ, ਪੌਂਚੀਆਂ, ਹਥਾਂ ਮੇ ਨਹੀਂ ਪੌਣੇ,
ਸੁਚ ਵਿਚ ਹੈ ਏਨੂ ਧਿਰਕਾਰ ਪਹਿਲੇ।
ਨਥ ਚੌਂਕ ਤੇ ਵਾਲੀਆਂ ਡੰਡੀਆਂ ਜੋ,
ਤੀਲੀ ਲੌਂਗਨੂੰ ਦੇਈ ਉਤਾਰ ਪਹਿਲੇ।
ਜੂੜਾ ਕੇਸ ਦਾ ਰਖਣ ਖੋਲ੍ਹ ਗੁਤਨੀ,

Sri Satguru Jagjit Singh Ji Elibrary NamdhariElibrary@gmail.com

ਨਹੀਂ ਖੀਮਨੀ ਬੰਨਣੀ ਡਾਰ ਪਹਿਲੇ।
ਬਸਤਰ ਰਖਣੇ ਚਿਟੇ ਸੁਫੈਦ ਰਾਣੀ,
ਰੰਗ ਨਹੀਂ ਕਰਨੇ ਅੰਗੀਕਾਰ ਪਹਿਲੇ।
ਸਾੜ੍ਹੀ ਲਾਉਣੀ ਨਾ ਰਾਣੀਏ ਮਹਿਲ ਅੰਦਰ,
ਸੁਥਣ ਪਹਿਰਨੀ ਹੈ ਚੂੜੀਦਾਰ ਪਹਿਲੇ।
ਛਡਣੀ ਰਾਜਧਾਨੀ ਬਣਨਾ ਸਿਖ ਔਖਾ,
ਮਤ ਵੈਸ਼ਨੋ ਉੱਚਾ ਜਿਉਂ ਸਾਰ ਪਹਿਲੇ।
ਸੀਸ ਤਲੀ ਤੇ ਮੌਤ ਕਬੂਲ ਕਰਨੀ,
ਨਾਚ ਕਰਨਾ ਖੰਡੇ ਦੀ ਧਾਰ ਪਹਿਲੇ।
ਰਾਣੀ ਵਿਚ ਪਰੇਮ ਦੇ ਮਸਤ ਹੋਈ,
ਮਸਤ ਪਰੇਮ ਭਿੰਨੇ ਸਰਦ ਨੈਨ ਹੋ ਗਏ।
ਕੰਨ ਮੰਤਰ ਵਾਹਿਗੁਰੂ ਦਸ ਦਿਤਾ,
ਨੁਕਤਾ ਸੰਗ ਮਿਲ ਕੇ ਐਨ ਗੈਨ ਹੋ ਗਏ।

ਝਾਲਾਂ ਰਾਣੀ ਦਾ ਉਪਦੇਸ਼ ਨੂੰ ਧਾਰਨਾ

ਝਾਲਾਂ ਬਾਈ ਨੇ ਸਿਖਿਆ ਧਾਰ ਹਿਰਦੇ,
ਲਾਹ ਦਿਤੇ ਨੇ ਹਾਰ ਸ਼ਿੰਗਾਰ ਸਾਰੇ।
ਰਾਜਧਾਨੀ ਦੇ ਵੇਸ ਨੂੰ ਲਾਹ ਦਿਤਾ,
ਸੰਤ ਬਾਣਾ ਸੁਫੈਦ ਸੀ ਧਾਰ ਸਾਰੇ।
ਦਿਨੇ ਰਾਤ ਸੇਵਾ ਕਰੇ ਭਗਤ ਕੋਲੇ,
ਬ੍ਰਾਹਮਣ ਹੋਏ ਦੁਖੀ ਕਰ ਕੇ ਖਾਰ ਸਾਰੇ
ਕੀਰਤਨ ਕਥਾ ਪਰੇਮ ਸਤਿਸੰਗ ਅੰਦਰ,
ਰਾਣੀ ਰਹਿਣ ਲਗੀ ਅਠੇ ਪਾਹਰ ਸਾਰੇ।
ਦੇਖ ਬ੍ਰਾਹਮਣ ਸਭ ਹੈਰਾਨ ਹੋਏ,
ਗੁਰੂ ਧਾਰਿਆ ਕਹਿਣ ਚਮਾਰ ਸਾਰੇ।
ਚਿੱਠੀ ਲਿਖੀ ਸੀ ਰਾਜੇ ਨੂੰ ਓਸ ਵੇਲੇ,

Sri Satguru Jagjit Singh Ji Elibrary NamdhariElibrary@gmail.com

ਕੁੰਭ ਸਿੰਘ ਤਾਈਂ ਘਲੀ ਸਾਰ ਸਾਰੇ।
ਝਾਲਾ ਰਾਣੀ ਨੇ ਡੂੰਗਾ ਹੈ ਚੋੜ ਕੀਤਾ,
ਭਰਿਸ਼ਟ ਕੀਤਾ ਹੈ ਰਾਜਾ ਸੰਸਾਰ ਸਾਰੇ।
ਨੀਚ ਜ਼ਾਤ ਦਾ ਗੁਰੂ ਚੁਮਾਰ ਕੀਤਾ,
ਰਾਣੀ ਤੁਸਾਂ ਦੀ ਨੇ ਤੁਹਾਨੂੰ ਰੋੜ੍ਹ ਦਿਤਾ।
ਲਹਿਣਾ ਨਹੀਂ ਕਲੰਕ ਏਹ ਚਾਰ ਜੁਗ ਮੇਂ,
ਰਾਣੀ ਰਾਣਿਆਂ ਨੂੰ ਕਰ ਚੋੜ ਦਿਤਾ।

ਚਿਠੀ ਪੜ੍ਹ ਕੇ ਰਾਣੇ ਨੂੰ ਕਰੋਧ ਆਉਣਾ

ਚਿਠੀ ਪੜ੍ਹ ਰਾਜਾ ਲਾਲੋ ਲਾਲ ਹੋਇਆ, ਲਾਹ ਰਾਣੀ ਦੀ ਖਲ ਤੇ ਮਾਰਸਾਂ ਮੈਂ। ਸਣੇ ਗੁਰੂ ਚੇਲੇ ਏਥੇ ਸਦਕੇ, ਸਿਰ ਮਾਰ ਤਲਵਾਰ ਸੰਘਾਰਸਾਂ ਮੈਂ। ਐਸੀ ਨਾਰ ਬਦਕਾਰ ਮੈਂ ਜਿਉਂਦੀ ਨੂੰ ਅਗ ਲਾ ਕੇ ਤੇ ਉਹਨੂੰ ਸਾੜਸਾਂ ਮੈਂ। ਓਹਦਾ ਨਾਲ ਤਲਵਾਰ ਦੇ ਸਿਰ ਕਟਕੇ, ਜੋ ਕਲੰਕ ਲੱਗਾ ਉਤਾਰਸਾਂ ਮੈਂ। ਦਿਲੋਂ ਕਰ ਕੇ ਰਾਜੇ ਸੁਲ੍ਹਾ ਭੇਜੀ, ਚਿਠੀ ਘਲ ਪਰੇਮ ਪਿਆਰ ਵਾਲੀ। ਏਥੇ ਸਦ ਕੇ ਦੋਹਾਂ ਨੂੰ ਕਤਲ ਕਰਨਾ, ਏਹ ਗੱਲ ਚਿਤ ਰਖੀ ਖਾਰ ਵਾਲੀ।

ਵਜ਼ੀਰਾਂ ਤੇ ਪੰਡਤਾਂ ਨੇ ਭਗਤ ਨੂੰ ਕਤਲ ਕਰਨ ਦੀ ਸਲਾਹ ਦੇਣੀ

ਪੰਡਤ ਕੋਲ ਵਜ਼ੀਰ ਨੂੰ ਸਦ ਆਖੇ, ਚੰਦਰ ਹਾਂਸ ਨੂੰ ਨਾਲ ਰਲਾ ਲਈਏ। ਇਸੇ ਸ਼ਹਿਰ ਚਤੌੜ ਰਵਾਦਾਸ ਤਾਈਂ,ਕਰਾਮਾਤ ਦਾ ਕੋਈ ਭੁਲਾ ਲਈਏ। ਜੇਕਰ ਕਰਾਮਾਤ ਨਾ ਕੋਈ ਆਏ ਨਹੀਂ, ਇਕ ਪਲਕ ਅੰਦਰ ਰੋੜੇ ਪਾ ਲਈਏ। ਕਾਲਾ ਸਿੰਘ ਨੂੰ ਛੇਤੀ ਮੰਗਾ ਲਈਏ, ਨਹੀਂ ਕਿਸੇ ਦੀ ਹੋਰ ਸਲਾਹ ਲਈਏ।

ਚਿੱਠੀ ਲਿਖਣੀ ਰਾਜੇ ਨੇ ਰਵਿਦਾਸ ਭਗਤ ਜੀ ਨੂੰ

ਲਗੇ ਲਿਖਣ ਪ੍ਰੇਮ ਨੂੰ ਧਾਰ ਹਿਰਦੇ, ਭਗਤ ਸ਼ਹਿਰ ਚਤੌੜ ਆਵਨਾ ਜੀ। ਸਣੇ ਸੇਵਕਾਂ ਸੰਤ ਤੇ ਸਾਧੂਆਂ ਦੇ, ਝਾਲਾ ਰਾਣੀ ਨੂੰ ਨਾਲ ਲੈ ਧਾਵਨਾ ਜੀ। ਤੁਸੀਂ ਰੂਪ ਅਕਾਲ ਦਾ ਆਪ ਬਾਬਾ,

Sri Satguru Jagjit Singh Ji Elibrary NamdhariElibrary@gmail.com

ਰਾਣੇ ਕੁੰਭ ਤਾਈਂ ਚਰਨੀ ਲਾਵਣਾ ਜੀ। ਚਾਤ੍ਰਿਕ ਜਿਵੇਂ ਤਰਸੀ ਸ੍ਵਾਂਤੀ ਬੂੰਦ ਤਾਈਂ ਭੌਰ ਤਰਸਦੇ ਫੁਲ ਸੁਹਾਵਣਾ ਜੀ। ਤਿਉਂ ਆਪ ਦੇ ਦਰਸ਼ਨ ਦੀ ਤਾਂਘ ਸਾਨੂੰ ਤੁਸੀ ਆ ਛੇਤੀ ਚਰਨ ਪਾਵਣਾ ਜੀ। ਕੁੰਭ ਸਿੰਘ ਚੰਦਹਾਸ ਕੌਰ ਪਰੋਹਤ ਹੈਨ ਆਪ ਦੇ ਜੋ ਸੇਵਾਦਾਰ ਹਰਦਮ। ਤੁਸੀ ਭਗਤ ਰਵਿਦਾਸ ਜੀ ਦਿਉ ਦਰਸ਼ਨ ਅਸੀ ਆਪ ਦੇ ਹਾਂ ਦਾਮਨਗਾਰ ਹਰਦਮ।

### ਸ੍ਰੀ ਰਵਿਦਾਸ ਜੀ ਨੇ ਕਾਂਸ਼ੀ ਤੋਂ ਚਤੌੜ ਜਾਣਾ

ਚਿਠੀ ਪ੍ਰੇਮ ਦੀ ਪੜ੍ਹੀ ਸੀ ਸੰਗਤਾਂ ਨੇ ਭਗਤ ਕੀਤੀਆਂ ਝਟ ਤਿਆਰੀਆਂ ਨੇ। ਕੂਚ ਕਰਕੇ ਕਾਂਸ਼ੀਓਂ ਚਲ ਪਏ ਨਾਲ ਰਲੀਆਂ ਸੰਗਤਾਂ ਭਾਰੀਆਂ ਨੇ। ਕਈ ਪੈਦਲ ਹੈਸਨ ਸਾਧੂ ਤੁਰਨ ਵਾਲੇ ਰਥਾਂ ਨਾਲ ਵੀ ਹੋਰ ਅਸਵਾਰੀਆਂ ਨੇ। ਠਾਕਰ ਚੌਂਕੀ ਤੇ ਸੰਖ ਘੜਿਆਲ ਧੂਪਾਂ ਨਾਲ ਲੈਣ ਸਮਗਰੀ ਭਾਰੀਆਂ ਨੇ। ਸ਼ਹਿਰਾਂ ਨਗਰਾਂ ਵਿਚ ਪ੍ਰਚਾਰ ਕਰਦੇ ਹੰਸ ਮਾਰਕੇ ਚਲੇ ਉਡਾਰੀਆਂ ਨੇ। ਚਰਨ ਪੌਂਦੇ ਤੇ ਉਥੇ ਦੀਵਾਨ ਲੌਂਦੇ ਕੀਰਤਨ ਕਰਦੇ ਜਿਉਂ ਨਾਮਧਾਰੀਆਂ ਨੇ। ਮੰਜ਼ਲ ਲੰਘਕੇ ਸ਼ਹਿਰ ਚਤੌੜ ਪੁਜੇ ਗਈਆਂ ਪੁਜ ਜੋ ਖਬਰਾਂ ਸਾਰੀਆਂ ਨੇ। ਝਾਲਾਂ ਬਾਈ ਸੇਵਾ ਕਰੇ ਦੋਏ ਵੇਲੇ ਜਿੰਨੂੰ ਚੜ੍ਹੀਆਂ ਨਾਮ ਖੁਮਾਰੀਆਂ ਨੇ। ਰਾਜੇ ਸਣੇ ਅਮੀਰ ਵਜ਼ੀਰ ਸਾਰੇ ਮੂਹਰੇ ਲੈਣ ਨੂੰ ਕਰਨ ਤਿਆਰੀਆਂ ਨੇ। ਦੂਹਰੀ ਚੋਟ ਨਗਾਰੇ ਤੇ ਵਜ ਗਈ ਸੀ ਔਣ ਸੰਗਤਾਂ ਸਣੇ ਅਸਵਾਰੀਆਂ ਨੇ। ਦਰਸ਼ਨ ਭਗਤ ਜੀ ਦਾ ਰਾਜੇ ਆਣ ਕੀਤਾ ਭੁਲ ਗਈਆਂ ਖੋਟਾਂ ਦਿਲੋਂ ਸਾਰੀਆਂ ਨੇ। ਰਾਜ ਮਹਿਲਾਂ ਵਿਚ ਡੇਰਾ ਭਗਤ ਕੀਤਾ ਝਾਲਾਂ ਬਾਈ ਦੀਆਂ ਜੋ ਅਟਾਰੀਆਂ ਨੇ। ਲੰਗਰ ਖੋਲ੍ਹ ਦਿਤਾ ਸਦਾ ਵਰਤ ਉਥੇ ਜਸ ਕੀਤਾ ਜਾ ਨਾਮ ਬਪਾਰੀਆਂ ਨੇ। ਚੜ੍ਹੀ ਨਾਮ ਦੀ ਸੀ ਰੰਗਣ ਸ਼ਬਦ ਵਾਲੀ ਨਾਮ ਰੰਗੀਆਂ ਸੰਗਤਾਂ ਤਾਰੀਆਂ ਨੇ। ਦਰਸ ਕਰਨ ਖਾਤਰ ਲੋਕ ਆਏ ਬਹੁਤੇ ਰਾਜੇ ਅਰਜਾਂ ਉਠ ਗੁਜਾਰੀਆਂ ਨੇ। ਬਾਬੇ ਰਵਿਦਾਸ ਦਾ ਕਲ ਦਰਬਾਰ ਹੋਵੇ ਦਰਸ

Sri Satguru Jagjit Singh Ji Elibrary NamdhariElibrary@gmail.com

ਕਰਨ ਸਭੇ ਨਰ ਨਾਰੀਆਂ ਨੇ। ਹੋਈ ਰਾਜੇ ਦੇ ਦਿਲ ਦੀ ਅੱਗ ਠੰਡੀ ਕੁੰਭ ਰਾਜਾ ਭੀ ਆਗਿਆ ਕਾਰ ਹੋਇਆ। ਕਾਲਾ ਸਿੰਘ ਜੀ ਬਾਬੇ ਦਾ ਦਰਸ ਕਰਕੇ ਪਾਪੀ ਜੀਵਾਂ ਦਾ ਭੀ ਉਧਾਰ ਹੋਇਆ।

ਸ੍ਰੀ ਰਵਿਦਾਸ ਨੇ ਰਾਜ ਦਰਬਾਰ ਵਿਚ ਸੰਗਤਾਂ ਨੂੰ ਦਰਸ਼ਨ ਦੇਣੇ

ਹੁਕਮ ਰਾਜੇ ਦਾ ਸ਼ਹਿਰ ਨੂੰ ਖਬਰ ਹੋਈ ਲਗੇ ਕਲ ਨੂੰ ਆਮ ਦਰਬਾਰ ਐਥੇ। ਸ੍ਰੀ ਭਗਤ ਰਵਿਦਾਸ ਦਾ ਤਖਤ ਉਤੇ ਹੋਵੇ ਕੁਲ ਦੇ ਤਾਈਂ ਦੀਦਾਰ ਐਥੇ। ਛਾਇਵਾਨ ਲਗੇ ਤੇ ਛਿੜਕਾਊ ਹੋਏ ਲਗੇ ਫੁਲ ਬੂਟੇ ਪਾਲੋ ਪਾਰ ਐਥੇ। ਰਾਣੀ ਰਾਤ ਦੀ ਮੋਤੀਆ ਚਾਂਦਨੀ ਭੀ ਕਰੀ ਵਾਸ਼ਨਾ ਖਿੜੇ ਗੁਲਜ਼ਾਰ ਐਥੇ। ਬੜੀ ਦੂਰ ਤੋੜੀ ਵਡੀ ਚਾਨਣੀ ਸੀ ਦਰਸ਼ਕ ਆਣ ਬੈਠੇ ਬੇਸ਼ੁਮਾਰ ਐਥੇ।ਸੋਭਾ ਪਾਂਵਦੇ ਭਗਤ ਰਵਿਦਾਸ ਬੈਠੇ ਚੌਰੀ ਕਰਨ ਸੇਵਕ ਨਿਸਚਾਧਾਰ ਐਥੇ। ਅਹਿਲਕਾਰ ਅਮੀਰ ਵਜੀਰ ਸਾਰੇ ਬਹੁਤ ਚਲ ਆਏ ਸ਼ਾਹੂਕਾਰ ਐਥੇ।· ਭਰਿਆ ਸਭ ਦਰਬਾਰ ਹੈ ਓਸ ਵੇਲੇ ਜਿਵੇਂ ਚੰਦ ਨੂੰ ਪਿਆ ਪਰਬਾਰ ਐਥੇ। ਰਾਜੇ ਭਰੇ ਦਰਬਾਰ ਚੋਂ ਉਠ ਕਰਕੇ ਕਰਦਾ ਅਰਜ ਹੈ ਉਚੀ ਪੁਕਾਰ ਐਥੇ। ਮਹਾਰਾਜ ਜੀ ਅਸਾਂ ਨੇ ਜਗ ਕਰਨਾ ਤੁਹਾਡੇ ਨਾਮ ਦਾ ਚਲੇ ਭੰਡਾਰ ਐਥੇ। ਗਊਆਂ, ਹਾਥੀ, ਬਸਤਰ ਹੈਨ ਦਾਨ ਕਰਨੇ ਕਰਾਂ ਖਰਚ ਮੈਂ ਖੁਲਾ ਜਹਾਨ ਅੰਦਰ। ਯਾਦਗਾਰ ਮੇਰੀ ਏਹ ਵੀ ਰਹਿ ਜਾਵੇ ਕਾਲਾ ਸਿੰਘ ਜੋ ਹਿੰਦੁਸਤਾਨ ਅੰਦਰ।

ਰਾਜੇ ਕੁੰਭ ਸੁਰਾਣੇ ਨੇ ਜਗ ਵਾਸਤੇ ਸਮਗਰੀ ਮੰਗਵਾਉਣੀ

ਹੋਣਾ ਯੱਗ ਚਤੌੜ ਦੇ ਸ਼ਹਿਰ ਭਾਰੀ ਖਬਰ ਪਹੁੰਚ ਗਈ ਵਿਚ ਜਹਾਨ ਸਾਰੇ। ਟਿੱਕੇ ਲਾਲ ਲਾ ਕੇ ਆਏ ਬੇਦ ਪਾਠੀ ਨੀਵੀਂ ਧੋਤੀਆਂ ਲੜ ਲਟਕਾਨ ਸਾਰੇ। ਭੇਖੀ ਸਾਧ, ਬੈਰਾਗੀ, ਸੰਨਿਆਸ, ਜੋਗੀ, ਜੰਗਮ, ਬ੍ਰਹਮ ਚਾਰੀ ਪੁਜੇ ਆਨ ਸਾਰੇ। ਸਾਰ ਸੂਤ ਆਏ ਗੌੜ ਸੁਧ ਆਏ ਭਾਰਦਵਾਜ ਜੋ ਪੜ੍ਹਨ ਪੁਰਾਨ ਸਾਰੇ। ਸਿਆਮ, ਜੁਜਰ, ਅਥਰਬਣੀ, ਰਿਗ ਬੇਦੀ ਵੇਦਾਂਤ ਮਤ ਵਾਲੇ ਵਿਦਵਾਨ ਸਾਰੇ। ਚਾਰ ਬਰਨ

Sri Satguru Jagjit Singh Ji Elibrary NamdhariElibrary@gmail.com

ਅਮੀਰ ਗਰੀਬ ਹਿੰਦੂ ਦਾਨੀ ਭਿਸ਼ਕ ਅਵਧੂਤ ਅਖਵਾਨ ਸਾਰੇ। ਬਾਬੇ ਹੁਕਮ ਦਿਤਾ ਹਲਵਾਈ ਆਏ ਲਗੇ ਪਕਣੇ ਪੱਕੇ ਪਕਵਾਨ ਸਾਰੇ। ਕਿਤੇ ਚਾਵਲ ਸੂਖਮ ਸਬਜ਼ ਜਰਦ ਸੁਰਖੀ ਬਾਸਮਤੀ ਕਸ਼ਮੀਰੀ ਮੰਗਾਨ ਸਾਰੇ। ਬਰਫੀ, ਬੂੰਦੀ, ਜਲੇਬੀਆਂ, ਸ਼ਕਰਪਾਰੇ, ਖੰਡ ਘਿਓ ਪਕੌੜੇ ਬਨਾਨ ਸਾਰੇ। ਖੀਰ, ਮਾਲ ਪੂੜੇ, ਲਡੂ, ਮਠੀਆਂ ਤੇ ਲਗੇ ਪੂਰੀਆਂ ਭਲੇ ਪਕਾਨ ਸਾਰੇ। ਵੜੀਆਂ, ਸੇਵੀਆਂ, ਰਾਵੜੀ, ਫੇਣੀਆਂ ਨੇ ਖਟ ਰਸੀ ਮੁਰੱਬੇ ਮੰਗਾਨ ਸਾਰੇ। ਕਿਸ, ਮਿਸ, ਛੁਹਾਰੇ, ਪਿਸਤੇ, ਮਗਜ਼ ਚਾਰੇ, ਲਿਖੇ ਜਾਣ ਨਾ ਮੇਵੇਂ ਸਮਾਨ ਸਾਰੇ। ਬਹੁਤ ਕਿਸਮ ਦੇ ਖਾਣੇ ਤਿਆਰ ਕਰਕੇ ਰਖੇ ਪੂਰ ਭੰਡਾਰ ਸਮਾਨ ਸਾਰੇ। ਇਕ ਪੂਰਾ ਮਹੀਨਾ ਏਹ ਯੱਗ ਰਿਹਾ ਕਈ ਲੱਖ ਸੀ ਕੱਠ ਮਹਾਨ ਹੋਇਆ। ਕਾਲਾ ਸਿੰਘ ਜੀ ਪੰਡਤਾਂ ਪਾਂਧਿਆਂ ਦਾ ਯਗ ਖਾਣ ਦੇ ਤਰਫ ਧਿਆਨ ਹੋਇਆ।

ਵਾਕ ਕਵੀ

ਪਹਿਲੇ ਭਗਤ ਜੀ ਨੇ ਹਮਨ ਧੂਮ ਪਾ ਕੇ ਕਰ ਬੇਨਤੀ ਸੰਖ ਵਜਾਇਆ ਜੀ। ਜੈ ਭਗਤ ਰਵਿਦਾਸ ਦੀ ਬੋਲਦੇ ਨੇ ਨਹੀਂ ਪੰਡਤਾਂ ਏਹ ਸੁਖਾਇਆ ਜੀ। ਕਹਿਣ ਰਾਜੇ ਦੀ ਗਈ ਹੈ ਮਤ ਮਾਰੀ ਏਹਨੇ ਗੁਰੂ ਚੁਮਾਰ ਬਨਾਇਆ ਜੀ। ਕਲੂ ਕਾਲ ਦੇ ਵਿਚ ਪ੍ਰਤਾਪ ਦੇਖੋ ਛੋਟੀ ਜ਼ਾਤ ਮਾਣ ਕਿਦਾਂ ਪਾਇਆ ਜੀ। ਬਾਹਮਣ ਦੇਖਦੇ ਭਗਤ ਰਵਿਦਾਸ ਤਾਈਂ ਕਰਨ ਨਿੰਦਿਆ ਨਹੀਂ ਸੁਖਾਇਆ ਜੀ। ਰਜ ਰਜ ਮਹੀਨਾ ਸੀ ਖੂਬ ਖਾਧਾ ਹੋਵੇ ਹਮਨ ਭਾਰਾ ਭੋਗ ਪਾਵਣਾ ਜੀ। ਕਾਲਾ ਸਿੰਘ ਨੇ ਦਛਣਾ ਲੈਣ ਬਦਲੇ ਝਗੜਾ ਬਾਹਮਣਾ ਨੇ ਹੁਣ ਲਾਵਣਾ ਜੀ।

ਸਿੰਘਾਸਣ ਤੇ ਜਗ ਹਮਨ ਦੀ ਤਿਆਰੀ

ਰਾਜੇ ਹੁਕਮ ਦਿਤਾ ਉਚੀ ਜਗਾ ਉਤੇ ਲਾਓ ਚਾਨਣੀ ਤੇ ਛਾਏਵਾਨ ਸਾਰੇ। ਫਰਸ਼ ਰੇਸ਼ਮੀ ਲਾਓ ਸੁਵਰਨ ਕੀਤੇ ਵਿਛਾਉਣੇ

Sri Satguru Jagjit Singh Ji Elibrary NamdhariElibrary@gmail.com

ਮਖਮਲੀ ਹੇਠ ਜੋ ਥਾਨ ਸਾਰੇ। ਜਰੀ, ਬਾਦਲਾ ਤੇ ਖੀਨ, ਖਾਪ ਸਾਂਟਲ, ਰਤਨ, ਜੜੇ ਮੋਤੀ ਵਾਂਗ ਭਾਨ ਸਾਰੇ। ਤਖਤ ਸ੍ਰੀ ਰਵਿਦਾਸ ਦੇ ਵਾਸਤੇ ਜੋ ਸੋਹਣਾ ਕੀਤਾ ਸਿੰਘਾਸਣ ਮਹਾਨ ਸਾਰੇ। ਚੋਕੀ ਚੰਨਣ ਦੀ ਹੋਰ ਸੀ ਬਹੁਤ ਸੋਹਣੀ ਬਾਵਨ ਚੰਦਨ ਬਣੀ ਜਹਾਨ ਸਾਰੇ। ਹੀਰੇ ਰਤਨ ਮੋਤੀ ਲਾਲ ਚਮਕਦੇ ਨੇ ਕੀਮਤ ਲਖ ਤੋਂ ਵਧ ਬਿਤਾਨ ਸਾਰੇ। ਇਸ ਚੋਕੀ ਤੇ ਆਣਕੇ ਠਾਕਰਾਂ ਨੇ ਦਰਸ ਦੇਣਾ ਸਮਝੇ ਬੁਧਵਾਨ ਸਾਰੇ। ਹਮਨ ਕੁੰਡ ਵਿਚਕਾਰ ਤਿਆਰ ਹੋਇਆ ਸਮਧਾ ਲਿਆਏ ਨੇ ਪਰੇਮੀ ਤਰਖਾਨ ਪਿਆਰੇ। ਚੰਦਨ, ਪਿਪਲ, ਪਲਾਸ ਹੈ ਜਮੂੰਾਂ ਕੀਤਾ ਸੁਰਭੀ ਸਹਿਤ ਤੇ ਹਮਨ ਮਹਾਨ ਸਾਰੇ। ਜਟਾ ਜੂਟ ਪੰਡਤ ਸਤਿ ਵਿਚ ਗਿਣਤੀ ਸੁਧ ਕਪੜੇ ਕਰਨ ਅਸ਼ਨਾਨ ਸਾਰੇ। ਕੇਸਰ, ਚੰਦਨ, ਸੁਪਾਰੀ ਤੇ ਤਿਲ ਦਾਖਾ, ਗਿਰੀ ਛੁਹਾਰੇ ਛੜ ਨਾਲ ਮਿਲਾਨ ਸਾਰੇ। ਲੌਂਗ, ਤਜ ਪੱਤਰ, ਮੁਸ਼ਕਪੂਰ, ਕੇਸਰ, ਕਸਤੂਰੀ ਸਹਿਤ ਘਿਓ ਖੰਡ ਮਿਲਾਨ ਸਾਰੇ। ਕੀਰਤਨ ਹੋਣ ਲਗਾ ਰਾਗੀ ਸ਼ਬਦ ਪੜ੍ਹਦੇ ਰਾਗੀ ਸੁਰ ਕਰਦੇ ਸਾਜ ਆਨ ਸਾਰੇ। ਪੰਜ ਬੇਦ ਪਾਠੀ ਮੰਤਰ ਸ਼ੁਧ ਪੜ੍ਹਦੇ ਛੇਵਾਂ ਘਿਓ ਪਾਵੇ ਨਾਲ ਧਿਆਨ ਸਾਰੇ। ਛਿਟਾ ਪਾਣੀ ਦਾ ਸਤਵਾਂ ਪਾ ਦਿੰਦਾ ਹਮਨ ਅਗਨ ਛਡੇ ਲਾਟਾਂ ਪਾਨ ਸਾਰੇ। ਸੀ ਮਾਘ ਸੰਗਰਾਂਦ ਤੇ ਭਾਗ ਭਰਿਆ ਸੰਮਤ ਪੰਦਰਾਂ ਸੌ ਇਕੱਤੀ ਜੱਗ ਹੋਇਆ। ਯੂਪੀ ਦੇਸ ਚਤੌੜ ਦੇ ਦੇਸ ਅੰਦਰ ਮਸ਼ਹੂਰ ਏਹ ਕੱਠ ਸਰਬੱਗ ਹੋਇਆਂ।

### ਰਾਜੇ ਦੀ ਬੇਨਤੀ

ਹਥ ਜੋੜ ਰਾਜਾ ਗਲ ਪਾਇ ਪਲਾ ਕਰੇ ਭਗਤ ਤਾਈਂ ਨਮਸਕਾਰ ਪਹਿਲੇ। ਬੜੀ ਨਾਲ ਅਧੀਨਗੀ ਸ਼ਾਨਤੀ ਦੇ ਅਰਜ ਕਰੇ ਰਾਜਾ ਮੂਹੋਂ ਟਾਰ ਪੇਹਲੇ। ਖਾਲੀ ਪਈ ਚੋਂਕੀ ਸੁਵਰਨ ਜੜੇ ਆਸਣ ਹੈ ਪਈ ਦਰਬਾਰ ਵਿਚਕਾਰ ਪਹਿਲੇ। ਮੇਰੇ ਦਿਲ ਮੈਂ ਦੇਣ ਦੀਦਾਰ ਸਭ ਨੂੰ ਠਾਕਰ ਚੌਕੀ ਤੇ ਦਿਸਣ ਅਵਤਾਰ ਪੇਹਲੇ। ਏਹ

Sri Satguru Jagjit Singh Ji Elibrary NamdhariElibrary@gmail.com

ਸੁਣਕੇ ਬਾਹਮਣ ਨੇ ਖੁਸ਼ੀ ਬਹੁਤ ਹੋਏ ਖਾਲੀ ਚੌਂਕੀ ਤੇ ਠਾਕਰਾਂ ਆਵਣਾ ਕੀ। ਪਰਚਾਰ ਭਗਤ ਦਾ ਹੁਣੇ ਹਟ ਜਾਇਗਾ ਛੋਟੀ ਜਾਤ ਨੂੰ ਕਿਸੇ ਪੁਜਾਵਣਾ ਕੀ।

ਰਾਜੇ ਦੀ ਬੇਨਤੀ

ਜਗ ਕਹਨ ਵਾਲੇ ਤਤਵੇਤਿਓ ਜੀ ਮੇਰੀ ਅਰਜ ਸੁਣਨੀ ਮੇਹਰ ਵਾਨ ਮਿਸ਼ਰ। ਹਮਨ ਧੂਪ ਅਹੂਤੀਆਂ ਪਾਉਣ ਵਾਲੇ ਸਰਬ ਬੈਠੇ ਹੋ ਜੀ ਵਿਦਵਾਨ ਮਿਸਰ। ਮੇਰੀ ਪੂਰੀ ਮੁਰਾਦ ਹੈ ਤਾਂ ਹੁੰਦੀ ਦਰਸ਼ਨ ਦੇਣ ਜੇ ਸ੍ਰੀ ਭਗਵਾਨ ਮਿਸ਼ਰ। ਕਰੋ ਬੇਨਤੀ ਦਰਸ਼ਨ ਦੇਣ ਠਾਕਰ ਸੁਵੱਛ ਜਗ੍ਹਾ ਸਿੰਘਾਸਣ ਤੇ ਆਨ ਮਿਸ਼ਰ।

ਪੰਡਤਾਂ ਦਾ ਜਵਾਬ

ਪੰਡਤ ਕਹਿਣ ਸਾਰੇ ਪਥਰ ਮੂਰਤਾਂ ਜੀ ਆਪ ਚਲ ਸਿੰਘਾਸਣ ਤੇ ਆਂਵਦੇ ਨਹੀਂ। ਬਿਨ ਚਕਿਓ ਰਖਿਓ ਪਿਰਤਮਾਂ ਜੀ ਭੋਗ ਲਾ ਕੇ ਆਪ ਓਹ ਖਾਂਵਦੇ ਨਹੀਂ। ਚਾਰ ਜੁਗ ਵਿਚ ਐਸੀ ਨਾ ਕਦੇ ਹੋਵੇ ਕਥ ਵੇਦ ਪੁਰਾਣ ਸੁਣਾਂਵਦੇ ਨਹੀਂ। ਨਾ ਤੁਰੇ ਪਥਰ ਨਾ ਤਰੇ ਪਥਰ ਕਦੇ ਦੁਧ ਪੀਂਦੇ ਸਾਲਗਰਾਮ ਦੇ ਨਹੀਂ। ਏਹ ਗਲ ਨ ਅਸਾਂ ਤੋਂ ਚਦੇ ਹੋਵੇ ਸਚੀ ਗੱਲ ਉਤੇ ਨਿਸਚਾਧਾਰ ਰਾਜਾ। ਤੁਸੀ ਕਹੋ ਰਵਿਦਾਸ ਨੂੰ ਗੁਰੂ ਥੋੜਾ ਠਾਕਰ ਚੌਂਕੀ ਤੇ ਦੇਣ ਦੀਦਾਰ ਰਾਜਾ।

ਰਾਜੇ ਦੀ ਬੇਨਤੀ ਰਵਿਦਾਸ ਦੇ ਚਰਨਾਂ ਵਿਚ

ਰਾਜੇ ਹਥ ਜੋੜੇ ਸ੍ਰੀ ਰਵਿਦਾਸ ਅਗੇ ਮੇਰੇ ਦਿਲ ਦੀ ਆਸ ਪੁਜਾਓ ਬਾਬਾ। ਚੌਂਕੀ ਖਾਲੀ ਤੇ ਠਾਕਰ ਆ ਬੈਠਣ ਖਲਕਤ ਸਾਰੀ ਨੂੰ ਦਰਸ ਦਿਖਾਓ ਬਾਬਾ। ਮੇਰੀ ਮਨ ਦੀ ਪੂਰੀ ਮੁਰਾਦ ਹੋਵੇ ਤੁਸੀ ਗੀਤ ਗੋਬਿੰਦ ਦੇ ਗਾਓ ਬਾਬਾ। ਕਾਲਾ ਸਿੰਘ ਮੇਰਾ ਰਾਜ ਹੈ ਥੋੜਾ ਮੈਨੂੰ ਆਪਣਾ ਸਿਖ ਬਣਾਓ ਬਾਬਾ। ਸੁਣ ਕੇ ਬੇਨਤੀ ਚੌਂਕੀ ਤੇ ਜਾ ਬੈਠੇ ਭਗਤ ਸ੍ਰੀ ਰਵਿਦਾਸ ਵਿਚਾਰ ਆਹਾ। ਅੰਤਰ ਧਿਆਨ ਹੋ ਕੇ ਸੁਰਤੀ ਜੋੜ ਲੈਂਦੇ ਨਾਲ ਵਾਹਿਗੁਰੂ ਦੇ ਜੋੜੀ ਤਾਰ ਆਹਾ।

ਰੌਲਾ ਪੌਣਾ ਪੰਡਤਾਂ ਨੇ

ਝੱਟ ਬਾਹਮਣਾ ਨੇ ਰੌਲਾ ਪਾ ਦਿਤਾ ਕਹਿਣ ਮੁਖ ਤੇ ਬੁਰਾ ਉਚਾਰ ਬੋਲੀ। ਨੀਚ ਆਣ ਬੈਠਾ ਜਗ੍ਹਾ ਠਾਕਰਾਂ ਦੀ ਰਾਣੀ ਰਾਜਾ ਸਮੇਤ ਚੁਮਾਰ ਬੋਲੀ। ਪੂਜਣ ਵਾਲੀ ਜਗ੍ਹਾ ਚੌਂਕੀ ਠਾਕਰਾਂ ਦੀ ਬੈਠਾ ਆਣ ਕੇ ਚੌਂਕੜੀ ਮਾਰ ਬੋਲੀ। ਨਹੀਂ ਵਰਜਿਆ ਰਾਜੇ ਰਵਿਦਾਸ ਤਾਈਂ ਕਿਉਂ ਨਾ ਹੋਊਗਾ ਅੰਧ ਅੰਧਾਰ ਬੋਲੀ। ਤੁਛ ਬੁਧ ਵਾਲੇ ਬਾਹਮਣ ਭਜ ਗਏ ਸਨ ਨਿੰਦਾ ਕਰਨ ਵਾਲੇ ਸਾਰੇ ਰੁੜ ਗਏ ਸਨ। ਕਾਲਾ ਸਿੰਘ ਜਿਹੇ ਸਿਆਣੇ ਬੁਝ ਗਏ ਸਨ ਅਗਮ ਨਿਗਮ ਰੂਪ ਜਿਨ੍ਹਾਂ ਸੁਝਾ ਗਏ ਸਨ।

ਸ੍ਰੀ ਰਵਿਦਾਸ ਭਗਤ ਨੇ ਅਕਾਲ ਪੁਰਖ ਅਗੇ ਬੇਨਤੀ ਕਰਨੀ ਤੇ ਅਕਾਲ ਪੁਰਖ ਨੇ ਠਾਕਰ ਬਣਕੇ ਭਗਤ ਰਵਿਦਾਸ ਨੂੰ ਦਰਸ਼ਨ ਦੇਣੇ

ਮਸਤੀ ਨਾਮ ਅੰਦਰ ਭਗਤ ਅਰਜ ਕੀਤੀ ਮੇਰੀ ਗੋਦ ਅੰਦਰ ਮੇਹਰ ਧਾਰ ਆਜਾ। ਨੈਨ ਤਰਸਦੇ ਦਿਓ ਦਿਦਾਰ ਛੇਤੀ ਚੌਂਕੀ ਚੰਦਨ ਸਿੰਘਾਸਨ ਤਿਆਰ ਆਜਾ। ਆਓ ਆਓ ਠਾਕਰ ਇਕ ਛਿਨ ਅੰਦਰ ਨਿਰੰਕਾਰ ਦਾਤਾਰ ਕਰਤਾਰ ਆਜਾ। ਸੀਆਂ ਰਾਮ ਰਾਧੇ ਸਿਆਮ, ਸਰਬ ਵਿਆਪੀ ਅੰਤਰਜਾਮੀਆਂ ਜੀ ਨਿਰਾਕਾਰ ਆ ਜਾ।ਸਿਰਜਨਹਾਰ ਸੁਆਮੀ ਜਲੇ ਥਲੇ ਵਾਸੀ ਨਿਰਾਕਾਰ ਤੋਂ ਬਣ ਸਾਕਾਰ ਆ ਜਾ। ਇਕ ਛਿਨ ਆਵੇ ਦਰਸ਼ਨ ਦੇ ਜਾਵੇ ਸ਼ਬਦ ਪੜ੍ਹ ਆਖਣ ਛਾਰਵਾਰ ਆ ਜਾ।

ਗਉੜੀ ਪੂਰਬੀ ਰਵਿਦਾਸ ਜੀਉ

ੴ ਸਤਿਗੁਰਪ੍ਰਸਾਦਿ॥

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥੧॥

ਟੀਕਾ—ਹੇ ਵਾਹਿਗੁਰੂ ਜਿਕੁਰ ਖੂਹ ਵਿਚਲੇ ਡੱਡੂ ਨੂੰ ਬਾਹਰ ਦੇ ਦੇਸਾਂਦੀ ਕਛ ਖਬਰ ਨਹੀਂ, ਇਸਤਰਾਂ ਹੀ ਮੇਰਾ ਮਨ ਬਿਖੇ ਰੂਪੀ ਖੂਹ ਵਿਚ ਹੈ, ਤੇਰਾ ਆਰ ਪਾਰ

ਅੰਤ ਬਿਅੰਤ ਦਾ ਪਤਾ ਨਹੀਂ ਲਗਦਾ।

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ਰਹਾਉ॥

ਸਚੇ ਪਾਤਸ਼ਾਹ ਮੈਨੂੰ ਇਕ ਛਿਨ (ਇਕ ਪਲ) ਦਰਸ਼ਨ ਦਿੰਦਾ ਰਹੋ। ਤੂ ਸਾਰੇ ਭਵਨਾਂ ਦਾ ਮਾਲਕ ਹੈਂ।

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥

ਮਾਇਆ ਦੇ ਮਿਲਾਪ ਨੇ ਮੇਰੀ ਮਤ ਮੈਲੀ ਕਰ ਦਿਤੀ ਹੈ ਇਸ ਵਾਸਤੇ ਮੈਂ ਤੇਰੀ ਗਤ (ਕੁਦਰਤ) ਲਖ ਨਹੀਂ ਸਕਦਾ।

ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥

ਹੇ ਹਰੀ ਮੇਰੇ ਭਰਮ ਦੂਰ ਕਰੋ ਅਤੇ ਮੈਨੂੰ (ਸੁਮਤਿ) ਸੁਭ ਮਤ ਦਾ ਦਾਨ ਦਿਓ।

ਜੋਗੀਸਰ ਪਾਵਹਿ ਨਹੀਂ ਤੁਅ ਗੁਣ ਕਥਨੁ ਅਪਾਰ ॥

ਹੇ ਹਰੀ ਤੇਰੇ ਗੁਣ ਕੇਹਣ ਤੇ ਅਪਾਰ ਹੈਨ ਜੋਗੀ ਜਨ ਵੀ ਭੇਦ ਨਹੀਂ ਪਾ ਸਕੇ।

ਪ੍ਰੇਮ ਭਗਤਿ ਕੇ ਕਾਰਣੈ ਕਹੁ ਰਵਿਦਾਸ ਚਮਾਰ ॥੪॥੨॥੪॥

ਪ੍ਰੇਮ ਵਸ ਭਗਤੀ ਦੇ ਕਾਰਣ ਮੈਂ ਤੇਰਾ ਨਾਮ ਜਸ ਆਖ ਰਿਹਾ ਹਾਂ॥

**ਬੈਂਤ—ਸ੍ਰੀ ਭਗਤ ਜੀ ਅੰਤਰ ਧਿਆਨ ਹੋਏ ਅਰਜ ਕਰਨ ਹੇ ਦੀਨ ਦਇਆਲ ਆਵੇ। ਹੇ ਲਾਲ ਗੋਬਿੰਦ ਗੋਪਾਲ ਮਾਧੋ ਮੋਹਨ ਹਰੀ ਜੀ ਸ੍ਰੀ ਕ੍ਰਿਪਾਲ ਆਵੇ। ਜਨਮ ਜਨਮ ਦੇ ਵਿਛੜੇ ਮੇਲ ਦੇਵੋ ਮੇਰੇ ਪ੍ਰਭੂ ਸਰੂਪ ਜੀ ਲਾਲ ਆਵੇ। ਰਮਨਹਾਰ ਘਟ ਘਟ ਵਾਸੀ ਜਲ ਥਲ ਮੈਂ ਏਸ ਚੌਂਕੀ ਤੇ ਦਰਸ ਦਿਖਾਲ ਆਵੇ। ਕਾਲਾ ਸਿੰਘ ਹੋ ਅੰਤਰ ਧਿਆਨ ਬਾਬੇ ਰਾਗ ਧਨਾਸਰੀ ਸ਼ਬਦ ਅਲਾਪਿਆ ਜਾ। ਹੋ ਗਿਆ ਪ੍ਰਕਾਸ਼ ਅਕਾਸ਼ ਅੰਦਰ ਬੁਕਲ ਵਿਚ ਬੈਠਾ ਰਾਮ ਜਾਪਿਆ ਜਾ।**

ਧਨਾਸਰੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਹਮ ਸਰ ਦੀਨ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥੧॥

Sri Satguru Jagjit Singh Ji Elibrary NamdhariElibrary@gmail.com

ਹਉ ਬਲਿ ਬਲਿ ਜਾਉ ਰਮਈਆ ਕਾਰਨੇ ਕਾਰਨ ਕਵਨ ਅਬੋਲ ।੧। ਰਹਾਉ।
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ।।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰੁ ਭਇਓ ਦਰਸਨੁ ਦੇਖੇ ।੨।੧।੨।੧॥

ਠਾਕਰ ਜੀ ਦੀ ਮੂਰਤ ਦੇ ਦਰਸ਼ਨ ਹੋਣੇ

ਟੀਕਾ—ਏਹ ਬੇਨਤੀ ਭਗਤ ਨੇ ਜਦੋਂ ਕੀਤੀ, ਸੱਚ ਖੰਡ ਤੋ ਚਲ ਕੇ ਆਏ ਠਾਕਰ। ਨਿਰਗੁਣ ਰੂਪ ਸਰੂਪ ਤੇ ਮੂਰਤਾਂ ਨੇ, ਚੌਂਕੀ ਗੋਦ ਬੈਠੇ, ਉਤੇ ਜਾਏ ਠਾਕਰ। ਵਾਜੇ ਵਜੇ ਸੰਖ ਘੜਿਆਲ ਖੜਕੇ, ਫੁਲ ਬਾਰਸ਼ਾਂ ਦੀ ਸ਼ਹਿਬਰ ਲਾਏ ਠਾਕਰ। ਸ੍ਰੀ ਭਗਤ ਜੀ ਮਸਤ ਸੀ ਨਾਮ ਅੰਦਰ, ਚੌਂਕੀ ਚੰਦਨ ਦੀ ਉਤੇ ਬਿਠਾਏ ਠਾਕਰ।

ਵਾਕ ਕਵੀ

ਨਾਮਦੇਵ ਦਾ ਦੁਧ ਸੀ ਜਿਸ ਪੀਤਾ, ਧੰਨੇ ਰੋਟੀ ਤੇ ਸਾਗ ਖੁਲਾਇਆ ਸੀ। ਥੰਮ ਪਾੜ ਪ੍ਰਹਿਲਾਦ ਨੂੰ ਰਖਿਆ ਸੀ,ਤਿਵੇਂ ਦਰਸ ਇਹ ਰਾਮ ਦਿਖਾਇਆ ਸੀ। ਦੇਹਰਾ ਫੇਰਿਆ ਤਰਲੋਚਨ ਦੇ ਬਣੇ ਕਾਮੇ, ਸੈਨ ਭਗਤ ਨੂੰ ਰਾਜ ਦਿਵਾਇਆ ਸੀ। ਕਾਲਾ ਸਿੰਘ ਦਰੋਪਤੀ ਚੀਰ ਦਿਤੇ, ਗਜ਼ ਗਿਰਾਹ ਤੋਂ ਜਾਇ ਬਚਾਇਆ ਸੀ।

ਤਥਾ

ਬ੍ਰਾਹਮਣ ਆਖਦੇ ਭਗਤਨ ਛਲ ਕੀਤਾ, ਲਕੋਏ ਮੂਰਤਾਂ ਚੌਂਕੀ ਟਿਕਾਈਆਂ ਨੇ। ਭਗਤ ਸ਼ਬਦ ਅੰਦਰ ਸੁਰਤ ਜੋੜ ਲਈ, ਮਸਤ ਨਾਮ ਅੰਦਰ ਟੁਭੀ ਲਾਈਆਂ ਨੇ। ਰੌਲਾ ਮੂਰਖਾਂ ਨੇ ਏਧਰ ਪਾ ਦਿਤਾ, ਭਗਤ ਨਾਮ ਅੰਦਰ ਅੰਦਰ ਸੁਰਤਾਂ ਲਾਈਆਂ ਨੇ। ਕਾਲਾ ਸਿੰਘਾ ਨੇ ਸ਼ਬਦ ਸੁਣਾਏ ਸਾਰੇ, ਮਾਰੂ ਰਾਗ ਅੰਦਰ ਸੁਰਾਂ ਲਾਈਆਂ ਨੇ।

ਦਵੱਯਾ—ਰਾਣੀ ਝਾਲਾਂ ਬਾਈ

ਦਰਸ਼ਨ ਕੀਤੇ ਠਾਕਰ ਜੀ ਦੇ, ਝਾਲਾਂ ਸੀਸ ਨਿਵਾਇਆ।
ਰਾਜੇ ਨੈਨ ਪਰੇਮ ਭਰੇ, ਉਠ ਸਿਰ ਤੇ ਛਤਰ ਰਖਾਇਆ।
ਚੰਦਰ ਹਾਂਸ ਨੇ ਫੁਲ ਬਰਸਾਏ,ਸਭਨਾਂ ਨੇ ਮੰਗਲ ਗਾਇਆ।
ਰਾਣੀ ਚੋਰ ਕਰੇ ਸਭ ਦੇਖੇ, ਗੁਰ ਰਵਿਦਾਸ ਬਣਾਇਆ।

Sri Satguru Jagjit Singh Ji Elibrary NamdhariElibrary@gmail.com

ਰੰਗਨ ਪਰੇਮ ਚੜ੍ਹੀ ਰਾਣੇ ਨੂੰ ਹੋਇਆ ਮਮਤ ਦਿਵਾਨਾ ਜੀ।
ਸੁਧ ਸੰਸਾਰੀ ਭੁਲੀ ਸਾਰੀ ਘਰ ਮੈਂ ਜੋਤ ਜਗਾਨਾ ਜੀ।
ਦਸਵੇਂ ਦੁਆਰੇ ਖੁਲੇ ਸਾਰੇ ਲਭਿਆ ਠੀਕ ਟਿਕਾਨਾ ਜੀ।
ਕਾਲਾ ਸਿੰਘ ਸ਼ਬਦ ਭਗਤ ਨੇ ਬਾਣੀ ਵਿਚ ਵਿਖਾਨਾ ਜੀ।

### ਪੰਡਤਾਂ ਨੇ ਰਵਿਦਾਸ ਨੂੰ ਗੁਰੂ ਕਰਨਾ

ਸਾਰ ਸੁਤ ਭਾਰਦਵਾਜ ਪੰਡਤਾਂ ਨੇ ਰੂਪ ਸਮਝਿਆ ਸ੍ਰੀ ਭਗਵਾਨ ਬਾਬਾ। ਭਾਗਵਤ ਮੈਂ ਲਿਖਿਆ ਠੀਕ ਹੈ ਜੀ ਜਸ ਭਗਤੀ ਮੈਂ ਰੂਪ ਪ੍ਰਗਟਾਨ ਬਾਬਾ। ਅਸੀਂ ਆਪ ਦੇ ਸਿਖ ਹਾਂ ਸਰਬ ਪੰਡੇ ਤੁਸੀ ਗੁਰੂ ਸਾਡੇ ਮੇਹਰਬਾਨ ਬਾਬਾ। ਗੁਰਮੰਤਰ ਦਸ ਕੇ ਕਰੋ ਨਿਹਾਲ ਸਾਨੂੰ ਸੇਵਕ ਆਪ ਦੇ ਅਸੀ ਅੰਞਾਨ ਬਾਬਾ।

ਦੋਹਰਾ—ਰਾਣੀ ਕਰਦੀ ਚੌਰ ਨੂੰ ਛਤਰ ਝੁਲਾਇਓ ਸੀਸ।
ਏਹ ਕੌਤਕ ਕੋ ਦੇਖ ਕੇ ਸ਼ਬਦ ਪੜ੍ਹਨ ਜਗਦੀਸ ॥

### ਰਾਗ ਮਾਰੂ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜ ਗੁਸਈਆ ਮੇਰੈ ਮਾਥੈ ਛਤ੍ਰ ਧਰੈ ॥੧ ॥ ਰਹਾਉ ॥ ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥ ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ ॥ ੧ ॥ ਨਾਮਦੇਵ ਕਬੀਰ ਤਿਲੋਚਨੁ ਸਧਨਾ ਸੈਨੁ ਤਰੈ ॥ ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ । ੨ । ੧ ॥ [illegible] ॥

### ਵਾਕ ਕਵੀ

ਭਗਤ ਸਮਝਿਆ ਰੂਪ ਭਗਵਾਨ ਦਾ ਏ ਹੋਇਆ ਚਿਤ ਤੋਂ ਦੂਰ ਗੁਮਾਨ ਸਭ ਦਾ। ਆਪੇ ਜੋਤ ਨਿਰੰਜਨੀ ਠੀਕ ਬਾਬਾ ਰਾਖਨਹਾਰ ਹੈ ਪਤ ਭਗਵਾਨ ਸਭ ਦਾ। ਕਈ ਸੋਚਦੇ ਏਹ ਕੀ ਬਾਤ ਹੋਈ ਹੋਇਆ ਚਿਤ ਸੀ ਓਥੇ ਹੈਰਾਨ ਸਭ ਦਾ। ਕਈ ਭਾਵਨਾ ਧਾਰ ਕੇ ਰਹਿ ਬੈਠੇ ਭਗਤ ਰੂਪ ਹੈ ਰੱਬ ਗਿਆਨ ਸਭ ਦਾ।

Sri Satguru Jagjit Singh Ji Elibrary NamdhariElibrary@gmail.com

ਬੈਂਤ–ਕਈ ਬੈਠੇ ਨੇ ਇਹੋ ਸਲਾਹ ਕਰਦੇ ਕਲੂ ਘੋਰ ਹੈ ਅੰਧ ਅੰਧਾਰ ਲੋਕੋ। ਬਿਪਰ ਰਾਜਾ ਰਾਣੀ ਠਾਕਰ ਸਿਖ ਬਣ ਗਏ ਗੁਰੂ ਧਾਰਿਆ ਕਿਉਂ ਚੁਮਿਆਰ ਲੋਕੋ। ਕਲੂ ਕਾਲ ਅੰਦਰ ਨੀਚ ਹੋਣ ਉਚੇ ਬਾਹਮਣ ਚੂਹੜਿਆ ਦੇ ਸੇਵਾਦਾਰ ਲੋਕੋ। ਏਹ ਤਾਂ ਆਪਣੀ ਬਾਣੀ ਬਣਾਈ ਜਾਂਦਾ ਸਾਡੇ ਬੇਦ ਪੁਰਾਨਾਂ ਦੇ ਸਾਰ ਲੋਕੋ। ਸਾਨੂੰ ਬ੍ਰਹਮਣਾ ਨੂੰ ਕਦੇ ਪੂਜਣਾ ਨਹੀਂ ਖੈਰ ਮੰਗਿਆਂ ਮੁਠੀ ਵੀ ਪਾਵਣਾ ਨਹੀਂ। ਕਾਲਾ ਸਿੰਘ ਜੀ ਏਹੋ ਹੈ ਗਲ ਸਚੀ ਪਾਪੀ ਬ੍ਰਾਹਮਣਾ ਤਾਈਂ ਬੁਲਾਵਣਾ ਨਹੀਂ।

### ਬਾਹਮਣਾ ਨੇ ਭੋਜਨ ਛਕਣ ਵੇਲੇ ਪੰਗਤਾਂ ਲੈਣ ਸਮੇਂ ਰੌਲਾ ਪਾਉਣਾ

ਸਤਿਨਾਮ ਸਿਮਰੋ ਉਪਦੇਸ਼ ਦਿਤਾ ਹਮਨ ਭੋਗ ਅਰਦਾਸ ਕਰਾਨ ਲਗੇ। ਚਾਰ ਬਰਨ ਸਾਧੂ ਸੰਤ ਖੁਸ਼ੀ ਹੋਏ ਧੰਨ ਧੰਨ ਰਵਿਦਾਸ ਸੁਨਾਣ ਲਗੇ। ਰਾਜੇ ਅਰਜ ਕੀਤੀ ਲਾਵੋ ਪੰਗਤਾਂ ਜੀ ਬਰਨ ਚਾਰ ਨੇ ਚਾਰੇ ਬੈਠਾਨ ਲਗੇ। ਬਾਹਮਣਾ ਉਠ ਕੇ ਤੇ ਰੌਲਾ ਪਾ ਦਿਤਾ ਅਸੀ ਖਾਣਾ ਨਹੀਂ ਇਉਂ ਸੁਨਾਨ ਲਗੇ। ਪੈਹਲੇ ਬਿਪਰ ਬੇਦ ਪਾਠੀ ਲੈਣ ਪੰਗਤ ਫੇਰ ਛਤਰੀ ਵੈਸ਼ ਸਮਝਾਨ ਲਗੇ। ਕਰਮ ਕਾਂਡੀਏ ਅਸੀ ਸਵੱਛ ਬਾਹਮਣ ਸੁਧ ਹੋਇਕੇ ਖਾਈਏ ਬਤਾਨ ਲਗੇ। ਨੀਵੀਂ ਜਾਤ ਨਾ ਅਸਾਂ ਨੂੰ ਨਜਰ ਆਵੇ ਪੜਦਾ ਏਹਨਾ ਤੋਂ ਅਸੀ ਰਖਾਨ ਲਗੇ। ਪੜਦੇ ਵਿਚ ਏਹ ਭਗਤ ਜੀ ਬੈਠ ਜਾਵਣ ਬਾਤ ਸ਼ਾਸਤਰ ਦੀ ਅਸੀਂ ਬਤਾਨ ਲਗੇ। ਜਿੰਨਾ ਚਿਰ ਰਵਿਦਾਸ ਜੀ ਦਿਸਣ ਸਾਨੂੰ ਅਸੀਂ ਪੂਰਨਾ ਤੇ ਜਗ ਖਾਵਣਾ ਨਹੀਂ। ਹਿੰਦੂ ਧਰਮ ਪੱਕਾ ਹੈ ਸੂਤ ਕੱਚਾ ਕਾਲਾ ਸਿੰਘ ਨੂੰ ਨਾਲ ਰਲਾਵਣਾ ਨਹੀਂ।

### ਰਾਜੇ ਨੂੰ ਕਰੋਧ ਹੋਣਾ

ਸੁਣਕੇ ਏਹ ਨਿਰਾਦਰੀ ਭਗਤ ਜੀ ਦੀ ਰਾਜਾ ਵਿਚ ਕਰੋਧ ਦੇ ਆਇਆ ਜੀ। ਪੁਲਸ ਪਕੜ ਲਵੇ ਏਹਨਾਂ ਬਾਹਮਣਾ ਨੂੰ ਵਾਂਗ ਕੂਕਰਾਂ ਦੇ ਰੌਲਾ ਪਾਇਆ ਜੀ। ਇਹਨਾਂ ਬਾਹਮਣਾਂ ਨੂੰ ਖੜੇ ਜੇਹਲ

Sri Satguru Jagjit Singh Ji Elibrary NamdhariElibrary@gmail.com

ਅੰਦਰ ਉਮਰ ਕੈਦ ਦਾ ਹੁਕਮ ਸੁਨਾਇਆ ਜੀ। ਸ੍ਰੀ ਭਗਤ ਰਵਿਦਾਸ ਨੇ ਸਦ ਰਾਜਾ ਪਾਸ ਬੈਠ ਕੇ ਇਉਂ ਸਮਝਾਇਆ ਜੀ।

### ਸ੍ਰੀ ਭਗਤ ਰਵਿਦਾਸ ਜੀ ਨੇ ਰਾਜੇ ਨੂੰ ਉਪਦੇਸ਼ ਦੇਣਾ

ਚਿਤ ਸ਼ਾਂਤ ਕਰ ਕਰੋਧ ਨ ਕਰੀਂ ਦਿਲ ਮੇਂ ਹੁੰਦਾ ਕਰੋਧ ਤੇ ਧਰਮ ਦਾ ਭੰਗ ਰਾਜਾ। ਮਰ ਜਾਂਵਦਾ ਦੋਖ ਤ੍ਰਿਦੋਖ ਵਾਲਾ ਹੋਵੇ ਤਾਪ ਤਪਦਿਕ ਦਾ ਖੰਘ ਰਾਜਾ। ਪੁਸਤਕ ਭਾਰ ਹੋਵਣ ਲਦੇ ਖੋਤਿਆਂ ਤੇ ਕਦੇ ਕਰਦੇ ਨਹੀਂ ਸਤਸੰਗ ਰਾਜਾ। ਚਮਕ ਕੋਚਰੀ ਤੇ ਉੱਲੂ ਚਮਗਿੱਦੜ ਦੇਖਣ ਕਦੋਂ ਚਾਰੇ ਸੂਰਜ ਰੰਗ ਰਾਜਾ। ਇਹਨਾਂ ਪਾਸ ਹਥਿਆਰ ਅਗਿਆਨ ਵਾਲਾ ਸਦਾ ਰਹੇ ਕਰਦੇ ਬਾਹਮਣ ਜੰਗ ਰਾਜਾ। ਖਿਮਾ, ਹਿੰਸਾ, ਦਇਆ ਤੇ ਨਿੰਮਰਤਾ ਜੀ ਸਤ ਬਚਨ ਤਪ ਦਾਨ ਦਾ ਅੰਗ ਰਾਜਾ। ਘਰ ਦੀ ਇਸਤਰੀ ਸੁਚ ਤੇ ਸੋਧ ਕਰਨੀ ਤ੍ਰਿਸ਼ਨਾ ਦੂਰ ਤੇ ਹੋਣ ਨਿਸ਼ੰਗ ਰਾਜਾ। ਜਿਵੇਂ ਖੁਸ਼ੀ ਪੰਡਤ ਵਰਤਾਓ ਤਿਵੇਂ ਅਸੀਂ ਪੰਗਤਾਂ ਪਿਛੋਂ ਬਣਾ ਲਵਾਂਗੇ। ਕਾਲਾ ਸਿੰਘ ਮਰਜੀ ਜਿੱਦਾਂ ਖਾਣ ਬਾਹਮਣ ਅਸੀ ਆਪ ਖਾਣਾ ਵਖ ਖਾ ਲਵਾਂਗੇ।

### ਬਾਹਮਣਾ ਦੀਆਂ ਪੰਗਤਾਂ ਨੇ ਬੈਠਣਾ
### ਹਰ ਇਕ ਪੰਗਤ ਵਿਚ ਸ੍ਰੀ ਰਵਿਦਾਸ ਭਗਤ ਜੀ ਦਾ ਰੂਪ ਦਿਸਣਾ

ਉਚੇ ਬਰਨ ਵਾਲੇ ਪੰਡਤ ਭੇਖ ਸਾਧੂ ਛਾਇਵਾਨ ਹੇਠਾਂ ਕਠੇ ਆਨ ਲਗੇ। ਕਨਾਤਾਂ ਤਾਣ ਕੇ ਪੰਗਤਾਂ ਲਾ ਬੈਠੇ ਕੋਈ ਦੇਖੇ ਨਾ ਜੀ ਖਾਨ ਪਾਨ ਲਗੇ। ਥਾਲ ਪੱਤਲਾਂ ਧਰ ਪਰੋਸ ਦਿਤੇ ਖੀਰ ਪੂੜੇ ਕੜਾਹ ਵਰਤਾਨ ਲਗੇ। ਵਰਤ ਗਿਆ ਭੋਜਨ ਵਿਚ ਪੰਗਤਾਂ ਦੇ ਖਾਓ ਕਿਹਾ ਤਾਂ ਫੇਰ ਨੇ ਖਾਨ ਲਗੇ। ਇਕ ਇਕ ਦੇ ਕੋਲ ਰਵਿਦਾਸ ਬੈਠਾ ਇਕ ਦੂਜੇ ਨੂੰ ਸੈਨਤ ਸਮਝਾਨ ਲਗੇ। ਓਸ ਪੰਗਤ ਦੇ ਵਿਚ ਰਵਿਦਾਸ ਬੈਠਾ ਐਸ ਪਾਸੇ ਤੇ ਐਧਰ ਸੁਨਾਣ ਲਗੇ। ਇਕ ਇਕ ਦਾ ਰੂਪ ਧਰ ਕੋਲ ਹਰ ਜੀ ਚੋਜ ਸ੍ਰੀ ਭਗਵਾਨ ਬਨਾਣ ਲਗੇ। ਮਾਣ ਟੁਟ ਗਏ ਸ਼ਰਮ ਨੂੰ ਖਾਣ ਬਾਹਮਣ ਇਕ ਦੂਜੇ ਨੂੰ ਛੂਤ ਫਰਮਾਨ ਲਗੇ। ਛੂਤ ਛੂਤ

Sri Satguru Jagjit Singh Ji Elibrary NamdhariElibrary@gmail.com

ਆਖਣ ਛੂਤ ਭੂਤ ਬਾਹਮਣ ਲੜਨ ਕੜਨ ਤੇ ਰੌਲੀ ਨੇ ਪਾਨ ਲਗੇ। ਸੂਰਜ ਇਕ ਤੇ ਘੜੇ ਦੇ ਪਾਣੀ ਵਿਚੋਂ ਨਜਰ ਸਰਬ ਚੋਂ ਆਂਵਦੇ ਰਵੀ ਸੰਤੋ। ਕਾਲਾ ਸਿੰਘ ਰਵਿਦਾਸ ਦੇ ਰੂਪ ਵਿਸਦੇ ਲਿਖਦੇ ਰੂਪ ਹੋ ਗਏ ਜਿਵੇਂ ਕਵੀ ਸੰਤੋ।

ਸ੍ਰੀ ਭਗਤ ਜੀ ਨੇ ਸ਼ਬਦ ਪੜ੍ਹਨਾ

ਜੈਤਸਰੀ ਬਾਣੀ ਭਗਤਾ ਕੀ

ੴ ਸਤਿਗੁਰਪ੍ਰਸਾਦਿ ॥

ਨਾਥ ਕਛੂਅ ਨ ਜਾਨਉ॥ ਮਨ ਮਾਇਆ ਕੈ ਹਾਥ ਬਿਕਾਨਉ ॥੧॥ਰਹਾਉ॥ ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥ ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ ੨ ॥ ਜਤ ਦੇਖਉ ਤਤ ਦੁਖ ਕੀ ਰਾਸੀ। ਅਜੌਂ ਨ ਪਤ੍ਹਾਇ ਨਿਗਮ ਭਏ ਸਾਖੀ॥ ੩ ॥ ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥ ੪ ॥ ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹਿ ਹਾਰਿਓ । ੫ ॥ ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨ ਕਾਕੀ ਲੀਜੈ । ੬ ॥ ੧ ॥੨੪॥

ਵਾਕ ਕਵੀ

ਤੂੰ ਬੇਅੰਤ ਹੈਂ ਅੰਤ ਨਾ ਆਏ ਤੇਰਾ ਦਿਤਾ ਕਈਆਂ ਨੂੰ ਤੁਸਾਂ ਦੀਦਾਰ ਰਾਮਾ। ਨਾਮਦੇਵ ਹਰੋਂ ਦੁਧ ਪੂਰ ਪੀਤਾ ਦਿਤਾ ਭਗਤ ਤਿਰਲੋਚਨ ਵੀ ਤਾਰ ਰਾਮਾ। ਛਪਰ ਬੰਨਿਆ ਬੇਢੀ ਦਾ ਰੂਪ ਧਰਕੇ ਗਊ ਕਰੀ ਜੀਊਂਦੀ ਕਿਰਪਾ ਧਾਰ ਰਾਮਾ। ਜੱਗ ਭਗਤ ਕਬੀਰ ਦਾ ਆਨ ਕੀਤਾ ਹਾਥੀ ਮਾਰੇ ਤਾਂ ਰਖੀ ਸੀ ਸਾਰ ਰਾਮਾ। ਸਧਨਾ ਬੁਰਜ ਪਰਾਗ ਦੇ ਵਿਚ ਚਿਣਿਆ ਇਟਾਂ ਸੁਟੀਆਂ ਦੂਰ ਵਿਡਾਰ ਰਾਮਾ। ਸੈਨ ਭਗਤ ਵਾਲਾ ਰੂਪ ਧਾਰਕੇ ਤੇ ਬਣਿਆ ਰਾਜੇ ਦਾ ਸੀ ਸੇਵਾਦਾਰ ਰਾਮਾ। ਲਖਾਂ ਜੋਜਨਾਂ ਤੋਂ ਇਕ ਪਲਕ ਅੰਦਰ ਭੈਣ ਨਾਨਕੀ ਦਾ ਕੀਤਾ ਪਿਆਰ ਰਾਮਾ। ਹਰਿਗੋਬਿੰਦ ਬਣਕੇ ਕਿਲੇ ਗੁਆਲੀਅਰ ਚੋਂ ਬਾਈ ਧਾਰਾਂ ਦਾ ਕੀਤਾ ਛੁਟਕਾਰ ਰਾਮਾ। ਦਸਮੀ ਜੋਤ ਗੁਰ ਨੇ ਜੋਗਾ ਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ ਦੀ ਕੀਤੀ ਰਖਿਆ ਹੋ ਪਹਿਰੇਦਾਰ ਰਾਮਾ। ਰਾਇ ਸਿੰਘ ਨੂੰ ਸ਼ੇਰ ਮਾਰ ਕੋਲੋਂ ਮੌਤੋਂ ਰਖਿਆ ਚੀਨੀ ਅਸਵਾਰ ਰਾਮਾ। ਜਿਸ ਨੇ ਜਿਸ ਵੇਲੇ ਤੈਨੂੰ ਯਾਦ ਕੀਤਾ ਦਰਸ਼ਨ ਦਿਤੇ ਨੇ ਸ੍ਰੀ ਕਰਤਾਰ ਰਾਮਾ। ਕਾਲਾ ਸਿੰਘ ਚੌਦਾਂ ਜਾਮੇ ਸਤਿ ਗੁਰਾਂ ਦੇ ਸੱਤ੍ਰ ਭਗਤ ਜਨਾ ਰੂਪ ਧਾਰਦੇ ਨੇ। ਚੰਦ੍ਰਹਾਸ ਝਾਲਾਂ ਬਾਈ ਦੇਸ ਸਾਰੇ ਗੁਰੂ ਸ੍ਰੀ ਰਵਿਦਾਸ ਨੂੰ ਧਾਰਦੇ ਨੇ।

### ਭਗਤ ਜੀ ਦਾ ਉਪਦੇਸ਼

ਬਾਬੇ ਆਖਿਆ ਸਾਰੀਆਂ ਸੰਗਤਾਂ ਨੂੰ ਸਤਿ ਸੰਤੋਖ ਤੇ ਜਾਪ ਕਰਤਾਰ ਕਰਨਾ। ਸੇਵਾ ਸੰਤ ਅਤੀਤ ਦੀ ਠੀਕ ਕਰਨੀ ਦਾਨ ਕਰਨਾ ਤੇ ਨਹੀਂ ਹੰਕਾਰ ਕਰਨਾ। ਭੰਗ ਫੀਮ ਹੁਕਾ ਚਰਸ ਨਹੀਂ ਪੀਣਾ ਨਸ਼ਾ ਕੋਈ ਨਾ ਜੇ ਅੰਗੀਕਾਰ ਕਰਨਾ। ਜੀਵ ਹਿੰਸਾ ਨਾ ਕਰਨੀ ਭੁਲ ਕੇ ਤੇ ਸਪ ਸ਼ੀਂਹ ਬਿਛੂ ਨਾਲ ਪਿਆਰ ਕਰਨਾ। ਸਦਾ ਨਾਮ ਜਹਾਨ ਤੇ ਅਮਰ ਓਹਦਾ ਦਾਨੀ ਨਾਮ ਭਗਵਾਨ ਦੇ ਜਾਪ ਵਾਲਾ। ਨਹੀਂ ਕਿਸੇ ਦੀ ਨਿੰਦਿਆ ਮੂਲ ਕਰਨੀ ਸ਼ਬਦ ਬੋਲਣਾ ਚਿਤੋਂ ਮਿਲਾਪ ਵਾਲਾ।

### ਤਥਾ

ਬਹੁਤ ਰੋਜ ਚਤੌੜ ਦੇ ਵਿਚ ਰਹਿਕੇ ਸਾਰਾ ਵਿਗੜਿਆ ਦੇਸ ਸੁਧਾਰ ਦਿਤਾ। ਸਾਰਾ ਦੇਸ ਸੀ ਭਗਤ ਦਾ ਸਿਖ ਹੋਇਆ ਨਾਮ ਦਸ ਕੇ ਤੋੜ ਹੰਕਾਰ ਦਿਤਾ। ਚੰਦਰਹਾਸ ਰਾਜੇ ਝਾਲਾਂ ਬਾਈ ਰਾਣੀ ਨਾਮ ਭਗਤ ਦੇ ਖੋਲ ਭੰਡਾਰ ਦਿਤਾ। ਦਿਨੇ ਰਾਤ ਕੀਰਤਨ ਸਤਸੰਗ ਹੁੰਦਾ ਭਗਤ ਜਾਪ ਕਰਤਾਰ ਖਿਲਾਰ ਦਿਤਾ। ਰਾਮ ਨਾਮ ਬਾਝੋਂ ਹੋਰ ਕੂੜ ਦੁਨੀਆਂ ਸਚੇ ਸ਼ਬਦ ਦਾ ਝੰਡਾ ਝੁਲਾਰ ਦਿਤਾ। ਜਗ ਹੋਇਆ ਪੂਰਾ ਚਾਲੇ ਪਾਏ ਸਭ ਨੇ ਝਾਲਾਂ ਰਾਣੀ ਨੇ ਸੇਵ ਕਮਾਈ ਹੈ ਜੀ। ਨਾਮ ਝਾਲਾਂ ਦਾ ਸਾਰੇ ਮਸ਼ਹੂਰ ਹੋਇਆ ਜਿਸ ਨਾਮ ਦੀ ਜੋਤ ਜਗਾਈ ਹੈ ਜੀ।

### ਚੰਦਰਹਾਸ ਰਾਜੇ ਦੀ ਅਰਜ

ਇਕ ਦਿਨ ਰਾਜੇ ਨੇ ਉਠ ਕੇ ਅਰਜ ਕੀਤੀ ਏਹ ਰਾਜ ਹੈ ਨਰਕ ਦੀ ਖਾਨ ਗੁਰ ਜੀ। ਤਪ ਕਰਨ ਤੇ ਆਖਦੇ ਰਾਜ ਮਿਲਦਾ ਰਾਜੋਂ ਨਰਕ ਮਿਲਦਾ ਏਹ ਸੁਨਾਨ ਗੁਰ ਜੀ। ਮੈਂ ਭੀ ਛਡ ਕੇ ਰਾਜ ਅਤੀਤ

Sri Satguru Jagjit Singh Ji Elibrary NamdhariElibrary@gmail.com

ਹੋਵਾਂ ਰਹਾਂ ਆਪ ਦੇ ਪਾਸ ਧਿਆਨ ਗੁਰ ਜੀ। ਝੂਠੇ ਮੋਹ ਨੇ ਪੁਤਰ ਤੇ ਇਸਤਰੀ ਦੇ ਝੂਠੇ ਰਾਜ ਤੇ ਤਾਜ ਨਿਸ਼ਾਨ ਗੁਰ ਜੀ। ਅਠੇ ਪਹਿਰ ਮੈਨੂੰ ਥੋੜੇ ਹੋਣ ਦਰਸ਼ਨ ਜਿਨਾ ਚਿਰ ਨੇ ਮੇਰੇ ਪ੍ਰਾਨ ਗੁਰ ਜੀ। ਕਿਤੇ ਮਾਇਆ ਦੇ ਦੇਖ ਕੇ ਮੰਦਰਾਂ ਨੂੰ ਅਤੇ ਅਡੰਬਰਾਂ ਵਿਚ ਨਾ ਰੁਲ ਜਾਂ ਮੈਂ। ਹੀਰਾ ਲਾਲ ਜੋ ਆਪ ਨੇ ਨਾਮ ਦਿਤਾ ਰੇਤ ਬਾਲੂ ਸੰਸਾਰ ਨਾ ਭੁਲ ਜਾਂ ਮੈਂ।

ਦੋਹਰਾ—ਸ਼ਰਧਾ ਦੇਖ ਕੇ ਓਸਦੀ ਭਗਤ ਜੀ ਸ਼ਬਦ ਸੁਨਾਉਣ।
ਸੱਚੇ ਸੁਚੇ ਸੰਤ ਦਾ ਲੱਗੇ ਦਰਸ਼ਨ ਪਾਉਣ॥

ਆਸਾ।

ਸੰਤ ਤੁਝੀ ਤਨ ਸੰਗਤ ਪ੍ਰਾਨ ॥ ਸਤਿਗੁਰੁ ਗਿਆਨ ਜਾਨੈ ਦੇਵਾ ਦੇਵ ॥ ੧॥ ਸੰਤ ਚੀ ਸੰਗਤ ਸੰਤ ਕਥਾ ਰਸੁ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥ ੧ ॥ ਰਹਾਉ ॥ ਸੰਤ ਆਚਰਣ ਸੰਤ ਚੋ ਮਾਰਗ ਸੰਤ ਚ ਓਲ੍ਹਗ ਓਲਗਣੀ ॥੨॥ ਅਉਰ ਇਕ ਮਾਗਉ ਭਗਤਿ ਚਿੰਤਾਮਣਿ॥ ਜਣੀ ਲਖਾਵਹੁ ਅਸੰਤ ਪਾਪੀਸਣ ॥ ੩ ॥ ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥ ੪ ॥ ੨ । ੮ ।

ਅਰਥ ਬੈਂਤ

ਸੰਤ ਰਾਮ ਦੇ ਸਚੇ ਮਲਾਹ ਹੁੰਦੇ ਬੇੜਾ ਪੂਰਕੇ ਪਾਰ ਨਿਗੰਮ ਦੇ ਨੇ। ਸੰਤ ਗਿਆਨ ਸੁਲਾਕ ਦਾ ਦੇਣ ਸੁਰਮਾ ਸਰਬ ਬਿਆਪੀ ਰਾਮ ਨੂੰ ਪਾਂਵਦੇ ਨੇ। ਸੰਤ ਦਰਸ ਤੇ ਸੰਤ ਦੀ ਕਥਾ ਚੰਗੀ ਸੰਤ ਦਿਲ ਅੰਦਰ ਰੱਬ ਪਾਂਵਦੇ ਨੇ। ਹੈਨ ਸੰਤ ਵਡੇ ਏਸ ਜਗਤ ਅੰਦਰ ਰਾਮ ਰੂਪ ਦੇ ਨਾਲ ਮਿਲਾਂਵਦੇ ਨੇ। ਦੇਹ ਧਾਰੀਆਂ ਸੰਤਾਂ ਤੋਂ ਵਾਰ ਸਦਕੇ ਏਹ ਜੀਵ ਨੂੰ ਚਰਨ ਪਕੜਾਈਂ ਰਾਜਾ। ਬਿਨਾ ਗੁਰੂ ਅਤੇ ਗੁਰਬਾਣੀ ਬਾਝੋਂ ਹੋਰ ਭੁਲ ਨਾ ਕਿਸੇ ਨੂੰ ਧਿਆਈਂ ਰਾਜਾ।

ਸਾਰੇ ਭਾਰਤ ਖੰਡ ਵਿਚ ਭਗਤ ਜੀ ਦਾ ਦੌਰਾ ਤੇ ਪਰਚਾਰ

ਰਾਜੇ ਕੁੰਭ ਜੀ ਨੇ ਬੜੀ ਕਰੀ ਸੇਵਾ ਭਗਤ ਕੂਚ ਕਰੇ ਹੋਏ

Sri Satguru Jagjit Singh Ji Elibrary NamdhariElibrary@gmail.com

ਤਿਆਰ ਸਾਰੇ। ਹੀਰੇ ਮੋਤੀ ਭੇਟਾ ਰਾਣੀ ਆਣ ਕੀਤੇ ਭਗਤ ਆਖਿਆ ਰਖੋ ਭੰਡਾਰ ਸਾਰੇ। ਅਸੀ ਮਾਇਆ ਦਾ ਦਾਨ ਨਾ ਲੈਣ ਆਏ ਅਸੀ ਆਂਏ ਹਾਂ ਕਰਨ ਸੁਧਾਰ ਸਾਰੇ। ਬਾਬੇ ਕੂਚ ਕੀਤਾ ਜੀ ਚਿਤੌੜ ਵਿਚੋਂ ਮਾਰਵਾੜ ਦਿਤਾ ਦੇਸ ਤਾਰ ਸਾਰੇ। ਜੈ ਪੁਰ ਜੋਧ ਪੁਰ ਤੋਂ ਬੀਕਾ ਨੇਰ ਆਏ ਸੂਰਤ ਗੜ ਤੇ ਹਨੂ ਕੋਟ ਠਾਰ ਸਾਰੇ। ਰੋਹਤਕ ਬਾਂਗਰਾਂ ਮੁਲਕ ਹਿੰਸਾਰ ਦੇ ਜੀ ਬਠਿੰਡੇ ਕੋਟ ਮੁਲਤਾਨ ਵਿਚਾਰ ਸਾਰੇ। ਝੰਗ ਸ਼ੈਹਰ ਲਾਹੌਰ ਤੇ ਹੁਸ਼ਿਆਰ ਪੁਰਾ ਜੁਆਲਾ ਮੰਡੀ ਰਵਾਲ ਸਰ ਪਾਰ ਸਾਰੇ। ਰੋਪੜ ਬੂੜੀਆ ਨਾਹਣ ਤੇ ਕੇਸ਼ ਰਿਛੀ ਹੇਮ ਕੁੰਡ ਤੇ ਹਰੀ ਦੁਆਰ ਸਾਰੇ। ਸਹਾਰਨ ਪੁਰ ਬਰੇਲੀ ਤੇ ਸ਼ਹਿਰ ਦਿਲੀ ਰਹਿ ਆਣਕੇ ਤੇ ਸੇਵਾਦਾਰ ਸਾਰੇ। ਕਈ ਸਾਲ ਏਧਰ ਪਰਚਾਰ ਕਰਦੇ ਜਪਾਉਂਦੇ ਹਰੇ ਕਰਤਾਰ ਕਰਤਾਰ ਸਾਰੇ। ਸਿਖ ਸੇਵਕ ਇਹਨਾਂ ਦੇ ਬਹੁਤ ਹੋਏ ਮੰਦਰ ਪਾਏ ਸਿਖਾਂ ਬਲਕਾਰ ਸਾਰੇ। ਸ਼ਹਿਰ ਸ਼ਹਿਰ ਅੰਦਰ ਦੇਸ ਦੇਸ ਅੰਦਰ ਨਗਰ ਨਗਰ ਅੰਦਰ ਫਿਰਦੀ ਤਾਰ ਸਾਰੇ। ਗ੍ਰਿਹਸਤੀ ਲੋਕ ਨੇ ਆਣ ਕੇ ਸਿਖ ਹੋਏ ਸਾਧੂ ਸੰਤ ਜੋ ਹੈਨ ਰਵਿਦਾਸੀਆਂ ਦੇ। ਕਾਲਾ ਸਿੰਘ ਸਿਖਰ ਰਵਿਦਾਸੀ ਜੀ ਦੇ, ਭੇਖ ਸੋਂਹਦੇ ਗੁਰੂ ਉਦਾਸੀਆਂ ਦੇ।

### ਪ੍ਰਸੰਗ—ਰਾਜੇ ਕੁੰਭ ਸਿੰਘ ਰਾਣੇ ਨੂੰ ਬ੍ਰਾਹਮਣਾਂ ਨੇ ਕਤਲ ਕਰਾਉਣਾ

ਦੋਹਰਾ— ਸੇਵਕ ਸ੍ਰੀ ਰਵਿਦਾਸ ਦਾ ਰਾਜਾ ਲਗਾ ਸਦਾਉਣ।
ਰੋਹੀ ਵਿਚ ਇਕਾਂਤ ਦੇ ਲਗਾ ਧਿਆਨ ਲਗਾਉਣ।

ਦੋ ਰਾਣੀਆਂ ਰਾਜੇ ਦੇ ਮਹਿਲ ਅੰਦਰ, ਝਾਲਾਂ ਬਾਈ ਪਟਰਾਣੀ ਕਹਾਂਵਦੀ ਸੀ। ਇਕ ਪੁਤਰ ਸੋਹਣਾ 'ਰਾਇ' ਨਾਮ ਇਸ ਦਾ, ਰਹਿੰਦੀ ਉਹਨੂੰ ਸਤਿਸੰਗ ਸਖਾਂਵਦੀ ਸੀ। ਰਤਨ, ਮਤੀ ਰਾਣੀ, ਅਕਲਵੰਦ ਦੂਜੀ, ਸੇਵਾ ਆਪਣੀ ਦਾ ਫਲ ਪਾਂਵਦੀ ਸੀ। ਊਧਾ ਰਾਏ ਪੁਤਰ ਪੇਟੇ ਏਸ ਦੇ ਸੀ, ਰੋਜ਼ ਵਿਦਿਆ ਨੀਤੀ ਪੜ੍ਹਾਂਵਦੀ ਸੀ। ਰਾਜ ਗੱਦੀ ਦਾ ਸੀ ਹੱਕਦਾਰ ਊਧਾ, ਨਿਤ ਸੁਖ ਸੁਖੇ ਸੁਖਾਂ ਪਾਂਵਦੀ ਸੀ।

Sri Satguru Jagjit Singh Ji Elibrary NamdhariElibrary@gmail.com

ਰਾਜੇ ਨਾਲ ਬਾਹਮਣ ਵੈਰ ਰਖਦੇ ਸੀ, ਸਿਖੀ ਭਗਤ ਦੀ ਨਹੀਂ ਸੁਖਾਂਵਦੀ ਸੀ। ਤਥਾ–ਦੁਰਗਾ ਨੰਦ ਸੀ ਪ੍ਰੋਹਤ ਰਾਣਿਆਂ ਦਾ, ਦਿਲੋਂ ਸੜਕੇ ਹੋਇਆ ਮਨੂਰ ਪਾਪੀ, ਦਿਲੋਂ ਰਖਦੇ ਖਾਰ ਸੀ ਨਾਲ ਰਾਜੇ, ਬਣਿਆ ਉਪਰੋਂ ਜੀ ਹਜ਼ੂਰ ਪਾਪੀ। ਰਾਣੇ ਊਧੇ ਨੂੰ ਖੂਬ ਸਿਖਾਲਦੇ ਨੇ, ਦਿਤਾ ਅੰਦਰੋਂ ਜ਼ਹਿਰ ਸੀ ਪੂਰਧਾਮੀ। ਜ਼ਹਿਰ ਬੀਜਦਾ ਫਲ ਹੈ ਲੈਣ ਲਗਾ। ਵਡਾ ਸੀ ਹੰਕਾਰ ਮਗਰੂਰ ਪਾਪੀ।

ਦੁਰਗਾ ਨੰਦ ਨੇ ਊਦੇ ਰਾਏ ਪੁਤਰ ਤੋਂ ਪਿਤਾ ਕੁੰਭ ਸਿੰਘ ਨੂੰ ਕਤਲ ਕਰਵਾਉਣਾ

ਤਥਾ–ਕਿਹਾ ਊਧੇ ਤਾਈਂ ਤੇਰੇ ਪਿਤ੍ਰ ਰਾਣੇ, ਗੁਰੂ ਕੀਤ ਰਵਿਦਾਸ ਚੁਮਾਰ ਦੇਖੋ। ਝਾਲਾਂ ਬਾਈ ਬਣੀ ਚੇਲੀ ਓਸ ਦੀ ਹੈ, ਅਠੇ ਪਹਿਰ ਉਹਨੂੰ ਯਾਦਗਾਰ ਦੇਖੋ। ਸੋਨਾ ਚਾਂਦੀ ਮੋਤੀ ਹੀਰੇ ਦਾਨ ਕੀਤੇ, ਪਟ ਰੇਸ਼ਮੀ ਦਿਤੇ ਜਵਾਹਰ ਦੇਖੋ। ਮਾਤਾ ਪਿਤਾ ਨੇ ਲਾਇਆ ਕਲੰਕ ਰਾਣੇ, ਕੀਤਾ ਜਗਤ ਦੇ ਵਿਚ ਖਵਾਰ ਦੇਖੋ। ਧਨ ਰੋਜ਼ ਖਜ਼ਾਨੇ ਤੋਂ ਖਰਚ ਹੁੰਦਾ, ਖੁਲ੍ਹਿਆਂ ਭਗਤ ਦੇ ਨਾਮ ਭੰਡਾਰ ਦੇਖੋ। ਕਤਲ ਕਰਨਾ ਚਾਹੀਏ ਐਸੇ ਪਿਤਾ ਤਾਈਂ ਜਿੰਦ ਕਢਣੀ ਨਾਲ ਤਲਵਾਰ ਦੇਖੋ। ਝਾਲਾ ਸ਼ਹਿਰ ਲਖਨਊ ਹੈ ਘਰ ਪੇਕੇ, ਊਧੇ ਪਿਤਾ ਤਾਈਂ ਕਤਲ ਕਰਨ ਲੱਗਾ। ਜੈਸੀ ਕਰੇ ਵੈਸੀ ਭਰੇ ਕਾਲਾ ਸਿੰਘਾ, ਪਿਤਾ ਮਾਰ ਕੇ ਨਰਕ ਨੂੰ ਲੱਗਾ।

ਕੰਵਰ ਊਦੇ ਨੇ ਪਾਪੀ ਬ੍ਰਾਹਮਣਾ ਦੇ ਆਖੇ ਲਗ ਕੇ ਆਪਣੇ ਪਿਤਾ ਰਾਜੇ ਕੁੰਭ ਸਿੰਘ ਨੂੰ ਰਵਿਦਾਸ ਭਗਤ ਨੂੰ ਗੁਰੂ ਧਾਰਨ ਦੇ ਦੋਸ਼ ਵਿਚ ਕਤਲ ਕਰਨਾ

ਹਰ ਰੋਜ਼ ਰਾਜਾ ਰੋਹੀ ਜਾਏ ਕੱਲਾ, ਭਜਨ ਸੁਰਤ ਧਿਆਨ ਲਗਾਂਵਦਾ ਸੀ। ਨਿਤਨੇਮ ਹਰ ਹਾਲ ਨਿਹਾਲ ਰਹਿੰਦਾ, ਦਾਨ ਨਾਮ ਅਸ਼ਨਾਨ ਕਰਾਂਵਦਾ ਸੀ। ਬੈਠਾ ਪਿਤਾ ਸੀ ਲਾ ਧਿਆਨ ਅੰਦਰ, ਪਾਪੀ ਊਧੇ ਹੁਣ ਦਾਅ ਲਗਾਂਵਦਾ ਸੀ। ਤੇਗ਼ ਕਢ ਮਿਆਨੋ ਜਲਾਦ ਹੋਇਆ, ਸਿਰ ਤੇ ਪਿਤਾ ਦੇ ਖੜਾ ਹੋ ਜਾਂਵਦਾ ਸੀ।

Sri Satguru Jagjit Singh Ji Elibrary NamdhariElibrary@gmail.com

ਕਤਲ ਹੋਣ ਸਮੇਂ ਰ ਜੇ ਕੁੰਭ ਸਿੰਘ ਨੇ ਆਪਣੇ ਮਨ ਨੂੰ ਭਜਨ ਵਿਚ ਜੋੜਨਾ

ਊਦੇ ਹਥ ਫੜ ਤੇਜ ਤਲਵਾਰ ਬੋਲੇ ਗੁਰੂ ਆਖਦਾ ਕੌਣ ਉਚਾਰ ਬਾਪੂ। ਪਿਤਾ ਦੇਖ ਕੇ ਪੁਤਰ ਨੂੰ ਕਹਿਣ ਲਗਾ ਮੇਰਾ ਗੁਰੂ ਰਵਿਦਾਸ ਕਰਤਾਰ ਬਾਪੂ। ਜਿਸ ਰਾਮ ਦੇ ਨਾਲ ਮਿਲਾਪ ਕੀਤਾ ਗੁਰੂ ਓਹੋ ਹੈਜੇ ਕਰਨਹਾਰ ਬਾਪੂ। ਊਦੇ ਮਾਰ ਤਲਵਾਰ ਤੇ ਲਾਹ ਮੋਢਾ ਕਿਹਾ ਫੇਰ ਉਸ ਨੇ ਦੂਜੀ ਵਾਰ ਬਾਪੂ। ਕੁੰਭ ਨੇ ਆਖਿਆ ਗੁਰੂ ਰਵਿਦਾਸ ਮੇਰਾ ਲਖ ਵਾਰ ਕਰੋੜ ਹਜ਼ਾਰ ਬਾਪੂ। ਖਬੀ ਬਾਂਹ ਵੀ ਰਾਜੇ ਦੀ ਕਤਲ ਕੀਤੀ ਊਦੇ ਬੋਲਦਾ ਨਾਲ ਹੰਕਾਰ ਬਾਪੂ। ਕੀ ਅਜੇ ਵੀ ਗੁਰੂ ਰਵਿਦਾਸ ਤੇਰਾ ਇਕ ਵਾਰ ਤਾਂ ਫੇਰਪੁਕਾਰ ਬਾਪੂ। ਕੁੰਭ ਫੇਰ ਕਿਹਾ ਧੰਨ ਰਵਿਦਾਸ ਗੁਰ ਜੀ ਹੁੰਦਾ ਆਪ ਦਾ ਹੁਣ ਦੀਦਾਰ ਬਾਪੂ। ਲੱਤ ਵਢ ਸੁਟੀ ਟੁਕੜੇ ਚਾਰ ਕੀਤੇ ਧੰਨ ਗੁਰੂ ਰਵਿਦਾਸ ਉਚਾਰ ਬਾਪੂ। ਧੰਨ ਗੁਰੂ ਰਵਿਦਾਸ ਤੇ ਸਤਿਗੁਰੂ ਹੈ ਸਚਾ ਗੁਰੂ ਰਵਿਦਾਸ ਚੁਮਾਰ ਬਾਪੂ। ਸਿਰ ਕਟਿਆ ਏਹੋ ਅਵਾਜ ਦਿੰਦਾ ਰਵਿਦਾਸ ਗੁਰ ਜੀ ਨਮਸਕਾਰ ਬਾਪੂ। ਆਏ ਦੇਵਤੇ ਫੁਲਾਂ ਦਾ ਹਾਰ ਲੈਕੇ ਵਿਚ ਲੈ ਗਏ ਬਿਬਾਨ ਬਿਠਾਰ ਬਾਪੂ। ਸੰਮਤ ਪੰਦਰਾਂ ਸੌ ਪੰਞੀ ਸਾਲ ਅੰਦਰ ਬਾਪ ਕਤਲ ਕੀਤਾ ਗੱਦੀ ਰਾਜ ਬਦਲੇ। ਕਾਲਾ ਸਿੰਘ ਦੇਖੋ ਪਾਪੀ ਬ੍ਰਾਹਮਣਾ ਨੇ ਧਰਮੀ ਮਾਰ ਦਿਤਾ ਭਗਤੀ ਕਾਜ ਬਦਲੇ।

ਰਾਜੇ ਕੁੰਭ ਸਿੰਘ ਦੇ ਕਤਲ ਹੋਣ ਦੀ ਰਵਿਦਾਸ ਭਗਤ ਨੂੰ ਦਿਲੀ ਵਿਚ ਖਬਰ ਮਿਲਣੀ ਤੇ ਭਗਤ ਜੀ ਨੇ ਕੰਵਰ ਊਦੇ ਨੂੰ ਸਰਾਪ ਦੇਣਾ

ਸ੍ਰੀ ਭਗਤ ਜੀ ਦਿਲੀ ਦੇ ਵਿਚ ਹੈਸਨ ਜੰਤਰ ਮੰਤਰ ਕਿਲੇ ਜੈ ਪੁਰ ਵਾਲਿਆਂ ਦੇ। ਕੀਤਾ ਧਰਮ ਦਾ ਬਹੁਤ ਪਰਚਾਰ ਸਾਰੇ ਬੰਦਨ ਕਟ ਦਿਤੇ ਸ਼ਰਧਾ ਵਾਲਿਆਂ ਦੇ। ਝਾਲਾਂ ਬਾਈ ਨੇ ਦਿਲੀ ਦੇ ਵਿਚ ਆ ਕੇ ਦਸੀ ਖਬਰ ਸੀ ਦੁਖਾਂ ਨੇ ਪਾਲਿਆਂ ਦੇ। ਝਾਲਾਂ ਬਾਈ ਨੂੰ ਨਾਮ ਉਪਦੇਸ਼ ਦਿਤਾ ਪਾਪੀ ਸਜਾ ਪਾਵਨ ਮੂੰਹ ਕਾਲਿਆਂ ਦੇ। ਜੈਸੀ ਕਰੇ ਵੈਸੀ ਭਰੇ ਰਾਏ ਊਦੇ ਓਹੀ ਮੌਤ ਮਿਲੂ ਬੁਰੇ ਹਾਲਿਆਂ ਦੇ। ਇਸ

Sri Satguru Jagjit Singh Ji Elibrary NamdhariElibrary@gmail.com

ਸਾਲ ਅੰਦਰ ਉਹਦੇ ਕਤਲ ਕੀਤਾ ਖਾਲੀ ਕਿਸ ਜਾ ਤਖਤ ਸੰਮਾਲਿਆ ਸੀ। ਵਾਕ ਸ੍ਰੀ ਰਵਿਦਾਸ ਦੇ ਹੋਏ ਪੂਰੇ *ਰਾਇ ਮੱਲ ਨੂੰ ਗੱਦੀ ਬਹਾਲਿਆ ਸੀ।

ਵਾਕ ਕਵੀ

ਏਹ ਪੂਰਾ ਪਰਸੰਗ ਹੈ ਆਣ ਹੋਇਆ ਪੜਨ ਵਾਲਿਓ ਕਰਿਓ ਵਿਚਾਰ ਪਿਆਰੇ। ਏਹਨਾ ਪੰਮਿਆਂ ਅਤ ਨਕੰਮਿਆਂ ਨੇ ਵੈਰ ਕੀਤਾ ਸੀ ਵਿਚ ਸੰਸਾਰ ਪਿਆਰੇ। ਦੇਖੋ ਭਗਤ ਸ੍ਰੀ ਰਵਿਦਾਸ ਜੀ ਨੂੰ ਛੂਤ ਨੀਚ ਤੇ ਕਹਿਣ ਚੁਮਾਰ ਪਿਆਰੇ। ਨਿੰਦਕ ਮਹਾਂ ਪਾਪੀ ਬਾਹਮਣ ਹੈਨ ਭਾਰੇ ਨਾਮ ਜਪਦਿਆਂ ਤੇ ਕੀਤੀ ਰਾਰ ਪਿਆਰੇ। ਕਾਲਾ ਸਿੰਘ ਜੋ ਦੇਵਤੇ ਸੰਤ ਮੂਰਤ ਰਾਖਸ਼ ਰਖਦੇ ਵੈਰ ਅਹੰਕਾਰ ਆਏ। ਰਹਿ ਦੇਵਤੇ ਅਮਰ ਨੇ ਵਿਚ ਦੁਨੀਆਂ ਭੈੜੀ ਮਤ ਵਾਲੇ ਜਨਮ ਹਾਰ ਆਏ।

ਪਰਸੰਗ ਰਾਜੇ ਨਾਗਰ ਮਲ ਦਾ ਯੱਗ ਕਰਨਾ

ਦੋਹਰਾ—ਭਗਤ ਦਿਲੀਓਂ ਆਇ ਕੇ ਕਾਂਸ਼ੀ ਕੀਆ ਨਿਵਾਸ।
ਰਾਜੇ ਨਾਗਰ ਮੱਲ ਦੇ ਜੱਗ ਕਰਨ ਰਵਿਦਾਸ॥

ਦੋਹਰਾ—ਗਏ ਰਾਜੇ ਦੇ ਮਹਿਲ ਨੂੰ ਕੀਤਾ ਮਾਣ ਧਰ ਭਾਇ।
ਯਗ ਕਰੀਏ ਗੁਰ ਭਗਤ ਜੀ ਦੇਵੋ ਹੁਕਮ ਸੁਣਾਇ॥

ਦੋਹਰਾ—ਜਿਵੇਂ ਯੱਗ ਚਤੌੜ ਮੇਂ ਕੀਤਾ ਦੀਨ ਦਇਆਲ।
ਏਸ ਮਹੀਨੇ ਮਾਘ ਦੇ ਓਵੇਂ ਕਰੋ ਨਿਹਾਲ॥

ਭਗਤ ਜੀ ਨੇ ਰਾਜੇ ਨਾਲ ਬਚਨ ਕਰਨੇ

ਭਗਤ ਆਖਿਆ ਰਾਜਾ ਜੀ ਯਗ ਕਰਨਾ ਕਲ ਕਰਨ ਤੋਂ ਕਰ ਲੌ ਅਜ ਧਰਮੀ। ਧਰਮ ਕਰਨ ਵਾਲੀ ਘੜੀ ਹੈ ਸੋਹਣੀ ਦਾਨ ਕਰੋ ਸੇਵਾ ਸੇਤੀ ਗੱਜ ਧਰਮੀ। ਘਲੋ ਦੇਸਾਂ ਪਰਦੇਸਾਂ ਮੇਂ ਪਤੇ ਸਾਰੇ ਜਾਵੇ

---

*ਰਾਏ ਮਲ ਰਾਣੀ ਝਾਲਾਂ ਬਾਈ ਦਾ ਪੁਤਰ ਸੀ। ਇਸ ਨੇ ਚਤੌੜ ਗੜ ਦੀ ਪਿਤਾ ਦੀ ਰਾਜ ਗਦੀ ਸਾਂਭੀ ਸੀ। ਏਥੇ ਇਕ ਮੰਦਰ ਹੈ ਜੋ ਭਗਤ ਜੀ ਦੀ ਯਾਦਗਾਰ ਹੈ।

Sri Satguru Jagjit Singh Ji Elibrary NamdhariElibrary@gmail.com

ਸੰਖ ਘੜਿਆਲ ਵੀ ਵੱਜ ਧਰਮੀ। ਯਗ ਕਰਨਾ ਸਮਗਤੀ ਕਰੋ ਕੱਠੀ ਦਾਨ ਹੁਣ ਤੇ ਕਰ ਲੋ ਅਜ ਧਰਮੀ। ਰਾਜੇ ਸੁਣਕੇ ਸ੍ਰੀ ਰਵਿਦਾਸ ਜੀ ਤੋਂ ਲਿਖ ਚਿਠੀਆਂ ਦਿਜ ਮੰਗੌਣ ਲਗਾ। ਘਿਓ ਖੰਡ ਮੈਦਾ ਹੋਰ ਵਸਤ ਸਾਰੀ ਕਾਂਸ਼ੀ ਸ਼ਹਿਰ ਮੇਂ ਕਠ ਕਰੌਣ ਲਗਾ।

ਦੇਸਾਂ ਦੇਸਾਂ ਦੇ ਪੰਡਤਾਂ ਨੇ ਰਾਜੇ ਨਾਗਰ ਮੱਲ ਦੇ ਯੱਗ ਤੇ ਕਾਂਸ਼ੀ ਵਿਚ ਆਉਣਾ

ਓਸੇ ਵੇਲੇ ਹੀ ਚਿਠੀਆਂ ਲਿਖ ਕਰ ਕੇ ਚੀਜ਼ਾਂ ਕੀਮਤੀ ਸਭ ਮੰਗਾਈਆਂ ਜੇ। ਜਨਕ ਪੁਰੀ ਅਜੁਧਿਆ ਦੁਆਰਕਾ ਤੇ ਮਥਰਾ ਬਿੰਦਰਾਬਨ ਪੁਚਾਈਆਂ ਜੇ। ਸੰਭਲਾ ਪੁਰ ਕਸ਼ਮੀਰ ਰਵਾਲਸਰ ਨੂੰ ਲਿਖ ਘਲੀਆਂ ਰਾਜੇ ਵਧਾਈਆਂ ਜੇ। ਰਿਸ਼ੀ ਕੇਸ਼ ਗੰਗੋਤਰੀ ਹੇਮ ਕੁੰਡੋਂ ਸਾਧੂ ਤਪੀਆਂ ਕਰ ਲਈਆਂ ਧਾਈਆਂ ਜੇ। ਸਾਰਸੁਤ ਅਤੇ ਭਾਰਦੁਆਜ ਗੌੜਾਂ ਭੱਟਾਂ ਪਾਧਿਆਂ ਨੀਵੀਆਂ ਪਾਈਆਂ ਜੇ। ਸੋਮ ਨਾਥ, ਬੈਜ ਨਾਥ, ਭੀਮ ਸ਼ੰਕਰ, ਓਅੰਕਾਰ ਉਜੈਨ ਸੁਹਾਈਆਂ ਜੇ। ਪੰਚਬਟੀ ਕਿਦਾਰ ਤੋਂ ਪਰੇ ਤੋੜੀ ਨਰਬਦਾ ਤੋਂ ਪਰੇ ਲਿਖਾਈਆਂ ਜੇ। ਜੋਗੀ ਜੰਗਮ ਸੰਨਿਆਸ ਤੇ ਪੁਰੀ ਗਿਰੀਆਂ ਛਤਰੀ ਵੈਸ਼ ਠਾਕਰ ਸ਼ੂਦਰ ਚਲ ਆਏ। ਯੱਗ ਵਿਚ ਬਨਾਰਸ ਦੇ ਹੈ ਹੋਣਾ ਪੈਂਡੇ ਕਟ ਸਾਰੇ ਕਾਂਸ਼ੀ ਵਲ ਆਏ।

ਯੱਗ ਅਸਥਾਨ ॥ ਦਵੈਯਾ ਛੰਦ ।

ਵਿਸ਼ਨ ਮੰਦਰ ਦੇ ਪਾਸੇ ਝੰਡਾ ਉੱਚਾ ਕਰ ਝੁਲਾਇਆ।
ਰਸਤ ਵਸਤ ਦਾ ਅੰਤ ਨ ਕਾਈ ਲੰਗਰ ਵਡਾ ਬਣਾਇਆ।
ਵਿਛੇ ਗਲੀਚੇ ਫਰਸ਼ ਸੁਵਰਨੀ ਜਰੀ ਬਾਦਲਾ ਚਮਕੇ।
ਖੀਨ ਖਾਪ ਤੇ ਸਾਂਟਲ ਰੇਸ਼ਮ ਝਾਲਰ ਡੋਰਾਂ ਲਮਕੇ।
ਹੀਰੇ ਮੋਤੀ ਰਤਨ ਜੜੇ ਨੇ ਸੁੰਦਰ ਚਿਤਰਾਂ ਭਾਰੀ।
ਫੁਲ ਬਹਾਰੀ ਵੇਲਾਂ ਖਿੜੀਆਂ ਬਸੰਤ ਖਿੜੀ ਫੁਲਵਾਰੀ।
ਸਿਖਾਂ ਚੰਨਣ ਪਿਪਲ ਸੰਮਧਾਂ ਲਿਆ ਕੇ ਟਾਲ ਲਗਾਇਆ।
ਹਮਨ ਕੁੰਡ ਗਜ ਡੂੰਘਾ ਚੌੜਾ ਲੰਮਾ ਇਕ ਬਣਾਇਆ।
ਕੇਸਰ ਚੰਦਨ ਲੌਂਗ ਸੁਪਾਰੀ ਤਿਲ ਮੇਵਾ ਵਿਚ ਪਾ ਕੇ।

Sri Satguru Jagjit Singh Ji Elibrary NamdhariElibrary@gmail.com

ਭੋਜ ਪੱਤ੍ਰ , ਸਲੀਰ, ਛੜ, ਘਿਓ ਗਿਰੀ ਬਦਾਮ ਮਿਲਾ ਕੇ।
ਲੈਚੀ ਸੰਧੂਰ ਛੁਹਾਰੇ ਵਲ ਛੜ ਖਸਖਾਸ ਮਿਲਾਇਓ।
ਮੁਸ਼ਕਪੂਰ ਕਸਤੂਰੀ ਸੀਰਾ ਸ਼ਹਿਤ ਮਾਖਿਓ ਪਾਇਓ।
ਬੇਦ ਮੁਸ਼ਕ ਤੇ ਅਰਕ ਗੁਲਾਬਾ ਪਾਈ ਵਾਸ ਜੋ ਪੂਰੀ।
ਕੁਟ ਕੁਟ ਧੂਪ ਬਨਾਈ ਚੂਰਾ ਲਿਆਂਦਾ ਵਿਚ ਹਜ਼ੂਰੀ।
ਘੜੀ ਮਹੂਰਤ ਦੇਖ ਨਛੱਤਰ ਸਤ ਦਿਜ ਕੇਸਾਂ ਵਾਲੇ।
ਬੇਦ ਪਾਠੀ ਤੇ ਕਰਮ ਕਾਂਡੀਏ ਦਾੜ੍ਹੇ ਚਿਟੇ ਕਾਲੇ।
ਸਤੇ ਪੰਡਤ ਬ੍ਰਹਮਚਾਰੀ ਨੇ ਬੇਦ ਮੰਤਰੀ ਪਾਠੀ।
ਪੰਜੇ ਮੰਤਰ ਪੜ੍ਹਦੇ ਬੈਠੇ ਛੇਵਾਂ ਘਿਓ ਚਰਨਾਠੀ।
ਅਗਨੀ ਪ੍ਰਚੰਡ ਹੋਈ ਉਸ ਵੇਲੇ ਸਤਵਾਂ ਪਾਵੇ ਪਾਣੀ।
ਸਵਾ ਪੇਹਰ ਹਮਨ ਸੀ ਰਹਿੰਦਾ ਸੂਰਜ ਜੋਤ ਤਕਾਣੀ।
ਭੋਜਨ ਸਭ ਨੂੰ ਮਿਲੇ ਹਮੇਸ਼ਾਂ ਦੁਧ ਖੀਰਾਂ ਦੇ ਖਾਣੇ।
ਦੂਰੋਂ ਦੂਰੋਂ ਪੰਡਿਆਂ ਨੇ ਆ ਮੱਲੇ ਖੂਬ ਟਿਕਾਣੇ।
ਭਗਤ ਜੀ ਬੈਠੇ ਨਾਲ ਸੰਗਤਾਂ ਧਿਆਨ ਨਾਮ ਦਾ ਕਰਦੇ।
ਸੋਭਾ ਪਾਉਂਦੇ ਦਰਸ਼ਨ ਦਿੰਦੇ ਹਰ ਹਰ ਨਾਮ ਸਿਮਰਦੇ।
ਬੈਠੇ ਅਚਲ ਸਮਾਧੀ ਲਾ ਕੇ ਵਲ ਭਗਤ ਦੇ ਤਕਣ।
ਚੇਹਰਾ ਰੂਪ ਗੁਲਾਬੀ ਖਿੜਿਆ ਨੂਰੀ ਕਿਰਨਾ ਵਸਣ।
ਸਵਰਨ ਰੰਗ ਦੇ ਰੋਮਾਂ ਅੰਦਰ ਲਾਲੀ ਚੇਹਰਾ ਚਮਕੇ।
ਚੰਦ ਦੀ ਕਿਰਨਾਂ ਵਾਂਗਰ ਮਸਤਕਬਿਜਲੀ ਸ਼ਾਂਤ ਦੀ ਰਮਕਣ।
ਜੰਞੂ ਗਲ ਵਿਚ ਮਾਲਾ ਹਥ ਵਿਚ ਸੰਖ ਜੋ ਵਿਸ਼ਨੂੰ ਵਾਲਾ।
ਮਲੋ ਮਲੀ ਮੋਹੀ ਜਾਂਦਾ ਏਹਦਾ ਰੂਪ ਨਿਰਾਲਾ।
ਜਾਂ ਏਹ ਵਿਸ਼ਨੂੰ ਬ੍ਰਹਮਾ ਸ਼ਿਵਜੀ ਇੰਦਰ ਲੋਕ ਤੇ ਆਇਆ।
ਜਾਂ ਏਹ ਰਾਮ ਸ੍ਰੀ ਕ੍ਰਿਸ਼ਨ ਮੁਰਾਰੀ ਮੁੜਕੇ ਭੇਸ ਵਟਾਇਆ।
ਇਸ ਸੋਹਣੀ ਜੇਹੀ ਮੂਰਤ ਅਗੇ ਮਨ ਦੀ ਭੇਟ ਚੜ੍ਹਾਵਾਂ।
ਚਰਨਾਂ ਉਪਰ ਲੇਟੀ ਜਾਵਾਂ ਆਪਣਾ ਗੁਰੂ ਬਣਾਵਾਂ।

Sri Satguru Jagjit Singh Ji Elibrary NamdhariElibrary@gmail.com

ਹਾਂ, ਏਹ ਨੀਵੀਂ ਕੁਲ ਦੇ ਅੰਦਰ ਲਿਆ ਜਨਮ ਚਮਰੇਟਾ।
ਕਾਂਸ਼ੀ ਦੇ ਵਿਚ ਜੰਮਿਆ ਪਲਿਆ ਸੰਤੋਖ ਦਾਸ ਦਾ ਬੇਟਾ।
ਚਹੁੰ ਵਰਨਾ ਨੇ ਨਿਵ ਨਿਵ ਏਹਨੂੰ ਆਪਣਾ ਗੁਰੂ ਬਣਾਯਾ।
ਗੁਰੂ ਬਿਨ ਗਤਿ ਨ ਕਾਈ ਹੋਵੈ ਬੇਦਾਂ ਨੇ ਫੁਰਮਾਯਾ।
ਦੇਖੋ ਪਤ ਰਾਜੇ ਦੀ ਕੇਡੀ ਏਸ ਗੁਰੂ ਹੈ ਕੀਤਾ।
ਗੁਰੂ ਕਰ ਰਵਿਦਾਸ ਭਗਤ ਨੂੰ ਹੈ ਇਸ ਤੋਂ ਕੀ ਲੀਤਾ।
ਹਮਨ ਪਵਿਤਰ ਯੱਗ ਦੇ ਅੰਦਰ ਇਸ ਨੂੰ ਕਿਉਂ ਬੁਲਾਇਆ।
ਇਸ ਏਹ ਕੰਮ ਹੈ ਮਾੜਾ ਕੀਤਾ ਸਾਨੂੰ ਭਿਟ ਬਨਾਇਆ।
ਬਿਰਜ ਲਾਲ ਅਜੁਧਿਆ ਵਾਸੀ ਜਰਿਆ ਨਾ ਉਸ ਤੋਂ ਜਾਵੇ।
ਦੇਖੋ ਕਾਂਸ਼ੀ ਅੰਦਰ ਰਾਜਾ ਸਾਨੂੰ ਭਰਿਸ਼ਟ ਕਰਾਵੇ।
ਅਸੀ ਹਾਂ ਪੰਡਤ ਗੁਰੂ ਜਗਤ ਦੇ ਵਾਸਾ ਵਿਚ ਪਹਾੜੀ।
ਏਥੇ ਕਾਸ਼ੀ ਸ਼ਹਿਰ ਦੇ ਅੰਦਰ ਕਿਉਂ ਮਰਯਾਦਾ ਵਿਗਾੜੀ।
ਦੇਖੋ ਯਾਰੋ ਭਗਤ ਦੇ ਤਾਈਂ ਨਿਉਂ ਨਿਉਂ ਸੀਸ ਨਿਵਾਵਣ।
ਸਾਡੇ ਵਲੋਂ ਦੇਖੋ ਭਾਈਓ ਲਗੇ ਅੱਖ ਚੁਰਾਵਣ।
ਉਠ ਕੇ ਵਿਚ ਸਭਾ ਦੇ ਪਾਂਡੇ ਰੌਲਾ ਪਾ ਕੇ ਬੋਲਣ।
ਰਾਧਾ ਰਾਮ ਤੇ ਬਿਰਜ ਲਾਲ ਜੀ ਲਗੇ ਜ਼ਹਿਰ ਨੇ ਘੋਲਣ।

### ਪੰਡਤਾਂ ਨੇ ਹੰਕਾਰ ਵਿਚ ਬੋਲਣਾ

ਏਹਨਾਂ ਪਾਂਡਿਆਂ ਉਠ ਕੇ ਆਖਿਆ ਏ ਰਾਮਾ ਵਰਤ ਕੀ ਗਈ ਹੈ ਕਾਰ ਤੇਰੀ। ਲਗੇ ਕਰਨ ਡੰਡੌਤ ਚੁਮਾਰ ਤਾਈਂ ਸਾਨੂੰ ਪੂਜਣ ਨਾ ਗਤ੍ਹ ਕਰਤਾਰ ਤੇਰੀ। ਭਗਤ ਬਣ ਕੇ ਜਗਤ ਭਰਿਸ਼ਟ ਕੀਤਾ ਲਘੂ ਜਾਤ ਹੈ ਨੀਚ ਚੁਮਾਰ ਤੇਰੀ। ਮਰੇ ਡੰਗਰਾਂ ਦੀ ਪੋਛ ਲਾਹੁਣ ਵਾਲਾ ਕੌਮ ਛਡਦੀ ਨਹੀਂ ਬਿਕਾਰ ਤੇਰੀ। ਮਥਾ ਟੇਕਦੇ ਨੇ ਬਰਨ ਚਾਰ ਤੈਨੂੰ ਬੁਢੇ ਬਾਲ ਪੰਡਤ ਨਰ ਨਾਰ ਤੇਰੀ। ਪੂਜਾ ਸੰਖ ਘੜਿਆਲ ਦਾ ਲਗਦਾ ਕੀ ਜੰਞੂ ਪੌਂਦੀ ਕਿਉਂ ਕੌਮ ਪ੍ਰਵਾਰ ਤੇਰੀ। ਸਾਡੀ ਬ੍ਰਾਹਮਣਾ ਦੀ ਰੀਸ ਕਿਉਂ ਕਰਦਾ ਦਸ ਕਿਧਰ ਹੈ ਗਈ ਵਿਚਾਰ ਤੇਰੀ। ਪੰਡਤ

Sri Satguru Jagjit Singh Ji Elibrary NamdhariElibrary@gmail.com

ਅਸੀ ਕਸ਼ਮੀਰ ਦੇ ਗੁਣੀ ਗਿਆਨੀ ਬੈਹਸ ਕਰ ਕੇ ਅਸੀ ਭਜਾ ਦਿਆਂਗੇ। ਮਾਲਾ ਤਿਲਕ ਤੇ ਜੰਵੂ ਲੁਹਾ ਦਿਆਂਗੇ ਕਾਲਾ ਸਿੰਘ ਨੂੰ ਹੁਣੇ ਮਰਵਾ ਦਿਆਂਗੇ।

ਸ੍ਰੀ ਭਗਤ ਜੀ ਨੇ ਬ੍ਰਾਹਮਣਾ ਨੂੰ ਉਤਰ ਦੇਣਾ

ਸ਼ਾਂਤ ਸਾਗਰ ਅੰਦਰ ਮੂੰਹੋਂ ਭਗਤ ਬੋਲੇ ਰੌਲਾ ਪਾਇਆ ਕਿਉਂ ਤੁਸੀਂ ਉਘਾੜ ਪੰਡਤ। ਛੋਟੀ ਛਾਤ ਮੇਰੀ ਸਾਰਾ ਜਗ ਜਾਣੇ ਮੇਰਾ ਕੋਈ ਵੀ ਨਹੀਂ ਵਿਗਾੜ ਪੰਡਤ। ਬ੍ਰਾਹਮਣ ਆਪ ਆ ਕੇ ਮੱਥਾ ਟੇਕ ਜਾਂਦੇ ਤੁਸੀ ਰਹੇ ਕਿਉਂ ਮੈਨੂੰ ਹੋ ਤਾੜ ਪੰਡਤ। ਮੈ ਨਾ ਆਖਿਆ ਕਿਸੇ ਨੂੰ ਜਾਇਕੇ ਤੇ ਮੈਨੂੰ ਫੁਲ ਭੇਟਾ ਪੂਜਾ ਚਾੜ ਪੰਡਤ। ਨਾ ਮੈਂ ਆਖਿਆ ਕਿਸੇ ਨੂੰ ਪੰਡਤੋ ਜੀ ਚੌਕੀ ਡਾਹ ਕੇ ਸਭਾ ਵਿਚ ਵਾੜ ਪੰਡਤ। ਕਾਲਾ ਸਿੰਘ ਬਾਬੇ ਸ਼ਬਦ ਬੋਲਿਆ ਏ ਖੁਲ ਜਾਣਗੇ ਅੜੇ ਕਵਾੜ ਪੰਡਤ।

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰਪ੍ਰਸਾਦਿ ॥

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ।੧॥ ਰਹਾਉ ॥

ਟੀਕਾ–ਨਗਰ ਦੇ ਲੋਕ ਮੇਰੀ ਜਾਤ ਨੂੰ ਜਾਣ ਰਹੇ ਨੇ, ਮੈਂ ਨਾਮ ਦਾ ਜਾਪ ਕਰਿਆ ਜਿਸ ਤੇ ਹਿਰਦੇ ਵਿਚ ਮੇਰਾ ਗੋਬਿੰਦ ਹੈ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥

ਸ਼ਰਾਬ ਭਾਵੇਂ ਪਵਿਤਰ ਜਲ ਗੰਗਾ ਦਾ ਪਾਣੀ ਬਣ ਕੇ ਤਿਆਰ ਹੋਵੇ ਸੰਤ ਜਨ ਨਹੀਂ ਪੀਂਦੇ।

ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥ ੧ ॥

ਓਹ ਸ਼ਰਾਬ ਭੈੜੀ ਵਸਤੂ ਜੋ ਗੰਗਾ ਦੇ ਵਹਿਣ ਵਿਚ ਆ (ਪਾ ਦੇਵੇ) ਉਸ ਤੇ ਕੋਈ ਸ਼ਕ ਨਹੀਂ ਕਰ ਸਕਦਾ। ਹੇ ਪੰਡਤੋ ! ਮੈਂ ਨਾਮ ਜਪ ਕੇ ਸਤਸੰਗ ਅੰਦਰ ਪਵਿਤਰ ਹੋ ਗਿਆ ਹਾਂ।

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥

ਤਾੜ ਬ੍ਰਿਛ ਨੂੰ ਵੈਸ਼ਨੋ ਲੋਕ ਹਥ ਨਹੀਂ ਲਾਉਂਦੇ ਕਿਉਂਕਿ ਓਸ ਤੋਂ ਸ਼ਰਾਬ ਨਿਕਲ

Sri Satguru Jagjit Singh Ji Elibrary NamdhariElibrary@gmail.com

ਹੁੰਦੀ ਹੈ ਪਰ ਜਿਸ ਵੇਲੇ ਕਾਗਜ ਬਣ ਜਾਣ ਉਸ ਤੇ ਵਿਚਾਰ ਬਾਣੀ ਲਿਖੀ ਜਾਵੇ।

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥

ਫਿਰ ਉਨਾਂ ਉਤੇ ਸੰਤ ਕਥਾ ਭਗਵੰਤ ਲੀਲਾ ਲਿਖੀ ਜਾਵੇ ਫੇਰ ਪੂਜਾ ਉਹਨਾਂ ਦੀ ਹੁੰਦੀ ਹੈ [ਤਾੜ] ਦੇ ਬਣੇ ਹੋਏ ਕਾਗਜਾਦੀ ਹੁੰਦੀ ਹੈ, ਭਾਵ ਹੈ ਪੰਡਤੋ ਮੈਂ ਨਾਮ ਸਿਮਰਨਾ ਕੀਤਾ ਹੈ।

ਮੇਰੀ ਜਾਤਿ ਕੁਟਬਾਂਢਲਾ ਢੋਰ ਢੁਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥

ਮੇਰੀ ਜ਼ਾਤ ਨੂੰ ਜਾਣ ਰਹੇ ਨੇ [ਪਸ਼ੂਆਂ ਦੇ ਮਰਿਆ ਹੋਇਆ]ਦੇ ਪੋਛ ਲੋਹਣ ਵਾਲ ਨਤ ਹੀ ਅਜੇ ਮੇਰੇ ਭਾਈ ਬਨਾਰਸ ਅੰਦਰ ਹੇ ਪੰਡਤੋ ਕੰਮ ਕਰੋ।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੫॥੩੮॥

ਪੰਡਤ ਬੇਦ ਪਾਠੀ ਹੁਣ ਨਿਮਸਕਾਰ ਕਰਦੇ ਨੇ ਏਹ ਵਾਹਿਗੁਰੂ ਦਾ ਪ੍ਰਤਾਪ ਹੈ, ਨਾਮ ਦੇ ਜਾਪ ਦੀ ਮਹਿਮਾਂ ਵਰਨਣ ਕੀਤੀ ਹੈ। ਜਿਸ ਤੋਂ ਸਭੋ ਹੀ ਪਵਿਤਰ ਹੋ ਜਾਂਦਾ ਹੈ ਏਹ ਨਾਮ ਨੇ ਛੂਤ ਤੋੜ ਦਿਤੀ ਹੈ।

ਵਾਕ ਕਵੀ

ਦੋਹਰਾ—ਜਿਮਸੀ ਚੰਦਨ ਬਿਰਛ ਹੈ ਸੀਤ ਕਰੇਤਾ ਤਤ ਕਾਲ ॥
ਸੀਤਲ ਹਿਰਦੇ ਹੋ ਗਏ, ਹੋ ਗਏ ਸਭਨਿ ਹਾਲ ॥

ਬੈਂਤ—ਜਿੰਨੇ ਬੰਦੇ ਨੇ ਬਣੇ ਸੰਸਾਰ ਅੰਦਰ, ਹੀਰੇ ਲਾਲ ਪੰਨੇ ਇਕੋ ਖਾਨਦੇ ਹਨ। ਇਕ ਬਾਗ ਅੰਦਰ ਫਲੇ ਫੁੱਲੇ ਬੂਟੇ, ਅਤੇ ਫੁਲ ਇਕੋ ਗੁਲਸਤਾਨ ਦੇ ਹਨ। ਇਕ ਓਮ ਤੇ ਇਕਓਂਅੰਕਾਰ ਇਕੋ ਅੰਗ ਰੰਗ ਇਕੋ ਹਿੰਦੁਸਤਾਨ ਦੇ ਹਨ। ਇਕੋ ਮਰਨ ਤੇ ਇਕੋ ਹੈ ਜੀਊਣ ਸਾਂਝਾ, ਇਕੋ ਅੰਗ ਬਣੇ ਖਾਨ ਪਾਨ ਖਾਂਦੇ ਹਨ। ਫੇਰ ਪਤਾਨ ਹੀ ਹੀ ਲਗਦਾ ਪੰਡਤੋ ਜੀ, ਵਖ ਵਖ ਏਹਨਾਂ ਤਾਈਂ ਦਸਦੇ ਹੋ। ਏਹੋ ਜੇਹੀ ਕਰੋਧ ਦੀ ਅੱਗ ਕਰ ਕੇ, ਲੁਟੂ ਆਪ ਹੋ ਕੇ ਸਾਨੂੰ ਹਸਦੇ ਹੋ। ਸ਼ਬਦ ਅਗਲਾ ਪੜ੍ਹ ਕੇ ਭਗਤ ਜੀ ਨੇ, ਤੋੜ ਸਾਰਿਆਂ ਦਾ ਭੇੜ ਭੰਨ ਦਿਤਾ। ਕਾਲਾ ਸਿੰਘ ਜੀ ਭਗਤਾਂ ਬਾਣੀ ਅੰਦਰ, ਨਾਮ ਜਾਪ ਵਾਲਾ

Sri Satguru Jagjit Singh Ji Elibrary NamdhariElibrary@gmail.com

ਸੋਹਣਾ ਰਸ ਦਿਤਾ।

ਰਾਗ ਮਲ੍ਹਾਰ

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤ ਤਾਨ ਸਮ ਤੁਲਿ ਨਹੀ ਆਨ ਕੋਊ॥

ਨਾਮ ਦੇ ਜਾਪ ਕਰਨ ਵਾਲਿਆਂ ਦੇ ਬਰਾਬਰ ਸ਼ਿਵ ਅਤੇ ਬ੍ਰਹਮਾ ਆਦਿ ਭੀ ਨਹੀਂ ਹਨ।

ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ।੧ਰਹਾਉ

ਏਕ ਜੋਤ ਨਿਰਾਕਾਰ ਦੀ ਸਾਰੇ ਬ੍ਰਹਮੰਡ ਦੇ ਜੀਆਂ ਅਤੇ ਬਣ ਪ੍ਰਬਤ ਵਿਚ ਬਿਰਾਜਮਾਨ ਹੈ। [ਭਾਵ–ਉਚ ਨੀਚ ਕੋਈ ਨਹੀਂ]।

ਜਾਕੈ ਭਾਗ ਵਤੁ ਲੇਖੀਐ ਅਵਰ ਨਹੀ ਪੇਖੀਐ ਤਾਸ ਜਾਤਿ ਆਛੋਪ ਛੀਪਾ।

ਭਗਤ ਨਾਮ ਦੇਵ [ਹੇ ਪੰਡਤੋ] ਕਿਹੜੀ ਭਾਗਵਤ ਦਾ ਲਿਖਾਰੀ ਸੀ ਜਾਂ ਪਾਠੀ ਸੀ, ਉਹ ਛੂਤ ਛਾਤ ਹੀ ਸੀ ਰਾਮ ਨੇ ਫੇਹਿਰਾਏਰਿਆ ਰਾਉ ਜਿੰਦੀ ਕੀਤੀ ਛੱਪਰੀ ਬੰਨ੍ਹਾਂ।

ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮ ਨਾ ਸਪਤ ਦੀਪਾ॥

ਬਿਆਸ ਅਤੇ ਸਨਕ [ਸੁਨੰਦ] ਦੇ ਜਨਮ ਵਿਚ ਪੜ੍ਹੋ। ਜਿਹਨਾਂ ਨਾਮ ਦੀ ਮਹਿਮਾ ਵਰਨਣ ਕੀਤੀ ਹੈ। ਸਤਾਂ ਦੀਪਾਂ ਵਿਚ ਉਚ ਪਦਵੀ ਪਾਈ ਹੈ।

ਜਾਕੈ ਈਦ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।

ਹੇ ਪੰਡਤੋ ਦੇਖੋ ਨਾ, ਮੁਸਲਮਾਨ ਲੋਕ ਈਦਾਂ ਵਿਚ ਗਊ ਆਦਿਕ ਜਾਨਵਰਾਂ ਦਾ ਘਾਤ ਕਰਨ ਵਾਲੇ ਤੇ ਪੀਰਾਂ ਤੇ ਸ਼ੇਖਾਂ ਦੇ ਚੇਲੇ ਭਾਵ [ਬੁਤ ਪਰੱਸਤੀ, ਕਬਰਾਂ ਨੂੰ ਮੰਨਣ ਵਾਲੇ]।

ਜਾਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥

ਜਿਸ ਦੇ ਪਿਉ ਐਸੇ (ਹਿੰਦੂ ਧਰਮ ਤੇ ਉਲਟ ਓਹਨਾਂ ਦੇ ਪੁਤਰ) ਪਰਸਿਧ ਹਨ। ਕਬੀਰ ਸ ਹਿਬ ਜੋਮਸਾਹੂਰ ਹਨ ਸਾਰੇ ਓਹਨਾਂ ਦੇ ਸੇਵਕ ਤੇ ਜਗਤ ਪ੍ਰਸਿਧ।

ਜਾਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥

ਜਿਸ ਕੁਲ ਦੇ [ਹੇ ਪੰਡਤੋ ਹੁਣ ਭੀ ਇਸ ਕਾਂਸ਼ੀ ਸ਼ਹਿਰ ਵਿਚ ਆਸੇ ਪਾਸੇ ਮੁਰਦੇ ਢੋ ਰਹੇ ਨੇ, ਰਹਿੰਦੇ ਨੇ ਨਗਰਾਂ ਵਿਚ] ਤੇ ਦੇਸਾਂ ਵਾਲੇ।

ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨਿ ਤਨੈ ਰਵਿਦਾਸ ਦਾਸਨ ਦਾਸਾ॥੩॥-॥੩੯॥

Sri Satguru Jagjit Singh Ji Elibrary NamdhariElibrary@gmail.com

ਬ੍ਰਹਮਚਾਰੀ ਬੜੇ ਅਦਬ ਨਾਲ ਪੰਡਤ ਰਵਿਦਾਸ ਦੇ ਚਰਨਾਂ ਤੇ ਨਿਉਂਦੇ (ਹਨ) ਹੇ ਪੰਡਤੋ! ਏਹ ਨਾਮ ਦੀ ਮਹਿਮਾ ਹੈ, ਤਾਂਤੇ ਨਾਮ ਦਾ ਜਾਪ ਕਰ ਕੇ ਏਹ ਪਦਵੀ ਪਾਈ ਹੈ ਹੇ ਪਾਂਡਿਓ ਨਿਰਹੰਕਾਰ ਹੋ ਜਾਓ ਸਰਬ ਵਿਆਪੀ ਦੀ ਅਰਾਧਨਾ ਕਰੋ ਨਾਮ ਸਭ ਤੇ ਵਡੀ ਚੀਜ਼ ਹੈ।

ਸ੍ਰੀ ਬਾਬਾ ਜੀ ॥ ਦਵੈਯਾ ਛੰਦ।

ਸ਼ਾਂਤ ਭਰੀ ਏਹ ਬਾਨੀ ਸੁਣਕੇ ਦਿਲ ਤੋਂ ਭਰਮ ਮਿਟਾਇਆ।
ਟੁਟੇ ਮਾਣ ਦਿਲਾਂ ਦੇ ਸਾਰੇ ਚਰਨੀ ਸੀਸ ਨਿਵਾਇਆ।
ਬਖਸ਼ੋ ਭੁਲ ਅਸਾਡੀ ਸਤਿਗੁਰ !ਆ ਕੇ ਅਰਜ ਗੁਜਾਰੀ।
ਰਸਤਾ ਨਾਮ ਦਾਨ ਦਾ ਦਸੋ ਬਖਸ਼ੋ ਭੁਲ ਹਮਾਰੀ।
ਆਪਣਾ ਮੰਤਰ ਰਹਿਤ ਦਸ ਕੇ ਕਿਰਪਾ ਕਰ ਸਮਝਾਵੋ।
ਸਚੇ ਰਸਤੇ ਉਪਰ ਸੁਆਮੀ ਸਾਨੂੰ ਸਿਖ ਬਨਾਵੋ।
ਜਨਮ ਮਰਨ ਦੇ ਸੰਸੇ ਛੁਟੇ ਦੀਨ ਦੁਨੀ ਦੇ ਵਾਲੀ।
ਆਪੋ ਆਪਣੇ ਦੇਸਾਂ ਅੰਦਰ ਦਸੀਏ ਰਹਿਤ ਸੁਖਾਲੀ।
ਬਾਬੇ ਜੀ ਨੇ ਉਸ ਦਿਨ ਪਿਆਰੇ ਸਭ ਨੂੰ ਸਿਖ ਬਣਾਇਆ।
ਕੰਨ ਵਿਚ ਦਸ ਕੇ ਨਾਮ ਵਾਹਿਗੁਰੂ ਸੁਆਸ ਸੁਆਸ ਜਪਾਇਆ।
ਬਿਰਜ ਲਾਲ ਤੇ ਸਾਥੀ ਸਾਰੇ ਚਰਨ ਫੜੇ ਉਸ ਆ ਕੇ।
ਸਤਾਈ ਪੰਡਤ ਸਿਖ ਹੋਏ ਜਾਂ ਭਗਤ ਸਾਹਿਬ ਦੇ ਜਾ ਕੇ।
ਰਾਧਾ ਰਾਮ ਜੋ ਜ਼ਾਤ ਵਡੀ ਦਾ ਮਾਣ ਖੂਬ ਸੀ ਕਰਦਾ।
ਓਹ ਭੀ ਦਰਸ਼ਨ ਕਰਕੇ ਪਰਸਨ ਸੀਸ ਚਰਨ ਤੇ ਧਰਦਾ।
ਹੁਕਾ ਚਰਸ ਤਮਾਕੂ ਆਦਿਕ ਭੰਗ ਸੁਲਫਾ ਜੋ ਪੀਣਾ।
ਬੁਰੇ ਅਮਲਾਂ ਦੀ ਵਰਤੋਂ ਛਡੋ ਜੋ ਜੋ ਧਰਮ ਤੇ ਹੀਣਾ।
ਏਹ ਸੁਣ ਪੰਡਤਾਂ ਅਰਜ ਗੁਜਾਰੀ ਸਾਡਾ ਭਰਮ ਮਿਟਾਵੋ।
ਹੁਕਾ ਅਰ ਤਮਾਕੂ ਲਿਖਿਆ ਕਿਸ ਥਾਂ ਬੰਦ ਬਿਤਾਵੋ।
ਪੀਂਦੀ ਦੁਨੀਆਂ ਹੁਕਾ ਸਾਰੀ ਜੰਗਲੀ ਬਿਰਛ ਤਮਾਕੂ।
ਇਸ ਵਿਚ ਦੋਸ਼ ਕੌਣ ਸਾ ਪਾਇਆ ਪੀਂਦੇ ਸਭ ਮਨਾਕੂ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਭਗਤ ਜੀ ਉਸੇ ਵੇਲੇ ਸਕੰਦ ਪੁਰਾਣ ਲਿਆ ਕੇ।
ਧਿਆ ਬਵੰਜੇ ਬਿਆਸ ਜੀ ਲਿਖਿਆ ਨਾਰਦ ਨੂੰ ਸਮਝਾ ਕੇ।

ਸਕੰਦ ਪੁਰਾਣ ਬਵੰਜਾ ਧਿਆ ਦੇ ਸਲੋਕ ॥ ਤਮਾਕੂ ਖੰਡਨ ॥

ਸਲੋਕ ॥ ਧੂੰਮਰਿ ਪਾਨੇ ਨਰੋਂ, ਪ੍ਰੇਤੇ ਤ੍ਰੈ ਚੇਵ ਜਾਇਤੇਃ
ਕਿਲੌਤ ਕਲ ਰੂਪੰ ਤੁਮਾਲ ਸੇਵਿ ਅਤੇ ਯਾਇਤੇਃ

ਸਲੋਕ ॥ ਧੂੰਮਰ, ਸਯ, ਮਣ੍ਰੈਣ, ਸਰਬ ਦਾਨ ਦਿਕ ਕ੍ਰਿਯਾਃ
ਬਿਰਥੈਣ, ਜਾਯਤੇਂ, ਪਰਤ ਜਥਾ ਕੁੰਚਰ ਸੋਚਵੰਤ ॥

ਸਲੋਕ ॥ ਘੋਰ ਕੇ ਕਲਜੁਗੇ ਪਾਪ ਤੇ ਸਰਬੇ ਬਰਣ ਆਸ਼ਰਮ ॥
ਨਦਕੇਖ ਪਤਿਖਯੰਤ ਤੁਮਾਲ ਪਾਨਤੇਯਃ ॥

ਟੀਕਾ–ਤਮਾਕੂ ਦੇ ਜੋ ਵਰਤਨ ਵਾਲਾ ਕਰਮ ਕਾਂਡ ਨਸ ਜਾਵੇ।
ਤਮਾਕੂ ਦੇ ਜੋ ਵਰਤਨ ਵਾਲਾ ਜੂਨ ਪ੍ਰੇਤ ਦੀ ਪਾਵੇ।
ਤਮਾਕੂ ਖਾਵੇ ਪੀਵੇ ਜੋ ਨਰ ਕਲੂ ਕਾਲ ਦੇ ਅੰਦਰ।
ਧੂਆਂ ਲੈਣਾ ਸੁੰਘਣਾ ਕਰਦਾ ਜਾਏ ਨਰਕ ਦੀ ਅੰਦਰ।
ਜਿਵੇਂ ਹਾਥੀ ਨ੍ਹਾਇ ਧੋਇ ਕੇ ਖਾਕੂ ਅੰਦਰ ਨ੍ਹਾਵੇ।
ਕੀਤਾ ਧਰਮ ਤੀਰਥ ਦਾਨ ਕਰਮ ਭੀ ਬਿਰਥਾ ਜਾਵੇ।
ਜੋ ਨਰ ਖਾਂਦੇ ਪੀਂਦੇ ਇਸ ਨੂੰ ਕੁੰਭੀ ਨਰਕ ਮੇਂ ਜਾਵਣ।
ਬਿਆਸ ਰਿਸ਼ੀ ਜੀ ਨਾਰਦ ਤਾਈਂ ਏਹੋ ਗਲ ਸਮਝਾਵਣ।

ਸਲੋਕ ॥ ਉਪ ਸੰਤੇ ਤੁਮਾਲੰ ਵੈ ਕਲੌਤ, ੍ਰਰਖਾ ਧ੍ਰਮਯ ਃ
ਖਯੀਣੰ ਪਤਿਖਯੰਤਿ ਮਾਹਾ ਰੋਰਵ ਸੰਗ ਕੇਃ ॥ ੪॥
ਅਠਭੱਖ, ਭੱਖਣਾਤਿ, ਪਾਪਾਤਮ, ਗਮਯ ਰਮਣੰ ਚਯਤਿਃ
ਮਧਤਯ ਪਾਨੰ ਤਚਯ, ਪਾਪੰਤ, ਧੂੰਮਰ ਪਾਨਸ ਮਾਤ੍ਰਤਾਃ ॥੫॥
ਸਨਾਤਏ ਤੀਰਥੇਖ ਪ੍ਰਯਾਗ ਦੁਖ ਕੋਟਸ ਃ ॥
ਬਿਰਥੇਵ ਤਾਨਿ, ਸਰਬਾਈ ਤਮਾਲ ਪਾਨ ਪਾਤ੍ਰਤਃ ॥ ੧੬ ॥

ਟੀਕਾ–ਖਾਵੇ ਮਾਸ ਜੋ ਪੀਏ ਸ਼ਰਾਬਾਂ ਘਰ ਕੰਜਰਾਂ ਦੇ ਜਾਵੇ।
ਕਰੇ ਅਯੋਗ ਪਰ ਇਸਤ੍ਰੀ ਸੇਤੀ ਖਾਣਾ ਮਾਸ ਜੋ ਖਾਵੇ।

Sri Satguru Jagjit Singh Ji Elibrary NamdhariElibrary@gmail.com

ਪ੍ਰਯਾਗ ਜਾਇ ਜੋ ਨ੍ਹਾਏ ਤੀਰਥੀਂ ਬਹੁਤੀ ਵਾਰੀ ਨ੍ਹਾਵੇ।
ਪੀਵੇ ਨਰ ਜੋ ਸੁੰਘੇ ਤਮਾਕੂ ਜੂਨ ਕੁਤੇ ਦੀ ਪਾਵੇ।
ਦਾਨ ਕਰੇ ਕੋਈ ਉਸ ਪੰਡਤ ਨੂੰ ਜੋ ਤਮਾਕੂ ਵਰਤਣ ਵਾਲਾ।
ਨਰਕ ਅੰਦਰ ਓਹ ਮਰ ਮਰ ਜੰਮੇ ਫੇਰ ਚੁਰਾਸੀ ਡਾਲਾ।
ਬਿਆਸ ਰਿਸ਼ੀ ਨੇ ਲਿਖਿਆ ਭਾਈ ਸਕੰਧ ਪੁਰਾਣ ਵਿਚਾਰੀ।
ਹੇ ਨਾਰਦ ਏਹ ਦੋਸ਼ੀ ਜੋ ਨਰ ਜਾਂਦੇ ਨਰਕ ਮਝਾਰੀ।

ਪਦਮ ਪੁਰਾਣ

ਸਲੋਕ। ਧੂਮਰ ਪਾਨੰ ਰਤੰ ਵਿਪਰੰ ਦਾਨੰ ਕਰਵੰਤਿਯੇ ਨਰਾਃ
ਦਾਤੋ ਨਰੋ ਨਰਕੰ ਜਾਤੀ ਬਹਮਣੋ ਗਰਾਮ ਸੂਕਰਃ

ਟੀਕਾ—ਦਾਨੀ ਜੋ ਤਮਾਕੂ ਵਾਲੇ ਪੀਣੇ ਤਾਈਂ ਪੁਚੌਂਦਾ।
ਲੈਣੇ ਵਾਲਾ ਬ੍ਰਹਮਣ ਸੂਰ ਤੇ ਦਾਤਾ ਨਰਕ ਸੁਟਾਉਂਦਾ।
ਬ੍ਰਹਮਾ ਜੀ ਸ੍ਰੀ ਨਾਰਦ ਤਾਈਂ ਏਹੀ ਬਾਤ ਸੁਨਾਈ।
ਬਿਆਸ ਰਿਸ਼ੀ ਦੇ ਪੜ੍ਹੋ ਸਲੋਕ ਸਕੰਦ ਪੁਰਾਣ ਲਿਖਾਈ।

ਬ੍ਰਹਮਣਃ ਖਯਤ੍ਰਿਯਾ, ਵੈਸ਼ਯਾਃ ਸੂਦਰ ਸ ਮੁਨ ਸੱਤਿਮ।
ਸ੍ਵਪਚ ਸੂਦ੍ਰਸਾ ਗਯੇ੯ਾ ਤਮਾਖੂ ਪਾਨ ਮਾਤ੍ਰਤ: ॥

ਟੀਕਾ—ਗਊ ਮਾਸ, ਭੋਗ ਵੇਸ਼ਵਾ, ਭੈਣ, ਪੁਤਰੀ, ਮਾਂ, ਚਾਰੇ।
ਪੀਵੇ ਸ਼ਰਾਬ ਪਾਪ ਲਗੇ ਸਭ ਰੇ ਨਾਰਦ ਜੋ ਧਾਰੇ।
ਉਤਰੇ ਨਾ ਪਾਪ ਜੋ ਪੀਏ ਤਮਾਕੂ ਬਰਮਾ ਜੀ ਬਤੌਂਦੇ।
ਨਾਰਦ ਰਿਸ਼ੀ ਤਾਈਂ ਭਾਈ ਪੁਰਾਣਾ ਵਿਚ ਸੁਣੌਂਦੇ।
ਇਹ ਸੁਨ ਪੰਡਤਾਂ ਨਿਯਮ ਕੀਤੇ ਹੁਕੇ ਤਮਾਲ ਨ ਪੀਣੇ।
ਜੋ ਨਰ ਪੀਏ ਤਮਾਕੂ ਭਾਈ ਹਨ ਕਰਮ ਦੇ ਹੀਣੇ।

ਭਗਤ ਦੇ ਸੇਵਕ

ਹੁਣ ਤਕ ਵੇਖਣ ਦੇ ਵਿਚ ਆਇਆ ਪੂਰਬ ਦੇਸ਼ਾਂ ਵਾਲੇ।
ਪੀਂਦੇ ਨਹੀਂ ਤਮਾਕੂ ਭੁਲ ਕੇ ਬਾਬੇ ਦੀ ਮਤ ਵਾਲੇ।

Sri Satguru Jagjit Singh Ji Elibrary NamdhariElibrary@gmail.com

ਦਾਰੂ ਮਾਸ ਨਹੀਂ ਹਨ ਖਾਂਦੇ ਕੰਠੀ ਗਲ ਮੈਂ ਧਾਰਨ।
ਕਹਿੰਦੇਹਮਰਵਦਾਸੀਏਸਿਖ ਹਾਂ,ਜੀਆਂ ਨ ਕਰੀਏ ਮਾਰਨ।
ਰਾਮ ਨਾਮ ਦਾ ਮੰਤਰ ਦਸ ਕੇ ਸਭ ਨੂੰ ਸਿਖ ਬਣਾਵਣ।
ਰਹਤ ਪੂਰਬ ਦੇਸ ਅੰਦਰ ਹੁਣ ਤਕ ਇਉਂ ਰਖਾਵਣ।
ਹੁਕਾ ਚੁਰਟ ਤਮਾਕੂ ਗਾਂਜਾ ਚੋਰੀ ਯਾਰੀ ਜੂਆ।
ਭੰਗ ਫੀਮ ਨੂੰ ਹਥ ਨਾ ਲਾਉਂਦੇ ਖਾਂਦੇ ਘੀਆ ਦੂਆ।
ਕਾਲਾ ਸਿੰਘ ਰਾਮਦਾਸੀਏ ਆਪਣਾ ਨਾਮ ਬਿਤਾਉਂਦੇ।
ਸਤਿਜੁਗ ਵਾਲੀ ਰੀਤ ਨਿਆਰੀ ਸਭ ਨੂੰ ਏਹ ਸੁਨਾਉਂਦੇ।

ਪੰਡਤਾਂ ਨੇ ਸਿਖ ਹੋਕੇ ਸਿਖਿਆ ਧਾਰਨ ਕਰਕੇ ਆਪੋ ਆਪਣੇ ਦੇਸ ਨੂੰ ਜਾਣਾ
ਤੇ ਦੇਸਾਂ ਪ੍ਰਦੇਸਾਂ ਵਿਚ ਭਗਤ ਰਵਿਦਾਸ ਦੀ ਸਿਖੀ ਦਾ ਪਰਚਾਰ ਕਰਨਾ

ਦਵੈਯਾ ਛੰਦ॥

ਲੈਕੇ ਆਗਿਆ ਚਲੇ ਸਾਰੇ ਸਿਖਿਆ ਚਿਤ ਵਿਚ ਧਾਰੀ।
ਬਿਰਜ ਲਾਲ ਨੂੰ ਆਖਿਆ ਬਾਬੇ ਛਡਣੀ ਭਰਿਸ਼ਟਾ ਚਾਰੀ।
ਇਕ ਹਤਿਆ ਜੋ ਬਚ ਕੇ ਰਹਿਣਾ ਬੇਮੁਖ ਨਹੀਂ ਸਦਾਉਣਾ।
ਨਾਮ ਜਾਪ ਹੈ ਜਪਣਾ ਹਰਦਮ ਇਹ ਨਹੀਂ ਦਿਲੋਂ ਭੁਲਾਉਣਾ।

ਦੋਹਰਾ—ਪਾਪੀ ਬਹੁਤੀ ਸ਼ਕਲ ਦੇ ਰਹਿੰਦੇ ਵਿਚ ਜਹਾਨ।
ਛੇ ਕਿਸਮ ਦੀ ਹਤਿਆ ਛਡਣੀ ਏਹ ਸੁਜਾਨ॥

ਦੋਹਰਾ—ਗਊ ਹਤਿਆ ਰਿਣਿ ਹਤਿਆ ਕੰਨਿਆ ਆਦਿਕ ਜੋਇ।
ਵਿਸ਼ਵਾਸ ਹਤਿਆ ਅਤ ਵਡੀ ਗਊ ਹਤਿਆ ਜੋਇ॥

ਦੋਹਰਾ—ਬ੍ਰਹਮ ਹਤਿਆ ਤੇ ਆਦ ਲੋ ਸਮਝ ਲੀਓ ਬੁਧਿ ਵਾਨ।
ਕਰੋੜ ਛਿਨਵੈਂ ਪਾਪ ਜਿਉਂ ਹਤਿਆ ਰੂਪ ਪਛਾਨ।

ਦੋਹਰਾ—ਸਿਖਿਆ ਲੈ ਕੇ ਗੁਰਾਂ ਤੋਂ ਬੇਮੁਖ ਜੋ ਹੋਇ ਜਾਇ।
ਛੇ ਹਤਿਆ ਤੇ ਦੁਸ਼ਟ ਜੋ ਗੁਰ ਤੇ ਸਿਖ ਫਿਰਵਾਇ॥

Sri Satguru Jagjit Singh Ji Elibrary NamdhariElibrary@gmail.com

ਭਗਤ ਰਵਿਦਾਸ ਜੀ ਨੇ ਸਤਿਸੰਗੀਆਂ ਨੂੰ ਸਿਖਿਆ ਦੇਣੀ

ਬੈਂਤ—ਤੁਰਨ ਲਗਿਆਂ ਸਭ ਸਤਸੰਗੀਆਂ ਨੂੰ ਬੋਲ ਸਭਨਾਂ ਤਾਈਂ ਸਮਝਾਯਾ ਸੀ। ਮਾਸ ਖਾਣਾ ਤੇ ਪੀਣੀ ਸ਼ਰਾਬ ਨਾਹੀਂ, ਜਾਣਾ ਵੇਸਵਾ ਘਰੋਂ ਹਟਾਇਆ ਸੀ। ਕਿਰਤ ਕਰਨੀ ਤੇ ਦਿਲੋਂ ਗਰੀਬ ਰਹਿਣਾ ਸਚ ਬੋਲਣਾ ਹਕ ਖਲਾਇਆ ਸੀ। ਵਲਛਲ ਚੋਰੀ ਵਿਭਚਾਰ ਕਰਨਾ ਧੱਕਾ ਕਰਨਾ ਨ ਕਿਸੇ ਬਤਾਇਆ ਸੀ। ਰੈਹਣਾ ਬੰਦਗੀ ਵਿਚ ਨਿਹਾਲ ਹਰਦਮ ਸ਼ਾਂਤ ਰਖਣੀ ਗੁਸਾ ਹਟਾਇਆ ਸੀ। ਬੋਲੇ ਬੋਲ ਕੁਬੋਲ ਭੀ ਸਹਿ ਜਾਣਾ ਬਹੁਤੀ ਵਾਰ ਬਾਬੇ ਸਮਝਾਯਾ ਸੀ। ਕੇਸ ਰਖਣੇ ਸੀਸ ਤੇ ਸੰਗੀਆਂ ਨੇ ਰੋਮ ਕਿਤੋਂ ਨਾ ਕੋਈ ਲੁਹਾਇਆ ਸੀ।ਬੇਦਾਂ ਵਿਚ ਲਿਖਿਆ ਸਭੇ ਵੇਖ ਲੈਣਾ ਕੇਸ ਰਖਣੇ ਨਿਯਮ ਫਰਮਾਇਆ ਸੀ। ਬਿਰਜ ਲਾਲ ਨੇ ਉਠ ਕੇ ਅਰਜ ਕੀਤੀ ਕੇਸ ਰਖਣੇ ਸੀਸ ਸਮਝਾ ਦੇਵੋ। ਕਿਥੇ ਰਖਣਾ ਕੇਸਾਂ ਦਾ ਲਿਖਿਆ ਜੀ ਬੇਦਾਂ ਚੋਹਾਂ ਦਾ ਜਿਕਰ ਬਤਾ ਦੇਵੋ।

ਸ੍ਰੀ ਰਵਿਦਾਸ ਜੀ ਨੇ ਬਿਰਜ ਲਾਲ ਨੂੰ ਬੇਦਾਂ ਚੋਂ ਸਿਰ ਤੇ ਕੇਸ ਰਖਣ ਬਾਬਤ ਦੋ ਸ਼ਲੋਕ ਪੜ੍ਹ ਕੇ ਸੁਨਾਉਣੇ

ਬੈਂਤ—ਓਸੇ ਵੇਲੇ ਹੀ ਬਾਬੇ ਜੀ ਸੇਵਕਾਂ ਨੂੰ ਮੰਤਰ ਕਢ ਸਲੋਕ ਸੁਨਾਉਨ ਲਗੇ। ਜੁਜਰ ਵੇਦ ਅਥਰਬਣ ਤੇ ਮਨੂੰ ਜੀ ਦੇ ਰੋਮ ਰਖਣੇ ਸਦਾ ਅਲੋਣ ਲਗੇ। ਭਰਮ ਕਢ ਕੇ ਪੰਡਤਾਂ ਪਾਂਧਿਆਂ ਦੇ ਸਿਰ ਉਨ੍ਹਾਂ ਦੇ ਕੇਸ ਰਖਾਉਣ ਲਗੇ। ਪਾਠ ਕਢ ਸ਼ਲੋਕ ਸੁਨਾਂਵਦੇ ਨੇ ਅਰਥ ਬੋਧ ਤੇ ਤਤ ਸਮਝਾਉਣ ਲਗੇ। ਕੇਸ ਰਖ ਕੇ ਤੇ ਜਟਾ ਜੂਟ ਹੋ ਗਏ ਸ੍ਰੀ ਭਗਤ ਜੀ ਤਤ ਦਾ ਸਾਰ ਦਿਤਾ। ਕਾਲਾਸਿੰਘ ਜੀ ਤਿੰਨ ਸੌ ਪੰਡਤਾਂ ਨੇ ਗੁਰੂ ਸ੍ਰੀ ਰਵਿਦਾਸ ਨੂੰ ਧਾਰ ਲੀਤਾ।

ਬਾਬੇ ਜੀ ਦਾ ਸਤਸੰਗ ਘਰ

ਨਿਤ ਬੈਠਕੇ ਕਰਨ ਸਤਸੰਗ ਘਰ ਮੇਂ ਨਿਰਮਲ ਜਗ੍ਹਾ ਦੇ ਵਿਚ ਰੈਹਾਂਵਦੇ ਨੇ। ਔਣ ਸੰਗਤਾਂ ਦਰਸ ਦੀਦਾਰ ਕਰਨੇ ਕਈ ਆਂਵਦੇ ਤੇ ਕਈ ਜਾਂਵਦੇ ਨੇ।ਰਹੇ ਭੀੜ ਹਜ਼ੂਰ ਦੇ ਪਾਸ ਲਗੀ ਸੋਧੀ ਲਾਂਗਰੀ ਪੂਰੇ

Sri Satguru Jagjit Singh Ji Elibrary NamdhariElibrary@gmail.com

ਛਕਾਂਵਦੇ ਨੇ। ਪੂਰੀ ਕੜਾਹ ਪ੍ਰਸ਼ਾਦ ਤਿਆਰ ਹਰਦਮ ਅਠੇ ਪੈਹਰ ਦਾ ਲੰਗਰ ਚਲਾਂਵਦੇ ਨੇ। ਏਲਾ ਬਾਹਮਣਾ ਨਿੰਦਕਾਂ ਪਾਪੀਆਂ ਦਾ ਇਹਾ ਮੁਢ ਤੋਂ ਵੈਰ ਕਮਾਉਣ ਵਾਲਾ। ਕਾਲਾ ਸਿੰਘ ਜੀ ਨਿੰਦਕਾਂ ਨੇ ਨਰਕ ਜਾਣਾ ਕੋਣ ਜੰਮਿਆਂ ਓਹਨੂੰ ਬਚਾਉਣ ਵਾਲਾ।

(ਵਾਕ ਕਵੀ ਭਗਤ ਜੀ ਦੇ ਉਪਕਾਰ

ਤਾਰੇ ਗਗਨ ਦੇ ਗਿਣਤੀ ਦੇ ਵਿਚ ਆਵਣ ਗਿਣੇ ਬੂੰਦ ਬਰਸਾਤ ਜੇ ਕੁਲ ਪਿਆਰੇ। ਲਖ ਜੂਨ ਚੁਰਾਸੀ ਦੇ ਰੋਮ ਗਿਣ ਲੈ ਗਿਣ ਲੈ ਰੇਤ ਬਸੰਤ ਦੇ ਫੁਲ ਪਿਆਰੇ। ਕਿਰਨਾਂ ਸੂਰਜ ਦੀਆਂ ਗਿਣਤੀ ਕੁਲ ਲਵੇ ਪਵੇ ਸਵਰਨ ਸੁਮੇਰ ਦਾ ਮੂਲ ਪਿਆਰੇ। ਪਾਣੀ ਸਾਗਰਾਂ ਦਾ ਮਿਣਤੀ ਵਿਚ ਹੋਵੇ ਧਰਤੀ ਭਾਰ ਸੇਤੀ ਜਾਇ ਤੁਲ ਪਿਆਰੇ। ਸਾਰਾ ਢੂੰਡ ਕੇ ਭਾਲ ਸੰਸਾਰ ਡਿਠਾ ਲਿਖੇ ਜਾਣ ਨਾ ਤੇਰੇ ਉਪਕਾਰ ਬਾਬਾ। ਕਾਲਾ ਸਿੰਘ ਦੇਖੋ ਪੜ੍ਹ ਕੇ ਭਗਤ ਬਾਣੀ ਗਿਣੇ ਜਾਣ ਨਾ ਤੇਰੇ ਉਪਕਾਰ ਬਾਬਾ।

ਤਥਾ

ਕਿਤੇ ਜੋਗੀਆਂ ਜਗਤ ਦੀ ਦਸ ਪਾਈ ਪਾਇਆ ਹਿਸਕਾਂ ਨੂੰ ਸਚੇ ਰਾਹ ਹੈ ਤੂੰ।ਇਕ ਦਮੜੀਦੀ ਕੰਗਨ ਦੇ ਭੇਟ ਗੰਗਾ ਪਬਹੀ ਗੰਗਾ ਹੇਠ ਕਰੀ ਅਥਾਹ ਹੈਂ ਤੂੰ। ਗੰਗਾ ਤਰੇ ਠਾਕਰ ਦਰਸ਼ਨ ਆਣ ਦਿਤੇ ਪਾਇਆ ਰਾਣਿਆਂ ਨੂੰ ਸਚੇ ਰਾਹ ਹੈਂ ਤੂੰ। ਕਿਤੇ ਨਾਮ ਸਮਾਧੀ ਮੈਂ ਮਸਤ ਬੈਠਾ ਦਸੇ ਪੰਡਤਾਂ ਨੂੰ ਕੀਤਾ ਸਾਹ ਹੈਂ ਤੂੰ। ਕਾਲਾ ਸਿੰਘ ਬਖਸ਼ਿੰਦ ਗੁਨਾਹ ਹੈ ਤੂੰ ਸਿਰ ਸ਼ਾਹਾਂ ਦੇ ਜੀ ਪਾਤਸ਼ਾਹ ਹੈਂ ਤੂੰ।

ਪ੍ਰਸੰਗ ਸ੍ਰੀ ਰਵਿਦਾਸ ਭਗਤ ਨੇ ਚਾਰ ਜੁਗਾਂ ਦੇ ਜੰਞੂ ਦਿਖਾਉਣੇ

ਬੈਂਤ—ਕਠੇ ਹੋਕੇ ਬਾਮਣਾ ਮਤਾ ਕੀਤਾ ਭਗਤ ਲੋਕਾਂ ਨੂੰ ਮਗਰ ਹੈ ਲਾਈ ਜਾਂਦਾ। ਸਾਨੂੰ ਮੰਨਣਾ ਕਿਸੇ ਨਾ ਮੂਲ ਭਾਈ ਸਾਡੇ ਝੂਠ ਦਾ ਪੜਦਾ ਉਡਾਈ ਜਾਂਦਾ। ਸਾਡੀ ਰੀਸ ਤੇ ਜੰਞੂ ਨੂੰ ਗਲ ਪਾ ਕੇ ਨੀਚ ਉਚੇ ਨੇ ਸਭ ਬਣਾਈ ਜਾਂਦਾ। ਤਿਲਕ ਮਥੇ ਤੇ ਸੰਖ ਘੜਿਆਲ ਲਾਕੇ

Sri Satguru Jagjit Singh Ji Elibrary NamdhariElibrary@gmail.com

ਵਾਂਗ ਪੰਡਤਾਂ ਸਾਂਗ ਸਜਾਈ ਜਾਂਦਾ। ਧੂਪ ਦੀਪ ਤੇ ਆਰਤੀ ਨਿਤ ਕਰਦੇ ਕੌਤਕ ਨਵੇਂ ਤੋਂ ਨਵੇਂ ਵਿਖਾਈ ਜਾਂਦਾ। ਨਾਲੇ ਯੱਗ ਤੇ ਦਾਨ ਕਰਾਈ ਜਾਂਦਾ ਨਾਲੇ ਆਪ ਨੂੰ ਗੁਰੂ ਪੁਜਾਈ ਜਾਂਦਾ। ਅਸੀਂ ਜਿਊਂਦੇ ਹੀ ਮਰ ਗਏ ਜਾਣ ਲੈਣਾ ਜੰਞੂ ਪਾਵੇ ਚੁਮਾਰਾਂ ਦੀ ਜਾਤ ਕਾਹਨੂੰ।ਕਾਲਾ ਸਿੰਘ ਮਰਾਸੀ ਨੂੰ ਭੇਜ ਆਖੇ ਅਉਖੀ ਲੰਘਦੀ ਅਜ ਹੈ ਰਾਤ ਕਾਹਨੂੰ।

ਸ੍ਰੀ ਭਗਤ ਰਵਿਦਾਸ ਨੇ ਸੂਤ ਦਾ ਜਨੇਊ ਤੋੜਨਾ ਤੇ ਠਾਕਰ ਪੂਜਾ ਛਡਣੀ
ਸ੍ਰੀ ਰਾਮਾ ਨੰਦ ਜੀ ਨੂੰ ਨਿਰਗੁਣ ਦੀ ਪੂਜਾ ਕਰਨ ਦਾ ਉਪਦੇਸ਼ ਕਰਨਾ

ਦਵੈਯਾ ਛੰਦ ॥

ਕਰਨ ਸਲਾਹਾਂ ਬਾਹਮਣ ਸਾਰੇ ਟੋਲਾ ਇਕ ਬਣਾਇਆ।
ਏਸ ਜਿਊਣ ਤੇ ਮਰਨਾ ਚੰਗਾ ਏਹੋ ਮਤਾ ਪਕਾਇਆ।
ਜਾਂ ਰਵਿਦਾਸ ਤੋਂ ਜੰਞੂ ਲਾਹੋ ਜਾਂ ਉਸ ਨੂੰ ਮਰਵਾਈਏ।
ਜਾਂ ਨਾਗਰ ਮਲ ਰਾਜੇ ਕੋਲੇ ਆਪਣਾ ਹਾਲ ਸੁਣਾਈਏ।
ਜੇ ਰਾਜੇ ਨੇ ਨਿਆਉਂ ਨਾ ਕੀਤਾ ਤਾਂ ਫਿਰ ਮਤਾ ਪਕਾ ਕੇ।
ਸੜ ਕੇ ਮਰ ਜਾਓ ਚਿਖਾ ਚਿਣਾ ਕੇ ਰਾਜੇ ਬੂਹੇ ਜਾ ਕੇ।
ਏਹ ਸਲਾਹਵਾਂ ਕਰਦੇ ਬਾਹਮਣ ਕੋਲ ਰਾਜੇ ਦੇ ਆਏ।
ਪੀਰਾਂ ਦਿਤਾ ਮਰਾਸੀ ਪਾਪੀ ਉਸ ਨੂੰ ਲਿਆ ਮਿਲਾਇ।
ਰੋ ਕੇ ਤੇ ਘਿਘਿਆ ਕੇ ਪਾਂਡਿਆਂ ਆ ਕੇ ਅਰਜ ਗੁਜਾਰੀ।
ਕੰਮ ਰਵਿਦਾਸ ਜੀ ਕਰਦੇ ਮਾੜਾ ਕਰਦਾ ਰੀਸ ਹਮਾਰੀ।
ਇਕ ਤਾਂ ਓਹ ਅਸਾਡੇ ਵਾਂਗੂੰ ਤਿਲਕ ਜੰਞੂ ਨਾ ਲਾਵੇ।
ਦੂਜੀ ਠਾਕਰ ਪੂਜਾ ਕਰਨੀ, ਨ ਸੰਖ ਘੜਿਆਲ ਵਜਾਵੇ।
ਤੀਜਾ ਆਰਤੀ ਫੁਲ ਤੇ ਚੰਨਣ ਉਰਸ਼ਾਂ ਤੇ ਚਰਨਾਠੀ।
ਨਾ ਕੋਈ ਮੰਦਰ ਨਵੇਂ ਬਣਾਵੇ ਕਥਾ ਆਦਕਾਂ ਪਾਠੀ।
ਨਾ ਓਹ ਪੂਜਾ ਮਥਾ ਟਿਕਾਵੇ ਨਾ ਓਹ ਸਿਖ ਬਣਾਵੇ।
ਨਾ ਉਹ ਚੌਂਕੀ ਉਪਰ ਬਹਿਕੇ ਕੋਈ ਉਪਦੇਸ਼ ਸੁਣਾਵੇ।
ਜੇ ਏਹ ਸ਼ਰਤਾਂ ਉਸ ਤੋਂ ਰਾਜਾ ਤੁਸੀ ਭੀ ਨਾਹਿ ਮਨਾਵੇ।

Sri Satguru Jagjit Singh Ji Elibrary NamdhariElibrary@gmail.com

ਮਾਲਾ ਤੁਲਸੀ ਟਿਕਾ ਜੰਞੂ ਆਰਤੀ ਨਾ ਹਟਾਵੇ।
ਜੇ ਏਹ ਨਿਆਉਂ ਨਾ ਕਰਸੋ ਰਾਜਨ ਏਹ ਕਾਂਸ਼ੀ ਦੇ ਪੰਡਤ।
ਛਡ ਜਾਣਗੇ ਸ਼ਹਿਰ ਤੁਮਾਰਾ ਕਰ ਜਾਣਗੇ ਖੰਡਤ।
ਜੇਕਰ ਨਿਆਉਂ ਨ ਮੰਨੇਂ ਰਾਜਾ ਅਸੀਂ ਦੁਆਰੇ ਤੇਰੇ।
ਚਿਖਾ ਬਣਾ ਕੇ ਸੜ ਜਾਵਾਂਗੇ ਦੇਖੀਂ ਸੰਝ ਸਵੇਰੇ।
ਸੁਣੀ ਏਹ ਰਾਜੇ ਗੱਲ ਹੈ ਸਾਰੀ ਦਿਲ ਵਿਚ ਹੈ ਵਿਚਾਰੀ।
ਆਪੇ ਆਪ ਨਿਉਂ ਕਰਨਗੇ ਨਿਰੰਕਾਰੀ ਬਨਵਾਰੀ।
ਉਸ ਦਿਨ ਰਾਜੇ ਘਲ ਸੁਨੇਹਾਂ, ਮਹਿਲੀਂ ਭਗਤ ਬੁਲਾਏ।
ਮਾਣ ਤਾਣ ਸੰਘਾਸਣ ਉਤੇ ਦਿਤਾ ਉਸੇ ਬਠਾਏ।
ਜੋ ਕੁਛ ਪੰਡਿਆਂ ਕਿਹਾ ਸੀ ਜਾ ਕੇ ਸਾਰੀ ਗੱਲ ਵਿਚਾਰੀ।
ਜਿਉਂ ਰਾਵਰ ਜੀ ਕਰ ਨਾਚਾਹੋਂ ਕਰਨੀ ਜਿਉਂ ਚਿਤ ਧਾਰੀ।
ਕਾਂਸੀ ਵਾਸੀ ਪੰਡਤ ਆਖਣ ਏਹ ਰਵਿਦਾਸ ਨੂੰ ਕਹਿਣਾ।
ਜੰਞੂ ਟਿੱਕਾ ਸੰਖ ਹਮਾਰਾ, ਏਹੋ ਅਸਾਂ ਨੇ ਲੈਣਾ।
ਉਰਸਾ ਚੰਨਣ ਧੂਪ ਤੇ ਠਾਕਰ, ਏਹ ਜੋ ਵਸਤ ਹਮਾਰੀ।
ਭਗਤ ਰਵਿਦਾਸ ਨਾ ਕਰੇ ਇਹ ਬਾਤਾਂ ਅਰਜ਼ੀ ਇਹੋ ਗੁਜ਼ਾਰੀ।

### ਭਗਤ ਜੀ ਵਲੋਂ ਜਵਾਬ

ਕਿਹਾ ਭਗਤ ਜੀ ਸੁਣੀਏ ਪੰਡਤ,ਕਿਉਂ ਏਹ ਰੌਲਾ ਪਾਇਆ।
ਕਿਸ ਪੰਡਤ ਤੋਂ ਟਿਕਾ ਖੋਹਿਆ, ਕਿਸ ਦਾ ਜੰਞੂ ਲਾਹਇਆ।
ਕਿਸਤੋਂ ਸੰਖ ਦਹਿਣੇ ਹਥ ਦਾ ਨਾਲ ਜ਼ੋਰ ਖੋਹ ਲੀਨਾ।
ਸਾਲਗ ਰਾਮ ਪਿਰਤਮਾ ਪੰਡਤ ਕਿਸ ਕਿਸ ਤੋਂ ਹੈ ਛੀਨਾ।
ਚੰਨਣ ਬਿਨਾਸਪਤੀ ਵਿਚ ਸਾਰੇ ਧੂਪ ਦੀਪ ਤੇ ਗਗਨੀ।
ਪੌਣ ਪਾਣੀ ਪੰਜ ਤੱਤ ਜੋ ਰਚੇ ਹੋਏ ਹਰ ਸੰਗਨੀ।
ਕਿਸੇ ਦੀ ਚੋਰੀ ਮੈਂ ਨਹੀਂ ਕੀਤੀ ਏਹ ਨੇ ਰੱਬੀ ਨਜ਼ਾਰੇ।
ਕਿਉਂ ਨਹੀਂ ਸ਼ਾਂਤ ਆਵੇ ਦਿਲ ਨੂੰ ਕਿਉਂ ਛਡੋ ਚੰਗਿਆਰੇ।
ਰੌਲਾ ਪਾਇਆ ਬਹੁ ਬਾਮਣਾ ਬਿਪਰ ਬਰਨ ਉਚੇਰਾ।

Sri Satguru Jagjit Singh Ji Elibrary NamdhariElibrary@gmail.com

ਉਤਮ ਕਰਮ ਨੇ ਸਾਡੇ ਸਾਰੇ ਤੇਰਾ ਬਰਨ ਛੁਟੇਰਾ।
ਹੰਕਾਰ ਬਾਹਮਣਾ ਨੇ ਬਹੁ ਕੀਤਾ ਭਗਤ ਸੀ ਸ਼ਬਦ ਸੁਣਾਵੇ।
ਕੇਦਾਰਾ ਰਾਗ ਵਿਚ ਬਾਣੀ ਦੇਖੋ ਕਿਦਾਂ ਭਰਮ ਮਿਟਾਵੇ।

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰਪ੍ਰਸਾਦਿ ॥

ਖਟੁ ਕਰਮ ਕੁਲ ਸੰਜੁਗਤ ਹੈ ਹਰਿ ਭਗਤ ਹਿਰਦੈ ਨਾਹਿ ।
ਚਰਨਾਰ ਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥ ੧ ॥

ਹੇ ਪੰਡਤੋ! ਸ਼ਾਸਤ੍ਰਾਂ ਵਿਚ ਛੇ ਕਰਮ ਕਰਨ ਵਾਲੇ ਨੂੰ ਬੜਾ ਸਰੇਸ਼ਟ ਗਿਣਿਆ ਹੈ, ਪਰ ਸਾਡੇ ਮਤਿ ਵਿਚ ਓਹ ਛੇ ਕਰਮੀ ਪੁਰਸ਼ ਨੂੰ ਹਰੀ ਦੀ ਭਗਤੀ ਕਥਾ ਨਾ ਚੰਗੀ ਲਗੇ. ਤਾਂ ਇਹ ਚੰਡਾਲ ਹੈ ਜੋ ਸਮਝ ਨਹੀਂ ਕਰਦਾ।

ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥

ਰੇ (ਓਹ) ਭਾਈ ਈਰਖਾ ਛਡੋ ਚਿਤ ਅੰਦਰ ਨਾਮ ਜਪੋ ਚਿਤ ਨੂੰ ਸਾਫ ਕਰੋ। ਬਾਲਮੀਕ ਨਾਮ ਜਪ ਕੇ ਤੇ

ਕਿਸੁ ਜਾਤਿ ਕਿਹ ਪਦਹਿ ਅਮਰਿਓ ਰਾਮ ਭਗਤ ਵਿਸੇਖ ॥ ੧ ॥ ਰਹਾਉ ॥

ਕਿਸ ਜਾਤ ਉਚੀ ਪਦਵੀ ਕਰ ਕੇ ਅਮਰ ਹੋ ਗਿਆ ਏਹ ਭਗਤੀ ਦੀ ਤਾਕਤ ਹੈ ਤੁਸੀ ਭਗਤੀ ਕਰੋ ਹਰੀ ਦੀ ਦੇਖੋ।

ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥ ੨ ॥

ਪਾਂਡਵਾਂ ਦੇ ਜਗ ਕਰਨ ਵੇਲੇ ਸੰਖ ਦੀ ਅਵਾਜ ਨ ਹੋਈ, ਤਾਂ ਫਿਰ ਪਾਂਡਵਾਂ ਨੇ ਕਿਹਾ ਭਗਵਾਨ ਪਾਸ ਜਗ ਅਜੇ ਸੰਪੂਰਨ ਨਹੀਂ ਹੋਇਆ, ਜਿਸ ਤੇ ਸੰਖ ਨਹੀਂ ਸੁਣਿਆ ਇਸ ਦਾ ਉਪਾਓ ਭਗਤ ਬਾਲਮੀਕ ਜੀ ਨੇ ਦਸਿਆ। ਬਾਲਮੀਕ ਨੂੰ ਪਾਂਡਵਾਂ ਨੇ ਪਵਿਤ੍ਰ ਚੌਂਕੇ ਵਿਚ ਬਿਨਾ ਸ਼ੰਕਾ ਤੋਂ ਛਤੀ ਪਰਕਾਰ ਦੇ ਥਾਲ ਪਰੋਸ ਕੇ ਭੋਜਨ ਦਿਤਾ। ਭੋਜਨ ਛਕਣ ਤੋਂ ਬਾਦ ਬਾਲਮੀਕ ਜੀ ਨੇ ਚੁਲੀ ਕੀਤੀ ਤੇ ਸੰਖ ਵਾਜੇ ਆਪੇ ਵਜੇ ਸਾਰੇ ਸੰਸਾਰ ਵਿਚ ਸੁਣੇ, ਅਤੇ ਕ੍ਰਿਸ਼ਨ ਜੀ ਨੇ ਬਾਲਮੀਕ ਨੂੰ ਬੁਕਲ ਵਿਚ ਲੈਕੇ ਪਿਆਰ ਕੀਤਾ ਅਤੇ ਸਤਕਾਰਿਆ।

(ਦੇਖੋ ਕਥਾ ਭਾਗਵਤ ਗ੍ਰੰਥ ਵਿਚੋਂ)

Sri Satguru Jagjit Singh Ji Elibrary NamdhariElibrary@gmail.com

ਅਜ ਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿਕੈ ਪਾਸ ॥

ਅਜਾਮਲ ਪਾਪੀ ਸੀ ਪਰ ਇਸ ਨੇ ਹਰੀ ਦਾ ਸਿਮਰਨ ਕੀਤਾ ਅੰਤ ਵੇਲੇ ਅਤੇ ਪਿੰਗੁਲਾ ਜੋ ਇਸਤ੍ਰੀ ਸੀ ਓਹ ਨਿਸਚੇ ਹੀ ਹਰੀ ਪਾਸ ਪੁਜ ਗਏ। ਜਿਵੇਂ ਐਰਾਪਤਿ ਹਾਥੀ ਨੇ ਅਉਖੇ ਵੇਲੇ ਹਰੀ ਦੇ ਨਾਮ ਦੀ ਸਹੈਤਾ ਮੰਗੀ ਤਾਂ ਆਪ ਹੀ ਉਸ ਦੀ ਅਉਖੀ ਘੜੀ ਵੇਲੇ ਹਰੀ ਜੀ ਨੇ ਸਹੈਤਾ ਕੀਤੀ।

ਐਸੇ ਦੁਰਮਤਿ ਨਿਸਤਰੇ ਤੂੰ ਕਿਉ ਨ ਤਰਹਿ ਰਵਿਦਾਸ। ੩॥ ੧ ॥ ੩੫॥

ਜੋ ਏਹ ਜੇਹੇ ਪਾਪੀ ਤਰ ਜਾਂਦੇ ਨੇ ਓਸ ਦਾ ਸਿਮਰਨ ਕਰਕੇ ਤਾਂ ਭਾਈ ਜਨੋਂ! ਰਵਿਦਾਸ ਜੀ ਕਹਿੰਦੇ ਨੇ ਮੇਰੀ ਵੀ ਕਲਿਆਨ ਹੋ ਜਾਵੇਗੀ। ਭਾਵ ਦਵੇਸ਼ ਨਾ ਕਰੋ।

ਰਾਜੇ ਨਾਗਰ ਮਲ ਦਾ ਬ੍ਰਾਹਮਣਾ ਨੂੰ ਆਖਣਾ

ਰਾਜੇ ਕਿਹਾ ਸੁਣੋ ਬਿਪਰ ਜੀ ਬਾਬੇ ਸ਼ਬਦ ਸੁਣਾਇਆ।
ਬਾਦ ਬਿਬਾਦ ਤੁਸੀ ਛਡ ਦੇਵੋ ਰਾਜੇ ਇਉਂ ਫਰਮਾਇਆ।
ਉਠ ਕੇ ਕਿਹਾ ਫੇਰ ਬਾਹਮਣਾ ਏਹੀ ਅਦਲ ਕਰਾਵੋ।
ਭਜਨ ਕਰੇ ਤੇ ਨਹਾਵੇ ਗੰਗਾ, ਜੰਞੂ ਤਿਲਕ ਲਹਾਵੇ।
ਕਿਹਾ ਸ੍ਰੀ ਰਵਿਦਾਸ ਭਗਤ ਜੀ ਜੰਞੂ ਅਸਾਂ ਜੋ ਪਾਏ।
ਤਿੰਨਾਂ ਜੁਗਾਂ ਦੇ ਜੰਞੂ ਗਲ ਵਿਚ ਅਸੀਂ ਹੈਨ ਸਜਾਏ।
ਕਲਜੁਗ ਅੰਦਰ ਜੰਞੂ ਸੂਤ ਦਾ ਪਾਉਂਦਾ ਬਹੁਤ ਬਖੇੜੇ।
ਬਾਬੇ ਤੋੜ ਲਾਹਿਆ ਉਸ ਵੇਲੇ ਛਡੇ ਸਭ ਜੋ ਝੇੜੇ।
ਕਿਹਾ ਪੰਡਤਾਂ ਹੁਣ ਤੁਸੀਂ ਦਸੋ ਤਿੰਨ ਜੁਗ ਜੰਞੂ ਤੇਰੇ।
ਗਲ ਵਿਚ ਸਾਨੂੰ ਦਿਸਣ ਨਾਹੀਂ ਵਾਧੂ ਭਗਤਾ ਟੇਰੇ।
ਤਿੰਨ ਜੁਗ ਦਾ ਗਲ ਵਿਚ ਜੰਞੂ ਸਾਨੂੰ ਨਜਰ ਨਾ ਆਉਂਦਾ।
ਜੇ ਤੇਰੇ ਅੰਦਰ ਨੇ ਭਗਤਾ ਕਿਉਂ ਨਹੀਂ ਫੇਰ ਵਿਖਾਉਂਦਾ।
ਉਸੇ ਵੇਲੇ ਭਗਤ ਜੀ ਨੇ ਤੁਚਾ ਮੋਢਿਓਂ ਪਾੜੇ।
ਤਿੰਨਾਂ ਜੁਗਾਂ ਦੇ ਜੰਞੂ ਜੋ ਸੀ ਦੇਖੇ ਸਭਾ ਉਘਾੜੇ।
ਸਤਿਜੁਗ ਵਾਲਾ ਜੰਞੂ ਸੋਨੇ ਦਾ ਲਾਲੀ ਵਾਂਗੂ ਦਮਕੇ।
ਤਰੇਤੇ ਜੁਗ ਦਾ ਤਾਂਬੇ ਵਾਲਾ ਗਲ ਬਾਬੇ ਦੇ ਰਮਕੇ।
ਦੁਆਪਰ ਵਾਲਾ ਜੰਞੂ ਜੋ ਸੀ ਧਾਂਤ ਸੀ ਚਾਂਦੀ ਵਾਲਾ।
ਅਡੋ ਅਡੀ ਨਿਰਨਾ ਕਰਕੇ ਬਾਬੇ ਠੀਕ ਦਿਖਾਲਾ।

Sri Satguru Jagjit Singh Ji Elibrary NamdhariElibrary@gmail.com

ਕਲਜੁਗ ਅੰਦਰ ਨਾਮ ਵਾਹਿਗੁਰੂ ਸੂਤ ਕੀ ਕੌਮ ਹਮਾਰੇ ।
ਤੋੜੇ ਸਭ ਜਨੇਊ ਸੇਵਕਾਂ ਸਭਾ ਦੇ ਵਿਚ ਸੀ ਸਾਰੇ ।
ਰਾਮੇ ਹਾਨਿਆ ਸੇਵਕਾਂ ਉਸ ਦਿਨ ਜੰਞੂ ਗਲੋਂ ਲੁਹਾ ਕੇ ।
ਗੰਗਾ ਅੰਦਰ ਸੁਟੇ ਸਾਰੇ ਪਾਣੀ ਵਿਚ ਵਗਾਹ ਕੇ ।
ਖੇਡ ਗੁਡੀ ਦੀ ਕੁੜੀ ਕੁਆਰੀ ਹਸ ਹਸ ਖੇਲਣ ਵਾਲੀ ।
ਵਿਆਹੀ ਜਾਵੇ ਗੁਡੀ ਭੁਲੀ ਸੌਹਰੀਂ ਸੁਰਤ ਸੰਭਾਲੀ ।
ਤਿਉਂ ਏਹ ਠਾਕਰ ਪੂਜਾ ਜੰਞੂ ਤਿਲਕ ਹੈ ਗੁਡੀ ਕੁਆਰੀ ।
ਪ੍ਰਮਾਤਮ ਦੇਵ ਜੀ ਮਿਲ ਪਏ ਨੇ ਜਦ ਪੂਜੀਏ ਕਿਉਂ ਗਵਾਰੀ ।
ਆਪਣੀ ਕੌਮ ਜੋ ਰਾਮਦਾਸੀਏ ਸਭ ਨੂੰ ਹੁਕਮ ਸੁਣਾਇਆ ।
ਜੰਞੂ ਟਿਕਾ ਨਾ ਕੋਈ ਪਾਵੇ ਇਕੋ ਸ਼ਬਦ ਸੁਣਾਇਆ ।

ਗਉੜੀ ਬੈਰਾਗਣਿ ਰਵਿਦਾਸ ਜੀ

ੴ ਸਤਿਗੁਰਪ੍ਰਸਾਦਿ ॥

ਸਤਿ ਜੁਗਿ ਸਤੁ ਤੇਤਾ ਜਗੀ ਦੁਆਪੁਰਿ ਪੂਜਾ ਚਾਰਿ ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥ ਪਾਰ ਕੈਸੇ ਪਾਇਬੋ ਰੇ ॥ ਮੋਸਉ ਕੋਊ ਨ ਕਹੈ ਸਮਝਾਇ ॥ ਜਾ ਤੇ ਆਵਾਗਵਨੁ ਬਿਲਾਇ ॥੧॥ ਰਹਾਉ ॥ ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ । ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥ ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨ ॥ ੩ ॥ ਬਾਹਰ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ ॥ ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥ ੪ ॥ ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥ ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ੫ ॥ ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥ ੬ ॥ ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥ ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥ ੭ ॥ ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥ ਪ੍ਰੇਮ ਭਗਤਿ ਨਹੀ ਊਪਜੈ ਤਾਤੇ ਰਵਿਦਾਸ ਉਦਾਸ ॥ ੮ । ੧ ॥ ੫ ॥

## ਸ੍ਰੀ ਰਵਿਦਾਸ ਜੀ ਦਾ ਉਪਦੇਸ਼

ਦਵੈਯਾ ਛੰਦ ॥

ਟੀਕਾ–ਕਹਿਣ ਬਾਬਾ ਜੀ ਸੁਣੀਏ ਪੰਡਤ ਸਭ ਨੂੰ ਉਚਰ ਸੁਨਾਂਦੇ।
ਸਤਜੁਗਿ ਅੰਦਰ ਸਚ ਬੋਲਣਾ ਤਰੇਤੇ ਜਗ ਰਚਾਂਦੇ।
ਦੁਆਪਰ ਪੂਜਾ ਕਰਮਾਂ ਅੰਦਰ ਮੁਕਤ ਆਪਣੀ ਪਾਵਣ।
ਤਿੰਨਾਂ ਜੁਗਾਂ ਵਿਚ ਧਰਮ ਨੇ ਤਿੰਨੇ ਸ਼ਾਸਤਰ ਆਖ ਸੁਨਾਵਣ।
ਕਲਜੁਗ ਅੰਦਰ ਨਾਮ ਜਪੇ ਬਿਨ ਹੁੰਦੀ ਮੁਕਤਿ ਨ ਕਾਈ।
ਨਾਮ ਕੀਰਤਨ ਭਗਤੀ ਅੰਦਰ ਮਿਲਦੀ ਮੁਕਤਿ ਸੁਵਾਈ।
ਐਨਾ ਜਾਣ ਝਗੜਾ ਮਿਟ ਜਾਏ ਸੁਰਤਿ ਨਾਮ ਵਿਚ ਲਾਵੇ।
ਨਿਰਗੁਣ ਰੂਪ ਦੀ ਪੂਜਾ ਕਰਨੀ ਗੁਰ ਏਹ ਭੇਦ ਬਤਾਵੇ।
ਕਰਮ ਕਾਂਡ ਤੇ ਝਗੜੇ ਰਗੜੇ ਸ਼ਾਸਤਰ ਕਹਿਣ ਹਜ਼ਾਰਾਂ।
ਆਪੋ ਆਪਣੇ ਖਿਆਲ ਅੰਦਰ ਰਿਛੀ ਆ ਕਰੇ ਪੁਕਾਰਾਂ।
ਕਿਸ ਵਲ ਜਾਈਏ ਕਿਸ ਵਲ ਪੜ੍ਹੀਏ ਕਿਸ ਨੇ ਕੁਝ ਬਤਾਯਾ।
ਕੋਈ ਰਿਧੀਆਂ ਸਿਧੀਆਂ ਦਸੇ ਮੁਕਤਾਂ ਜੁਗਤ ਅਲਾਇਆ।
ਇਕ ਸ਼ਾਸਤਰ ਦੀ ਦੂਜਾ ਸ਼ਾਸਤਰ ਕਰਦਾ ਹੈਗਾ ਖੰਡਨ।
ਭਰਮੋ ਭਰਮੀ ਭੁਲੀ ਦੁਨੀਆਂ ਕਰਈ ਖੰਡਨ ਤੇ ਮੰਡਨ।
ਸੰਸਾ ਰਿਦੇ ਅੰਦਰ ਹਰ ਦਮ ਕੌਣ ਹੰਕਾਰ ਹਟਾਵੇ।
ਮਨ ਬਿਕਾਰਾਂ ਅੰਦਰ ਰਹਿੰਦਾ ਡੰਡਾ ਕੌਣ ਲਗਾਵੇ।
ਬਾਹਰੋਂ ਤਿਲਕ ਜੰਞੂ ਨੇ ਪਾਏ, ਅੰਦਰੋਂ ਪਥਰ ਨਿਰਾਲਾ।
ਪਥਰ ਭਿਜੇ ਮੂਲ ਨ ਪਾਣੀ, ਪਾਣੀ ਵਿਚ ਬਹਾਲਾ।
ਜਿਵੇਂ ਹਾਥੀ ਹੈ ਨਹਾਵੇ ਧੋਵੇ ਪਿਛੋਂ ਖੇਹ ਸਿਰ ਪਾਉਂਦਾ।
ਨਾਵਣ ਧੋਵਣ ਵਾਲਾ ਦੇਖੋ ਛਿਨ ਵਿਚ ਛਾਰ ਉਡਾਉਂਦਾ।
ਜਿਉਂ ਸੂਰਜ ਤੇ ਚੜ੍ਹਿਆਂ ਹੁੰਦਾ ਚਾਨਣ ਸੁਧ ਉਜਾਰਾ।
ਰਾਤਿ ਨਾਸ ਹੋ ਜਾਂਦੀ ਛਿਨ ਵਿਚ ਹਟ ਜਾਏ ਧੁੰਧੂਕਾਰਾ।

Sri Satguru Jagjit Singh Ji Elibrary NamdhariElibrary@gmail.com

ਇਉਂ ਇਸ ਜੀਵ ਦੇ ਭੁਲੇ ਤਾਈਂ ਮਿਲ ਜਾਏ ਪ੍ਰਉਪਕਾਰੀ।
ਬੰਦ ਖਲਾਸੀ ਛਿਨ ਵਿਚ ਹੋਵੇ ਗੁਰੂ ਮਿਲੇ ਦੇਹ ਧਾਰੀ।
ਸ਼ਬਦ ਗੁਰੂ ਤੋਂ ਸੁਣਕੇ *ਕੰਨ ਵਿਚ ਹੋਵੇ ਗਿਆਨ ਉਜਾਲਾ।
ਦੂਰ ਅਵਿਦਿਆ ਹੋਵੇ ਦਿਲ ਤੋਂ ਰਸਤਾ ਮਿਲੇ ਸੁਖਾਲਾ।
ਪਾਰਸ ਵਟੀ ਜਿਉਂ ਲੋਹੇ ਨੂੰ ਸੋਨਾ ਤੁਰਤ ਬਣਾਵੇ।
ਇਉਂ ਸਿਖ ਗੁਰੂ ਨੂੰ ਮਿਲ ਪਏ ਸਿਖ ਗੁਰੂ ਹੋ ਜਾਵੇ।
ਅੰਮ੍ਰਿਤ ਧਾਰਾ ਨਿਝਰ ਝਰੇ ਜਦ ਹਰਦਮ ਅੰਦਰ ਠੰਡਾ।
ਅੜੇ ਕਿਵਾੜ ਖੁਲ ਜਾਣ ਸਭ ਗੁਰੂ ਗਿਆਨ ਮਿਲੇ ਡੰਡਾ।
ਭਗਤੀ ਜੁਗਤੀ ਸਚੀ ਭਾਈ ਰਸ ਕਸ ਦੁਨੀਆਂ ਛਡੇ।
ਇਕੋ ਬ੍ਰਹਮ ਵਿਚਾਰੇ ਸਾਰੇ ਪਰੇਮ ਰਿਦੇ ਵਿਚ ਲਭੇ।
ਧਾਰੇ ਸ਼ਰਧਾ ਦਿਲ ਗੁਰੂ ਦੀ ਸਤਿਗੁਰ ਵਿਚ ਧਿਆਨਾ।
ਦਾਸ ਭਾਵ ਰਖੇ ਸਿਖ ਗੁਰਦਾ ਪਾਵੇ ਫਿਰ ਕਲਿਆਨਾ।

### ਸੇਵਕਾਂ ਨੇ ਭਗਤ ਜੀ ਅਗੇ ਅਰਜ ਕਰਨੀ

ਦੋਹਰਾ—ਸੁਣਕੇ ਸ਼ਬਦ ਸ੍ਰੀ ਭਗਤ ਤੋਂ ਹੋ ਗਏ ਸਭ ਨਿਹਾਲ।
ਕੀਤਾ ਅਰਜ ਹੈ ਸੇਵਕਾਂ ਸੁਣੀਐ ਦੀਨ ਦਿਆਲ।

ਬੈਂਤ—ਸਭੇ ਸੇਵਕਾਂ ਉਠ ਕੇ ਅਰਜ ਕੀਤੀ ਸਾਨੂੰ ਬ੍ਰਾਹਮਣਾ ਹੈ ਸਤਾਇਆ ਕਿਉਂ। ਸਰਗੁਣ ਰੂਪ ਵਾਲੀ ਪੂਜਾ ਛਡ ਕੇਤੇ ਮਗਰ ਬਾਮਣਾ ਦੇ ਬਾਬਾ ਲਾਇਆ ਕਿਉਂ। ਜੰਵੂ ਅੰਦਰਲੇ ਤੁਸਾਂ ਦਿਖਾਲ ਦਿਤੇ ਤਿਲਕ ਸੂਤ ਜੰਵੂ ਗਲੇ ਪਾਇਆ ਕਿਉਂ। ਖੇਡਾਂ ਝੂਠੀਆਂ ਹੈਨ ਪਰਪੰਚ ਸਭੇ ਲਾਹੇ ਅਨੰਤ ਤੇ ਤਿਲਕ ਭੀ ਲਗਾਇਆ ਕਿਉਂ। ਨੀਚ ਨੀਚ ਕਹਿਕੇ ਦੂਰ ਦੂਰ ਕਹਿੰਦੇ ਚਾਹੁੰਦੇ ਇਨ੍ਹਾਂ ਤੋਂ ਨਹੀਂ ਛਡਾਇਆ ਕਿਉਂ। ਸੁਣਕੇ ਅਰਜ ਏਹ ਸੇਵਕਾਂ ਸਾਥੀਆਂ ਦੀ ਆਏ ਚਲ ਕੇ ਗੰਗਾ ਦੇ ਘਾਟ ਬੇਲੀ। ਕਾਲਾ ਸਿੰਘ ਰਾਜਾ ਸਣੇ ਪੰਡਤਾਂ ਦੇ ਆਏ

---

*ਭਉ ਪ੍ਰਕਾਸ ਭਰਮ ਭਉ ਭਾਗਾ ਗੁਰ ਮੰਤ੍ਰ ਦੀਓ ਹਰਕਾਨ (ਗੁਰੂ ਗ੍ਰੰਥ ਸਾਹਿਬ ਵਿਚੋਂ)

Sri Satguru Jagjit Singh Ji Elibrary NamdhariElibrary@gmail.com

ਦੇਖਦੇ ਪਾਣੀ ਕਰਲਾਟ ਬੋਲੀ।

ਭਗਤ ਜੀ ਨੇ ਜੰਞੂ ਤੇ ਠਾਕੁਰਾਂ ਦੀ ਮੂਰਤ ਸੰਖ ਗੰਗਾ ਵਿਚ ਸਿਟਕੇ ਸਿਖਿਆ ਦੇਣੀ

ਚੌਕੀ ਠਾਕਰਾਂ ਦੀ ਸੰਖ ਸਣੇ ਉਰਸੇ ਸਾਲਗਰਾਮ ਗੰਗਾ ਵਿਚ ਸੁਟ ਦਿਤੇ। ਤਿਲਕ ਜੰਞੂ ਘੜਿਆਲ ਮੂਰਤਾਂ ਦੇ ਤੁਲਸੀ ਦਲਦੇ ਬੂਟੇ ਘਰੋਂ ਪੁਟ ਦਿਤੇ। ਗੰਗਾ ਧਾਰ ਅੰਦਰ ਰੋੜ ਹਾੜ ਦਿਤੇ ਆਉਣ ਜਾਣ ਤੋਂ ਸਦਾ ਨਖੁਟ ਦਿਤੇ। ਕਈ ਕੁੜ ਗਏ ਕਈ ਸੜ ਗਏ ਪਥਰ ਪੂਜਣੇ ਨਹੀਂ ਪਲੇ ਘੁਟ ਦਿਤੇ।

ਤਥਾ

ਦਿਤੀ ਸਿਖਿਆ ਪਥਰ ਤੇ ਤਿਲਕ ਜੰਞੂ ਮੇਰਾ ਸਿਖ ਨਾ ਪੂਜਾ ਕਰਾਏ ਕੋਈ। ਕੇਸ ਰਖਣੇ ਤੇ ਰਿਸ਼ੀਆਂ ਵਾਂਗ ਰਹਿਣਾ, ਘੋਨ ਮੋਨ ਦਾਹੜੀ ਬਨਾਏ ਕੋਈ। ਏਹਨਾਂ ਬ੍ਰਾਹਮਣਾ ਦੇ ਮਗਰ ਜਾਏ ਕੋਈ ਨਾ, ਨਾਮਰਾਸੀਆਂ ਦੇ ਘਰ ਖਾਏ ਕੋਈ। ਸੂਰਤ ਰਬ ਦੀ ਭੰਨਣਨਹੀਂ ਕਿਸੇ ਬੇਮੁਖ ਨਾ ਰਬੋਂ ਸਦਾਏ ਕੋਈ। ਉਸ ਦਿਨ ਤੋਂ ਬਾਬੇ ਸੇਵਕਾਂ ਨੇ ਜੰਞੂ ਤਿਲਕ, ਨਾ ਕਿਸੇ ਸਜਾਇਆ ਜੀ। ਕਾਲਾ ਸਿੰਘ ਅਛੂਤ ਹੈ ਕੌਮ ਉਚੀ, ਬਾਬੇ ਸਭ ਦੇ ਤਾਈਂ ਸਮਝਾਇਆ ਜੀ।

ਅਕਾਲ ਪੁਰਖ ਦੇ ਦਰਸ਼ਨ

ਅੰਤਰ ਧਿਆਨ ਹੋ ਕੇ ਭਗਤ ਨੇ ਅਰਜ ਕੀਤੀ, ਦਰਸ਼ਨ ਆਨ ਕੇ ਦਿਤਾ ਕਰਤਾਰ ਓਥੇ। ਭਗਤ ਬਚਨ ਕੀਤੇ ਨਾਲ ਵਾਹਿਗੁਰੂ ਦੇ ਕੀਤਾ ਆਪ ਸੀ ਵਡਾ ਪਿਆਰ ਓਥੇ। ਕਈ ਭਗਤ ਜੀ ਦੇ ਸੇਵਕ ਆਨ ਹੋਏ, ਭਜਨ ਪੁਛ ਸੇਵਾਦਾਰ ਓਥੇ। ਕਈ ਪੰਡਿਆਂ ਬਾਬੇ ਦੇ ਚਰਨ ਪਕੜੇ, ਛੂਤ ਭੂਤ ਹੋਇਆ ਉਡਾਰ ਓਥੇ। ਰਾਮ ਆਖਿਆ ਸ੍ਰੀ ਰਵਿਦਾਸ ਤਾਈਂ, ਦਾਨ ਧਰਮ ਤੇ ਯੱਗ ਰਚਾਓ ਆਪੇ। ਆਪ ਸੰਤ ਤੇ ਆਪਣੀ ਕੁਲ ਅੰਦਰ ਸਾਧੂ ਸੰਤ ਦੀ ਸੇਵਾ ਕਰਾਓ ਆਪੇ।

ਵਾਕ ਕਵ

ਪੜ੍ਹ ਕੇ ਦੇਖਿਆ ਏਹ ਇਤਿਹਾਸ ਸਾਰਾ, ਵੇਲੜ ਮੁਢ ਤੋਂ ਹੀ ਰੌਲਾ ਪੌਣ ਵਾਲੇ। ਨਿੰਦਕ ਮਹਾਂ ਪਾਪੀ ਭਰੇ ਈਰਖਾ ਦੇ, ਨਾਲ ਭਗਤ ਜੀ

Sri Satguru Jagjit Singh Ji Elibrary NamdhariElibrary@gmail.com

ਵੈਰ ਕਮਾਉਣ ਵਾਲੇ। ਆਏ ਮੁਢੋਂ ਹੰਕਾਰੀ ਨੇ ਵੈਰ ਕਰਦੇ, ਨਾਮ ਜਪਦਿਆਂ ਤੇ ਆਢਾ ਲਾਉਣ ਵਾਲੇ। ਨਾਲ ਸਾਧੂਆਂ ਵੈਰ ਕਮਾਉਣ ਵਾਲੇ, ਧਰਮੀਆਂ ਤੇ ਚਿਕੜ ਪਉਣ ਵਾਲੇ। ਕਾਲਾ ਸਿੰਘ ਇਤਿਹਾਸ ਦਾ ਹਾਲ ਪੜ੍ਹ ਕੇ, ਤੁਸੀਂ ਸਚ ਤੇ ਝੂਠ ਨਿਤਾਰਨਾ ਜੀ। ਨਿੰਦਕ ਦੁਸ਼ਟ ਪਾਪੀ ਹਤਿਆਰਿਆਂ ਨੂੰ ਲਾਹਨਤ ਪਾ ਕੇ ਤੇ ਫਿਟਕਾਰਾ ਜੀ।

ਬ੍ਰਾਹਮਣਾਂ ਦੀ ਕਥਾ ਪੁਰਾਣਾਂ ਵਿਚੋਂ
ਵਾਕ ਕਵੀ

ਦੋਹਰਾ—ਬ੍ਰਾਹਮਣ ਜ਼ਹਿਰੀ ਦਿਲਾਂ ਤੋਂ ਹੈਨ ਜੋ ਕਾਲੇ ਨਾਗ
ਦੁਧ ਪਲਾਵੇ ਬਾਹਮਣਾਂ ਮਾਰਨ ਡੰਗ ਨਿਭਾਗ॥
ਹੁਣ ਮੈਂ ਦਸਾਂ ਖੋਹਲ ਕੇ ਲਿਖਿਆ ਸੁਣਿਆ ਹਾਲ।
ਨਾਲ ਜਿਨ੍ਹਾਂ ਦੇ ਜ਼ੁਲਮ ਜੋ ਕੀਤਾ ਜਿਨ੍ਹਾਂ ਨਾਲ॥

ਨਿੰਦਕ ਮਾਰਾ ਹੰਕਾਰੀ ਜੋ ਹੈਨ ਪੰਮੇ, ਵੇਲੜ ਉਠਕੇ ਤੇ ਰੌਲਾ ਪਾਨ ਪੰਮੇ। ਕਰਮ ਧਰਮ ਤੋਂ ਹੈਨ ਭਰਿਸਟ ਪਾਜੀ,ਧਰਮ ਹੀਣ ਕਠੇ ਹੋਇ ਆਨ ਪੰਮੇ। ਏਹੋ ਲਿਖੀ ਹੈ ਕਥਾ ਪੁਰਾਨ ਦਸਣ,ਈਸ਼ਰ ਅੰਸੀਆਂ ਦੀ ਕਰਕੇ ਹਾਨ ਪੰਮੇ। ਲਤਿ ਭ੍ਰਿਗੂ ਦੀ ਵਿਸ਼ਨੂੰ ਦੀ ਵਖ ਉਤੇ,ਕਰੋਧੀ ਹੋ ਹੈ ਮਾਰੀ ਸਤਾਨ ਪੰਮੇ। ਪੁਲਸਾਤ ਮੁਨੀ ਧੋਖਾ ਸ਼ਿਵਾਂ ਨਾਲ ਕੀਤਾ, ਖੋਹੇ ਸੋਨੇ ਦਾ ਲੰਕ ਮੁਕਾਨ ਪੰਮੇ। ਰਾਵਣ ਜ਼ੁਲਮ ਕੀਤਾ ਰਾਮ ਚੰਦ ਸੇਤੀ, ਸੀਤਾ ਜੀ ਨੂੰ ਚੁਕ ਲਜਾਨ ਪੰਮੇ। ਹਰੀ ਚੰਦ ਧਰਮੀ ਪੁਤਰ ਵੇਚ ਦਿਤੇ, ਸੁਤਾਰਾ ਰਾਣੀ ਨੂੰ ਦੁਖ ਪੁਚਾਨ ਪੰਮੇ। ਮਾਰ ਦਿਤਾ ਰਿਸਤਾਸ ਨੂੰ ਪਾਪੀਆਂ ਨੇ, ਰਾਜੇ ਚੂਹੜਿਆਂ ਘਰ ਵਿਕਾਨ ਪੰਮੇ। ਸ੍ਰੀ ਭਗਤ ਪ੍ਰਹਿਲਾਦ ਦੇ ਮਾਰਨੇ ਨੂੰ ਹਰਿਨਾਕਸ਼ ਰਾਜੇ ਨੂੰ ਨਿਤ ਸੁਖਾਨ ਪੰਮੇ। ਅਗ ਪਾਣੀ ਪਹਾੜਤੋਂ ਸਿਟ ਦਿਤੇ ਫੇਰ ਤੱਤਿਆਂ ਥਮਾਂ ਲਗਾਨ ਪੰਮੇ। ਸ੍ਰੀ ਕਿਰਸ਼ਨ ਜੀ ਨੂੰ ਜ਼ਹਿਰਦੇਣ ਪਾਪੀ ਰਾਜੇ ਕੰਸ ਨੂੰ ਨਿਤ ਸੁਖਾਨ ਪੰਮੇ। ਪਰਸ ਰਾਮ ਕਰੋਧ ਕੁਹਾੜਾ ਫੜਕੇ,ਇਕੀ ਵਾਰ ਛੱਤਰੀ

Sri Satguru Jagjit Singh Ji Elibrary NamdhariElibrary@gmail.com

ਮਾਰੇ ਆਨ ਪੰਮੇ। ਕੈਰੋ, ਪਾਂਡਵਾਂ ਦਾ ਨਾਸ ਖੂਬ ਕੀਤਾ, ਪਤਬਤ ਵਿਚੋ ਹਿਮਾਲੇ ਗਿਲਾਨ ਪੰਮੇ। ਕਾਂਸ਼ੀ ਵਿਚ ਕਰਬਤ ਚਲਾਣ ਪਾਪੀ ਰਾਜੇ ਆਰਿਆਂ ਨਾਲ ਚਲਾਨ ਪੰਮੇ। ਮੁਕਤ ਮਿਲੀ ਰਾਜ ਸਵਰਗ ਦਾ ਜੀ, ਢੰਗ ਵਾਂਗਰਾਂ ਹੱਬ ਬਤਾਨ ਪੰਮੇ। ਬੰਦਗੀ ਕਰਦੇ ਭਗਤ ਕਬੀਰ ਪਕੜੇ ਸੰਗਲ ਬੰਨ੍ਹ ਕੇ ਗੰਗਾ ਡੁਬਾਨ ਪੰਮੇ। ਸਧਨਾ ਵਿਚ ਪਰਾਗਯ ਦੇ ਕਿਲੇ ਚਿਣਿਆਂ ਵੈਰੀ ਉਸਨੂੰ ਠੀਕ ਬਤਾਨ ਪੰਮੇ ਨਾਮ ਦੇਵ ਜੀ ਨੂੰ ਧਕੇ ਮਾਰ ਦਿਤੇ ਬਾਦਸ਼ਾਹ ਤੋਂ ਸਜ਼ਾ ਦਵਾਨ ਪੰਮੇ। ਗੁਰੂ ਨਾਨਕ ਜੀ ਜਗ ਵਿਚ ਸਦੇ ਮਲਕ ਭਾਗੋ ਦੀ ਹੁੰਡੀ ਵਧਾਨ ਪੰਮੇ। ਨਾਮ ਧਰਨ ਕੁਰਾਹੀਆ ਗੁਰੂ ਜੀ ਦਾ ਬਹੁਤ ਪੁਜ ਕੇ ਵੈਰ ਕੁਰਾਨ ਪੰਮੇ। ਚੰਦੂ ਸਾਕ ਵਾਲੀ ਗਲ ਪੜ੍ਹ ਦੇਖੋ ਪੰਚਮ ਗੁਰੂ ਜੀ ਦੀ ਦਾਸਤਾਨ ਪੰਮੇ। ਨਾਲ ਗੁਰੂ ਜੀ ਦੇ ਵੱਡਾ ਜ਼ੁਲਮ ਕੀਤਾ ਤੱਤੀ ਤਵੀਆਂ ਤੇ ਆਸਣ ਲਵਾਨ ਪੰਮੇ। ਗੁਰੂ ਹਰਿਗੋਬਿੰਦ ਨੂੰ ਜ਼ਹਿਰ ਦਿਤੀ ਲੈਣ ਆਏ ਸੀ ਛੋਟੀ ਪ੍ਰਾਨ ਪੰਮੇ। ਸਾਹਿਬਜ਼ਾਦੇ ਦੋ ਗੁਰੂਗੋਬਿੰਦ ਸਿੰਘ ਦੇ ਗੰਗੂ ਫੜਵਾਏ ਬੇਈਮਾਨ ਪੰਮੇ।*ਸ੍ਰੀ ਸਤਿਗੁਰੂ ਰਾਮ ਸਿੰਘ ਨਾਮਧਾਰੀ ਇਟਾਲ ਪਿੰਡ ਪੁਜੇ ਜਦੋਂ ਆਨ ਪੰਮੇ। ਜਗ ਹਵਨ ਅੰਮ੍ਰਿਤ ਤਿਆਰ ਕਰਦੇ, ਹੁਕੇ ਖੂਹਾਂ ਦੇ ਵਿਚ ਸਟਾਨ ਪੰਮੇ। ਉਟਾਲ ਪਿੰਡ ਤੇ ਖੂਹ ਦੇਵੇਚ ਸਾਰੇ,ਤਮਾਕੂ ਨੇ ਏਹ ਹੁਕੇ ਤਰਾਨ ਪੰਮੇ।ਪਾਣੀ ਪੀਣ ਤੋਂ ਸਿੰਘ ਸੀ ਤੰਗ ਹੋਏ,ਲੈਣਸਿੰਘਾਂ ਦੇ ਕਈ ਪ੍ਰਾਨ ਪੰਮੇ। ਰਾਜ ਖਤਮ ਕੀਤਾ ਰਣਜੀਤ ਸਿੰਘ ਦਾ ਨਜ਼ਰ ਆਂਵਦੇ ਪਾਪੀ

---

*ਸੰਮਤ ੧੯੧੫ ਨੂੰ ਪਿੰਡ ਉਟਾਲ ਜ਼ਿਲਾ ਲੁਧਿਆਣੇ ਵਿਚ ਹੈ। ਸੰਮਰਾਲਾ ਦੇ ਕੋਲ ਹੈ। ਓਥੇ ਸ੍ਰੀ ਸਤਿਗੁਰੂ ਰਾਮਸਿੰਘ ਜੀ ਨੇ ਅੰਮ੍ਰਿਤ ਪ੍ਰਚਾਰ ਕੀਤਾ ਸੀ,ਜਿਸ ਠੱਠ ੨੫ ਹਜ਼ਾਰਤੋਂ ਵਧ ਨਾਮਧਾਰੀਆਂਦੀ ਗਿਣਤੀ ਸੀ,ਬ੍ਰਾਹਮਣ ਨੇ ਹੁਕੇ ਤੇ ਤਮਾਕੂ ਖੂਹਾਂ ਵਿਚ ਏਸ ਵਾਸਤੇ ਸਿਟ ਕੇ ਸਿੰਘ ਨੂੰ ਪਾਣੀ ਪੀਣ ਦੀ ਵੱਡੀ ਦਿਕਤ ਹੋਵੇ। ਮਹੀਨਾ ਹਾੜ ਦਾ ਸੀ, ਸਿੰਘ ਨੇ ਸੰਮਰਾਲੇ ਜੋ ਉਠਟਾਲਾ ਤੋਂ ਇਕ ਮੀਲ ਸੀ। ਪਾਣੀ ਲਿਆ ਕੇ ਕੜਾਹ ਪ੍ਰਸਾਦਿ ਤੇ ਲੰਗਰ ਦਰਬਾਰ ਸੈਰ ਬਦੇ ਭੋਗ ਪਾਏ। ਇਹ ਪ੍ਰਸੰਗ ਨਾਮਧਾਰੀ ਇਤਿਹਾਸ ਵਿਚ ਲਿਖਿਆ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ੈਤਾਨ ਪੰਮੇ। ਨਾਮਦੇਵ ਕਬੀਰ ਰਵਿਦਾਸ ਬਾਣੀ ਕਿਵੇਂ ਬਣੇ ਦੁਸ਼ਮਨ ਕਰੋ ਧਿਆਨ ਪੰਮੇ। ਕਾਹਨੂੰ ਲਿਖਣਾ ਹੋਰ ਮੈਂ ਹਾਲ ਸਾਰਾ ਰਹਿ ਕਿਤੇ ਨੇ ਬਣ ਪ੍ਰਧਾਨ ਪੰਮੇ। ਲੋਕ ਕਹਿਣ ਸਿੰਘ ਸੀ ਲਿਖਣ ਵਾਲਾ ਖੋਹੜਾ ਛਡ ਪਏ ਹੋਣ ਵੈਰਾਨ ਪੰਮੇ। ਏਹ ਗਲਾਂ ਇਤਿਹਾਸਾਂ ਨੇ ਲਿਖੀਆਂ ਨੇ ਕੀਤੇ ਆਪਣੇ ਕਰਮ ਦਾ ਪਾਨ ਪੰਮੇ। ਕਾਲਾ ਸਿੰਘ ਤੂੰ ਭੀ ਹੁਣ ਬਸ ਕਰ ਜਾ ਬੋਤੇ ਨਾਲ ਨਾ ਵੈਰ ਕਮਾਨ ਪੰਮੇ।

ਭਗਤ ਜੀ ਦਾ ਉਪਦੇਸ਼

ਬਾਬੇ ਦਸਿਆ ਖੋਲ੍ਹ ਕੇ ਭੇਤ ਸਾਰਾ ਤੁਸੀ ਹੋਵਣਾ ਭਾਈ ਹੈਰਾਨ ਨਾਹੀਂ। ਨਾਰਦ, ਬਿਆਸ, ਧ੍ਰੂਅ, ਪ੍ਰਹਿਲਾਦ, ਸਾਰੇ ਪਾਇਆ ਇਨ੍ਹਾਂ ਨੇ ਗੁਰੂ ਬਿਨ ਗਿਆਨ ਨਾਹੀਂ। ਜਿਵੇਂ ਤਾਰ, ਸਤਾਰ, ਸੰਗੀਤ ਬਾਝੋਂ ਕੰਠ ਰਾਗ ਉਸਤਾਦ ਬਿਨ ਗਾਨ ਨਾਹੀਂ। ਸੰਤ ਦੇਹ ਧਾਰੀ ਗੁਰੂ ਬਿਨਾ ਧਾਰੇ ਕਾਲਾ ਸਿੰਘ ਜੇ ਹੁੰਦੀ ਕਲਿਆਨ ਨਾਹੀਂ।

ਤਥਾ

ਜਿਵੇਂ ਤੇਲ ਦੀਵਾ ਬਤੀ ਕੋਲ ਡੱਬੀ ਹੋਵੇ ਕੋਈ ਨਾ ਪਾਸ ਜਗੌਣ ਵਾਲਾ। ਬਟਾ ਹਟ ਅੰਦਰ ਸੌਦਾ ਤੱਕੜੀ ਹੈ ਹੋਵੇ ਕੋਲ ਨਾ ਖੰਦਾ ਤੁਲੌਣ ਵਾਲਾ। ਜੜ੍ਹੀ ਬੂਟੀਆਂ ਤੇ ਰਤਨ ਜੋਤ ਜਿਵੇਂ ਹੋਵੇ ਵੈਦ ਨਾ ਦੁਖ ਮਿਟੌਣ ਵਾਲਾ। ਪੜ੍ਹੇ ਵਿਦਿਆ, ਗੁਰੂ ਨਾ ਹੋਇ ਕੀਤਾ, ਰਸਤਾ ਮਿਲੇ ਨਾ ਮੁਕਤ ਦੇ ਪੌਣ ਵਾਲਾ। ਗੁਰੂ ਧਾਰੇ ਬਿਨ ਰਸਤਾ ਮੁਕਤ ਨਾਹੀਂ, ਦੇਖੋ ਲਖ ਚੁਰਾਸੀ ਦੀ ਜੂਨ ਵਾਲਾ। ਜਿਵੇਂ ਵਸਤ ਹੋਵੇ ਪਾਣੀ ਵਿਚ ਭਾਂਡੇ, ਦੂਜੀ ਵਾਸਤੇ ਖਾਲੀ ਕਰੋਣ ਵਾਲਾ। *ਗਰੰਥ ਬੇਦ ਸ਼ਾਸਤ੍ਰ ਪੜ੍ਹਕੇ ਦੇਖ ਲੈਣਾ ਸੰਤ ਗੁਰੂ ਸਭੇ ਹੁੰਦੇ ਦੇਹ ਧਾਰੀ ਦੇਹ ਧਾਰੀ ਉਪਕਾਰੀ ਹੈ ਦੇਹ ਧਾਰੀ, ਦੇਹ ਧਾਰੀਏ ਗੁਰੂ ਤੋਂ ਜਾਂ ਵਾਰੀ। ਕਦੇ ਰਾਮ ਆਏ ਕਦੇ ਸ਼ਿਆਮ ਆਏ ਕਦੇ ਨਿਰੰਕਾਰੀ ਕਦੇ

---

*ਕੁੰਭੇ ਬਧਾ ਜਲ ਰਹੈ ਜਲ ਬਿਨ ਕੁੰਭ ਨ ਹੋਇ॥
ਗਿਆਨ ਕਾ ਬਧਾ ਮਨ ਰਹੈ ਗੁਰ ਬਿਨ ਗਿਆਨ ਨ ਹੋਇ॥ (ਆਸਾ ਦੀ ਵਾਰ

Sri Satguru Jagjit Singh Ji Elibrary NamdhariElibrary@gmail.com

ਖੜਗਧਾਰੀ। ਕਾਲਾ ਸਿੰਘ ਜੀ ਦੁਆਦਸ ਰੂਪ ਕਰਕੇ ਪੰਥ ਸਾਜਿਆ ਜਿਨ੍ਹਾਂ ਆ ਨਾਮਧਾਰੀ।

ਪ੍ਰਸੰਗ ਪੱਥਰ ਪੂਜਾ ਬੰਦ ਕਰਾਉਣੀ

ਦੋਹਰਾ—ਜਸ ਭਗਤ ਦਾ ਹੋ ਗਿਆ ਸੇਵਕ ਹੋਏ ਬੇਅੰਤ।
ਵਿਚ ਪੰਜਾਬ ਦੇਸ ਦੇ ਚੇਲੇ ਸੰਤ ਮਹੰਤ।
ਰਾਜੇ ਰਾਣੇ ਉਚ ਨੀਚ ਚਰਨ ਪੂਜਦੇ ਆਣ।
ਦਰਸਨ ਕਰਦੇ ਆਣ ਜੋ ਸਫਲਾ ਜਨਮ ਕਰਾਣ।
ਇਕ ਦਿਨ ਸਿਖਾਂ ਆਣ ਕੇ ਕੀਤੀ ਅਰਜ਼ ਹਜ਼ੂਰ।
ਪਹਿਲੋਂ ਠਾਕਰ ਪੂਜਦੇ ਹੁਣ ਕਿਉਂ ਦਿਤੇ ਘੂਰ।
ਸੁਣ ਕੇ ਏਹੋ ਬੇਨਤੀ ਬਾਣੀ ਦੇਣ ਸੁਣਾਇ।
ਰਾਗ ਭੈਰੋਂ ਵਿਚ ਗਾ ਕੇ ਦਿਤਾ ਭਰਮ ਗੁਵਾਇ।

ਫਲ ਕਾਰਣਿ ਫੂਲੀ ਬਨਰਾਇ। ਫਲੁ ਲਾਗਾ ਤਬ ਫੂਲ ਬਿਲਾਇ॥ ਗਿਆਨੈ ਕਾਰਨ ਕਰਮ ਅਭਿਆਸ॥ ਗਿਆਨ ਭਇਆ ਤਹ ਕਰਮਹਿ ਨਾਸ॥ ੩॥ ਘ੍ਰਿਤ ਕਾਰਨ ਦਧਿ ਮਥੈ ਸਇਆਨ॥ ਜੀਵਤ ਮੁਕਤ ਸਦਾ ਨਿਰਬਾਨ। ਕਹਿ ਰਵਿਦਾਸ ਪਰਮ ਬੈਰਾਗ। ਰਿਦੈ ਰਾਮ ਕੀ ਨ ਜਪਸ ਅਭਾਗ॥
ਭੈਰਉ ਰਾਗ ਵਿਚੋਂ

ਸੁਣ ਕੇ ਏਸ ਸ਼ਬਦ ਨੂੰ ਸਭ ਨੇ ਦਿਤਾ ਸੀਸ ਨਿਵਾਇ।
ਧੰਨ ਧੰਨ ਰਵਿਦਾਸ ਜੀ ਮਹਿਮਾ ਲਖੀ ਨਾ ਜਾਇ।

ਅਕਾਲ ਪੁਰਖ ਨੇ ਸ੍ਰੀ ਰਵਿਦਾਸ ਭਗਤ ਨੂੰ ਦਰਸ਼ਨ ਦੇਣੇ

ਦੋਹਰਾ—ਸੰਮਤ ਪੰਦਰਾਂ ਸੌ ਪੈਂਤੀਆ ਫਗਣ ਹੋਇ ਬਤੀਤ।
ਬਸੰਤ ਖਿੜੇ ਫੁਲਵਾੜੀ ਦੇ ਬਦਲ ਚਲੀ ਰੁਤ ਸੀਤ।

ਬੈਂਤ—ਸੋਹਣਾ ਚਮਨ ਖਿੜਿਆ ਦਿਸੇ ਹਰਾ ਭਰਿਆ ਜੋਬਨ ਹੋਏ ਤਾਜੇ ਖਸ਼ਬੋਈਆਂ ਨੇ। ਰੰਗਰਤੀਆਂ ਪਤੀਆਂ ਟਾਹਣੀਆਂ ਨੇ, ਵੇਲਾਂ ਵਾਲੀਆਂ ਡਾਲੀਆਂ ਸੋਹੀਆਂ ਨੇ। ਝੁਰਮਟ ਬੰਨ ਕੇ ਬੁਲਬੁਲਾਂ ਚੁਹਕੀਆਂ ਨੇ, ਮੈਹਕਾਂ ਨਸ਼ੇ ਦੀਆਂ ਮਾਨੋਂ ਹੋਈਆਂ ਨੇ। ਕੋਇਲ ਕੂਕਦੀ ਸਾਥ ਸਹੇਲੀਆਂਦੇ, ਭੌਰਾਂ ਫੁਲਾਂ ਤੇ ਗੁੰਜਰਾਂ ਪੋਈਆਂ ਨੇ।

Sri Satguru Jagjit Singh Ji Elibrary NamdhariElibrary@gmail.com

ਤਥਾ

ਕੋਂਦਰ ਫੁਲ ਫੁਲੇ ਜਾਮੇ ਕਰੇ ਪੀਲੇ ਰਾਮ ਤ੍ਰਿਗੁਣ ਰੂਪ ਨੂੰ ਧਾਰ ਆਵੇ। ਭਗਤ ਆਸਣ ਤੇ ਲਾ ਸਮਾਧ ਬੈਠਾ, ਸਿਰੀ ਪ੍ਰਭੂ ਅਕਾਲ ਨਿਰੰਕਾਰ ਆਵੇ। ਰਾਮ ਆਖਿਆ ਪੂਜਾ ਕਿਉਂ ਛਡ ਦਿਤੀ ਤੈਨੂੰ ਕਿਸਤਰਾਂ ਚਿਤ ਮੈਂ ਸਾਰ ਆਵੇ। ਕਿਤਨੀ ਪਰੀਤ ਹੁਣ ਤੇਰੀ ਹੈ ਨਾਲ ਮੇਰੇ, ਮੇਰਾ ਤੈਨੂੰ ਹੁਣ ਕਿਤਨਾ ਪਿਆਰ ਆਵੇ। ਭਗਤ ਉਸ ਵੇਲੇ ਸ਼ਬਦ ਬੋਲ ਆਖੇ ਤੇਰੀ ਪਰੀਤ ਰਾਮਾ ਤੋੜੀ ਤੁਟਦੀ ਨਹੀਂ। ਕਾਲਾ ਸਿੰਘ ਤੇਰੇ ਨਾਲ ਮੋੜ ਜੋੜੀ ਦੇਖੋ ਕਦੇ ਭੀ ਫੋੜਿਆਂ ਫੁਟਦੀ ਨਹੀਂ।

ਸੋਰਠ ਬਾਣੀ

ਜਉ ਹਮ ਬਾਂਧੇ ਮੋਹਿ ਫਾਸ ਹਮ ਪ੍ਰੇਮ ਬੰਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨ ਕਰਹੁ ਹਮ ਛੂਟੇ ਤੁਮ ਅਰਾਧੇ ॥ ੧ ॥ ਮਾਧਵੇ ਜਾਨਤ ਹਉ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ। ੧ ॥ ਰਹਾਉ ॥ ਮੀਨ ਪਕਰਿ ਫਾਂਕਿਓ ਅਰ ਕਾਟਿਓ ਰਾਂਧ ਕੀਓ ਬਹੁ ਬਾਨੀ ॥ ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ ੨ ॥ ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ। ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥ ੩ ॥ ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾਸਿਉ ਕਹੀਐ। ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖ ਅਜਹੂ ਸਹੀਐ ॥੪॥੨

ਪ੍ਰਸੰਗ ਸ੍ਰੀ ਰਾਏ ਪੰਡਤ ਨੇ ਆਉਣਾ ਤੇ ਸ੍ਰੀ ਰਵਿਦਾਸ ਦਾ ਸਿਖ ਹੋਣਾ

ਅਲਾਹਾਬਾਦ ਇਲਾਕੇ ਦੇ ਵਿਚ ਆਹਾ ਭਾਗਲ ਪੁਰਾ ਛੋਟਾ ਸ਼ਹਿਰ ਜਾਨ ਪਿਆਰੇ। ਬ੍ਰਹਮਣ ਰਾਏ ਕਵੀ ਵਿਦਵਾਨ ਭਾਰਾ ਮਸ਼ਹੂਰ ਸੀ ਵਿਚ ਜਹਾਨ ਪਿਆਰੇ। ਓਹ ਨਿੰਮ੍ਰਤਾ,ਸ਼ਾਂਤ ਦਾ ਪੁਤਲਾ ਸੀ ਮਤ ਵੈਸ਼ਨੋ ਤੇ ਵਿਦਮਾਨ ਪਿਆਰੇ। ਜਸ ਸੁਣਿਆ ਭਗਤ ਰਵਿਦਾਸ ਦਾ ਸੀ ਲੈਣ ਆਇਆ ਸੀ ਬ੍ਰਹਮ ਗਿਆਨ ਪਿਆਰੇ।

ਤਥਾ

ਠਾਕਰ ਪੂਜਾ ਛਡੀ ਰਵਿਦਾਸ ਨੇ ਹੈ ਹੁਣ ਓਹ ਕਿਸ ਦੀ ਪੂਜਾ

Sri Satguru Jagjit Singh Ji Elibrary NamdhariElibrary@gmail.com

ਕਰਵਾਏਗਾ ਜੀ। ਮਜ਼ਬ ਵੈਸ਼ਨੋ ਹੈ ਵਿਸ਼ੇਸ਼ ਸਭ ਤੇ ਓਹ ਮਜ਼ਬ ਨੂੰ ਕਿਵੇਂ ਉਲਟਾਏਗਾ ਜੀ। ਜਾਂ ਕੇਸ ਕੰਠੀ ਗਲ ਵਿਚ ਪਾਵੇ ਘੋਨ ਮੋਨਾ ਸੰਨਿਆਸੀ ਸਦਾਏਗਾ ਜੀ। ਜੋਗੀ ਗਿਰੀ ਜਾਂ ਮਠਾਂ ਦੀ ਪੂਜ ਦਸੂ ਜਾਂ ਕੋਈ ਵਖਰਾ ਜਾਪ ਜਪਾਏਗਾ ਜੀ। ਕਰਮ ਕਾਂਡ ਜਾਂ ਕਰਮਾਂ ਤੋਂ ਰਹਿਤ ਹੋ ਕੇ ਵਿਦਾਂਤ ਨਾਸਤਕ ਦਾ ਰੌਲਾ ਪਾਏਗਾ ਜੀ। ਕਾਲਾ ਸਿੰਘ ਜਾਂ ਰਾਮ ਦਾ ਜਾਪ ਜਪੇ ਜਨਮ ਮਰਨ ਦੇ ਫੰਦ ਮੁਕਾਏਗਾ ਜੀ।

ਤਥਾ

ਸੰਮਤ ਪੰਦਰਾਂ ਸੌ ਸੀ ਚੇਤ ਚੌਦੇ ਪੁਰਬ ਜਾਣ ਚੰਗਾ ਉਧਵਾਨ ਆਏ। ਸ੍ਰੀ ਰਾਏ ਚੇਲੇ ਹੋਰ ਸੰਗ ਭਾਰਾ ਕਵੀ ਗੁਣੀ ਪੰਡਤ ਵਿਦਵਾਨ ਆਏ। ਕਰਮ ਕਾਂਡੀ, ਰਿਧੀ, ਸਿਧੀ, ਜੋਗ ਧਿਆਨੀ, ਬੇਦ ਪਾਠੀ ਸੀ ਨਾਲ ਪਰਧਾਨ ਆਏ। ਧੰਨ ਭਾਗ ਆ ਜਿਨ੍ਹਾਂ ਨੇ ਦਰਸ ਕੀਤੇ ਚੁਰਾਸੀ ਜੂਨ ਤੋਂ ਗੇੜਾ ਮੁਕਾਨ ਆਏ।

ਸ੍ਰੀ ਰਾਏ ਦੀ ਬੇਨਤੀ

ਵਡੀ ਨਾਲ ਅਧੀਨਗੀ ਆਣ ਕਰਕੇ ਸੀਸ ਚਰਨਾਂ ਤੇ ਆਣ ਟਿਕਾਇਆ ਜੀ। ਹਥ ਜੋੜ ਕੇ ਰਾਏ ਨੇ ਅਰਜ ਕੀਤੀ ਕਿਵੇਂ ਰੱਬ ਦਾ ਦਰਸ਼ਨ ਪਾਇਆ ਜੀ। ਰਬ ਵਸਦਾ ਕਿਸੇ ਮਕਾਨ ਅੰਦਰ ਕਿਵੇਂ ਮਿਲਦਾ ਆਪ ਨੂੰ ਆਇਆ ਜੀ। ਕਾਲਾ ਸਿੰਘ ਮਨ ਦੇ ਸੰਸੇ ਚੁਕ ਦੇਵੋ ਸੁਧ ਆਤਮਾ ਰਾਮ ਮਲਾਇਆ ਜੀ।

ਦੋਹਰਾ—ਸੁਣਕੇ ਬੇਨਤੀ ਰਾਏ ਦੀ ਬਾਬਾ ਬਾਣੀ ਗਾਏ।
ਪੰਡਤ ਕਵੀ ਸ੍ਰੀ ਰਾਏ ਨੂੰ ਦਿਤਾ ਬੈਕੁੰਠ ਪੁਚਾਏ।

ਸੋਰਠ

ਦੁਲਭ ਜਨਮ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੇ॥ ਰਾਜੇ ਇੰਦ੍ਰ ਸਮਸਰ ਗ੍ਰਿਹ ਆਸਨ ਬਿਨ ਹਰ ਭਗਤ ਕਹਹੁ ਕਿਸ ਲੇਖੇ॥ ੧॥

ਟੀਕਾ—ਰਾਮ ਦੀ ਭਗਤੀ ਤੋਂ ਬਿਨਾ ਮਨੁਖਾ ਜਨਮ ਬਿਰਥਾ ਹੈ, ਏਸ ਦੇਹ ਵਿਚ ਭਗਤੀ ਦੁਰਲੱਭ ਵਸਤੂ ਹੈ ਹਰੀ ਦੇ ਜਸ ਦੇ ਬਰਾਬਰ ਰਾਜ ਸਿੰਘਾਸਣ ਵੀ ਕਿਸੇ

Sri Satguru Jagjit Singh Ji Elibrary NamdhariElibrary@gmail.com

ਲੇਖੇ ਵਿਚ ਨਹੀਂ।



ਨਾ ਬਿਚਾਰਿਓ ਰਾਜਾ ਰਾਮ ਕੋ ਰਸੁ ॥
ਜਿਹ ਰਸ ਆਨ ਰਸ ਬੀਸਰ ਜਾਹੀ ॥ ੧ ॥ ਰਹਾਉ ॥
ਜਾਨ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥

ਨਾਮ ਸਿਮਰਨ ਦੇ ਸਚੇ ਰਸ ਵਿਚ ਹੋਰ ਝੂਠੇ ਨਸ਼ੇ ਫਿਕੇ ਹੋ ਜਾਂਦੇ ਹਨ। ਨਾਮ ਦੇ ਜਪਣੇ ਵਾਲੇ ਹੰਕਾਰ ਦਾ ਤਿਆਗ ਕਰ ਦਿੰਦੇ ਨੇ ਜਾਨਦੇ ਹੋਏ ਦੁਨੀਆਂ ਦੇ ਸੁਖਾਂ ਤੋ ਬਾਵਰ) ਬੇਬਾਕ ਹੋ ਜਾਂਦੇ ਨੇ।

ਇੰਦ੍ਰੀ ਸਬਲ ਨਿਬਲ ਬਿਬੇਕ ਬੁਧ ਪ੍ਰਮਾਰਥ ਪ੍ਰਵੇਸ ਨਹੀ ॥ ੨ ॥

ਸੰਤਾਂ ਦੀ ਸੰਗਤ ਵਿਚ ਲਬ ਲੋਭ ਹੰਕਾਰ ਬਲੀ, ਜੋ ਹੈਨ, ਗਿਆਨ ਸੁਣ ਕੇ ਨਿਰਬਲ ਹੋ ਜਾਂਦੇ ਨੇ ਪ੍ਰਮਾਰਥ ਵਿਚ ਨਹੀਂ ਓਦੇ ਸੰਗੀ ॥

ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥

ਹੰਕਾਰੀ ਲੋਕ ਮਾਇਆ ਲੇਪਟ ਹੋ ਕੇ ਨਾਮ ਨਹੀਂ ਜਪਦੇ।

ਕਹਿ ਰਵਿਦਾਸ ਉਦਾਸ ਦਾਸ ਮਤ ਪਰ ਹਰ ਕੋਪ ਕਰਹੁ ਜੀਅ ਦਇਆ। ੩ ॥ ੩ ॥ ੩੬ ॥

ਸ੍ਰੀ ਰਵਿਦਾਸ ਜੀ (ਰਾਇ ਪ੍ਰਤੀ) ਆਖ ਰਹੇ ਹਨ ਵਿਸ਼ਿਆਂ ਤੋਂ ਉਦਾਸ ਹੋ ਕੇ ਆਪਣੀ ਮਤ ਹਰ ਤੂੰ ਸਿਮਰਨ ਵਿਚ ਦਿਆ ਕਰੋ, ਭਾਵ ਮਨੁਖਾ ਜਨਮ ਪਾ ਕੇ ਭਗਤੀ ਗੋਬਿੰਦ ਦੀ ਪ੍ਰਲੋਕ ਸੁਹੇਲਾ ਕਰਦੀ ਹੈ।

॥ ਦਵੈਯਾ ਛੰਦ ॥

ਰੱਬ ਨਾ ਮਿਲਦਾ ਗੰਗਾ ਜਮਨਾ ਕੁੰਭ ਅਸ਼ਨਾਨਾ ਅੰਦਰ।
ਗੋਮਤੀ ਨਾ ਅਠਸਠ ਤੀਰਥ ਨਾ ਕਿਦਾਰ ਦੇ ਮੰਦਰ।
ਨਾ ਜੱਗ ਦਾਨ ਕਰਾਇਆਂ ਮਿਲਦਾ ਨਾ ਹੀ ਸੰਖ ਵਜਾਇਆਂ।
ਨਾ ਮਾਲਾਂ ਨਾ ਪੂਜਾ ਠਾਕਰ ਗੀਤਾ ਧਿਆਨ ਲਗਾਇਆਂ।
ਤ੍ਰਿਦੰਡ ਅਨੰਤਾਂ ਜੋਗ ਦੇ ਜੰਵੂ ਤਿਲਕ ਚੰਨਣ ਲਵਾਇਆਂ।
ਘਰ ਜੋਗੀ ਨਾ ਛਡਿਆਂ ਮਿਲਦਾ ਗ੍ਰਿਸਤ ਤਿਆਗ ਕਰਾਇਆਂ।
ਹਰ ਸੇਵਾ ਕਰ ਹਰ ਖੁਸ਼ ਕਰਕੇ ਹਰ ਦਮ ਹਰ ਨੂੰ ਧਿਆਓ।
ਹਰ ਨੂੰ ਤਦ ਹੀ ਹਰ ਹਰ ਕਹਿੰਦੇ ਹਰ ਥਾਂ ਦਰਸ਼ਨ ਪਾਓ।
ਹਰ ਪਰਬਤ ਹਰ ਨਦੀ ਸਮੁੰਦਰ ਹਰ ਜੰਗਲ ਹਰ ਬੇਲੇ।

Sri Satguru Jagjit Singh Ji Elibrary NamdhariElibrary@gmail.com

ਹਰ ਜ਼ਰਰੇ ਹਰ ਪਤੇ ਤੂਸੇ ਹਰ ਕਿਣਕੇ ਹਰ ਮੇਲੇ।
ਸਜਣ ਵੈਰੀ ਸੁਤ ਸਨਬੰਧੀ ਹਰ ਹਾਕਮ ਹਰ ਦੋਸੀ।
ਹਰ ਪਾਸੇ ਹਰ ਹੀ ਪਿਆ ਜਾਪੇ ਹਰ ਬਿਨ ਕੋਈ ਨ ਹੋਸੀ।
ਸੰਤ ਜਨ ਹਰ ਦਾ ਜਸ ਨੇ ਕਰਦੇ ਹਰ ਦਾ ਵਾਸਾ ਓਹੀ।
ਕੀਰਤਨ ਦੇ ਵਿਚ ਵਸਦਾ ਹਰ ਹੈ ਨਾ ਹਰ ਅੰਦਰ ਰੋਹੀ।
ਗੀਤਾ ਦੇ ਵਿਚ ਲਿਖਿਆ ਰਾਏ ਜੀ, ਨਾਰਦ ਤਾਈਂ ਸੁਣਾਂਵੇ।
ਭਗਤਾਂ ਅੰਦਰ ਵਸਦਾ ਹਰ ਹੈ ਹਰ ਜਸ ਸੁਖ ਸੁਣ ਪਾਵੇ।

ਸਲੋਕ ॥ ਨਾਹੂੰ ਵੈ ਸੁਆਮੀ ਵਈਕੁੰਠੇ ਜੋਗੀ ਹਿਰਦੇ ਨਹਿਨੰ।
ਨਪੀ ਮਧ ਭਗਤਾਂ ਜਤ੍ਰ ਗਾਇਤ੍ਰੀ ਤ੍ਰਤ੍ਰਵੈ ਸਾਮੀ ਨਾਰਦੇ ॥

ਸੰਗਤ ਸੰਗ ਹਰ ਕੀਰਤਨ ਅੰਦਰ ਪਰੀਤਮ ਮੇਰਾ ਵਸਦਾ।
ਧੰਨ ਨਾਮਦੇਵ ਨੂੰ ਦਰਸ਼ਨ ਹਰ ਵਿਚ ਹਰ ਹੈ ਹਸਦਾ।
ਕਾਲਾ ਸਿੰਘ ਜੀ ਰਾਇ ਕਵੀ ਨੇ ਚਰਨ ਪਾਹੁਲ ਲੈ ਲੀਤੀ।
ਛਡੇ ਜਾਤ ਪਾਤ ਦੇ ਝਗੜੇ ਜੰਞੂ ਆਦਿ ਕੁਰੀਤੀ।

ਕਵੀ ਰਾਇ ਨੇ ਦੇਸਾਂ ਪ੍ਰਦੇਸਾਂ ਵਿਚ ਜਾਣਾ ਤੇ ਭਗਤ ਬਾਣੀ ਦਾ ਪਰਚਾਰ ਕਰਨਾ

ਸੇਵਕ ਹੋਏ ਰਾਇ ਕਵੀ ਭਗਤ ਜੀ ਦਾ ਚਲ ਦੇਸਾਂ ਪ੍ਰਦੇਸਾਂ ਪਰਚਾਰ ਕੀਤਾ। ਜਪੇ ਨਾਮ ਤੇ ਪਥਰ ਪੂਜਾ ਛਡੋ ਚੰਗਾ ਦੇਸ ਦਾ ਏਹ ਸੁਧਾਰ ਕੀਤਾ। ਪਾਇਆ ਰੋਲਾ ਸੀ *ਪੰਡਤਾਂ ਦੇਸ ਅੰਦਰ ਰਾਏ ਕਵੀ ਨੇ ਗੁਰੂ ਚਮਾਰ ਕੀਤਾ। ਲਿਖੇ ਪੁਸਤਕ ਅਗ ਦੇ ਵਿਚ ਸਾੜੇ ਏਹਨਾ ਬਾਮਣਾ ਨੇ ਬੜਾ ਰਾਰ ਕੀਤਾ। ਸਿਦਕਧਾਰੀ ਸੇਵਾ ਓਹ ਰਿਹਾ ਕਰਦਾ ਚਰਨੀ ਬਾਬੇ ਦੇ ਨਾਲ ਪਿਆਰ ਕੀਤਾ। ਜਸ ਭਗਤ ਰਵਿਦਾਸ ਦਾ

---

ਰਾਏ ਕਵੀ ਦੀ ਬਾਣੀ ਅਲਾਹਬਾਦ ਸ਼ਹਿਰ ਦੇ ਪ੍ਰੈਸਾਂ ਵਿਚੋਂ ਛਪੀ ਹੋਈ ਮਿਲਦੀ ਹੈ। ਪਖੰਡ ਦਾ ਖੰਡਨ। ਈਰਖਾਵਾਦੀ ਬਾਹਮਣਾਂ ਨੇ ਬਰਾਦਰੀ ਚੋਂ ਕਢ ਕੇ ਏਹਦੇ ਬਣੇ ਹੋਏ ਪੁਸਤਕ ਅੱਗ ਵਿਚ ਸਾੜ ਦਿਤੇ ਹਨ। ਮੈਕਾਲਫ ਆਪਣੀ ਹਿਸਟਰੀ ਵਿਚ ਲਿਖਦਾ ਹੈ। ਸ੍ਰੀ ਰਾਏ ਨੇ ਰਵਿਦਾਸ ਪਾਸ ਰਹਿਕੇ ਅੰਤ ਸਮਾਂ ਬਤੀਤ ਕੀਤਾ ਹੈ। ਰਾਏ ਦਾਸ ਭੀ ਏਸਦਾ ਨਾਮ ਸੀ।

Sri Satguru Jagjit Singh Ji Elibrary NamdhariElibrary@gmail.com

ਦੇਸ ਅੰਦਰ ਫੈਲ ਰਿਹਾ ਹੈ ਵਿਚ ਸੰਸਾਰ ਪਿਆਰੇ । ਕਾਲਾ ਸਿੰਘ ਜੀ ਭਗਤ ਰਵਿਦਾਸ ਜੀ ਨੇ ਕੀਤੇ ਦੇਸ ਤੇ ਬੜੇ ਉਪਕਾਰ ਪਿਆਰੇ ।

## ਪਰਸੰਗ ਮੀਰਾਂ ਬਾਈ ਦਾ

ਮੀਰਾਂ ਬਾਈ ਨੇ ਰਵਿਦਾਸ ਭਗਤ ਨੂੰ ਗੁਰੂ ਧਾਰਨਾ ਤੇ ਉਸ ਦੇ ਪਿਤਾ ਨੇ ਇਸ ਨੂੰ ਜ਼ਹਿਰ ਦੇਣੀ ਮੀਰਾਂ ਬਾਈ ਤੇ ਜ਼ਹਿਰ ਨੇ ਕੋਈ ਅਸਰ ਨ ਕਰਨਾ ਇਸ ਕੌਤਕ ਨੂੰ ਵੇਖਕੇ ਰਾਣੇ ਸਾਂਗੇ ਨੇ ਰਵਿਦਾਸ ਭਗਤ ਦਾ ਸਿਖ ਹੋਣਾ ਉਦੇ ਪੁਰ ਵਾਲੇ ਰਾਜੇ ਨੇ ਹਰੀ ਕੀਰਤਨ ਮੰਦਰ ਬਣਵਾਉਣਾ

ਦੋਹਰਾ—ਭਗਤਨੀ ਮੀਰਾਂ ਬਾਈ ਨੂੰ ਮਿਲਿਓ ਸ੍ਰੀ ਰਵਿਦਾਸ ।
ਪ੍ਰੇਮ ਲਗਾ ਦਿਲ ਓਸ ਦੇ ਹੋ ਗਈ ਮਸਤ ਬਿਲਾਸ ।

ਛੰਤ—ਮੇਹੜ ਪਿੰਡ ਰਠੌੜ ਤੇ ਵਸਣ ਵਾਲੇ ਰਤਨ ਸਿੰਘ ਜੀ ਵਡੇ ਸਰਦਾਰ ਹੈਸਨ । ਖਾਨਦਾਨ ਭਾਰੇ ਉਚੀ ਕੁਲਾਂ ਵਾਲੇ ਕੁਨਬੇ ਆਪਣੇ ਸ਼ਾਹ ਸੁਲਾਰ ਹੈਸਨ । ਇਕ ਪੁਤਰੀ ਸੀ ਮੀਰਾਂ ਨਾਮ ਧਰਿਆ ਵਿਚ ਵਿਦਿਆ ਦੇ ਬੜੇ ਪਿਆਰ ਹੈਸਨ । ਪੜੇ ਗਰੰਥ ਸੰਸਕ੍ਰਿਤੀ ਵੇਦਾਂਤ ਸਾਰੇ, ਪੜੇ ਜੈਮਨੀ ਰਿਖ ਵਿਚਾਰ ਹੈਸਨ । ਪਿਤਾ ਵਿਦਿਆ ਚੌਦਾਂ ਪੜਾ ਦਿਤੀ ਭਾਰਤ ਖੰਡ ਮਮਾਂਸ ਅਚਾਰ ਹੈਸਨ । ਸੰਸਕ੍ਰਿਤ ਦੇ ਵਿਚ ਭਰਪੂਰ ਹੋਈ ਪਏ ਗਰੰਥਾਂ ਦੇ ਭਰੇ ਭੰਡਾਰ ਹੈਸਨ । ਵਿਚ ਆਪਣੀ ਉਮਰ ਜੁਵਾਨ ਹੋਈ ਉਦੇ ਪੁਰ ਸ਼ਾਦੀ ਕਰੀ ਆਣ ਹੈ ਜੀ । ਮਹਾਰਾਣਾ ਸਾਂਗਾ ਦੇ ਖਾਸ ਪੁਤਰ ਗਿਰਧਰ ਨਾਮ ਜੋ ਹਾਣ ਪ੍ਰਮਾਣ ਹੈ ਜੀ ।

ਤਥਾ

ਸ਼ਾਦੀ ਹੋਈ ਨੂੰ ਅਜੇ ਕੁਛ ਦਿਨ ਹੋਏ, ਗਿਰਧਰ ਪਤੀ ਜੋ ਸੁਰਗ ਸਿਧਾਰਿਆ ਜੀ । ਹੋਣੀ ਆਣ ਵਿਛੋੜਾ ਸੀ ਪਾ ਦਿਤਾ, ਹੈਂਸਿਆਰੀ ਆ ਕੇ ਲੋਹੜਾ ਮਾਰਿਆ ਜੀ । ਮੀਰਾਂ ਪਰੇਮ ਪਤੀ, ਮਤੀ

Sri Satguru Jagjit Singh Ji Elibrary NamdhariElibrary@gmail.com

ਰਹੇ ਹਰਦਮ ਇਕੋ ਚਿਤ ਦੇ ਵਿਚ ਵਿਚਾਰਿਆ ਜੀ। ਚਲੋ ਦੇਖੀਏ ਤੀਰਥੀਂ ਚਲਕੇ ਜੀ ਕੋਈ ਸੰਤ ਮਿਲ ਪਏ ਰਾਮ ਤਾਰਿਆ ਜੀ।

### ਮੀਰਾਂ ਬਾਈ ਨੇ ਤੀਰਥਾਂ ਤੇ ਜਾਣਾ

ਮਿਲ ਕੇ ਸੰਤ ਨੂੰ ਸ਼ਾਂਤ ਸਰੀਰ ਹੋਵੇ ਤੀਰਥ ਕਰੀਏ ਜੇ ਕਿਤੇ ਧੀਰ ਹੋਵੇ। ਗੰਗਾ, ਬਦਰੀ ਨਾਥ, ਕਿਦਾਰ ਜਾਂਦੀ ਫਲਗੂ, ਗੋਮਤੀ ਤੇ ਗੰਗਾ ਨੀਰ ਹੋਵੇ। ਜਗਨ ਨਾਥ,ਪਰਾਗ ਤੇ ਗਇਆ ਜਾਂਦੀ ਸਾਗਰ ਦੁਆਰਕਾ ਤੇ ਹਨੂਬੀਰ ਹੋਵੇ। ਰਿਸ਼ੀ ਕੇਸ, ਉਜੈਨ, ਅਜਮੇਰ ਸਾਰੇ, ਸੁਧ ਸਾਂਤਕੀ ਸੁਧ ਫਕੀਰ ਹੋਵੇ। ਮਿਲ ਕੇ ਓਹਨਾਂ ਨੂੰ ਆਤਮਾ ਦਿਸੇ ਜ਼ਾਹਰ, ਹਰ ਜਗਾ ਦੇ ਵਿਚ ਅਕਸੀਰ ਹੋਵੇ। ਪੂਰਨ ਸੰਤ ਤੇ ਦਿਲ ਇਕੰਤ ਹੋਵੇ ਨਿਰਗੁਣ ਰੂਪ ਹੋ ਸਰਗੁਣ ਸਰੀਰ ਹੋਵੇ। ਹੋਵੇ ਨਾਮ ਰਤਾ, ਰਾਮ ਸਿਆਮ ਰੱਤਾ ਸੁਭਾ ਸ਼ਾਮ ਰੱਤਾ ਤੇ ਬਾਜ਼ੀਰ ਹੋਵੇ। ਪੁਛਦੀ ਪੰਡਤਾਂ ਜੋਗੀਆਂ ਸਾਧੂਆਂ ਨੂੰ ਮੇਰੇ ਮਨ ਦੀ ਧੀਰ ਧਰਾਇ ਕੋਈ। ਮੀਰਾਂ ਵਿਚ ਪ੍ਰੇਮ ਦੇ ਮਸਤ ਹੋਈ ਕਾਲਾ ਸਿੰਘ ਜੀ ਦਰਸ ਦਿਖਾਏ ਕੋਈ।

### ਤਥਾ

ਜੋਗੀ ਦੇਖੇ ਨੇ ਸੋਗ ਦੇ ਵਿਚ ਬੈਠੇ ਸੰਨਿਆਸੀ ਸੁਨੇ ਨੇ ਮੁੰਦਰਾਂ ਪਾਣ ਵਾਲੇ।ਇਕੋ ਬ੍ਰਹਮ ਦੁਤੀਆ ਨਾਸ ਕਹਿਣ ਵਾਲੇ ਪੰਡਤ ਦੇਖੇ ਨੇ ਖਾਣ ਹੰਡਾਣ ਵਾਲੇ। ਸਾਧ ਸੰਤ ਦੇਖੇ ਓਘੜ ਨਾਥ ਦੇਖੇ ਜੰਗਮ ਦੇਖੇ ਨੇ ਟਲ ਖੜਕਾਨ ਵਾਲੇ। ਮੋਨੀ ਦੇਖੇ ਨੇ ਅਲਫੀਆਂ ਪਾਣ ਵਾਲੇ ਖਾਣ ਵਾਲੇ ਤੇ ਖਾਕ ਰਮਾਣ ਵਾਲੇ। ਦੇਖੇ ਨਿਓਲੀ ਕਰਮ ਕਮਾਣ ਵਾਲੇ ਦਸਵੇਂ ਦੁਆਰ ਨੂੰ ਸਾਸ ਚੜ੍ਹਾਣ ਵਾਲੇ। ਕਈ ਤਨਾਂ ਸਮਾਧੀਆਂ ਲਾਣ ਵਾਲੇ ਜੋਜੀ ਦੇਖੇ ਦੁਕਾਨਾਂ ਚਲਾਣ ਵਾਲੇ। ਦੇਖ ਤੀਰਥਾਂ ਭਾਲ ਕੇ ਥਕ ਬੈਠੀ ਆਪੋ ਆਪਣੇ ਮਤ ਵਧਾਨ ਵਾਲੇ। ਕਦੇ ਰਹੇ ਪੇਕੇ, ਉਦੇ ਪੁਰ ਅੰਦਰ, ਸਿਆਮ ਮੁਰਲੀ ਵਾਲਾ ਮੂੰਹੋਂ ਰਟਦੀ ਜੋ। ਕਾਲਾ ਸਿੰਘ ਗੁਰੂ ਬਿਨ ਸ਼ਾਂਤ ਹੈਨੀ ਬਹੁਤ ਸਾਲ ਇੰਜ ਦਿਨ ਕਟਦੀ ਜੋ।

Sri Satguru Jagjit Singh Ji Elibrary NamdhariElibrary@gmail.com

### ਇਕ ਸੰਤ ਨੇ ਮੀਰਾਂ ਬਾਈ ਨੂੰ ਪੂਰੇ ਸੰਤ ਦੀ ਬਾਬਤ ਪੁਛਣਾ ਤੇ ਉਸ ਨੇ ਸ੍ਰੀ ਰਵਿਦਾਸ ਜੀ ਦੀ ਦਸ ਪਾਉਣੀ

ਇਕ ਸੰਤ ਆਏ ਕਾਂਸ਼ੀ ਪੁਰੀ ਵਿਚੋਂ ਓਹਨੂੰ ਪੁਛਿਆ ਜੋ ਕਰਕੇ ਬੰਦ ਬਾਈ। ਕਿਤੇ ਸੰਤ ਕੋਈ ਪੂਹਨ ਪੁਰਖ ਹੋਵੇ ਮਨ ਹੋਵੇ ਸੰਸਾਰ ਤੇ ਰੰਦ ਬਾਈ। ਉਸ ਆਖਿਆ ਮੀਰਾਂ ਜੀ ਸੰਤ ਪੂਰਨ ਕਾਂਸ਼ੀ ਪੁਰੀ ਅੰਦਰ ਰਾਮਾ ਨੰਦ ਬਾਈ। ਵਡੇ ਸੰਤ ਮਹਾਤਮਾ ਤੱਤ ਬੇਤੇ, ਤੈਨੂੰ ਆਉਣਗੇ ਓਹ ਪਸੰਦ ਬਾਈ। ਮਤ ਵੈਸ਼ਨੋ ਸੰਤ ਅਤੀਤ ਬਿਰਤੀ ਚੇਲੇ ਓਹਨਾਂ ਦੇ ਬਹੁਤ ਬਲੰਦ ਬਾਈ। ਕਬੀਰ ਭਗਤ ਰਵਿਦਾਸ ਨੇ ਖਾਸ ਚੇਲੇ, ਜੀਨੂੰ ਜਾਣਦੇ ਨੇ ਸਾਰੇ ਕੰਦ ਬਾਈ। ਸੁਣਕੇ ਮੀਰਾਂ ਜੋ ਕਰਮਾਂ ਨੂੰ ਨਾਲ ਲੈ ਕੇ ਮਜਲੋ ਮਜਲ ਸ਼ਹਿਰ ਕਾਂਸ਼ੀ ਚਲ ਆਵੇ। ਕਾਲਾ ਸਿੰਘ ਨੂੰ ਚਟਕ ਪਰੇਮ ਵਾਲੀ ਰਾਮਾਨੰਦ ਜੀ ਦੇ ਡੇਰੇ ਵਲ ਆਵੇ।

### ਮੀਰਾਂ ਬਾਈ ਨੂੰ ਸ੍ਰੀ ਰਾਇ ਨੇ ਮਿਲਣਾ

ਮੀਰਾਂ ਪੁਛਿਆ ਸੰਤ ਮਹਾਤਮਾ ਤੋਂ ਰਾਮਾ ਨੰਦ ਜੀ ਦਾ ਕੇਹੜਾ ਦੁਆਰ ਭਾਈ। ਆਹ ਡੇਰਾ ਹੈ ਜੇ ਰਾਮਾ ਨੰਦ ਜੀ ਦਾ ਪਕੇ ਮੰਦਰ ਹੈ ਜੋ ਠਾਕਰ ਦੁਆਰ ਭਾਈ। ਮੀਰਾਂ ਪੁਛਿਆ ਦਸਣਾ ਰਾਏ ਸਾਹਿਬ ਕਰਨ ਗੁਰੂ ਕੀ ਲਗੇ ਕਾਰ ਭਾਈ। ਜਿਸ ਦਾ ਦਰਸ ਕੀਤੇ ਦਿਲ ਧੀਰ ਬੱਜੇ, ਮੀਰਾਂ ਪੁਛਿਆ ਸੀ ਬਾਰ ਬਾਰ ਭਾਈ। ਅਗੋਂ ਕਿਹਾ ਭੈਣੇ ਰਾਮਾ ਨੰਦ ਗੁਰੂ, ਪੂਜ ਠਾਕਰਾਂ ਫੂਲਾ ਚੜ੍ਹਾਈ ਜਾਂਦਾ। ਦਿਨੇ ਰਾਤ ਠਾਕੁਰ ਪੂਜਾ ਹੈ ਕਰਦਾ, ਨਿਤ ਟੱਲ ਤੇ ਟੱਲ ਖੜਕਾਈ ਜਾਂਦਾ।

### ਮੀਰਾਂ ਬਾਈ

ਏਹੋ ਜੇਹੇ ਮੈਂ ਸੰਤ ਨੇ ਬਹੁਤ ਦੇਖੇ ਮੇਰਾ ਕਿਸਤਰਾਂ ਕਰਨ ਸੁਧਾਰ ਕਿਸੇ। ਜੇਹੜਾ ਆਪ ਪੂਜੇ ਨਿਤ ਪਥਰਾਂ ਨੂੰ ਨੈਨ ਖੋਲਣੇ ਕੀ ਅੰਧਕਾਰ ਕਿਸੇ। ਪੂਜਾ ਪਥਰਾਂ ਦੀ ਦਿਨੇ ਰਾਤ ਕਰਦਾ ਓਨੇ ਹੋਰ ਨੂੰ ਦੇਣਾ ਕੀ ਤਾਰ ਕਿਸੇ। ਚੜ੍ਹਦਾ ਆਪ ਬੇੜੀ ਜੇਹੜਾ ਪੱਥਰਾਂ ਦੀ, ਚਾੜ੍ਹ

Sri Satguru Jagjit Singh Ji Elibrary NamdhariElibrary@gmail.com

ਓਸ ਤੇ ਕਰੂ ਕੀ ਪਾਰ ਕਿਸੇ। ਪੂਰਨ ਬ੍ਰਹਮ ਨਿਰਗੁਣ ਰੱਬ ਨਾਲ ਖੇਲੇ ਸੰਤ ਓਸ ਦੀ ਦਸੋ ਪਛਾਨ ਮੈਨੂੰ। ਮੇਰੇ ਮਨ ਦੀ ਪਿਆਸ ਬੁਝਾ ਦੇਵੇ, ਦੇਵੇ ਆਤਮਾ ਬੋਧ ਦਾ ਗਿਆਨ ਮੈਨੂੰ।

ਸ੍ਰੀ ਰਾਇ ਕਵੀ

ਕਿਹਾ ਫੇਰ ਸ੍ਰੀ ਓਸ ਮਹਾਤਮਾ ਨੇ ਪੂਰਨ ਸੰਤ ਦਾ ਕਰੋ ਦਿਦਾਰ ਮੀਰਾਂ। ਨਿਤ ਰਾਮ ਜੀ ਦੇ ਨਾਲ ਕਰੇ ਗੱਲਾਂ ਸ਼ਾਂਤ ਰੂਪ ਹੈ ਆਪ ਕਰਤਾਰ ਮੀਰਾਂ। ਓਹਦੇ ਦਰਸ ਅੰਦਰ ਠੰਡ ਪੈ ਜਾਂਦੀ ਰੱਬੀ ਨੂਰ ਵਰਸੇ ਠੰਡਾ ਠਾਰ ਮੀਰਾਂ। ਬ੍ਰਹਮ ਗਿਆਨੀ ਤਤਬੇਤਾ ਸੰਤ ਹੈ ਜੋ ਜਾਤ ਓਸਦੀ ਛੋਟੀ ਅਪਾਰ ਮੀਰਾਂ। ਪਰੀ ਪੂਰਨ ਪ੍ਰਮਾਤਮਾ ਨਾਲ ਖੇਲੇ ਭਗਤ ਸ੍ਰੀ ਰਵਿਦਾਸ ਚਮਾਰ ਮੀਰਾਂ। ਦਰਸ਼ਨ ਆਣ ਕੀਤੇ ਮੀਰਾਂ ਭਗਤ ਜੀ ਦੇ ਸੀਸ ਕਰ ਨੀਵਾ ਹਥ ਬੰਦ ਬੈਠੀ। ਗਈ ਸੁਧ ਸਰੀਰ ਤੋਂ ਭੁਲ ਸਾਰੀ ਚਰਨਾਂ ਵਿਚ ਰਵਿਦਾਸ ਅਨੰਦ ਬੈਠੀ।

ਮੀਰਾਂ ਬਾਈ ਦੀ ਸ੍ਰੀ ਰਵਿਦਾਸ ਭਗਤ ਅਗੇ ਬੇਨਤੀ

ਮਹਾਰਾਜ ਮੈਨੂ ਦਰਸ਼ਨ ਕਰ ਥੋੜਾ ਆਈ ਦਿਲ ਨੂੰ ਸ਼ਾਂਤ ਸਰੀਰ ਵਾਰੀ। ਫਿਰਦੀ ਭਾਲਦੀ ਖਾਕ ਮੈਂ ਸਾਧੂਆਂ ਦੀ ਕਰਨੀ ਬਾਬਾ ਜੀ ਮਾਫ ਤਕਰੀਰ ਵਾਰੀ। ਸਾਧੂ ਭਾਲ ਕੇ ਅਠਸਠ ਤੀਰਥਾਂ ਤੋਂ ਹੋਈ ਆਪ ਦੀ ਮੈਂ ਦਾਮਨਗੀਰ ਵਾਰੀ। ਬੜੇ ਦੁਖ ਝਲੇ ਤਕੀ ਸ਼ਰਨ ਤੇਰੀ ਡਿਗੀ ਆਪਦੇ ਦਰ ਅਖੀਰ ਵਾਰੀ। ਨਾਮ ਦਸ ਦੇਵੋ ਜੁਗਤ ਜਾਪ ਵਾਲੀ ਦਿਸੋ ਰੱਬ ਦੇ ਆਪ ਵਜੀਰ ਵਾਰੀ। ਸੁਣ ਕੇ ਬੇਨਤੀ ਮੀਰਾਂ ਦੀ ਭਗਤ ਜੀ ਨੇ ਲਗੇ ਭਰਮ ਦੇ ਜੰਦਰੇ ਤੋੜਦੇ ਨੇ। ਨਾਲ ਰਾਮ ਦੇ ਆਤਮਾ ਜੋੜਦੇ ਨੇ ਦੁਨੀਆਦਾਰੀ ਦੀ ਲਾਜ ਨੂੰ ਰੋੜਦੇ ਨੇ।

ਦੋਹਰਾ—ਆਸਾ ਰਾਗ ਦੇ ਅੰਦਰੋਂ ਬਾਬੇ ਬਾਣੀ ਗਾਇ।
ਬੰਧਨ ਕਟੇ ਦਿਲਾਂ ਤੋਂ ਦਿਤਾ ਭਰਮ ਨਸਾਇ॥

Sri Satguru Jagjit Singh Ji Elibrary NamdhariElibrary@gmail.com

ਆਸਾ ॥

ਕਹਾ ਭਇਓ ਜਉ ਤਨ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥ १ ॥

ਟੀਕਾ—ਹੇ ਮੀਰਾਂ ਜੇ ਸਰੀਰ ਦੇ ਨਿਕੇ ਨਿਕੇ ਟੁਕੜੇ ਹੋ ਜਾਣ ਤਾਂ ਕੀ ਹੋਇਆ ਚਰਨਾਂ ਦਾ ਸਚਾ ਪਿਆਰ ਅੰਦਰ ਹਿਰਦੇ ਵਿਚ ਰਚਿਆ ਹੋਵੇ ਤਾਂ ਧੋਖਾ ਨਹੀਂ ਪੈਂਦਾ।

ਤੁਝਹਿ ਚਰਨ ਅਰ ਬਿੰਦ ਭਵਨ ਮਨੁ ॥

ਭਵਰ ਜਿਵੇਂ ਫੁਲਾਂ ਨੂੰ ਜਾਂਦਾ ਹੈ, ਤਿਉਂ ਮਨ ਕਰ ਕੇ (ਅਤੇ ਤਨ) ਪੈਰਾਂ ਨਾਲ ਸੰਗਤ ਕਰੇ ਸਾਧਾਂ ਦੀ।

ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥ १ ॥ ਰਹਾਉ ॥

ਪਰੇਮ ਨਾਲ ਵਾਹਿਗੁਰੂ ਰੂਪੀ ਧਨ ਪਰਾਪਤ ਹੁੰਦਾ ਹੈ।

ਸੰਪਤਿ ਬਿਪਤ ਪਟਲ ਮਾਇਆ ਧਨੁ।

ਮਾਇਆ ਨੂੰ ਕਠੀ ਕਰਨ ਵਾਸਤੇ ਏਹ ਜੀਵ ਅਨੇਕ ਕਸ਼ਟ ਝਲਦਾ ਹੈ ਰਾਤ ਦਿਨ

ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥ २ ॥

ਹੇ ਮੀਰਾਂ ਸੰਤ ਜਨ ਮਾਇਆ ਤੋਂ ਵਖਰੇ ਰਹਿੰਦੇ ਨੇ ਮਸਤ ਨਹੀਂ ਹੁੰਦੇ।

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥

ਹੇ ਬਾਈ ਪਰੀਤ ਦੀ ਜੰਜੀਰੀ ਵਿਚ ਸੇਵਕ ਜਨ ਬਧੇ ਹੋਏ ਨੇ ਰਾਮ ਦੇ।

ਕਹਿ ਰਵਿਦਾਸ ਛੂਟਬੋ ਕਵਨ ਗੁਨ ॥ ३ ॥ ४ ॥

ਰਾਮ ਦੀ ਜੰਜੀਰੀ ਵਿਚੋਂ ਸਚੇ ਪਰੇਮੀ ਨਹੀਂ ਨਿਕਲਦੇ। ਭਾਵ ਪਰੇਮ ਦੇ ਰਸ ਵਿਚ ਪੁਜ ਕੇ ਸਿਖ ਬ੍ਰਹਮ ਗਿਆਨੀ ਹੋ ਜਾਂਦਾ ਹੈ।

ਮੀਰਾਂ ਬਾਈ ਨੇ ਭਗਤ ਰਵਿਦਾਸ ਜੀ ਅਗੇ ਬੇਨਤੀ ਕਰਨੀ

## ਕਾਫੀ

**ਸੁਣ ਕੇ ਬਾਣੀ ਮਸਤ ਦਿਵਾਨੀ ਮੀਰਾਂ ਆਖੇ ਤਾਰੀ ਮੈਂ।**
**ਚਰਨ ਤੇਰੇ ਤੋਂ ਸਦਕੇ ਜਾਵਾਂ ਲਖ ਲਖ ਜਾਵਾਂ ਵਾਰੀ ਮੈਂ।**
**ਮੈਂ ਦੁਖੀਆ, ਰੀ ਸਰਨ ਤੁਮ੍ਹਾਰੀ ਹਾਂ ਜੀ ਔਗਣਹਾਰੀ ਮੈਂ।**
**ਤੁਮ ਦਰਸ਼ਨ ਤੇ ਕ੍ਰਿਪਾ ਹੋਈ ਚਿਠੀਆ ਜਮ ਦੀ ਫਾਰੀ ਮੈਂ।**
**ਜਪ ਤਪ ਪੂਜਾ ਚਿਤ ਨਾ ਲਾਇਓ ਵਿਦਿਆ ਵਿਚ ਹੰਕਾਰੀ ਮੈਂ।**

Sri Satguru Jagjit Singh Ji Elibrary NamdhariElibrary@gmail.com

ਗੁਣ ਔਗਣ ਮੇਰਾ ਨਾਹਿ ਬਿਚਾਰੋ ਜਪਿਆ ਨ ਕ੍ਰਿਸ਼ਨ ਮੁਰਾਰੀ ਮੈਂ ।
ਜੋ ਦਿਨ ਲੰਘੇ ਬਾਝ ਗੁਰਾਂ ਤੋਂ ਦਰਸ ਨ ਕਰੇ ਗੁਜ਼ਾਰੀ ਮੈਂ ।
ਦਸ ਦਿਓ ਮੰਤਰ ਸ਼ਬਦ ਉਜਾਲਾ ਸੇਵਕ ਬਨੀ ਹੂੰ ਥਾਰੀ ਮੈਂ ।
ਮੈਂ ਚੇਰੀ ਹਾਂ ਤੇਰੀ ਬਾਬਾ, ਅੰਮ੍ਰਿਤ ਪੀਵਾਂ ਧਾਰੀ ਮੈਂ ।
ਕਾਲਾ ਸਿੰਘ ਮੈਂ ਪਰੇਮ ਦੀਵਾਨੀ ਮੀਰਾਂ ਅਰਜ਼ ਗੁਜ਼ਾਰੀ ਮੈਂ ।

ਸ੍ਰੀ ਰਵਿਦਾਸ ਨੇ ਭਜਨ ਦਸਨਾ

ਨਜ਼ਰ ਮੇਹਰ ਦੀ ਭਗਤ ਜਾਂ ਕੀਤੀ ਕੰਨ ਵਿਚ ਨਾਮ ਸੁਣਾਇਆ ਜਾ ।
ਸੁਰਤਿ ਇਕਾਗਰ ਭਰਮ ਨਸਿਆ ਅੰਦਰੋਂ ਅੰਧੇਰ ਮਿਟਾਇਆ ਜਾ ।
ਦਸਮ ਦੁਆਰ ਦੀ ਦਿਤੀ ਚਾਬੀ ਅਨਹਦ ਸਬਦ ਸੁਣਾਇਆ ਜਾ ।
ਕੜ੍ਹਕੇ ਦੁਧ ਜਿਵੇਂ ਪੱਕਾ ਹੋਇਆ ਜਾਗ ਨਾਮ ਵਿਚ ਪਾਇਆ ਜਾ ।
ਹੰਕਾਰ ਸੱਪ ਦੇ ਕੁਟਣੇ ਖਾਤਰ ਡੰਡਾ ਗਿਆਨ ਫੜਾਇਆ ਜਾ ।
ਜੋ ਬ੍ਰਹਿਮੰਡੇ ਸੋਈ ਪਿੰਡੇ ਇਕ ਪਲ ਵਿਚ ਦਿਖਾਇਆ ਜਾ ।
ਲਖਾਂ ਰਾਮ ਤੇ ਕ੍ਰਿਸ਼ਨ ਮੁਰਾਰੀ ਮੁਰਲੀ ਨਾਚ ਨਚਾਇਆ ਜਾ ।
ਖੁਲੇ ਕਿਵਾੜ ਝਿਲਮਿਲ ਚਮਕੇ, ਅੰਮ੍ਰਿਤ ਕੁੰਡ ਪੁਚਾਇਆ ਜਾ ।
ਅੰਦਰੋਂ ਅੰਦਰ ਚਮਕਾਂ ਚਮਕਣ ਰੇਤ ਸੇ ਰੇਤ ਘਿਸਾਇਆ ਜਾ ।
ਮੀਰਾਂ, ਕਰਮਾਂ ਅਮਰ ਹੋ ਗਈਆਂ, ਗੁਰੂ ਦੇ ਚਰਨ ਪੁਜਾਇਆ ਜਾ ।
ਕਾਲਾ ਸਿੰਘ ਹੈ ਲੋਹਾ ਕਾਠ ਵਿਚ ਸਾਗਰ ਪਾਰ ਲੰਘਾਇਆ ਜਾ ।

ਭਗਤ ਰਵਿਦਾਸ ਨੇ ਮੀਰਾਂ ਬਾਈ ਨੂੰ ਰਹਿਤਾਂ ਦਸਣੀਆਂ

ਸਾਸ ਸਾਸ, ਜਪ ਵਾਹਿਗੁਰੂ ਨੂੰ ਮੀਰਾਂ ਮਨੋਂ ਭੁਲਾਈਂ ਨਾ ।
ਨਾਮਦਾਨ ਇਸਨਾਨ ਨਿਤਾਨਿਤ, ਵੇਲੇ ਕਿਸੇ ਖੁੰਜਾਈਂ ਨਾ ।
ਅਠੇ ਪਹਿਰ ਸਿਮਰਨ ਕਰਨਾ ਸਿਮਰਨ ਕਦੇ ਤਜਾਈਂ ਨਾ ।
ਮੜੀ, ਮਸਾਣੀ, ਗੁਗਾ, ਭੈਰੋਂ, ਖੇਤਰਪਾਲ ਮਨਾਈਂ ਨਾ ।
ਸਾਲਗਰਾਮ ਤੇ ਪਥਰ ਪੂਜਾ, ਮੰਦਰੀਂ ਸੀਸ ਨਿਵਾਈਂ ਨਾ ।
ਘਰ ਵਿਚ ਤੀਰਥ ਮਲ ਮਲ ਨਹਾਵੀਂ ਤੀਰਥ ਉਤੇ ਜਾਈ ਨਾ ।
ਰਾਤੀ ਮਿਲੇ ਕਸਤੂਰੀ ਮੀਰਾਂ ਸੁਤਿਆ ਵਕਤ ਟਪਾਈਂ ਨਾ ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰ ਤੁਠਿਆਂ ਸਭ ਕੁਛ ਮਿਲਦਾ, ਫੂਲੀਂ ਤੇ ਫੁਲ ਸਵਾਈਂ ਨਾ।
ਥੋੜਾ ਸੌਣਾ ਥੋੜਾ ਬੋਲੀਂ, ਬਹੁਤਾ ਖਾਣ ਵਧਾਈਂ ਨਾ।
ਗੁਰਮਤ ਸਿਖਿਆ ਏਹੋ ਮੀਰਾਂ ਮਨਮਤੀਆਂ ਵਿਚ ਜਾਈਂ ਨਾ।
ਗਰੀਬ, ਅਤੀਤ, ਸਾਧੂ ਸੰਤ ਬਿਨ, ਰਜੇ ਦਿਜ ਖਵਾਈਂ ਨਾ।
ਰਹਿਣਾ ਵਿਚ ਗਰੀਬੀ ਹਰਦਮ, ਹਾਰ ਸ਼ਿੰਗਾਰ ਲਗਾਈਂ ਨਾ।
ਕੀਰਤਨ ਕਰਨਾ ਸੰਤਾਂ ਸੰਗਤਿ ਵਿਚ ਗੁਰਬਾਣੀ ਗਾਈਂ ਨਾ।
ਕਾਲਾ ਸਿੰਘ ਗੁਰ ਦੁਆਦਸ ਬਾਝੋਂ ਮਥਾ ਕਿਸੇ ਟਕਾਈਂ ਨਾ।

ਦੋਹਰਾ—ਬਹੁਤ ਚਿਰ ਕਾਂਸ਼ੀ ਰਹੀ ਲੈ ਮੀਰਾਂ ਉਪਦੇਸ਼।
ਪ੍ਰੇਮ ਸ਼ਰਧਾ ਕਰ ਭਗਤਨੀ ਭਈ ਸਿਖ ਵਿਸ਼ੇਸ਼।
ਅੰਮ੍ਰਿਤ ਰਸ ਜਿਨ ਚਾਖਿਆ ਸੋਈ ਜਾਨਣ ਸਾਧ।
ਬਿਨ ਅੰਮ੍ਰਿਤ ਦੇ ਚਖਿਆਂ ਔਂਦਾ ਨਹੀਂ ਸਵਾਦ।
ਸੇਵਾ ਕਰੀ ਰਵਿਦਾਸ ਦੀ ਮੀਰਾਂ ਹੋਇ ਨਿਹਾਲ।
ਮੇਹੜ ਪਿੰਡ ਨੂੰ ਜਾਵਣਾ ਅਰਜ ਕਰੀ ਤਤਕਾਲ।

ਮੀਰਾਂ ਬਾਈ ਨੇ ਕਾਂਸ਼ੀ ਤੋਂ ਤੁਰਨਾ

ਸੀਸ ਭਗਤ ਦੇ ਚਰਨ ਤੇ ਰਖ ਮੀਰਾਂ ਚਰਨ ਪਰਸ ਕਰ ਕੇ ਲਾਲੋ ਲਾਲ ਹੋਈ। ਕਰਮਾਂ ਬਾਈ ਹੈਸੀ ਟਹਿਲਣ ਭਗਤਨੀ ਦੀ ਤੁਰਨ ਵੇਲੇ ਕਹਿੰਦੇ ਗਲ ਟਾਲ ਹੋਈ। ਕਰਮਾ, ਬਿਨਾ ਅੰਮ੍ਰਿਤ ਨਹੀਂ ਪਾਨ ਕੀਨਾ ਸ਼ੰਕਾ ਓਸ ਦੇ ਚਿਤ ਕਮਾਲ ਹੋਈ। ਕਾਂਸ਼ੀ ਪੁਰੋਂ ਚਲ ਮੇਹੜ ਪਿੰਡ ਆਈ ਮੀਰਾਂ ਨਾਮ ਅੰਦਰ ਮਸਤ ਹਾਲ ਹੋਈ। ਕਰੇ ਬੰਦਗੀ ਪਰੇਮ ਦੇ ਤਾਲ ਅੰਦਰ ਅਠੇ ਪੈਹਰ ਲੌਂਦੀ ਮੀਰਾਂ ਤਾਰੀਆਂ ਜੀ। ਕਾਲਾ ਸਿੰਘ ਜੀ ਧੰਨ ਰਵਿਦਾਸ ਸਤਿਗੁਰ ਤੇਰੇ ਚਰਨ ਤੋਂ ਮੈਂ ਬਲਿਹਾਰੀਆਂ ਜੀ।

ਕਰਮਾ ਬਾਈ ਨੂੰ ਅੰਗਮ ਨਿਗਮ ਦੀ ਖਬਰ ਹੋਣੀ ਦਿਲੀ ਦੀ ਬਾਜੀ ਵੇਖਣੀ

ਕਰਮਾਂ ਬਾਈ ਟੈਹਲਨ ਮੀਰਾਂ ਭਗਤਨੀ ਦੀ ਮੈਲੇ ਬਸਤਰਾਂ ਸਾਫ ਕਰਾਉਣ ਲਗੀ। ਧੋਇ ਧੋਇ ਕੇ ਕਪੜੇ ਕਰ ਚਿਟੇ, ਚਸ਼ਮੇ

ਨਦੀ ਕੰਢੇ ਉਤੇ ਧੋਣ ਲਗੀ। ਧੁਪ ਦੇਖ ਕੇ ਬਸਤ੍ਰਾਂ ਪਾਈ ਜਾਂਦੀ ਸੂਰਜ ਸਾਹਮਣੇ ਓਹ ਸੁਕਾਉਣ ਲਗੀ। ਇਕ ਚਾਦਰ ੋਹੜੀ ਭਜਨ ਕਰਨ ਵਾਲੀ ਕਰਮਾਂ ਧੋਇਕੇ ਸਾਫ ਬਨਾਉਣ ਲਗੀ। ਲਗਾ ਦਾਗ ਸੀ ਅੰਮ੍ਰਿਤ ਅੰਬਰੀ ਦਾ, ਮੂੰਹ ਨਾਲ ਚੂਸ ਕੇ ਦਾਗ ਘਟੌਣ ਲਗੀ। ਹੈਸੀ ਅੰਬਰੋਂ ਅੰਮ੍ਰਿਤ ਆਣ ਲਥਾ ਕਰਮਾਂ ਦਾਗ ਤੋਂ ਮਰਤਬਾ ਪੌਣ ਲਗੀ। ਅੰਮ੍ਰਿਤ ਪੈਂਦਿਆਂ ਮੂੰਹ ਕਪਾਟ ਖੁਲ੍ਹੇ ਅਗਮ ਨਿਗਮ ਸੀ ਨਿਗਾਹ ਦਿਖਾਉਣ ਲਗੀ। ਆਈ ਦਿਲੀ ਦੀ ਮੂਰਤੀ ਵਾਂਗ ਫਿਲਮ, ਬਾਜੀਗਰਾਂ ਦੀ ਖੇਲ ਵਿਖਾਉਣ ਲਗੀ। ਗੱਡੇ ਵੰਝ ਦੇਖੇ ਰਸੇ ਕਸੇ ਹੋਏ ਸਨ, ਨਟਣੀ ਨਾਚ ਕਰ ਲੋਕ ਰਿਝਾਉਣ ਲਗੀ। ਨਾਚ ਕਰਦੀ ਦਾ ਤਿਲਕ ਸੀ ਪੈਰ ਗਿਆ, ਡਿਗੀ ਧਰਤ ਹੇਠਾਂ ਮੂਧੀ ਧੌਣ ਲਗੀ। ਓਹਦੇ ਨਿਕਲੇ ਝਟ ਪਰਾਨ ਦੇਖੇ, ਤਿੰਨ ਸੌ ਮੀਲ ਤੋਂ ਨਿਗਾਹ ਸੀ ਔਣ ਲਗੀ। ਮੀਰਾਂ ਪੁਛਿਆ ਭੈਣ ਕੀ ਦੇਖਦੀ ਤੂੰ ਦੇਰ ਕਾਸਨੂੰ ਤੂੰ ਏਥੇ ਲੌਣ ਲਗੀ। ਤੂੰ ਕਿਥੇ ਧਿਆਨ ਹੈ ਪਾਉਣ ਲਗੀ ਚਿਰੋਂ ਕਪੜੇ ਗਿਲੇ ਸੁਕਾਉਣ ਲਗੀ। ਕਰਮਾਂ ਮਸਤ ਹੋ ਕੇ, ਦਰਸ ਪਾਉਣ ਲਗੀ, ਮਰੀ ਨਟਣੀ ਹਾਲ ਬਤਾਉਣ ਲਗੀ। ਸੀ ਨਾਚ ਜੋ ਦਿਲੀ ਕਰਾਉਣ ਲਗੀ ਨਟਣੀ ਮਰੀ, ਮੀਰਾਂ, ਰਾਗ ਗਾਉਣ ਲਗੀ। ਬਾਈ ਸੁਧ ਮੈਨੂੰ ਸਾਰੀ ਆਉਣ ਲਗੀ ਅੰਮ੍ਰਿਤ ਚੂਸਕੇ ਦਾਗ ਸੀ ਲਾਹੁਣ ਲਗੀ। ਜਿਵੇਂ ਆਪ ਤਾਰੀ, ਤਿਵੇਂ ਮੈਂ ਤਾਰੀ, ਮੀਰਾਂ ਬਾਈ ਤਾਰੀ ਤੁਸਾਂ ਤਾਰੀਆਂ ਮੈਂ। ਧੰਨ ਗੁਰੂ ਰਵਿਦਾਸ ਦਾ ਦਰਸ ਕੀਤਾ, ਸਦਕੇ ਚਰਨਾਂ ਤੋਂ ਜਾਵਾਂ ਬਲਿਹਾਰੀਆਂ ਮੈਂ।

### ਮੀਰਾਂ ਬਾਈ ਤੇ ਕਰਮਾਂ ਬਾਈ ਨੂੰ ਉਪਦੇਸ਼

ਮੀਰਾਂ ਆਖਿਆ ਚੂਸਿਆ ਦਾਗ ਅੰਮ੍ਰਿਤ, ਹੈਂ ਤੂੰ ਆਪਣਾ ਆਪ ਜਨਾਉਣ ਲਗ ਪਈ। ਤੇਰੇ ਅੰਦਰ ਚਰਾਗ ਦੀ ਝਲਕ ਹੋਈ, ਤੂੰ ਲੋਕਾਂ ਨੂੰ ਚਾਨਣ ਵਿਖਾਉਣ ਲਗ ਪਈ। ਜਿਸ ਅੰਮ੍ਰਿਤ ਪਿਆਲੇ ਨੂੰ ਭਰ ਪੀਤਾ, ਉਹਦੀ ਗਤੀ ਤੂੰ ਗੁਪਤ ਚਮਕਾਉਣ ਲਗ ਪਈ। ਅੰਦਰ

Sri Satguru Jagjit Singh Ji Elibrary NamdhariElibrary@gmail.com

ਜਾਪ ਹੋਵੇ ਰਾਮ ਨਾਮ ਹੋਵੇ, ਅੜੀਏ ਲੋਕਾਂ ਨੂੰ ਰਾਹਿ ਤੂੰ ਪਾਉਣ ਲਗ ਪਈ। ਗੁਪਤ ਸੰਗ ਨੂੰ ਕਰਨਾ ਨਸੰਗ ਨਾਹੀਂ, ਮੱਤ ਲੋਕਾਂ ਨੂੰ ਸਗੋਂ ਸਖਾਉਣ ਲਗ ਪਈ। ਕਰਮਾਂ ਆਖਦੀ ਮੀਰਾਂ ਜੀ ਸਚ ਦਸਾਂ, ਦਿਲ ਮੇਰੇ 'ਚ ਰਿਹਾ ਅਖਤਿਆਰ ਨਹੀਓਂ। ਖਾਣਾ, ਪੀਣਾ, ਸੌਣਾ, ਚੰਗਾ ਲਗਦਾ ਨਹੀਂ, ਜੇਕਰ ਹੋਵੇ ਰਵਿਦਾਸ ਦੀਦਾਰ ਨਹੀਓਂ।

ਮੀਰਾਂ ਬਾਈ ਨੇ ਰਵਿਦਾਸ ਭਗਤ ਨੂੰ ਚਿਠੀ ਲਿਖਣੀ ਦਰਸਨਾਂ ਵਾਸਤੇ

ਮੀਰਾਂ ਬਾਈ ਲਿਖੇ ਸ੍ਰੀ ਭਗਤ ਜੀ ਨੂੰ, ਮੇਹਰ ਪਿੰਡ ਸਤਿਗੁਰ ਕਿਰਪਾ ਰਸ ਆਵੇ। ਨਹੀਂ ਦੇਰ ਲਾਵੋ ਘਰ ਚਰਨ ਪਾਵੋ, ਸਣੇ ਸੰਗਤਾਂ ਜੀ ਕਰਦੇ ਜਸ ਆਵੋ। ਲਗੀ ਪਿਆਸ ਦਰਸਨ, ਇਕੋ ਆਸ ਦਰਸ਼ਨ, ਮੇਹਰ ਮਾਨ ਹਰਸਨ, ਆਪ ਨਸ ਆਵੋ। ਘਟਾਂ ਬਣ ਆਵੋ ਅੰਮ੍ਰਿਤ ਬੂੰਦ ਪਾਵੋ, ਮੇਰੇ ਗੁਰੂ ਪ੍ਰਭੂ ਹਸ ਹਸ ਆਵੋ। ਖੇਰ ਪਾ ਜਾਵੋ, ਰੰਗ ਲਾ ਜਾਵੋ, ਸੁਖ ਸੁਖਦੀ ਅੰਸੀਆਂ ਪਾਂਵਦੀ ਮੈਂ! ਮੀਰਾਂ ਲਿਖ ਘਲੀ ਚਿਠੀ ਵਿਚ ਕਾਂਸ਼ੀ, ਸ੍ਰੀ ਗੁਰੂ ਰਵਿਦਾਸ ਮੰਗਾਂਵਦੀ ਮੈਂ।

*ਸ਼ਬਦ ਮੀਰਾਂ

ਮਾਹਰੀ ਸੁਧ ਜਿਉਂ ਜਾਨ ਤਿਉਂ ਲੀਜੋ ਰੀ। ੧ ਰਹਾਉ॥ ਪਲ ਪਲ ਭੀਤਰ, ਪੰਥ ਨਿਹਾਰੂੰ, ਦਰਸ਼ਨ ਮਹਾਨੇ ਦੀਜੋ ਜੀ।੧। ਮੈਂ ਤੋ ਹੂੰ ਬਹੁ ਔਗੁਣ ਹਾਰੀ, ਔਗਣ ਚਿਤ ਮਤ ਕੀਜੋ ਰੀ। ੨। ਮੈਂ ਤੋ ਦਾਸੀ ਥਾਰੇ ਚਰਨ ਜਨਾ ਕੀ ਮਿਲ ਬਿਛੜਨ ਮਤਿ ਕੀਜੋ ਰੀ। ੩। ਮੀਰਾਂ ਤੋਂ ਸਤਿਗੁਰ ਜੀ ਸਰਣੇ ਹਰ ਚਰਨਾ ਚਿਤ ਲੀਜੋ ਰੀ॥ ੪॥

ਮੀਰਾਂ ਬਾਈ ਦੀ ਮਾਂ ਨੇ ਮੀਰਾਂ ਨੂੰ ਸਮਝਾਉਣਾ

ਪਤਾ ਲਗਿਆ ਮੀਰਾਂ ਦੀ ਮਾਂ ਤਾਈਂ, ਚੇਲੀ ਬਣੀ ਰਵਿਦਾਸ ਚਮਿਆਰ ਦੀ ਕਿਉਂ। ਏਥੇ ਸਦਿਆ ਚਿਠੀਆਂ ਪਾ ਚੋਰੀ, ਕਿਉਂ ਨਹੀਂ ਚਿਤ ਦੇ ਵਿਚ ਵਿਚਾਰਦੀ ਕਿਉਂ। ਮਾਲਾ ਤੁਲਸੀ ਦੀ ਗਲ ਤੂੰ ਨਿਤ ਰਖੇਂ, ਸੁਧ ਗਈ ਨੌ-ਲਖੇ ਦੇ ਹਾਰ ਦੀ ਕਿਉਂ। ਨੀ ਤੂੰ ਮਸਤ ਦੀਵਾਨਿਆਂ ਵਾਂਗ ਰਹਿੰਦੀ, ਬਸਤਰ ਵਾਂਗ ਫਕੀਰਾਂ ਦੇ

---

*ਨੋਟ—ਵੇਖੋ ਮੀਰਾਂ ਬਾਈ ਦੀ ਪਰੇਮ ਬਾਣੀ, ਛਪੀ ਹੋਈ।

Sri Satguru Jagjit Singh Ji Elibrary NamdhariElibrary@gmail.com

ਧਾਰਦੀ ਕਿਉਂ। ਜੇਕਰ ਮੁਝ ਨੂੰ ਧੀਏ ਨੀ ਖਬਰ ਹੁੰਦੀ ਜ਼ਹਿਰ ਜੰਮਦੀ ਨੂੰ ਦੇ ਕੇ ਮਾਰ ਦਿੰਦੀ। ਓਸ ਵੇਲੇ ਹੀ ਕਰ ਮੈਂ ਪਾਰ ਦਿੰਦੀ, ਕਦੇ ਦੇਖਣ ਨਾ ਮੈਂ ਸੰਸਾਰ ਦਿੰਦੀ।

ਮੀਰਾਂ ਬਾਈ ਦਾ ਜਵਾਬ ਮਾਂ ਨੂੰ

ਮੀਰਾਂ ਆਖਦੀ ਮਾਏ ਤੂੰ ਹੋਸ਼ ਕਰ ਨੀ, ਤੈਨੂੰ ਬੋਲਦੀ ਨੂੰ ਨਾ ਆਵੇ ਲਾਜ ਮਾਏ ਜਿਸ ਭਗਤ ਨੂੰ ਕਹੇਂ ਚਮਾਰ ਮਾਤਾ, ਉਹ ਸ਼ਹਿਨਸ਼ਾਹ ਮਹਾਰਾਜ ਮਾਏ। ਦਰਸ਼ਨ ਓਸ ਦੇ ਉਤੇ ਮੈਂ ਵਾਰ ਦਿਤੇ ਨੌ ਲੱਖਾ ਹਾਰ ਤੇ ਰਾਜ ਦਾ ਤਾਜ ਮਾਏ। ਮਾਲਾ ਉਨ੍ਹਾਂ ਦੇ ਨਾਮ ਦੀ ਫੇਰਦੀ ਮੈਂ, ਹਾਰ ਸ਼ਿੰਗਾਰ ਵੀ ਬੁਰਾ ਅਖਾਜ ਮਾਏ। ਓਹਦੀ ਸਰਨ ਬਾਜੋਂ ਦੁਖ ਪੈਣ ਮਾਤਾ, ਪਵੇ ਜਮਾਂ ਦੀ ਅੰਤ ਨੂੰ ਮਾਰ ਤੈਨੂੰ। ਕਾਲਾ ਸਿੰਘ ਤੂੰ ਓਸਦੀ ਸ਼ਰਨ ਲੈਲੇ, ਦੇਵੇ ਜੂਨ ਚੁਰਾਸੀ ਤੋਂ ਟਾਰ ਤੈਨੂੰ।

ਮੀਰਾਂ ਬਾਈ ਨੂੰ ਫੇਰ ਮਾਂ ਨੇ ਸਮਝੌਣਾ

ਬਣੀ ਚੇਲਕੀ ਤੇ ਖਟ ਕੀ ਖਾਦੀ, ਧੀਏ ਰਹੀ ਨਾ ਸੁਰਤ ਸੰਭਾਲ ਤੈਨੂੰ। ਸਦੇਂ ਭਗਤਾਂ ਨੂੰ ਆਪਣੇ ਘਰ ਅੰਦਰ, ਚੜ੍ਹ ਜਾਂਦਾ ਹੈ ਮਸਤੀ ਦਾ ਹਾਲ ਤੈਨੂੰ ਗਾਉਂਦੀ ਗੌਣ ਤੂੰ ਨਾਲ ਸਿਤਾਰ ਦੇ ਨੀ, ਕਿਉਂ ਨਹੀਂ ਚਿਤ 'ਚ ਆਵੇ ਖਿਆਲ ਤੈਨੂੰ। ਪਿਤ੍ਰ, ਵੀਰ, ਤੇਰੇ ਜਦੋਂ ਦੇਖ ਲੈਸਨ, ਤੇਰਾ ਸਮਝ ਲਈਂ ਆ ਗਿਆ ਕਾਲ ਤੈਨੂੰ।

ਮੀਰਾਂ ਬਾਈ ਦਾ ਜਵਾਬ

ਪਾ ਕੇ ਸਤਿਗੁਰੂ ਦਰਸ ਤੇ ਸ਼ਾਂਤ ਆਈ, ਮੈਨੂੰ ਮਿਲ ਗਿਆ ਰੂਪ ਗੋਪਾਲ ਮਾਏ। ਏਹਨਾਂ ਅਖੀਆਂ ਦੇ ਵਿਚ ਵਸਿਆ ਨੀ, ਰਵਿਦਾਸ ਗੁਰੂ ਹੈ ਦੀਨ ਦਿਆਲ ਮਾਏ। ਰੋਮ ਰੋਮ ਅੰਦਰ ਰਵਿਦਾਸ ਰਚਿਆ, ਜਿਉਂ ਹੈ ਪਾਣੀ ਮੱਛੀ ਨਾਲ ਮਾਏ। ਚਰਨਾਂ ਓਹਦਿਆਂ ਦੀ ਪਾਹੁਲ ਮੈਂ ਪੀਤੀ, ਦਿਲ ਠੰਡ ਪੈਂਦੀ ਚਮਕੇ ਭਾਲ ਮਾਏ। ਪਿਤਾ ਵੀਰ ਉਤੇ ਕਾਲ ਕੂਕਦਾ ਨੀ ਮੇਰਾ, ਕਾਲ ਅਕਾਲ ਦੇ ਹੱਥ ਹੈਨੀ। ਨਿਰਭੈ ਹੋਕੇ ਜਿਨ੍ਹਾਂ ਨਾਮ ਜਪਿਆ ਕਰਨਹਾਰ ਰਾਖਾ ਸਮਰਥ ਹੈ ਨੀ।

ਵਾਕ ਕਵੀ

ਮਾਤਾ ਮੀਰਾਂ ਦੀ ਉਠ ਕੇ ਤੁਰ ਚਲੀ ਪੈ ਗਈ ਗਸ਼ ਕਲੇਜਾ ਧੜਕਿਆ ਨੀ। ਨਾਲੇ ਮੋਹ ਆਵੇ ਮੀਰਾਂ ਪੁਤਰੀ ਦਾ ਸਿਰ ਕਾਲ ਵਾਲਾ ਖੰਡਾ ਖੜਕਿਆ ਨੀ। ਮੀਰਾਂ ਦੂਸਰੀ ਚਿਠੀਆ ਲਿਖ ਭੇਜੀ ਕਦੇ ਸਿਦਕੀਆਂ ਦਾ ਸਿਦਕ ਮਟਕਿਆ ਨੀ। ਚਿਠੀ ਲੈਕੇ ਕਾਂਸ਼ੀ ਦੇ ਵਿਚ ਜਾਂਦਾ ਕਾਸਦ ਆਸ਼ਕਾਂ ਦੇ ਕਦੇ ਅਟਕਿਆ ਨੀ।

ਮੀਰਾਂ ਬਾਈ ਨੇ ਦੂਜੀ ਚਿਠੀ ਭੇਜਣੀ (ਮੀਰਾਂ ਬਾਈ ਪਦੇ)

ਮਿਲਿਆਂ ਬਾਝਹੁ ਗੁਰੂ ਗਿਆਨੀ ਥਾਰੀ ਸੂਰਤ ਦੇਖਿ ਲੁਭਾਨੀ ॥ ੧ ॥
ਰਹਾਉ ॥ ਮੇਰੋ ਨਾਮ ਬੂਝ ਤੁਮ ਲੀਜਯੋ ਮੈਂ ਹੂੰ ਬਿਰਹੋਂ ਦੀਵਾਨੀ ॥੧ ॥
ਰਾਤ ਦਿਵਸ ਕਲ ਨਾਹਿ ਪੜਤ ਹੈ ਜੈਸੇ ਮੀਨ ਬਿਨ ਪਾਨੀ ॥ ੨ ॥
ਦਰਸ ਬਿਨਾ ਮੋਹਿ ਕਛੁ ਨਾ ਸੁਹਾਵੇ ਤਲਫ ਤਲਫ ਮਰ ਜਾਨੀ ॥ ੩ ॥
ਮੀਰਾਂ ਤੋ ਦਰਸ਼ਨ ਕੀ ਚੇਰੀ ਸੁਣ ਲੀਜੇ ਸੁਖ ਦਾਨੀ ॥ ੪ ॥

ਦੋਹਰਾ—ਏਹ ਚਿਠੀ ਹੈ ਦੂਸਰੀ ਭੇਜੀ ਭਰਾਤ ਦੇ ਕੋਲ।
ਮਾਤ ਪਿਤਾ ਤੇ ਵੀਰ ਜੋ ਕਹਿਣ ਮੀਰਾਂ ਨੂੰ ਬੋਲ ॥

ਮੀਰਾਂ ਦੇ ਪਿਤਾ ਤੇ ਭਰਾਵਾਂ ਦੀਆਂ ਸਲਾਹਾਂ

ਪਿਤਾ ਵੀਰ ਮਾਂ ਕਰਨ ਸਲਾਹ ਲਗੇ ਭਗਤੀ ਕਰਨ ਤੋਂ ਕਿਵੇਂ ਹਟਾਈਏ ਜੀ। ਕਰਮਾਂ ਟੈਹਲਣੀ ਸਦ ਸਹੇਲੀਆਂ ਨੂੰ ਵਿਚ ਬਾਗ ਦੇ ਚਲ ਬਹਾਈਏ ਜੀ। ਊਦਾਂ ਬਾਈ ਭਰਜਾਈ ਨੂੰ ਨਾਲ ਲੈਕੇ ਤੇ ਸਹੇਲੀਆਂ ਤੋਂ ਸਮਝਾਈਏ ਜੀ। ਨਾਲੇ ਪਰੋਹਤ ਨੂੰ ਸਦੋ ਸਲਾਹ ਲੈਕੇ ਗੁਰੂ ਰਵਿਦਾਸ ਤੋਂ ਚੇਲੀ ਛੁਡਾਈਏ ਜੀ। ਨਹੀਂ ਕਤਲ ਤਲਵਾਰ ਦੇ ਨਾਲ ਕਰੀਏ ਰਾਜਪੂਤਾਂ ਨੂੰ ਲਾਜ ਨਾ ਲਾਈਏ ਜੀ। ਆਨ ਰਖਣੀ ਏਂ ਸ਼ਾਨ ਰਖਣੀ ਏਂ ਕਠੇ ਹੋ ਮੀਰਾਂ ਨੂੰ ਹਟਾਈਏ ਜੀ।

ਮੀਰਾਂ ਬਾਈ ਦੇ ਬਾਗ ਵਿਚ ਸਹੇਲੀਆਂ ਨੂੰ ਸਮਝਾਉਣਾ

ਊਦਾਂ ਬਾਈ ਭਰਜਾਈ ਸੀ ਮੀਰਾਂ ਦੀ ਜੋ, ਦੇਖੋ ਭਗਤਣੀ ਤਾਈਂ ਸਮਝਾਉਂਦੀਆਂ ਨੇ। ਛਡਦੇ ਭਗਤ ਰਵਿਦਾਸ ਦਾ ਤੂੰ ਖੇਹੜਾ .

Sri Satguru Jagjit Singh Ji Elibrary NamdhariElibrary@gmail.com

ਨਾਮ ਲਿਆ ਸਾਨੂੰ ਸ਼ਰਮਾਉਂਦੀਆਂ ਨੇ। ਗੁਰੂ ਧਾਰਿਆ ਕਿਉਂ ਚਮਾਰ ਤੈਨੇ ਮਤ ਮਾਰੀ ਤੇਰੀ ਮੀਰਾਂ ਗਾਉਂਦੀਆਂ ਨੇ। ਨਾਲੇ ਹੋਰ ਸਹੇਲੀਆਂ ਸਾਬ ਹੈਸਨ, ਕੋਲ ਬੈਠੀਆਂ ਗਲਾਂ ਬਤਾਉਂਦੀਆਂ ਨੇ।

ਜਬਾਬ ਮੀਰਾਂ ਬਾਈ ਦਾ

ਮੀਰਾਂ ਹਸ ਕੇ ਕਿਹਾ ਸਹੇਲੀਓ ਨੀ ਮੈਨੂੰ ਵਰਜੋ ਨਾ ਤੁਸੀ ਅੰਞਾਨ ਹੈ ਨੀ। ਬਾਝੋਂ ਗੁਰੂ ਰਵਿਦਾਸ ਦੇ ਧਾਰਿਆਂ ਤੇ ਕਦੇ ਚਿਤ ਨੂੰ ਆਵੇ ਗਿਆਨ ਹੈ ਨੀ। ਮੈਨੂੰ ਦਸਨਾਂ ਤੁਸਾਂ ਨੇ ਕੀ ਭੈਣੇ ਮੇਰੇ ਓਸ ਬਿਨ ਜਾਣ ਪਰਾਨ ਹੈ ਨੀ ਇਕ ਵਾਰ ਕੀ ਮੈਂ ਲਖ ਵਾਰ ਆਖਾਂ, ਗੁਰੂ ਬਾਝ ਰਵਿਦਾਸ ਕਲਿਆਨ ਹੈ ਨੀ।

ਮੀਰਾਂ ਬਾਈ ਦਾ ਸ਼ਬਦ ( ਪਦੋ)

ਬਾਜੀ ਮੈਂ ਕਾਹੂ ਕੀ ਨਾਹਿ ਰਹੂੰ ॥ ੧ ॥ ਰਹਾਉ ॥
ਸੁਨੋ ਰੀ ਸਖੀ ਤੁਮ ਚੇਤਿਨ ਹੋਇਕੇ ਮਨ ਕੀ ਬਾਤ ਕਹੂੰ ॥ ੧॥
ਸਤਿਸੰਗ ਕਰਕੇ ਹਰ ਸੁਖ ਲੇਉ ਜਗ ਸੋਂ ਮੈਂ ਦੂਰ ਰਹੂੰ ॥ ੨ ॥
ਤਨ ਧਨ ਮੇਰੋ ਸਭ ਹੀ ਜਾਵੇ, ਭਲ ਮੇਰੋ ਸੀਸ ਲਹੂੰ ॥ ੩ ॥
ਮਨ ਮੇਰੋ ਲਾਗੋ ਸਿਮਰਨ ਸੇਤੀ ਸਭ ਕੋ ਮੈਂ ਬੋਲ ਸਹੂੰ ॥ ੪ ॥
ਮੀਰਾਂ ਕਹੇ ਸੁਨ ਰੀ ਸਜਨੀ ਸਤਿਗੁਰ ਸਰਨ ਰਹੂੰ ॥ ੫ ॥

ਮੀਰਾਂ ਨੂੰ ਜ਼ੋਹਰ ਦੇਣ ਦੀ ਸਲਾਹ ਦੇਣੀ ਪਰੋਹਤ ਨੇ

ਸੁਣ ਕੇ ਏਹ ਜਵਾਬ ਤੇ ਕਹੇ ਪੰਡਤ ਜ਼ੈਹਰ *ਮੀਰਾਂ ਨੂੰ ਘੋਲ ਪਿਲਾ ਦੇਈਏ। ਅੰਮ੍ਰਿਤ ਦਸ ਕੇ ਜ਼ੈਹਰ ਮਿਲਾ ਦੇਵੋ ਸਦਾ ਲਈ ਹੁਣ ਏਹਨੂੰ ਸੁਵਾ ਦੇਈਏ। ਵਿਚੇ ਗੁਰੂ ਰਵਿਦਾਸ ਮਰਵਾ ਦੇਈਏ ਫਸਤਾ ਓਸ ਦਾ ਕਿਵੇਂ ਮੁਕਾ ਦੇਈਏ। ਨਾਮ ਮੀਰਾਂ ਦਾ ਜਗੋਂ ਮਿਟਾ ਦੇਈਏ ਕਲੰਕ ਲਗਿਆ ਹੁਣੇ ਹੀ ਲਾਹ ਦੇਈਏ।

---

*ਤਾਕੇ ਚਰਨ ਜਾਇ ਤਿਨ ਪਕਰੇ। ਖੂਨ ਸੋ ਬਿਪ੍ਰ ਤਾਹਿ ਕੇ ਸਗਰੇ।
ਜੋਊ ਚਮਾਰ ਕੀ ਦੀਖਿਆ ਲੇਵੇ। ਦਿਜ ਕੋ ਨਾਮ ਕਹਾਂ ਕੇ ਲੇਵੇ।
ਜ਼ਹਿਰ ਘੋਲ ਪਿਆਲਾ ਦੀਜੇ। ਮੁੜ ਨੀਚ ਕਾ ਨਾਮ ਨਾ ਲੀਜੇ।
(ਮੀਰਾਂ ਬਾਣੀ)

Sri Satguru Jagjit Singh Ji Elibrary NamdhariElibrary@gmail.com

### ਮੀਰਾਂ ਬਾਈ ਨੂੰ ਜ਼ੈਹਰ ਦੇਣਾ

ਜ਼ੈਹਰ ਘੋਲ ਕੇ ਪਿਆਲੇ ਨੂੰ ਪੂਰ ਪਹਿਲੇ ਆਪਾਂ ਚਲੀਏ ਮੀਰਾਂ ਦਰਬਾਰ ਹੈ ਜੀ। ਪਿਤਾ ਵੀਰ ਤੇ ਪੰਡਤ ਨੇ ਮਤਾ ਕਰਕੇ ਜ਼ੈਹਰ ਘੋਲ ਕੀਤੀ ਇਹੋ ਕਾਰ ਹੈ ਜੀ। ਮੀਰਾਂ ਭਰਿਆ ਅੰਮ੍ਰਿਤ ਪਿਆਲੜਾ ਏ, ਏਹ ਰਸ ਸੰਦਲ ਭੰਡਾਰ ਹੈ ਜੀ। ਏਹਦੇ ਪੀਤਿਆਂ ਸੰਸੇ ਨੇ ਮੁਕ ਜਾਂਦੇ ਬਿਰਤੀ ਪੁਜਦੀ ਦਸਵੇਂ ਦੁਆਰ ਹੈ ਜੀ। ਬ੍ਰਹਮਾ ਵਿਸ਼ਨੂ ਦੇਵਤੇ ਪੀਣ ਅੰਮ੍ਰਿਤ ਏਹ ਅੰਮ੍ਰਿਤ ਸ਼ਿਵਜੀ ਦਾ ਭੰਡਾਰ ਹੈ ਜੀ। ਮਿਲਦੇ ਪੂਰ ਪਿਅ ਲੇ ਮਤਵਾਲਿਆਂ ਨੂੰ, ਅਗਮ ਨਿਗਮ ਵਾਲੀ ਹੁੰਦੀ ਸਾਰ ਹੈ ਜੀ। ਪੀਲੈ ਅੰਮ੍ਰਿਤ ਮਾਂ ਪਿਓ ਕਹਿਣ ਪੁਤਰੀ ਅਮਰ ਹੋ ਜਾਂਦਾ ਇਕੋ ਵਾਰ ਹੈ ਜੀ। ਮੀਰਾਂ ਮਸਤ ਅਨੰਦ ਦੇ ਵਿਚ ਬੈਠੀ ਜੋੜੀ ਵਾਹਿਗੁਰੂ ਦੇ ਨਾਲ ਤਾਰ ਹੈ ਜੀ। ਗਟਾ ਗਟ ਪਿਆਲਾ ਪੀ ਕੇ ਮਸਤ ਹੋਈ ਮੀਰਾਂ ਸ਼ਬਦ ਪਰੇਮ ਸੇ ਗੌਣ ਲਗ ਪਈ। ਕਦੇ ਫੜੇ ਸਤਾਰ ਤੇ ਤਾਰ ਅੰਦਰ, ਗੀਤ ਰਾਗ ਗੋਬਿੰਦ ਸੁਣੌਣ ਲਗ ਪਈ।

### ਤਥਾ

ਅੰਮ੍ਰਿਤ ਵੇਲੜੇ ਉਠ ਇਸ਼ਨਾਨ ਕੀਤਾ ਨਿਤਨੇਮ ਦਾ ਕਰੇ ਧਿਆਨ ਹਰ ਜੀ। ਖਾਣ ਪੀਣ ਪਹਿਰਨ ਰਾਜ ਸੁਖ ਛਡੇ, ਲਗੀ ਘਰ ਸਤਸੰਗ ਕਰਾਨ ਹਰ ਜੀ। ਭਗਤੀ ਕਰਦੀ ਸੀ ਹਰੀ ਦੀ ਨਿਤ ਮੀਰਾਂ ਮਾਰ ਤਾੜੀਆਂ ਲਗੀ ਹੈ ਗਾਨ ਹਰ ਜੀ। ਕਰੇ ਰਾਗ ਸਿਤਾਰ ਦੇ ਨਾਲ ਮੀਰਾਂ ਸੋਹਣੀ ਸੁਰ ਬੋਲੇ ਸੁੰਦਰ ਤਾਨ ਹਰ ਜੀ। ਫੇਰ ਪਿਤਾ ਨੇ ਕਿਤੋਂ ਸਪੇਲਿਆਂ ਤੋਂ, ਕਾਲਾ ਨਾਗ ਪੁਟਾਰੀ 'ਚ ਪਾ ਲਿਆ ਨੇ। ਫੁਲ ਟੋਕਰੀ ਪੂਜਾ ਦੇ ਖਾਤ੍ਰ ਜੀ, ਤੋੜ ਬਾਗ ਚੋਂ ਮਤਾ ਪਕਾਲਿਆ ਨੇ।

### ਮੀਰਾਂ ਬਾਈ ਨੂੰ ਮਾਰਨ ਵਾਸਤੇ ਮਾਤਾ ਪਿਤਾ ਨੇ ਸਪ ਲਿਆਉਣਾ

ਫੁਲ ਤੋੜਕੇ ਫੁਲਾਂ ਦੀ ਟੋਕਰੀ ਵਿਚ, ਲਿਆ ਸਰਪ ਕਾਲਾ ਜ਼ਹਿਰਦਾਰ ਜਾਕੇ। ਆਸਣ ਮੀਰਾਂ ਤੇ ਫੁਲਾਂ ਨੂੰ ਕਰਨ ਢੇਰੀ, ਸਪ ਮੇਲਦਾ ਫਣ ਖਲਾਰ ਜਾਕੇ। ਮੀਰਾਂ ਅੰਤ੍ਰ ਧਿਆਨ ਦੇ ਵਿਚ ਬੈਠੀ,

ਸਪ ਦੇਖਿਆ ਨਾਲ ਪਿਆਰ ਜਾਕੇ। ਬੜਾ ਪਿਆਰ ਕੀਤਾ ਬੁਕਲ ਵਿਚ ਲੀਤਾ, ਬੰਸੀ ਵਾਲਿਆ ਦਿਤਾ ਦੀਦਾਰ ਆਕੇ। ਸਪ ਸ਼ੇਰ ਤੇ ਜ਼ਹਿਰ ਨੂੰ ਠੰਢ ਹੋਵੇ, ਜਿਥੇ ਨਾਮ ਵਾਲੇ ਰੰਗ ਰੰਗ ਹੋ ਗਏ। ਲੋਕ ਲਜਿਆ ਤਜਿਆ ਜਗਤ ਵਾਲੇ ਕਾਲਾਸਿੰਘ ਦੇ ਵਾਂਗ ਨਸੰਗ ਹੋ ਗਏ।

ਮੀਰਾਂ ਬਾਈ ਦੇ ਪਿਤਾ ਨੇ ਉਸ ਦੇ ਸਹੁਰਿਆਂ ਨੂੰ ਖਤ ਲਿਖਣਾ

ਜ਼ਹਿਰ ਪਿਆਲੇ ਦੇ ਨਾਲ ਨਾ ਮਰੀ ਮੀਰਾਂ ਸਪ ਮਾਰਿਆ ਨਹੀਂ ਸੀ ਡੰਗ ਪਿਆਰੇ। ਨਾਮ ਵਾਲਿਆਂ ਨੂੰ ਜ਼ਹਿਰਾਂ ਚੜ੍ਹਦੀਆਂ ਨਹੀਂ ਨਸੇ ਨਾਮ ਅੰਦਰ ਜੇਹੜੇ ਸੰਗ ਪਿਆਰੇ। ਸੁਚੀ ਰੀਤ ਪਰੀਤ ਪਰਵਾਨਿਆਂ ਦੀ, ਦੀਵੇ ਦੇਖ ਜਿਉਂ ਆਉਂਦੇ ਪਤੰਗ ਪਿਆਰੇ। ਉਚੇ ਮਰਤਬੇ ਉਨ੍ਹਾਂ ਨੇ ਪਾ ਲਏ ਨੇ, ਜੇਹੜੇ ਰਚੇ ਨੇ ਹਰੀ ਦੇ ਰੰਗ ਪਿਆਰੇ। ਪੜ੍ਹਦੀ ਸ਼ਬਦ ਮੀਰਾਂ ਮਸਤ ਹੋ ਕਰ ਕੇ, ਲੋਕ ਲਜਿਆ ਛਡੀ ਨਸੰਗ ਪਿਆਰੇ।

ਸ਼ਬਦ ਮੀਰਾਂ ਬਾਈ

ਸਜਨੀ ਗੋਬਿੰਦ ਲੀਨਾ ਮੋਲ।
ਵਰਜੇ ਲੋਕ ਸਭ ਚਰਚਾ ਕਰਤ ਹੈ ਲੀਆ ਵਜਾ ਕੇ ਢੋਲ।
ਕੋਈ ਕਹੇ ਮਹਿੰਗਾ ਕੋਈ ਕਹੇ ਸਸਤਾ ਲੀਆ ਤਰਾਜੂ ਤੋਲ।
ਜ਼ਹਿਰ ਪਿਆਲਾ ਰਾਣੇ ਭੇਜਿਆ ਪੀਤਾ ਅੰਮ੍ਰਿਤ ਘੋਲ।
ਮੀਰਾਂ ਪ੍ਰਭ ਗਿਰਧਰ ਨਾਗਰ, ਢਕਿਆ ਪ੍ਰੇਮ ਪਟੋਲ।

ਸ੍ਰੀ ਰਵਿਦਾਸ ਜੀ ਨੇ ਕਾਂਸ਼ੀ ਆਉਣਾ

ਤੀਜੀ ਪਤ੍ਰਕਾ ਭਗਤਨੀ ਲਿਖ ਭੇਜੀ ਭਗਤ ਸੈ ਕੋਹਾਂ ਪੰਦ ਚੀਰ ਆਏ। ਕਾਂਸ਼ੀ ਸ਼ਹਿਰ ਤੋਂ ਕਰਕੇ ਕੂਚ ਛੇਤੀ, ਜੈ ਪੁਰ ਜੋਧ ਪੁਰ ਤੋਂ ਪਾ ਵਹੀਰ ਆਏ। ਪਹੁੰਚੀ ਪਰੇਮ ਪਾਤੀ ਭਗਤ ਲਾਈ ਛਾਤੀ ਨਾਲ ਸੰਤ ਸਾਧੂ ਚਲ ਭੀਰ ਆਏ। ਮੀਰਾਂ ਬਾਈ ਜੋ ਖੜੀ ਉਡੀਕਦੀ ਸੀ ਭਗਤ ਮੇਹੜ ਪਿੰਡ ਸਿਧੇ ਪੀਰ ਆਏ।

Sri Satguru Jagjit Singh Ji Elibrary NamdhariElibrary@gmail.com

(ਮੀਰਾਂ ਬਾਈ ਪਦੇ)

ਪੀਆ ਕੋ ਪੰਥ ਨਿਹਾਰਤੇ ਸਭ ਰੈਨ ਬਿਹਾਨੀ ਹੋ॥ ੧ ॥
ਸਖੀਅਨ ਮਿਲ ਕੇ ਸੀਖ ਦੇਈ ਮਨ ਏਕ ਨ ਮਾਨੀ ਹੋ॥
ਬਿਨ ਦੇਖੇ ਦਿਲ ਨਾ ਧਰੇ ਜੀਆ ਐਸੇ ਠਾਨੀ ਹੋ॥ ੩ ॥
ਅੰਗ ਛੀਨ ਬਿਆਕਲ ਭਈ ਮੁਖ ਪੀਆ ਪੀਆ ਬਾਨੀ ਹੋ॥
ਅੰਦਰ ਵੇਦਨ ਬ੍ਰਿਹ ਕੀ ਵਹ ਪੀਰ ਨ ਜਾਨੀ ਹੋ॥ ੩ ॥
ਜਿਮ ਚਾਤ੍ਰਕ ਘਨ ਕੋ ਰਟੇ ਮਛਲੀ ਜਿਮ ਪਾਨੀ ਹੋ॥
ਮੀਰਾਂ ਬਿਆਕੁਲ ਬ੍ਰਿਹਨੀ ਸੁਧ ਬੁਧ ਬਿਸਰਾਨੀ ਹੋ॥ ੪ ॥

ਸ੍ਰੀ ਰਵਿਦਾਸ ਜੀ ਦਾ ਮੇਹੜ ਪਿੰਡ ਆਉਣਾ

ਚਲ ਕਾਂਸ਼ੀਓਂ ਭਗਤ ਜੀ ਮੇਹੜ ਆਏ ਲੈਕੇ ਸਤਸੰਗੀ ਸੇਵਾਦਾਰ ਬਹੁਤੇ। ਫਰਸ ਛਾਇਵਾਨਾ ਲੰਗਰ ਰਸਦ ਭੇਜੇ ਮੀਰਾਂ ਮਾਈ ਜੀ ਮਸਤ ਅਪਾਰ ਬਹੁਤੇ। ਸੋਹਣੀ ਜਗਾ ਸਿੰਘਾਸਣ ਵਿਛਾ ਦਿਤਾ ਸੇਵਕ ਕਰਦੇ ਆਣ ਦੀਦਾਰ ਬਹੁਤੇ। ਸ਼ੈਹਰਾਂ ਪਿੰਡਾਂ ਤੋਂ ਸੰਗਤਾਂ ਬਹੁਤ ਆਈਆਂ ਦਿਸਣ ਆਦਮੀ ਕਈ ਹਜਾਰ ਬਹੁਤੇ। ਬਾਬੇ ਬੈਠਕੇ ਦਿਤਾ ਦੀਦਾਰ ਸਭ ਨੂੰ ਲੋਕ ਆਣ ਕਰਦੇ ਨਿਮਸ਼ਕਾਰ ਬਹੁਤੇ। ਕੀਰਤਨ ਕਰਨ ਵਾਲੇ ਰੰਗ ਪਰੇਮ ਰਤੇ ਗੀਤ ਗੌਣ ਗੋਬਿੰਦ ਮਲਾਰ ਬਹੁਤੇ। ਮੀਰਾਂ ਬਾਈ ਦੀ ਟੈਹਲਣ ਸੀ ਨਾਮ ਕਰਮਾ ਲਏ ਫੁਲਾਂ ਦੇ ਸੁੰਦਰ ਸੀ ਹਾਰ ਬਹੁਤੇ। ਬਾਰ ਬਾਰ ਚਰਨ ਧੂੜ ਲਾਈ ਓਹਨਾਂ ਚਰਨ ਸੀਸ ਕਰਦੇ ਨਮਸਕਾਰ ਬਹੁਤੇ। ਭਾਈ ਮੀਰਾਂ ਦਾ ਚੰਦਰ ਭਾਗ ਰਾਣਾ ਕਹਿੰਦਾ ਮਾਰ ਕੇ ਕਰਾਂਗਾ ਚੇ ਪਾਰ ਬਹੁਤੇ। ਵਿਚ ਸਭਾ ਦੇ ਸਿਰ ਨੂੰ ਕਟ ਦਿਆਂਗੇ ਕਢੀ ਬੁਕਲੋਂ ਨੰਗੀ ਤਲਵਾਰ ਰਾਣੇ। ਮਥਾ ਟੇਕਦੀ ਮੀਰਾਂ ਦਾ ਸਿਰ ਕਟਾਂ ਚੰਦਰ ਭਾਗ ਸੀ ਕੀਤਾ ਹੰਕਾਰ ਰਾਣੇ।

ਭਗਤ ਜੀ ਦਾ ਦੀਵਾਨ

ਐਨ ਏਸ ਮੌਕੇ ਸੌਹਰੇ ਮੀਰਾਂ ਦੇ ਜੀ ਉਦੇ ਪੁਰੋਂ ਆਏ ਸਾਂਗਾ ਜਾਰ ਸਾਰੇ। ਅਸੀ ਮੀਰਾਂ ਦੇ ਤਾਈਂ ਸਮਝਾ ਦਿਆਂਗੇ ਗੁਰੂ ਪੂਜੇ ਨਾ

Sri Satguru Jagjit Singh Ji Elibrary NamdhariElibrary@gmail.com

ਜਾਤ ਚੁਮਾਰ ਸਾਰੇ। ਉਧਰ ਭਗਤ ਆਏ ਰਾਜਪੂਤ ਆਏ ਭਰੇ ਹੋਏ ਨੇ ਵਿਚ ਹੰਕਾਰ ਸਾਰੇ। ਓਹ ਵੀ ਲਗੇ ਦੀਵਾਨ ਦੇ ਵਿਚ ਆਏ ਮੀਰਾਂ ਭਗਤਨੀ ਦੇ ਰਿਸ਼ਤੇ ਦਾਰ ਸਾਰੇ।

ਤਥਾ

ਚਿਤ ਏਹਨਾਂ ਦੇ ਏਹ ਸਲਾਹ ਸੀਗੀ ਗੁਰੂ ਮੀਰਾਂ ਨੂੰ ਕਰਨੋਂ ਹਟਾ ਦਿਆਂਗੇ। ਨਹੀਂ ਤੇ ਓਸ ਦੀ ਅਲਖ ਮੁਕਾ ਦਿਆਂਗੇ ਲਾਜ ਪੇਕਿਆਂ ਦੀ ਸੋਹਰੇ ਲਾ ਦਿਆਂਗੇ। ਕਲੰਕ ਲਗਿਆ ਹੁਣੇ ਹੀ ਲਾਹ ਦਿਆਂਗੇ ਅਗੋਂ ਵਾਸਤੇ ਏਹੋ ਸਮਝਾ ਦਿਆਂਗੇ। ਰਾਜਪੂਤਾਂ ਦਾ ਗੁਰੂ ਚੁਮਾਰ ਨਾਹੀਂ ਏਸ ਕੰਮ ਨੂੰ ਅਸੀ ਹਟਾ ਦਿਆਂਗੇ। ਏਹ ਮੀਰਾਂ ਦੇ ਸੋਹਰੇ ਦੇ ਖਿਆਲ ਸੀਗੇ ਸਤਸੰਗ ਏਹ ਲਗਾ ਦਿਵਾਨ ਸੋਹਣਾ। ਮੀਰਾਂ, ਕਰਮਾਂ ਵਿਚ ਦੀਵਾਨ ਦੇ ਸਨ ਸ਼ਬਦ ਸ੍ਰੀ ਰਵਿਦਾਸ ਫੁਰਮਾਨ ਸੋਹਣਾ॥

ਸੋਰਠ

ਦੁਲਭੁ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥ ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥ ੧॥ ਨਾ ਬਿਚਾਰਿਓ ਰਾਜਾ ਰਾਮ ਕੋ ਰਸੁ॥ ਜਿਹ ਰਸ ਅਨਰਸ ਬੀਸਰ ਜਾਹੀ॥ ੧॥ ਰਹਾਉ॥ ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ॥ ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪ੍ਰਵੇਸ ਨਹੀ॥ ੨॥ ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ॥ ਕਹਿ ਰਵਿਦਾਸ ਉਦਾਸ ਦਾਸ ਮਤਿ ਪਹ ਹਰ ਕੋਪ ਕਰਹੁ ਜੀ ਦਇਆ॥ ੩॥ ੩॥ ੪੦॥

ਚੰਦਰ ਭਾਗ ਮੀਰਾਂ ਦੇ ਭਰਾ ਨੇ ਆਪਣੀ ਕਰਤੂਤ ਦਸਣੀ

ਸ਼ਬਦ ਸੁਣਿਆ ਸ਼ਾਂਤ ਗਈ ਵਰਤ ਸਾਰੇ ਉਠ ਰਾਣੇ ਨੇ ਅਰਜ ਸੁਣਾ ਦਿਤੀ। ਮੈਂ ਬੜਾ ਪਾਪੀ ਗੁਨਾਹ ਗਾਰ ਹਾਂ ਜੀ ਮੈਨੂੰ ਬਖਸ਼ ਬਖਸ਼ੋ ਦੋਹੀ ਪਾ ਦਿਤੀ। ਮੈਂ ਔਗਣਾ ਦੀ ਪੰਡ ਬੰਨ ਬੈਠਾ, ਬਾਣੀ ਤੇਰੀ ਨੇ ਸਿਰ ਤੋਂ ਲੁਹਾ ਦਿਤੀ। ਮੈਂ ਨਰਕ ਨੂੰ ਸੀ ਸਿਧਾ ਜਾਣ ਲਗਾ, ਤੁਸੀ ਜਮਾਂ ਦੀ ਫਾਸੀ ਕਟਾ ਦਿਤੀ। ਓਸੇ ਵੇਲੇ ਭਾਈ ਚੰਦਰ

Sri Satguru Jagjit Singh Ji Elibrary NamdhariElibrary@gmail.com

ਭਾਗ ਰਾਣੇ ਕਢ ਬੁਕਲੋਂ ਤੇਗ ਵਗਾ ਦਿਤੀ। ਰਾਜ, ਮਦ, ਮਾਇਆ, ਨਸ਼ਾ ਬੜਾ ਸੀਗਾ ਦਿਲੋਂ ਧਾਰਿਆ ਚਿਤ ਹੰਕਾਰ ਹਾਂ ਮੈਂ। ਮੀਰਾਂ ਬਾਈ ਦਾ ਸਿਰ ਸੀ ਕਟ ਦੇਣਾ ਬੁਕਲ ਵਿਚ ਲਿਆਇਆ ਤਲਵਾਰ ਹਾਂ ਮੈਂ। ਬਾਣੀ ਸੁਣਕੇ ਸ਼ਾਂਤੀ ਚਿਤ ਹੋਈ ਹੋਇਆ ਆਪ ਕਾ ਹੁਣ ਸੇਵਾਦਾਰ ਹਾਂ ਮੈਂ। ਚੰਦਰ ਭਾਗ ਦੇ ਭਾਗ ਹੁਣ ਜਾਗ ਪਏ ਨੇ ਨਾਮ ਦਾਨ ਲਵਾਂ ਪਾਹੁਲ ਧਾਰ ਹਾਂ ਮੈਂ।

ਦੋਹਰਾ—ਸ਼ਾਂਤ ਗਰੀਬੀ ਧਾਰ ਕੇ ਰਬ ਮਿਲਦਾ ਹੈ ਆਇ।  
ਚੰਦਰ ਭਾਗ ਸਿਖ ਹੋ ਗਿਆ ਚਰਨ ਪਕਰ ਗੁਰ ਜਾਇ ॥  
ਵਿਚੋਂ ਰਾਗ ਮਲਾਰ ਦੇ ਕਹਿਣ ਸ਼ਬਦ ਨੂੰ ਬੋਲ।  
ਲਗੇ ਭਰਮੀ ਦੇ ਜੰਦਰੇ ਪਲ ਵਿਚ ਦਿਤੇ ਖੋਲ ॥

ਮਲਾਰ

ੴ ਸਤਿਗੁਰਪ੍ਰਸਾਦਿ ॥

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥ ਸਾਧ ਸੰਗਤਿ ਪਾਈ ਪਰਮਗਤੇ ॥ ੧ ॥ ਰਹਾਉ ॥ ਮੈਲੇ ਕਪਰੇ ਕਹਾ ਲਉ ਧੋਵਉ ॥ ਆਵੈਗੀ ਨੀਦ ਕਹਾ ਲਗੁ ਸੋਵਉ ॥ ੧ ॥ ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥ ਝੂਠੈ ਬਨਜ ਉਠਿ ਹੀ ਗਈ ਹਾਟਿਓ ॥ ੨ ॥ ਕਹੁ ਰਵਿਦਾਸ ਭਇਓ ਜਬ ਲੇਖੋ ॥ ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥ ੩ ॥ ੧ ॥ ੪੦ ॥

ਇਸ ਸ਼ਬਦ ਨੇ ਖੋਲ ਕਪਾਟ ਦਿਤੇ ਸਾਂਗਾ ਰਾਣਾ ਭੀ ਅਰਜ ਗੁਜ਼ਾਰ ਕਰਦਾ। ਧੰਨ ਤੁਸੀ ਸਤਿਗੁਰ ਧੰਨ ਮੀਰਾਂ ਬਾਈ ਧੰਨ ਓਹ ਜੋ ਨਿਤ ਦੀਦਾਰ ਕਰਦਾ। ਸਾਨੂੰ ਹੰਕਾਰ, ਅਸੀ ਰਾਣੇ ਵਡੇ ਸਭ ਤੇ ਦਸੋ ਕਿਵੇਂ ਜੀ ਹੋਊ ਅਧਾਰ ਘਰ ਦਾ। ਸਾਂਗਾ ਮਾਣ ਨਿਰਮਾਣ, ਗਰੀਬ ਹੋਕੇ ਵਾਰ ਵਾਰ ਸੀ ਅਰਜ ਉਚਾਰ ਕਰਦਾ।

ਭਗਤ ਨੇ ਸ਼ਬਦ ਬੋਲਣਾ

ਰਾਗ ਸੋਰਠਿ

ਸੁਖ ਸਾਗਰ ਸੁਰਿ ਤਰ ਚਿੰਤਾ ਮਨਿ ਕਾਮਧੇਨ ਬਸਿ ਜਾਕੇ ਰੇ।

ਟੀਕਾ—ਹੇ ਰਾਜਨ, ਜਿਸ ਨੇ ਕਾਮਧੇਨ ਗਊ ਚਿੰਤਾਮਨ ਮਨ ਦੀਆਂ ਇਛਾਂ ਪੂਰਨ ਕਰਨ ਵਾਲਿਆਂ ਨੂੰ ਵਸ ਕਰ ਲਿਆ ਹੈ।

Sri Satguru Jagjit Singh Ji Elibrary NamdhariElibrary@gmail.com

ਚਾਰਿ ਪਦਾਰਥ, ਅਸਟ ਦਸਾ ਸਿਧਿ ਨਵਨਿਧਿ ਕਰਤਲ ਤਾਕੇ ॥

ਚਾਰ ਪਦਾਰਥ ਅਠ ਸਿਧਾਂ, ਮਹਾਂ ਸਿਧਾਂ ਨੌਂ ਨਿਧੀਆਂ ਨੂੰ ਹਥ ਧਰ ਕੇ ਸੰਸਾਰ ਵਿਚ ਕਰਾਮਾਤ ਦਿਖਾਵੇ ਆਦਿਕ ਝੂਠੇ ਸਮਝੇ ਹੈਨ।

ਹਰਿ ਹਰਿ ਹਰਿ ਨ ਜਪਸ ਰਸਨਾ।

ਵਾਹਿਗੁਰੂ ਦਾ ਜਾਪ ਹੀ ਜਪਨਾ ਸਭ ਤੋਂ ਵਡਾ ਮੰਨਿਆ ਹੈ।

ਅਵਰਿ ਸਭ ਛਾਡਿ ਬਚਨ ਰਸਨਾ ॥ ੧ ॥ ਰਹਾਉ ॥

ਬਿਨਾਂ ਜਾਪ ਤੋਂ ਹੋਰ (ਪੁਰਾਨਾ ਦੀ ਰਚਨਾ) ਛਡ ਦਿਓ, ਭਾਵ ਪੜ੍ਹੋ ਨਾ ਬਿਨਾ ਨਾਮ ਤੇ।

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਂਹੀ।

ਬੇਦਾਂ ਵਿਚ ਤੇ ਪੁਰਾਣਾ ਅੰਦਰ ਕਈ ਭੇਦ ਪਾਏ ਹੋਏ ਨੇ ਓਹਨਾਂ ਚਉਤੀ ਅਖਰਾ ਦੁਆਰਾ ਜਿਵੇਂ—

ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਨਾਹੀ ॥ ੨ ॥

ਰਿਸ਼ੀਆਂ ਦੇ ਵਿਚਾਰ ਕੀਤੇ ਹੋਏ ਰਾਮ ਦੇ ਨਾਮ ਬਰਾਬਰ ਭੀ ਨਹੀਂ ਹੈ।

ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥

ਨਿਤਨੇਮ ਹਰ ਰੋਜ਼ ਦੀ ਭਗਤੀ ਵਡੇ ਤਪ ਬਰਾਬਰ ਹੋ ਜਾਂਦੀ ਹੈ।

ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥ ੩ ॥੨॥੧੭॥

ਜਨਮ ਮਰਨ ਦਾ ਭੈ ਨਾਮ ਜਪਨੇ ਤੇ ਹਟ ਜਾਂਦ ਹੈ।

**ਦੋਹਰਾ—ਸੁਣਦੇ ਸਾਰ ਹੀ ਸ਼ਬਦ ਨੂੰ ਰਾਣੇ ਕਰੀ ਪੁਕਾਰ।**
**ਮੀਰਾਂ ਤਾਰੀ ਪਰੀਤ ਕਰ ਮੈਨੂੰ ਭੀ ਤਿਉਂ ਤਾਰ।**

ਰਾਜੇ ਦਾ ਸੇਵਕ ਹੋਣਾ

**ਭਜਨ ਪੁਛ ਰਾਣੇ ਸੇਵਕ ਸਰਬ ਹੋਏ ਜਨਮ ਮਰਨ ਚੁਰਾਸੀ ਦਾ ਟਾਲ ਦਿਤਾ। ਸਾਂਗੇ ਰਾਣੇ ਨੂੰ ਕਰ ਨਿਹਾਲ ਦਿਤਾ ਸੁਧ ਅੰਮ੍ਰਿਤ ਦਾ ਕੁੰਡ ਸੰਭਾਲ ਦਿਤਾ। ਸੰਮਤ ਪੰਦਰਾਂ ਸੌ ਪੰਤਾਲੀ ਅੰਦਰ ਮੋਹੜ ਪਿੰਡ ਰਹਿਕੇ ਕਰ ਨਿਹਾਲ ਦਿਤਾ। ਓਸ ਦੇਸ ਮਾਰਵਾੜ ਵਿਚ ਸਾਰੇ ਸਾਰੇ ਜਾਪ ਅਕਾਲ ਅਕਾਲ ਦਿਤਾ। ਜਗਾ ਮੀਰਾਂ ਨੇ ਮੰਦਰ ਦੀ ਯਾਦ ਅੰਦਰ ਭਗਤ ਸ੍ਰੀ ਰਵਿਦਾਸ ਦਾ ਨਾਮ ਓਥੇ। ਕਾਲਾ ਸਿੰਘ**

ਜੀ ਕੀਰਤਨ ਨਿਤ ਹੋਵੇ ਭਗਤੀ ਪਰੇਮ ਦਾ ਸੀ ਸੁਬ੍ਹਾ ਸ਼ਾਮ ਓਥੇ।

ਮੀਰਾਂ ਬਾਈ ਨੇ ਭਗਤ ਜੀ ਕੋਲ ਅਰਜ਼ ਕਰਨੀ

ਇਕ ਦਿਨ ਮੀਰਾਂ ਤੜਕੇ ਉਠ ਕੇ ਤੇ, ਸੁਚ ਸੋਚ ਹੋ ਕੀਤਾ ਇਸ਼ਨਾਨ ਪਹਿਲੇ। ਬੈਠੀ ਬਿਰਤ ਇਕਾਂਤ ਤੇ ਜਾਪ ਕਰਦੀ, ਕੀਤਾ ਵਾਹਿਗੁਰੂ ਦਾ ਅੰਤ੍ਰ ਧਿਆਨ ਪਹਿਲੇ। ਸੂਰਜ ਹੋਇਆ ਪ੍ਰਕਾਸ਼ ਤੇ ਰਾਤ ਬੀਤੀ, ਲਾਲੀ ਪ੍ਰਗਟੀ ਵਿਚ ਜਹਾਨ ਪਹਿਲੇ। ਨੀਲੇ ਅੰਬਰੋਂ ਗੂੰਜ ਦੇ ਮੋਰ ਪੰਛੀ, ਬਦਲ ਕੜਕੇ ਨੇ ਵਿਚ ਅਸਮਾਨ ਪਹਿਲੇ। ਓਧਰ ਸ੍ਰੀ ਰਵਿਦਾਸ ਵਿਚ ਬੈਠੇ, ਸੋਭਾ ਪਾਂਵਦੇ ਵਿਚ ਦੀਵਾਨ ਪਹਿਲੇ। ਮੀਰਾਂ ਭਗਤਨੀ ਚਲ ਕੇ ਆਪ ਆਏ, ਕਰੇ ਬੰਦਨਾ ਸੀਸ ਝੁਕਾਨ ਪਹਿਲੇ। ਬੜੀ ਨਾਲ ਅਧੀਨਗੀ ਅਰਜ਼ ਕੀਤੀ, ਸ੍ਰੀ ਭਗਤ ਜੀ ਨੇ ਮੇਹਰਬਾਨ ਪਹਿਲੇ। ਪਿਛਲੇ ਜੁਗ ਅੰਦਰ ਮੁਕਤ ਕਠਨ ਮਿਲਦੀ, ਲਿਖ ਗਏ ਨੇ ਬੇਦ ਪੁਰਾਨ ਪਹਿਲੇ। ਪਹਿਲੇ ਸਚ ਬੋਲੇ ਸਤਿਜੁਗ ਅੰਦਰ, ਸਤਿ ਪੁਰਸ਼ ਦੀ ਹੁੰਦੀ ਕਲਿਆਨ ਪਹਿਲੇ। ਤਰੇਤੇ ਜੁਗ ਤੇ ਦਾਨ ਕਲਿਆਨ ਹੁੰਦੀ, ਲਿਖੇ ਬਿਆਸ ਜੀ ਨੇ ਦਾਸਤਾਨ ਪਹਿਲੇ। ਦੁਆਪਰ ਜੁਗ ਅੰਦਰ ਕਰਮ ਕਾਂਡ ਕੀਤੇ, ਮੁਕਤੀ ਮਿਲਦੀ ਸੀ ਸੁਰਤ ਟਿਕਾਨ ਪਹਿਲੇ। ਕਲਜੁਗ ਵਿਚ ਜੀਵਾਂ ਦੇ ਵਾਸਤੇ ਜੀ, ਕਿਸੇ ਸਾਧਨ ਤੇ ਮਿਲੇ ਕਲਿਆਨ ਪਹਿਲੇ।

ਤਥਾ

ਸਤਿਜੁਗ ਅੰਦਰ ਸਜਾ ਏਹ ਮਿਲਦੀ, ਨਗਰੀ ਪੀੜਦੇ ਇਕ ਕਸੂਰ ਬਦਲੇ। ਤਰੇਤੇ ਮਿਲਦੀ ਸਜਾ ਸੀ ਘਰ ਦਿਆਂ ਨੂੰ, ਇਕ ਦੋਸ਼ੀ ਨੂੰ ਕਿਸੇ ਕੰਦੂਰ ਬਦਲੇ। ਦੁਆਪਰ ਜੁਗ ਅੰਦਰ ਕੁਲ ਪਕੜ ਲੈਂਦੇ, ਕੋਲੂ ਪੀੜਦੇ ਕਿਸੇ ਬਸੂਰ ਬਦਲੇ। ਕਲਜੁਗ ਜੇਹੜਾ ਕਰੇ ਸੋ ਪਾਵੇ,, ਕੀਤਾ ਨਿਆਂ ਹੈ ਇਸ ਹਜ਼ੂਰ ਬਦਲੇ। ਕਲਜੁਗ ਅੰਦਰ ਕੋਹੜੀ ਰਹਿਤ ਰਖੇ, ਕਰਮ ਜਗ ਜਾ ਦਾਨ ਨੂੰ ਵਾਰਨਾ ਜੀ। ਮੀਰਾਂਬਾਈ ਦੀ ਅਰਜ਼ ਮਨਜ਼ੂਰ ਕਰਕੇ, ਮੁਕਤ ਹੋਣ ਦਾ ਰਾਹ

Sri Satguru Jagjit Singh Ji Elibrary NamdhariElibrary@gmail.com

ਨਿਖਾਰਨਾ ਜੀ।

ਸ੍ਰੀ ਰਵਿਦਾਸ ਜੀ ਵਲੋਂ ਮੀਰਾਂ ਬਾਈ ਨੂੰ ਉਪਦੇਸ਼

ਭਗਤ ਆਖਿਆ ਮੀਰਾਂ ਬਾਈ ਧੰਨ ਹੈ ਤੂੰ ਤੈਨੂੰ ਨਾਮ ਦਾ ਹੈ ਸੱਚਾ ਰੰਗ ਮੀਰਾਂ ਕਲੂ ਕਾਲ ਅੰਦਰ ਨਾਮ ਦਾਨ ਇਹੋ, ਕਰਨਾ ਸਾਧੂਆਂ ਦਾ ਨਿੱਤ ਸੰਗ ਮੀਰਾਂ। ਚਾਰੇ ਵੇਦ ਅਠਾਰਾਂ ਪੁਰਾਨ ਦਰਸਨ, ਗੁਰ ਧਾਰਨਾ ਹੋ ਨਿਸੰਗ ਮੀਰਾਂ। ਇਸ਼ਨਾਨ ਕਰਨਾ ਸਫ਼ਾਈ ਸਰੀਰ ਬਦਲੇ, ਟੁਬੀ ਜਾ ਨਹਾਉਣਾ ਨਿਤ ਗੰਗ ਮੀਰਾਂ । ਨਿਸਾ ਕਰਮ ਕਰਨਾ ਨਿਤ ਨੇਮ ਹੈ ਜੀ, ਮਨ ਮੋੜਨਾ ਰੋਕਣਾ ਤੰਗ ਮੀਰਾਂ। ਕਥਾ ਨਿਤ ਸੁਣਨੀ ਰਬ ਪਿਆਰਿਆਂ ਦੀ, ਮੰਤ੍ਰ ਜਾਪ ਕਰਨਾ ਲਾਹੁਣਾ ਜੰਗ ਮੀਰਾਂ। ਕੀਰਤਨ ਕਰਨਾ ਸੁਰਾਂ ਵਿਚ ਜਸ ਗਾਉਣਾ, ਸੰਗ ਤਾਰ ਸਤਾਰ ਤਰੰਗ ਮੀਰਾਂ। ਕਵਿਤਾ ਕਰਨੀ ਪਰੇਮ ਪਰੀਤ ਵਾਲੀ, ਵਸ ਕਰਨਾ ਮਨ ਮਤੰਗ ਮੀਰਾਂ। ਹਿਰਦੇ ਵਿਚ ਹੈ ਰਾਮ ਨਿਵਾਸ ਕਰਦਾ, ਕਵੀ ਨਾਲ ਸੰਗਤੀਏ ਅੰਗ ਮੀਰਾਂ। ਅਠੇ ਪਹਿਰ ਸਿਮਰਨ ਕਰਨਾ ਵਾਹਿਗੁਰੂ ਦਾ, ਨਹੀਂ ਵਿਸਰਨਾ ਜੀ ਇਕ ਪੰਗ ਮੀਰਾਂ। ਭਗਤੀ ਰੂਪ ਸੇਵਾ ਕਰਨੀ ਸਾਧੂਆਂ ਦੀ, ਲੋਕ ਲਜਿਆ ਤੋਂ ਜਾਣਾ ਲੰਘ ਮੀਰਾਂ। ਕਲਜੁਗ ਅੰਦਰ ਨਾਮ ਮੁਕਤ ਪਾਵੇ, ਸੰਤ ਜਨ ਕਹਿੰਦੇ ਹਰ ਜੀ ਅੰਗ ਮੀਰਾਂ। ਪਿਛਲੇ ਜੁਗ ਤਪ ਦਾਨ ਤੇ ਸਚ ਤਿੰਨੇ, ਮਿਲਦੀ ਮੁਕਤ ਸੀ ਹੁੰਦੀ ਕਲਿਆਨ ਮੀਰਾਂ। ਕਾਲਾ ਸਿੰਘ ਕਲੂ ਮੇਂ ਨਾਮ ਜਪ ਲੈ, ਮੁਕਤ ਮਿਲੇਗੀ ਜਪੇ ਭਗਵਾਨ ਮੀਰਾਂ।

ਵਾਕ ਕਵੀ

ਬਹੁਤ ਚਿਰ ਭਗਤ ਜੀ ਮੋਹੜ ਅੰਦਰ, ਸਤਿਨਾਮ ਸਤਿਸੰਗ ਚਲਾਇਆ ਜੀ। ਓਥੇ ਭਗਤ ਜੀ ਦੀ ਯਾਦਗਾਰ ਹੈ ਜੀ, ਦਰਸ਼ਨ ਜਾਇਕੇ ਸੰਗੀਆਂ ਪਾਇਆ ਜੀ। ਸਾਂਗੇ ਰਾਣੇ ਉਦੇ ਪੁਰ ਵਾਲੜੇ ਨੇ, ਹਬ ਜੋੜ ਪਲਾ ਗਲ ਪਾਇਆ ਜੀ। ਬੜੀ ਨਾਲ ਅਧੀਨਗੀ ਅਰਜ਼ ਕੀਤੀ, ਉਦੇ ਪੁਰ ਚਲੋ ਮੇਰੇ ਰਾਇਆ ਜੀ। ਜਿਵੇਂ ਤਾਰਿਆ ਮੋਹੜ

Sri Satguru Jagjit Singh Ji Elibrary NamdhariElibrary@gmail.com

ਦੇ ਵਾਸੀਆਂ ਨੂੰ, ਤਿਵੇਂ ਤਾਰ ਸਾਨੂੰ ਛੋਹ ਲਾਇਕੇ ਜੀ। ਮੈਨੂੰ ਤਾਂਬਿਓਂ ਕੰਚਨ ਕਰ ਜਾਵੋ, ਓਥੇ ਘਰ ਸਤਿਸੰਗ ਬਨਾਇਕੇ ਜੀ।

ਸ੍ਰੀ ਰਵਿਦਾਸ ਜੀ ਨੇ ਉਦੇ ਪੁਰ ਆਉਣਾ

ਮੰਨ ਬੇਨਤੀ ਰਾਮੇ ਦੀ ਭਗਤ ਜੀ ਨੇ, ਉਦੇ ਪੁਰ ਆਏ ਛੇਤੀ ਚੱਲ ਬਾਬੇ। ਨਾਮ ਦਾਨ ਦਿਰੜਾਇਕੇ ਦੇਸ ਸਾਰੇ, ਡੰਕੇ ਧਰਮਦੇ ਵਜੇ ਅਟੱਲ ਵਾਲੇ। ਪਥਰ ਪੂਜਾ ਛੁਡਾ ਕੇ ਦੇਸ ਵਿਚੋਂ, ਦਸੇ ਨਾਮ ਜਪੋਣ ਦੇ ਵਲ ਬਾਬੇ। ਮੀਰਾਂ ਭਗਤਣੀ ਚੰਦ ਸੀ ਭਾਗ ਦੋਨੋਂ ਭੈਣ ਭਰਾ ਆਏ ਕੋਲ ਚਲ ਬਾਬੇ। ਉਦੇ ਪੁਰ ਵਿਚ ਹੋਈਆਂ ਰੌਣਕਾਂ ਨੇ, ਪੰਨ ਭਾਗ ਰਵਿਦਾਸ ਜੀ ਨਿਵਾਸ ਏਥੇ। ਰਾਜੇ ਮੰਦਰ ਇਕ ਬਣਾ ਦਿਤਾ। ਕੀਤਾ ਭਗਤ ਜੀ ਬਹੁਤ ਚਿਰ ਵਾਸ ਏਥੇ।

ਉਦੇ ਪੁਰ ਸ਼ਹਿਰ ਦੇ ਰਵਿਦਾਸ ਮੰਦਰ ਵਿਚ ਮੀਰਾਂ ਬਾਈ ਨੇ ਕੀਰਤਨ ਕਰਨਾ

ਉਦੇ ਪੁਰ ਰਾਣੇ ਸਾਂਗੇ ਸ਼ਾਹ ਜੀ ਨੇ, ਇਕ ਮੰਦਰ ਸੋਹਣਾ ਬਣਵਾਇਆ ਜੀ। ਨਿਤਾਪ੍ਰਤ ਸਤਿਸੰਗ ਹਮੇਸ਼ ਹੁੰਦਾ, ਹੋਵੇ ਕੀਰਤਨ ਦੂਣ ਸਵਾਇਆ ਜੀ। ਅੰਬਰ ਗੂੰਜਿਆ ਤੇ ਸ਼ਬਦ ਸ਼ੁਰੂ ਹੋਇਆ ਲੋਕ ਲਾਜ ਦਾ ਭਰਮ ਗਵਾਇਆ ਜੀ। ਦਿਲੋਂ ਹਿਰਸ ਨਾ ਹਾਰਦੇ ਡੋਲਦੇ ਨੇ ਜਿਨ੍ਹਾਂ ਸਿਦਕ ਉਤੇ ਡੇਰਾ ਲਾਇਆ ਜੀ। ਘਰ ਸੌਹਰਿਆਂ ਦੇ ਮੀਰਾਂ ਬਾਈ ਰਹਿੰਦੀ ਰੰਗ ਚੜ੍ਹਿਆ ਦੂਣ ਸਵਾਇਆ ਜੀ। ਨਿਤ ਮੈਹਲ ਤੋਂ ਜਾਇ ਸਤਸੰਗ ਅੰਦਰ ਜਿਥੇ ਅੰਮ੍ਰਿਤ ਅਰਸ਼ ਤੋਂ ਆਇਆ ਜੀ। ਗੀਤ ਨਿਤ ਗੋਬਿੰਦ ਦੇ ਗੌਣ ਸਾਧੂ ਬਾਜੇ ਢੋਲਕੀ ਛੈਣੇ ਵਜਾਇਆ ਜੀ। ਮੀਰਾਂ ਗਾਂਵਦੀ ਸ਼ਬਦ ਸਿਤਾਰ ਹਰਦਮ ਮਿਠੀ ਸੁਰ ਮੇਂ ਮਸਤ ਬੁਲਾਇਆ ਜੀ। ਕਰੇ ਨਿਰਤਕਾਰੀ ਪੈਰੀਂ ਘੁੰਗਰੂ ਪਾ ਤਾੜੀ ਮਾਰ ਕੇ ਗਗਨ ਸੁਹਾਇਆ ਜੀ। ਲੋਕ ਲਾਜ ਨੂੰ ਤਿਆਗ ਕੇ ਮਸਤ ਹੋਈ ਮੀਰਾਂ ਨਿਤ ਸਤਸੰਗ ਸੁਨਾਇਆ ਜੀ। ਸੱਸ, ਨਣਦ ਹੈ ਮੀਰਾਂ ਨੂੰ ਦੇਖ ਕਰਕੇ ਦੋਵੇਂ ਉਸ ਦੇ ਤਾਈਂ ਸਮਝਾਉਣ ਆਈਆਂ। ਮੀਰਾਂ ਛਡ ਦੇ ਤੂੰ ਸਤਸੰਗ ਕਰਨਾ ਦੋਵੇਂ ਬੈਠ ਕੋਲੇ

Sri Satguru Jagjit Singh Ji Elibrary NamdhariElibrary@gmail.com

ਹਟੌਣ ਆਈਆਂ।

ਸਸ ਤੇ ਨਣਦ ਨੇ ਮੀਰਾਂ ਬਾਈ ਨੂੰ ਸਤਸੰਗ ਘਰ ਜਾਣ ਤੋਂ ਰੋਕਣਾ

ਸੱਸ ਆਖਦੀ ਮੀਰਾਂ ਤੂੰ ਬਸ ਕਰ ਨੀ ਦੂਦਾ ਰਾਏ ਨੂੰ ਲਾਜ ਨਾ ਲਾ ਮੀਰਾਂ। ਮਹਿਲ ਵਾਸੀਆਂ ਤਾਈਂ ਬਦਨਾਮ ਕੀਤਾ ਸਾਂਗੇ ਰਾਣੇ ਦਾ ਕਰੀਂ ਨਾ ਨਾਂ ਮੀਰਾਂ। ਰਾਣੀ ਮਾਂ ਤੇਰੀ, ਵੀਰ ਪਿਤਾ ਤੇਰਾ ਹਾਰ ਥਕ ਗਏ ਤੈਨੂੰ ਸਮਝਾ ਮੀਰਾਂ। ਛਿੰਦੀ ਸੀਸ ਤੇ ਗਲ ਵਿਚ ਹਾਰ ਪਾ ਲੈ ਕੜਾ ਸੋਨੇ ਦਾ ਬਾਂਹ ਲੈ ਪਾ ਮੀਰਾਂ। ਜੇਵਰ ਪਹਿਨ ਤੇ ਬਸਤਰ ਪਾ ਰੇਸ਼ਮ ਸਾਧਾਂ ਵਾਲੜੇ ਕਪੜੇ ਲਾਹ ਮੀਰਾਂ। ਨਿਤਨੇਮ ਰਵਿਦਾਸ ਦੇ ਘਰ ਜਾਂਦੀ, ਦਿਤੀ ਲਾਜ ਨੀ ਤੂੰ ਗੁਵਾ ਮੀਰਾਂ। ਨੀ ਤੂੰ ਨਿਤ ਪੈਰੀਂ ਓਹਦੇ ਸੀਸ ਧਰਦੀ ਤੈਨੂੰ ਆਈ ਨਾ ਕਿਉਂ ਖਿੜਾ ਮੀਰਾਂ। ਰਾਜ ਪੁਤਰੀ ਉਮਰ ਜੁਆਨ ਤੇਰੀ, ਨਿਤ ਨਠਦੀ ਗਿਧੇ ਨੂੰ ਪਾ ਮੀਰਾਂ। ਛਤਰੀ ਵੰਸ ਹਿੰਦੂ ਕੁਲ ਬਹੁਤ ਉਚੀ ਏਹ ਨਾ ਮਥੇ ਕਲੰਕ ਤੂੰ ਲਾ ਮੀਰਾਂ। ਛਡ ਦੇ ਤੂੰ ਗੁਰੂ ਚੁਮਾਰ ਤਾਈਂ ਤੈਨੂੰ ਭਾਬੀਏ ਅਸੀਂ ਸਮਝਾ ਰਹੀਆਂ। ਘਰ ਬੈਠ ਕੇ ਰਾਮ ਦਾ ਨਾਮ ਜਪ ਲੈ, ਜਾਣੋਂ ਸੰਗ ਤੋਂ ਅਸੀਂ ਹਟਾ ਰਹੀਆਂ।

ਮੀਰਾਂ ਬਾਈ ਦਾ ਜਵਾਬ

ਮੀਰਾਂ ਹਸ ਕੇ ਆਖਿਆ ਅੰਬੀਏ ਜੀ ਪੇਕੇ ਤਾਰਤੇ ਸੌਹਰੇ ਵੀ ਤਾਰਨੇ ਆਂ। ਏਸ ਗੁਰੂ ਰਵਿਦਾਸ ਦੇ ਨਾਮ ਉਤੋਂ ਰਾਜ ਸਾਜ ਸੁਖ ਸਭੇ ਵਾਰਨੇ ਆਂ। ਮਾਏ ਮਿਲਿਆ ਗੁਰੂ ਅਪਾਰ ਮੈਨੂੰ ਸਿਦਕ ਧਾਰਿਆਂ ਗੁਰੂ ਨੇ ਤਾਰਨੇ ਆਂ। ਐਸੇ ਗੁਰੂ ਤੋਂ ਜਾਂ ਬਲਿਹਾਰਨੇ ਹਾਂ ਭਵ ਸਾਗਰੋਂ ਪਾਰ ਉਤਾਰਨੇ ਆਂ। ਏਹ ਸੁਣਕੇ ਮੀਰਾਂ ਤੋਂ ਸ਼ਬਦ ਉਚਾ ਫੇਰ ਮੀਰਾਂ ਨੂੰ ਮੂਲ ਨ ਵਰਜਿਓ ਜੀ। ਮੀਰਾਂ ਕਰਦੀ ਨਿਤ ਸਤਸੰਗ ਡਾਢਾ ਵਾਂਗ ਸ਼ੇਰ ਦੇ ਮੀਰਾਂ ਨੇ ਗਰਜਿਓ ਜੀ।

ਮੀਰਾਂ ਬਾਈ ਪਦੇ ੨੨

ਅਬ ਮੀਰਾਂ ਮਾਨ ਲੀਜੋ ਯੇ ਮਹਾਰੀ ਹਾਜੀ ਥਨੇ ਸਹੀਆਂ ਬਰਜੇ ਸਾਰੀ।
੧॥ ਰਹਾਉ॥ ਰਾਜਾ ਬਰਜੈ, ਰਾਣੀ ਬਰਜੇ, ਬਰਜੈਂ ਸਭ ਪ੍ਰਵਾਰੀ।

Sri Satguru Jagjit Singh Ji Elibrary NamdhariElibrary@gmail.com

ਕੁੰਵਰ ਪਾਟਵੀ ਸੋਭੀ ਬਰਜੇ ਔਰ ਸਹੇਲੀਆਂ ਸਾਰੀ। ਸੀਸ ਫੂਲ ਸਿਰ ਉਪਰ ਸੋਂਹਦੇ ਬਿੰਦਲੀ ਸੋਭਾ ਭਾਰੀ। ਗਲੇ ਗੁਜਾਰੀ ਕੜਾ, ਮੈਂ ਨੇਬਰ, ਪਹਿਰੇਂ ਵਾਰੀ। ਸਾਧਨ ਕੇ ਵਿਗ ਬੈਠ ਬੈਠ ਕੇ ਲਾਜ ਗਵਾਈ ਸਾਰੀ। ਨਿਤਾਪ੍ਰਤਿ ਉਠ, ਨੀਚ ਘਰ ਜਾਵੇ ਕੁਲ ਨੂੰ ਲਗਾਵੇ ਗਾਰੀ। ਬੜਾ ਘਰਾਂ ਕੇ ਛੋਰੂ ਕਹਾਵੇ, ਨਾਚੇ ਦੇ ਦੇ ਤਾਰੀ। ਬਰ ਪਾਇਓ ਹਿੰਦਵਾਨੀ ਸੂਰਜ, ਅਬ ਦਿਲ ਮੈਂ ਕਿਆ ਧਾਰੀ। ਤਾਰਿਓ ਪੀਹਰ ਸਾਸਰੋ ਤਾਰਿਯੋ, ਮਾਯੋ ਤਾਰੀ। ਮੀਰਾਂ ਨੂੰ ਸਤਿਗੁਰੂ ਜੀ ਮਿਲਿਆ ਚਰਨ ਕਮਲ ਬਲਰਾਰੀ।

**ਮੀਰਾਂ ਬਾਈ ਵਲੋਂ ਸਸ ਨੂੰ ਜਬਾਬ**

ਲਾਜੇ ਪੀਹਰ ਸਾਸਰੋ, ਮਤਾਇਣੋ ਮੋ ਸਾਲ।
ਸਭ ਹੀ ਲਾਜੇ ਮੇਹੜਤੀਆ ਸਸੂ ਬੁਰਾ ਕਹੇ ਸੰਸਾਰ॥

***ਮੀਰਾਂ ਬਾਈ**

ਚੋਰੀ ਕਰਾਂ ਮੈਂ ਮਾਰ ਗਈ ਕਹਿ ਮੈ ਕਰੂੰ ਅਕਾਜ।
ਪੁੰਨ ਕੇ ਮਾਰਗ ਚਾਲਤੀ ਝਖ ਮਾਰੇ ਸੰਸਾਰ।

ਦੋਹਰਾ—ਪ੍ਰੇਮ ਰਿਦੇ ਮੇਂ ਜਾਗਿਆ ਮੀਰਾਂ ਭਈ ਨਿਸ਼ੰਗ।
ਪਰੇਮ ਰੰਗ ਨਾ ਉਤਰੇ ਨਾਮ ਮਸਤ ਹੈ ਭੰਗ॥

**ਭਗਤ ਜੀ ਨੇ ਕਾਂਸ਼ੀ ਆਉਣਾ ਤੇ ਮੀਰਾਂ ਬਾਈ ਨੂੰ ਪ੍ਰੇਮ ਹੋਣਾ**

ਬੈਂਤ—ਬਹੁਤ ਚਿਰ ਭਗਤ ਉਦੇ ਪੁਰ ਠਹਿਰੇ ਹੋਏ ਸਿਖ ਬਹੁਤੇ ਓਥੇ ਆਇਕੇ ਜੀ। ਮਹਾਰਾਣੇ ਸਾਂਗੇ ਮਾਇਆ ਭੇਟ ਕੀਤੀ ਸੇਵਕ ਬਣਿਆ ਸੇਵ ਕਮਾਇ ਕੇ ਜੀ।ਬਿਨਾ ਵਾਹਿਗੁਰੂ ਹੋਰ ਨਹੀਂ ਪੂਜ ਵੱਡੀ ਕਿਹਾ ਭਗਤ ਜੀ ਠੀਕ ਸਮਝਾਇਕੇ ਜੀ।ਉਦੇ ਪੁਰ ਤੋਂ ਕੂਚ ਦੇ ਕਰਨ ਵੇਲੇ ਮੀਰਾਂ ਨੈਣ ਰੋਵੇ ਪ੍ਰੇਮ ਪਾਇਕੇ ਜੀ। ਮੀਰਾਂ ਬਾਈ, ਕਰਮਾਂ, ਸਾਂਗਾ ਬਹੁਤ ਰਾਣੇ, ਰਤਨ ਸਿੰਘ ਤੇ ਚੰਦਰ ਭਾਗ ਭਾਈ। ਓਸ ਦੇਸ ਦੇ ਸਿਖ ਸੀ ਬਹੁਤ ਹੋਏ ਦਰਸ਼ਨ ਆਨ ਕਰਦੇ ਮੈਹਲ ਤਿਆਗ ਭਾਈ। ਵਿਦਿਆ ਹੋਏ ਭਗਤ ਜੀ ਸਬਦ ਬੋਲਣ ਜਾਣੇ ਵਿਚ

---

*ਮੀਰਾਂ ਬਾਈ ਦੀ ਬਾਣੀ ਵਿਚ ਬਹੁਤ ਸ਼ਬਦ ਨੇ। ਮੀਰਾਂ ਬਾਈ ਦੇ ਨਿਤ ਸਤਸੰਗ ਕਰਨ ਵਾਲੇ ਕੀਰਤਨੀਆਂ ਦੇ ਨਾਮ ਮੀਰਾਂ ਪੰਥੀ ਪੈ ਗਿਆ, ਜੋ ਸ੍ਰੀ ਰਵਿਦਾਸ ਭਗਤ ਦੀ ਬਾਣੀ ਪੜਦੇ ਤੇ ਕੀਰਤਨ ਕਰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਧਨਾਸਰੀ ਰਾਗ ਭਾਈ। ਮੀਰਾਂ ਬਾਈ ਤੂੰ ਸਦਾ ਸਤਸੰਗ ਕਰਨਾ ਏਹੀ ਨਿਤ ਤੂੰ ਕਰੀਂ ਸੁਹਾਗ ਭਾਈ।

ਸ਼ਬਦ ਧਨਾਸਰੀ

ਚਿਤ ਸਿਮਰਨ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰ ਰਾਖਉ ॥ ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥ ੧ ॥ ਮੇਰੀ ਪ੍ਰੀਤਿ ਗੋਬਿੰਦ ਜਿਉ ਜਿਨਿ ਘਟੈ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥ ੧ ॥ ਰਹਾਉ ॥ ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ ਕਹੈ ਰਵਿਦਾਸ ਇਕੁ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ ॥੨੨॥

ਵਾਕ ਕਵੀ

ਬ੍ਰਹਮ ਗਿਆਨ ਭਰਿਆ ਉਪਦੇਸ਼ ਸੁਣਕੇ ਹੋਏ ਗਿਆ ਸੀ ਬ੍ਰਹਮ ਗਿਆਨ ਸਭ ਨੂੰ। ਲਗੇ ਭਜਨ ਕਰਨੇ ਭਗਵਾਨ ਜੀ ਦਾ, ਬਾਬਾ ਦਿਸਣ ਲਗਾ ਮੇਹਰਵਾਨ ਸਭ ਨੂੰ। ਚਰਨੀ ਸਭ ਪੈਂਦੇ ਰੱਬ ਸਮਝਕੇ ਤੇ ਭਗਤ ਦਿਸਦਾ ਰੂਪ ਭਗਵਾਨ ਸਭ ਨੂੰ। ਬਾਹਮਣ ਬਾਣੀਏ ਠਾਕਰ ਸਿਖ ਬਹੁਤੇ ਮਹਾਰਾਜ ਜੀ ਭਜਨ ਸੁਨਾਣ ਸਭ ਨੂੰ। ਬਾਬਾ ਰਾਜੇ ਦੇ ਤਾਈਂ ਉਪਦੇਸ਼ ਕਰਦਾ ਸੁਚੇ ਬਚਨ ਤੋਂ ਆਪ ਸਮਝਾਨ ਸਭ ਨੂੰ। ਕਰੋ ਅਦਲ ਨੂੰ ਨਾ ਬੇਅਦਲ ਕਰਨਾ, ਰਖੋ ਸੀਲ ਸੰਤੋਖ ਬ੍ਰਖਾਨ ਸਭ ਨੂੰ। ਪ੍ਰੇਮ ਬਹੁਤ ਕੀਤਾ ਓਥੇ ਸੰਗਤਾਂ ਨੇ ਸੱਤ ਧਰਮ ਉਪਦੇਸ਼ ਵਿਖਾਨ ਸਭ ਨੂੰ। ਕਾਲਾ ਸਿੰਘ ਕੂਚ ਕਰ ਚਲੇ ਜਾਣਾ, ਚਲਦੀ ਵਾਰ ਨੇ ਦਰਸ ਦਿਖਾਨ ਸਭ ਨੂੰ।

ਭਗਤਨੀ ਮੀਰਾਂ ਬਾਈ ਦੀ ਅਰਜ਼

ਮੀਰਾਂ ਬਾਈ ਵਿਰਾਗ ਵਿਚ ਰੋਣ ਲਗੀ, ਅਰਜ਼ ਕੀਤੀ ਏ ਸਤਿਗੁਰੂ ਜਾਇਓ ਨਾ। ਮੇਰੇ ਦਿਲ ਦੀ ਅਗਨ ਬੁਝਾ ਦਿਤੀ, ਮੈਨੂੰ ਆਪਣੇ ਮਨੋ ਭਲਾਇਓ ਨਾ। ਮੈਂ ਚਰਨ ਦਾਸੀ ਚਰਨ ਧੂੜ ਮੰਗਾਂ ਮੈਨੂੰ ਕਦੇ ਵਿਛੋੜਾ ਵੀ ਪਾਇਓ ਨਾ। ਵਾਰ ਵਾਰ ਮੀਰਾਂ ਏਹੋ ਅਰਜ਼ ਕਰਦੀ, ਸ੍ਰੀ ਸਤਿਗੁਰੂ ਜੀ ਤੁਸੀਂ ਜਾਇਓ ਨਾ। ਮੇਰੇ ਸਿਰ ਤੇ ਮੇਹਰ

Sri Satguru Jagjit Singh Ji Elibrary NamdhariElibrary@gmail.com

ਦਾ ਹਥ ਰਖੋ,ਦਿਲ ਮੇਰੇ ਤੇ ਹੋਵੇ ਤਸਵੀਰ ਬਾਬਾ। ਕਾਲਾ ਸਿੰਘ ਏਹ ਸ਼ਬਦ ਬੋਲ ਆਖੇ ਮੀਰਾਂ ਭਗਤਨੀ ਕਹੇ ਅਖੀਰ ਬਾਬਾ।

ਮੀਰਾਂ ਬਾਈ ਦਾ ਸ਼ਬਦ

ਮਨ ਹਮਾਰਾ ਬੇਧਿਓ, ਰੀ ਮਾਈ ਕਵਲ ਨੈਨ ਅਪਨੇ ਗਾਨ ॥ ੧। ਰਹਾਉ ॥ ਤ੍ਰੀਖ ਤੀਰ ਬੇਦ ਸਰੀਰ ਦੂਰ ਗਇਓ ਮਾਈ। ਲਾਗਿਓ ਤਬ ਜਾਨਿਓ ਨਹੀ ਅਬ ਨ ਸਹਿਓ ਜਾਈ ਰੀ ਮਾਈ ।੧॥ ਤੰਤ ਮੰਤ ਅਉਖਦ ਕਰਉ ਤਉ ਪੀਰ ਨ ਜਾਈ ॥੧॥ ਹੈ ਕੋਊ ਉਪਕਾਰ ਕਰੇ ਕਠਨ ਦਰਦ ਮਾਈ ॥ ੨ । ਨਿਕਟ ਹਉ ਤੁਮ ਦੂਰ 'ਨਹੀ ਬੇਗ ਮਿਲਹੁ ਆਈ ॥ ਮੀਰਾਂ ਗਿਰਧਰ ਸੁਆਮੀ ਦਿਆਲ ਤਨ ਕੀ ਤਪਤਿ ਬੁਝਾਈ॥ ਰੀ ਮਾਈ ਕਵਲ ਨੈਨ ਅਪਨੇ ਗੁਨ ਬਾਂਧਿਓ ਮਾਈ ॥ ਮੇਰਾ ਮਨ ਲਾਗੋ ਹਰ ਜੀ ਸੂੰ ਅਬ ਨ ਰਹੂੰਗੀ ਅਟਕੀ। ਗੁਰੂ ਮਿਲਿਓ ਰਵਿਦਾਸ ਜੀ ਦੀਨੀ ਗਿਆਨ ਦੀ ਗੁਟਕੀ ॥

ਸ੍ਰੀ ਰਵਦਾਸ ਜੀ ਨੇ ਮੀਰਾਂ ਬਾਈ ਨੂੰ ਵਰ ਦੇਣਾ ਅਮਰ ਹੋਣ ਦਾ

ਮੀਰਾਂ ਬਾਈ ਨੂੰ ਆਖਿਆ ਭਗਤ ਜੀ ਨੇ ਬਲਿਹਾਰ ਬਲਿਹਾਰ ਬਲਿਹਾਰ ਬੇਟੀ। ਅੰਮ੍ਰਿਤ ਵੇਲੇ ਦੇ ਨਾਲ ਇਸ਼ਨਾਨ ਕਰਕੇ ਨਿਤ ਕਰਨਾ ਸਤਿਸੰਗ ਦਰਬਾਰ ਬੇਟੀ। ਕਰੀਂ ਸੰਗ ਬੇਟੀ ਸਚੇ ਸਾਧੂਆਂ ਦਾ ਸ਼ਬਦ ਗਾਵਣੇ ਨਾਲ ਸਤਾਰ ਬੇਟੀ। ਬਾਣੀ ਬਣੂ ਜੋ ਤੇਰੇ ਮੁਖਾਰ ਤੋਂ ਜੀ ਪ੍ਰੇਮ ਪੜ੍ਹਕੇ ਹੋਊ ਸੰਸਾਰ ਬੇਟੀ। ਤੇਰੇ ਨਾਮ ਉਤੇ ਤੇਰਾ ਪੰਥ ਚਲੇ ਰਵੇ ਨਾਮ ਤੇਰਾ ਚਮਕਾਂ ਮਾਰ ਬੇਟੀ। ਜਦ ਤਕ ਚੰਦ ਸੂਰਜ ਰੋਸ਼ਨ ਨਾਮ ਤੇਰਾ ਦੋਹਾਂ ਨਾਲ ਨੇ ਝੂਠੇ ਵਪਾਰ ਬੇਟੀ। ਨਾਮ ਜਾਪ ਕਰ ਕੇ ਹੋਈ ਅਮਰ ਤੂੰ ਹੈਂ ਸਾਸ ਸਾਸ ਜਪਣਾ ਸਿਰਜਨਹਾਰ ਬੇਟੀ। ਕਾਲਾ ਸਿੰਘਹੈ ਸਤਕਰਤਾਰ ਬੇਟੀ,ਜਪੋਜਾਪ ਕਰਤਾਰਕਰਤਾਰ ਬੇਟੀ।

ਵਾਕ ਕਵੀ

ਉਦੇ ਪੁਰ ਤੋਂ ਭਗਤ ਜੀ ਕੂਚ ਕੀਤਾ ਰਲੀਆਂ ਨਾਲ ਜੋ ਸੰਗਤਾਂ ਸਾਰੀਆਂ ਨੇ। ਜੈਪੁਰ ਜੋਧ ਪੁਰ ਤੇ ਬੂੰਦੀਗੜ੍ਹ ਝਾਂਸੀ ਬੀਕਾ ਨੇਰ ਤੇ ਸੰਗਤਾਂ ਤਾਰੀਆਂ ਨੇ। ਟੌਂਕ, ਆਗਰੇ, ਭਰਤਪੁਰ, ਕਾਹਨਪੁਰ ਤੇ ਮਥਰਾ, ਅਜੁਧਿਆ ਦੇਖ ਸਵਾਰੀਆਂ ਨੇ। ਪੀਲੀ ਭੀਤ, ਉਜੈਨ, ਨੈਪਾਲ ਸਾਰੇ ਦਰਸ਼ਨ ਕਰਦੀਆਂ ਸੰਗਤਾਂ ਪਿਆਰੀਆਂ ਨੇ। ਫੀਮ,

Sri Satguru Jagjit Singh Ji Elibrary NamdhariElibrary@gmail.com

ਚਰਸ, ਹੁਕਾ, ਸੁਲਫੇ ਦੂਰ ਕੀਤੇ, ਦਾਰੂ ਮਾਸ ਤੋਂ ਕਰੇ ਇਨਕਾਰੀਆਂ ਨੇ। ਪਿੰਡੋ ਪਿੰਡ ਤੁਰ ਕੇ ਸ਼ਹਿਰ ਵਲ ਆਏ, ਗਾਜੀ ਪੁਰੇ ਦੇ ਕਿਲੇ ਅਟਾਰੀਆਂ ਨੇ। ਰਾਜੇ ਚੰਦ ਪ੍ਰਤਾਪ ਨੇ ਕਰੀ ਸੇਵਾ, ਕਿਲੇ ਆਪਣੇ ਕਰੇ ਉਤਾਰੀਆਂ ਨੇ। ਏਥੇ ਗੰਗਾ ਪਥਰੀ ਹੇਠ ਲਹਿਰ ਚਲੀ, ਦਰਸ਼ਨ ਆਣ ਕੀਤੇ ਨਰ ਨਾਰੀਆਂ ਨੇ। ਕਈ ਦਿਨ ਦੀਵਾਨ ਤੇ ਕਥਾ ਕਰਕੇ, ਬਹੁਤ ਵਿਗੜੀਆਂ ਤੁਹਾਂ ਸੁਧਾਰੀਆਂ ਨੇ। ਜਸ ਹੋਂਵਦਾ ਭਗਤ ਦਾ ਦੇਸ ਅੰਦਰ, ਸਚੇ ਰਾਹ ਦਸੇ ਨਾਮਧਾਰੀਆਂ ਨੇ। ਗਾਜੀ ਪੁਰ ਤੋਂ ਭਗਤ ਜੀ ਪਾਏ ਚਾਲੇ, ਸੌਦੇ ਕੀਤੇ ਸੀ ਨਾਮ ਵਪਾਰੀਆਂ ਨੇ। ਸੰਮਤ ਪੰਦਰਾਂ ਸੋ ਪੰਤਾਲੀਆ ਸੀ, ਦੌਰੇ ਕਰ ਕੇ ਕਾਂਸ਼ੀ ਜੀ ਆਂਵਦੇ ਨੇ। ਛੁਹੱਤ੍ਰ ਬਰਸ ਅੰਦਰ ਭਗਤ ਉਮਰ ਹੋਈ, ਘਰ ਬੈਠ ਸਤਸੰਗ ਕਰਾਂਵਦੇ ਨੇ।

ਪਰਸੰਗ ਸ੍ਰੀ ਰਾਮਾ ਨੰਦ ਜੀ ਤੋਂ ਠਾਕਰ ਪੂਜਾ ਛੁਡਾਉਣੀ ਭਗਤ ਰਵਿਦਾਸ ਦੇ ਸਚੇ ਉਪਦੇਸ਼ ਨਾਲ

ਰਾਮਾ ਨੰਦ ਜੀ ਬੜੇ ਪਰਤਾਪ ਵਾਲੇ, ਬੈਰਾਗੀ ਮਤ ਦੇ ਗੁਰੂ ਸਦਾਂਵਦੇ ਸਨ। ਚੇਲੇ ਬਾਰਾਂ ਹੈਸਨ ਰਾਮਾਨੰਦ ਜੀ ਦੇ, ਬੜੇ ਅਜ ਮਤੀ ਉਹ ਕਹਾਂਵਦੇ ਸਨ। ਆਸਾ ਨੰਦ ਅਤੇ ਸੁਖਾ ਨੰਦ ਜੀ ਜੋ, ਮਹਾਂ ਨੰਦ ਸ੍ਰੀ ਨੰਦ ਬਤਾਂਵਦੇ ਸਨ। ਸੁਖ ਨੰਦ ਜੀ ਤੇ ਭਵਾਨੰਦ ਆਦੀ, ਸੁਰਸਰਾ, ਅਨੰਦ ਜੀ, ਨਾਲ ਰਲਾਂਵਦੇ ਸਨ। ਏਨਾ ਆਖਿਆ ਸੀ ਰਾਮਾਨੰਦ ਗੁਰ ਜੀ, ਕਠੇ ਕਰਨ ਸਲਾਹਾਂ ਮੰਨਾਂਵਦੇ ਸਨ। ਵਿਗੜੇ ਭਗਤ ਕਬੀਰ ਤੋਂ ਜਟ ਧੰਨਾ, ਸੈਨ ਨਾਈ ਨੂੰ ਮਿਲੇ ਅਕਾਲ ਸਤਿਗੁਰੂ। ਠਾਕਰ ਪੂਜਾ ਜੰਞੂ ਤਿਲਕ ਤਿਆਗ ਦਿਤੇ ਰੋਹੜੇ ਵਿਚ ਗੰਗਾ, ਸੰਖ ਘੜਿਆਲ ਸਤਿਗੁਰੂ।

ਤਥਾ

ਭਗਤ ਅਠੇ ਪਹਿਰ ਨੇ ਨਾਮ ਜਪਦੇ, ਸੁਬ੍ਹਾ ਸ਼ਾਮ ਸਤਿਸੰਗ ਕਰਾਨ ਹਰਦਮ। ਸਾਧੂ ਸੰਤ ਅਤੀਤ ਗਰੀਬ ਆਵਣ, ਲੰਗਰ ਪੂਰੀ ਪ੍ਰਸ਼ਾਦ ਪਕਵਾਨ ਹਰਦਮ। ਖੀਰ ਚੌਲ ਭਾਜੀ ਸਾਗ ਤਿਆਰ ਰਹਿੰਦੇ,

Sri Satguru Jagjit Singh Ji Elibrary NamdhariElibrary@gmail.com

ਮਾਲ ਪੂੜੇ ਤੇ ਪੂਰੀ ਪਕਵਾਨ ਹਰਦਮ। ਲਗੇ ਭੀੜ ਹਮੇਸ਼ ਹਜ਼ੂਰ ਲਗੀ, ਨਾਮਦਾਨ ਇਸ਼ਨਾਨ ਦ੍ਰਿੜ੍ਹਾਨ ਹਰਦਮ। ਜਲ ਥਲ ਅੰਦਰ ਰੂਪ ਰਾਮ ਰਵਿਆ, ਇਕ ਜੋਤ ਅਕਾਲ ਜਪਾਨ ਹਰਦਮ। ਛਡੀ ਠਾਕਰਾਂ ਦੀ ਪੂਜਾ ਮੰਦਰਾਂ ਮੇਂ, ਲਾਹੇ ਜੰਞੂ ਨਾ ਵਜੇ ਘੜਿਆਲ ਦੇਖੇ। ਰਾਮਾ ਨੰਦ ਜੀ ਨੂੰ ਖਵਰ ਆਨ ਹੋਈ, ਕਈ ਵਾਰ ਸੀ ਕਰ ਖਿਆਲ ਦੇਖੇ।

ਤਥਾ

ਮਹਾਰਾਜ ਤੇਰਾ ਰਵਿਦਾਸ ਚੇਲਾ, ਵਿਗੜਿਆ ਆਪ ਤੇ ਚੇਲੇ ਵਿਗਾੜ ਦਿਤੇ। ਜੰਞੂ ਸੂਤ ਦਾ ਖਿਚਕੇ ਤੋੜ ਦਿਤਾ, ਸੰਖ ਘੜਿਆਲ ਨੇ ਸਭ ਘਿਸਾੜ ਦਿਤੇ। ਠਾਕਰ ਪੂਜਦਾ ਕੋਈ ਹੈ ਸੁਣ ਲੈਂਦੇ, ਕਈ ਪੂਜ ਠਾਕਰ ਸੇਵਕ ਝਾੜ ਦਿਤੇ। ਕਹਿੰਦੇ ਇਕ ਅਕਾਲ ਬਿਨ ਹੋਰ ਪੂਜਾ ਔਰ ਗੈਰ ਨੂੰ ਸੀਸ ਨਿਵਾਵਣਾ ਨਹੀਂ। ਕਾਲਾ ਸਿੰਘ ਓਸਨੇ ਪ੍ਰਣ ਕੀਤਾ, ਬਿਨਾਂ ਗੁਰਾਂ ਤੇ ਮਥਾ ਟਿਕਾਵਨਾ ਨਹੀਂ।

ਰਾਮਾ ਨੰਦ ਜੀ ਨੇ ਚੇਲਿਆਂ ਸਮੇਤ ਰਵਿਦਾਸ ਜੀ ਪਾਸ ਆਉਣਾ

ਰਾਮਾਨੰਦ ਤੇ ਚੇਲੇ ਸਲਾਹ ਕਰਦੇ, ਚਲੋ ਰਵਿਦਾਸ ਕੋਲੇ ਆਪ ਕੁਲ ਸਾਰੇ। ਪਾਣੀ ਦੁਧ ਗਿਲਾਸ ਤੇ ਧੂਪ ਚੰਨਣ, ਬਨਾਸਪਤੀ ਤੋੜੇ ਸੋਹਣੇ ਫੁਲ ਸਾਰੇ। ਵੇਲਾ ਤੜਕੇ ਪੂਜਦਾ ਰਾਮਾਨੰਦ ਜੀ, ਸਣੇ ਚੇਲਿਆਂ ਆਏ ਸੀ ਜੁਲ ਸਾਰੇ। ਪੂਜਾ ਠਾਕਰਾਂ ਦੀ ਕਰਨ ਲਾ ਦੇਈਏ, ਕਰ ਆਏ ਸਲਾਹ ਸੀ ਤੁਲ ਸਾਰੇ। ਭਗਤ ਸ੍ਰੀ ਰਵਿਦਾਸ ਦੇ ਘਰ ਆਏ, ਭਗਤ ਚਰਨ ਤੇ ਸੀਸ ਨਿਵਾਇਆ ਜੀ। ਰਾਮਾ ਨੰਦ ਜੀ ਚੇਲੇ ਸਾਧੂਆਂ ਨੂੰ, ਨਾਲ ਮਾਨ ਦੇ ਤਖਤ ਬਠਾਇਆ ਜੀ।

ਸ੍ਰੀ ਰਾਮਾਨੰਦ ਜੀ

ਵੇਲਾ ਹੋ ਗਿਆ ਪੂਜਾ ਦਾ ਦੇਖ ਕੇ ਤੇ, ਰਾਮਾ ਨੰਦ ਜੀ ਅਰਜ਼ ਸੁਣੌਣ ਸੰਤੋ। ਚਲੋ ਪੂਜੀਏ ਭਗਤ ਜੀ ਮੂਰਤਾਂ ਨੂੰ, ਧੂਪ ਦੀਪ ਦੇ ਨਾਲ ਸਮਝੌਣ ਸੰਤੋ। ਦੁਧ ਸੁਧ ਸਾਰੇ ਫੁਲ ਹੈ ਪਾਣੀ, ਚੰਦਨ ਸੁਧ ਤੇ

Sri Satguru Jagjit Singh Ji Elibrary NamdhariElibrary@gmail.com

ਧੂਪ ਮਲਾਉਨ ਸੰਤੋ। ਆਓ ਵੇਲਾ ਰਵਿਦਾਸ ਜੀ ਪੂਜ ਆਈਏ, ਰਾਮਾਨੰਦ ਜੀ ਏਹ ਅਲਾਉਣ ਸੰਤੋ।

ਸ੍ਰੀ ਰਵਿਦਾਸ ਜੀ

ਚੀਜ਼ਾਂ ਜੂਠੀਆਂ ਹੈਨ ਇਹ ਸਰਬ ਗੁਰ ਜੀ, ਜੂਠੀ ਵਸਤੂਆਂ ਦਾ ਭੋਗ ਲਾਈਦਾ ਨਹੀਂ। ਸਦਾ ਅਨੰਦ ਠਾਕਰ, ਸਰਬ ਹੈਨ ਵਿਆਪੀ, ਨਾਲ ਟਲੀਆਂ ਏਹਨੂੰ ਜਗਾਈਦਾ ਨਹੀਂ। ਸੁਤੇ ਪਏ ਸੁਤੇ ਪਏ ਮੌਜ ਲੁਟਣ, ਦੁਖ ਦੇ ਕੇ ਏਹਨੂੰ ਉਠਾਈਦਾ ਨਹੀਂ। ਦੁਧ ਹੈ ਜੂਠਾ ਵਛਾ ਚੁੰਗ ਕੀਤਾ, ਭੌਰੇ ਫੁਲਾਂ ਨੂੰ ਜੂਠਾ ਸੁੰਘਾਈਦਾ ਨਹੀਂ। ਮਛੀ ਪੀਏ ਪਾਨੀ, ਪਾਣੀ ਵਿਚ ਵਸਦੀ, ਜੂਠੇ ਪਾਣੀ ਦੇ ਨਾਲ ਨੁਲਾਈਦਾ ਨਹੀਂ। ਚੰਨਣ ਬ੍ਰਿਛ ਜੂਠਾ ਸਪਾਂ ਆਣ ਕੀਤਾ, ਚੀਜ਼ਾਂ ਜੂਠੀਆਂ ਦਾ ਭੋਗ ਲਾਈਦਾ ਨਹੀਂ। ਤਨ ਮਨ ਮੇਰਾ ਨਿਰਗੁਣ ਰੂਪ ਪੂਜੇ, ਗੁਰਾਂ ਸਚਿਆਂ ਭਰਮ ਗਵਾ ਦਿਤਾ। ਰਾਮਾਨੰਦ ਜੀ ਦੀ ਸੰਗਤ ਤੇ ਨਾਮ ਜਪ ਕੇ ਸ਼ਬਦ ਗੂਜਰੀ ਵਿਚ ਸਮਝਾ ਦਿਤਾ।

ਰਾਗ ਗੂਜਰੀ ਬਾਣੀ ਸ੍ਰੀ ਭਗਤ ਰਵਦਾਸ ਜੀ ਕੀ

ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ੧ ॥ ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਅਵਰਿ ਨ ਫੂਲੁ ਅਨੂਪੁ ਨ ਪਾਵਉ ॥ ੧ ॥ ਰਹਾਉ ॥ ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥ ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥ ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥ ੪ ॥ ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥ ੫ ॥ ੧ ॥

ਸ੍ਰੀ ਰਾਮਾ ਨੰਦ ਜੀ ਨੇ ਠਾਕਰ ਪੂਜਾ ਛੱਡਨੀ

ਰਾਮਾਨੰਦ ਜੀ ਬੜੇ ਅਨੰਦ ਹੋਏ, ਦਿਲੋਂ ਪੂਜਾ ਦੇ ਖਿਆਲ ਵਿਸਾਰ ਦਿਤੇ। ਨਾਮ ਸਿਮਰਨ ਵਿਚ ਸਮਾਧ ਲੌਂਦੇ, ਨਿਰਾਕਾਰ ਦੇ ਜਾਪ ਉਚਾਰ ਦਿਤੇ। ਪਰੀ ਪੂਰਨ ਪ੍ਰਮਾਤਮਾਂ ਦਵ ਾਲ, ਸ ਸ ਸਾਸ ਨੇ ਜਾਪ ਕਰਤਾਰ ਦਿਤੇ। ਸਮਝਾਉਣ ਗਏ ਭਗਤ ਰਵਿਦਾਸ ਤਾਈਂ

ਸਮਝ ਆਪ ਆਏ ਕਰ ਵਾਰ ਦਿਤੇ। ਉਸ ਦਿਨ ਤੋਂ ਜੀ ਰਾਮਾਨੰਦ ਡੇਰੇ, ਪੂਜੇ ਠਾਕਰ ਸੰਖ ਵਜਾਏ ਕੋਈ ਨਾ। ਨਾ ਫੁਲ ਤੇ ਦੁਧ ਪ੍ਰਿਤਮਾ ਨੂੰ ਮੱਥਾ ਪੱਥਰਾਂ ਅਗੇ ਟਿਕਾਏ ਕੋਈ ਨਾ।

ਪੰਡਤਾਂ ਨੇ ਰਾਮਾਨੰਦ ਜੀ ਦੇ ਕੋਲ ਆਉਣਾ ਰਾਮਾਨੰਦ ਜੀ ਨੇ ਗਿਆਨ ਦਸਣਾ

ਕਠੇ ਹੋਏ ਨੇ ਭੇਖੀ ਸੰਨਿਆਸ,ਜੋਗੀ,ਓਘੜ,ਨਾਥ, ਤੇ ਪੁਰੀਆਂ, ਆਨ ਆਖਣ। ਪੰਡਤ, ਜੋਤਸ਼ੀ, ਬੇਦ ਬਿਆਸ, ਪਾਠੀ,ਰਾਮਾ ਨੰਦ ਨੂੰ ਆ ਵਖਿਆਨ ਆਖਣ। ਟਿਕੇ ਲਾਲ ਤਿਰਦੰਡ ਜਨੇਊ ਪਾਕੇ, ਗੌੜ ਦਿਜ ਸਾਰ ਸੁਤ ਫੁਰਮਾਣ ਆਖਣ। ਤੁਸੀਂ ਗੁਰੂ ਹੋ ਵੈਸ਼ਨੋ ਮਤ ਵਾਲੇ, ਠਾਕਰ ਪੂਜਾ ਕਿਉਂ ਛਡੀ ਸਮਝਾਣ ਆਖਣ। ਕਰੋ ਧੂਪ ਪੂਜੋ ਠਾਕਰ ਭੋਗ ਲਾਵੋ, ਸੰਖ ਪੂਰੋ ਘੜਿਆਲ ਵਜਾਣ ਆਖਣ।

ਰਾਮਾ ਨੰਦ ਜੀ ਵਲੋਂ ਜਬਾਬ

ਰਾਮਾਨੰਦ ਜੀ ਆਖਦੇ ਖਵਰ ਹੋਈ, ਗੁਰ ਬ੍ਰਹਮ ਦਾ ਹੋਇ ਪ੍ਰਕਾਸ਼ ਦਿਲ ਮੇਂ। ਨਿਰਾਕਾਰ ਪੂਜਾ ਸਭ ਤੋਂ ਹੈ ਵਡੀ, ਕਿਸ ਪੀਸੀਏ ਪੂਜੀਏ ਕਿਸੇ ਸਿਲ ਮੇਂ। ਬੇਦ ਭੇਦ ਦਸੇ ਸੰਸੇ ਸਭ ਨਠੇ, ਭਰਮ ਦੂਰ ਕੀਤੇ ਤੇ ਰਵਿਦਾਸ ਮਿਲ ਮੇਂ। ਰੰਗ ਲਾਏ ਦਿਲ ਮੇਂ, ਨਾਮ ਪਾਏ ਦਿਲ ਮੇਂ, ਹੋਈ ਸ਼ਾਂਤ ਦਿਲ ਮੇਂ ਰਹੇ ਪੂਰ ਦਿਲ ਮੇਂ।

ਰਾਗ ਬਸੰਤ ਬਾਣੀ ਰਾਮਾਨੰਦ ਜੀ ਕੀ ਘਰ ੧

ਕਤ ਜਾਈਐ ਰੇ ਘਰਿ ਲਾਗੋ ਰੰਗੁ ॥ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥ ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥ ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮ ਬਤਾਇਓ ਗੁਰ ਮਨਹੀ ਮਾਹਿ ॥ ੧ ॥ ਜਹ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥ ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥ ੨॥ ਸਤਿਗੁਰ ਮੈਂ ਬਲਿਹਾਰੀ ਤੋਰ। ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ। ਰਾਮਾ ਨੰਦ ਸੁਆਮੀ ਰਮਤ ਬ੍ਰਹਮ। ਗੁਰਕਾ ਸਬਦੁ ਕਾਟੈ ਕੋਟਿ ਕਰਮ ॥ ੩ ।੧ ॥

ਡਿਉਢਾ ਛੰਦ ॥

ਟੀਕਾ—ਪੂਰਨ ਪਰਮ ਦੇਵ ਪ੍ਰਮਾਤਮ ਵਿਆਪਕ ਹੈ ਜਗ ਸਾਰੇ,

Sri Satguru Jagjit Singh Ji Elibrary NamdhariElibrary@gmail.com

ਮੇਰੇ ਪਿਆਰੇ। ਦਿਲ ਦਿਲ ਅੰਦਰ ਖਿੜਿਆ ਬੰਕਾ ਚਾਨਣ ਦਸਮੇ ਦੁਆਰੇ, ਚਮਕਾਂ ਮਾਰੇ। ਮਨ ਅੰਦਰ ਹੈ ਸਰਧਾ ਧਰੀਆਂ, ਕਿਸ ਕਿਸ ਥਾਂ ਚਲ ਜਾਵਾਂ, ਕਿਸੇ ਪੁਜਾਵਾਂ। ਮਨ ਪਿੰਗ ੇ ਦੀ ਨਿਆਈਂ ਹੋਇਆ ਹੁਣ ਨਹੀਂ ਮਨ ਪ੍ਰਗਟਾਵਾਂ, ਕਿਤੇ ਨਾ ਜਾਵਾਂ। ਘਸ ਘਸ ਚੰਦਨ ਮੁਕੀਆਂ ਧੂਪਾਂ, ਅਤਰ ਫੁਲਾਂ ਦੀਆਂ ਮਾਲਾ, ਦੇਖੀਆਂ ਆਲਾ। ਬਾਹਰੋਂ ਕਿਸ ਦੀ ਪੂਜਾ ਕਰੀਏ ਅੰਦਰ ਬ੍ਰਹਮ ਦਿਖਾਲਾ, ਭਰਮ ਗੁਵਾਲਾ। ਪਥਰ, ਪਾਣੀ ਹਰ ਥਾਂ ਦੇਖਾਂ, ਰਾਮ ਰਮਈਆ ਪੂਰਨ, ਹਰ ਥਾਂ ਤੂਰਨ। ਕਿਸ ਥਾਂ ਜਾਵਾਂ ਪੂਜ ਕਰਾਵਾਂ ਹਰ ਜੀ ਪੂਰਨ,ਹਰ ਥਾਂ ਪੂਰਨ। ਬੇਦਾਂ ਵਿਚ ਪੁਰਾਣਾ ਦਸਿਆ ਰਾਮ ਹੈ ਰਵਨੇ ਵਾਲਾ, ਇਕ ਇਕ ਵਾਲਾ। ਸਭ ਜਗ ਅੰਦਰ ਮੰਦਰ ਹਰ ਥਾਂ ਬੈਠਾ ਵਖ ਨਿਰਾਲਾ, ਵਖ ਵਿਖਾਲਾ। ਏਥੇ ਓਥੇ, ਏਧਰ ਓਧਰ, ਨੀਵੇਂ ਉਚੇ ਆਪੇ, ਹਰ ਥਾਂ ਜਾਪੇ। ਜਲ ਥਲ ਹਰ ਥਾਂ ਵਿਆਪਕ ਪਿਆਰੇ, ਭਰਮੋ, ਬੰਧਨੋ ਕਾਟੇ, ਮੁਕੇ ਸਿਆਪੇ। ਫੁੱਲਾਂ ਅੰਦਰ ਵਾਸ ਜਿਵੇਂ ਹੈ ਰੂਪ ਨਾ ਕੋਈ ਦੇਖੇ, ਹੈ ਵਿਸੇਖੇ। ਸ਼ੀਸ਼ੇ ਅੰਦਰ ਸਾਇਆ ਆਪਣੀ ਪਕੜਨ ਭੁਲ ਭੁਲੇਖੇ, ਕਿਸੇ ਭੀ ਲੇਖੇ। ਇਓਂ ਰਵਿਆ ਨਿਰਗੁਣ ਸਾਰੇ, ਰਾਮਾ ਨੰਦ ਹਰ ਅੰਤਰ ਸਰਬ ਨਿਰੰਤਰ। ਹੈ ਨਿਰਲੇਪ ਅਲੇਪ ਸੋ ਆਪੇ, ਬੈਠਾ ਰੂਪ ਨਿਰੰਤਰ, ਜ਼ਰਹੇ ਮੰਤਰ। ਰਾਮ ਨਾਮ ਦਾ ਜਾਪ ਉਚੇਰਾ ਕਰਮ ਕਰੋੜਾਂ ਕਟੇ, ਹਰ ਹਰ ਜਪੇ। ਵਡੀ ਵਾਹਿਗੁਰੂ ਦੀ ਜੋ ਪੂਜਾ, ਛਡੇ ਮੂਰਤ ਵਟੇ, ਵਡੇ ਘਲੱਟੇ। ਉਸ ਦਿਨ ਓਸ ਥਾਂ ਚੇਲਿਆਂ ਕੋਲੋਂ ਪੂਜਾ ਪਥਰ ਹਟਾਈ, ਕਹੀ ਸੁਨਾਈ। ਨਿਰਗੁਣ ਪੂਜਣ ਦੇ ਲਈ ਸੰਤੋ, ਸਰਗੁਣ ਗੁਰੂ ਬਨਾਈ, ਹੋਰ ਨਾ ਕਾਈ। ਦੇਹ ਧਾਰੀ ਹੈ ਗੁਰੂ ਜੀਵ ਨੂੰ ਕਰਦਾ ਹੈ ਉਜਿਆਲਾ, ਹੋਇ ਦਿਆਲਾ। ਜਿਵੇਂ ਰਵਿਦਾਸ ਮਿਲਿਆ ਸਾਨੂੰ ਦਿਸੇ ਰਾਹ ਸੁਖਾਲਾ, ਦਿਸਾਓ ਨਿਰਾਲਾ। ਸਿਖੋਂ ਗੁਰੂ ਗੁਰੂ ਸਿਖ ਚੇਲਾ, ਕਰੇ ਨਾਮ ਦਾ ਚਾਨਣ, ਜਵ ਗੁਰ ਬਾਲਣ। ਗੁਰਾਂ ਦੇਹ ਧਾਰੀ ਨਾਮ ਦਸਕੇ, ਰੋਸ਼ਨ ਦੀਵੇ ਬਾਲਣ, ਹਰ ਥਾਂ ਚਾਨਣ। ਵੈਸ਼ਨੋ ਸਾਧੂ,

Sri Satguru Jagjit Singh Ji Elibrary NamdhariElibrary@gmail.com

ਹੈਨ ਜਮਾਤੀ, ਰਾਮ ਨਾਮ ਜਾਪ ਜਪਦੇ, ਕਰਮਨ ਤਪਦੇ। ਠਾਕਰ ਪੂਜਾ ਦੇ ਛਡੇ ਝੇੜੇ ਐਵੇਂ, ਨਹੀਂ ਨੇ ਖਪਦੇ, ਰਾਮ ਨੇ ਰਟਦੇ। ਹਰ ਥਾਂ ਬਾਣੀ ਅੰਦਰ ਸਾਰੇ, ਨੀਚਾਂ ਮਾਣ ਦਿਵਾਏ, ਉਚ ਬਨਾਏ। ਕਾਲਾ ਸਿੰਘ ਜੋ ਫਰਸ਼ੋਂ ਚੁਕ ਕੇ, ਅਰਸ਼ੋਂ ਡੇਰੇ ਲਾਏ, ਤੇ ਚਮਕਾਂ ਪਾਏ।

## ਪਰਸੰਗ ਲੋਧੀ ਬਾਦਸ਼ਾਹ ਦਾ

ਪੰਦਰਾਂ ਸੌ ਪੰਜਤਾਲੀ ਵਿਚ ਸਕੰਦਰ ਲੋਧੀ ਬਾਦਸ਼ਾਹ ਨੇ ਹਿੰਦੁਸਤਾਨ ਵਿਚ ਜ਼ੁਲਮ ਕਰਨੇ ਬਾਹਮਣਾਂ ਨੇ ਝੂਠੀ ਰਪੋਟ ਦੇਣੀ, ਕਬੀਰ ਸਾਹਿਬ ਤੇ ਰਵਿਦਾਸ ਨੂੰ ਪਕੜਨਾ ਤੇ ਰਵਿਦਾਸ ਨੇ ਕੈਦੀ ਰਾਜਿਆਂ ਨੂੰ ਛਡਾਉਣਾ

ਬਾਦਸ਼ਾਹ ਸਕੰਦਰ ਸੀ ਜ਼ੁਲਮ ਕੀਤਾ, ਚੜ੍ਹਿਆ ਦਿਲੀਉਂ ਸੀ ਧੌਂਸਾ ਮਾਰ ਜ਼ੁਲਮੀ। ਕਾਜ਼ੀ ਸ਼ਰ੍ਹਾ ਦੇ ਨਾਲ ਸੁਆਨ ਸੀਗੇ, ਮੁਲਾਂ ਦਸਦੇ ਮਸਲੇ ਪੁਕਾਰ ਜ਼ੁਲਮੀ। ਮੰਦਰ ਢਾਹ ਮਸੀਤਾਂ ਬਣੌਣ ਕਾਜ਼ੀ, ਹਿਦ ਵਿਚ ਮਚੀ ਹਾਹਾਕਾਰ ਜ਼ੁਲਮੀ। ਕਤਲ ਕੀਤੇ ਹਿੰਦੂ ਮੁਸਲਮਾਨ ਕੀਤੇ, ਖੋਹੀਆਂ ਨਾਰੀਆਂ ਜੋ ਮੁਟਿਆਰ ਜ਼ੁਲਮੀ। ਛਤ੍ਰਵੰਸੀਆਂ ਦੇ ਛਤ੍ਰ ਖੋਹ ਲੀਨੇ, ਹਿੰਦੂ ਰਾਜਿਆਂ ਨੂੰ ਰਿਹਾ ਮਾਰ ਜ਼ੁਲਮੀ। ਮਥਰਾ ਅਜੁਦਿਆ ਅਰ ਪਰਾਗ ਤੋੜੀ, ਝੰਡਾ ਸਰਾਂ ਦਾ ਝੁਲੇ ਅਪਾਰ ਜ਼ੁਲਮੀ ਪਿੰਡਾਂ ਪਿੰਡਾਂ ਵਿਚ ਹਿੰਦੂ ਫੜੇ ਬਾਹਮਣ, ਲਈ ਆਉਂਦਾ ਸੀ ਵਿਚ ਬਿਗਾਰ ਜ਼ੁਲਮੀ। ਕਾਂਸ਼ੀ ਆ ਕੇ ਮੰਦਰ ਸੀ ਬਹੁਤ ਢਾਹੇ, ਕਈ ਕਰੇ ਮਸੀਤ ਉਸਾਰ ਜ਼ੁਲਮੀ। ਨਾਗਰਮਲ ਤੋਂ ਖਰਚਾ ਮੰਗ ਲਿਆ, ਇਕ ਲੱਖ ਤੇ ਨਬੇ ਹਜ਼ਾਰ ਜ਼ੁਲਮੀ। ਲੋਕਾਂ ਦੁਗਣੇ ਜੇਜੀਏ ਹਿੰਦੂਆਂ ਨੂੰ, ਲੈਂਦਾ ਹਰ ਥਾਂ ਪੈਸੇ ਕਰਾਰ ਜ਼ੁਲਮੀ। ਏਹੋ ਜੇਹੇ ਜ਼ੁਲਮੀ ਬਾਦਸ਼ਾਹ ਕੋਲੇ, ਦੇਂਦੇ ਅਰਜ਼ੀ ਨੇ ਬਾਹਮਣ ਮੁਕਾਰ ਜ਼ੁਲਮੀ। ਨਾਲ ਲੈ ਮੁਰਾਸੀ ਰਲਾ ਸਾਰੇ, ਮੁਸਲਮਾਨ ਨੇ ਬੇਰੁਜ਼ਗਾਰ ਜ਼ੁਲਮੀ। ਅਰਜ਼ੀ ਲਿਖੀ ਦੇ ਬਾਹਮਣਾ ਬੇਈਮਾਨਾਂ, ਪੰਦਰਾਂ ਸੌ ਪੰਤਾਲੀ ਵਿਚਕਾਰ ਜ਼ੁਲਮੀ। ਐਥੇ

Sri Satguru Jagjit Singh Ji Elibrary NamdhariElibrary@gmail.com

ਭਗਤ ਕਬੀਰ ਜੋ ਸ਼ਰ੍ਹਾ ਛਡ ਕੇ, ਕਰੇ ਹਿੰਦੂਆਂ ਦੀ ਮਦਦਗਾਰ ਜ਼ੁਲਮੀਂ। ਮੁਸਲਮਾਨ ਦੇ ਨਿਤ ਵਿਰੁਧ ਬੋਲੇ, ਠਠੇ ਕਰੇ ਉਹ ਵਿਚ ਬਜ਼ਾਰ ਜ਼ੁਲਮੀ। ਇਕ ਭਗਤ ਰਵਿਦਾਸ ਕਹਾਂਵਦਾ ਹੈ, ਅਸਲ ਜ਼ਾਤ ਤੇ ਨੀਚ ਚੁਮਾਰ ਜ਼ੁਲਮੀ। ਹਿੰਦੂ ਧਰਮ ਦਾ ਏਹ ਨੁਕਸਾਨ ਕਰਦਾ, ਮਗਰ ਹੈਨ ਓਹਦੇ ਬਰਨ ਚਾਰ ਜ਼ੁਲਮੀ। ਬਾਦਸ਼ਾਹ ਤੂੰ ਏਹਨਾਂ ਨੂੰ ਪਕੜ ਮਾਰੀਂ, ਅਸੀਂ ਆਖਦੇ ਹਾਂ ਵਾਰ ਵਾਰ ਜ਼ੁਲਮੀ। ਲਿਖੀ ਭੇਜ ਅਰਜੀ ਅੰਗੂਠੇ ਲਾਂ ਕੇ ਤੇ, ਕੀਤਾ ਪਾਪ ਸੀ ਅਤਿਆਚਾਰ ਜ਼ੁਲਮੀ। ਮੁਸਲਮਾਨਾਂ ਦੇ ਉਲਟ ਕਬੀਰ ਬੋਲੇ, ਰਵਿਦਾਸ ਹਿੰਦੂਆਂ ਦਾ ਪਾਜ ਖੋਲਦੇ ਨੇ। ਕਾਲਾ ਸਿੰਘ ਨੂੰ ਫੜ ਕੇ ਕੈਦ ਕਰ ਲਉ, ਬਾਹਮਣ ਬੇਈਮਾਨ ਏਹੋ ਬੋਲਦੇ ਨੇ।

ਤਥਾ

ਕਰਾਮਾਤੀ ਰਵਿਦਾਸ ਚਮਾਰ ਵਡਾ, ਛਿਲੇ ਕਢ ਪਾਨੀ ਪੱਥਰ ਤਾਰ ਦਿੰਦਾ। ਪਾਨੀ ਵਿਚ ਤਰਦੇ ਪੱਥਰ ਸਦ ਲੈਂਦਾ, ਕਵਿਤਾ ਕਰੇ ਤੇ ਬਾਣੀ ਉਚਾਰ ਦਿੰਦਾ। ਰਾਜੇ ਰਾਣਿਆਂ ਦੀ ਮਤ ਮਾਰ ਦਿੰਦਾ, ਮਗਰ ਆਪਣੇ ਲਾ ਕੇ ਤਾਰ ਦਿੰਦਾ। ਹਿੰਦੂ ਪੰਡਤਾਂ ਨੂੰ ਮਗਰ ਲਾਉਣ ਖਾਤਰ, ਵਡੇ ਵਡੇ ਸਲੋਕ ਪੁਕਾਰ ਦਿੰਦਾ। ਦੂਰ ਦੇਸ ਪੰਜਾਬ ਦੇ ਮੁਲਕ ਅੰਦਰ, ਚਮਾਰ ਕੌਮ ਦਾ ਕਰ ਸਰਦਾਰ ਦਿੰਦਾ। ਕਰਾਮਾਤ ਵੀ ਉਹ ਵਿਖਾਲ ਦਿੰਦਾ, ਭੁਖੇ ਪਾਂਧੀਆਂ ਨਿਤ ਭੰਡਾਰ ਦਿੰਦਾ।

ਤਥਾ

ਸਾਡੀ ਤੇਰੇ ਅਗੇ ਫਰਿਆਦ ਸ਼ਾਹਾ ਰਵਿਦਾਸ ਭਗਤ ਨੂੰ ਫੜਕੇ ਮਾਰ ਦੇਵੇ। ਹਿੰਦ ਧਰਮ ਦੀ ਨੀਂਹ ਉਸਾਰ ਦੇਵੇ ਏਹਨਾਂ ਚੁਮਾਰਾਂ ਦਾ ਕਰ ਸੁਧਾਰ ਦੇਵੇ। ਏਹਨਾਂ ਉਤੇ ਧਰ ਕੋਈ ਭਾਰ ਦੇਵੇ, ਗਲ ਏਹਨਾਂ ਦੇ ਪਾ ਬਿਗਾਰ ਦੇਵੇ। ਹਕ ਏਹਨਾਂ ਦਾ ਸਭੀ ਮਾਰ ਦੇਵੇ ਗੰਗਾ ਜਮਨਾ ਤੋਂ ਕਰ ਜੀ ਪਾਰ ਦੇਵੇ। ਏਹ ਦੇਖ ਅਰਜੀ ਲੋਧੀ ਬਾਦਸ਼ਾਹ ਨੇ ਸ੍ਰੀ ਭਗਤ ਕਬੀਰ ਬੁਲਾ ਲਿਆ ਜੀ। ਕਾਲਾ ਸਿੰਘ ਦੇ ਕੜੀ ਤੇ

Sri Satguru Jagjit Singh Ji Elibrary NamdhariElibrary@gmail.com

ਲਾ ਬੇੜੀ ਸ੍ਰੀ ਰਵਿਦਾਸ ਨੂੰ ਬੰਨ ਬਠਾ ਲਿਆ ਜੀ।

ਲੋਧੀ ਬਾਦਸ਼ਾਹ ਨੇ ਕਬੀਰ ਜੀ ਨੂੰ ਪੁਛਣਾ

ਕਿਹਾ ਨਾਲ ਹੰਕਾਰ ਦੇ ਬਾਦਸ਼ਾਹ ਨੇ ਮੁਸਲਮਾਨਾਂ ਦੀ ਲਈ ਨਾ ਮੱਤ ਤੈਨੇ। ਰਹਿਓਂ ਹਿੰਦੂਆਂ ਵਾਂਗ ਤੂੰ ਉਮਰ ਸਾਰੀ ਕੇਸ ਸੀਸ ਤੇ ਕਰੇ ਨਾ ਖਤ ਤੈਨੇ। ਨਾ ਹਿੰਦੂਆਂ ਵਿਚ ਨਾ ਹੈ ਮੋਮਨ ਕੀਤੀ ਨਵੀਂ ਰੀਤੀ ਬੌਰੀ ਮਤ ਤੈਨੇ। ਵਡੀ ਉਮਰ ਤੇਰੀ ਦੇਖ ਰਹਿਮ ਆਵੇ, ਦੀਨ ਕਬੂਲ ਲੈ ਰਖਣੀ ਪਤ ਤੈਨੇ।

ਜਬਾਬ ਸ੍ਰੀ ਕਬੀਰ ਜੀ (ਬਾਣੀ)

ਪੰਡਤ ਮੁਲਾਂ ਛਾਡੇ ਦੋਊ ॥ ਹਮਰਾ ਝਗੜਾ ਰਿਹਾ ਨਾ ਕੋਊ ॥
ਪੰਡਤ ਮੁਲਾਂ ਜੋ ਲਿਖ ਦੀਆ ॥ ਛੋਡਿ ਚਲੇ ਹਮ ਕਿਛੂ ਨਾ ਲੀਆ ॥

ਏਹ ਸੁਣਕੇ ਭਗਤ ਦੇ ਵਾਕ ਲੋਧੀ ਦਿਲ ਮੇਂ ਬੜਾ ਹੈਰਾਨ ਪਰੇਸ਼ਾਨ ਹੋਇਆ। ਦਰਸ ਕਰਕੇ ਭਗਤ ਕਬੀਰ ਛਡੇ ਬਾਦਸ਼ਾਹ ਕਹਿੰਦੇ ਮੇਹਰਬਾਨ ਹੋਇਆ।

ਭਗਤ ਰਵਿਦਾਸ ਨੂੰ ਸਕੰਦਰ ਲੋਧੀ ਨੇ ਮੁਸਲਮਾਨ ਹੋਣ ਦੀ ਸਲਾਹ ਦੇਣੀ

ਭਗਤ ਵਲ ਰਵਿਦਾਸ ਦੇ ਦੇਖ ਆਖੇ, ਕਰੇ ਹਿੰਦੂਆਂ ਤਾਈਂ ਵੈਰਾਨ ਭਗਤਾ। ਹੋਕੇ ਜਾਤ ਛੋਟੀ ਏਹਨਾਂ ਪੰਡਤਾਂ ਤੋਂ ਨਿਤ ਕਰੇਂ ਤੂੰ ਕਥਾ ਵਖਿਆਨ ਭਗਤਾ। ਤਿਲਕ ਲਾਉਂਦਾ ਪੇਹਲੇ ਹੁਣ ਹਟ ਗਿਆ ਤੂੰ ਵਡਾ ਸ਼ਾਇਰ ਹੈ ਕਰੇ ਹੈਰਾਨ ਭਗਤਾ। ਉਮਰ ਬਿਰਧ ਤੇਰੀ ਤੈਨੂੰ ਆਖਦਾ ਮੈਂ ਜੇਕਰ ਹੋ ਜਾਵੇਂ ਮੁਸਲਮਾਨ ਭਗਤਾ। ਉਚੇ ਮੋਹਲਾਂ ਅੰਦਰ ਤੈਨੂੰ ਜਗ੍ਹਾ ਦੇਵਾਂ ਹਾਫਜ ਹੋਵੇਂ ਜੇ ਵਿਚ ਕੁਰਾਨ ਭਗਤਾ। ਤੇਰੇ ਸਾਥੀ ਕਬੀਰ ਨੇ ਸਚ ਕਹਿਕੇ ਪਾ ਦਿਤਾ ਹੈ ਸਚ ਦੇ ਰਾਹ ਮੈਨੂੰ। ਤੂੰਬੀ ਅਗਲੇ ਲੋਕ ਦੀ ਬਾਤ ਦਸੀਂ ਕਾਹਨੂੰ ਦੁਖ ਦੇਵਾਂ ਖਾਹਮਖਾਹ ਤੈਨੂੰ।

ਸ੍ਰੀ ਰਵਿਦਾਸ ਭਗਤ

ਮਹਿਲਾਂ ਮਾੜੀਆਂ ਧੌਲਰਾਂ ਬੇਗਮਾਂ ਜੋ ਸਾਬ ਦਿਸਦਾ ਰੱਬ ਬਣਾਇਆ ਜੋ। ਅੰਤ ਵੇਲੇ ਬਾਦਸ਼ਾਹੀ ਛਡ ਜਾਣੀ ਹੀਰੇ ਮੋਤੀ

Sri Satguru Jagjit Singh Ji Elibrary NamdhariElibrary@gmail.com

ਜਵਾਹਰ ਤੇ ਮਾਇਆ ਜੋ। ਸਾਢੇ ਤਿੰਨ ਹਥ ਜਗਾ ਮਿਲੇ ਸਭ ਨੂੰ, ਐਵੇਂ ਝੂਠ ਦਾ ਖਾਦਰਾ ਪਾਇਆ ਜੋ। ਪੰਛੀ ਵਾਂਗ ਬੰਦੇ ਬਿਰਛ ਹੈ ਦੁਨੀਆ ਉੜ ਜਾਣ ਤੇ ਰਵੀ ਪ੍ਰਗਟਾਇਆ ਜੋ। ਸਣੇ ਬੇਗਮਾਂ, ਸਖੀਆਂ ਸੰਗੀਆਂ ਨੇ, ਅਗ ਲਾ ਕੇ ਚਿਖਾ ਚੜ੍ਹਾਇਆ ਜੋ। ਇਹੋ ਰਾਮ ਦਾ ਰਚਿਆ ਖੇਲ ਸਾਰਾ, ਝੂਠਾ ਦੇਖ ਲੈ ਇਹ ਸੰਸਾਰ ਸਾਰਾ। ਸੋਰਠ ਰਾਗ ਅੰਦਰ ਬਾਣੀ ਬੋਲ ਆਖਣ, ਲੋਦੀ ਹੋ ਗਿਆ ਠੰਡਾ ਠਾਰ ਸਾਰਾ।

### ਰਾਗ ਸੋਰਠ ਬਾਣੀ ਸ੍ਰੀ ਭਗਤ ਰਵਿਦਾਸ ਜੀ ਕੀ

ਜਲ ਕੀ ਭੀਤ ਪਵਨ ਕਾ ਥੰਭਾ ਰਕਤੁ ਬੂੰਦ ਕਾ ਗਾਰਾ ॥ ਹਾਡ ਮਾਸ ਨਾੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ ॥ ੧ ॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥ ਰਾਖਹੁ ਕੰਧ ਉਸਾਰਹੁ ਨੀਵਾ ਸਾਢੇ ਤੀਨਿ ਹਾਥ ਤੇਰੀ ਸੀਵਾਂ ॥ ੨ । ਬੰਕੇ ਬਾਲਿ ਪਾਗ ਸਿਰ ਡੇਰੀ। ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥ ੩ ॥ ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨ ਬਾਜੀ ਹਾਰੀ ॥ ੪॥ ਮੇਰੀ ਜਾਤ ਕਮੀਨੀ ਪਾਤਿ ਕਮੀਨੀ ਓਛਾ ਜਨਮ ਹਮਾਰਾ ॥ ਤੁਮ ਸਰਨਾਗਤ ਰਾਜਾ ਰਾਮਚੰਦ ਕਹਿ ਰਵਿਦਾਸ ਚਮਾਰਾ ॥ ੫ ॥ ੬ ॥

### ਬਾਦਸ਼ਾਹ ਨੇ ਬੇਨਤੀ ਕਰਨੀ

ਸੁਣਕੇ ਸ਼ਬਦ ਬਾਦਸ਼ਾਹ ਨਰਮ ਹੋਇਆ, ਕਹਿੰਦਾ ਹੋ ਗਿਆ ਦੂਰ ਗੁਮਾਨ ਸਾਰਾ। ਮਰਨਾ ਸਚ ਤੇ ਜੀਊਣਾ ਹੈ ਝੂਠ ਭਗਤਾਂ, ਰਾਜ ਰਹਿਣਾ ਨਾ ਅਮਨ ਅਮਾਨ ਮੇਰਾ। ਕਿਉਂ ਮੈਂ ਰੱਬ ਦੇ ਬੰਦਿਆਂ ਦੁਖ ਦਿਤੇ, ਦੂਰ ਹੋਇਆ ਹੰਕਾਰ ਗੁਮਾਨ ਮੇਰਾ। ਅਗੋ ਵਾਸਤੇ ਜ਼ੁਲਮ ਨਾ ਮੈਂ ਕਰਨਾ, ਜ਼ਾਲਮ ਆਖੇਗਾ ਨਾਮ ਜਹਾਨ ਮੇਰਾ। ਮੇਰੀ ਭੁਲ ਬਖਸ਼ੋ, ਭਗਤ, ਆਪ ਰਬ ਦੇ, ਰੂਪ ਰੱਬ ਦਾ ਤੁਸੀਂ ਭਗਵਾਨ ਬਾਬਾ। ਜ਼ੁਲਮ ਕਰਨ ਤੋਂ ਬਾਦਸ਼ਾਹ ਹਟ ਗਿਆ, ਝੁਕ ਲਗਾ ਹੈ ਸੀਸ ਨਵਾਨ ਬਾਬਾ।

### ਭਗਤ ਜੀ ਨੇ ਬਾਦਸ਼ਾਹ ਤੋਂ ਕੈਦੀ ਛਡੌਣੇ

ਭਗਤ ਆਖਿਆ, ਜ਼ੁਲਮ ਤਾਂ ਮਾਫ ਹੋਏ, ਮੋੜੋ ਜੈਜੀਏ ਕਿਰਤੀਆਂ ਸਾਰਿਆਂ ਦੇ। ਨਜ਼ਰਾਨੇ ਮੋੜ ਦੇ ਰਾਜਿਆਂ ਰਾਣਿਆਂ ਦੇ, [illegible] ਔਰਤਾਂ ਰਾਜ ਦੁਲਾਰਿਆਂ ਦੇ। ਬਿਗਾਰ ਛਡ ਦੇ ਬਾਹਮਣਾਂ ਹਿੰਦੂਆਂ

Sri Satguru Jagjit Singh Ji Elibrary NamdhariElibrary@gmail.com

ਤੋਂ, ਗੁਣ ਕਰਦੇ ਨੇ ਔਗਣਾ ਭਾਰਿਆਂ ਦੇ। ਕੋਈ ਮੰਦਰ ਨਾ ਢਾਹੇ ਹਿੰਦੂਆਂ ਦਾ, ਅਦਲ ਕਰਨਾ ਹੋ ਹੁਸ਼ਿਆਰਿਆਂ ਦੇ। ਕਈ ਬਾਹਮਣ ਛਡਕੇ ਈਰਖਾ ਨੂੰ, ਸਿਖ ਹੋ ਗਏ ਵਾਂਗ ਪਿਆਰਿਆਂ ਦੇ। ਭੇਟਾ ਦੇ ਕੇ ਭਗਤ ਕਬੀਰ ਤਾਈਂ, ਮਾਣ ਕੀਤੇ ਸੀ ਭਗਤ ਪਿਆਰਿਆਂ ਦੇ। ਬਿਰਧ ਉਮਰ ਸੀ ਭਗਤ ਰਵਿਦਾਸ ਜੀ ਦੀ, ਕੀਤਾ ਦੇਸ ਤੇ ਏਹ ਉਪਕਾਰ ਸੀ ਜੀ। ਭਗਤ ਪਿਆਰਿਆਂ ਨਾਲ ਪਿਆਰ ਕਰਦੇ, ਨਾਲ ਦੁਸ਼ਮਣ ਕਰਨ ਸਤਿਕਾਰ ਸੀ ਜੀ।

ਭਗਤ ਰਵਿਦਾਸ ਦਾ ਦੇਸ ਤੇ ਉਪਕਾਰ

ਧੰਨ ਧੰਨ ਰਵਿਦਾਸ ਜੀ ਸਰਬ ਆਖਣ, ਕੀਤਾ ਹਿੰਦੂਆਂ ਤੇ ਉਪਕਾਰ ਬਾਬਾ। ਇਕ ਸਾਲ ਦਾ ਮਾਮਲਾ ਮਾਫ ਕੀਤਾ, ਹੋਇਆ ਸ਼ਬਦ ਸੁਣ ਸ਼ਾਹ ਦਿਆਲ ਬਾਬਾ। ਛਡਾ ਦਿਤੇ ਬੁਗਾਰ ਜੋ ਵਿਚ ਆਏ, ਬਾਹਮਣ ਲੜਕੀਆਂ ਕਈ ਸਰਦਾਰ ਬਾਬਾ। ਮੰਦਰ ਬਣੇ ਕਈ ਢਾਹੇ ਹੋਏ ਜੇਹੜੇ, ਕੀਤਾ ਇਸ ਤਰ੍ਹਾਂ ਭਗਤ ਪਿਆਰ ਬਾਬਾ। ਲੋਧੀ ਦਿਲੀ ਨੂੰ ਵਾਪਸ ਹੋ ਗਿਆ ਸੀ, ਸਿਆਣੇ ਲਿਖ ਕੇ ਏਹ ਸੁਣਾਂਵਦੇ ਨੇ। ਦੋਹਾਂ ਭਗਤਾਂ ਨੂੰ ਛਡਿਆ ਬਾਦਸ਼ਾਹ ਨੇ, ਨਿਤ ਹਰੀ ਕੇ ਜਸ ਨੂੰ ਗਾਂਵਦੇ ਨੇ।

ਸ੍ਰੀ ਕਬੀਰ ਭਗਤ,ਸ੍ਰੀ ਰਵਿਦਾਸ ਭਗਤ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਦਾ ਦਰਸ਼ਨ ਹੋਣਾ

ਪੰਦਰਾਂ ਸੋ ਤਿਹਤ੍ਰ ਸਾਲ ਮੇਂ, ਗੁਰੂ ਨਾਨਕ ਜੀ ਦਿਆਲਾ।
ਤਾਰੇ ਦੇਸ ਆਏ ਵਿਚ ਕਾਂਸ਼ੀ, ਮਰਦਾਨਾ ਤੇ ਸੰਗ ਬਾਲਾ।
ਸਤਿਨਾਮ ਦੇ ਜਾਪ ਜਪਾ ਕੇ, ਪਰੇਮ ਪਿਆਰ 'ਚ ਲਾਏ।
ਪਖੰਡ ਕਕਰਮ ਤੇ ਚੋਰੀ ਹਿੰਸਾ, ਸਭ ਹੀ ਦੀਓ ਛਡਾਏ।
ਪਟਨੇ ਸ਼ਹਿਰ ਤੋਂ ਚਲ ਸਤਿਗੁਰੂ, ਮਜ਼ਲੋ ਮਜ਼ਲ ਸੀ ਜਾਂਦੇ।
ਮੂਸੇ ਸ਼ਹਿਰ ਅੰਦਰ ਸਤਿਗੁਰੂ, ਜਾ ਡੇਰਾ ਸੀ ਲਾਂਦੇ।
ਕਾਂਸ਼ੀ ਜੀਤੋ ਬਾਰਾਂ ਕੋਸ ਤੇ, ਏਹੋ ਸ਼ਹਿਰ ਬਤਾਵਣ।
ਕਬੀਰ ਭਗਤ ਰਵਿਦਾਸ ਸਾਹਿਬ ਜੀ,ਆਕੇ ਦਰਸ ਪਾਵਣ।

Sri Satguru Jagjit Singh Ji Elibrary NamdhariElibrary@gmail.com

ਉਮਰ ਗੁਰੂ ਸ੍ਰੀ ਨਾਨਕ ਦੇਵ ਦੀ, ਦਸਣ ਸਾਲ ਸੰਤਾਲੀ।
ਇਕ ਸੌ ਅਠਾਰਾਂ ਬਰਸ ਕਬੀਰੇ, ਆਜੂ ਬਿਰਧ ਸੰਭਾਲੀ।
ਇਕ ਸੌ ਦੋ ਬਰਸਾਂ ਤੋਂ ਉਪਰ, ਸ੍ਰੀ ਰਵਿਦਾਸ ਪਿਆਰੇ।
ਗੁਰੂ ਨਾਨਕ ਜੀ ਭਗਤ ਏਹ ਦੋਏ, ਰਜ ਰਜ ਕਰੇ ਦੀਦਾਰੇ।
ਪੰਦਰਾਂ ਦਿਨ ਐਥੇ ਗੁਰੂ ਜੀ, ਰਹੇ ਭਗਤਾਂ ਦੇ ਸਾਥੀ।
ਲਿਖਿਆ ਏਹ ਪ੍ਰਸੰਗ ਹੈ ਸਾਰਾ, ਕਬੀਰ ਭਗਤ ਦੀ ਸਾਖੀ।
ਮਿਲਕੇ ਬਚਨ ਕਰੇ ਜੋ ਤ੍ਰਾਈ, ਏਹਨਾਂ ਕਿਸੇ ਬਤਾਇਆ।
ਪ੍ਰੇਮ ਪਿਆਰ ਸਤਸੰਗ ਕਰਕੇ, ਫਿਰ ਚਾਲਾ ਗੁਰ ਪਾਇਆ।
ਰਵਿਦਾਸ ਭਗਤ ਕਾਂਸ਼ੀ ਆਏ, ਘਰ ਆਪਣੇ ਚਾਲੇ।
ਕਬੀਰ ਭਗਤ ਜੀ ਮਗਹਰ ਰਹਿੰਦੇ, ਚੇਲੇ ਬਹੁਤ ਸ਼ਬਾਲੇ।
ਮਗਹਰ ਪਿੰਡ ਗੋਰਖਪੁਰੇ ਜਿਲੇ ਮੇਂ ਹੈ ਮਸ਼ਹੂਰ ਟਿਕਾਨਾ।
ਪੰਦਰਾਂ ਸੌ ਪੰਜਤਰ ਅੰਦਰ, ਕੀਆ ਕਬੀਰ ਪਿਆਨਾ।
ਧਰਮਦਾਸ ਜੀ ਸਾਖੀ ਅੰਦਰ, ਇਹੋ ਭੇਦ ਬਤਾਇਆ।
ਏਹ ਪ੍ਰਸੰਗ ਪੜ੍ਹੋ ਪਰੇਮੀ, ਕਾਲਾ ਸਿੰਘ ਸੁਨਾਇਆ।

### ਸ੍ਰੀ ਭਗਤ ਜੀ ਦਾ ਸਤਸੰਗ

ਸ੍ਰੀ ਭਗਤ ਰਵਿਦਾਸ ਜੀ ਘਰ ਰਹਿੰਦੇ, ਲੋਕ ਆਣ ਕਰਦੇ ਨਿਮਸ਼ਕਾਰ ਸਾਰੇ। ਇਕ ਦਿਨ ਮੇਲਾ ਸਤਸੰਗ ਦਾ ਸੀ, ਵੀਰਵਾਰ ਦਿਨ ਲੈਣਾ ਵਿਚਾਰ ਸਾਰੇ। ਹਰ ਅਠਵੇਂ ਦਿਨ ਹਮੇਸ਼ ਆ ਕੇ, ਸੰਗੀ ਸਿਖ ਸੀ ਕਰਨ ਦਿਦਾਰ ਸਾਰੇ। ਦਰਸ ਕਰਨ ਆਉਂਦੇ ਸੇਵਕ ਸੰਤ ਜਨ ਭੀ, ਕਈ ਆਂਵਦੇ ਲੋਕ ਚਮਾਰ ਸਾਰੇ। ਕਿਹਾ ਭਗਤ ਜੀ ਨੇ ਸਭ ਬਰਾਦਰੀ ਨੂੰ, ਬੈਠੇ ਵਿਚ ਸੀ ਹੋਰ ਪਰਵਾਰ ਸਾਰੇ। ਉਚੇ ਤਖਤ ਬੈਠੇ ਸੋਭਾ ਪਾਂਵਦੇ ਸੀ, ਦੀਵਾਨ ਵਿਚ ਬੈਠੇ ਬਰਨ ਚਾਰ ਸਾਰੇ।

### ਸ੍ਰੀ ਭਗਤ ਜੀ ਦਾ ਕੌਮ ਨੂੰ ਉਪਦੇਸ਼ ਦੇਣਾ

ਭਗਤ ਹੁਕਮ ਦਿਤਾ ਸਤਿਸੰਗੀਆਂ ਨੂੰ, ਮੇਰੀ ਕੌਮ ਨੂੰ ਸਚ ਸੁਨਾਂਵਦਾ ਮੈਂ। ਜੇਹੜੇ ਲੋਕਾਂ ਨੇ ਜੁਲਮ ਸੀ ਰੱਜ ਕੀਤੇ, ਬਾਬਾ

Sri Satguru Jagjit Singh Ji Elibrary NamdhariElibrary@gmail.com

ਆਖਦਾ ਸੁਣੋ ਬਤਾਂਵਦਾ ਮੈਂ। ਸਾਡੀ ਜਾਤਨੂੰ ਨੀਚ ਜੋ ਕਰਨ ਵਾਲਾ, ਲੋਦੀ ਸ਼ਾਹ ਨੂੰ ਨਾ ਦੇਖਣਾ ਚਾਂਹਵਦਾ ਮੈਂ। ਮੇਰੀ ਕੌਮ ਨੂੰ ਦਸਾਂ ਮੈਂ ਏਹ ਸ਼ਰਤਾਂ, ਹਾਂ ਨੀਵਿਓਂ ਉਚੇ ਬਨਾਂਵਦਾ ਮੈਂ। ਮੁਸਲਮਾਨ ਦਾ ਨਹੀਂ ਇਤਬਾਰ ਕਰਨਾ, ਮੇਰੀ ਬੰਸ ਨੂੰ ਸਚ ਸੁਨਾਂਵਦਾ ਮੈਂ। ਮੁਸਲਮਾਨ ਦਾ ਨਹੀਂ ਵਿਸਾਹ ਖਾਵੇ ਮੇਰੀ ਵੰਸ ਨਾ ਸਚ ਸੁਨਾਵਦਾ ਮੈਂ। ਮੁਸਲਮਾਨ ਔਰਤ ਜੇਹੜਾ ਘਰ ਪਾਵੇ, ਮੇਰੀ ਵੰਸ ਨਾ ਸਚ ਬਤਾਂਵਦਾ ਮੈਂ। ਮੁਸਲਮਾਨ ਮਰਾਸੀ ਦਾ ਅੰਨ ਖਾਵੇ, ਮੇਰੀ ਵੰਸ ਨਾ ਓਹ ਅਲਾਂਵਦਾ ਮੈਂ। ਮੁਸਲਮਾਨ ਦੇ ਨਾਲ ਜੋ ਪਿਆਰ ਪਾਵੇ, ਮੇਰੀ ਵੰਸ ਨਾ ਸਚ ਸੁਣਾਂਵਦਾ ਮੈਂ। ਦਾਰੂ ਮਾਸ, ਮੁਸਲਮਾਨ ਵੇਸਵਾ ਦੇ, ਜਾਵੇ ਵੰਸ ਨਾ ਮੇਰੀ ਸੁਣਾਵਦਾ ਮੈਂ। ਏਹ ਰਹਿਤ ਰਮਦਾਸੀਆਂ ਸਰਬ ਮੰਨੀ, ਦੇ ਖੈਰ ਮਰਾਸੀ ਨੂੰ ਪਾਂਵਦੇ ਨਹੀਂ। ਕਾਲਾ ਸਿੰਘ ਰਾਮਦਾਸੀਏ ਸਿਖ ਜੇਹੜੇ ਮੁਸਲਮਾਨਾਂ ਦੇ ਹਥਾਂ ਦਾ ਖਾਂਵਦੇ ਨਹੀਂ।

### ਬਾਬੇ ਜੀ ਦਾ ਸ਼ੁਭ ਉਪਦੇਸ਼

ਸੰਗਤ ਪਾਸ ਬਾਬੇ ਦਿਨ ਰਾਤ ਆਵੇ ਕਈ ਆਣਕੇ ਤੇ ਦਰਸ਼ਨ ਪਾਂਵਦੇ ਨੇ। ਰਹਿੰਦੀ ਭੀੜ ਹਮੇਸ਼ ਹਜ਼ੂਰ ਲਗੀ ਕਈ ਆਂਵਦੇ ਤੇ ਕਈ ਜਾਂਵਦੇ ਨੇ। ਸ਼ਬਦ ਹਰੀ ਕੀਰਤਨ ਨਿਤ ਕਥਾ ਹਰ ਕੋ ਸੁਬ੍ਹਾ ਸ਼ਾਮ ਦੀਵਾਨ ਲਗਾਂਵਦੇ ਨੇ। ਮੜੀ, ਗੁਗਾ, ਭੈਰੋਂ, ਭੂਤ, ਦੇਵ, ਦੇਵੀ, ਪਥਰ ਪੂਜਣੇ ਬੰਦ ਕਰਾਂਵਦੇ ਨੇ। ਵਰਤ ਪੁੰਨਿਆਂ ਕਾਸਤੀ ਰਖਣੇ ਨਹੀਂ ਅੰਨ ਛਡਣੇ ਪਖੰਡ ਉਡਾਂਵਦੇ ਨੇ। ਗੰਗਾ, ਗਿਆ ਜੀ ਫੁਲ ਨਾ ਗਤ ਕਰਨੀ, ਤੀਰਥ ਨਾਵਣ ਦਾ ਫਲ ਬਤਾਂਵਦੇ ਨੇ। ਅੰਮ੍ਰਿਤ ਵੇਲੇ ਉਠ ਜੋ ਨਿਤ ਨ੍ਹਾਵੇ ਅਠਸਠ ਦਾ ਫਲ ਸੁਣਾਂਵਦੇ ਨੇ। ਸਣ ਕੇਸ, ਹਮੇਸ਼ ਜੋ ਨੀਰ ਨਾਵੇ ਨਾਮ ਜਪਦੇ ਸੁਖ ਸੁਖਾਂਵਦੇ ਨੇ। ਨਹੀਂ ਭੇਖ ਪਖੰਡ ਦੇ ਰੰਗ ਪੌਣੇ, ਸਾਦੇ ਕਪੜੇ ਚਿਟੇ ਹੰਡਾਂਵਦੇ ਨੇ। ਦਾੜ੍ਹੀ, ਕੇਸ ਤੇ ਸੀਸ ਦਸਤਾਰ ਰਖੋ, ਜਟਾ ਜੂਟ ਦੀ ਰਹਿਤ ਰਖਾਂਵਦੇ ਨੇ। ਨੱਕ ਕੰਨ ਨ ਵਿੰਨਣੇ ਕੰਨਿਆਂ ਦੇ ਬੇਦੀ ਫੇਰਿਆਂ ਹਮਨ ਕਰਾਂਵਦੇ ਨੇ।

Sri Satguru Jagjit Singh Ji Elibrary NamdhariElibrary@gmail.com

ਝਗੜੇ ਆਪਣੇ ਆਪ ਨਬੇੜ ਲੈਣੇ, ਲੜਨਾ ਕਿਸੇ ਨਾ ਗੁਸੇ ਹਟਾਂਵਦੇ ਨੇ। ਧਰਮ ਜੰਗ ਅੰਦਰ ਸ਼ਾਸਤਰ ਧਾਰ ਲੈਣੇ ਸੂਰੇ ਵਿਚ ਮਦਾਨ ਦੇ ਜਾਂਵਦੇ ਨੇ। ਦੇਸ਼ ਧਰਮ ਤੇ ਜੋ ਜ਼ੁਲਮ ਕਰੇ ਕੋਈ ਓਹਨੂੰ ਮਾਰਨਾ ਬੇਦ ਬਤਾਂਵਦੇ ਨੇ। ਜੀਵ, ਖਾਣ ਸੁਆਦ ਦੇ ਮਾਰਨਾ ਨਹੀਂ ਕਿਰਤ ਕਰਕੇ ਖਾਣਾ ਖੁਲਾਂਵਦੇ ਨੇ। ਨੀਤ ਰਖਣੀ ਸਾਫ ਸੁਚੇਤ ਰਹਿਣਾ, ਸੁਚ ਰਖਣੀ ਹੈ ਸਿਖਾਂ ਮੇਰਿਆਂ ਨੇ। ਰਹਿਤ ਰਖਣੀ ਸਾਧੇ ਹੀ ਵਿਆਹ ਕਰਨੇ, ਬੇਦੀ ਗਡਣੀ ਏਂ ਵਕਤ ਫੇਰਿਆਂ ਦੇ। ਨਹੀਂ ਸਦਣਾ ਪੰਡਤ ਪਾਧਿਆ ਨੂੰ ਦੁਖੀ ਕਰਿਆ ਏਹਨਾਂ ਲੁਟੇਰਿਆਂ ਨੇ। ਸਾਧੂ ਸੰਤ ਆਪੇ ਕਰਨ ਕਾਰਜਾਂ ਨੂੰ, ਮੇਰੇ ਹੁਕਮ ਮੰਨੇ ਵਿਚ ਡੇਰਿਆਂ ਨੇ। ਏਹ ਹੁਕਮ ਸੀ ਰਹਿਤ ਜੋ ਭਗਤ ਜੀ ਦੀ ਹੁਨ ਤਕ ਰੀਤੀ ਚਲੀ ਆ ਰਹੀ ਐ। ਕਾਲਾ ਸਿੰਘ ਰਵਿਦਾਸ ਦੀ ਕੌਮ ਸਾਰੀ, ਫੁਲ ਭਗਤ ਦੇ ਉਪਰ ਵਰਸਾ ਰਹੀ ਐ।

### ਸ੍ਰੀ ਭਗਤ ਰਵਿਦਾਸ ਜੀ ਤੇ ਅੰਮ੍ਰਿਤ ਪ੍ਰਚਾਰ

ਬਾਬੇ ਦੇਸ ਪਰਦੇਸ ਮੇਂ ਕਰੇ ਦੌਰੇ, ਅੰਮ੍ਰਿਤ ਸੰਗਤਾਂ ਤਾਂਈਂ ਛਕਾਇਆ ਸੀ। ਚੋਰੀ ਯਾਰੀ ਠਗੀ ਬੁਤ ਪ੍ਰਸਤ ਪੂਜਾ ਤੇ ਪਖੰਡ ਦਾ ਨਾਸ ਕਰਾਇਆ ਸੀ। ਬਾਦਸ਼ਾਹ ਦੇ ਜ਼ੁਲਮ ਨੂੰ ਬੰਦ ਕੀਤਾ ਇਕੋ ਰਾਮ ਦਾ ਰੂਪ ਦਸਾਇਆ ਸੀ। ਰਾਣਾ ਕੁੰਭ,ਝਾਲਾਂ ਬਾਈ, ਮੀਰਾਂਬਾਈ ਕਰਮਾਂ ਬਾਈ ਨੂੰ ਅੰਮ੍ਰਿਤ ਛਕਾਇਆ ਸੀ। ਜੋ ਸਰਨ ਆਏ ਬਾਬੇ ਤਾਰ ਦਿਤੇ, ਨਰਕੋਂ ਜਾਣ ਤੇ ਦੇਸ ਬਚਾਇਆ ਸੀ। ਦੇਸਾਂ ਵਿਚ ਜਾ ਯਗ ਤੇ ਹਮਨ ਕਰਕੇ ਦੇਸ ਉਜੜਿਆ ਫੇਰ ਵਸਾਇਆ ਸੀ। ਫੈਦੇ ਹਮਨ ਕਰਕੇ ਦੇਸ ਹੋਏ ਸਾਰੇ, ਬੇਦਾਂ ਵਿਚ ਭੀ ਇੰਝ ਫਰਮਾਇਆ ਸੀ। ਅੰਨ ਧੰਨ ਗਊ ਦੁਧ ਦਹੀਂ ਬਹੁਤਾ ਬਾਰਸ਼ ਹੋਣ ਲਗੀ ਮਨ ਭਾਇਆ ਸੀ। ਧਰਮ ਕਰਮ ਪਵਿਤਰਾ ਕਰਨ ਲਗੇ ਪਖੰਡ ਕ੍ਰੋਧ ਹੰਕਾਰ ਭਜਾਇਆ ਸੀ। ਕੰਮ ਦੇਵਤਿਆਂ ਦੇ ਸਾਰੇ ਹੋਣ ਲਗੇ ਰੋਗ ਨਾਸ ਕਰ ਜਗ ਦਸਾਇਆ ਸੀ। ਬਦਲੇ ਸੁਤੇ ਹੀ ਜਾਣ ਸੁਭਾਉ ਸਾਰੇ ਪਿਆਰ

Sri Satguru Jagjit Singh Ji Elibrary NamdhariElibrary@gmail.com

ਵਿਛੜਿਆਂ ਵਿਚ ਵਧਾਇਆ ਸੀ। ਕਾਲਾ ਸਿੰਘ ਜੀ ਹਮਨ ਵਿਚ ਬਹੁਤ ਫਾਇਦੇ ਬੇਦਾਂ ਵਿਚ ਇਉਂ ਹੈ ਫਰਮਾਇਆ ਸੀ।

ਚਰਨ ਅੰਮ੍ਰਿਤ ਤੇ ਖੰਡੇ ਦਾ ਅੰਮ੍ਰਿਤ

ਡਿਉਢਾ ਛੰਦ ॥ ਕਈ ਸੱਜਣ ਏਹ ਸ਼ੰਕਾ ਕਰਸਨ ਭਗਤਾਂ ਨਾ ਅੰਮ੍ਰਿਤ ਬਣਾਇਆ, ਕਿਸੇ ਬਤਾਇਆ। ਸ੍ਰੀ ਗੁਰੂ ਦਸਮੇਸ਼ ਬਿਨਾ ਹੈ ਨਾਹੀਂ ਕਿਸੇ ਤਾਈਂ ਛਕਾਇਆ, ਸਿੰਘ ਬਣਾਇਆ। ਵਿਚਾਰ ਸਹਿਤ ਓਹ ਪੜ੍ਹਨ ਗਰੰਥਾਂ ਅੰਮ੍ਰਿਤ ਬਣਿਆ ਆਦੀ ਕਟੇ ਉਪਾਧੀ। ਦੇਵ ਮੁਨੀ ਸਭ ਪੀਂਦੇ ਹੈਸਨ ਚਰਨ ਪਾਹੁਲ ਲੈ ਸਾਧੀ ਰੀਤੀ ਆਦੀ। ਬਾਣੀ ਭਜਨ ਤਸੀਰ ਜਲ ਮਿਠਾ ਪਾ ਕੇ ਚਰਨ ਬਨਾਵਣ, ਤੇ ਛਕਾਵਣ। ਸ਼ਾਂਤ ਭਰੀ ਸੀ ਸਿਖਿਆ ਦਿੰਦੇ ਸੀਤਲ ਚਿਤ ਕਰਾਵਣ, ਨਾਮ ਜਪਾਵਣ। ਐਪਰ ਦਸਮ ਗੁਰੂ ਜੀ ਮੇਰੇ ਸਾਜੇ ਪੰਜ ਪਿਆਰੇ, ਬਣੇ ਦੁਲਾਰੇ। ਬੀਰ ਰਸ ਦੀ ਲੋੜ ਪਾਈ ਹੈ ਭਾਰਤ ਦੇਸ ਮਝਾਰੇ,ਕਰੇ ਤਿਆਰੇ। ਰਾਜ ਜੋਗ ਵੀ ਪੰਥ ਵਿਚ ਹੈ ਜੋਧਾ ਪੰਥ ਬਣਾ ਕੇ, ਸਿੰਘ ਸਜਾ ਕੇ। ਜ਼ੁਲਮ ਦੇਸ ਤੋਂ ਦੂਰ ਹੈ ਕਰਨੇ ਖੰਡਾ ਢਾਲ ਚਲਾਕੇ, ਜੰਗ ਰਚਾ ਕੇ। ਪਟਣੇ ਸ਼ੈਹਰ ਦਾ ਜਨਮ ਧਾਰ ਗੁਰ ਸ੍ਰੀ ਅਨੰਦ ਪੁਰ ਆਇਓ, ਸ਼ੇਰ ਬਣਾਇਓ। ਅੰਮ੍ਰਿਤ ਤਿਆਰ ਕਰਨ ਦੀ ਖਾਤਰ ਬਾਟੇ ਖੰਡਾ ਪਾਇਓ, ਬਾਣੀ ਪੜ੍ਹਾਇਓ। ਦਇਆ ਰਾਮ ਤੇ ਧਰਮ, ਸਾਹਿਬ ਜੀ, ਮੋਹਕਮ, ਹਿੰਮਤ ਆ ਕੇ, ਸੀਸ ਕਟਾ ਕੇ। ਸੀਸ ਭੇਟ ਕਰਨ ਤਿਆਰ ਹੋਏ ਨੇ ਸਤਿਗੁਰ ਦਾ ਬਲ ਪਾ ਕੇ, ਅਮਰ ਬਣਾ ਕੇ। ਨਾਈ, ਛੀਂਬਾ, ਝਿਊਰ, ਖਤਰੀ, ਜਟ, ਜੋ ਪਹਿਲੇ ਦਸਦੇ, ਭਾਰਤ ਵਸਦੇ। ਅੰਮ੍ਰਿਤ ਖੰਡੇ ਵਾਲਾ ਛਕ ਕੇ ਸਿੰਘ ਬਹਾਦਰ ਹਸਦੇ,ਬੀਰ ਜੋ ਰਸ ਦੇ। ਦਇਆ ਸਿੰਘ ਜੀ, ਦਇਆ ਰਾਮ ਤੋਂ, ਧਰਮ ਤੋਂ ਧਰਮ ਸਿੰਘ ਬੋਲੇ, ਗਾਵੇ ਸੋਹੇਲੇ। ਮੋਹਕਮ ਚੰਦ ਤੇ, ਮੋਹਕਮ ਸਿੰਘ ਜੀ,ਸਾਹਿਬ, ਸਾਹਿਬ ਸਿੰਘ ਤੋਲੇ, ਬਡੇ ਅਮੋਲੇ। ਹਿੰਮਤ ਰਾਏ, ਹਿੰਮਤ ਸਿੰਘ ਜੀ, ਆਪਣੀ ਜਾਤ ਹਟਾਈ, ਭਰਮ ਗਵਾਈ। ਅੰਮ੍ਰਿਤ ਛਕਿਆ ਖੰਡੇ ਦਾ ਜਿਨ

Sri Satguru Jagjit Singh Ji Elibrary NamdhariElibrary@gmail.com

ਬਣ ਗਏ ਇਕੋ ਭਾਈ, ਛੀਂਬਾ ਨਾਈ। ਸ੍ਰੀ ਦਸਮੇਸ਼, ਗੁਰੂ ਬਾਰਵੇਂ, ਏਹੋ ਅੰਮ੍ਰਿਤ ਬਣਾਇਆ, ਸਭ ਨੂੰ ਛਕਾਇਆ। ਸਤਿਗੁਰ ਮੇਰੇ ਜਾਤ ਪਾਤ ਦਾ ਝਗੜਾ ਸਭ ਮਿਟਾਇਆ, ਪ੍ਰੇਮ ਵਧਾਇਆ। ਅੰਮ੍ਰਿਤ ਖੰਡੇ ਵਾਲਾ ਛਕ ਕੇ ਭਜਨ ਰਹਿਤ ਜੋ ਧਾਰੇ ਕੁਲਾਂ ਨੂੰ ਤਾਰੇ। ਕਾਲਾ ਸਿੰਘ ਜੀ ਗੁਰੂ ਧਾਰੇ ਤੇ ਜਾਂਦੇ ਨੇ ਬਲਿਹਾਰੇ, ਮੇਰੇ ਪਿਆਰੇ।

### ਭਗਤ ਰਵਿਦਾਸ ਨੂੰ ਅਕਾਲ ਪੁਰਖ ਨੇ ਤੇ ਸਚ ਖੰਡ ਤੋਂ ਦੇਵਤਿਆਂ ਨੇ ਆਕੇ ਗੁਪਤ ਸੁਨੇਹਾ ਦੇਣਾ

ਪੂਰਨ ਪਰੀ ਪ੍ਰਮਾਤਮਾਂ ਆਪ ਪਹਿਲੇ, ਕੀਤਾ ਸ੍ਰੀ ਅਕਾਸ਼ ਪ੍ਰਕਾਸ਼ ਸਾਰੇ। ਆਏ ਦੇਵਤੇ ਫੁਲਾਂ ਦੇ ਹਾਰ ਲੈ ਕੇ, ਖੜੇ ਤਕਦੇ ਹੁੰਦੇ ਹਲਾਸ ਸਾਰੇ। ਬਰਸ ਇਕ ਸੌ ਚਾਰ ਦੀ ਉਮਰ ਹੋਈ, ਅਠਮਾਹਿ ਸੀਗੇ ਉਪਰ ਖਾਸ ਸਾਰੇ। ਸੰਮਤ ਪੰਦਰਾਂ ਸੌ ਪਜੰਤਰਾ ਸੀ, ਮਾਗ, ਮਾਸ, ਸੰਗਰਾਂਦ ਇਤਿਹਾਸ ਸਾਰੇ। ਲਛਮੀ ਸ੍ਰੀ ਨਰੈਣ ਜੀ ਆਪ ਆਏ, ਭਗਤ ਸ੍ਰੀ ਰਵਿਦਾਸ ਦੇ ਪਾਸ ਸਾਰੇ। ਗੁਪਤ ਗਲ ਦਸੀ ਤੁਸੀਂ ਆ ਜਾਣਾ, ਮੇਰੀ ਜੋਤ ਮੇਂ ਕਰਨਾ ਹੈ ਵਾਸ ਸਾਰੇ। ਗੁਪਤ ਹੁਕਮ ਸੁਣਕੇ ਭਗਤ ਖੁਸ਼ੀ ਹੋਏ, ਸਭ ਸੰਗਤਾਂ ਤਾਈਂ ਸੁਨਾਇਆ ਜੀ। ਬੇਗਮਪੁਰੇ ਨੂੰ ਅਸਾਂ ਨੇ ਕਲ ਟੁਰਨਾ, ਹੁਕਮ ਵਲੋਂ ਅਕਾਲ ਦੇ ਆਇਆ ਜੀ।

### ਸੇਵਕਾਂ ਦੀ ਅਰਜ

ਮਹਾਰਾਜ ਜੀ ਤੁਸਾਂ ਨੇ ਬਚਨ ਕੀਤਾ, ਸਾਡੇ ਦਿਲੋਂ ਤਾਂ ਭਰਮ ਗਵਾ ਜਾਵੇ। ਤੁਸੀਂ ਬੇਗਮਪੁਰੇ ਨੂੰ ਹੈ ਜਾਣਾ, ਸਿਖ ਮਤ ਦੇਕੇ ਸਮਝਾ ਜਾਵੇ। ਹੈਸੀ ਗੁਰੂ ਵਿਛੋੜੇ ਦਾ ਦੁਖ ਡਾਢਾ, ਕੋਈ ਬੰਨ ਚਪੂ ਠਿਲ ਪਾ ਜਾਵੋ। ਆਪ ਮਗਰੋਂ ਕਿਸਨੂੰ ਮੰਨੀਏ ਜੀ, ਸੀਸ ਅਸਾਂ ਦਾ ਕਿਤੇ ਝੁਕਾ ਜਾਵੋ। ਏਹ ਅਰਜ਼ ਕੀਤੀ ਹਥ ਜੋੜ ਸਿਖਾਂ, ਸ੍ਰੀ ਭਗਤ ਵਡੇ ਅਨੰਦ ਬੋਲਣ। ਕਾਲਾ ਸਿੰਘ ਜੀ ਦਸਦੇ ਭਗਤ ਸਾਹਿਬ, ਮੇਰੇ ਸ਼ਹਿਨਸ਼ਾਹ ਸ਼ਬਦ ਬੁਲੰਦ ਬੋਲਣ।

Sri Satguru Jagjit Singh Ji Elibrary NamdhariElibrary@gmail.com

ਤਥਾ

ਏਹ ਮੁਢ ਕਦੀਮੀ ਦੀ ਰੀਤ ਹੈ ਜੀ, ਗੁਰੂ ਹੋਏ ਪੈਦਾ ਸਦਾ ਦੇਹ ਧਾਰੀ। ਦੇਹ ਧਾਰੀਏ ਗੁਰੂ ਬਿਨ ਰਾਤ ਹੈ ਨੀ, ਗੁਰੂ ਸੰਤ ਮਹਾਤਮਾਂ ਦੇਹ ਧਾਰੀ। ਦੇਹ ਧਾਰੀ ਗੁਰੂ ਭਰਮ ਨੂੰ ਦੂਰ ਕਰਦਾ, ਸਦਾ ਗੁਰੂ ਇਸ ਤਤ ਹੋਵੇ ਦੇਹ ਧਾਰੀ। ਪਰਉਪਕਾਰੀ ਸੰਤ ਨੇ ਦੇਹ ਧਾਰੀ, ਤੁਸੀਂ ਸੇਵ ਕਰਨੀ ਸੰਤਾਂ ਦੇਹ ਧਾਰੀ।

ਤਥਾ

ਬੇਗਮਪੁਰੇ ਹੈ ਅਸਾਂ ਨੇ ਚਲੇ ਜਾਣਾ, ਸਚ ਖੰਡ ਵਸੇ ਨਿਰੰਕਾਰ ਸੰਤੋ। ਪੰਜ ਸ਼ਬਦ ਧੁਨੀ ਅਨਹਦ ਬਾਜੇ, ਬਿਜਲੀ ਰੌਸ਼ਨੀ ਹੈ ਚਮਤਕਾਰ ਸੰਤੋ। ਸ਼ਹਿਰ ਵਤਨ ਅਨੰਦਪੁਰ ਵਾਸ ਸਾਡਾ, ਜਿਥੇ ਵਸੇ ਸਚਾ ਨਿਰੰਕਾਰ ਸੰਤੋ। ਓਥੇ ਫਿਕਰ ਸ਼ਰਮਿੰਦਗੀ ਨਹੀਂ ਘਾਟਾ, ਅਠੇ ਪਹਿਰ ਹੈ ਮੌਜ ਬਹਾਰ ਸੰਤੋ। ਨਹੀਂ ਟਿਕਟ ਕਰਾਇਆ ਮਕਾਨ ਕੋਈ ਨਾ, ਨਾ ਡਰ ਤੇ ਕਿਸੇ ਦਾ ਖੈ ਹੈ ਜੀ। ਕਾਲਾ ਸਿੰਘ ਏਹ ਸਚ ਦੀ ਬਾਤ ਆਖੇ, ਅਸੀਂ ਹੋ ਜਾਣਾ ਨਿਰਭੈ ਹੈ ਜੀ।

ਰਾਗ ਗਉੜੀ ਬਾਣੀ ਸ੍ਰੀ ਭਗਤ ਰਵਿਦਾਸ ਜੀ ਕੀ

ਬੇਗਮ ਪੁਰਾ ਸਹਿਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥ ੨ ॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਿਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੋ ਮੀਤੁ ਹਮਾਰਾ ॥ ੩ ॥ ੨ ॥ ੨ ॥

ਭਗਤ ਰਵਿਦਾਸ ਦਾ ਸਚ ਖੰਡ ਜਾਣਾ

ਇਹ ਸ਼ਬਦ ਨੂੰ ਭਗਤ ਉਚਾਰ ਬੋਲੇ, ਪ੍ਰਗਟ ਜੋਤ ਅਕਾਲ ਦਿਖਾਇਆ ਸੇ। ਬੈਠੇ ਦੇਵਤੇ ਫੁਲ ਬਿਬਾਨ ਅੰਦਰ, ਜੈ ਜੈ ਰਵਿਦਾਸ ਅਲਾਇਆ ਜੇ। ਜੈ ਹੋਵੇ ਰਵਿਦਾਸ ਦੀ ਜੈ ਹੋਵੇ, ਸੰਖ ਤੁਰੀਆਂ ਤੰਤ ਵਜਾਇਆ ਜੇ। ਰੂਹ ਭਗਤ ਦੀ ਵਿਚ ਬਿਬਾਨ ਜਾਂਦੀ, ਮਾਤ ਲੋਕ

Sri Satguru Jagjit Singh Ji Elibrary NamdhariElibrary@gmail.com

ਤੋਂ ਜੈ ਹੀ ਗਾਇਆ ਜੇ। ਦੇਹ ਖਾਲੀ ਪਈ ਰਹੀ ਸੀ ਪਲੰਘ ਉਤੇ, ਦੇਖ ਸੇਵਕਾਂ ਜੈ ਸੁਨਾਇਆ ਜੇ। ਜਾ ਕੇ ਮਿਲੇ ਅਕਾਲ ਦੀ ਜੋਤ ਅੰਦਰ ਦੇਵ ਪੁਰੀ ਜੈਕਾਰ ਗੁੰਜਾਇਆ ਜੇ। ਪੰਜੇ ਤਤ ਮਿਲ ਗਏ ਜਾਇ ਤਤ ਅੰਦਰ, ਪਿਛੋਂ ਦੇਹੀ ਨੂੰ ਸਿਖਾਂ ਨੁਲਾਇਆ ਜੇ। ਦਹੀਂ ਸੁਧ ਜਲ ਨਾਲ ਇਸ਼ਨਾਨ ਕਰਕੇ ਚੰਦਨ ਕੇਸਰ ਲੈ ਛਿੜਕਾਇਆ ਜੇ। ਸੁੰਦਰ ਸੋਹਣੇ ਝਬਾਨ ਵਿਚ ਰਖ ਦੇਹ ਨੂੰ ਕਰ ਬੇਨਤੀ ਕੰਧੇ ਉਠਾਇਆ ਜੇ। ਕੀਰਤਨ ਕਰਨ ਵਾਲੇ ਸਤਸੰਗੀਆਂ ਨੇ ਸ਼ਬਦ ਮਾਰੂ ਪਰੇਮ ਦੇ ਗਾਇਆ ਜੇ। ਫੁਲ ਵਾਰਦੇ ਵਿਚ ਬਜਾਰ ਜਾਂਦੇ ਨਾਗਰ ਮਲ ਦੇ ਬਾਗ ਲਜਾਇਆ ਜੇ। ਮੁਸ਼ਕਪੁਰ ਚੰਦਨ ਦੀ ਚਿਖਾ ਉਤੇ ਦੇਹ ਭਗਤ ਦੀ ਤਾਈਂ ਹੈ ਪਾਇਆ ਜੇ। ਅਰਦਾਸ ਕਰਕੇ ਅਗਨ ਜਗਾ ਦਿਤੀ ਸਾਧ ਸਾਧ ਦੇ ਵਿਚ ਸਮਾਇਆ ਜੇ। ਅਗਨ ਦੇਵਤੇ ਦਾਹ ਸਰੀਰ ਕੀਤੇ ਸੇਵਕ ਘਰੀਂ ਮੁੜਕੇ ਜਸ ਗਾਇਆ ਜੇ। ਕੜਾਹ ਕੀਤਾ ਰਵਿਦਾਸ ਦੇ ਨਾਮ ਉਤੇ ਹੁਣ ਤਕ ਏਹੋ ਚਲੇ ਆਇਆ ਜੇ। ਸੰਮਤ ਪੰਦਰਾਂ ਸੋ ਪੰਜਤਰਾ ਸੀ ਮਾਗ ਬੁਧ ਸੰਗਰਾਂਦ ਸੀ ਭਾਇਆ ਜੇ। ਕਾਂਸ਼ੀ ਵਿਚ ਜਗਾ ਦੋਇ ਕਾਇਮ ਹੋਈਆਂ ਜਨਮ ਮੰਦਰ ਸਮਾਧ ਸਮਾਇਆ ਜੇ। ਦੋਏ ਜਗਾ ਅੰਦਰ ਸਾਧੂ ਸੰਤ ਰਹਿੰਦੇ ਡੇਰਾ ਪੰਡਤਾਂ ਨੇ ਆਕੇ ਪਾਇਆ ਜੇ।

ਤਥਾ

ਕਠ ਹੋਂਵਦਾ ਸਾਲ ਵਿਚ ਦੋ ਵਾਰੀ ਦਰਸ਼ਨ ਕਰਦੇ ਨੇ ਹਿੰਦੁਸਤਾਨ ਵਾਲੇ। ਪਹਿਲੇ ਹਾੜ ਸੰਗ੍ਰਾਂਦ ਦਾ ਜਨਮ ਮੇਲਾ ਦਰਸਨ ਜਾ ਕਰਦੇ ਬੁਧਾਵਾਨ ਵਾਲੇ। ਦੇਹਾਂਤ ਮੇਲਾ ਮਾਗ ਸੰਗਰਾਂਦ ਅੰਦਰ ਦਾਨੀਦਾਨ ਕਰਦੇ ਸੇਵਜਾਨ ਵਾਲੇ। ਕਾਲਾ ਸਿੰਘ ਕਈ ਸਾਧੂ ਦਰਸ ਕਰਦੇ ਕਾਂਸ਼ੀ ਸ਼ਹਿਰ ਅੰਦਰ ਦਰਸ ਪਾਨ ਵਾਲੇ।

ਵਿਚਾਰ ਕਵੀ ਵਲੋਂ

ਕਈ ਆਖਦੇ ਦੇਹੀ ਨੂੰ ਸੇਵਕਾਂ ਨੇ ਗੰਗਾ ਵਿਚ ਪਰਵੇਸ਼ ਸੀ

Sri Satguru Jagjit Singh Ji Elibrary NamdhariElibrary@gmail.com

ਪੰਥ ਤਾਈਂ ਰਖੋ ਚਰਨੀ ਲਗਾਇਕੇ ॥ ੨ ॥ ਗਿਆਰਵਾਂ ਸਰੂਪ ਬਾਲਕ ਸਿੰਘ ਗੁਰੂ ਧਾਰ ਆਏ ਬਾਰਵਾਂ ਸਰੂਪ ਰਾਮ ਸਿੰਘ ਗੁਰ ਧਾਰਿਆ। ਆਪਣਾ ਹੁਕਮ ਗੁਰੂ ਗਰੰਥ ਭੇਜ ਪੰਥ ਤਾਈਂ ਵਾਹਿ ਗੁਰੂ ਦਾ ਛੱਟਾ ਸੰਸਾਰਵਿਚ ਡਾਰਿਆ। ਪੰਜ ਜੋ ਪਿਆਰੇ ਸਾਹਿਬ ਜਾ ਚਾਲੀ ਮੁਕਤਿਆਂ ਦਾ ਅੱਸੀ ਗੁਰਮੁਖਾਂ ਦਾ ਵਿਚਾਰ ਹੈ ਵਿਚਾ ਰਿਆ। ਦੁਵਾਦਸ਼ ਗੁਰੂਂਡ ਤਾਈਂ ਹਥ ਜੋੜ ਬੇਨਤੀਹੈ ਕਾਲਾ ਸਿੰਘ ਚਰਨੀ ਧਿਆਨ ਦਾਸ ਧਾਰਿਆ ॥ ੩ ॥

ਸਾਖੀ ਰਚਣ ਦੀ ਪ੍ਰੇਰਨਾ ਹੋਂਣੀ ॥ ਕਬਿੱਤ ॥

ਇਕ ਰੋਜ ਵਿੱਚ ਖੁਸ਼ੀ ਹੋਇ ਸੰਤ ਖਾਲਸੇਨੇ ਸਿੰਘਾਂ ਨਾਮਧਾਰੀਆਂ ਦੀਵਾਨਸੀ ਲਗਾਇਆ। ਪੰਥ ਪ੍ਰਕਾਸ਼ ਜੋ ਗਰੰਥ ਨਾਮ ਧਾਰੀਆਂ ਦਾ ਦਾਸਨੇ ਦੀਵਾਨ ਵਿੱਚ ਉਚਰ ਸੁਣਾਇਆ। ਖੁਸ਼ੀ ਹੋਇ ਸਿੰਘ ਨਾਮ ਧਾਰੀਏ ਜ਼ਰੂਰ ਸਾਰੇ ਸਿੰਘਾਂ ਨਾਮੇਂ ਵੰਸੀਆਂਨੇ ਏਹੋ ਫਰਮਾ ਇਆ। ਕਾਲਾਸਿੰਘ ਸਾਖੀ ਜੋ ਭਗਤ ਨਾਮ ਦੇਵਜੀਦੀ ਏਸ ਰਸ ਵਿੱਚ ਰਚੇ ਆਖਕੇ ਜਨਾਇਆ ॥ ੪ ॥

ਪੁਤ੍ਰ ਹੀਰਾ ਸਿੰਘ ਤੇ ਕ੍ਰਿਸ਼ਨ ਸਿੰਘ ਦਾ ਕਹਿਣਾ ॥ ਕਬਿੱਤ ॥

ਉਸ ਰੋਜ ਸਭ ਸੰਗ ਦੀਵਾਨ ਅੰਦਰ ਮੇਰੇ ਪੁਤ੍ਰਾਂ ਕਹਿਆ ਪੁਕਾਰ ਮੈਨੂੰ। ਹੀਰਾ ਸਿੰਘ ਦੂਜੇ ਕ੍ਰਿਸ਼ਨ ਸਿੰਘ ਖੜਕੇ ਹੱਥਜੋੜ ਕਹਿਆ ਵਾਰ ਵਾਰ ਮੈਨੂੰ। ਸਾਖੀ ਬ੍ਰਹਮ ਗਿਆਨੀ ਨਾਮ ਦੇਵਜੀ ਦੀ ਕਹਿਆ ਬਾਲਕਾਂ ਕਰੋ ਉਚਾਰ ਮੈਨੂੰ। ਕਾਲਾਸਿੰਘ ਤਾਂ ਫੇਰ ਮੈਂ ਲਿਖਣ ਲੱਗਾ ਫੁਰੀਆਂ ਕਰਕੇ ਚਿੱਤ ਵਿਚਾਰ ਮੈਨੂੰ ॥ ੫ ॥

ਸਾਖੀ ਰਚਣ ਦੀ ਤਾਕਤ ਲੈਣੀ ਇਨਾਂ ਗਰੰਥਾਂ ਵਿੱਚੋਂ

ਸਾਖੀ ਸ਼ੁਰੂ ਕਰਕੇ ਨਾਮਦੇਵਜੀ ਦੀ ਗੁਰੂ ਸੇਵਕਾਂ ਤਾਂਈ ਸੁਣਾਮਦਾਮੇ। (੬੧) ਕਾਹਟ ਸ਼ਬਦ ਜੋ ਗੁਰੂ ਗਰੰਥ ਅੰਦਰ ਸਾਰੀ ਏਸ ਅਨੁਸਾਰ ਬਣਾਮਦਾਮੇ। ਭਾਈ ਸਾਹਿਬ ਗੁਰਦਾਸ ਦੇ (੨) ਦੋਇ ਪਉੜੇ (੯)

ਨੌਮੀਵਾਰਦੇਵੀ ਲਿਖ ਪਾਂਮਦਾਮੈਂ । ਨਾਮਦੇਵ ਪੱਤ੍ਰ ਸਾਖੀ ਬਹੁਤ ਸੁੰਦਰ ਦਰਸ਼ਨ ਓਸਦਾਦੇਖ ਦਿਖਾਂਮਦਾਮੈਂ । ਭਗਤਮਾਲਾ ਮਰੱਟੀ ਦੇ ਹੋਰ ਪੁਸਤਕ ਦੇਖ ਪਰਚੀਆਂ ਦਾ ਹਾਲ ਗਾਮਦਾ ਮੈ। ਦਰਸ਼ਨ ਕਰੋ ਸਾਰੇ ਇੰਨਾਂ ਪੁਸਤਕਾਂਦੇ ਨਾਲ ਆਪਣੀ ਬੁਧ ਰਲਾਮਦਾ ਮੈ। ਭੁਲਚੁਕਹੋਵੇਲਿਖਤੇਜਦੇਣੀ ਗੁਰੂਸੇਵਕਾਂਤਾਂਇਜਣਾਮਦਾਮੈ। ਕਾਲਾਸਿੰਘ ਸਾਰੇ ਸੰਤਖਾਲਸੇਨੂੰ ਵਾਹਿਗੁਰੂਦੀ ਫਤੇਬੁਲਾਂਮਦਾਮੈ।

ਸ੍ਰੀ ਨਾਮ ਦੇਵ ਜੀ ਦੀ ਸਾਖੀ ਸ਼ੁਰੂ ਹੋਂਣੀ

ਲੀਲਾ ਸੁਣੋਂ ਸਾਰੀ ਨਾਮ ਦੇਵ ਜੀ ਦੀ ਜੋ ਮੈ ਲਿਖਦਾ ਨਾਲ ਵਿਚਾਰ ਵੀਰੋ। ਜਦੀ ਪਿੰਡ ਇਨ੍ਹਕਾ ਨਰਸੀਬਾਮਨੀ ਹੈ ਦੇਸਵਿਚ ਮਹਾਰਾਸ਼ਟਰ ਉਚਾਰ ਵੀਰੋ। ਕਿਸ਼ਨਾ ਨਦੀ ਦੇ ਕੰਢੇ ਦੇ ਵਸੇ ਉਤੇ ਸ਼ੋਲਾ ਪੁਰ ਦਾ ਜ਼ਿਲਾ ਵਿਚਕਾਰ ਵੀਰੋ। ਪੰਜਾਂ ਪੀੜ੍ਹੀਆਂ ਤੋਂ ਹੈਸਣ ਭਗਤ ਸਾਰੇ ਜਪਣ ਨਾਮ ਕਰਤਾਰ ਕਰਤਾਰ ਵੀਰੋ। ਨਾਮਦੇਵਦਾ ਵਡਾ ਪੜਦਾਦਾਜੋੜਾ ਬਾਬਾ ਓਸਦਾ ਭਗਤਿ ਅਪਾਰ ਵੀਰੋ ਵਰ ਜਿਨ ਨਾਮ ਭਗਤਿ ਵਾਹਿਗੁਰੂ ਦੇ ਵਾਜਾ ਬਾਈ ਸਾਪੇਜਿਦਾ ਪਾਰਵੀਰੋ। ਪੰਡਰਪੁਰੀ ਅੰਦਰਮੰਦਰਬਿਠਲਦਾਜੋ ਦਰ ਸ਼ਨ ਕਰਨ ਕੱਤਕ ਸਾਲਵਾਰਵੀਰੋ। ਹਰਸੇਠਦੇਸੇਠਗੁਪਾਲ ਪੁਤ੍ਰ ਗੋਂਦਾਬਾਈ ਸੇਵਕ ਘਰਵਾਰਵੀਰੋ। ਪੰਡਰਪੁਰੀਮੰਦਰਜਾਕੇਦਰਸ ਕਰਨਾਰਹਿਣ ਇਨਾਂਦਾਨਿਜਮਅਪਾਰਵੀਰੋ।ਗੁਪਾਲਸੇਠਦੇਸੇਠ ਗੋਬਿੰਦਦੇਵਰਾਸ਼ਾਬਾਈਕਰੇਸੇਵਾਕਾਰਵੀਰੋਪੰਡਰਪੁਰੀਜਾਕੇਇਸ਼ਟ ਦੇਵਪੂਜਣਜਪਣਵਾਹਿਗੁਰੂਜੋਕਰਨਹਾਰਵੀਰੋ। ਗੋਬਿੰਦ ਸੇਠਜੀ ਦੇ ਨਰਹਰ ਸੇਠ ਪੁਤ੍ਰ ਲਿੰਬਾਬਾਈਜੋ ਤੇਰੇ ਵਿਹਾਰਵੀਰੋ। ਇਸ਼ਟ ਦੇਵਦਾ ਵਡਾ ਪ੍ਰੇਮ ਹੋਇਆ ਬਾਰਾਂਮਾਸ ਜਾ ਕਰਨ ਦੀਦਾਰ ਵੀਰੋ। ਗੋਬਿੰਦ ਸੇਠਜੀਦੇ ਦਾਮ ਸੇਠ ਬੇਟੇ ਗੋਣਾ ਬਾਈ ਸੁਪਤਨੀ ਉਚਾਰ ਵੀਰੋ। ਨਾਮ ਜਪਣ ਕਰਤਾਰ ਦਾ ਦਿਨੇ ਰਾਤੀ ਕਰਨ ਵਾਹਿਗੁਰੂ

Sri Satguru Jagjit Singh Ji Elibrary NamdhariElibrary@gmail.com

ਨਾਲਪਿਆਰਵੀਰੋ। ਕੀਤੀਖਿੱਚਸਤਸੰਗਨੇ ਹਿਰਦਿਆਂਨੂੰ ਪੰਡਰ ਪੁਰੀ ਆ ਗਏ ਇੱਕੋ ਵਾਰ ਵੀਰੋ। ਦਾਮ ਸੇਠ ਗੋਣਾ ਬਾਈ ਰਹਿਣ ਦੋਵੇਂ ਪੰਡਰ ਪੁਰੀ ਅੰਦਰ ਨਿਰਾਧਾਰ ਵੀਰੋ। ਗੋਤ ਭਾਰਦ੍ਵਾਜਹੈ ਜਾਣਲੈਂਣਾਂ ਨਾਮਾਬੰਸੀਓ ਲਵੋ ਵਿਚਾਰ ਵੀਰੋ॥ ਕਰਨ ਕ੍ਰਿਤ ਅਕੰਤਨੋ ਬ੍ਰਿਤ ਰੱਖਣ ਛਕਣ ਕਰਨ ਕੂੜ ਬਣਜ ਵਪਾਰਵੀਰੋ। ਸੰਮਤ ਤੇਰਾਂਸੋ (੧੩੦੦) ਬਿਕਰਮਾ ਸਾਲ ਅੰਦਰ ਪੰਡਰਪੁਰੀ ਵਸਦੇ ਕ੍ਰਿਪਾਧਾਰਵੀਰੋ। ਭਜਨਬਾਂਣੀਸਤਸੰਗਹਮੇਸ਼ ਕਰਦੇ ਮੰਦ੍ਰ ਬਿਠਲਦਾ ਕਰਨਦੀਦਾਰਵੀਰੋ। ਦਾਮ ਸੇਠਜੀ ਦੇ ਘਰ ਇੱਕ ਬੀਬੀ ਆਊ ਬਾਈ ਲਿਆ ਜਨਮ ਧਾਰ ਵੀਰੋ। ਦਾਮ ਸੇਠ ਜੀਤੇ ਮਾਤਾ ਗੋਣਾ ਬਾਈ ਮੰਗਣ ਮੰਗ ਏਹ ਅਰਜ ਗੁਜਾਰਵੀਰੋ। ਪੁਤ੍ਰ ਦਈਂ ਕਰਤਾਰ ਸੁਪੁਤ੍ਰ ਸਾਨੂੰ ਹੋਵੇ ਭਗਤ ਤੇਰਾ ਨਿਰੰਕਾਰ ਵੀਰੋ। ਪੂਰੀ ਅਸਾਂਦੀ ਕਰੀਂ ਮੁਰਾਦ ਸਾਂਈਆਂ ਇਸ਼ਟਦੇਵ ਪਹਿ ਕਰਨ ਪੁਕਾਰ ਵੀਰੋ। ਕਾਲਾਸਿੰਘ ਮੁਰਾਦ ਆ ਕਰੇ ਪੂਰੀ ਪਾਵੇ ਢਿੱਲ ਨਾ ਵਿੱਚ ਕਰਤਾਰ ਵੀਰੋ॥ ੭॥

ਸ੍ਰੀ ਨਾਮਦੇਵ ਜੀ ਦੇ ਜਨਮ ਪ੍ਰਤਿ ਵਿਚਾਰ ਝੁਲਣੀ

ਕਈ ਵਿੱਦਿਆ ਤੇ ਹੀਣ ਲੋਕ ਜੋੜੇ ਘੜਕੇਮਾਰਦੇ ਵਿਠਨਤਕਾਰ ਵੀਰੋ। ਆਖਣ ਸਿਪ੍ਰ ਵਿੱਚੋਂ ਬਾਬਾ ਜੰਮਿਆ ਹੈ ਰੌਲਾ ਪਾਉਣ ਨਾ ਕਰਨ ਵਿਚਾਰ ਵੀਰੋ। ਕਈ ਆਖਦੇ ਬਿਧਵਾਦਾ ਪੁਤ੍ਰ ਬਾਬਾ ਪਿਤਾ ਨਹੀਂ ਸੀ ਕਹਿਣ ਗੁਵਾਰ ਵੀਰੋ। ਕਾਲਾਸਿੰਘਨਾਵਿੱਦਿਆ ਪੜੀ ਜਿਨਾਂ ਰੌਲਾ ਪਾਂਮਦੇ ਬੇਸ਼ੁਮਾਰ ਵੀਰੋ॥ ਮੁਖ ਵਾਕ ਸ੍ਰੀ ਨਾਮਦੇਵ ਜੀਦਾ ਪੜਕੇ ਗੁਰੂ ਗ੍ਰੰਥ ਜੀ ਦੇਖ ਲਵੋ। ਭਾਈ ਸਾਹਿਬ ਗੁਰਦਾਸ ਦੀ ਵਾਰ ਅੰਦਰ ਇਹੋ ਲਿਖਿਆ ਪਿਆਹੈ ਵੇਖਲਵੋ। ਘੜਕੇਮਾਰੇ ਜੋ ਵਿਲੋਂ ਤਕਾਰ ਕੋਈ ਉਹਦੇ ਜਾਣ ਲੈਣੇ ਮੰਦੇ ਲੇਖਲਵੋ। ਮਾਤਾ ਪਿਤਾ ਤੇ ਬਿਨਾਂ ਨਾ ਬਾਲ ਹੋਵੇ ਕਹਿਣ ਗੁਰੂਗ੍ਰੰਥਬਸੇਖਲਵੋ ॥੮॥

Sri Satguru Jagjit Singh Ji Elibrary NamdhariElibrary@gmail.com

ਰਾਗ ਭੈਰੋ ਸਬਦ ਸ੍ਰੀ ਨਾਮਦੇਵ ਜੀ ਮੁਖ ਵਾਕ

ਦੂਧ ਪੀਓ ਮੇਰੋ ਮਨ ਪਤੀਆਇ। ਨਾਹੀਤਘਰਕੋਬਾਪਰਿਸਾਇ॥ ਪੁਨਾ ਭਾਈ ਗੁਰਦਾਸ ਜੀ। ਕੰਮ ਕਿਤੇ ਪਿਉ ਚੱਲਿਆ ਨਾਮਦੇਵ ਨੂੰ ਆਖ ਸਿਧਾਇਆ ॥ਪਿਤਾ ਸ੍ਰੀ ਦਾਮਸੇਠ ਤੇ ਮਾਤਾ ਗੋਣਾਬਾਈ ਸਹੀ ਹੈ ॥ਪੁਨਾ ਰਾਗ ਗੌਂਡ ਸਬਦ ਸ੍ਰੀ ਕਬੀਰ ਜੀਕਾ। ਜੈਸੇ ਮਾਤ ਪਿਤਾ ਬਿਨ ਬਾਲ ਨ ਹੋਈ। ਬਿੰਬ ਬਿਨਾ ਕੈਸੇ ਕਪਰੇਧੋਈ॥

ਸ੍ਰੀ ਨਾਮਦੇਵ ਭਗਤ ਬ੍ਰਹਮ ਗਿਆਨੀ ਨੇ ਅਵਤਾਰ ਧਾਰਨਾ

ਵਾਹਿਗੁਰੂ ਜੀਨੂੰ ਮੇਰੀ ਬੰਦਨਾ ਹੈ ਜੀਦਾ ਕੁਝ ਨਾ ਅੰਤ ਸ਼ੁਮਾਰ ਪਿਆਰੇ। ਕਰਤਾ ਪੁਰਖ ਅਕਾਲ ਅਜੂਨ ਭੈਗੁ ਕਿਰਪਾ ਕਰਨ ਸਤਿ ਗੁਰ ਪੈਂਦੀ ਸਾਰ ਪਿਆਰੇ। ਸ਼ੋਲਾ ਪੁਰ ਦਾ ਜ਼ਿਲਾ ਵਿਚਾਰ ਲੈਣਾ ਪੰਡਰਪੁਰੀ ਤੀਰਥ ਨਿਰਧਾਰ ਪਿਆਰੇ। ਨਾਮਦੇਵ ਸਤਿ ਗੁਰ ਭਗਤ ਬ੍ਰਹਮ ਗਿਆਨੀ ਲਿਆ ਧਾਰਆਕੇਅਵਤਾਰਪਿਆਰੇ। ਸੰਮਤ ਤੇਰਾਂ ਸੈ ੧੨੨੬ ਛੱਬੀਏਂ ਵਿੱਚ ਪਿਆਰੇ ਹੈਸੀ ਬਿਕਰਮਾ ਜੀਤਪ੍ਰਕਾਰਪਜਾਰੇ। ਕਤਕ ਸ਼ੁਕਲ ਇਕਾਦਸੀ ਜਾਣ ਲੈਣੀ ਦਿਨ ਸਮਝ ਲੈਣਾ ਐਤਵਾਰ ਪਜਾਰੇ। ਦਾਮ ਸੇਠ ਪਿਤਾ ਗੋਣਾ ਬਾਈ ਮਾਤਾ ਘਰ ਲਿਆ ਹੈ ਜਨਮ ਸਿਧਾਰ ਪਿਆਰੇ। ਮਿਟੀ ਧੁੰਧ ਜਗ ਚਾਨਣਾ ਆਨ ਹੋਯਾ ਦੇਵ ਪੁਰੀ ਹੋਏ ਜੈਜੈਕਾਰ ਪਜਾਰੇ। ਈਸ਼੍ਰ ਅੰਸ ਕਰਤਾਰ ਦੀ ਬੰਸ ਵਿੱਚੋਂ ਹੈਸਨ ਭਗਤ ਜੋ ਵਿਚ ਸੰਸਾਰ ਪਿਆਰੇ। ਜਪਦੇ ਨਾਮ ਜਪਾਂਮਦੇ ਜਗਤ ਤਾਂਈ ਪੁੱਛੇ ਭਜਨ ਹੋਵੇ ਭਵਜਲ ਪਾਰ ਪਿਆਰੇ। ਬਾਲਵਸਤ ਮੈ ਵਾਹਿਗੁਰੂ ਨਾਮ ਜਪਦੇ ਲਿਵ ਜੋੜਦੇ ਨਾਲ ਕਰਤਾਰ ਪਿਆਰੇਂ। ਇਕ ਰੋਜ ਮਾਤਾ ਗਈ ਵਾਹਰ ਅੰਦਰ ਆਪ ਖੇਡਦੇ ਸੋ ਕ੍ਰਿਪਾਧਾਰ ਪਿਆਰੇ। ਅੱਗ ਮਚੇ ਝਾਂਬੜਆਕੇ ਵਿੱਚਬਹਿਗਏ ਮਾਤਾ ਦੇਖਹੈਰਾਨ ਲਚਾਰਪਿਆਰੇ। ਸੀਤਲਰੂਪਦਾ ਅੱਗਦੀਦਾਰਪਾਕੇ ਸੀਤਲ ਆਪ ਹੋਈ ਠੰਢੀਠਾਰ

Sri Satguru Jagjit Singh Ji Elibrary NamdhariElibrary@gmail.com

ਪਿਆਰੇ। ਨਾਮਦੇਵਜੀ ਸੇ ਲੀਲਾ ਬਹੁਤ ਕਰਦੇ ਲਿਖੇ ਕਲਮ ਨਾ ਹੋਣ ਉਚਾਰ ਪਿਆਰੇ। ਮਾਤਾ ਪਿਤਾ ਸਤਸੰਗ ਹੁਮੇਸ਼ ਕਰਦੇ ਨਾਲ ਆਪ ਜਾਂਦੇ ਕ੍ਰਿਪਾਧਾਰ ਪਿਆਰੇ। ਫੇਰ ਆਪ ਸ੍ਰੀ ਨਾਮਦੇਵ ਜਾਕੇ ਸੱਤਿ ਧਰਮਦਾ ਕਰਨ ਪਰਚਾਰ ਪਿਆਰੇ। ਰੱਖਣ ਬ੍ਰਿਤ ਅਕੰਤ ਸੇ ਕ੍ਰਿਤ ਕਰਦੇ ਵਿੱਚ ਛਕਣ ਸਾਰੇ ਪਰਵਾਰ ਪਿਆਰੇ। ਮੰਦਰ ਬਿਠਲ ਅੰਦ੍ਰ ਜਾਕੇ ਭਜਨ ਕਰਦੇ ਲਾਕੇ ਖੂਬ ਸਮਾਧ ਦੀ ਤਾਰ ਪਿਆਰੇ। ਗੋਬਿੰਦ ਸੇਠ ਨਾਮੇਂ ਨਾਨੇ ਭਗਤ ਜੀ ਦੇ ਕਰ ਕਲਿਆਣ ਦੇ ਵਾਸੀ ਉਚਾਰ ਪਿਆਰੇ। ਦੇਸ ਖਾਸ ਮਹਿ ਰਾਸ਼ਟਰ ਦੇ ਰਹਿਣ ਵਾਲੇ ਬਿਆਹਿਆ ਭਗਤ ਨੂੰ ਨਾਲ ਉਪਕਾਰ ਪਿਆਰੇ।ਬ੍ਰਹਮ ਗਿਆਨੀ ਸ੍ਰੀ ਨਾਮ ਦੇਵ ਜੀ ਦੀ ਰਾਜਾ ਬਾਈ ਨਾਮੇ ਸੇਵਾਦਾਰ ਪਿਆਰੇ।ਛਾਪਣ ਕੱਪੜੇ ਸੀਉਣ ਦੀ ਕ੍ਰਿਤ ਕਰਦੇ ਪੁਤ੍ਰ ਭਗਤ ਦੇ ਹੋਇ ਸੇ ਚਾਰ ਪਿਆਰੇ।ਕਾਲਾ ਸਿੰਘ ਪ੍ਰਸੰਗ ਏਹੁ ਕਰੇ ਪੂਰਾ ਦੱਸੇ ਭਗਤ ਦਾ ਜੋ ਪਰਵਾਰ ਪਿਆਰੇ ॥ ੧੦॥

ਬ੍ਰਹਮ ਗਿਆਨੀ ਸ੍ਰੀ ਨਾਮ ਦੇਵ ਜੀ ਦੇ ਪ੍ਰਵਾਰ ਦੇ ਪੰਦਰਾਂ ਜੀਵ ਸਨ

ਨੋਹਾਂ ਚਾਰ ਚਾਰੇ ਪੁਤ੍ਰ ਭਗਤ ਜੀ ਦੇ ਨਾਲ ਪੋਤ੍ਰਿਆਂ ਵੜੀ ਗੁਲਜਾਰ ਹੋਈ।੧ ਵਡਾ ਪੁਤ੍ਰ ਨਰੈਣ ਹੈ ਦਾਸ ਸਭ ਤੋਂ ੨ ਲਾਡਾਈ ਨਾਮੇ ਘਰੋਂ ਨਾਰ ਹੋਈ।੩ ਮਹਾਂ ਦੇਵ ਜੀ ਸੇ ਦੂਜੇ ਹੋਰ ਪੁਤ੍ਰ ੪ ਗੋਣਾਈ ਜਾਜੀ ਘਰਵਾਰ ਹੋਈ।੫ ਤੀਜਾ ਪੁਤ੍ਰ ਹੈ ਗੋਬਿੰਦ ਦਾਸ ਜਾਣੋ ੬ ਯੇਸਾਏ ਨਾਮੇਂ ਸੇਵਾਦਾਰ ਹੋਈ। ੭ ਚੋਥਾ ਪੁਤ੍ਰ ਹੈਸੀ ਬਿਠਲ ਦਾਸ ਨਾਮੇਂ ੮ ਸਾਕ੍ਰਾਈ ਸੁਪਤਨੀ ਤਿਆਰ ਹੋਈ।੯ ਬੀਬੀ ਲਿੰਬਾਬਾਈ ੧੦ ਨਾਮ ਦੇਵਜੀ ਦੀ ਵਿੱਚ ਸ੍ਰੇਣੀ ਦੇ ਨਿਰਾਧਾਰ ਹੋਈ।੧੧ ਭੈਣ ਆਊਬਾਈ ਨਾਮ ਦੇਵ ਜੀ ਦੀ ਸਾਰੇ ਵਿੱਚ ਪਰਵਾਰ ਮੁਖਤਿਆਰ ਹੋਈ। ੧੨ ਜਾਨਾ ਬਾਈ ਸੇਵਕ ਟੱਬਰ ਸਾਥ ਰਹਿੰਦੀ ਸੇਵਾ ਕਰੇ ਬਲਿਹਾਰ ਬਲਿਹਾਰ ਹੋਈ।੧੩-੧੪-੧੫ ਮਾਤਾ ਪਿਤਾ ਨੇਹਾਂ ਪੁਤ੍ਰ ਭੈਣ ਲੜਕੀ

ਵਾਸੀ ਪੰਦਰਾਂ ਵਿੱਚ ਉਚਾਰ ਹੋਈ। ਨਰੈਣ ਦਾਸ ਦਾ ਪੁਤ ਮੁਕੰਦ ਹੋਇਆ ਹੈਸੀ ਪੋਤਰਾ ਭਗਤ ਅੰਸਾਰ ਹੋਈ। ਪੁਤ੍ਰ ਹੋਇਆ ਮੁਕੰਦ ਦੇ ਨਾਮ ਕੇਸ਼ਵ ੧੧ ਗਿਆਰਾਂ ਪੀੜੀਆਂ ਬੰਸ ਪਸਾਰ ਹੋਈ। ਏਦੂਵਾਦਿ ਕੁਝ ਵੰਸ਼ਦਾ ਪਤਾ ਨਾਹੀਂ ਕਈ ਕਹਿੰਣ ਮਰਜੀ ਕਰਨਹਾਰ ਹੋਈ। ਕਾਲਾ ਸਿੰਘ ਸ੍ਰੀ ਨਾਮ ਦੇਵਜੀ ਦੀ ਉਸਤਤਿ ਵਿੱਚ ਸਾਰੇ ਸੰਸਾਰ ਹੋਈ॥੧੧॥

ਵਾਕ ਕਵੀ

ਕਥਾ ਸੁਣੋ ਸਾਰੀ ਨਾਮਦੇਵਜੀਦੀ ਜੋ ਮੈਂ ਦੱਸਦਾ ਨਾਲ ਵਿਚਾਰ ਪਿਆਰੇ। ਜੈਸੀ ਬੁਧ ਬਖਸ਼ੀ ਗੁਰੂ ਦਾਸਤਾਂਈ ਸੋ ਮੈਂ ਮੁਖਤੇ ਕਹਾਂ ਉਚਾਰ ਪਿਆਰੇ। ਬਾਲਵਸਤ ਲੀਲਾ ਨਾਮ ਦੇਵ ਜੀ ਦੀ ਸਾਲੋ ਸਾਲ ਦੀ ਕਹਾਂ ਪੁਕਾਰ ਪਿਆਰੇ। ਅੱਸੀ ਸਾਲਦੀ ਉਮਰ ਦੀ ਵੰਡ ਕਰਕੇ ਲਿਖਾਂ ਕਲਮਦੇ ਨਾਲ ਪਸਾਰ ਪਿਆਰੇ। ਸੰਮਤ ਤੇਰਾਂ ਸੋ ਛੱਬੀ ਤੋ ੧੩੨੬ ਸ਼ੁਰੂ ਕਰਕੇ ਸੰਮਤ ਚੌਦਾਂਸੋ ੧੪੦੬ਛੇ ਵਿਚਕਾਰ ਪਿਆਰੇ। ਬ੍ਰਹਮ ਗਿਆਨੀ ਸ੍ਰੀਨਾਮਦੇਵ ਜੀਨੂੰ ਕਾਲਾ ਸਿੰਘ ਕਰਦਾ ਨਮਸ਼ਕਾਰ ਪਿਆਰੇ॥ ੧੨॥

ਪ੍ਰਸੰਗ ਸ੍ਰੀ ਨਾਮ ਦੇਵ ਜੀ ਦੀ ਉਮਰ ਬਰਨਨ ਵੀ ਸਾਲ ਦੀ

੧ ਪਹਿਲੇ ਸਾਲ ਗੋਦੀ ਚੰਦ ਵਾਂਗ ਸੋਹਣਾ ਮਾਤਾ ਦੇਖ ਬਲਿਹਾਰ ਬਲਿਹਾਰ ਹੋਵੇ। ਗੋਰਾ ਮੁੱਖ ਗੁਲਾਬ ਦੇ ਫੁੱਲ ਜੇਹਾ ਮਾਤਾ ਲਾਇ ਸੀਨੇ ਠੰਡੀ ਠਾਰ ਹੋਵੇ। ੨ ਸਾਲ ਦੂਸਰੇ ਸੀਸ ਤੇ ਕੇਸ ਸਜਦੇ ਮਾਤਾ ਗੁੰਦਣੇ ਤਾਂਈਂ ਤਿਆਰ ਹੋਵੇ। ਸੋਹਣੇ ਦੰਦ ਅਗੂਰ ਅਨਾਰ ਜੇਹੇ ਮੁੱਖ ਕਵਲ ਦੇ ਵਾਂਗ ਅਪਾਰ ਹੋਵੇ। ੩ ਸਾਲ ਤੀਸਰੇ ਦੇ ਵਿੱਚ ਤੁਰਨ ਲੱਗਾ ਗੋਡੇ ਲਾਇਕੇ ਤੇ ਹੁਸ਼ਿਆਰ ਹੋਵੇ। ਵਿੱਚ ਅੰਙਣੇ ਖੇਡਦਾ ਰਹੇ ਸੋਹਣਾ ਮਾਤਾ ਦੇਖ ਅਨੰਦ ਅਪਾਰਹੋਵੇ। ੪ ਚੌਥੇਸਾਲ ਨੂੰ ਪਾਇ ਪੁਸ਼ਾਕ ਸੋਹਣੀ ਚਿੱਟੀ ਸਾਫ ਪੀਲੀ ਦਸਤਾਰਹੋਵੇ। ਗਲ

Sri Satguru Jagjit Singh Ji Elibrary NamdhariElibrary@gmail.com

ਉੱਨ ਮਾਲਾ ਨਾਮਜਪਣਵਾਲੀ ਮੂੰਹੋਂ ਬਿਠਲਤੇ ਬਿਠਲ ਪੁਕਾਰ ਹੋਵੇ। ੫ ਸਾਲ ਪੰਜਮੇਂ ਦੇ ਵਿੱਚ ਪੈਰ ਪਾਇਆ ਬੋਲੀਬੋਲ਼ਸੋਹਣੀ ਮੁੱਖੋਂ ਟਾਰ ਹੋਵੇ। ਨੈਨਮ੍ਰਿਗਤੇ ਵੈਨ ਕੋਇਲਜੇਹੇਮੁਖੋਂ ਵਾਹਿਗੁਰੂ ਨਾਮ ਬੰਕਾਰ ਹੋਵੇ। ਛੀਵੇਂ ਸਾਲਦੇ ਵਿੱਚ ਹੁਸ਼ਿਆਰ ਹੋਕੇ ਮਾਤਾ ਪਿਤਾ ਦੇ ਬਚਨ ਦੀ ਸਾਰ ਹੋਵੇ। ਗੱਲਾਂ ਮਿਠੀਆਂ ਮਿਠੀਆਂ ਕਰਨ ਲੱਗਾ ਕਦੇ ਜਾਪ ਕਰਤਾਰ ਕਰਤਾਰ ਹੋਵੇ। ਮੰਦਰ ਬਿਠਲ ਅੰਦਰ ਪਿਤਾ ਰੋਜ ਜਾਵੇ ਨਿੱਤਨੇਮ ਦਾ ਨਿਯਮ ਵਿਹਾਰ ਹੋਵੇ। ਨਾਮਦਾਨ ਇਸ਼ਨਾਨ ਤੇ ਭਜਨ ਬਾਣੀ ਪੂਜਾ ਠਾਕਰਾਂ ਦੀ ਕਾਰੋਬਾਰ ਹੋਵੇ। ਦੂਧ ਨਾਲ ਨਵਾਇਕੇ ਭੋਗ ਲਾਉਂਣਾ ਪੀਣਾ ਆਪ ਏਹ ਨਿੱਤ ਦੀ ਕਾਰ ਹੋਵੇ। ਕਾਲਾ ਸਿੰਘ ਏਹੋ ਭਗਤ ਜਾਣਦਾ ਸੀ ਜੋੜ੍ਹਾ ਪਿਤਾ ਦਾ ਨਿਤ ਵਿਹਾਰ ਹੋਵੇ॥ ੧੩॥

ਪ੍ਰਸੰਗ ਬ੍ਰਹਮ ਗਿਆਨ ਦੇ ਲੱਛਨਾਂ ਦਾ ਚਲਿਆ ਉਮਰ ੬ ਸਾਲ ਦੀ

ਬ੍ਰਹਮ ਗਿਆਨੀਆਂ ਦੀ ਚਾਲ ਜਾਣ ਏਹੋ ਜਲੀਂ ਥਲੀਂ ਸਾਰੇ ਈਸ਼ਰ ਜਾਣ ਲੈਂਣਾ। ਜਿਵ ਸੱਪ ਬਿੱਛੂ ਜਾਂ ਇਸੂਰਤਾਂ ਈ ਜਾਣ ਪੱਥਰਾਂ ਵਿੱਚ ਭਗਵਾਨ ਲੈਂਣਾ। ਹਰਖ ਸੋਗ ਬੈਰੀ ਮੀਤ ਕੰਚ ਲੋਹਾ ਸਮ ਬਿੱਖ ਅੰਮ੍ਰਿਤ ਇਕ ਮਾਨ ਲੈਂਣਾ। ਬਾਦਈ ਰਖਾ ਨਿੰਦਿਆ ਨਾਹਿ ਉਸ ਤਾਂ ਤ ਸਮ ਇੱਕ ਕਰ ਮਾਨ ਅਪਮਾਨ ਲੈਂਣਾ। ਬ੍ਰਹਮਗਿਆਨੀਆਂ ਦੀ ਸਾਰੀ ਚਾਲ ਏਹੋ ਦੇਖ ਸੁਖਮਨੀ ਸਾਹਿਬ ਬਖਾਨ ਲੈਂਣਾ। ਕਾਲਾ ਸਿੰਘ ਅਕਾਲ ਦਾ ਰੂਪ ਸੋਈ ਲੱਛਣ ਸਮਝ ਏਹ ਬ੍ਰਹਮਗਿਆਨ ਲੈਂਣਾ।

ਵਾਕ ਕਵੀ

ਪੱਥਰ ਪੂਜਦੇ ਸੀ ਪਿਤਾ ਭਗਤ ਜੀ ਦਾ ਭਗਤ ਰੂਪ ਵਿੱਚੋਂ ਕਰਤਾਰ ਆਇਆ। ਭਰਮ ਤੋੜ ਕੇ ਤਾਰਨਾ ਪਾਪੀਆਂ ਨੂੰ ਭਗਤ ਰੂਪ ਕਰਤਾਰ ਤੋਂ ਧਾਰ ਆਇਆ। ਮੜ੍ਹੀ ਗੋਰ ਕਰੋੜਾਂ ਭੂਤ ਪੱਥਰਾਂ ਨੂੰ ਛਡ ਦਉਣ ਨੂੰ ਵਿੱਚ ਸੰਸਾਰ ਆਇਆ। ਝੂਠੇ ਜਾਲਾਂ ਤੋਂ ਜੀਵ ਬਚੌਂਣ ਖਾਤ੍ਰ ਸੱਤ

ਧਰਮਦਾ ਕਰਨ ਪਰਚਾਰ ਆਇਆ । ਸੱਤ੍ਰ ਭਗਤ ਬਾਰਾਂ ਜਾਮੇ ਸਤਿਗੁਰਾਂਦੇ ਭੇਜੇ ਜਦੋਂ ਬਹੁਤਾ ਧੁੰਧੂਕਾਰ ਆਇਆ। ਏਸੇ ਤੌਰ ਵਾਰੋਵਾਰੀ ਚੱਲ ਆਏ ਨਾਮਦੇਵਜੀ ਵੀ ਤਾਰਨਹਾਰ ਆਇਆ। ਨਾਮਦੇਵ ਜੀ ਆਖਦਾ ਪਿਤਾ ਤਾਂਈ ਠਾਕੁਰ ਪੂਜ ਜਦੋਂ ਘਰਦੇ ਬਾਰਆਇਆ। ਕਦੇਪਿਤਾਜੀਆਗਿਆਦੇਓਮੈਂਨੂੰ ਠਾਕਰ ਪੂਜਣੇ ਚਿੱਤ ਪਿਆਰ ਆਇਆ। ਪਿਤਾ ਆਖਦਾ ਜਦੋਂ ਮੈਂ ਬਾਹਰ ਜਾਵਾਂ ਤੇਰੇ ਪੂਜਣੇਦਾ ਤਕਰਾਰਆਇਆ। ਕਾਲ ਸਿੰਘ ਜੋ ਝੂਠ ਪਾਖੰਡ ਤਾਂਈ ਭਗਤਕਰਨਸਮੁੰਦਰੋਂ ਪਾਰਆਇਆ ॥ ੧੫ ॥

ਸ੍ਰੀ ਨਾਮਦੇਵ ਜੀਨੂੰ ਪੜਨ ਭੇਜਣਾ ਉਮਰ ਸਾਲ ੯

ਸੱਤ ਅੱਠ ਨੌਂ ਸਾਲਵਿੱਚ ਪਿਤਾ ਆਖੇ ਨਾਮਦੇਵਨੂੰ ਪੜਨ ਬਠਾਲ ਦਈਏ। ਪੜੇ ਵਿੱਦਿਆ ਅੱਖਰੀਂ ਬੋਧ ਹੋਵੇ ਪੰਡੇ ਤਾਂਈ ਏਹਬਾਲ ਸਮਾਲ ਦਈਏ। ਫੱਟੀ ਲੈ ਪ੍ਰਸਾਦਿ ਗਏ ਪਾਠ ਸ਼ਾਲਾ ਕਹਿਆ ਪੰਡੇ ਨੂੰ ਅੱਖਰ ਸਖਾਲਦਈਏ। ਕਾਲਾਸਿੰਘ ਜਾਂ ਪੰਡਾ ਪੜਾਉਣ ਲੱਗਾ ਬੋਲੇ ਭਗਤ ਕੀ ਮੈਨੂੰ ਖਿਆਲ ਦਈਏ ॥ ੧੬ ॥

ਪੰਡਤਨੇ ਬਾਬੇ ਨੂੰ ਪੜਾਉਣਾ ਤੇ ਅੱਗੋਂ ਬਾਬੇ ਜੀ ਨੇ ਉਪਦੇਸ ਕਰਨਾ ਉਮਰ ਸਾਲ ੯

ਅਧਯਾਪਕ ਨਾਮਸੀ ਪੰਡੇਦਾ ਜਾਣ ਲੈਣਾ ਜੇੜਾ ਭਗਤ ਦੇ ਤਾਂਈ ਪੜ੍ਹਾਂਮਦਾਸੀ। ਪੈਂਤੀ ਲਿਖਕੇ ਪੰਡੇ ਨੇ ਕਰੀ ਮੂਹਰੇ ਬਾਬਾ ਪੰਡੇ ਦੇ ਤਾਈਂ ਸੁਣਾਮਦਾਸੀ। ਨਾਮਬਿਨਾਵਿੱਦਿਆਕੰਮਮੇਰੇਉਤ੍ਰ ਭਗਤ ਜੀਵਲੋਂ ਏਹਆਮਦਾਸੀ। ਬਿਨਾਵਾਹਿਗੁਰੂ ਵਿੱਦਿਆਵਾਦਿ ਸਾਰਾ ਮੇਰੇ ਪੰਡਤਾ ਚਿੱਤ ਨਾਂ ਭਾਮੰਦਾ ਸੀ। ਰਾਮ ਨਾਮ ਹੈ ਜੋ ਪਹਿਲਾਦ ਪੜਿਆ ਮੇਰੇ ਚਿੱਤ ਏ ਪੜਨ ਸੁਖਾਮੰਦਾ ਸੀ। ਪੰਡੇ ਪੜੀਂ ਤੂੰ ਮੈਨੂੰ ਪੜਾਂਮਦਾ ਕੀ ਸੁਰਤ ਸ਼ਬਦ ਕਿਉਂ ਨਹੀ ਵਿਤਾਂਮਦਾ ਸੀ। ਨਾਮ ਦਾਨ ਇਸ਼ਨਾਨ ਤੇ ਭਜਨ ਬਾਣੀ ਬ੍ਰਿਤ ਸਾਧਨਾਂ ਨਹੀ ਸਖਾਂਮਦਾ ਸੀ। ਕਾਲਾ ਸਿੰਘ ਤੂੰ ਵਾਹਗੁਰੂ ਨਾਮ ਜਪਲੈ ਭਗਤ ਪੰਡੇ ਨੂੰ ਏਹੋ

Sri Satguru Jagjit Singh Ji Elibrary NamdhariElibrary@gmail.com

ਢੁਰਮਾਮਦਾਸੀ ॥ ੧੭ ॥

ਪੰਡਤ ਨੇ ਸ੍ਰੀ ਨਾਮ ਦੇਵ ਜੀ ਨੂੰ ਉਪਦੇਸ਼ ਕਰਨਾ ਉਮਰ ਸਾਲ ੯

ਨਾਮ ਦੇਵਤਾਈਂ ਪੰਡਤਆਖਦਾਹੈ ਪੜਨਾਵਿੱਦਿਆ ਬਹੁਤ ਵਸ਼ੇਸ਼ ਕਾਕਾ। ਉਤਮ ਵਡੀ ਭਾਰੀ ਗੁਣ ਵਿੱਦਿਆ ਹੈ ਪੜੀ ਬ੍ਰਹਮ ਤੇ ਬਿਸ਼ਨ ਮਹੇਸ਼ ਕਾਕਾ। ਪਰੇ ਵਿੱਦਿਆ ਤੋ ਹੋਰ ਕੁਝ ਨਾਹੀ ਕਿੱਥੋਂ ਸੁਣਿਆਂ ਇਹੁ ਉਲਟ ਉਪਦੇਸ਼ ਕਾਕਾ। ਛਾਲਾ ਸਿੰਘ ਪੜਦੇ ਸਾਰੇ ਵਿੱਦਿਆ ਨੂੰ ਰਿਖੀ ਮੁਨੀ ਜਿੰਨੇ ਵਿੱਚ ਦੇਸ ਕਾਕਾ ॥ ੧੮ ॥

ਰਾਗ ਭੈਰੋਂ ਬਾਣੀ ਸ੍ਰੀ ਨਾਮ ਦੇਵ ਜੀ ਕੀ ਘਤ ੨ ਉਮਰ ਸਾਲ ੯

ਸੰਡਾਮਰਕਾਜਾਇਪੁਕਾਰੇ ॥ ਪੜੈਨਹੀਹਮਹੀਪਚਹਾਰੇ ॥ ਰਾਮੰਕਹੈਕਰਤਾਲਬਜਾਵੈਚਟੀਆਸਭੈ ਬਿਗਾਰੇ ॥ ੧ ॥ ਰਾਮਨਾਮਾਜਪਿਬੋਕਰੈ ॥ ਹਿਰਦੈਹਰਿਜੀਕੋਸਿਮਰਨੁਧਰੈ॥ਰਹਾਉ ॥ ਬਸੁਧਾਬ ਸਿਕੀਨੀਸਭਰਾਜੇਬਿਨਤੀਕਰੈਪਟਰਾਨੀ ॥ ਪੂਤੁਪ੍ਰਹਿਲਾਦਕਹਿਆਨਹੀਮਾਨੈਤਿਨਿਤਉਅਉਰੈ ਠਾਨੀ॥ ੨ ॥ਦੁਸਟਸਭਾਮਿਲਿਮੰਤਰਉਪਾਇਆਕਰਸਹਅਉਧਘਨੇਰੀ॥ ਗਿਰਤਰਜਲਜੁਆਲਾ ਭੈਰਾਖਿਓਰਾਜਾਰਾਮਮਾਇਆਫੇਰੀ ॥ ੩ ॥ਕਾਢਿਖੜਗੁਕਾਲਭੈਕੋਪਿਓਮੋਹਿਬਤਾਉਜੁਤੁਹਿਰਾਖੈ॥ ਪੀਤਪੀਤਾਂਬਰਤ੍ਰਿਭਵਣਧਣੀਥੰਭਮਾਹਿਹਰਿਭਾਖੈ ॥੪॥ ਹਰਨਾਖਸ ਜਿਨਿਨਖਹਬਿਦਾਰਿਓਸੁਰਨ ਰਕੀਏਸਨਾਥਾ ॥ ਕਹਿਨਾਮਦੇਉਹਮਨਰਹਰਿਧਿਆਵਹਿਰਾਮਅਭੈਪਦਦਾਤਾ॥ ੫ ॥ ੧੯ ॥

ਟੀਕਾ ਬੈਂਤ ॥ ਭੈਰੋਂ ਰਾਗਸ੍ਰੀਮੁੱਖਵਾਕ ਏਹੋ ਬਾਬਾਕਹੇਤੂੰ ਸੁਣੀ ਗੁਵਾਰਪਾਂਡੇ। ਵਿਦਿਆ ਨਹੀਂ ਪ੍ਰਹਿਲਾਦਨੇ ਪੜੀ ਭਾਈ ਏਹਵੀ ਜਾਣਦਾ ਸਭਸੰਸਾਰਪਾਂਡੇ। ਸੰਡਾਮਰਕਾਵੀ ਜਾਇ ਪੁਕਾਰਿਆ ਸੀ ਪਾਸਹਰਨਾਖਸ਼ ਝਖਮਾਰਪਾਂਡੇ। ਪੜੈਨਹੀਂ ਹਮਹੀ ਪਚਹਾਰਗਏ ਇਹੋ ਮੁਖਤੇ ਕਰੇ ਉਚਾਰ ਪਾਂਡੇ। ਰਾਮ ਆਖਕੇ ਛੈਣੇ ਬਜਾਂਵਦਾਹੈ ਦਿੱਤੇ ਸਭਾਦੇਵਾਲ ਬਿਗਾੜਪਾਂਡੇ। ਰਾਮਨਾਮਦਾਜਪਸੋਕਰੇਭਾਈ ਹਿਰਦੇ ਹਰੀ ਸਿਮਰਨਰਿਹ ਧਾਰਪਾਂਡੇ। ਬੱਸੋਬਸਕਰਕੀਨੇ ਧਰਤਦੇ ਸਰਬ ਰਾਜੇ ਕੀਤਾ ਬਹੁਤ ਪ੍ਰਹਲਾਦ ਲਚਾਰ ਪਾਂਡੇ। ਅਰਜ ਕਰੇ ਪ੍ਰਹਿਲਾਦ ਦੀ ਮਾਂਇ ਰਾਣੀ ਅੱਗੇ ਰਾਜੇ ਦੇ ਰਹੀ ਪੁਕਾਰ ਪਾਂਡੇ। ਪੁਤ੍ਰ ਨਹੀਂ ਪ੍ਰਹਿਲਾਦ ਜੋ ਕਹਿਆ ਮਾਨੇ ਤਿਨਾ ਔਰ ਠਾਨੇ ਕਾਰੋਵਾਰ ਪਾਂਡੇ। ਦੁਸ਼ਟ ਸਭਾ ਮਿਲ ਮਤਾ ਪਕਾਇਆਏ ਉਮਰ ਭੁਗਾੜ ਦੀ ਵਡੀ ਵਿਚਾਰ ਪਾਂਡੇ। ਉੱਪਰ ਸਿੱਟਨ

ਪਹਾੜ ਤੋਂ ਮਾਰ ਦਈਏ ਪਾਣੀ ਵਿੱਚ ਡੋਬਣ ਦਈਏ ਮਾਰ ਪਾਂਡੇ। ਭੈ ਬਹੁਤ ਦਿੱਤਾ ਰਾਮ ਰੱਖ ਲੀਨਾ ਨਾਮ ਜਪੇ ਕਰਤਾਰ ਕਰਤਾਰ ਪਾਂਡੇ। ਖੰਡਾ ਕੱਢ ਰਾਜਾ ਕਾਲ ਭੈ ਕੋਪਿਓ ਖੜਾ ਭਗਤ ਹੱਸੀ ਨਿਹਚਾ ਧਾਰ ਪਾਂਡੇ। ਮੈਨੂੰ ਦਈਂ ਬਤਾਇ ਜ ਤੁਝ ਰੱਖੇ ਰਾਜਾ ਮੁਖਤੋਂ ਕਹੇ ਹੰਕਾਰ ਪਾਂਡੇ। ਪੀਲੋ ਪਹਿਰ ਬਸਤ੍ਰ ਕਰਤਾ ਪੁਰਖ ਆਇਆ ਥੰਮ ਮਾਹਿ ਨਿਕਸੇ ਰੂਪ ਧਾਰ ਪਾਂਡੇ। ਮਾਰ ਦਿੱਤਾ ਹਰਨਾਖਸ਼ ਨੂੰ ਨਖਾਂ ਸੇਤੀ ਲਿਆ ਭਗਤ ਪ੍ਰਹਿਲਾਦ ਉਭਾਰ ਪਾਂਡੇ। ਪ੍ਰਹਿਲਾਦ ਆਖੇ ਮੈਂ ਨਰ ਹਰੀ ਸਿਮਰੂੰ ਜੇੜ੍ਹਾ ਆਪ ਨਿਰਭਉ ਦਾਤਾਰ ਪਾਂਡੇ। ਰਾਮ ਨਾਮ ਤੋਂ ਬਿਨਾ ਨਾ ਪੜਾਂ ਮੈਂਭੀ ਕਾਲ ਸਿੰਘ ਤੂੰ ਕਰੀਂ ਵਿਚਾਰ ਪਾਂਡੇ॥

ਪੰਡਤ ਜੀ ਨੇ ਉਪਦੇਸ ਸੁਣਕੇ ਸਿੱਖ ਹੋਣਾ ਨਾਮ ਜਪਣਾ ਉਮਰ ਸਾਲ ੯

ਬ੍ਰਹਮ ਗਿਆਨ ਭਰਿਆ ਉਪਦੇਸ ਸੁਣਕੇ ਪੰਡਾ ਆਪ ਸੇਵਕ ਹੋ ਜਾਂਵਦਾਸੀ। ਆਤਮ ਗਿਆਨ ਕੀਤਾ ਹਾਸਲ ਪਲਕ ਅੰਦਰ ਨਾਮ ਨਾਲ ਪੰਡਤ ਜੁੜੇ ਨਾਮ ਦਾਸੀ। ਆਈ ਸ਼ਾਂਤੀ ਬਾਬੇ ਦਾ ਸਬਦ ਸੁਣ ਕੇ ਭਰਮ ਅਵਿੱਦਿਆ ਤੋੜ ਮਟਾਂਵਦਾਸੀ। ਕਾਲਾ ਸਿੰਘ ਪੰਡਾ ਦਾਮ ਸੇਠ ਜੀ ਨੂੰ ਘਰ ਜਾਇਕੇ ਹਾਲ ਸੁਣਾਂਵਦਾਸੀ॥ ੨੧॥

ਪੰਡਤ ਨੇ ਬਾਬੇ ਦੇ ਮਾਤਾ ਤੇ ਪਿਤਾ ਨੂੰ ਕਹਿਣਾ ਸਾਲ ੯

ਸੱਤ ਧਰਮ ਦਾ ਜਦੋਂ ਉਪਦੇਸ ਸੁਣਿਆਂ ਹੋਇਆ ਚਿੱਤ ਦੇ ਵਿੱਚ ਹੈਰਾਨ ਪੰਡਾ। ਘਰ ਜਾਇ ਆਖੇ ਦਾਮ ਸੇਠ ਜੀ ਨੂੰ ਬਾਲ ਨਹੀਂ ਏਹ ਕਹੇ ਭਗਵਾਨ ਪੰਡਾ। ਆਇਆ ਆਪ ਅਕਾਲ ਦੀ ਜੋਤ ਵਿੱਚੋਂ ਰੂਪ ਧਾਰ ਆਪੇ ਮਿਹਰਵਾਨ ਪੰਡਾ। ਕਾਲਾ ਸਿੰਘ ਪੜਕੇ ਧੁਰੋਂ ਆਪ ਆਇਆ ਦਰਸ਼ਨ ਕਰੇ ਪਾ ਤਰੂ ਜਹਾਨ ਪੰਡਾ॥ ੨੨॥

ਵਾਕ ਕਵੀ ਉਮਰ ਸਾਲ ੯

ਮਾਤਾ ਪਿਤਾ ਨੇ ਸਮਝਿਆ ਵਾਲ ਚੰਗਾ ਜਦੋਂ ਪੰਡੇ ਦਾ ਆਣ ਸਵਾਲ ਹੋਇਆ। ਆਖਣ ਧੰਨ ਸਾਡੇ ਧੰਨ ਭਾਗ ਜਾਗੇ ਈਸ਼ਰ ਅੰਸ਼ ਪੈਦਾ ਘਰ ਬਾਲ ਹੋਇਆ। ਪਿਤਾ ਕਹੇ ਮੈਂ ਕੱਲ ਨੂੰ ਕੰਮ ਜਾਵਾਂ ਸੇਵਾ ਠਾਕੁਰਾਂ

ਕਰੀ ਦਿਆਲ ਹੋਇਆ। ਕਾਲਾਸਿੰਘਸੁਣਕੇਭਗਤ ਖੁਸ਼ੀ ਹੋਇਆ ਵੱਡਾ ਚਿੱਤਦੇ ਵਿੱਚ ਖੁਸ਼ਾਲ ਹੋਇਆ ॥ ੨੩ ॥

ਰਾਗ ਗੌਂਡ ਬਾਣੀ ਸ੍ਰੀ ਨਾਮਦੇਵ ਜੀਕੀ ਘਰ ੧ ਉਮਰ ੯ ਸਾਲ

ਮੋ ਹਲਾਗਤੀ ਗਾਲਾਬੇਲੀ ॥ ਬਛਰੇਬਿਨਗਾਇਅਕੇਲੀ ॥੧॥ ਪਾਨੀਆਬਿਨਮੀਨਤਲਫੈ ॥ ਐਸੇ ਰਾਮਨਾਮਾਬਿਨੁਬਾਪਰੋਨਾਮਾ ॥੧॥ ਰਹਾਉ ॥ ਜੈਸੇਗਾਇਕਾਬਾਛਾਛੂਟਲਾ ॥ ਥਨਚੋਖਤਾਮਾਖਨ ਘੂਟਲਾ ॥ ੨ ॥ ਨਾਮਦੇਉਨਾਰਾਇਨਪਾਇਆ ॥ ਗੁਰਭੇਟਤਅਲਖਲਖਾਇਆ ॥ ੩ ॥ ਜੈਸੇ ਬਿਖੈਹੇਤਪਰਨਾਰੀ ॥ ਐਸੀਨਾਮੇਪ੍ਰੀਤਮੁਰਾਰੀ॥੪॥ਜੈਸੇਤਾਪਤੇਨਿਰਮਲਘਾਮਾ ॥ ਤੈਸੇ ਰਾਮਨਾਮਾ ਬਿਨੁਬਾਪਰੋਨਾਮਾ ॥ ੫ ॥ ੨੪ ॥

ਟੀਕਾ ਬੈਂਤ ॥ ਗੌਂਡ ਰਾਗ ਅੰਦਰ ਮੁਖਵਾਕ ਆਹਾ ਬਾਬਾਖੁਸ਼ੀ ਦੇ ਨਾਲ ਉਚਾਰਦਾਜੇ। ਦਰਸ਼ਨ ਕਦੋਂ ਹੋਵੇਮੈਨੂੰਵਾਹਿਗੁਰਦਾਬਾਬਾ ਚਿੱਤ ਦੇ ਵਿੱਚ ਵਿਚਾਰਦਾ ਜੇ। ਮੈਨੂੰ ਲੱਗੀ ਤਲਾਸ਼ ਪਿਆਸ ਤੇਰੀ ਦਰਸ਼ਨ ਕਦੋਂ ਪਾਵਾਂ ਪਰਵਦਗਾਰਦਾ ਜੇ। ਜਿਵੇਂ ਵਛਰੇਤੇ ਬਿਨਾਂ ਗਊ ਕਲੀ ਨਾਮਦੇਵ ਤਿਵੇਂ ਸ਼ਰਲਾਂ ਮਾਰਦਾ ਜੇ। ਪਾਣੀ ਬਿਨਾਂ ਜਿਉਂ ਤੜਫਦਾ ਮੀਨ ਜੈਸੇ ਨਾਮਦੇਵ ਹੈ ਤਿਵੇਂ ਬੰਗਾਰਦਾ ਜੇ।ਜੈਸੇ ਗਊ ਦਾ ਵਛਰਾ ਛੁਟ ਕਰਕੇ ਥਣ ਚੋਖਦਾ ਦੁਧ ਵਟਾਰਦਾ ਜੇ।ਨਾਮ ਦੇਵ ਜੀ ਆਪ ਨਰੈਣ ਪਾਇਆ ਗੁਰ ਭੇਟਿਆ ਅਲਖਅਪਾਰਦਾ ਜੇ। ਜੈਸੇ ਵਿਖੇ ਦੇ ਹੇਤਹੈ ਪਰਾਨਾਰੀ ਐਸੇ ਨਾਮੇ ਪਿਆਰਕਰਤਾਰ ਦਾ ਜੈ। ਜੈਸੇ ਤਾਪ ਵਾਲਾ ਧੁੱਪ ਬਹੁਤਚਾਹੇ ਨਾਮਾਨਾਮਚਾਹੇਕਰਨ ਹਾਰਦਾਜੇ। ਕਾਲਾਸਿੰਘ ਵਰਾਗ ਦੇ ਵਿੱਚਹੋਕੇ ਬਾਬਾ ਅਪਦਾਕੰਮ ਸੁਮਾਰਦਾ ਜੇ ॥ ੨੫ ॥

ਸ੍ਰੀ ਨਾਮਦੇਵ ਜੀਨੇ ਦੁੱਧ ਚੋਕੇ ਮੰਦਰ ਵਿਚ ਲੈਜਾਣਾ ਉਮਰ ੯ ਸਾਲ ਕਾਲਾ

ਦਿਨ ਚੜ੍ਹਗਿਆ ਰਾਤ ਬਤੀਤਹੋਈ ਬਾਬਾਚਿੱਤਅੰਦਰਖੁਸ਼ਹੋਂਮਦਾ ਜੇ। ਪਿਤਾ ਤੁਰ ਗਿਆ ਸੀ ਕਿਸੇ ਪਿੰਡ ਵਾਂਢੇ ਨਾਮਦੇਵ ਜੀ ਉਠ ਬਹੋਂਮਦਾ ਜੇ। ਪਹਿਲੇ ਕਰੇ ਇਸ਼ਨਾਨ ਤੇ ਭਜਨ ਕੀਤਾ ਕਪਲ ਗਊ ਦੇ ਦੁੱਧ ਨੂੰ ਚੋਂਮਦਾ ਜੇ। ਠਾਕਰ ਦੁਵਾਰੇ ਪ੍ਰੇਮ ਦੇ ਨਾਲ ਪੂਜ ਦਾ ਮੂਰਤ ਪੱਥਰ ਦੀ ਨੂੰ ਜਾਕੇ ਧੋਂਮਦਾ ਜੇ। ਈਸ਼ਰ ਸਮਝਕੇ ਓਸ

ਨੂੰ ਧੂਪ ਦਿੱਤੀ ਮੂਹਰੇ ਰੱਖਕੇ ਦੁਧ ਖਲੋਂਮਦਾ ਜੇ। ਸਾਰਾ ਪਿਤਾਦੀ ਤਰਾਂ ਹੈ ਕੰਮ ਕੀਤਾ ਬਿਰਥਾ ਉਨਾਂ ਦਾ ਹੁਕਮ ਨਾਂ ਖੋਂਮਦਾ ਜੇ। ਸਿਰਜਣ ਹਾਰ ਜੋ ਵਾਹਿਗੁਰੂ ਸਭ ਬਿਆਪੀ ਮੁਖੋਂ ਓਸਦਾਨਾਮ ਪਰੋਂਮਦਾ ਜੇ। ਕਾਲਾਸਿੰਘ ਪ੍ਰਮਾਨ ਏਹ ਕਰੋ ਭੇਟਾ ਭਗਤ ਜੋੜਕੇ ਹੱਥ ਖਲੋਂਮਦਾ ਜੇ॥ ੨੬॥

ਪੱਥਰ ਦੀ ਮੂਰਤ ਮੂਰੇ ਦੁੱਧ ਰੱਖਕੇ ਰਾਗ ਤਲੰਗ ਸ਼ਬਦ ਆਖੇ ਉਮਰ ੯ ਸਾਲ

ਮੈਅੰਧਲੇਕੀਟੇਕਤੇਰਾਨਾਮੁਖੁੰਦਕਾਰਾ॥ ਮੈਗਰੀਬਮੈਮਸਕੀਨਤੇਰਾਨਾਮਹੈਅਧਾਰਾ ॥੧॥ ਰਹਾਉ॥ ਕਰੀਮਾਂਰਹੀਮਾਂਅਲਾਹਤੂਗਨੀ॥ਹਾਜਰਾਹਜੂਰਦਰਿਪੇਸਤੂਮਨੀ॥੧॥ ਦਰੀਆਉਤੂੰਦਿਹੰਦਤੂੰਬਿਸੀਆਰਤੂੰਧਨੀ॥ ਦੇਹਿਲੇਹਿਏਕਤੂੰਦਿਗਰਕੋਨਹੀ ॥੨॥ ਤੂੰਦਾਨਾਤੂੰਬੀਨਾਮੈਬੀਚਾਰਕਿਆਕਰੀ॥ ਨਾਮੇਚੇਸੁਆਮੀਬਖਸੰਦਤੂੰਹਰੀ॥ ੩॥ ੨੭॥

ਟੀਕਾ ਬੈਂਤ॥ ਦਰਸ਼ਨ ਦੇਓ ਪ੍ਰਮਾਨ ਏਹਕਰੋਭੇਟਾ ਬਾਬਾ ਖੜ੍ਹਾਹੋਇਆਨਿਰਾਧਾਰ ਸਤਿਗੁਰ। ਸ਼ਬਦ ਰਾਗ ਤਲੰਗਦੇ ਵਿੱਚ ਆਖੇ ਸੋਈ ਮੁਖ ਤੇ ਕਹੇ ਉਚਾਰਸਤਿਗੁਰ। ਮੈਨੂੰਅੰਨੇਨੂੰ ਬਖਸ਼ਣੀ ਟੇਕ ਸਾਂਭੀਆਂ ਤੇਰਾ ਨਾਮ ਚਾਂਨਣ ਖੁੰਧਕਾਰ ਸਤਿਗੁਰ। ਮੈਂ ਗਰੀਬ ਮਸਕੀਨ ਯਤੀਮ ਤੇਰਾ ਤੇਰੇ ਨਾਮਦਾ ਇੱਕ ਅਧਾਰ ਸਤਿਗੁਰ। ਰਹਿਮ ਕਰਨ ਵਾਲਾ ਵੱਡਾ ਸਰਬ ਤੇ ਤੂੰ ਹਾਜ਼ਰ ਪੇਸ਼ ਹਜ਼ੂਰ ਦਰਬਾਰ ਸਤਿਗੁਰ। ਦਰਿਆਉ ਦਿਹੰਦ ਬਿਸੀਆਰਤੂੰਹੀਂ ਤੇਰਾ ਅੰਤਨਾ ਕੁਝ ਸ਼ੁਮਾਰਸਤਿਗੁਰ। ਦੇਵੇਂ ਲਵੇਂ ਤੂੰ ਦੂਸਰਾ ਕੋਇ ਨਾਹੀਂ ਤੇਰਾ ਹੁਕਮ ਹੈ ਅਪਰ ਅਪਾਰ ਸਤਿਗੁਰ। ਦਾਨਾਂ ਤੂੰਹੀਂ ਬੇਅੰਤ ਬੇਅੰਤ ਬੀਨਾ ਮੈਂਤਾਂ ਕਰਾਂਕੀ ਤੇਰੀ ਵਿਚਾਰ ਸਤਿਗੁਰ। ਨਾਮਾ ਕਹੇ ਸੁਆਮੀ ਬਖਸ਼ਿੰਦ ਹਰਜੀ ਲਵੇ ਆਜਜ਼ਾਂ ਦੀ ਆਕੇ ਸਾਰ ਸਤਿਗੁਰ। ਭੇਟਾ ਕਰੀ ਪ੍ਰਮਾਨ ਸੀ ਭਗਤ ਜੀਦੀ ਦੁਧ ਆਪਕੀਤਾ ਅੰਗੀਕਾਰ ਸਤਿਗੁਰ। ਨਿਰਾਕਾਰ ਨਿਰਗੁਣ ਸਾਰੇ ਵਿਆਪਦਾ ਹੈ ਸਰਗੁਣ ਰੂਪ ਲੈਂਦਾ ਆਪੇ ਧਾਰ ਸਤਿਗੁਰ। ਕਾਲਾਸਿੰਘਗੁਰਦਾਸਦੀਵਾਰਦੱਸੇਕਹੇਗੁਰੂਗ੍ਰੰਥਪੁਕਾਰਸਤਿਗੁਰ॥

Sri Satguru Jagjit Singh Ji Elibrary NamdhariElibrary@gmail.com

ਭਾਈ ਗੁਰਦਾਸ ਦੀ ਵਾਰ ੯ ਪਉੜੀ ੧੧

ਕੰਮਕਿਤੇਪਿਉਚਲਿਆਨਾਮਦੇਉਨੂੰਆਖਸਿਧਾਇਆ ॥ ਠਾਕੁਰਦੀਸੇਵਾਕਰੀਂਦੁਧਪੀਆਵਣਕਹਿ ਸਮਝਾਇਆ ॥ ਨਾਮਦੇਉਇਸ਼ਨਾਨਕਰਕਪਲਗਾਇਦੁਹਿਕੈਲੈਆਇਆ ॥ ਠਾਕੁਰਨੋਨ੍ਹਾਵਾਲ ਕੈਚਰਣੋਦਕਲੈਤਿਲਕਚੜ੍ਹਾਇਆ ॥ ਹਥਜੋੜਬਿਨਤੀਕਰੈਦੁਧਪੀਅਹੁਜੀਗੋਵਿੰਦਰਾਇਆ॥ ਨਿਹ ਚਉਕਰਆਰਾਧਿਆਹੋਇਦਇਆਲਦਰਸਦਿਖਲਾਇਆ ॥ ਭਰੀਕਟੋਰੀਨਾਮਦੇਵਲੈਠਾਕੁਰਨੋ ਦੁਧਪੀਆਇਆ॥ ਗਾਇਮੁਈਜੀਵਾਲੀਓਨਨਾਮਦੇਉਦਾਛਪਰਛਾਇਆ ॥ ਫੇਰਦੇਹੁਰਾਰਖਿਓਨ ਚਾਰਬਰਨਲੈਪੈਰੀਪਾਇਆ ॥ ਭਗਤਜਨਾਦਾਕਰੇਕਰਾਇਆ ॥ ੧੧ ॥ ੨੯ ॥

ਟੀਕਾ ਬੈਂਤ ॥ ਭਾਈ ਸਾਹਿਬ ਗੁਰਦਾਸਦੀ ਵਾਰਨੌਂਮੀਂ ਪਉੜੀ ਗਿਆਰਮੀਵਿਚ ਲਿਖਾਇਆਹੈ। ਕੰਮਕਿਤੇਪੇਓ ਚਲਿਆ ਭਗਤ ਜੀਦਾ ਨਾਮਦੇਵਨੂੰ ਆਖ ਸੁਧਾਇਆਹੈ। ਦੁੱਧ ਦਈਂ ਪਿਆਲ ਜਾ ਠਾਕੁਰਾਂਨੂੰ ਸੇਵਾਕਰੀਂ ਏਹੋ ਸਮਝਾਇਆਹੈ। ਨਾਮਦੇਵ ਇਸ਼ਨਾਨ ਕਰ ਕਪਲਗਾਂਦਾ ਦੁੱਧ ਚੋਇ ਲੈਕੇ ਆਪ ਆਇਆ ਹੈ। ਠਾਕੁਰ ਧੋਇ ਚਰਨਾਮਤਾ ਭਗਤਲੈਂ ਦਾਹਬੀਂ ਆਪਣੀਤਿਲਕਚੜ੍ਹਾਇਆ ਹੈ। ਹੱਥਜੋੜਕੇ ਬੇਨਤੀਕਰਨਲੱਗਾਦੁਧਛਕਲਵੋਗੋਬਿੰਦਰਾਇਆ ਹੈ। ਜਲੀਂਥਲੀਂ ਸਾਰੇ ਭਗਤ ਰੱਬਜਾਣੇ ਹੋਕੇ ਦਿਆਲਤਾਂ ਦਰਸ ਦਿਖਾਇਆ ਹੈ। ਕਾਲਾ ਸਿੰਘ ਕਟੋਰੀਸੀ ਭਰੀ ਹੋਈ ਨਾਮਦੇਵਜੀ ਦੁਦ ਪਲਾਇਆ ਹੈ ॥ ੩੦ ॥

ਵਾਕ ਕਵੀ ਉਮਰ ਸਾਲ ੯

ਪਹਿਲੇ ਰੋਜ਼ ਪਲਾਇਕੇ ਦੁਧ ਆਹਾ ਨਾਮਦੇਵ ਜੀ ਘਰਾਂਨੂੰ ਆਇ ਆਜੇ। ਜਾਕੇ ਆਖਦਾ ਆਪਣੀ ਮਾਂਇ ਤਾਂਈ ਠਾਕਰ ਜੀ ਨੂੰ ਦੁਧ ਛਕਾਇਆ ਜੇ। ਦਰਸ਼ਨ ਦੇਕੇ ਠਾਕਰਾਂ ਦੁਧ ਪੀਤਾ ਨਾਮਦੇਵ ਜੀ ਆਖ ਸੁਣਾਇਆਜੇ। ਮਾਤਾ ਬਚਨਸੁਨਕੇ ਵਡੀ ਖੁਸ਼ੀਹੋਈ ਕਾਲਾ ਸਿੰਘ ਪੁਤ੍ਰ ਸੀਨੇ ਲਾਇਆਜੇ ॥ ੩੧ ॥

ਭਾਈ ਗੁਰਦਾਸਦੀ ਵਾਰ ਨੌਮੀ ਪਉੜੀ ੧੨ ਉਮਰ ਸਾਲ ੯

ਦਰਸਨ ਵੇਖਨ ਨਾਮਦੇਉ ਭਲਕੇ ਉਠ ਤ੍ਰਿਲੋਚਨ ਆਵੇ। ਭਗਤ ਕਰਨ ਮਿਲ ਦੋਇ ਜਣੇ ਨਾਮਦੇਉ ਹਰਿ ਚਲਿਤ ਸੁਣਾਵੇ। ਮੇਰੀ ਭੀ ਕਰਬੇਨਤੀ ਦਰਸਨ ਦੇਖਾਂ ਜੇ ਤਿਸਭਾਵੇ। ਠਾਕੁਰ ਜੀਨੋ ਪੁਛਿ

ਓਸ ਦਰਸਨ ਕਿਵੇਂ ਤ੍ਰਿਲੋਚਨ ਪਾਵੈ । ਹਸਕੈ ਠਾਕੁਰ ਬੋਲਿਆ ਨਾਮਦੇਉਨੋ ਕਹਸਮਝਾਵੈ। ਹਥ ਨ ਆਵੈ ਭੇਟ ਸੋ ਤੁਸ ਤ੍ਰਿਲੋਚਨ ਮੈ ਮੁਹਿ ਲਾਵੈ। ਹਉ ਅਧੀਨ ਹਾਂ ਭਗਤਿ ਤੇ ਪਹੁਚ ਨ ਹੰਘਾਂ ਭਗਤੀ ਦਾਵੈ। ਹੋਇ ਵਿਚੋਲਾ ਆਣ ਮਿਲਾਵੈ ॥ ੧੨ ॥

ਟੀਕਾ ਬੈਂਤ ॥ ਦੂਜੇ ਰੋਜ ਤ੍ਰਿਲੋਚਨਜੀ ਭਗਤਿ ਸੰਤੋ ਨਾਮਦੇਵ ਦੇ ਦਰਸ਼ਨ ਨੂੰ ਆਇਆ ਹੈ। ਦੋਵੇਂ ਭਗਤ ਕਰਦੇ ਸਿਫਤ ਵਾਹਿ ਗੁਰੂ ਦੀ ਨਾਮਦੇਵ ਨੇ ਚਲਤ ਸੁਣਾਇਆ ਹੈ। ਨਾਮਦੇਵ ਜੀ ਮੇਰੀ ਵੀ ਅਰਜਕਰਦੇ ਦਰਸ਼ਨ ਵੇਖਾਂ ਜੋ ਤਿਸੈ ਨੂੰ ਭਾਇਆ ਹੈ। ਨਾਮ ਦੇਵ ਜੀ ਪੁਛਿਆ ਠਾਕੁਰਾਂ ਨੂੰ ਦੇਵੋ ਦਰਸ ਤ੍ਰਿਲੋਚਨ ਤ੍ਰਿਸਾਇਆ ਹੈ। ਠਾਕੁਰਹੱਸਬੋਲੇ ਨਾਮਦੇਵਜੀਨੂੰ ਫਰ ਆਖਕੇਤੇ ਸਮਝਾਇਆ ਹੈ। ਹੱਥਆਵਾਂ ਨਾ ਭਜਨਪ੍ਰੇਮਬਾਝੋਂ ਮੈਭੀ ਚਾਹਾਂ ਨਾ ਦਰਸ ਦਿਖਾ ਇਆ ਹੈ। ਨਾਮਦੇਵ ਅਧੀਨ ਪ੍ਰੇਮਦੇ ਮੈਂ ਭਗਤ ਰਹੁਣ ਸੋ ਕਾਜ ਕਰਾਇਆਹੈ। ਉਸੇ ਬਖਤ ਤ੍ਰਿਲੋਚਨ ਨੂੰ ਦਰਸ ਦਿੱਤਾ ਨਾਮਦੇਵ ਬਚੋਲਾ ਬਣਾਇਆ ਹੈ। ਕਾਲਾ ਸਿੰਘ ਗੁਰਦਾਸ ਦੀ ਵਾਰ ਨੌਮੀ ਪਉੜੀ ਬਾਰਵੀਂ ਵਿੱਚ ਲਿਖਾਇਆ ਹੈ ॥ ੩੩ ॥

ਵਾਕ ਕਵੀ ਉਮਰ ਸਾਲ ੯

ਉਸੇ ਬਖਤ ਤ੍ਰਿਲੋਚਨ ਤੇ ਭਗਤ ਨਾਮਾ ਦਰਸ਼ਨ ਪਾਇਕੇ ਮਾਤਾ ਜੀ ਪਾਸਆਏ। ਮਾਤਾ ਅੱਜਪੀਤਾ ਦੁਧ ਠਾਕਰਾਂਨੇ ਦਰਸ਼ਨਪਾਇ ਦੋਵੇਂ ਅਸੀ ਖਾਸਆਏ। ਸੁਣਕੇਮਾਤਾਜੀਬਹੁਤਆਨੰਦਹੋਈਉਂਦਰ ਦੋਹਾਂ ਦੇ ਮੂੰਹੋਂ ਬਲਾਸਆਏ। ਕਾਲਾਸਿੰਘ ਦੋਵੇਂ ਸੀਨੇਨਾਲ ਲਾਏ ਤੁਹਾਡੇ ਕੰਮ ਵੱਚਾ ਸਾਰੇ ਰਾਸ ਆਏ॥ ਤਥਾ ॥ ਪਹਿਲੇ ਦਰਸ ਕੀਤਾ ਨਾਮਦੇਵਜੀ ਨੇ ਦੂਜੇ ਰੋਜ ਤ੍ਰਿਲੋਚਨਜੀ ਪਾਇਆਹੈ। ਤੀਜੇ ਰੋਜ ਆਇਆ ਪਿਤਾ ਭਗਤਜੀ ਦਾ ਸਾਰਾਹਾਲ ਤ੍ਰਿਲੋਚਨਜੀ ਗਾ ਇਆ ਹੈ। ਮਾਤਾ ਪਿਤਾ ਜੀ ਭਏ ਹੈਰਾਨ ਦੋਏ ਜਦੋਂ ਖੋਲ ਬ੍ਰਿਤੰਤ

Sri Satguru Jagjit Singh Ji Elibrary NamdhariElibrary@gmail.com

ਸੁਣਾਇਆ ਹੈ । ਕਾਲ਼ਾ ਸਿੰਘ ਪੁਛਦਾ ਪਿਤਾ ਭਗਤ ਜੀ ਨੂੰ ਨਾਲ ਪਿਆਰ ਦੇ ਪਾਸ ਬਠਾਇਆ ਹੈ ॥ ੩੪ ॥

ਪਿਤਾ ਦਾਮਸੇਠ ਨੇ ਪੁਛਣਾ ਸ੍ਰੀ ਨਾਮਦੇਵ ਜੀ ਤੇ ਤ੍ਰਿਲੋਚਨਜੀ ਨੇ ਦਸਣਾ ਉਮਰ ਸਾਲ ੯

ਦਾਮਸੇਠ ਪੁਛੇ ਨਾਮਦੇਵ ਜੀ ਨੂੰ ਭੇਰੇ ਆਂਵਦਾ ਪੁਤ੍ਰ ਪਿਆਰ ਮੈਨੂੰ। ਭੋਗ ਗਿਆ ਲਵਾਉਣ ਸੀ ਠਾਕਰਾਂ ਨੂੰ ਏਹੋ ਖੋਲਕੇ ਪੁਤ੍ਰ ਪੁਕਾਰ ਮੈਨੂੰ। ਨਾਮਦੇਵ ਉਤ੍ਰ ਦਿੰਦਾ ਪਿਤਾਜੀ ਨੂੰ ਦੱਸੀ ਆਪ ਚੰਗੀ ਸੱਚੀ ਕਾਰ ਮੈਨੂੰ। ਗਿਆ ਭੋਗ ਲਵਾਉਣ ਮੈਂ ਵਿੱਚ ਮੰਦ੍ਰ ਠਾਕੁਰ ਦੁਧਪੀ ਦਿੱਤਾ ਦੀ ਵਾਰ ਮੈਨੂੰ। ਪਿਤਾ ਹੱਸ ਆਖੇ ਨਾਮਦੇਵ ਜੀ ਨੂੰ ਠਾਕਰ ਪੀਨ ਨਾ ਦੁਧ ਏਹ ਸਾਰ ਮੈਨੂੰ। ਰੱਖ ਆਵੀਏ ਮੰਦ੍ਰ ਦੇ ਵਿਚ ਬੱਚਾ ਮੇਰੇ ਬਾਪ ਦਾਦੇ ਦੱਸੀ ਕਾਰ ਮੈਨੂੰ। ਭੋਲੇ ਭਾਵ ਸੇ ਪਿਤਾ ਨੂੰ ਦੇਣ ਉਤ੍ਰ ਦੱਸੋ ਪਿਤਾ ਜੀ ਆਪ ਉਚਾਰ ਮੈਨੂੰ। ਦਰਸਨ ਦੇਕੇ ਦੁੱਧ ਨਾ ਆਪ ਪੀਵੇ ਠਾਕੁਰ ਕਾਸਦਾ ਕਹੋ ਵਿਚਾਰ ਮੈਨੂੰ। ਹੱਥੀਂ ਆਪਣੀ ਦੁਧ ਛਕਾਇਆ ਮੈਂ ਦਿੱਤਾ ਸੀਤਪ੍ਰਸਾਦ ਕਰਤਾਰ ਮੈਨੂੰ। ਪੁਛਲਵੇ ਤ੍ਰਿਲੋਚਣਾਂ ਦੱਸ ਭਾਈ ਦਿੱਤਾ ਵਾਹਿਗੁਰੂ ਦਰਸ ਵਿਖਾਰ ਮੈਨੂੰ। ਕਾਲ਼ਾ ਸਿੰਘ ਏਸੇ ਮੰਦਰ ਵਿੱਚ ਨਾਂਹੀ ਸਾਰੇ ਉਸ ਦਾ ਹਿਸੇ ਪਸਾਰ ਮੈਨੂੰ ॥ ੩੫ ॥

ਜਵਾਬ ਸ੍ਰੀ ਦਾਮਸੇਠ ਜੀ ਦਾ ਉਮਰ ਸਾਲ ੯

ਪਿਤਾ ਆਖਦਾ ਹੈ ਨਾਮਦੇਵ ਜੀ ਨੂੰ ਮੇਰੇ ਸਾਮਣੇ ਕਰੀਂ ਤੂੰ ਕਾਰ ਬੇਟਾ। ਤੇਰੇ ਨਾਲ ਮੈਂ ਮੰਦ੍ਰ ਦੇ ਵਿਚ ਜਾਊਂ ਠਾਕੁਰ ਮੈਨੂੰ ਵੀ ਦੇਣ ਦੀਦਾਰ ਬੇਟਾ। ਦੁੱਧ ਸਾਮਣੇ ਦਈਂ ਪਲਾਇ ਮੇਰੇ ਮੈਨੂੰ ਤਾਂਹੀ ਆਵੇ ਅਤਵਾਰ ਬੇਟਾ। ਕਾ[illegible]ਲਾ ਸਿੰਘ ਏਹ ਕੱਲ ਨੂੰ ਦੁਧ ਲੈਕੇ ਤੇਰੇ ਨਾਲ ਮੈਂ ਜਾਂਊ ਦਰ ਦ[illegible] ਬੇਟਾ ॥ ੩੬ ॥

ਰਾਗ ਭੈਰੋ ਬਾਣੀ ਸ੍ਰੀ ਨਾਮਦੇਵ ਜੀਕੀ ਘਰੁ ੧ ਉਮਰ ਸਾਲ ੯

ਰਾਗ੍ਰ ਗਾਰ ਉ ਸੋਹਕ ਕਰਰ੧ [illegible]ਰੇਗਵੈਪਾਨੀ ॥ ਕਪਲਗਾਇਨਾਮੈਦੁਹਿਆਨੀ ॥ ੧ ॥ ਦੂਧਪੀਉਗੋਬਿੰਦੇਰਾਇ ॥ ਦੂਧ[illegible]ਮਨਪਤੀਆਇ ॥ ਨਾਹੀਤਘਰਕੋਬਾਪਰਿਸਾਇ ॥ ੧ ॥ ਰਹਾਉ ॥ ਸੋਇਨਕਟੋਰੀ [illegible]ਰੀ ਲੈਨਾਮੈਹਰਿਆਗੈਧਰੀ ॥ ੨ ॥ ਏਕਭਗਤਮੇਰੈਹਿਰਦੇਬਸੈ ॥ ਨਾਮੇਦੇਖਨਰਾ[illegible] ॥੩ ਦੂਧਪੀਆਇਭਗਤਘਰਿਗਇਆ ॥ ਨਾਮੈਹਰਿਕਾਦਰਸਨਭਇਆ ॥੪॥੩੭॥

Sri Satguru Jagjit Singh Ji Elibrary NamdhariElibrary@gmail.com

ਟੀਕਾ ਬੈਂਤ ॥ ਭੈਰੋਂ ਰਾਗ ਸ੍ਰੀਮੁਖਵਾਕਆਹਾਕਪਲਗਊਨਾ ਰੋਈ ਆਪ ਸੰਤੋ । ਕੌਲ ਦੁੱਧ ਪਾਇਆ ਗਡਵੇ ਵਿਚ ਪਾਣੀ ਸਾਬ ਪਿਤਾ ਛੀਤਾ ਬਾਬੇਆਪਸੰਤੋ । ਮੰਦਰ ਵਿੱਚ ਜਾਕੇ ਆਖੇ ਦੁਧਪੀਓ ਹੱਥਜੋੜਕਰਦਾਹਰੀਜਾਪਸੰਤੋ। ਜੇਤੂੰ ਠਾਕੁਰਜੀ ਦੁੱਧਨੂੰ ਨਾ ਪੀਵੇਂ ਘਰਜਾਇਰੁਸੂਮੇਰਾਬਾਪਸੰਤੋ । ਕੌਲਸੋਨੇਦਾ ਦੁੱਧਦੇ ਨਾਲਭਰਿਆ ਮੂਹਰੇ ਧਰਿਆਸੀ ਕਰ ਮਲਾਪ ਸੰਤੋ । ਨਾਮਦੇਵ ਦੀ ਭੇਟ ਪ੍ਰਮਾਨ ਕੀਤੀ ਖੁਸ਼ੀ ਹੋਇ ਹੱਸੇ ਠਾਕਰ ਆਪਸੰਤੋ । ਕਾਲਾਸਿੰਘ ਛਕਾਇ ਕੇ ਦੁਧ ਨਾਮਾ ਘਰਨੂੰ ਗਿਆ ਦਰਸ਼ਨ ਪਾਕੇ ਬਾਪਸੰਤੋ ॥ ੩੮ ॥

ਪਿਤਾ ਨੇ ਸ੍ਰੀ ਨਾਮ ਦੇਵ ਜੀ ਨੂੰ ਪੁਛਣਾ ਤੇ ਗਿਆਨ ਹਾਸਲ ਕਰਨਾ ਉਮਰ ਸਾਲ ੯

ਦਾਮਸੇਠ ਪ੍ਰੇਮਦੇਨਾਲ ਪੁਛੇ ਬਲਿਹਾਰ ਬਲਿਹਾਰਬਲਿਹਾਰਬੇਟਾ। ਮੈਨੂੰ ਦਰਸ ਕਰਾਇਆ ਤੈਂ ਵਾਹਿਗੁਰੂਦਾ ਧੰਨਧੰਨਤੈਨੂੰ ਵਾਰਵਾਰ ਬੇਟਾ। ਮੰਦ੍ਰ ਏਸ ਅੰਦ੍ਰ ਮੂਰਤਿਪਥਰਦੀਹੈ ਰਾਮਨਹੀਤੂੰਸੱਚਪ੍ਰਕਾਰ ਬੇਟਾ। ਦਾਮਸੇਠ ਪੁਛੇ ਨਾਮਦੇਵ ਜੀ ਨੂੰ ਕਾਲਾ ਸਿੰਘ ਤੂੰ ਭਰਮ ਨੂੰ ਟਾਰ ਬੇਟਾ॥ ੩੯ ॥

ਆਸਾ ਰਾਗ ਬਾਣੀ ਸ੍ਰੀ ਨਾਮਦੇਵ ਜੀਕੀ ਤੇ ਰਾਗ ਗੂਜਰੀ ਵਿਚੋਂ ਉਮਰ ਸਾਲ ੯

ਈਭੈਬੀਠਲੁਊਭੈਬੀਠਲੁਬੀਠਲੁਬਿਨੁਸੰਸਾਰੁਨਹੀ ॥ ਥਾਨਥਨੰਤਰਿਨਾਮਾਪ੍ਰਣਵੈਪੂਰਿਰਹਿਓਤੂੰ ਸਰਬਮਹੀ ॥ ੪ ॥ ਗੂਜਰੀ ॥ ਏਕੈਪਾਥਰਕੀਜੈਭਾਉ ॥ ਦੂਜੈਪਾਥਰਧਰੀਐਪਾਉ ॥ ਜੇਓਹਦੇਉਤ ਓਹਭੀਦੇਵਾ ॥ ਕਹਿਨਾਮਦੇਉਹਮਹਰਿਕੀਸੇਵਾ ॥ ੪ ॥ ੪੦ ॥

ਟੀਕਾ ਬੈਂਤ ॥ ਆਸਾਰਾਗ ਗੁਜਰੀ ਅੰਦਰ ਭਗਤਆਖੇਮੈਂ ਤਾਂ ਤੁਸਾਂ ਨੂੰਕਹਾਂਉਚਾਰਬਾਪੂ । ਐਥੇਵਾਹਿਗੁਰੂ ਓਥੇਵੀ ਵਾਹਿਗੁਰੂਹੈ ਬਿਨਾ ਵਾਹਿਗੁਰੂਨਹੀਂ ਸੰਸਾਰ ਬਾਪੂ । ਥਾਨ ਥਨੰਤ੍ਰਹੈ ਪ੍ਰਣਵੇ ਕਹੇ ਨਾਮਾ ਪੂਰ ਰਿਹਾ ਹੈ ਸਰਬ ਪਸਾਰ ਬਾਪੂ । ਇਕ ਪੱਥਰ ਦੇ ਨਾਲ ਰਸ ਕਰੀਏ ਦੂਜੇ ਪੱਥਰ ਤੇ ਪੈਰ ਪਸਾਰ ਬਾਪੂ । ਜੇ ਓਹਦੇਉਤਾਂ ਜੇ ਭੀ ਦੇਵ ਜਾਣੋ ਕਰੋ ਦੋਹਾਂ ਤਾਂਈ ਨਮਸਕਾਰ ਬਾਪੂ ।ਬਾਬਾ ਗਾ ਮੈਂ ਪੂਜਾਂ ਨਾਂ ਪੱਥਰਾਂ ਨੂੰ ਮੈਂ ਤਾਂ ਇੱਕਪੂਜਾਂਨਿਰਾਕਾਰਬਾਪੂ॥ਛੰਤ

Sri Satguru Jagjit Singh Ji Elibrary NamdhariElibrary@gmail.com

### ਰਾਗ ਆਸਾ ਸਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੯

ਏਕਅਨੇਕਬਿਆਪਕਪੂਰਕਜਤਦੇਖਉਤਤਸੋਈ ॥ ਮਾਇਆਚਿਤ੍ਰਬਚਿਤ੍ਰਬਿਮੋਹਿਤਬਿਰਲਾਬੂਝੈ ਕੋਈ ॥ ੧ ॥ ਸਭਗੋਬਿੰਦਹੈਸਭਗੋਬਿੰਦਹੈਗੋਬਿੰਦਬਿਨੁਨਹੀਂ ਕੋਈ ॥ ਸੂਤੁਏਕਮਣਿਸਤਸਹੰਸ ਜੈਸੇਓਤਿਪੋਤਿਪ੍ਰਭਸੋਈ ॥ ੧ ॥ ਰਹਾਉ ॥ ਜਲਤਰੰਗਅਰਫੇਨਬੁਦਬੁਦਾਜਲਤੇਭਿੰਨਨਹੋਈ ॥ ਇਹੁਪਰਪੰਚਪਾਰਬ੍ਰਹਮਕੀਲੀਲਾਬਿਚਰਤਆਨਨਹੋਈ ॥ ੨ ॥ ਮਿਥਿਆਭਰਮਅਰਸੁਪਨ ਮਨੋਰਥਸਤਿਪਦਾਰਥੁਜਾਨਿਆ ॥ ਸੁਕ੍ਰਿਤਮਨਸਾਗੁਰਉਪਦੇਸੀਜਾਗਤਹੀਮਨੁਮਾਨਿਆ ॥ ੩ ॥ ਕਹਿਤਨਾਮਦੇਉਹਰਿਕੀਰਚਨਾਦੇਖਹੁਰਿਦੈਬੀਚਾਰੀ ॥ ਘਟਘਟਅੰਤਰਿਸਰਬਨਿਰੰਤਰਿਕੇਵਲ ਏਕਮੁਰਾਰੀ ॥ ੪ ॥ ੪੨ ॥

ਟੀਕਾ ਬੈਤ ॥ ਆਸਾ ਰਾਗ ਅੰਦ੍ਰ ਮੁੱਖ ਵਾਕ ਆਹਾ ਬਾਬਾ ਕਹੇ ਤੂੰ ਸੁਣੀ ਅਰਜੋਈ ਬਾਪੂ। ਇਕੋ ਰੂਪ ਅਨੇਕ ਬਿਆਪਦਾ ਹੈ ਜਿਥੇ ਵੇਖਲਈਏ ਤਿੱਥੇ ਸੋਈ ਬਾਪੂ। ਮਾਇਆ ਚਿੱਤ੍ਰ ਬਿਚਿੱਤ੍ਰ ਵਿਮੋਹਿ ਤੀ ਹੈ ਬ੍ਰਿਲਾ ਬੂਝਦਾਹੈ ਜਨ ਕੋਈਬਾਪੂ। ਸਾਰੇਰਾਮਗੋਬਿੰਦਗੋਬਿੰਦ ਹੈ ਜੀ ਬ੍ਰਿਨਾਂ ਵਾਹਿਗੁਰੂ ਤੇ ਨਹੀ ਕੋਈ ਬਾਪੂ। ਸੂਤ ਇੱਕਮਣਸੱਤਿ ਸਹੰਸ ਜੈਸੇ ਓਤ ਪੋਤ ਪ੍ਰਭੂ ਜਾਣੋਂ ਸੋਈ ਬਾਪੂ। ਜਲ ਤੁਰੰਗ ਅਰ ਝੱਗਾਵੀ ਬੁਦ ਬੁਦਾ ਹੈ ਭਿੰਨ ਜਲੋਂਵੀ ਕਦੇ ਨਾ ਹੋਈ ਬਾਪੂ। ਏਹਪ੍ਰ ਪੰਚ ਕਰਤਾਰ ਦੀ ਜਾਣ ਲੀਲਾ ਬਿਚਰ ਰਹੀ ਤੇ ਆਨ ਨਾ ਹੋਈ ਬਾਪੂ। ਭਰਮ ਮਿੱਥਿਆ ਸੁਫਨ ਦੇ ਕੰਮ ਸਾਰੇ ਕਾਹਨੂੰ ਸੱਤਿ ਤੂੰ ਜਾਣੈ ਜਨੋਈਬਾਪੂ। ਸੁਕ੍ਰਿਤ ਮਨਸਾਗੁਰ ਉਪਦੇਸ਼ ਦੀਨਾ ਜਾਗ ਪਿਆਤਾਂ ਮਾਨਮਨੋਈ ਬਾਪੂ। ਨਾਮਦੇਵ ਆਖੇ ਰਚਨਾਂ ਹਰੀਦੀ ਹੈ ਦੇਖੋ ਚਿੱਤ ਵਿਚਾਰਕੇਕੋਈਬਾਪੂ। ਅੰਤ੍ਰ ਸਰਬਨਿਰੰਤ੍ਰ ਜੋ ਘਟਾਂਦੇ ਹੈ ਕੇਵਲ ਇੱਕ ਅਕਾਲ ਹੈ ਸੋਈ ਬਾਪੂ। ਨਾਮ ਦੇਵ ਆਖੇ ਪਿਤਾ ਆਪਣੇ ਨੂੰ ਤੈਨੂੰ ਅਜੇਵੀ ਸਮਝ ਨਾ ਹੋਈਬਾਪੂ ॥ ੪੩ ॥

### ਬਾਬੇ ਦੇ ਪਿਤਾਨੂੰ ਗਿਆਨ ਹੋਕੇ ਸ਼ਾਂਤੀ ਹੋਣੀ ਉਮਰ ਸਾਲ ੯

ਭਰਮ ਚੱਕਿਆਪਿਤਾਦਾ ਭਗਤਜੀਨੇਜਲੋਂਬਲੀਂਜਾਨਣ ਕਰਨ ਹਾਰਲੱਗਾ। ਪੱਥਰ ਪੂਜਣੋ ਹਟ ਗਿਆ ਬਖਤ ਉਸੇ ਗੁਰੂ ਸ਼ਬਦ ਸੋਹਣਾ ਸਿੱਧ ਸਾਰਲੱਗਾ। ਖੁਸ਼ੀ ਹੋਇਕੇ ਪਿਤਾਵੀ ਗਿਆ ਘਰਨੂੰ ਕਰਨਆਪਣਾਕੰਮਤੇਕਾਹਲੱਗਾ। ਨੌਸਾਲਦਾਸੀਨਾਮਦੇਵਹੋਇਆ

Sri Satguru Jagjit Singh Ji Elibrary NamdhariElibrary@gmail.com

ਸੱਤਿਧਰਮਦਾਕਰਨ ਪਰਚਾਰਲੱਗਾ। ਮਿੱਠੇ ਬਚਨ ਸੁਣਕੇ ਖੁਸ਼ੀ ਲੋਕਹੁੰਦੇ ਅਉਣ ਜਾਣਬਹੁਤਾਸੰਸਾਰਲੱਗਾ। ਕਾਲਾਸਿੰਘ ਸੁਣਕ ਲੋਕਮੁਕਤਪਉਂਦੇ ਮੇਲਾ ਰਹਿੰਦਾਸੀ ਬੇਸ਼ੁਮਾਰ ਲੱਗਾ ॥ ੪੪ ॥

ਸ੍ਰੀ ਨਾਮਦੇਵ ਜੀ ਨੇ ਬਾਲਕਾਂ ਨਾਲ ਖੇਡਣਾ ਉਮਰ ਸਾਲ ੯

ਇਕ ਰੋਜਸ੍ਰੀਨਾਮਦੇਵਲਲਕੇ ਨਾਲਬਾਲ ਜਾਂਦੇ ਖੇਡਣ ਜਾਂਵਦਾਜੇ। ਰੋਹੀਵਿਚਲੁਕਕਸਾਰੇਖ੍ਯਾਲਖੇਡਣਦੂਜਾ ਦੂਸਰੇਤਾਂਈ ਰਸਾਮਦਾਜੇ। ਬ੍ਰਿਛ ਹੇਠ ਬਾਬਾਆਸਨ ਲਾਇਬੈਠਾ ਸੁਰਤਸ਼ਬਦਦੇ ਨਾਲ ਲਗਾ ਮਦਾ ਜੇ। ਕਾਲਾ ਸਿੰਘ ਅਕਾਲਦਾ ਜਾਪ ਕਰਦਾ ਬਾਬਾ ਸ਼ਬਦ ਅੰਦੂ ਗੁਣ ਗਾਂਮਦਾ ਜੇ ॥ ੪੫ ॥

ਰਾਗ ਕਾਨੜਾ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੯

ਐਸੋਰਾਮਰਾਇਅੰਤਰਜਾਮੀ॥ਜੈਸੇਦਰਪਨਮਾਹਿਬਦਨਪਰਵਾਨੀ ॥ ੧ ॥ ਰਹਾਉ॥ਬਸੈਘਟਾਘਟ ਲੀਪਨਛੀਪੈ ॥ ਬੰਧਨਮੁਕਤਾਜਾਤਨਦੀਸੈ ॥ ੧ ॥ ਪਾਨੀਮਾਹਿਦੇਖਮੁਖਜੈਸਾ ॥ ਨਾਮੇਕੋਸੁਆਮੀ ਬੀਠਲੁਐਸਾ ॥ ੪੬ ॥

ਮੁਖ ਵਾਕ ਸ੍ਰੀ ਰਾਗ ਕਾਨੜਾ ਜੋ ਬਾਬਾ ਕਹੇ ਸਾਰੇ ਤੈਨੂੰ ਜਾਨੀਏ ਜੀ। ਐਸਾ ਵਾਹਿਗੁਰੂ ਅੰਤ੍ਰਜਾਮੀਆਂ ਜੀ ਸ਼ੀਸ਼ੇ ਮਾਹਿ ਜਿਉਂ ਬਦਨ ਪਛਾਨੀਏ ਜੀ। ਵਸੇ ਘਟਾਂ ਅੰਦਰ ਲੀਪ ਛੀਪ ਨਾਹੀਂ ਬੰਧਨ ਮੁਕਤ ਨਾਂ ਜਾਤ ਦਿਸਾਨੀਏਂ ਜੀ। ਪਾਣੀ ਵਿੱਚ ਭਾਈ ਦੇਖ ਮੁਖ ਜੈਸਾ ਐਸਾ ਨਾਮੇ ਦਾ ਵਾਹਿਗੁਰੂ ਮਾਨੀਏ ਜੀ ॥ ੪੭ ॥

ਬਾਲਕਾਂ ਨਾਲ ਖੇਡਣਾ ਤੇ ਸ਼ੇਰ ਦਾ ਚਲਿਤ੍ਰ ਉਮਰ ੯ ਸਾਲ

ਖੇਡ ਛਡ ਬਾਲਕ ਸਾਰੇ ਪਾਸ ਆਏ ਬਾਬਾ ਸ਼ਬਦ ਉਚੀ ਸੁਰੀਂ ਗਾਂਮਦਾ ਜੇ। ਨਾਮਧਾਰੀਆਂ ਦੇ ਵਾਂਗਗੱਚ ਹੋਕੇ ਅਮਲ ਵਿੱਚ ਮਸ ਤਾਨ ਹੋ ਜਾਂਮਦਾ ਜੇ। ਓਸੇ ਬਖਤ ਸੀ ਸ਼ੇਰ ਨੇ ਭਵਕ ਮਾਰੀ ਬਾਲ ਨੱਠ ਸਭੇ ਘਰੀ ਆਂਮਦਾ ਜੇ। ਬਾਬੇ ਪਾਸ ਆਕੇ ਸ਼ੇਰ ਖੜਾ ਗੱਜੇ ਭਗਤ ਹੋਇ ਅਡੋਲ ਹੋ ਜਾਂਮਦਾ ਜੇ। ਬ੍ਰਹਮ ਗਿਆਨ ਅੰਦਰ ਮਸ ਤਾਨ ਰਹਿੰਦਾ ਮੂੰਹੋਂ ਵਾਹਿਗੁਰੂ ਨਾਮ ਧਿਆਂਮਦਾ ਜੇ। ਸਾਰੇ ਹਈ ਗੋਬਿੰਦ ਗੋਬਿੰਦ ਸੋਈ ਬਿਨਾ ਗੋਬਿੰਦ ਨਜਰ ਨਾ ਆਂਮਦਾਜੇ।

Sri Satguru Jagjit Singh Ji Elibrary NamdhariElibrary@gmail.com

ਆਸਣ ਉਪਰੋਂ ਉੱਠਕੇ ਘੁਟ ਕਰਕੇ ਜਦੋਂ ਸ਼ੇਰ ਦੇਗਲ ਨੂੰ ਪਾਂਮਦਾ ਜੇ। ਜਾਣ ਲਿਆ ਅਕਾਲ ਹੈ ਆਪ ਆਇਆ ਬਾਬਾ ਪਿਆਰ ਸੇਤੀ ਗਲ ਲਾਂਮਦਾ ਜੇ। ਦੇਕੇ ਦਰਸ ਤਾਂ ਸ਼ੇਰ ਅਲੋਪ ਹੋਇਆ ਭਲਾਭ ਆਪਣੇ ਹੈ ਘਰ ਜਾਂਮਦਾ ਜੇ। ਕਾਲਾ ਸਿੰਘ ਤਾਰੇ ਬਾਬਾ ਪਾਪੀਆਂ ਨੂੰ ਮਾਤਾ ਪਿਤਾ ਦੀ ਸੇਵ ਕਮਾਂਮਦਾ ਜੇ ॥ ੪੮ ॥

ਪ੍ਰਸੰਗ ਬਾਬੇ ਨੇ ਘਾਉ ਖੋਦਣਾ ਸਾਲ ੯

ਬਾਬਾ ਹਾਲੀਆਂ ਬਾਲਕਾਂ ਨਾਲ ਜਾਵੇ ਕਰੇ ਘਰਾਂ ਦਾ ਸਭ ਵਿਹਾਰ ਭਾਈ। ਘਾਹ ਖੋਤਦਾ ਸੀ ਕਪਲ ਗਊ ਖਾਤਰ ਕਰੇ ਨਾਲ ਬਾਲਾਂ ਇਹੋ ਕਾਰ ਭਾਈ। ਪੰਡ ਰੋਜ ਉੱਚੀ ਧਰਾ ਹੱਥ ਆਵੇ ਦੇਵੇ ਸੀਸ ਦੇ ਉਤੇ ਨਾਂ ਭਾਰ ਭਾਈ। ਕਾਲਾ ਸਿੰਘ ਸਭ ਦੇਖ ਹੈਰਾਨ ਹੁੰਦੇ ਮਾਤਾ ਪਿਤਾ ਸਾਰਾ ਸੰਸਾਰ ਭਾਈ ॥ ੪੯ ॥

ਦਸਾਂ ਸਾਲਾਂ ਦਾ ਬ੍ਰਿਤੰਤ ਬਾਬੇ ਜੀਦੀ ਉਮਰ ਸਾਲ ੧੦

ਦਸਵੇਂ ਸਾਲ ਬਾਬਾ ਗਾਂਈਂ ਚਾਰਦਾ ਸੀ ਬਣ ਹੇਠ ਸੁਤਾ ਨੀਂਦ ਆਂਮਦੀ ਜੇ। ਸੂਰਜ ਗਿਆ ਨੀਚੇ ਧੁੱਪ ਆਂਮਦੀ ਹੈ ਛਾਂਓ ਬ੍ਰਿਛ ਦੀ ਵੀ ਫਿਰ ਜਾਂਮਦੀ ਜੇ। ਸਰਪ ਆਣਕ ਸੀਸ ਤੇ ਕਰੀ ਛਾਇਆ ਸਾਰੇ ਖਬਰ ਏਹੋ ਹਇ ਜਾਂਮਦੀ ਜੇ। ਕਾਲਾ ਸਿੰਘ ਜੋ ਵਾਹਿਗੁਰੂ ਨਾਮ ਬਾਝ ਨਹੀਂ ਭਗਤ ਨੂੰ ਗੱਲ ਸੁਖਾਂਮਦੀ ਜੇ ॥ ੫੦ ॥

ਪਿਤਾ ਨੇ ਬਾਬੇ ਜੀ ਨੂੰ ਦਰਜੀ ਦਾ ਕੰਮ ਸਿਖਾਲਣਾ ਉਮਰ ਸਾਲ ੧੧

ਸਾਲ ਗਿਆਰਵੇਂ ਵਿੱਚ ਸਲਾਹਿ ਕੀਤੀ ਦਾਮ ਸੇਠ ਆਖੇ ਪੁਤ੍ਰ ਕਾਰ ਸਿੱਖੋ। ਪਾਠਸ਼ਾਲ ਦੇ ਵਿੱਚ ਤੂੰ ਨਹੀਂ ਪੜਿਆ ਹੋਣਾ ਨਹੀਂ ਬਪਾਰ ਰੁਜ਼ਗਾਰ ਸਿੱਖੋ। ਕਿਸੇ ਦਰਜੀ ਦੇ ਪਾਸ ਮੈਂ ਛੱਡ ਆਵਾਂ ਕਾਟ ਕਰਨ ਸਲਾਈ ਦੀ ਕਾਰ ਸਿੱਖੋ। ਨਾਮਦੇਵ ਜੀ ਨੂੰ ਲੈਕੇ ਨਾਲ ਜਾਂਦਾ ਦਰਜੀ ਪਾਸ ਜੋ ਵਿੱਚ ਬਾਜ਼ਾਰ ਸਿੱਖੋ। ਸਾਡੇ ਬਾਲ ਨੂੰ ਸੀਉਣ ਦਾ ਕੰਮ ਦੱਸੋ ਕਿਹਾ ਦਰਜੀਆਂ ਨੂੰ ਵਾਰ ਵਾਰ ਸ਼ਿੱਖੋ। ਮੰਨ ਆਗਿਆ ਕੰਮ ਸਖਉਣ ਲੱਗਾ ਮੂੰਹੋਂ ਕਹੇ ਦੁਕਾਨ ਏਹ

Sri Satguru Jagjit Singh Ji Elibrary NamdhariElibrary@gmail.com

ਚਾਰ ਸਿੱਖੋ। ਗਜੁ ਕੈਂਚੀ ਲਿਆਉ ਮੈ ਕੰਮ ਦੱਸਾਂ ਨਾਮ ਦੇਵ ਨੂੰ ਕਹੇ ਪੁਕਾਰ ਸਿੱਖੋ। ਕਾਲਾ ਸਿੰਘ ਬਾਬਾ ਫੇਰ ਸ਼ਬਦ ਬੋਲੇ ਦਰਜੀ ਤਾਂਈ ਏਹ ਕਹਿਣ ਉਚਾਰ ਸਿੱਖੋ ॥ ੫੧ ॥

ਰਾਗ ਆਸਾ ਸਬਦ ਸ੍ਰੀ ਨਾਮ ਦੇਵ ਜੀ ਉਮਰ ਸਾਲ ੧੧

ਮਨੁਮੇਰੋਗਜੁਜਿਹਵਾਮੇਰੀਕਾਤੀ ॥ ਮਪਿਮਪਿਕਾਟਉਜਮਕੀਫਾਸੀ॥੧॥ਕਹਾਕਰਉਜਾਤੀਕਹਕਰਉਪਾਤੀ॥ਰਾਮਕੋਨਾਮੁਜਪਉਦਿਨਰਾਤੀ॥ ॥੧॥ਰਹਾਉ॥ ਰਾਂਗਨਿਰਾਂਗਉਸੀਵਨਿਸੀਵਉ ॥ ਰਾਮਨਾਮਬਿਨੁਘਰੀਅਨਜੀਵਉ॥੨॥ ਭਗਤਿਕਰਉ ਹਰਿਕੇਗੁਨਗਾਵਉ ॥ ਆਠਪਹਰਅਪਨਾਖਸਮੁਧਿਆਵਉ ॥ ੩ ॥ ਸੁਇਨੇਕੀਸੂਈਰੁਪੇਕਾਧਾਗਾ॥ਨਾਮੇਕਾਚਿਤੁਹਰਿਸਿਉਲਾਗਾ ॥ ੪ ॥ ੫੨॥

ਟੀਕਾ ਬੈਂਤ ॥ ਆਸਾ ਰਾਗ ਅੰਦ੍ਰ ਮੁਖਵਾਕ ਇਹੋ ਬਾਬਾਦਰਜੀ ਨੂੰ ਦੇ ਸਿੱਖਿਆਤਆਹਾ। ਮਨੁ ਮੇਰੇ ਨੂੰ ਗਜੁ ਤੂੰ ਜਾਣ ਭਾਈ ਜਿਹਬਾ ਜਾਣ ਲੈਣੀ ਮੇਰੀ ਕਾਂਤਆਹਾ। ਮਾਪ ਮਾਪ ਮੈਂ ਜਮਾਂ ਦੀ ਫਾਸ ਕੱਟਾਂ ਧਰਮ ਰਾਇ ਕਰੇ ਮੁਲਾਕਾਤ ਆਹਾ। ਦਰਜੀ ਸਿੱਖ ਬਣਿਆ ਉਪਦੇਸ਼ ਸੁਣਕੇ ਪਿਤਾ ਭਗਤ ਦਾ ਕਹੇ ਏਹ ਬਾਤ ਆਹਾ। ਬ੍ਰਹਮ ਗਿਆਨ ਦੀਆਂ ਗੱਲਾਂ ਕਰੇ ਪੁਤ੍ਰ ਬਾਮਣ ਸਤ੍ਰਕ ਸੁਣਕੇ ਵਾਹਿਆਤ ਆਹਾ। ਸਾਤੋ ਬਿਨਾਂ ਨਾਂ ਵਿੱਦਿਆ ਪੜ੍ਹੇ ਕੋਈ ਕਰੋ ਭਜਨ ਨਾ ਜੋ ਛੋਟੀ ਜਾਤ ਆਹਾ।ਨਾਮ ਦੇਵ ਉਤ੍ਰ ਦਿੰਦਾ ਪਿਤਾ ਤਾਂਈ ਮੇਰੇ ਵੱਸ ਨਾ ਪਿਤਾਅਰਬਾਤ ਆਹਾ।ਕਿਆ ਕਰੋ ਜਾਤੀ ਕਹਾਂਕਰੋਪਾਤੀ ਰਾਮ ਨਾਮੁ ਜਪਸਾਂ ਦਿਨ ਰਾਤ ਆਹਾ।ਪਿਤਾ ਕਹੇ ਪੁਤ੍ਰ ਲੋਕ ਕੰਮੁ ਕਰਦੇ ਤੂੰਵੀ ਕੁਝ ਕਰਲਈਂ ਸਿੱਖ ਆਤ ਆਹਾ। ਰੰਗਣ ਰੰਗਾਂ ਤੇ ਪਿਤਾ ਮੈਂ ਸੀਉਂਣਸੀਵਾਂ ਰਾਮਨਾਮ ਬਿਨ ਜੀਉਣ ਉਕਾਤ ਆਹਾ। ਪਿਤਾ ਕਹੇ ਪੁਤ੍ਰ ਕੰਮੁ ਕਰੇਂਗਾ ਕੀ ਮੈਨੂੰ ਬੋਲ ਦੱਸੀਂ ਸਿਖਿਆਤ ਆਹਾ। ਭਗਤ ਕਰਾਂ ਹਰਿ ਕੇ ਗੁਣ ਗਾਵਸਾ ਮੈਂ ਆਠ ਪਹਿਰ ਜੋ ਖਸਮ ਦੇ ਸਾਥ ਆਹਾ। ਪਿਤਾ ਕਹੇ ਕੰਮੁ ਸੀਉਣ ਦਾ ਕਰੇਂਗਾ ਨਾ ਮੇਰੇ ਤਾਂਈ ਤੂੰ ਕਰੀਂ ਸੁਣਾਤਆਹਾ।ਸੂਈ ਸੁਇਨੇ ਦੀ ਰੁਪੇਂਦਾਲਵਾਂ ਤਾਗਾ ਮੇਰੇ ਚਿੱਤ ਹਰਿ ਕੀ ਮੁਲਾਕਾਤ ਆਹਾ। ਕਾਲਾ ਸਿੰਘ ਸਾਰੇ ਲੋਕ ਮੁਕਤਪਾਵਣਬ੍ਰਹਮਗਿਆਨਤਾਦੀਸੁਣਕੇ ਆਹਾ॥੫੩॥

Sri Satguru Jagjit Singh Ji Elibrary NamdhariElibrary@gmail.com

ਸੂਈ ਸੋਨੇ ਦੀ ਬਣੀ ਮਸ਼ੀਨ ਜਾਣੋ ਰੁਪਾ ਗੀਲ ਦੋ ਆਨੋ ਜਾਂ ਚਾਰ ਵੀਰੋ।ਪੂਰੇ ਬਚਨ ਹੋਏ ਨਾਮ ਦੇਵ ਜੀ ਦੇ ਚਿੱਤ ਆਪਣੇ ਲਵੇ ਵਿਚਾਰ ਵੀਰੋ। ਜੇ ਹੁਣ ਵਾਹਿਗੁਰੂ ਨਾਲ ਨਾ ਚਿੱਤ ਲਾਵੇ ਮੰਦੇ ਕਰਮ ਜਾਣਾਂ ਜਨਮੁ ਹਾਰ ਵੀਰੋ। ਨਾਮ ਦੇਵਜੀ ਤੋਂ ਮੁਹਕਮ ਸਿੰਘ ਬਣਿਆਂ ਗੁਰੂ ਦਸਮ ਦਾ ਪੰਜਮਾਂ ਪਿਆਰ ਵੀਰੋ। ਦਿੱਤਾ ਸੀਧ ਅੰਮ੍ਰਿਤ ਖੰਡੇ ਧਾਰ ਛਕਿਆ ਤੁਸੀਂ ਛਕੋ ਹੋ ਤਿਆਰ ਬਰ ਤਿਆਰ ਵੀਰੋ। ਕਾਲਾ ਸਿੰਘ ਪੁਛੇ ਭਜਨ ਸਿੰਘ ਬਣਕੇ ਹੁਕਮ ਬਾਬੇ ਦਾ ਹੈ ਵਾਰੋ ਵਾਰ ਵੀਰੋ ॥ ੫੪ ॥

ਵਾਕ ਕਵੀ ਉਮਰ ਸਾਲ ੧੨

ਦਾਮ ਸੇਠ ਜੀ ਨੂੰ ਸਾਰੇ ਲੋਕ ਆਖਣ ਤੇਰੇਘਰ ਈਸ਼ਰ ਅੰਸੀਬਾਲ ਆਇਆ।ਧੰਨ ਭਾਗ ਸ ਤੇ ਅਸੀ ਦਰਸਕੀਤਾ ਤੇਰੇ ਘਰ ਹੈ ਪੁਰਖ ਅਕਾਲ ਆਇਆ। ਪੁਤ੍ਰ ਆਪਦਾ ਹੈ ਮਹਾਂ ਪੁਰਸ਼ ਕੋਈ ਜੀ ਦਾ ਦਰਸ ਕਰ ਨਾ ਨੇੜੇ ਕਾਲ ਆਇਆ। ਦਾਮ ਸੇਠ ਦੁਕਾਨ ਤੋਂ ਗਿਆ ਘਰ ਨੂੰ ਨਾਮ ਦੇਵ ਜੀ ਵੀ ਪਿਤਾ ਨਾਲ ਆਇਆ। ਭਗਤ ਜਨਾਂਦੇ ਚਿੱਤਨੂੰ ਹੋਈ ਸ਼ਾਦੀ ਮਾਂਨੋ ਬਾਮਣਾਦੇ ਭਾਦਾ ਕਾਲ ਆਇਆ। ਜਿਉਂਜਿਉਂਸੁਣਨਉਪਦੇਸ਼ਤੇਸਜ਼ਨਬਹੁਤੇ ਮਾਂਨੋਵਡਾ ਤਉਂਨ ਭੁਚਾਲਆਇਆ। ਕਰਨ ਕ੍ਰਤਅਕਾਂਤਨੇ ਬ੍ਰਿਤਰਖਦੇ ਏਸੇ ਤੋਰਹੇ ਬਾਰਵਾਂ ਸਾਲਆਇਆ। ਕਾਲਾਸਿੰਘ ਉਸਤਤ ਸਾਰਾ ਦੇਸ਼ ਕਰਦਾ ਪੰਡਰਪੁਰੀ ਅੰਦ੍ਰ ਬ੍ਰਿਜਲਾਲ ਆਇਆ ॥ ੫੫ ॥

ਬਾਬੇ ਦਾ ਬਿਵਾਹ ਸੰਮਤ ੧੩੨੮ ਬਿ: ਹੋਇਆ ਸਾਲ ਉਮਰ ੧੨

ਕੁਛਕਾਲਜਾਂਦਿਨਬੀਤਹੋਏ ਇਸੇ ਤੋਰ ਕਰਦੇ ਕੰਮਕਾਰ ਵੀਰੋ। ਗੋਬਿੰਦਸੇਠ ਨਾਮੇ ਸਦਾਬਰਤਹੈਸੀ ਪੁਰਬਾਪਿੰਡਦਾ ਵਾਸੀ ਉਚਾਰ ਵੀਰੋ। ਦੇਸਖਾਸਮਹਿਰਾਸਟਰਵਿੱਚ ਰਹਿੰਦਾ ਪੰਡਰ ਪੁਰੀ ਆਇਆ ਇੱਕਵ੍ਹਾਰਵੀਰੋ। ਰਾਜਾ ਬਾਈਜੋਕੰਨਿਆਂਜਾਣਉਸਦੀ ਨਾਤ੍ਰਾ

ਨਾਲ ਕੀਤਾਕ੍ਰਿਪਾਧਾਰਵੀਰੋ। ਨਾਮਦੇਵਜੀਨਾਲਸਰਬੰਧਹੋਇਆ ਰਾਜਾਬਾਈਜੀਨਾਲ ਵਿਚਾਰ ਵੀਰੋ। ਸਾਹੇ ਚਿੱਠੀ ਅਨੰਦਦਾ ਦਿਨ ਦਿਤਾ ਮਾਂਹਿ ਜੇਠਦੀ ਦਸ ਵਿਚਕਾਰ ਵੀਰੋ। ਸੰਮਤਤੇਰਾਂਸੌ ਵਿੱਚ ਅਠੱਤੀਏ ਦੇ ੧੩੩੮ ਸਾਰੀ ਹੋਈ ਇਹੋ ਕਾਰੋਵਾਰਵੀਰੋ। ਕਾਲਾ ਸਿੰਘ ਜੋ ਬਾਬੇਦੇ ਬਿਆਹੁਣਖਾਤ੍ਰ ਕੱਠ ਹੋਗਿਆ ਬੇਸ਼ੁਮਾਰ ਵੀਰੋ॥ ੫੬॥ ਤਥਾ ॥ ਭਾਈ ਚਾਰੇ ਨੂੰ ਸੱਦਿਆ ਜੰਞ ਖਾਤਰ ਉਹਨਾਂ ਦਿੱਤਾ ਜਬਾਬਉਚਾਰਬਾਬਾ। ਤੁਸੀ ਹਰੀਭਗਤਾਂਮਗਾਰ ਰਹੋ ਲਗੇ ਸਾਡੇ ਨਾਲਕੀ ਤੁਹਾਡਾ ਵਿਹਾਰ ਬਾਬਾ। ਸਾਡੇ ਗਮੀਂ ਸ਼ਾਦੀ ਤੁਸੀਂ ਨਹੀਂ ਅਉਦੇਂ ਅੰਨ ਕਰੋਨਾਂਜੋ ਅੰਗੀਕਾਰ ਬਾਬਾ। ਸਾਡੇ ਨਾਲਕੀ ਤੁਸਾਂਦਾਵਾਸਤਾਹੈ ਸਾਨੂੰ ਕਹੋਕੁਸੰਗੀ ਪੁਕਾਰਬਾਬਾ। ਏਸੇ ਵਾਸਤੇ ਅਸੀਵੀਨਹੀਂਜਾਂਦੇ ਭਾਵੇਂਕਹੋਸਾਨੂੰ ਲਖਵਾਰਬਾਬਾ। ਹਰੀਭਗਤ ਲੈਜਾਓਖਾਂਨਾਲਹੁਣਵੀ ਕਾਹਨੂੰਕਹੋਸਾਨੂੰਵਾਰਵਾਰਬਾਬਾ॥੫੭॥ ਤਥਾ ॥ ਵਾਮਸੇਠ ਨੂੰ ਜਦੋਂ ਜਵਾਬ ਦਿੱਤਾ ਅੱਗੋਂ ਬੋਲਿਆ ਨਾਲ ਕਰਾਰ ਭਾਈ। ਹਰੀ ਭਗਤਾਂਦੇ ਅਸੀਂਹਾਂ ਨਾਲਰਹਿੰਦੇ ਹਰੀ ਕਰੂ ਆਕੇ ਸਾਡੀਕਾਰਭਾਈ। ਸਾਡਾਨਾਲਕੁਸੰਗੀਆਂਵਾਸਤਾਨਾ ਸਾਡਾ ਰਾਮ ਆਪਿਮੱਦਤਗਾਰਭਾਈ। ਏਨੀਂ ਆਖਆਏ ਘਰ ਆਪਣੇ ਨੂੰ ਕੀਤੀ ਭਗਤਾਂਦੀ ਜੰਞ ਤਿਆਰਭਾਈ। ਤ੍ਰਿਲੋਚਨਜਹੇ ਰੰਕਾਬੰਕਾ ਸੰਗਸਾਰੇ ਪੁਰਬੇਪਿੰਡਪੁਜੇ ਓਸੇ ਵਾਰਭਾਈ। ਓਸੇ ਦੇਸ਼ਦੀ ਰਸਮ ਦੇ ਨਾਲ ਬਿਆਹੇ ਹੋਇਆ ਵਡਾ ਅਨੰਦ ਅਪਾਰ ਭਾਈ। ਰਾਜਾ ਬਾਈ ਦਾ ਡੋਲਾਲੈਵਿਦਾ ਹੋਇਆ ਪੰਡਰਪੁਰੀ ਆਗਏ ਸਿੱਧੇਸਾਰ ਭਾਈ। ਕਾਲਾ ਸਿੰਘ ਸਾਰੇ ਫੇਰ ਖੁਸ਼ੀ ਹੋਕੇ ਭਗਤ ਘਰਾਂਨੂੰ ਜਾਣ ਸਧਾਰ ਭਾਈ॥ ੫੮॥

ਬਾਬੇਨੇ ਗੁਰੂ ਧਾਰਨਾ ॥ ਉਮਰ ਸਾਲ ੧੬ ਵਿੱਚ

ਸਾਲਤੇਰਵਾਂ ਜਦੋਂਬਤੀਤਹੋਇਆ ਸਾਲਚੌਦਮਾਂਪੰਦ੍ਰਮ੍ਹਾਂਆਮਦਾਜੀ।

Sri Satguru Jagjit Singh Ji Elibrary NamdhariElibrary@gmail.com

ਸੋਲ੍ਹਾਂਸਾਲਅੰਦ੍ਰ ਕੋੜੀਨੇਤ੍ਰਫੁਰਦੀ ਚਿੱਤ੍ਰਵਿੱਚਫੁਲੀਲਦੁੜਾਂਮਦਾਜੇ। ਗੁਰੂ ਧਾਰੀਏ ਵੇਖੀਏ ਸੰਤਕੋਈ ਵਿਲ ਭਾਤ ਏ ਖੋਜਖੁੜਾਂਮਦਾਜੇ। ਬਿਸੋਬਾਖੇਚਰਜੀ ਨਾਮਸੀਸੰਤਵੱਡਾ ਬਾਬਾਓਸਦੀ ਸਾਂਮ ਤਕਾਂਮਦਾ ਜੇ। ਪਿਆ ਆਣ ਚਰਨੀ ਮੈਨੂੰ ਭਜਨਦੱਸੋ ਨਾਲ ਨਿੰਮਰਤਾਆਖ ਸੁਣਾਮਦਾਜੇ। ਕਾਲਾਸਿੰਘ ਮੈਨੂੰਉਪਦੇਸ਼ਦੇਵੋ ਬਾਬਾ ਸੰਤਦੇ ਭਾਂਈ ਅਲਾਂਮਦਾਜੇ॥ ਪ੯॥

ਸ੍ਰੀ ਵਿਸੋਬਾ ਖੇਚਰ ਜੀ ਦੇ ਬਾਬੇ ਜੀ ਨਾਲ ਬਲਾਸ ਉਮਰ ਸਾਲ ੧੬

ਨਾਮ ਦੇਵ ਜੀ ਨੂੰ ਸੰਤ ਕਹਿਣ ਲੱਗਾ ਬ੍ਰਹਮ ਗਿਆਨੀਆਂਦਾ ਦਰ ਜਾ ਵੜਾ ਹੈਜੀ। ਨਾਮ ਦੇਵ ਜੀ ਤੁਸੀਂ ਹੋ ਬ੍ਰਹਮ ਗਿਆਨੀ ਵਿਚੋਂ ਨਰਕ ਕੱਢੋ ਜੀਵ ਪੜਾ ਹੈਜੀ। ਤੁਸੀਂ ਤਾਰੋ ਅਨੇਕ ਉਪਦੇਸ਼ ਦੇਕੇ ਧਰਮ ਰਾਇ ਬੁਹਾਡੇ ਅੱਗੇ ਖੜਾ ਹੈ ਜੀ। ਸੂਰਜ ਅੱਗੇਕੀ ਦੀਵੇਦਾ ਕਰੇ ਚਾਨਣ ਸਾਗਰ ਅੱਗੇਕੀ ਕਰੂਥਾ ਘੜਾਹੈ ਜੀ। ਮੇਰੀ ਅਕਲ ਕੀ ਤੁਸਾਂਨੂੰ ਭਜਨਦੱਸਾਂ ਭਜਨ ਜਿਸਮ ਤੇਰੀ ਵਿਚੇ ਪੜਾ ਹੈ ਜੀ। ਕਾਲਾ ਸਿੰਘ ਅਕਾਲਦਾ ਰੂਪ ਤੂੰਹੀਂ ਮੈਥਾਂ ਜੀਵ ਇੱਕ ਗਾਡ ਵਿੱਚ ਗੜਾ ਹੈ ਜੀ॥ ੬੦॥

ਬਾਬੇ ਨੇ ਅਰਜ ਕਰਨੀ ਸੰਤਾਂ ਪਾਸ ਉਮਰ ਸਾਲ ੧੬

ਹੱਥ ਜੋੜਕੇ ਬਾਬੇਨੇ ਅਰਜ ਕੀਤੀ ਦੱਸੋ ਭਜਨ ਚੁਰਾਸੀਤੇ ਛੁਟਜਾਂ ਮੈਂ। ਇਸ ਦੇਹਦਾ ਕੁਝਵਿਸਾਨਾਹੀ ਭਾਂਡੇ ਕੰਚਦੇ ਮਾਂਗ ਨਾ ਫੁਟਜਾਂ ਮੈ। ਦਸੋ ਨਾਮਮੈਨੂੰ ਕ੍ਰਿਪਾ ਆਪ ਕਰਕੇ ਜੀਨੂੰ ਸੁਣਦਿਆਂਸਾਰ ਹੋ ਗੁਟਜਾਂਮੈਂ। ਪਾਰਕਰੋ ਜਹਾਜਤੇ ਚਾੜ ਮੈਨੂੰ ਕਿਤੇ ਤੁਰਦਿਆਂ ਨਾ ਐਵੇਂ ਹੁਟਜਾਂ ਮੈ। ਕ੍ਰਿਪਾ ਕਰੋ ਗਿਆਨਦਾ ਦਿਓਡੰਡਾ ਸਿਰੀ ਸੱਪ ਹੰਕਾਰਦੀ ਕੁਟਜਾਂ ਮੈ। ਮੈਨੂੰ ਵਿੱਚਬੈਕੁੰਠ ਪੁਚਾਇ ਦੇਵੋ ਗੱਲ ਵਿਸ਼ੇ ਵਿਕਾਰ ਦਾ ਘੁਟ ਜਾਮੈ। ਮਿਹਰਿ ਆਪ ਕਰਕੇ ਦੱਸੋ ਭਜਨ ਮੈਨੂੰ ਰਾਮ ਨਾਮ ਦੀ ਲੁਟ ਨੂੰ ਲੁਟ ਜਾਂਮੈ। ਕਾਲਾ ਸਿੰਘ ਗਰੀਬ ਤੇ ਕਰੋ

Sri Satguru Jagjit Singh Ji Elibrary NamdhariElibrary@gmail.com

ਕ੍ਰਿਪਾ ਅਉਰ ਜਾਣ ਤੇ ਗੁਰੂ ਨਿਖੁੱਟ ਜਾਂਮੇ ॥ ੬੧ ॥

ਸੰਤਾਂ ਨੇ ਭਜਨ ਦਸਨਾ ਸ੍ਰੀ ਨਾਮਦੇਵ ਦੀ ਨੂੰ ਉਮਰ ਸਾਲ ੧੬

ਪੂਰਾ ਦੇਖ ਭਾਂਡਾ ਗੁਰਾਂ ਮੇਹਿਰ ਕੀਤੀ ਜਪੁ ਵਾਹਿਗੁਰੂ ਨਾਮ ਸੁਣਾ ਦਿੱਤਾ। ਕੜਕੇ ਦੁਧ ਸੀ ਖੂਬ ਤਿਆਰ ਹੋਇਆ ਜਾਗ ਨਾਮਦੀ ਲਾਇ ਜਮਾ ਦਿੱਤਾ। ਵਿੱਚ ਵਾੜਿਆ ਸੱਤਵੀਂ ਭੂਮਕਾ ਦੇ ਭਜਨ ਕੰਨ ਦੇ ਵਿੱਚ ਵੀ ਪਾ ਦਿੱਤਾ। ਪੜਦੇ ਤੋੜਕੇ ਜਨਮ ਜਨਮਾਂਤਰਾਂ ਦੇ ਨਾਲ ਆਤਮਾ ਜੋੜ ਜੁੜਾ ਦਿੱਤਾ। ਨੂਰ ਚੱਕਿਆ ਚਿੱਤ ਦੀ ਕੋਠ ੜੀ ਦਾ ਦੀਵਾ ਸ਼ਬਦ ਦਾ ਹੱਥ ਫੜਾ ਦਿੱਤਾ। ਕਾਲਾ ਸਿੰਘ ਮਸਤਾਨ ਹੋ ਸਬਦ ਪੜਦਾ ਜਦੋਂ ਸੰਤ ਨੇ ਭਜਨ ਸੁਣਾ ਦਿੱਤਾ ॥ ੬੨ ॥

ਰਾਗ ਬਿਲਾਵਲ ਸ਼ਬਦ ਸ੍ਰੀ ਨਾਮ ਦੇਵਜੀ ਉਮਰ ਸਾਲ ੧੬

ਸਫਲਜਨਮਮੋਕਉਗੁਰਿਦੀਨਾ ॥ ਦੁਖਬਿਸਾਰਿਸੁਖਅੰਤਰਿਲੀਨਾ ॥ ੧॥ ਗਿਆਨਅੰਜਨਮੋਕਉ ਗੁਰਦੀਨਾ ॥ਰਾਮਨਾਮਬਿਨੁਜੀਵਨਮਨਹੀਨਾ॥੧॥ਰਹਾਉ॥ਨਾਮਦੇਇਸਿਮਰਨੁਕਰਿਜਾਨਾ॥ਜਗ ਜੀਵਨਸਿਉਜੀਉਸਮਾਨਾ ॥ ੨ ॥ ੬੩॥

ਟੀਕਾ ਬੈਂਤ ॥ ਰਾਗ ਵਿੱਚ ਵਲਾਵਲਦੇ ਕਹੇ ਬਾਬਾ ਖੜਾ ਸੰਤਦਾ ਹੋਇ ਅਧੀਨ ਆਹਾ। ਸੁਫਲ ਜਨਮ ਮੈਨੂੰ ਗੁਰੂ ਅੱਜ ਦੀਨਾ ਦੁਖ ਵਿਸਾਰ ਸੁਖ ਅੰਤ੍ਰ ਲੀਨ ਆਹਾ। ਗਿਆਨ ਅੰਜਨ ਮੈਨੂੰ ਗੁਰੂ ਆਪ ਦੀਨਾ ਨਾਮ ਬਿਨਾ ਜੀਵਣ ਮਨੋਂ ਹੀਨ ਆਹਾ। ਨਾਮ ਦੇਵ ਸਿਮ ਰਨ ਕਰ ਜਾਂਣਿਆਂ ਮੈਂ ਜੱਗ ਜੀਵਨ ਸਿਉ ਜੀਉ ਸਮਾਨ ਆਹਾ। ਲਿਵ ਜੋੜ ਕਰਤਾਰ ਦੇ ਨਾਲ ਬਾਬਾ ਰਹਿੰਦਾ ਭਜਨ ਦੇ ਵਿੱਚਪਰ ਵੀਨ ਆਹਾ। ਕਾਲਾ ਸਿੰਘ ਦਿਨੋ ਦਿਨ ਤੇਜ ਬਧਿਆ ਨਿੰਦਾ ਕਰਨ ਜੋ ਅਕਲ ਤੇ ਹੀਨ ਆਹਾ॥ ੬੪ ॥

ਕ੍ਰਿਤ ਹੀਰਾ ਸਿੰਘ ਕਾਲਾ ਸਿੰਘ ਦੇ ਵਡੇ ਪੁਤ੍ਰ ਦੀ ਹੈ ॥

ਸਵੱਯਾ ॥ ਮਨਿ ਮਾਹਿ ਅਨੰਦ ਭਿਆ ਸੰਤੋ ਜਦ ਪੂਰਾ ਗੁਰੂ ਨਾਮ ਦੇਵ ਜੀ ਪਾਇਆ। ਤਬ ਤੇ ਛੁੱਟ ਨੇਤਰ ਖੁਲ ਗਏ ਜਦਕਾ ਕਨ ਮੈਂ ਗੁਰ ਮੰਤ ਸੁਣਾਇਆ। ਗੁਰੂ ਸੰਤਦੀ ਕਾਗ ਤੇ ਹੰਸ ਕਰੇ

Sri Satguru Jagjit Singh Ji Elibrary NamdhariElibrary@gmail.com

ਵਿੱਚ ਗੁਰੂ ਗਰੰਥ ਦੇ ਠੀਕ ਦਸਾਇਆ। ਸਤਿ ਸ੍ਰੀ ਅਕਾਲ ਹੈ ਵਾਹਿਗੁਰੂ ਗੁਰ ਨਾਨਕ ਹੈ ਜੱਗ ਤਾਰਨ ਆਇਆ ॥ ੬੫ ॥

ਸਵੱਯਾ ॥ ਉਨਕੋ ਕੁਝ ਨਾ ਪਰਵਾਹਿ ਰਹੇ ਜਿਨਕਾ ਗੁਰ ਪੂਰਨ ਆਪ ਗੋਬਿੰਦਾ।ਜੋ ਕੋ ਜਾਇ ਪੜੇ ਗੁਰ ਕੀ ਸਰਨੀ ਗੁਰ ਨਾਨਕ ਹੈ ਸਭ ਕੋ ਬਰ ਦਿੰਦਾ।ਦੁਖ ਕੋਇ ਸਰੀਰ ਨਾ ਮੂਲ ਰਹੇ ਫਲ ਪਾਵਤ ਹੈ ਸਭ ਕੋ ਮਨ ਚਿੰਦਾ।ਸਤਿ ਸ੍ਰੀ ਅਕਾਲ ਹੈ ਵਾਹਿਗੁਰੂ ਗੁਰ ਨਾਨਕ ਹੈ ਸਭ ਕੋ ਬਖਸਿੰਦਾ ॥ ੬੬ ॥ ਸ: ॥ ਗੁਰ ਬਾਝ ਨਹੀ ਗਤ ਹੈ ਨਰਕੀਂ ਗੁਰ ਬਾਝ ਪਵੇ ਜਮ ਕੀ ਗਲ ਫਾਸੀ। ਗੁਰ ਬਾਝ ਨਾ ਰਾਹਿ ਮਿਲੇ ਅਸਲੀ ਗੁਰ ਬਾਝ ਨਾ ਜੀਵ ਕੀ ਹੋਤ ਖਲਾਸੀ।ਗੁਰ ਬਾਝ ਅਨੇਰ ਨਾਂ ਦੂਰ ਹੋਵੇ ਗੁਰ ਬਾਝ ਭੋਗੇ ਜੀਵ ਲੱਖ ਚੁਰਾਸੀ। ਹੀਰਾ ਸਿੰਘ ਗੁਰੂ ਬਿਨ ਡੋਲਤ ਹੈ ਗੁਰ ਬਾਝ ਉਦਾਸ ਰਹੇ ਘਟਵਾਸੀ ॥ ੬੭ ॥

ਸ: ॥ ਨਰ ਨਾਰ ਗੁਰੂ ਇੱਕ ਧਾਰ ਲਵੇ ਕੜ ਕੇਸ ਰੱਖੇ ਕੱਛ ਤੇ ਕਰਪਾਨਾ। ਨਾਮ ਦਾਨ ਸਨਾਨ ਸਕੇਸ ਕਰੇ ਸਿਰ ਵਾਹਿਗੁਰੂ ਦਾ ਧਰੇ ਨਿੱਤ ਧਿਆਨਾ। ਬਾਣਾ ਸੇਤ ਹੰਢਾਵਤ ਤਾਂ ਸੁਖ ਪਾਵਤ ਜਾ ਸਤ ਸੰਗ ਸੁਣੇ ਨਿੱਤ ਗਿਆਨਾ। ਹੀਰਾ ਸਿੰਘ ਗੁਰੂ ਪੁਰ ਹੋ ਦ੍ਰਿੜਤਾ ਸੋਈ ਪਾਰ ਪਵੇ ਨਰ ਨਾਰ ਜਨਾਨਾ ॥ ੬੮ ॥

ਪ੍ਰਸੰਗ ਇੱਕ ਪਾਰਸ ਦਾ ਪੰਡਰ ਪੁਰ ਵਿੱਚ ਚੱਲਿਆ ਉਮਰ ਸਾਲ ੧੬

ਪੰਡਰ ਪੁਰੀ ਅੰਦਰ ਵਸੇ ਇੱਕ ਬਾਮਣ ਪਾਰਸ ਓਸ ਲੱਭਾ ਕਿਤੋਂ ਟੋਲ ਆਹਾ। ਪਾਰਸ ਆਸਰੇ ਸੀ ਧਨਵਾਨ ਹੋਇਆ ਲੋਹੇ ਨਾਲ ਕਰਦਾ ਕੰਚ ਮੇਲ ਆਹਾ। ਮਾਤਾ ਸਾਹਿਬ ਸ੍ਰੀ ਰਾਜਾ ਬਾਈ ਜੀ ਦੀ ਹੈਸੀ ਬਾਂਮਣੀ ਓਹੁ ਸਹੇਲ ਆਹਾ। ਕਹੇ ਬਾਂਮਣੀ ਜੋ ਨਾਮਦੇਵ ਜੀ ਨੂੰ ਤੁਸੀ ਭਗਤ ਹੋ ਹਰੀ ਓਰੇਲ ਆਹਾ। ਮਾਇਆ ਨਹੀ ਤੁਹਾਡੇ ਹੈ ਪਾਸ ਬਹੁਤੀ ਤੁਸੀਂ ਕਰੋ ਮਾਇਆ ਬਹੁਤਾ ਖੇਲ ਆਹਾ। ਬਾਬਾ ਕਹੇ ਮਾਇਆ ਨਹੀਂ ਕੰਮ ਸਾਡੇ ਝੂਠਾ ਜਗਤ ਦਾ ਹੈ ਇਹੋ ਮੇਲ ਆਹਾ।

ਮਾਇਆ ਨਾਮ ਏਹੋ ਗਰਭ ਜੂਨਦਾ ਹੈ ਦਿੰਦੀ ਰੱਬ ਭੁਲਾਇ ਚੁੜੇਲਆਹਾ। ਕਾਲਾਸਿੰਘ ਤਾਂ ਬਾਮਣੀ ਚੁੱਪਹੋਈ ਭਗਤ ਗਿਆ ਵਾਹਿਰ ਕਿਤੇ ਠੇਲਆਹਾ॥ ੬੯॥ ਤਥਾ ॥

ਪਾਰਸ ਬਾਮਣੀ ਮਾਈ ਨੂੰ ਲਿਆਇ ਦਿੰਦੀ ਏਹੋ ਮੁਖਤੇ ਗੁਣ ਉਚਾਰਿਆਹੈ। ਮੇਰੀਭੈਣਤੂੰਵੀ ਧਨਵਾਨਹੋਵੇਂ ਤੈਨੂੰਪਾਰਸਮੈ ਜੋੜਾ ਵਿਖਾਰਿਆਹੈ। ਲੋਹੇਨਾਲਲਾਂਈ ਝਟਫਟਨੂੰਸੋਨਾ ਜਿੰਨਾਂਚਾਹੇਂ ਕਰ ਲਈਂ ਪੁਕਾਰਿਆਹੈ। ਮੈਨੂੰ ਮੋੜਦੇਵੀਂ ਕਮ ਆਪ ਕਰਕੇ ਘਰਨੂੰ ਬਾਮਣੀ ਗਈ ਵਿਚਾਰਿਆ ਹੈ। ਨਾਮਦੇਵ ਘਰ ਆਇ ਉਪਦੇਸ਼ ਕਰਕੇ ਪਾਰਸਮਾਈਜੀ ਫੇਰ ਦਿਖ ਰਿਆਹੈ। ਮਾਤਾਦੱਸਿਆਗੁਣ ਤਮਾਮਸਾਰਾ ਭਗਤ ਹੱਸ ਖੂਹੇ ਵਿੱਚ ਡ ਰਿਆ ਹੈ। ਮਾਤਾ ਕਹੇ ਜੀ ਤੁਸੀਂ ਏਹ ਬੁਰਾਕੀਤਾ ਦੇਗਈ ਬਾਮਣੀ ਮੁਖਤੇ ਟਾਰਿਆ ਹੈ। ਕਾਲਾਸਿੰਘਜੁਵਾਬਕੀਦੇਊਂਗੀ ਮੈਂ ਮਾਤਸਾਹਿਬਜੀ ਇਹੋ ਪੁਕਾਰਿ ਆਹੈ॥੭੦। ਤਥਾ॥ ਬਾਮਣਮੰਗਿਆਸੀ ਪਾਰਸ ਫਿਸਤ੍ਰੀਤੋਂ ਓਹ ਵੀ ਰੋਣਾਤੇ ਰੌਲਾ ਉਚਾਰਦੀਜੇ। ਖੈਹਿੜਾ ਬਹੁਤਕੀਤਾ ਸਾਫ ਦੱਸ ਦਿੰਦੀ ਗੁੱਸੇ ਹੋਇਨੂੰ ਬਾਮਣੀ ਟਾਰਦੀਜੇ। ਬਾਮਣ ਕਹ ਲੋਕੇ ਹੈਨ ਮੁਕਰਜਾਂਦੇ ਲਾਲਚ ਵਿੱਚ ਦਲੀਲ ਸਿਸਾਰਦੀ ਜੇ। ਕਹੇ ਬਾਮਣੀ ਹੁਣੇ ਮੈਂ ਲਿਆਂਵਦੀਹਾਂ ਘਰ ਮਾਈਨੂੰ ਜਾਇਬੰਕਾਰਦੀਜੇ। ਕਿਹਾ ਭੈਣ ਤੇਰੀ ਚੀਜ ਪਤੀ ਮੇਰੇ ਖੂਹ ਵਿੱਚ ਸਿੱਟੀ ਮੁਖੋਂ ਟਾਰਦੀਜੇ। ਸੁਣਕੇ ਬਾਮਣੀ ਬਹੁਤ ਹੈਰਾਨਹੋਈ ਮਾਤਾਦੂਸਰੀਵਾਰਪੁਕਾਰਦੀ ਜੇ। ਤੈਨੂੰਦਿਆਂਕੀ ਸੁਟਿਆ ਵਿੱਚਖੂਹੇ ਪਤੀ ਮੇਰੇਨੇ ਗੱਲ ਲਚਾਰ ਦੀਜੇ। ਸੁਨਕੇਉਡੇ ਹਵਾਸਨੇ ਬਾਮਣੀਦੇ ਉੱਚੀਰੋਇ ਉੱਚੀ ਧਾਹਾਂ ਮਾਰਦੀਜੇ। ਕੀਤਾ ਬਹੁਤ ਬਿਰਲਾਪਸੀ ਬਾਮਣੀਨੇ ਪਤੀ ਆਪਣੇ ਪਾਸ ਚਤਾਰਦੀਜੇ। ਪਾਰਸ ਵਿੱਚ ਖੂਹ ਭਗਤਨੇ ਸਿੱਟ ਦਿੱਤਾ ਪਿੱਟੇ ਬਾਮਣੀ ਬਾਂਹਾਂ ਉਲਾਰਦੀਜੇ। ਬਾਮਣ ਵਿੱਚ ਕੂੱਦਦੇ

ਗਾਲਬਹੋਇਆ ਮਗਜ਼ਰੜੀਸੀ ਗਰਦਹੰਕਾਰਦੀਜੇ। ਸੋਧੀਬਾਂਮਣੀ ਬਹੁਤਪੂਤਲਾਕੇ ਸਾਰੇਜੋਰਦਾ ਕ੍ਰੋਧਸਗਾਰਦੀਜੇ। ਚਾਰਪੰਜ ਟਕਾ ਈਆਂ ਬਾਮਣੀਦੇ ਲੱਗੀਅੱਗ ਹੰਕਾਰਨਾਹਾਰਦੀਜੇ। ਗੁਰੁ ਗਾਲਬ ਬਾਮਣ ਬਾਬੇਪਾਸਆਇਆ ਕਾਲਾਸਿੰਘਕੀ ਬਾਤ ਗੁਜਾਰਦੀਜੇ॥ ਤਬਾ । ਬਾਮਣ ਬੋਲਦਾ ਬੋਲ ਕਬੋਲ ਆਇਆ ਭਗਤ ਕਹੇ ਤੂੰ ਛਾਂਤੀ ਧਾਰਭਾਈ। ਬਚਲਕਹੇਗੀ ਤੁਸਾਂਦਾ ਹਜਲਹੋਇਆ ਬਾਮਣ ਬੋਲਦਾ ਨਾਲਹੰਕਾਰਭਾਈ। ਬਚਨਕੀਕਰਨਾ ਮੈਥਾਂਦਿਓ ਪਾਰਸ ਬਾਬਾਕਹੇ ਖੂਹੇਵਿਚ ਡਾਰਭਾਈ। ਬਾਮਣਕਹੇ ਐਡੀ ਚੀਜ਼ਕੀਮਤੀ ਨੂੰ ਕੋਈਕਰੂ ਖੂਹੇਸੁਟੀ ਮਤਵਾਰਭਾਈ। ਤੁਸ ਗੁੰਮ ਕਰਿਆ ਮੈਤੋਂ ਮੁਕਰਬੈਠੇ ਬਾਂਮਣ ਕਹੇ ਇਹੋ ਵਾਰਵਾਰਭਾਈ। ਬਾਬਾ ਕਹੇ ਬਠੇ ਸਾਨੂੰ ਪਰਸਾਂਦੀ ਨਹੀਂ ਸੋਇਨ ਦੀ ਲੋੜ ਵਿਚਾਰ ਭਾਈ। ਤੇਰਾ ਪਾਰਸਨਾ ਮਿਸਰਜੀਪਾਸਸ ਡਇਹੋਸੱਚਤੂੰ ਕਰੀਂ ਅਤਵਾਰਭਾਈ। ਮਾਇਆ ਵਿੱਚ ਮੱਤਾ ਬਾਮਣਬੋਲਦਾਸੀ ਪਾਰਸਦਿਓਨਾਕਰੋ ਅਟ ਕਾਰਭਾਈ। ਲੈਕੇ ਜਾਊਂਪਾਰਸਮੈਂ ਵੈਨਹੀਂਜਾਂਦਾ ਮੇਰਾ ਕਹਿਣਾ ਬਾਬਾ ਬਹੁਤੀਵਾਰ ਭਾਈ। ਮਹਾਰਾਜ ਬੋਲੇ ਬ੍ਰਹਮ ਗਿਆਨ ਅੰਦੂ ਭੁਲੇ ਲੋਕ ਤੈਨੂੰਨਹੀਂ ਸਾਰਭਾਈ। ਭਾਗਤਨਾਮਦੀ ਤੇ ਮੇਹਿਰ ਨਜ਼ ਰਕੀਤੀ ਚਿੱਤ ਖਿੱਚਿਆਕ੍ਰਿਪਾਧਾਰਭਾਈ। ਭਲੇਲੋਕਝੂਠੇਨਾਲ ਪਾਰਸਾਂਦੇ ਕਾਹਨੂੰ ਲਾਵੇਂਤੂੰਐਡਪਿਆਰਭਾਈ। ਸੱਚੇਨਾਮਦੇਨਾਲ ਪਿਆਰ ਕਰਲੈ ਜਪ ਵਾਹਿਗੁਰੂ ਜੋ ਸਿਰਜਣਹਾਰ ਭਾਈ। ਰੋੜ ਸੜਕਦੇਵੀ ਪਾਰਸਦਿਸਣਤੈਨੂੰ ਜਪੇਂਆਪਤੂੰਇਕਕਰਤਾਰਭਾਈ ਬ੍ਰਹਮ ਗਿਆਨ ਸੁਣਕੇ ਬਾਮਣ ਨਰਮ ਹੋਇਆ ਆਈ ਚਿੱਤਦੇ ਵਿੱਚ ਵਿਚਾਰ ਭਾਈ। ਬਾਬੇ ਸੜਕਦੇ ਰੋੜਾਂ ਦਾ ਬੁਕ ਆਂਦਾ। ਆਖਣ ਦੇਖਕੀ ਸੱਚ ਪੁਕਾਰ ਭਾਈ। ਰੋੜ ਬਾਮਣ ਭਾਂਈ ਪਾਰਸ ਦਿੱਸਨਲੱਗੇ ਚਰਨੀਹੋਇਕੇ ਡਿਗਾਲਚਾਰਭਾਈ। ਮਹਾਂਰਾਜਮੈਨੂੰ

ਹੁਣੇਭ ਜਨ ਦਸੋਹਬ ਜੋੜ ਕਰ ਦਾਨ ਮਸਕਾਰ ਭਾਈ। ਭਜਨ ਪੁਛਿਆ ਬਾਮਣ ਤੇ ਬਾਮਣੀ ਨੇ ਦੋਵੇਂ ਇਹੋ ਏਸੇ ਸਾਗਰੋਂ ਪਾਰ ਭਾਈ। ਕਾਲ੍ਹਾ ਸਿੰਘ ਦੋਵੇਂ ਸੁਣਕੇ ਭਜਨ ਕਰਦੇ ਲੈਂਦੇ ਆਪਣਾ ਜਨਮ ਸੁਧਾਰ ਭਾਈ॥

ਵਾਕ ਕਵੀ ਉਮਰ ਸਾਲ ੧੯

ਸਾਕਤ ਨਾਲ ਹੈ ਬੋਲਣਾ ਬਹੁਤ ਮਾੜਾ ਜੇਕਰ ਬੋਲੀਏ ਪੈਂਦਾ ਬਕਾਰ ਹੁੰਦਾ। ਭਾਂਵੇ ਪਕੜਕੇ ਛੰਬੀਏ ਬੇਰੀਆਂ ਨੂੰ ਫੁਲ ਦੇ ਮਿੱਠੇ ਉਪਕਾਰ ਹੁੰਦਾ। ਖੁਆੜੇ ਨਾਲ ਜੋ ਕਟੀਏ ਚੰਨਣਾਂ ਨੂੰ ਤਾਂ ਵੀ ਸਚ ਖੁਸ਼ਬੂ ਦਾ ਸਾਰ ਹੁੰਦਾ। ਕਾਲਾ ਸਿੰਘ ਬਾਮਣ ਬਾਬੇ ਨਾਲ ਲੜਿਆ ਟਬਰ ਸਣੇ ਹੈ ਭਵਜਲੋਂ ਪਾਰ ਹੁੰਦਾ॥ ੧੩॥ ਤਥਾ॥ ਸਭ ਧਰਮ ਦਾ ਕਰਨ ਪਰਚਾਰ ਸਾਰੇ ਭਜਨ ਦਸਕੇ ਜੀਵਾਂ ਨੂੰ ਤਾਰਦੇ ਨੇ। ਨਾਮਦਾਨ ਵਿਗਆਨ ਦੀ ਕਰਨ ਬਰਖਾ ਸਿੱਖ ਸੈਂਕੜੇ ਨਿਤ ਸੁਧਾਰਦੇਨੇ। ਉਮਰ ਸਾਲ ਸਤਾਰਾਂ ਅਠਾਰਵੇਂ ਦੀ ਉੱਨੀ ਬੀਸਵੀ ਐਵੇਂ ਗੁਜ਼ਾਰਦੇ ਨੇ। ਕਾਲ੍ਹਾਸਿੰਘ ਦਰਸ਼ਨ ਪਾਕੇ ਤਰਨ ਸਾਰੇ ਜਨਮ ਮਰਣ ਚੁਰਾਸੀਓਂ ਟਾਰਦੇ ਨੇ॥ ੧੪॥

ਪ੍ਰਸੰਗ ਬਾਬੇ ਜੀਦੇ ਘਰ ਸੜਨ ਦਾ ਚਲਿਆ ਉਮਰ ਸਾਲ ੨੦

ਇਕ ਰੋਜ਼ ਸ੍ਰੀ ਨਾਮਦੇਵ ਬਾਬਾ ਚਲੇ ਗਏ ਜੰਗਲਾਂ ਵਿਚਕਾਰ ਪਿਆਰੇ। ਜਾਕੇ ਬਾਹਿਰ ਪ੍ਰਜੰਤ ਇਕੰਤ ਬਹਿੰਦੇ ਲਾਕੇ ਖੂਬ ਸਮਾਧ ਦੀ ਤਾਰ ਪਿਆਰੇ। ਬੀਠਲ ਪਰੀ ਪੂਰਨ ਪਰਮਾਤਮਾਂ ਦਾ ਧਰਕੇ ਧਿਆਨ ਬੈਠਣ ਕਰਨ ਕਾਰ ਪਿਆਰੇ। ਬ੍ਰਿਤੀ ਜੁੜੀ ਤੇ ਪੈਗਿਆ ਆਣ ਰੌਲਾ ਬ੍ਰਿਤੀ ਉਖੜਗਈ ਜ਼ਰਾ ਸਾਰ ਪਿਆਰੇ। ਫੁਰਨਾਂ ਫੁਰੇ ਸਾਡੇ ਘਰ ਅੱਗ ਲੱਗੀ ਆਏ ਚਿਤ ਤੁਰੰਗ ਵਿਚਾਰ ਪਿਆਰੇ। ਘਰ ਗਏ ਦੇਖਣ ਸਚ ਅੱਗ ਲਗੀ ਹੋਇ ਵਡੇ ਆਨੰਦ ਅਪਾਰ ਪਿਆਰੇ। ਅੰਤ੍ਰ ਜਾਮੀਆਂ ਵਡਾ ਬੇਅੰਤ ਹੈਂ ਤੂੰ ਤੈਨੂੰ ਭਾਵੇ ਸੋ ਕਰੇਂ ਤੂੰ ਕਾਰ ਪਿਆਰੇ। ਘਰ ਦੇਖ ਸੜਦਾ ਕਠੇ ਲੋਕ ਹੋਏ ਆਵੇ ਖੂਬ

Sri Satguru Jagjit Singh Ji Elibrary NamdhariElibrary@gmail.com

ਨਾਂ ਅੰਤ ਸ਼ੁਮਾਰ ਪਿਆਰੇ। ਲੋਕਾਂ ਕੱਢੀਆਂ ਅੰਦੋਂ ਕਈ ਚੀਜ਼ਾਂ ਸੜਨ ਦਿੱਤੀਆਂ ਨਾਹਿ ਵਿਚਕਾਰਪਿਆਰੇ। ਬਾਬਾ ਕਹੇ ਕੀ ਕਰੋਂ ਏਹ ਕੰਮ ਭਾਈ ਅਗੋਂ ਲੋਕ ਵੀ ਕਹਿਣ ਪੁਕਾਰ ਪਿਆਰੇ। ਬਚ ਰਹਿਣ ਚੀਜ਼ਾਂ ਸੜਨ ਦਿੱਤੀਆਂ ਨਾ ਅਸੀ ਚਕੀਆਂ ਨੇ ਬਲਧਾਰ ਪਿਆਰੇ। ਪੂਰਣ ਬ੍ਰਹਮ ਗਿਆਨੀ ਅਗੋਂ ਦੇਣ ਉਤ੍ਰ ਏਹੋ ਸਰਬ ਨੂੰ ਕਹਿਣ ਉਚਾਰ ਪਿਆਰੇ। ਇਹੋ ਕਰਨ ਹਾਰੇ ਦਿੱਤੀ ਦਾਤ ਸਾਨੂੰ ਗਿਆ ਆਪਣਾ ਓਹ ਕੰਮ ਸਾਰ ਪਿਆਰੇ। ਏਸ ਵਿੱਚ ਤੁਹਾਡਾ ਸਾਡਾ ਹੱਕ ਨਾਹੀਂ ਦਿੱਤੀ ਓਸ ਓਹਦਾ ਅਖਤਿਆਰ ਪਿਆਰੇ। ਚੁਕ ਸਰਬ ਚੀਜ਼ਾਂ ਅੱਗ ਵਿੱਚ ਸੁਟਣ ਭਾਂਬੜ ਭੜਕ ਉੱਠੇ ਅੰਗਿਆਰ ਪਿਆਰੇ। ਕਾਲਾ ਸਿੰਘ ਤਾਂ ਵੇਖ ਪਰਸਿੰਨ ਹੁੰਦੇ ਮੂੰਹੋਂ ਬੋਲਦੇ ਸ਼ਬਦ ਉਚਾਰ ਪਿਆਰੇ ॥ ੭੫ ॥

ਰਾਗ ਪ੍ਰਭਾਤੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੨੦.

ਅਕੁਲਪੁਰਖਇਕੁਚਲਤੁਉਪਾਇਆ ॥ ਘਟਘਟਅੰਤਰਿਬ੍ਰਹਮਲੁਕਾਇਆ ॥ ੧ ॥ ਜੀਅਕੀਜੋਤਿਨਜਾਨੈਕੋਈ ॥ ਤੈਮੈਕੀਆਸੁਮਾਲੂਮੁਹੋਈ ॥ ੧ ॥ ਰਹਾਉ ॥ ਜਿਉਪ੍ਰਗਾਸਿਆਮਾਟੀਕੁੰਭਉ ॥ ਆਪਹੀਕਰਤਾਬੀਠੁਲੁਦੇਉ ॥ ੨ ॥ ਜੀਅਕਾਬੰਧਨੁਕਰਮੁਬਿਆਪੈ ॥ ਜੋਕਿਛੁਕੀਆਸੁਆਪੈਆਪੈ ॥੩॥ ਪ੍ਰਣਵਤਿਨਾਮਦੇਉਇਹੁਜੀਉਚਿਤਵੈਸੁਲਹੈ॥ ਅਮਰੁਹੋਇਸਦਆਕੁਲਰਹੈ॥੪॥੭੬॥

ਟੀਕਾ ਬੈਂਤ ॥ ਰਾਗ ਵਿੱਚ ਪ੍ਰਭਾਤੀਦੇਕਹੇਬਾਬਾ ਤੇਰਾ ਬੀਠਲਾ ਅੰਤਨਾਪਾਇਆਹੇ। ਅਕਾਲਪੁਰਖਨੇ ਇਕਹੇ ਚਲਤਕੀਤਾ ਅੰਦਰ ਘਟਾਂਦੇਬ੍ਰਹਮਲੁਕਾਇਆਹੇ। ਗੱਲਜੋਤਦੀ ਜੀਵ ਨਾਕੋਈਜਾਣੇ ਜਾਣੇ ਜੋਤ ਜਿਨ ਜੀਵ ਬਣਾਇਆਹੈ। ਜਿਵੇਂ ਘੜਾ ਨਾ ਮਿੱਟੀਤੇ ਭਿੰਨਭਾਈ ਤਿਵੇਂ ਵਾਹਿਗੁਰੂ ਦਿਸ ਦਿਸਾਇਆ ਹੈ। ਜੀਵ ਕਰਮ ਰੱਸੇ ਨਾਲਬੰਨ ਦਿੱਤੇ ਜੋ ਕੁਛਕੀਆਸੋ ਆਪਕਰਾਇਆਹੇ। ਨਾਮ ਦੇਵ ਚਾਹੇ ਸੋਈ ਜੀਵ ਲੈਂਦਾ ਅਮਰ ਹੋਇ ਆਕਾਲਨੂੰ ਪਾਇਆ ਹੈ। ਕਾਲਾਸਿੰਘ ਇਹੋ ਲੋਕਾਂਸਾਰਿਆਂਨੂੰ ਬਾਬੇਗੱਜਕੇ ਸ਼ਬਦ ਸੁਨਾਇਆਹੈ॥ ੭੭ ॥ ਤਬਾ ॥ ਘਰ ਸੜਗਿਆਭਗਤਪ੍ਰਸਿੰਨ ਹੋਇਆ

ਕਹੇ ਫੇਰ ਜੀਹੇ ਭੇਟ ਕਰਤਾਰ ਸੰਤੋ। ਨਹੀਂ ਹਰਖ ਤੇ ਸੋਗ ਹੈ ਕੋਈ ਨੇੜੇ ਘਰਬਾਰ ਹੋਇਆ ਸਭ ਛਾਰ ਸੰਤੋ। ਬ੍ਰਹਮ ਗਿਆਨ ਦੇ ਵਿੱਚ ਅਨੰਦ ਹੋਇ ਰੱਖਨ ਕੁਝ ਨਾ ਕਿਸੈ ਦੀ ਸਾਰ ਸੰਤੋ। ਕਾਲਾ ਸਿੰਘ ਦੁਖ ਸੁਖ ਨਾ ਕਦੇ ਪਰਸੈ ਸਤਿਧਰਮ ਦਾ ਕਰਨ ਪਰਚਾਰ ਸੰਤੋ ॥ ੭੮ ॥

ਮਾਤਾ ਜੀ ਦੇ ਬਚਨ ਬਾਬੇ ਜੀ ਨਾਲ ਉਮਰ ਸਾਲ ੨੦

ਮਾਤਾ ਗੌਣਾਬਾਈ ਨਾਮਦੇਵ ਜੀ ਦੀ ਇਹੋ ਮੁਖ ਤੇ ਕਹੇ ਪੁਕਾਰ ਬੇਟਾ। ਘਰਬਾਰ ਤੇਰਾ ਸੜ ਕੇ ਖਾਕ ਰਹਿਆ ਲੀੜੇ ਕਪੜੇ ਦੀ ਹੋਈ ਛਾਰ ਬੇਟਾ। ਕਰੀਂ ਇਸ ਦਾ ਤੂੰ ਪਰਬੰਧ ਕੋਈ ਉੱਤੋਂ ਰੁਤ ਆਈ ਠੰਢੀ ਠਾਰ ਬੇਟਾ। ਕਾਲਾ ਸਿੰਘ ਬਾਬੇ ਜੀ ਨੂੰ ਕਹੈ ਮਾਤਾ ਛੇਤੀ ਘਰ ਨੂੰ ਕਰੋ ਤਿਆਰ ਬੇਟਾ ॥ ੭੯ ॥

ਬਾਬੇ ਜੀ ਨੇ ਮਾਈ ਜੀ ਨੂੰ ਉਪਦੇਸ਼ ਕਰਨਾ ਉਮਰ ਸਾਲ ੨੦

ਬਾਬਾ ਆਖਦਾ ਆਪਣੀ ਮਾਇ ਤਾਂਈ ਮੇਰੇ ਬਚਨ ਦੀ ਕਰੀਂ ਤੂੰ ਸਾਰ ਮਾਤਾ। ਜਿਸ ਰਾਮ ਏਹੋ ਕੌਤਕ ਆਣ ਕਰਿਆ ਓਹੋ ਕਰੂ ਆਪੇ ਮੇਰੀ ਕਾਰ ਮਾਤਾ। ਮੇਰੇ ਘਰ ਦੀ ਮੈਨੂੰ ਨਾ ਸੋਚ ਕਾਈ ਤੂੰ ਵੀ ਜਪੀਂ ਕਰਤਾਰ ਕਰਤਾਰ ਮਾਤਾ। ਕਾਲਾ ਸਿੰਘ ਸਾਰਾ ਫਿਕਰ ਵਾਹਿਗੁਰੂ ਨੂੰ ਤੂੰ ਤਾਂ ਕਰੀਂ ਨਾਂ ਸੋਚ ਵਿਚਾਰ ਮਾਤਾ ॥ ੮੦ ॥

ਪ੍ਰਸੰਗ ਇਕ ਸ਼ਾਹੂਕਾਰ ਦਾ ਤੇ ਬਾਬੇ ਜੀ ਦਾ ਚੱਲਿਆ ਉਮਰ ਸਾਲ ੨੦

ਬਾਬੇ ਪਾਸ ਮਕਾਨ ਇਕ ਧਨੀ ਦਾਸੀ ਸੋ ਵੀ ਬੋਲਦਾ ਨਾਲ ਹੰਕਾਰ ਕਰਕੇ। ਬਾਬਾ ਏਹੋ ਖੋਲਾ ਖਾਲੀ ਪਿਆ ਹੈਸੀ ਅਸੀਂ ਕਰਿਆ ਮਕਾਨ ਉਸਾਰ ਕਰਕੇ। ਕੀਤਾ ਰੱਬ ਸਬੱਬ ਜਮੀਨ ਤੇਰੀ ਖਾਲੀ ਪਈ ਤੂੰ ਦੇਖ ਬਿਚਾਰ ਕਰਕੇ। ਸਾਨੂੰ ਦੇਹਿ ਤੂੰ ਅਸੀਂ ਮਕਾਨ ਪਾਈਏ ਮੂੰਹੋਂ ਮੰਗ ਦਈਏ ਅਸਾਂ ਤਿਆਰ ਕਰਕੇ। ਬਾਬਾ ਕਹੇ ਤੇਰਾ ਘਰ ਬਹੁਤ ਸੋਹਣਾ ਮੇਰਾ ਤੱਕਦਾ ਕਿਉਂ ਨਿਰਾਧਾਰ ਕਰਕੇ। ਧਨੀ ਕਹੇ ਮੇਰਾ ਟੱਬਰ ਬਹੁਤ ਭਾਰਾ ਸਾਨੂੰ ਲੋੜ ਬਹੁਤੀ ਸ਼ਾਹੂਕਾਰ ਕਰਕੇ। ਤੂੰ ਵੀ ਨਹੀਂ ਮਕਾਨ ਬਨਾਇ ਸੱਕਦਾ ਤੇਰੇ ਪੱਲ ਨਾ ਕੁਝ ਰੁਜਗਾਰ ਕਰਕੇ।

ਸਾਨੂੰ ਦੇਂਈਬਾਬਾ ਤੈਥੋਂਨਹੀਂਬਣਦਾ ਸਾਡੀਗੱਲਤੂੰ ਮੰਨਅਤ ਦਾਰ
ਕਰਕੇ। ਬਾਬਾ ਕਹੈ ਬਣਾਊਂਗਾ ਆਪ ਆਕੇ ਮਾਲਕ ਕਰੂ ਮੇਰਾ
ਕ੍ਰਿਪਾਧਾਰ ਕਰਕੇ। ਕਾਲ੍ਹਾਸਿੰਘ ਹੈ ਧਨੀ ਹੰਕਾਰ ਭਰਿਆ ਬਾਬਾ
ਬੋਲਦਾ ਸ਼ਬਦ ਉਚਾਰ ਕਰਕੇ॥ ੯੧ ॥

ਰਾਗ ਧਨਾਸਰੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੨੦

ਗਹਿਰੀਕਰਕੈਨੀਵਖੁਦਾਈਊਪਰਿਮੰਡਪਛਾਏ ॥ ਮਾਰਕੰਡੇਤੇਕੋਅਧਿਕਾਈਜਿਨਤ੍ਰਿਣਧਰਮੂੰਡ
ਬਲਾਏ॥੧॥ਹਮਰੋਕਰਤਾਰਾਮੁਸਨੇਹੀ॥ਕਾਹੇਰੇਨਰਗਰਬਕਰਤਹਹੁਬਿਨਸਿਜਾਇਝੂਠੀਦੇਹੀ॥੧
॥ਰਹਾਉ॥ ਮੇਰੀਮੇਰੀਕੈਰਉਕਰਤੇਦੁਰਜੋਧਨਸੇਭਾਈ॥ ਬਾਰਹਿਜੋਜਨਛਤ੍ਰਚਲੈਥਾਦੇਹੀਗਿਰਝਨ
ਖਾਈ॥੨॥ਸਰਬਸੋਇਨਕੀਲੰਕਾਹੋਤੀਰਾਵਣਸੇਅਧਿਕਾਈ॥ ਕਹਾਂਭਇਓ ਦਰਿਬਾਂਧੇਹਾਥੀਖਿਨ
ਮਹਿਭਈਪਰਾਈ ॥ ੩ ॥ ਦੁਰਬਾਸਾਸਿਉਕਰਤਠਗਉਰੀਜਾਦਵਏਫਲਪਾਏ ॥ ਕ੍ਰਿਪਾਕਰੀਜਨ
ਅਪਨੇਊਪਰਿਨਾਮਦੇਉਹਰਿਗੁਨਗਾਏ ॥ ੪ ॥ ੯੨ ॥

ਟੀਕਾ ਕਬਿਤ ॥ ਧਨਾਸਰੀਹੈ ਰਾਗ ਮੁਖ ਵਾਕ ਸ੍ਰੀਨਾਮਦੇਵ ਸ਼ਾਹੂ
ਕਾਰ ਤਾਂਈ' ਆਪ ਆਖਦਾਉਚਾਰਕੇ। ਕਿਸਜੀਉਨਖਾਤੂੰਐਡਾ
ਐਡਥਾਨਬੰਨ੍ਹੇ ਜਦੋਂਜਮਆਊਤਾਂਲੈਜਾਊਤੈਨੂੰਮਾਰਕੇ। ਸ਼ਾਹੂਕਾਰ
ਕਹੇ ਅਸੀਬਸਦੇਹਾਂ ਮਹਿਲਾਂ ਵਿੱਚ ਤੂੰਤਾਂ ਬੁਢਾ ਹੋਇਆ ਮਰਜਾਵੇਂ
ਬਾਬਾ ਹਾਰਕੇ। ਫੇਰ ਬਾਬਾ ਕਹੇ ਭਾਈ ਸੁਣੋਂ ਮਹਾਂਮੂਰਖੋ ਜੀ ਦੇਹੀ
ਦਾ ਵਿਸਾਹ ਨਹੀਂ ਦੇਖਲੌਵਿਚ ਤਕੇ ॥ ੯੩ ॥ ਕਃ ॥ ਕੱਚੇ ਭਾਂਡੇ
ਨੀਰ ਪਿਆ ਕਿਤਨਾ ਰਹੂਗਾ ਚਿਰ ਓੜਕ ਜਮਾਂਦੇ ਵਸ ਪੈਣਾ ਹੈ
ਜਰੂਰਤਾਂ। ਕਲੂਕਾਲਬੋੜੀਹੈ ਉਮਰਜੀ ਵਾਂਸਾਹਿਆਂ ਦੀ ਕਾਸਪਿੱਛੇ
ਐਡ ਤੂੰ ਕਰੇਂ ਹੈਂਮਗਰੂਰਤਾਂ। ਮਾਰਕੰਡੇਨਾਲੋਂ ਕੋਈਵਡਾਵੀ ਜਰੂਰ
ਨਾਹੀਂ ਕੱਖਾਂਨਾਲਸੀਸਦਾ ਲੁਕਾਇਆ ਓਸ ਨੂਰਤਾਂ। ਲੱਖ ਸਾਲ
ਰਿਖੀਦੀਸੀ ਉਮਰ ਜਰੂਰਹੋਈ ਜਾਣੇ ਜੱਗਸਾਰਾ ਰਿਖੀਸਾਰੇ ਮਸ਼
ਹੂਰਤਾਂ॥ ੯੪ ॥ ਕਬਿਤ ॥ ਕੋਠਿਓਂ ਬਗੈਰਛੰਨ ਬੰਨਕੇ ਗੁਜਾਰਾ
ਕੀਤਾ ਐਸੇ ਪਿੱਛੇ ਹੋਇਤੁਸੀਂਦੇਖਲਵੋਹਾੜਕੇ। ਤੂੰਘੀਆਂ ਪਟਾਇ
ਤੁਸੀਂ ਨੀਆਂਨੇਖੁਦਾਇਲਈਆਂ ਉਪਰ ਚੁਵਾਰੇਕੀਤੇ ਵਡੇ ਘਾੜਾਂ
ਘਾੜਕੇ। ਏਸ ਜੋ ਸਰੀਰਦਾਨਾ ਕੁਝ ਭਰਵਾਸਾ ਭਾਈ ਆਪਣੇ ਜੋ

Sri Satguru Jagjit Singh Ji Elibrary NamdhariElibrary@gmail.com

ਆਪਵਿੱਚਦੇਖਲਵੇਤਾੜਕੇ। ਏਹੋਵਾਤ ਸੁਣ ਕਿਹਾਂ ਮੂਰਖਾਂਨੇ ਬਾਬੇ ਜੀਨੂੰ ਆਪਣਾ ਹਮਾਇਤੀਲਿਆਂਈਕੋਈਚਾੜਕੇ॥੮੫॥ਕਬਿਤ॥ ਕਹੇ ਨਾਮਦੇਵ ਕਰਤਾ ਰਾਮ ਹੈ ਸਨੇਹੀ ਮੇਰਾ ਓਸਤੇ ਬਗੈਰ ਨਾ ਹਮਾਇਤੀ ਸਨੇਹੀਹੈ। ਕਾਹੇਰੇਤੂੰ ਨਰਐਡਾ ਕਰਦਾ ਗਰਬਭਾਈ ਬਿਨਸੇ ਜਰੂਰ ਜੇੜੀ ਝੂਠੀਤੇਰੀਦੇਹੀਹੈ। ਭਲੇ ਨਰਸੋਈ ਜੋਪਕੜੇਗਾ ਸ਼ਰਨ ਵਾਹਿਗੁਰੂ ਦੀ ਛੱਡਤੂੰ ਗੁਮਾਨ ਸੱਚੀ ਗੱਲ ਮੇਰੀ ਏਹੀ ਹੈ। ਬੋਲਿਆ ਹੰਕਾਰੀ ਰੀਸ ਬਾਬਾਜੀ ਤੂੰ ਸਾਡੀ ਕਰੇਂ ਅਸੀਂਹਾਂ ਮਨੁਖਾਂ ਵਾਲੇ ਹਿੰਮਤ ਬਥੇਰੀ ਹੈ॥ ੮੬॥ ਕਬਿੱਤ ॥ ਸ਼ਾਂਨਤੀ ਦੇ ਨਾਲ ਬਾਬਾ ਅਗਲੀ ਸੁਣਾਵੇਤੁਕ ਦੇਖੋ ਭਾਈਕੈਰੋਂ ਵਡੇਹੋਇ ਬਲਵਾਲੇ ਨੇ। ਮੇਰੀ ਮੇਰੀ ਕੈਰੋਂ ਦੁਰਜੋਧਨਦੇ ਭਾਈ ਕਹਿੰਦੇ ਵਡੇ ਜੋ ਮਨੁੱਖਾਂ ਵਾਲੇ ਕਾਲਬਲੀ ਗਾਲੇਨੇ। ਓਹੋਦੁਰਜੋਧਨ ਜੋ ਵੱਡਾਭਾਰੀਸੂਰਮਾ ਸੀ ਸੋਭਾਈ ਵਾਲੇ ਦੇ ਵੀ ਸੁਣੋ ਤੁਸੀ ਹਾਲੇ ਨੇ । ਛਤ੍ਰ ਝੁਲੇਂਦਾ ਬਾਰਾਂਜੋਜਨਾਂਦਾ ਸੀਸ ਉੱਤੇ ਦੇਹੀਵੀ ਨਾਂ ਗਿਲਜਾਂਨੇ ਖਾਧੀ ਇਹੋ ਚਾਲੇਨੇ॥ ੮੭॥ ਕਬਿੱਤ ॥ ਬੋਲਿਆ ਹੰਕਾਰੀ ਸ਼ਾਹੂਕਾਰ ਫੇਰ ਬਾਬੇਜੀਨੂੰ ਛੰਨਤੇਰੀ ਕੱਖਾਂਦੀਤੂੰਕੀਹੈਂ ਸਾਨੂੰਦਸਦਾ। ਤੇਰੇ ਨਾਲੋਂ ਸਾਡਾ ਹੈ ਮਕਾਨ ਦੇਖ ਕੇਹਾ ਸੋਹਣਾ ਸਾਂਨੂੰ ਬਾਬਾ ਦੱਸਕੇ ਕਹਾਣੀ ਆਂ ਤੂੰ ਹੱਸਦਾ। ਏਹੋ ਗੱਲ ਸੁਣ ਬਾਬੇ ਕਿਹਾ ਸ਼ਾਹੂਕਾਰਤਾਂਈਸੁਣ ਸ਼ਾਹੂਕਾਰ ਕਾਹਨੂੰ ਝੂਠ ਵਿੱਚ ਫਸਦਾ। ਰੌਣ ਨਾਲੋਂ ਸੋਣਾਵੀ ਮਕਾਨ ਤੇਰਾ ਨਹੀਂ ਵੀਰਾ ਜੀਵੇਵਿੱਚਭਾਈ ਰੌਣ ਦਿਨਰਾਤ ਵੱਸਦਾ॥ ੮੮॥ ਕਬਿੱਤ ॥ ਸਾਰੇਜੋਸੁਬ੍ਰਨਦੀ ਲੰਕਸੋਣੀਬਣੀ ਹੋਈ ਬਸਦਾ ਸੀ ਰੌਣਜੀਦੇ ਵਿੱਚ ਅਧਿਕਾਈ ਹੈ। ਦੂਰਗਏ ਕਿਤੇ ਦਰਬੰਨੇ ਹੋਏ ਹਾਥੀਜੇੜੇ ਇੱਕ ਖਿਨਵਿਚ ਸੋਈ ਭਈਜੋਪਰਾਈਹੈ। ਲੰਕਾਨਾਲੋਂ ਸੋਹਣਾ ਨਾ ਮਕਾਨ ਤੇਰਾ ਜਰਾਭਾਈ ਰੌਣ ਨਾਲੋਂ ਥੁਹਾਡੀ ਕੋਈ ਵਡੀ ਨਾ ਵਡਾਈਹੈ। ਰਾਮਚੰਦ ਰਾਵਣ ਨਾ ਲੰਕਾਸੋਣੀ ਕੌਮਰਹੀ

Sri Satguru Jagjit Singh Ji Elibrary NamdhariElibrary@gmail.com

ਸੁਫਨੇਦੀ ਖੇਡ ਕੁਛਬਿਰਨਾਰਹਾਈਹੈ ॥ ੮੯ ॥ ਕਬਿਤ ॥ ਫੇਰ ਸ਼ਾਹੂਕਾਰ ਨਾਮਦੇਵਜੀ ਨੂੰ ਆਖਦਾ ਹੈ ਕਰਦਾ ਮਖੌਲ ਨਾਲੇ ਹੱਸ ਮੁਸ਼ਕਰਾਇਨੇ। ਉਹਨਾਂਵਲ ਦੇਖਫੇਰਨਾਮਦੇਵਬੋਲਦੇਨੇ ਸ੍ਰੀ ਮੁਖ ਵਾਕ ਉਪਦੇਸਜੋ ਸੁਣਾਇਨੇ। ਦੁਰਬਾਸਾ ਨਾਲ ਜਿਨਾ ਕੀਤਾਸੀ ਮਖਉਲ ਭਾਈ ਜਾਦਵਾਂਨੇ ਦੇਖੋ ਕੇਹੇ ਜੇਹੇ ਫਲਪਾਇਨੇ। ਸੰਤਾਂਨੂੰ ਕਰੇ ਜੋ ਮਖਉਲ ਸੋਈ ਭਲਾ ਨਾਹੀਂ ਜਾਦਵਾਂ ਮਖਉਲ ਕਰ ਬੰਸ ਵੀ ਡੁਬਾਇਨੇ ॥ ੯੦ ॥ ਕਬਿੱਤ ॥ ਕਹੇ ਨਾਮਦੇਵ ਮੇਰੇ ਉਤੇ ਕ੍ਰਿਪਾਵਾਹਿਗੁਰੂਦੀ ਦਿਨੇਰਾਤਮੈਤਾਂ ਗੁਣ ਵਾਹਿਗੁਰੂਦੇ ਗਾਉਂਦਾ। ਸੱਚਾ ਉਪਦੇਸ਼ ਹੈ ਸੁਣਾਇਆ ਸ਼ਾਹੂਕਾਰ ਤਾਂਈ ਮੂਰਖ ਕਬੀਲਾ ਭਾਰਾਸੁਣਸਰਮਾਉਂਦਾ।ਖਿੱਚਲੀਨਾਂਚਿੱਤਡਿਗਪਿਆਵਿੱਚਚਰਨਾਂ ਦੇਖਤ੍ਰਾਸ਼ਾਹੂਕਾਰਭੁਲਆਪਬਖਸ਼ਾਉਂਦਾ। ਪੁਛਕੇ ਭਜਨਪਰਵਾਰ ਸਾਰਾ ਸਿਖ ਹੋਇਆ ਆਪਣੀਹੈ ਜਿੰਦਗੀਨੂੰ ਸੁਫਲ ਕਰਾਉਂਦਾ॥

### ਬਾਬੇ ਜੀ ਦੀ ਪੁਤ੍ਰੀ ਲਿੰਬਾ ਬਾਈ ਦਾ ਜਨਮ ਹੋਣਾ ਉਮਰ ਸਾਲ ੨੨

ਬੇੜੀ ਸੰਗ ਵੀ ਲੋਹਾ ਇਉਂ ਤਰੇ ਭਾਈ ਸ਼ਾਹੂਕਾਰ ਦਾ ਵੀ ਟੱਬਰ ਤਾਰਿਆ ਹੈ। ਪਿਆਰੇ ਰੱਬਦੇ ਸਰਬ ਦਾ ਭਲਾ ਚਹੁੰਦੇ ਵੈਰ ਕਿਸੇ ਦੇ ਨਾਲ ਨਾ ਧਾਰਿਆ ਹੈ। ਸੱਤਿ ਧਰਮ ਉਪਦੇਸ਼ ਵਿਦ੍ਵਾਨ੍ ਸਭ ਨੂੰ ਵੈਰੀ ਮੀਤ ਨਾਂ ਕੋਈ ਵਿਚਾਰਿਆ ਹੈ। ਨਾਮ ਦੇਵ ਜੀ ਦੇ ਪ੍ਰਗਟ ਹੋਈ ਬੀਬੀ ਲਿੰਬਾ ਬਾਈ ਜੀ ਨਾਮ ਉਚਾਰਿਆ ਹੈ। ਸੰਮਤ ਤੇਰਾਂ ਸੌ ਵਿੱਚ ਛਿਤਾਲੀਏ ਦੇ ਲਿੰਬਾ ਬਾਈ ਜੀ ਜਨਮੁ ਸੁਧਾਰਿਆ ਹੈ। ਕਾਲਾਸਿੰਘਸਾਰੇਉਪਦੇਸ਼ਕਰਦੇਸਾਲਇੱਕੀਤੇਬਾਈਗੁਜਾਰਿਆ ਹੈ

### ਬਾਬੇ ਜੀ ਦੀ ਭੈਣ ਦੇ ਬਾਬੇ ਨਾਲ ਬਚਨ ਉਮਰ ਸਾਲ ੨੨

ਭੈਣ ਬਾਬੇ ਜੀ ਦੀ ਆਊ ਬਾਈ ਨਾਮੇਂ ਕਹੇ ਬਾਬੇ ਨੂੰ ਸੁਣੀ ਤੂੰਗੱਲ ਵੀਰਾ। ਲੀੜਾ ਕਪੜਾ ਤੇਰਾ ਹੈ ਦਗਦ ਹੋਇਆ ਸਾਰਾ ਘਰੁਗਿਆ ਖਾਕ ਰੱਲ ਵੀਰਾ।ਵਡਾ ਕਸ਼ਟ ਰਹਿੰਦਾ ਭਾਰਾ ਅਉਖ ਸਾਨੂੰ ਸ਼ਰਦ

Sri Satguru Jagjit Singh Ji Elibrary NamdhariElibrary@gmail.com

ਰੁੱਤ ਆਈ ਅੱਜ ਕੱਲ ਵੀਰਾ। ਕਾਲਾ ਸਿੰਘ ਤੂੰ ਮਾਈਤੇ ਟਕੇਲੈਕੇ ਘਰ ਬਣਾਂਉਣ ਨੂੰ ਕਿਤੇ ਵਲ ਚੱਲ ਵੀਰਾ॥ ੯੩॥

ਬਾਬੇ ਜੀ ਨੇ ਭੈਣ ਨੂੰ ਉਪਦੇਸ਼ ਕਰਨਾ ਉਮਰ ਸਾਲ ੨੨

ਆਊ ਬਾਈ ਜੀ ਨੂੰ ਬਾਬਾ ਕਹਿਣ ਲੱਗਾ ਵਲਿਹਾਰ ਵਲਿਹਾਰ ਵਲਿਹਾਰ ਬੀਬੀ।ਜਿਸ ਪਥੀ ਪੂਰਨ ਕੌਤਕ ਔਡ ਕੀਤਾ ਦੇਵੇ ਘਰੂ ਵੀ ਓਹੋ ਸੁਮਾਰ ਬੀਬੀ। ਤੁਸੀ ਭਜਨ ਕਰਨਾਂ ਸੱਚੇ ਵਾਹਿਗੁਰੂ ਦਾ ਕਰੋ ਹੋਰ ਨਾਂ ਸੋਚ ਵਿਚਾਰਬੀਬੀ।ਕਾਲਾਸਿੰਘ ਨਾ ਤੁਸੀ ਵੀ ਫਿਕਰ ਕਰਨਾ ਫਿਕਰ ਕਰੂ ਆਪੇ ਕਰਨ ਹਾਰ ਬੀਬੀ॥ ੯੪॥

ਵਾਕ ਕਵੀ ਉਮਰ ੨੨ ਸਾਲ

ਰੋਣਾ ਬਾਈ ਮਾਤਾ ਜੀ ਨੇ ਸੱਦ ਕਰਕੇ ਬਾਬੇ ਭਾਂਈ ਰੁਪਏ ਫੜਾ ਦਿੱਤੇ।ਛਪਰ ਕਰਨ ਦਾ ਕਰੀਂ ਪਰਬੰਧ ਭਾਈ ਏਹੋ ਮੁੱਖ ਤੋ ਬਚਨ ਸੁਣਾ ਦਿਤੇ।ਘਰੋਂ ਗਿਆ ਪ੍ਰੇਮ ਦੇ ਵਿੱਚ ਬਾਬਾ ਜਾਕੇ ਸਾਧੂਆਂਤਾਂਈ ਫੜਾ ਦਿੱਤੇ। ਅੰਨ ਖਾਧਾ ਸੀ ਨਹੀ ਮਹਾਤਮਾ ਨੇ ਲਿਆਕੇ ਰਸਤ ਪ੍ਰਸ਼ਾਦਿ ਛਕਾ ਦਿੱਤੇ। ਬਾਬਾ ਜਾਇਕੇ ਤੇ ਜੰਗਲ ਵਿੱਚ ਬੈਠਾ ਸੁਰਤ ਸ਼ਬਦ ਸਮਾਧ ਲਗਾ ਦਿੱਤੇ। ਘਰ ਦੀ ਸੋਚ ਹੋਈ ਸਰਦ ਰੁਤਆਈ ਚਿੱਤ ਵਿੱਚ ਧਿਆਨ ਨੇ ਆ ਦਿੱਤੇ।ਘਰੋਂ ਬਾਲ ਬਚਾ ਮੇਰਾਵਾਹਿਰ ਬੈਠਾ ਤੈਨੂੰ ਬੀਠਲਾਫਿਕਰਅਲਾਦਿੱਤੇ।ਬਾਬਾ ਕਹੇਮੈਨੂੰਘਰੋਂ ਵਾਹਿ ਰ ਰੱਖੀਂ ਫੁਰਨੇ ਸਬਦ ਦੇ ਚਿੱਤ ਭੁਰਾ ਦਿੱਤੇ॥ ੯੫॥

ਰਾਗ ਗੂਜਰੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ੨੨ ਸਾਲ

ਜੌਰਾਜਦੇਹਿਤਕਵਨਬਡਾਈ॥ ਜੌਭੀਖਮੰਗਾਵਹਿਤਕਿਆਘਟਜਾਈ॥ ੧॥ ਤੂੰਹਰਿਭਜੁਮਨਮੇਰੇ ਪਦੁਨਿਰਬਾਨ॥ ਬਹੁਰਿਨਹੋਇਤੇਰਾਆਵਨਜਾਨ॥ ੯੬॥

ਟੀਕਾ ਬੈਂਤ॥ ਗੁਜਰੀ ਰਾਗ ਅੰਦਰ ਬਾਬਾ ਸਿਫਤ ਕਰਦਾ ਤੇਰਾ ਆਵੇ ਨਾ ਅੰਤ ਸੁਮਾਰ ਸਤਿਗੁਰ। ਰਾਜ ਦੇਵੇਂ ਤਾਂ ਕੀ ਵਡਿਆਈ ਤੇਰੀ ਭੀਖ ਮੰਗਾਂ ਤਾਂ ਕਾਸਦੀ ਹਾਰ ਸਤਿਗੁਰ। ਜਪੁ ਰਾਮ ਮੇਰੇ ਮਨਾਂ ਦਿਨੇ ਰਾਤੀ ਜਨਮੁ ਹੋਇਗਾ ਨਾ ਬਹੁਤੀ ਵਾਰ ਸਤਿਗੁਰ।

Sri Satguru Jagjit Singh Ji Elibrary NamdhariElibrary@gmail.com

ਕਾਲਾ ਸਿੰਘ ਕਰਤਾਰ ਦੀ ਸਿਫਤ ਕਰਦਾ ਬਾਬਾ ਆਖਦਾ ਤੂੰ ਕਰਨ ਕਾਰ ਸਤਿਗੁਰ ॥ ੯੭ ॥

ਅਕਾਲ ਪੁਰਖ ਨੇ ਬਾਢੀ ਦਾ ਰੂਪ ਹੋਕੇ ਘਰ ਕਰਨਾ ਬਾਬੇ ਜੀਦਾ ਉਮਰ ੨੨ ਸਾਲ

ਨਾਮ ਦੇਵਜੀ ਲਾਇ ਸਮਾਧ ਬੈਠੇ ਕੀਤਾ ਵਾਹਿਗੁਰੂ ਵਲਧਿਆਨ ਸੰਤੋ । ਸ਼ਬਦ ਨਾਲ ਅਡੋਲ ਹੋ ਸੁਰਤ ਜੋੜੀ ਹੋ ਅਧੀਨ ਲਾਇਆ ਮਨੋ ਤਾਨ ਸੰਤੋ । ਮਨਸਾ ਛੱਪਰ ਬਣਾਉਣ ਦੀ ਚਿੱਤ ਧਾਰੀ ਫੋਟੂ ਖਿੱਚਕੇ ਤੇ ਆਲੀਸ਼ਾਨ ਸੰਤੋ । ਸੱਭ ਮੂਰ ਭਗਤਾਂ ਵੱਸ ਰੱਬ ਰਹਿੰਦਾ ਕਹਿ ਗੁਰੂ ਹੀ ਬਬਾਨ ਸੰਤੋ । ਨ੍ਰਿਗੁਣ ਆਪ ਸਰਗੁਣ ਆਪੇ ਆਪ ਹੈਗਾ ਫਰਤਵ ਆਪਣੇ ਰਿਹਾ ਹੈ ਜਾਨ ਸੰਤੋ । ਭਗਤ ਆਪਣੇ ਦੀ ਵਿਰਿਆ ਵਿ ਸੁਣਕੇ ਕਰੇ ਭਗਤ ਦਾ ਕੰਮ ਅਸਾਨ ਸੰਤੋ ਭਗਤ ਉਸਦੇ ਜੀਵ ਸਦਾਮਦੇ ਨੇ ਕਰਦੇ ਉਸਦੇ ਕੰਮ ਨੂੰ ਜਾਨ ਸੰਤੋ । ਓਹ ਵੀ ਆਪਣੇ ਜਨਾਂ ਦਾ ਕੰਮ ਕਰਦਾ ਬਾਢੀ ਰੂਪ ਧਾਰੇ ਭਗਵਾਨ ਸੰਤੋ । ਛੱਪਰ ਆਪ ਪ੍ਰੇਮ ਦੇ ਨਾਲ ਬੰਨੇ ਰਬ ਰੂਪ ਧਰਕੇ ਤਰਖਾਨ ਸੰਤੋ । ਵੇਖਣ ਵਾਲੇ ਵੀ ਹੋਣ ਅਨੰਦ ਸਾਰੇ ਸੋਹਣੀ ਕਾਰ ਕੀਤੀ ਮੇਹਰਬਾਨ ਸੰਤੋ । ਭਜਨ ਬਾਣੀ ਦੇ ਵਾਸਤੇ ਕਰੇ ਕਵਰੇ ਬਖੇ ਬੱਖਰੇ ਜੋ ਆਲੀ ਸ਼ਾਨ ਸੰਤੋ । ਛਪਰ ਭਗਤ ਦਾ ਬੰਨ ਅਲੋਪ ਹੋਇਆ ਕਰੇ ਸਰਬਦੀ ਜੋ ਕਲਜਾਨ ਸੰਤੋ । ਕਾਲਾ ਸਿੰਘ ਨਾ ਉਸਦਾ ਅੰਤ ਆਵੇ ਦਿੰਦਾ ਸਰਬ ਨੂੰ ਆਪ ਪਰਾਨ ਸੰਤੋ ॥ ੯੮ ॥

ਵਾਕ ਕਵੀ ਉਮਰ ੨੨ ਸਾਲ

ਜੇ ਕੋਈ ਕਰੇ ਨਾ ਪੁਰਸ਼ ਅਤਵਾਰ ਕਈ ਨਾਮਦੇਵ ਦਾ ਰੱਬ ਨੇ ਘਰ ਪਾਇਆ । ਹੈਸੀ ਗੁਰੂ ਗਰੰਥ ਸਬੂਤ ਦਿੰਦਾ ਨੌਮੀ ਵਾਰ ਦੇ ਵਿਚ ਗੁਰਦਾਸ ਗਾਇਆ । ਮੂਈ ਗਊ ਅਕਾਲ ਜੀ ਵਾਲ ਦਿਤੀ ਨਾਮਦੇਵ ਜੀ ਦਾ ਛਪਰ ਆਪ ਛਾਇਆ । ਕਾਲਾ ਸਿੰਘ ਏਹ ਸਹੀ ਸਬੂਤ ਬਾਹੀ ਸਾਡੇ ਕਹਿਨ ਦੇ ਵਿਚ ਨਾ ਕੁਝ ਆਇਆ ॥ ੯੯ ॥ ਤਥਾ ॥

Sri Satguru Jagjit Singh Ji Elibrary NamdhariElibrary@gmail.com

ਪੂਰਨ ਬ੍ਰਹਮ ਗਿਆਨੀ ਨਾਮਦੇਵਆਗਾ ਵਾਹਰੋਂ ਉਠਕੇ ਘਰਾਂਨੂੰ ਆਮਦਾਹੈ।ਸੁੰਦ੍ਰਦੇਖਿਆਆਪਮਕਾਨਬਣਿਆਚਿੱਤਵਿਚਖੁਸ਼ੀ ਹੋਏ ਜਾਮਦਾਹੈ। ਮਾਤਾ ਕਹੇ ਕਾਰੀਗਰ ਭੇਜਿਆ ਤੂੰ ਛੋਡੀਵਡੀ ਮਕਾਨ ਬਣਾਮਦਾਹੈ। ਤੁਰਗਿਆ ਛੇਤੀ ਤੇਰਾ ਕੰਮ ਕਰਕੇ ਸਾਨੂੰ ਕਿਤੇਵੀ ਨਜਰ ਨਾ ਆਮਦਾਹੈ। ਬਾਬਾ ਕਹੇ ਮੈ ਓਸਦਾ ਕੰਮ ਕਰਦਾ ਮੇਰਾ ਆਪ ਓਹ ਕੰਮ ਕਰਾਮਦਾ ਹੈ। ਨਾਮਦੇਵ ਦੇ ਇਕ ਗਵਾਂਢ ਮਾਈ ਛਪਰ ਓਸਤਾਂਈ ਨਜਰ ਆਂਮ ੀ ਹੈ। ਸੁੰਦ੍ਰ ਓਸਨੇ ਬਹੁਤ ਮਕਾਨ ਡਿੱਠਾ ਚਿੱਤ ਓਸਦਾਵੀ ਲਲਚਾਮਦਾਹੈ। ਕਾਲਾਸਿੰਘ ਓਹ ਦੇਖ ਹੈਰਾਨਹੋਈ ਪੁਛੇਭਗਤਨੂੰ ਭਗਤਸੁਣਾਮਦਾਹੈ॥ ੧੦੦ ॥

ਰਾਗ ਸੋਰਠ ਸਬਦ ਸ੍ਰੀ ਨਾਮਦੇਵ ਜੀ ਉਮਰ ੨੨ ਸਾਲ

ਪਾੜਪੜੋਸਣਿਪੂਛਿਲੇਨਾਮਾਕਾਪਹਿਛਾਨਿਛਵਾਈਹੋ ॥ ਤੋਪਹਿਦੁਗਣੀਮਜੂਰੀਦੈਹਉਮੋਕਉਬੇਢੀ ਦੇਹੁਬਤਾਈਹੋ ॥ ੧ ॥ ਰੀਬਾਈਬੇਢੀਦੇਨੁਨਜਾਈ ॥ ਦੇਖੁਬੇਢੀਰਹਿਓਸਮਾਈ।ਹਮਾਰੈਬੇਢੀਪ੍ਰਾਨ ਅਧਾਰਾ ॥ ੧ ॥ ਰਹਾਉ ॥ ਬੇਢੀਪ੍ਰੀਤਿਮਜੂਰੀਮਾਂਗੈਜਉਕੋਊਛਾਨਿਛਵਾਵੈਹੋ ॥ ਲੋਗਕੁਟੰਬਸਭਹੁ ਤੇਤੋਰੈਤਉਆਪਨਬੇਢੀਆਵੈਹੋ ॥ ੨ ॥ ਐਸੋਬੇਢੀਬਰਨਿਨਸਾਕਉਸਭਅੰਤਰਸਭਠਾਂਈਹੋ ॥ਗੂੰਗੈ ਮਹਾਂਅੰਮ੍ਰਿਤਰਸੁਚਾਖਿਆਪੂਛੇਕਹਨੁਨਜਾਈਹੋ ॥ ੩ ॥ ਬੇਢੀਕੇਗੁਨਸੁਨਿਰੀਬਾਈਜਲਧਬਾਂਧਿ ਧ੍ਰੂਅ ਥਾਪਿਓਹੋ ॥ ਨਾਮੇਕੇਸੁਆਮੀਸੀਅਬਹੋਰੀਲੰਕਭਭੀਖਣਆਪਿਓਹੋ ॥ ੪ ॥ ੨ ॥ ੧੦੧ ॥

ਟੀਕਾ ਕਬਿਤ ॥ ਸੋਰਠ ਹੈ ਰਾਗ ਭਾਈ ਗੁਰੂਜੀ ਗਰੰਥ ਵਿਚ ਸ੍ਰੀ ਨਾਮਦੇਵ ਕਥਾ ਮਾਈ ਪ੍ਰਤ ਗਾਈ ਹੈ। ਪਾਸਦੀ ਪੜੋਸਣ ਜੋ ਪੂਛੇ ਨਾਮ ਦੇਵ ਜੀ ਨੂੰ ਦਸੋ ਮਹਾਂਰਾਜ ਛੰਨ ਕਿਸ ਤੇ ਛਵਾਈ ਹੈ। ਤੇਰੇ ਨਾਲੋਂ ਦੁਗਣੀ ਮਜੂਰੀ ਜੀ ਮੈਂ ਦੇਵੰਦੀ ਹਾਂ ਮੈਨੂੰ ਮਹਾਰਾਜ ਬੇਢੀ ਦਿਓਖਾਂ ਬਤਾਈਂ ਹੈ।ਕਹੇ ਨਾਮਦੇਵ ਬੇਢੀ ਦਸਿਆ ਨਾਂਜਾਇ ਭੈਣ ਬੇਢੀ ਮਹਾਰਾਜ ਸਾਰੇ ਰਿਹਾ ਜੋ ਸਮਾਈ ਹੈ॥੧੦੨॥ ਕਃ ਮੇਰਾ ਹੈਗਾ ਬੇਢੀ ਜੋਪਰਾਣਾ ਦਾ ਅਧਾਰਬਾਈ ਪਰੀਤ ਦੀ ਮਜੂਰੀ ਮੰਗੇ ਛੰਨ ਜੋ ਛਵਾਉਂਦਾ। ਲੋਕ ਤੇ ਕੁਟੰਬ ਨਾਲੋਂ ਸਾਰਿਆਂ ਦੇ ਤੋੜਦਾਹੈ ਫੇਰ ਬਾਈ ਬੇਢੀ ਘਰ ਆਪੇ ਆਇ ਜਾਉਂਦਾ।ਐਸਾਬੇਢੀ ਬ੍ਰਨਨਾਂ ਸੱਕਾਂ ਬਾਈ ਮੂਖਤੇ ਮੈਂ ਬਸੇ ਸਭ ਅੰਦਰ ਥਾਂਈ ਸਾਰੇ ਵਿਸਆਉਂ

ਦਾ। ਜਿਵੇਂ ਗੂੰਗੇ ਆਦਮੀ ਅੰਮ੍ਰਿਤ ਰਸੁ ਚੱਖਿਆ ਹੈ ਪੁਛੀਏ ਜੇ ਓਸਨੂੰ ਕੀ ਕਹਿਕੇ ਸੁਣਾਉਂਦਾ ॥੧੦੩॥ ਕ: ਬੇਦੀ ਦੇ ਜੋ ਗੁਣ ਚਿੱਤ ਲਾਇ ਸੁਣ ਭੈਣ ਮੇਰੀ ਸਾਗਰ ਨੂੰ ਬੰਨ ਤਾਰੇ ਥਾ ਪੇ ਥਾ ਉਥਾਂਈ ਹੋ। ਜੀ ਨੇ ਚੰਦ ਤਾਰੇ ਲਾਇਆ ਸੂਰਜ ਅਕਾਸ਼ ਵਿਚ ਦਿੰਦਾ ਸੁਖ ਸਾਰੇ ਮੇਰਾ ਵਾਹਿਗੁਰੂ ਸਗਾਈ ਹੋ। ਓਸੇ ਸੀਤਾ ਵਿਛੜੀ ਮਿਲਾਈ ਰਾਮ ਚੰਦ ਜੀ ਨੂੰ ਭਭੀਖਣ ਨੂੰ ਗੱਦੀ ਲੰਕ ਰਾਜ ਦੀ ਦੁਵਾਈ ਹੋ। ਕਹੇ ਨਾਮ ਦੇਵ ਜੀ ਨੇ ਐਡੇ ਐਡੇ ਕੰਮ ਕੀਤੇ ਮੇਰੇ ਉਤੇ ਕ੍ਰਿਪਾ ਓਸੇ ਵਾਹਿਗੁਰੂ ਕਰਾਈ ਹੋ ॥ ੧੦੪ ॥

ਵਾਕ ਕਵੀ ਸਾਲ ੨੨

ਬੇਦੀ ਉਸੇ ਨੇ ਬਾਬੇ ਦੀ ਛੰਨ ਕੀਤੀ ਜੀਵਾਂ ਕਿਨੇ ਸੁਮਾਰ ਨਾ ਅੰਤ ਕੀਤਾ। ਬੇਦੀ ਓਹੋ ਆਪੇ ਰੂਪ ਧਾਰ ਆਇਆ ਨਾਮ ਧਾਰੀ ਆਂਦਾ ਜੀਨੇ ਪੰਥ ਕੀਤਾ। ਕੀਤੇ ਦੂਰ ਅਧਰਮ ਕੁਕਰਮ ਸਾਰੇ ਸਤਿ ਧਰਮ ਪ੍ਰਚਾਰ ਬਅੰਤ ਕੀਤਾ। ਨਾਮ ਦਾਨ ਇਸ਼ਨਾਨ ਵਿਗਆਨ ਖਾਤ੍ਰ ਸੂਬਾ ਕਈ ਹਜਾਰ ਮਹੰਤ ਕੀਤਾ। ਸੱਤਿ ਲੱਖ ਤੇ ਬੱਤੀ ਹਜਾਰ ਭਾਈ ਭਜਨ ਦੱਸਕੇ ਪਾਰ ਹੇ ਜੰਤ ਕੀਤਾ। ਦਿਤੇ ਲੋਕ ਕੁਟੰਬ ਤੇ ਤੋੜ ਸਾਰੇ ਰਾਮਸਿੰਘ ਸਤਿਗੁਰ ਕੰਨ ਮੰਤ ਕੀਤਾ। ਕਈਆਂ ਸਾਖੀਆਂ ਪੁਸਤਕਾਂ ਵਿਚ ਲਿਖਿਆ ਨਾਮ ਧਾਰੀਆਂ ਨੇ ਜੀ ਨੂੰ ਕੰਤ ਕੀਤਾ। ਕਾਲਾ ਸਿੰਘ ਓਹੀ ਬੇਦੀ ਸਹੀ ਆਇਆ ਛੰਨ ਛਾਪ ਜਿਨ ਨਾਮੇ ਨੂੰ ਸੰਤ ਕੀਤਾ ॥ ੧੦੫ ॥

ਬਾਬਾ ਜੀ ਦੇ ਪੁਤ੍ਰ ਨਰੈਣ ਦਾਸ ਜੀ ਦਾ ਜਨਮ ਹੋਣਾ ਉਮਰ ਸਾਲ ੨੩

ਤੇਈ ਸਾਲ ਦੀ ਭਗਤ ਦੀ ਉਮਰ ਹੋਈ ਘਰ ਇਕ ਹੋਇਆ ਪੈਦਾ ਬਾਲ ਬਾਬਾ। ਨਾਮ ਧਰਿਆ ਨਰੈਣ ਸੀ ਦਾਸ ਉਹਦਾ ਤੇਰਾਂ ਸੌ ਅਣੰਜਵਾਂ ਸਾਲ ਬਾਬਾ। ਜਾਨਾਂ ਬਾਈ ਸੇਵਕ ਨਾਮਦੇਵ ਜੀ ਦੀ ਓਹ ਵੀ ਰਹੇ ਪਰਵਾਰ ਦੇ ਨਾਲ ਬਾਬਾ। ਉਸ ਆ ਕਰ ਕੇ ਬਾਬੇ ਨੂੰ ਦਸਿਆ

ਸੀ ਘਰ ਆਪਣੇ ਹੋਇਆ ਹੈ ਲਾਲ ਬਾਬਾ। ਜਾਨਾ ਬਾਈ ਦੇ ਮੁਖ ਤੇ
ਬਚਨ ਸੁਣਕੇ ਹੋਇਆ ਭਗਤ ਨਿਹਾਲ ਨਿਹਾਲ ਬਾਬਾ। ਕਾਲਾ ਸਿੰਘ
ਤਾਰੇ ਜੀਵਾਂ ਪਾਪੀਆਂ ਨੂੰ ਦਸੇ ਭਜਨ ਅਕਾਲ ਅਕਾਲ ਬਾਬਾ॥ ੧੦੬॥

ਇਕ ਖਤ੍ਰੀ ਨੇ ਜੱਗ ਕੀਤਾ ਤੇ ਬਾਬੇ ਜੀ ਨੇ ਉਪਦੇਸ ਕੀਤਾ ਉਮਰ ਸਾਲ ੨੩

ਪੰਡਰ ਪੁਰੀ ਅੰਦਰ ਇਕ ਬਸੇ ਭਾਈ ਧਨਮਾਲ ਵਾਲਾ ਸ਼ਾਹੂਕਾਰ
ਆਹਾ। ਰੋਗੀ ਰਹੇ ਅਨੇਕ ਉਪਾਓ ਕੀਤੇ ਆਇਆ ਨਾਂਹਿ ਅਰਾਮ
ਬੀਮਾਰ ਆਹਾ। ਪੁਛੇ ਪੰਡਤਾਂ ਨੂੰ ਉਹਨਾਂ ਦਸਿਆ ਤੇਰੇ ਉਪਰ ਗ੍ਰਹ
ਅਪਾਰ ਆਹਾ। ਰਾਹੂ ਕੇਤ ਤੇ ਫਈਏ ਦੀ ਦਸ਼ਾ ਤੈਨੂੰ ਛਨਿਛਰ ਸਾੜ
ਸਤੀ ਲਵੇ ਮਾਰ ਆਹਾ। ਹਿੱਸਾ ਦਾਨ ਕਰਦੇ ਆਵੇ ਰਾਮ ਤੈਨੂੰ ਕਿਹਾ
ਪੰਡਤਾਂ ਨੇ ਵਾਰਵਾਰ ਆਹਾ। ਬਚਨ ਪੰਡਤਾਂ ਦਾ ਮੰਨ ਜੱਗ ਕਰਦਾ
ਖੋਲ ਦਿਤਾ ਸੀ ਉਸ ਭੰਡਾਰ ਆਹਾ। ਮੂੰਹੋਂ ਮੰਗੀ ਗਰੀਬ ਲੈ ਚੀਜ
ਜਾਂਦੇ ਧਨੀ ਬੋਲਦਾ ਨਾਲ ਹੰਕਾਰ ਆਹਾ। ਸਾਧੂ ਸੰਤ ਗਰੀਬ ਨੇ ਸਰਬ
ਲੈ ਗਏ ਕਹੇ ਨੌਕਰਾਂ ਤਾਂਈ ਪੁਕਾਰ ਆਹਾ। ਓਹਨਾਂ ਆਖਿਆ ਹੋਰ ਤਾਂ
ਸਰਬ ਲੈ ਗਏ ਨਾਮਦੇਵ ਰਹਿੰਦਾ ਕ੍ਰਿਪਾਧਾਰ ਆਹਾ। ਧਨੀ ਕਹੇ ਬੁਲਾਓ
ਤਾਂ ਗਿਆ ਨੌਕਰ ਨਾਮਦੇਵ ਨੂੰ ਕਹੇ ਉਚਾਰ ਆਹਾ। ਸੇਠ ਆਪ ਨੂੰ ਜੀ
ਧਨ ਦੇਣ ਖਾਤ੍ਰ ਤੇ ਬੁਲਾਂਵਦਾ ਹੈ ਮੁਖੇਂਟਾਰ ਆਹਾ। ਬਾਬਾ ਕਹੇ ਓਹ
ਕਉਣ ਹੈ ਦੇਣਵਾਲਾ ਸਾਨੂੰ ਰੋਜ ਦੇਵੇ ਕਰਨ ਹਾਰ ਆਹਾ। ਨੌਕਰ
ਆਨਕੇ ਧਨੀ ਨੂੰ ਹਾਲ ਦੱਸੇ ਧਨੀ ਫੇਰ ਭੇਜੇ ਦੂਜੀ ਵਾਰ ਆਹਾ। ਬਾਬਾ
ਕਹੇ ਮੈ ਭੁਖੇ ਦਿਵਾਲੀਏ ਦਾ ਕਾਹਨੂੰ ਜਾਇਕੇ ਕਰਾਂ ਦੀਦਾਰ ਆਹਾ।
ਨੌਕਰ ਕਹੇ ਜੀ ਤੁਸੀ ਕੰਗਾਲ ਦਸੋ ਓਹ ਤਾਂ ਧਨੀ ਵਡਾ ਸ਼ਾਹੂਕਾਰ ਆਹਾ।
ਬਾਬਾ ਕਹੇ ਜਿਦ ਪੱਲੇ ਨਾਮ ਨਾਂਹੀ ਹੈ ਓਹ ਵਡਾ ਕੰਗਾਲ ਗੁਵਾਰ
ਆਹਾ। ਨੌਕਰ ਜਾਇ ਨਿਰਭਈ ਨੇ ਬਚਨ ਦਸੇ ਕੰਬ ਗਿਆ ਸ਼ਾਹੂ
ਕਾਰ ਹਾਰ ਆਹਾ। ਪੂਰਾ ਪੁਰਖ ਸੀ ਸੰਤ ਮਲੂਮ ਕੀਤਾ ਜੀ ਦੇ ਚਿੱਤ ਨਾ ਧਨ
ਦੀ ਰਾਰ ਆਹਾ। ਹੱਥ ਜੋੜ ਆਖੀਂ ਜਾਇ ਨੌਕਰਾ ਤੂੰ ਸੇਠ ਆਪ ਕਾਮੀਂ ਗੀ

Sri Satguru Jagjit Singh Ji Elibrary NamdhariElibrary@gmail.com

ਦੀਦਾਰਆਹਾ। ਏਸੇਤੌਰ ਨੌਕਰਜਾਇਅਰਜਕੀਤੀਬਾਬੇਮੰਨਲਈ ਨਾਲ ਪਿਆਰ ਆਹਾ। ਮਹਾਰਾਜ ਜੀ ਸੇਠਦੇ ਘਰ ਪੁਜੇ ਸੇਠ ਕਰੀ ਚਰਨੀ ਨਮਸਕਾਰਆਹਾ। ਅਦਬਨਾਲਬਠਾਲਕੇ ਅਰਜ ਕਰਦਾ ਧਨ ਕਰੋਮੇਰਾਅੰਗੀਕਾਰ ਆਹਾ। ਬਾਬਾਕਹੇ ਮੈ ਮਾਇਆ ਨਾ ਲੈਣ ਆਇਆ ਤੇਰੇ ਪਾਸ ਹੈ ਤਾਂ ਦੇ ਦੇ ਜ਼ਾਰ ਆਹਾ। ਕਾਗਜ ਉਪਰਹੈ ਵਾਹਿਗੁਰੂ ਨਾਮ ਲਿਖਿਆ ਦੇਦੇ ਏਸ ਬਰਾਬਰ ਤੂੰ ਭਾਰ ਆਹਾ। ਸੇਠ ਹੱਸਕੇ ਕਹੈਮਖਉਲਕਰਦੇ ਏਸ ਨਾਲਕੀਚਤੂਵਿਚਾਰਆਹਾ। ਬਜਨਦਾਰ ਦਵੇ ਤਾਂਮੇ ਤੋਲ ਦੇਵਾਂ ਕਾਗਜ ਬਹੁਤ ਹੌਲਾ ਸ਼ਰਾਸਾਰ ਆਹਾ। ਬਾਬਾਕਹੇਬਰਾਬਰਤੂੰਦਈਂਏਦੇਸੇਠਡਲੀਸੋਨਾ ਦਿਤਾਡਾਰ ਆਹਾ। ਕਾਜਗਰਿਹਾਨੀਮਾਂਛਾਬਾਉਠਿਆਨਾਛਾਬਾਸੋਨੇਦਾਗਿਆ ਉਚਾਰਆਹਾ। ਸੇਠਚੱਕ ਸੋਨਾਭਾਰੀ ਇੱਟ ਪਾਈ ਛਾਬਾ ਉਠਿਆ ਨਾ ਕਾਗਜ਼ ਭਾਰ ਆਹਾ। ਘਰਦਾ ਸਰਬ ਸੋਨਾ ਸੇਠ ਚਾੜ੍ਹ ਦਿਤਾ ਛਾਬਾ ਉਚੇਦਾ ਉਚਾ ਵਿਚਾਰ ਆਹਾ। ਘਰਦੀ ਸਰਬ ਚਾਂਦੀ ਛਾਬੇ ਵਿਚਪਾਈ ਕਾਗਜ ਰਿਹਾ ਭਾਰਾ ਓਸੇ ਸਾਰ ਆਹਾ। ਸੇਠ ਹੋਇ ਹੈਰਾਨ ਹੈ ਸ਼ਰਨ ਪੈਂਦਾ ਬਾਬਾ ਸੇਠ ਨੂੰ ਕਹੇ ਪੁਕਾਰ ਆਹਾ। ਸ਼ਰਨ ਪਈਂ ਬੀਠਲ ਸਚੇਵਾਹਿਗੁਰੂਦੀਹੋਵੇਭਲਾ ਤੂੰ ਸਿਮਰ ਕਰਤਾਰ ਆਹਾ। ਸੇਠ ਕਹੇ ਜੀ ਮੈ ਹੋਵਾਂ ਕਿਵੇਂ ਰਾਜ਼ੀ ਤੀਰਥ ਕਰਾਂ ਜਾਂ ਜੱਗਾਂਦੀ ਕਾਰਆਹਾ। ਕਾਲਾ ਸਿੰਘ ਏਹੋ ਬਾਬਾ ਸ਼ਬਦ ਆਖੇ ਕੰਨ ਕਰੀਂ ਸੁਣੀਂ ਸ਼ਾਹੂਕਾਰ ਆਹਾ॥ ੧੦੭॥

ਰਾਗ ਗੋਂਡ ਸ਼ਬਦ ਸ੍ਰੀਨਾਮਦੇਵਜੀ ਉਮਰ ੨੩ ਸਾਲ

ਅਸਮੇਧਜਗਨੇਤੁਲਾਪੁਰਖਦਾਨੇਪ੍ਰਾਗਇਸਨਾਨੇ ॥ ੧॥ ਤਉਨਪੁਜਹਿਹਰਿਕੀਰਤਿਨਾਮਾ ॥ ਅਪਨੇਰਾਮਹਿਭਜੁਰੇਮਨਆਲਸੀਆ ॥ ੧ ॥ ਰਹਾਉ ॥ ਗਇਆਪਿੰਡਭਰਤਾ॥ ਬਨਾਰਸਅਸਿਬਸਤਾ ॥ ਮੁਖਬੇਦਚਤੁਰਪੜਤਾ ॥ ੨ ॥ ਸਗਲਧਰਮਅਛਿਤਾ ॥ ਗੁਰਗਿਆਨਇੰਦ੍ਰੀਦ੍ਰਿੜਤਾ ॥ ਖਟੁਕਰਮਸਹਤਰਹਤਾ ॥ ੩ ॥ ਸਿਵਾਸਕਤਿਸੰਬਾਦੰ ॥ ਮਨਛੋਡਛੋਡਸਗਲਭੇਦੰ॥ ਸਿਮਰਿਸਿਮਰਿਗੋਬਿੰਦੰ ॥ ਭਜੁਨਾਮਾਤਰਸਿਭਵਸਿੰਧੰ ॥ ੧੦੮ ॥

ਟੀਕਾ ਕਬਿਤ ॥ ਗੌਡਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਸੁਣੀ

Sri Satguru Jagjit Singh Ji Elibrary NamdhariElibrary@gmail.com

ਸ਼ਾਹੂਕਾਰ ਮੇਰੀਬਾਤਨੂੰ ਨਾ ਭੁਲਜੀ। ਅਸਮੇਧ ਜੱਗ ਕਰੇਂ ਭਾਵੇਂ ਤੁਲਾ ਪੁਰਖਦਾਨ ਤੇ ਪਰਾਗ ਇਸ਼ਨਾਨਪੁਜੇਨਹੀਂ ਨਾਮਤੁਲਜੀ। ਆਪਰਾਮ ਜਪੋਮਨੋ ਆਲਸਨੂੰ ਦੂਰਕਰੋ ਹੋਇਕੇਸੁਚੇਤ ਤੇ ਸੁਮਾਰੋ ਆਪਕੁਲਜੀ। ਗਿਆਪਿੰਡਜੇਭਰਾਵੇਂ ਤੇ ਬਨਾਰਸੀ ਦੇ ਵਿਚ ਬਸੇਂ ਮੁਖ ਨਾਲ ਵੇਦ ਤੇ ਪੁਰਾਣ ਪੜੇ ਕੁਲਜੀ ॥ ੧੦੯ ॥ ਕਬਿੱਤ ॥ ਸਰਬ ਧਰਮ ਅੱਛੇ ਦਿੜਗੁਰਾਂਦਾਗਿਆਨਹੋਵੇਬਿਨਾਗੁਰਗਿਆਨ ਸਾਰੇ ਜਾਣ ਐਵੇਂ ਹੁੱਲਜੀ। ਇੰਦ੍ਰੀਦਾਜਤੀ ਖੱਟਕਰਮਾਂਸਹਿਤਹੋਵੇ ਸ਼ਿਵਜੀਦਾਸੇਵਕ ਜੇਹੋਵੇਵਿੱਲਕੁਲਜੀ। ਮਨੋਸਰਬਛੋੜਕੇਅਕਾਲ ਜੀਨੂੰ ਭੇਟ ਇਕ ਸਿਮਰੋ ਗੋਬਿੰਦਜੀ ਦਾ ਨਾਮਹੈ ਅਮੁਲਜੀ। ਕਹੇ ਨਾਮਦੇਵ ਭਵਸਾਗਰੋਂਜੋਪਾਰਕਰੇਜਪੀਂ ਓਹਦਾਜਾਪਤੇ ਨਾ ਜਾਂਈ ਐਵੇਂ ਭੁਲਜੀ ॥ ੧੧੦ ॥

ਵਾਕ ਕਵੀ ਉਮਰ ੨੩ ਸਾਲ

ਸ਼ਾਹੂਕਾਰ ਹੋਇਆ ਸਿੱਖ ਭਗਤ ਜੀ ਦਾ ਨਿੱਤ ਜਪੇ ਕਰਤਾਰ ਦਾ ਜਾਪ ਭਾਈ। ਭਜਨ ਪੁਛਿਆ ਸਾਰੇ ਪਰਵਾਰ ਉਹਦੇ ਬਾਬੇ ਦੂਰ ਕੀਤੇ ਤ੍ਰਿੰਨੇ ਤਾਪ ਭਾਈ। ਸੇਵਾ ਰੋਜ ਕਰਦਾ ਮਨੋ ਤਨੋਂ ਲਾਕੇ ਰਖੇ ਭਗਤ ਜੀ ਨਾਲ ਮਲਾਪ ਭਾਈ। ਕਾਲਾ ਸਿੰਘ ਜਿਸਨੂੰ ਸੰਤਨਾਮ ਦਸਣ ਸਾਰੇ ਦੂਰ ਹੁੰਦੇ ਓਦੇ ਪਾਪ ਭਾਈ ॥ ੧੧੧ ॥

ਉਪਦੇਸ਼ ਸਭਾ ਸ੍ਰੀ ਨਾਮਦੇਵ ਜੀ ਉਮਰ ੨੩ ਸਾਲ

ਕੌਤਕ ਕਈ ਦਿਖਾਇ ਸੇ ਭਗਤ ਜੀ ਨੇ ਦੁਧ ਠਾਕੁਰਾਂ ਤਾਂਈ ਛ ਕਾਇਆ ਸੀ। ਪਹਿਲੇ ਪਿਤਾ ਦੇ ਤਾਂਈ ਗਿਆਨ ਕੀਤਾ ਮਾਤਾਸਣੇ ਸਤ ਧਰਮਦਿੜਾਇਆ ਸੀ। ਦੂਜੇਬਾਮਣਨੂੰ ਰੋੜਾ ਦਿਖਾਇ ਪਾਰਸ ਬਖਸ਼ ਗਿਆਨ ਬੈਕੁੰਠ ਪੁਚਾਇਆ ਸੀ। ਤੀਜੀ ਸੜੀ ਤੂੰਬੀ ਕੁਦ ਰਤ ਨਾਲ ਬਣ ਗਈ ਚੌਥੇ ਸੇਠ ਦੇ ਤਾਂਈ ਤਰਾਇਆ ਸੀ। ਐਸੇ ਖੇਡ ਦਿਖਾਇ ਸੇ ਭਗਤ ਜੀ ਨੇ ਜਸੁ ਦੇਸ ਮੈਂ ਫੈਲ ਫਲਾਇਆ

Sri Satguru Jagjit Singh Ji Elibrary NamdhariElibrary@gmail.com

ਸੀ। ਦੂਰ ਦੂਰ ਤੋ ਲੋਕ ਆ ਦਰਸ ਕਰਦੇ ਜਨਮ ਭਜਨ ਪੁਛਿ ਸੁ
ਫਲ ਕਰਾਇਆ ਸੀ। ਮਹਾਰਾਜ ਜੀ ਜਿੱਥੇ ਉਪਦੇਸ਼ ਕਰਦੇ ਕਈ
ਆਉਣ ਕਈਆਂ ਜਾਣਾ ਪਾਇਆ ਸੀ। ਜਾਪੁ ਇਕ ਅਕਾਲਜਪਾ
ਉਣ ਖਾਤੂ ਪੱਥਰ ਪੂਜਦੇ ਭਾਂਈ ਛੁਡਾਇਆ ਸੀ।ਦੂਜਾ ਜਾਤ ਅਭਿ
ਮਾਨ ਦਾ ਕਰਨ ਖੰਡਣ ਤੇ ਪਖੰਡ ਨੂੰ ਖਾਖ ਰੁਲਾਇਆ ਸੀ। ਸਾੜ
ਸਤੀ ਤੇ ਢੱਈਏ ਦਾ ਮੂਲ ਪੱਟਣ ਰਾਹੂ ਕੇਤ ਦੇ ਖੋਸੜਾ ਲਾਇਆ
ਸੀ। ਸੂਤਕ ਪਾਤਕ ਤੇ ਜੋਗਨੀ ਭਦਰਾ ਜੋ ਜਿਮੀ ਸਓਣ ਦਾ ਫੰਧ
ਮੁਕਾਇਆ ਸੀ।ਮੰਗਲ ਬੁਧ ਸੂਰਜ ਵੀਰ ਚੰਦ ਤਾਰੇ ਕਹਿਣ ਕਿਸੇ
ਨੂੰ ਨਾਹਿ ਅਲਾਇਆਸੀ।ਬ੍ਰਤ ਪੁੰਨਿਓਂ ਕਾਦਸ਼ੀ ਰੱਖਣੇ ਨਾ ਇਕੋ
ਵਾਹਿਗੁਰੂ ਜਾਪ ਜਪਾਇਆਸੀ।ਸਾਲਗ ਰਾਮ ਤੁਲਸੀ ਮਾਲਾਦੂਰ
ਕਰਕੇ ਸਾਸ ਸਾਸ ਦਾ ਭਜਨ ਕਰਾਇਆ ਸੀ। ਰਾਮ ਕਿਸ਼ਨ ਤੇ
ਬਿਸ਼ਨ ਗਣੇਸ ਸ਼ਿਵਜੀ ਫਸਤਾ ਸਰਬ ਦਾ ਬਾਬੇ ਮੁਕਾਇਆ ਸੀ।
ਗੰਗਾ ਗਿਆ ਗੁਦਾਬਰੀ ਦੂਰ ਕੀਤੀ ਕਾਸ਼ੀ ਨਾਲ ਪਰਾਗ ਹਟਾਇ
ਆ ਸੀ। ਦਾਨ ਇਸਤ੍ਰੀ ਸੋਨੇ ਦੇ ਨਾਲ ਤੁਲਣਾ ਧੂੰਆਂ ਤਪਣ ਜੋ
ਕੰਮੁ ਚਲਾਇਆ ਸੀ।ਝੂਠੇ ਪੁਰਸ਼ਪਖੰਡੀਆਂਭੇਖੀਆਂ ਨੇ ਵਿਚ ਦੇਸ
ਪਖੰਡ ਬਧਾਇਆ ਸੀ। ਮਨੋ ਤਨੋ ਲਾਕੇ ਖੰਡਣ ਕਰਨ ਇਹੋ ਜਸੁ
ਇਕ ਅਕਾਲਦਾ ਗਾਇਆਸੀ।ਇਕ ਵਾਰ ਉਪਦੇਸ਼ ਜੋ ਸੁਣੇਕੋਈ
ਭਰਮ ਵਿੱਚ ਨਾ ਫਸੇ ਫਸਾਇਆ ਸੀ। ਛਡਿ ਗਏ ਅਗਿਆਨ ਨੇ
ਦੇਸ ਵਾਸੀ ਵਾਹਿ ਵਾਹਿ ਸਭਨੇ ਮੂੰਹੋਂ ਗਾਇਆ ਸੀ। ਸਰਬ ਕੋਮ
ਉਪਦੇਸ਼ ਪਸਿੰਦ ਕਰਦੀ ਕਹਿਰ ਬਾਮਣਾਂ ਦੇ ਭਾਦਾ ਆਇਆਸੀ।
ਕਾਲਾ ਸਿੰਘ ਕੀ ਬੈਠ ਸਲਾਹਿ ਕਰਦੇ ਪਾਪੀ ਬੰਦਿਆਂ ਨੂੰ ਪਾਪ
ਭਾਇਆ ਸੀ॥ ੧੧੨ ॥

ਬਾਬੇ ਜੀ ਦਾ ਜਸ ਸੁਣਕੇ ਅਗਿਆਨੀਆਂ ਬਾਮਣਾਂ ਨੇ ਸੜਨਾ ਉਮਰ ਸਾਲ ੨੩

ਕੱਠੇਬਾਮ੍ਹਣਾਹੋਇਸਲਾਹਿਕੀਤੀ ਸਾਡੇ ਫੰਧਵਿਚੋਂਗਏਲੋਕ ਧਾਰੋ

Sri Satguru Jagjit Singh Ji Elibrary NamdhariElibrary@gmail.com

ਸਾਡੀ ਨਹੀਂ ਗੁਲਾਮੀ ਹੈ ਕਿਸੇ ਭਰਨੀ ਅਸੀਂ ਚੂਸਦੇ ਸੋ ਵਾਂਗ ਜੋਕ ਧਾਰੇ। ਨਾਮਦੇਵ ਦੇ ਨਾਲ ਵਿਰੋਧ ਕਰੀਏ ਓਹਨੂੰ ਦਈਏ ਉਪਦੇਸ਼ ਤੋਂ ਰੋਕ ਧਾਰੇ। ਮਹਾਰਾਜ ਜੀ ਜਿਥੇ ਉਪਦੇਸ਼ ਕਰਦੇ ਰੌਲਾ ਪਾਉਣ ਪਾਪੀ ਵਾਂਗ ਬੋਕ ਧਾਰੇ ॥ ੧੧੩ ॥ ਤਥਾ ॥

ਅੱਨੇ ਅਕਲ ਦੇ ਅੰਦਰੋਂ ਖਾਸ ਰੀਦੇ ਆਢਾ ਬਾਬੇ ਜੀਦੇ ਨਾਲ ਲਾਉਣਪਾਪੀ। ਇਕ ਰੋਜ਼ ਅਗਿਆਨੀਆਂ ਹੋਇਕਠੇ ਮਾੜੀ ਬੈਠ ਸਲਾਹਪਕਾਉਣਪਾਪੀ। ਭਗਤ ਕਿਸੇ ਨੂੰ ਮਿਲੇਤਾਂ ਹਤਕ ਕਰੀਏ ਬਾਮਣ ਬਾਮਣਾ ਤਾਂਈਂ ਸਖਾਉਣ ਪਾਪੀ। ਬੌਰਾ ਆਖ ਬੌਰਾ ਵਕਾਬਾਦਿ ਕਰਦੇ ਕਈਆਂ ਲੋਕਾਂ ਨੂੰ ਨਾਲ ਰਲਾਉਣ ਪਾਪੀ। ਇੱਕ ਬਾਬੇਜੀਦਾਹੈਸੀਸਿਖਸੁਣਦਾ ਜੋੜ੍ਹੀ ਪੰਮੇ ਦਲੀਲ ਦੁੜਾਉਣ ਪਾਪੀ। ਕਾਲਾ ਸਿੰਘ ਦਸੇ ਆਣ ਭਗਤ ਜੀਨੂੰ ਨਿੰਦਾ ਆਪਕੀ ਲੋਕ ਅਲਾਉਣ ਪਾਪੀ ॥ ੧੧੪ ॥

ਰਾਗ ਭੈਰੋ ਸ਼ਬਦ ਸ੍ਰੀ ਨਾਮਦੇਵ ਜੀ ਉਮਰ ੨੩ ਸਾਲ

ਮੈਬਉਰੀਮੇਰਾਰਾਮਭਤਾਰ ॥ ਰਚਿਰਚਿਤਾਕਉਕਰਉਸੀਗਾਰ ॥ ੧ ॥ ਭਲੇਨਿੰਦਉਭਲੇਨਿੰਦਉ ਭਲੇਨਿੰਦਉਲੋਗੁ ॥ ਤਨੁਮਨੁਰਾਮੁਪਿਆਰੇਜੋਗ ॥ ੧ ॥ ਰਹਾਉ ॥ ਬਾਦਬਿਬਾਦਕਾਹੂਸਿਉਨ ਕੀਜੈ ॥ ਰਸਨਾਰਾਮਰਸਾਇਨਪੀਜੈ ॥੨॥ ਅਬਜੀਅਜਾਨਿਐਸੀਬਨਿਆਈ ॥ ਮਿਲਉਗੋਪਾਲ ਨੀਸਾਨਬਜਾਈ ॥ ੩ ॥ ਉਸਤਤਿ ਨਿੰਦਾਕਰੈਨਰੁਕੋਈ ॥ ਨਾਮੇਸ੍ਰੀਰੰਗਭੇਟਲਸੋਈ॥੪॥੧੧੫॥

ਟੀਕਾ ਕਬਿੱਤ ॥ ਭੈਰੋ ਰਾਗ ਵਿੱਚ ਸ੍ਰੀ ਨਾਮਦੇਵ ਆਖਦਾ ਹੈ ਮੈ ਤਾਂ ਭਾਈ ਕਰਾਂ ਸਤਿ ਧਰਮ ਪਰਚਾਰ ਤਾਂ। ਮੈ ਤਾਂ ਹੈਗਾ ਬਉਰਾ ਮੇਰਾਪਤੀ ਸੱਚਾ ਵਾਹਿਗੁਰੂ ਹੈ ਓਸ ਸੰਗ ਰਚਰਚਕਰਾਂਮੈਂ ਸ਼ਿੰਗਾਰ ਤਾਂ। ਭਲੇ ਨਿੰਦੇ ਭਲੇ ਨਿੰਦੇ ਭਲੇ ਨਿੰਦੇ ਲੋਕ ਮੈਨੂੰ ਮਨ ਤਨਰਾਮ ਹੈ ਪਿਆਰੇ ਜੋਗੁ ਜਾਰਤਾਂ। ਬਾਦ ਤੇ ਵ੍ਰਿਬਾਦਿ ਮੈਂ ਵੀ ਕਿਸੇ ਦੇ ਨਾ ਨਾਲ ਕਰਾਂ ਰਸਨਾਂ ਦੇ ਸਾਥ ਜਾਪੁ ਜਪਾਂ ਕਰਤਾਰ ਤਾਂ। ਹੁਣ ਮੇਰੇ ਚਿੱਤ ਐਸੀ ਬਾਤ ਬਣ ਆਈ ਹੈ ਬਜਾਇਕੇ ਨਗਾਰਾ ਮਿਲਾਂ ਸੱਚੀ ਸਰਕਾਰ ਤਾਂ। ਭਾਵੇਂ ਮੇਰੀ ਉਸਤਤੀਤੇ ਨਿੰਦਿਆ ਭੀ ਕੋਈ ਕਰੇ

Sri Satguru Jagjit Singh Ji Elibrary NamdhariElibrary@gmail.com

ਕਹੇ ਨਾਮਦੇਵ ਮੈਨੂੰ ਮਿਲ਼ਾ ਨਿਰਾਕਾਰ ਤਾਂ ॥ ੧੧੬ ॥

ਵਾਕ ਕਵੀ ਉਮਰ ੨੪ ਸਾਲ

ਚੋਵੀ ਸਾਲ਼ ਦੀ ਉਮਰਸੀ ਭਗਤ ਜੀਦੀ ਰੋਜ ਕਰੇ ਸੱਚਾ ਪਰਚਾਰ ਭਾਈ। ਕੋਈ ਕਰੇ ਉਸਤਤ ਕੋਈ ਕਰੇ ਨਿੰਦਾ ਜੋਰ ਨਾਲ਼ ਆਖਣ ਕਰਨ ਕਾਰ ਭਾਈ। ਜੇਹੜਾ ਦਿੱਤਾ ਹੈ ਹੁਕਮ ਅਕਾਲ਼ ਮੈਨੂੰ ਡੰਕੇ ਚੋਟ ਵਿਚਕਹਾਂ ਸੰਸਾਰ ਭਾਈ। ਹੁਕਮ ਓਸਦੇਦੀ ਕਰਾਂ ਪਾਲਣਾਂ ਮੈ ਕਾਲ਼ਾਸਿੰਘ ਇਓਂ ਕਹਿਣ ਉਚਾਰ ਭਾਈ ॥ ੧੧੭ ॥

ਬਾਬੇ ਜੀਨੇ ਇਕ ਮੇਲੇ ਵਿਚ ਜਾਕੇ ਉਪਦੇਸ਼ ਕਰਨਾ ਉਮਰ ੨੪ ਸਾਲ

ਕਰਤੇ ਪੁਰਖ ਦੇ ਹੁਕਮਨੂੰ ਕਰਨ ਪੂਰਾ ਦਿਨੋ ਦਿਨੀ ਇਹੋ ਖੇੜਾਂ ਪਾਮਦਨੇ।ਸਾਰੇ ਦੇਸ ਦੇ ਵਿੱਚ ਪ੍ਰਚਾਰ ਹੋਵੇ ਵਾਹਰ ਜਾਣ ਸੰਕਲਪ ਕਰਾਂਮਦੇ ਨੇ। ਪੰਡਰ ਪੁਰ ਦੇ ਪਾਸਹੈ ਪਿੰਡ ਵੱਡਾ ਭਾਰਾ ਮੇਲ਼ਾਓਥੇ ਲੋਕ ਲਾਮਦੇਨੇ। ਬਾਬੇ ਨਾਲ਼ਲੀਤੇ ਸਾਥੀ ਆਪਣੇ ਜੋ ਅੱਪੜਓਸ ਮੇਲੇ ਵਿੱਚ ਜਾਮਦੇਨੇਢੋਲ਼ਕ ਛੈਣੇ ਬਜਾਉਣਦਾਹੁਕਮਦੇਂਦੇ ਚੌਂਕੀ ਆਪਣੀ ਠੀਕ ਜਮਾਮਦੇ ਨੇ। ਬੱਜੀ ਢੋਲ਼ਕੀਹੱਲੇਦਾਸਬਦਪੜਿਆ ਕਾਲ਼ਾ ਸਿੰਘ ਮੁਖਵਾਕ ਸੁਣਾਮਦੇ ਨੇ ॥ ੧੧੮ ॥

ਰਾਗ ਰਾਮਕਲੀ ਘਰ ੨ ਸਬਦ ਸ੍ਰੀ ਨਾਮਦੇਵ ਜੀ ਉਮਰ ੨੪ ਸਾਲ

ਬਾਨਾਰਸੀਤਪੁਕਰੈਉਲਟਿਤੀਰਥਮਰੈਅਗਨਿਦਹੈਕਾਇਆਕਲਪੁਕੀਜੈ ॥ ਅਸੁਮੇਧਜਗੁਕੀਜੈ ਸੋਨਾਗਰਭਦਾਨਦੀਜੈਰਾਮਨਾਮਸਰਿਤਊਨਪੂਜੈ ॥ ੧ ॥ ਛੋਡਿਛੋਡਿਰੇਪਾਖੰਡੀਮਨਕਪਟੁਨਕੀਜੈ ॥ ਹਰਿਕਾਨਾਮੁਨਿਤਨਿਤਹਿਲੀਜੈ ॥ ੧ ॥ ਰਹਾਉ ॥ਗੰਗਾਜਉਗੋਦਾਵਰਿਜਾਈਐਕੁੰਭਿਜਉਕੇਦਾਰ ਨਾਈਐਗੋਮਤੀਸਹਸਗਊਦਾਨਕੀਜੈ ॥ ਕੋਟਿਜਉਤੀਰਥਕਰੈਤਨੁਜਉਹਿਵਾਲੇਗਾਰੈਰਾਮਨਾਮ ਸਰਿਤਊਨਪੂਜੈ ॥ ੨ ॥ ਅਸੁਦਾਨਗਜਦਾਨਸਿਹਜਾਨਾਰੀਭੂਮਿਦਾਨਐਸੋਦਾਨਨਿਤਨਿਤਹਿਕੀਜੈ ॥ ਆਤਮਜਉਨਿਰਮਾਇਲੁਕੀਜੈ ॥ ਆਪਬਰਾਬਰਿਕੰਚਨੁਦੀਜੈਰਾਮਨਾਮਸਰਿਤਊਨਪੂਜੈ ॥੩॥ ਮਨਹਿਨਕੀਜੈਰੋਸੁਜਮਹਿਨਦੀਜੈਦੋਸੁਨਿਰਮਲਨਿਰਬਾਣਪਦੁਚੀਨਿਲੀਜੈ ॥ ਜਸਰਥਰਾਇਨੰਦੁ ਰਾਜਾਮੇਰਾਰਾਮਚੰਦੁਪ੍ਰਣਵੈਨਾਮਾਤਤੁਰਸੁਅੰਮ੍ਰਿਤੁਪੀਜੈ ॥ ੪ ॥ ੪ ॥ ੧੧੯ ॥

ਟੀਕਾ ਕਬਿੱਤ ॥ ਰਾਗ ਰਾਮਕਲੀ ਮੁਖ ਵਾਕ ਸ੍ਰੀ ਨਾਮਦੇਵ ਸੁਣੋ ਸੰਤ ਜਨੋ ਮੇਰੀ ਬਾਤ ਤਾਂਈਂ ਬੁਜੀਏ ॥ ਕਾਂਸ਼ੀ ਤਪ ਕਰੇ ਭਾਂਵੇਂ ਤੀਰਥਾਂ ਦੇ ਉਤੇ ਮਰੇ ਅੱਗ ਵਿੱਚ ਸਾੜਕੇ ਸਰੀਰ ਸਾਰਾ ਛੁਜੀਏ। ਬਹੁਤੀ ਅਊਧ ਚਾਹੇ ਅਸਮੇਧ ਭਾਂਵੇਂ ਜੱਗ ਕੀਜੇ ਸੋਨਾ

Sri Satguru Jagjit Singh Ji Elibrary NamdhariElibrary@gmail.com

ਗਰਬ ਦਾਨ ਪੈਠੇ ਫਲ ਦਈਏ ਗੁਜੀਏ ॥ ਕਹੇ ਨਾਮਦੇਵ ਭਾਈ ਏਹੋ ਜੇਹਾ ਦਾਨ ਦਈਏ ਰਾਮ ਨਾਮ ਤੁਲ ਪਜਾਰੇ ਤਾਹਿ ਵੀ ਨਾਂ ਪੁਜੀਏ ॥ ੧੨੦ ॥ ਕਬਿਤ ॥ ਛੋਡ ਛੋਡਰੇ ਪਖੰਡੀ ਮਨਾ ਕਪਟ ਨ ਕੀਜੀਏ ਜੋ ਹਰਿਕਾ ਜੋ ਨਾਮ ਨਿਤਾ ਨੇਤ ਪਿਆਰੇ ਲੀਜੀਏ। ਗੰਗਾ ਜੋ ਗੁਦਾਬਰ ਜਾਈਏ ਕੁੰਭ ਤੇ ਕਦਾਰ ਨਾਈਏ ਗੋਮਤੀ ਸੈਹਸ ਗਊਦਾਨ ਭਾਵੇਂ ਕੀਜੀਏ। ਕੋਟ ਜੇ ਤੀਰਥ ਕਰੇ ਤਨ ਵੀ ਹਵਾਲੇ ਗਾਰੇ ਰਾਮ ਨਾਮ ਤੁਲ ਤਾਂਵੀ ਪੁਜੇ ਨਾਹਿ ਸੀਜੀ ਏ। ਘੋੜੇ ਹਾਥੀ ਦਾਨ ਸੇਜ ਇਸਤ੍ਰੀ ਜਮੀਨ ਦਾਨ ਐਸਾ ਐਸਾ ਦਾਨ ਨਿਤਾ ਨੇਤ ਭਾਵੇਂ ਦੀਜੀਏ। ਆਤਮਾ ਨਿਰਮੈਲ ਕਰ ਵਾਹਿਗੁਰੂ ਦਾ ਧਿਆਨ ਧਰ ਏਸਤੇ ਬਗੈਰ ਕੰਮ ਹੋਰਨੂੰ ਨਾਂ ਹੀਜੀਏ॥੧੨੧॥ ਕ: ॥ ਆਪਨੇ ਬਰਾਬਰ ਸੋਨਾ ਤੋਲ ਤੋਲ ਦਾਨ ਕਰੇ ਰਾਮ ਨਾਮ ਤਾਂਈਂ ਕਦੇ ਪੁਜੇ ਨਾ ਵਿਚਾਰ ਤਾਂ। ਮਨ ਨਾਹਿ ਕੀਜੇ ਰੋਸ ਕਿਤੇ ਜਮਾਂ ਨੂੰ ਨਾਂ ਦੀਜੇ ਦੋਸ਼ ਨਿਰਮਲ ਨਿਰਬਾਣ ਪਦੁ ਵਾਹਿਗੁਰੂ ਉਚਾਰਤਾਂ। ਜਸਰਥ ਕਹੇ ਮੇਰਾ ਰਾਮ ਚੰਦ ਰਾਮ ਚੰਦ ਇਸੇ ਬਿਰ ਛਾ ਪਵਿਚ ਮਰਿਆ ਪੁਕਾਰ ਤਾਂ। ਏਸੇ ਤਰਾਂ ਤੁਸੀ ਦਾਨ ਦਾਨ ਕਹੋ ਤੀਰਥਾਂ ਨੂੰ ਨਾਮਾ ਤਤ ਰਸ ਅੰਮ੍ਰਿਤ ਪੀਵੇ ਨਾਮ ਸਾਰਤਾਂ॥੧੨੨॥ ਬੈਂਤ ॥ ਮੇਲੇ ਵਿੱਚ ਜਾਂ ਬਾਬੇ ਉਪਦੇਸ਼ ਕੀਤਾ ਸੁਰਾਂ ਉੱਚੀਆਂ ਖੂਬ ਉਚਾਰੀਆਂ ਨੇ। ਢੋਲਕ ਬਜੀ ਜਦੋਂ ਲਹਿਰੇ ਰਾਗ ਅੰਦਰ ਛੇਣੇ ਨਾਲ ਮਿਲੀਆਂ ਸੁਰਾਂ ਸਾਰੀਆਂ ਨੇ। ਹੋਇ ਮਸਤ ਪ੍ਰੇਮ ਦੇ ਵਿੱਚ ਸਾਰੇ ਜਿਵੇਂ ਸ਼ਬਦ ਪੜ੍ਹਿਆ ਨਾਮਧਾਰੀਆਂ ਨੇ। ਮਿਲਕੇ ਸਾਰਿਆਂ ਹੱਲੇ ਦਾ ਸ਼ਬਦ ਪੜ੍ਹਿਆ ਹੋਈਆਂ ਗਿਰਦ ਆ ਸੰਗਤਾਂ ਸਾਰੀਆਂ ਨੇ। ਸੁਣਕੇ ਸਬਦ ਮੇਲਾ ਕੱਠਾ ਆਣ ਹੋਇਆ ਜਿਵੇਂ ਸੋਣ ਆਈਆਂ ਘਟਾਂ ਕਾਰੀਆਂ ਨੇ। ਪਲਟੇ ਚਿਤ ਬਜੇ ਸਬਦ ਤੀਰ ਵਾਂਗੂੰ ਜਿੰਦਗੀਆਂ ਵੀ ਲੋਕਾਂ ਸੁਧਾਰੀਆਂ ਨੇ। ਵੈਰ ਅਗੇ ਹੀ

ਬਾਬੇ ਦੇ ਨਾਲ ਰੱਖਣ ਆਈਆਂ ਬਾਮਣਾ ਤਾਂਈਂ ਉਕਾਰੀਆਂ ਨੇ। ਸਾਡੀ ਸਰਬ ਰੌਣਕ ਬਾਬੇ ਖਿਚ ਲਈ ਹੈ ਏਹੋ ਅੱਗ ਲੱਗੀ ਝਖਾਂ ਮਾਰੀਆਂ ਨੇ। ਭਾਰਾ ਦੁਖ ਪਖੰਡ ਦੇ ਖੰਡਣੇ ਦਾ ਸੁਣਕੇ ਬਾਮਣਾ ਹੋਈਆਂ ਲਚਾਰੀਆਂ ਨੇ। ਏਸੇ ਅੱਗ ਨੇ ਅੰਦਰੋਂ ਫੂਕ ਦਿੱਤੇ ਹੋਇ ਦਗਦ ਮਨੂਰ ਮੁਨਾਰੀਆਂ ਨੇ। ਅੰਦਰ ਬਾਮਣਾ ਪਾਸ ਨਾਂ ਕੋਈ ਜਾਵੇ ਪੂਜਾ ਹੋਗਈਆਂ ਬੰਦ ਪੁਜਾਰੀਆਂ ਨੇ। ਬਾਹਰਕਹਿਣਆਕੇ ਨਾਮਦੇਵ ਜੀਨੂੰ ਕਾਲਾ ਸਿੰਘ ਉੱਚੀ ਧਾਹਾਂ ਮਾਰੀਆਂਨੇ ॥੧੨੩॥

ਤਥਾ ॥ ਬਾਮਣ ਕਹਿਣ ਤਾਲੋਂ ਸੁਰੋਂ ਬਾਹਰਗਾਵੇ ਸਾਡੇ ਹਾਤਿ ਓਂ ਹੋਵੇ ਖਾਂ ਦੂਰ ਭਾਈ। ਇਨੀ ਆਖਕੇ ਬਾਬੇ ਦੇ ਹੱਥ ਵਿਚੋਂ ਛੈਣੇ ਬਾਂਮਣਾ ਖੋਹੇ ਜਰੂਰ ਭਾਈ। ਸ਼ਾਂਭੀ ਰੂਪ ਨਾਂ ਉਨ੍ਹਾਂ ਨੂੰ ਕੁਝ ਬੋਲਣ ਹਦੋਂ ਬਾਹਰ ਆਗਏ ਭਰਪੂਰ ਭਾਈ। ਪੰਡੇ ਕਈ ਮੁੜ ਗਏ ਕਈ ਬਾਹਰ ਆਏ ਆਖਣ ਪਾਵਾਂਗੇ ਕੋਈ ਫਤੂਰ ਭਾਈ। ਮਹਾਰਾਜ ਉਪਦੇਸ਼ਬਸੇਸ ਕਰਦੇ ਬਾਮਣ ਫੇਰ ਬੋਲਣ ਉਚੀ ਘੂਰ ਭਾਈ।ਤੁਸੀਂਕਰੋਖੰਡਣਜਗਾਂਤੀਰਥਾਂਦਾਕੀਤੀਗਾਇਤ੍ਰੀਵੀਚਕਨਾ ਚੂਰ ਭਾਈ।ਰਾਮਕਿਸ਼ਨਅਵਤਾਰਾਂਦਾ ਕਰੋ ਖੰਡਣ ਭਾਰੀ ਇਹੋ ਹੈ ਬਹੁਤਕਸੂਰ ਭਾਈ। ਸਾਡੇਚਿੱਤਦੁਖਦੇਥੁਹਾਡਾਸ਼ਬਦਸੁਣਕੇਅਸੀਂ ਤਪੀਏ ਵਾਂਗ ਤੰਦੂਰ ਭਾਈ। ਰਾਮ ਚੰਦ ਸ਼ਿਵਜੀ ਅਸੀਂ ਕਿਸ਼ਨ ਜੀਨੂੰ ਰਬ ਮੰਨਦੇ ਸਹੀ ਜਰੂਰ ਭਾਈ। ਕਾਲਾ ਸਿੰਘ ਤੂੰ ਕਰੇਂ ਨਿਰਾਦਰੀ ਜੋ ਜੇੜ੍ਹੇ ਹੈਨ ਸਾਰੇ ਮਸ਼ਹੂਰ ਭਾਈ॥ ੧੨੪ ॥ ਤਥਾ ॥ ਸਾਗਰ ਸ਼ਾਂਤ ਦੇ ਬ੍ਰਹਮ ਗਿਆਨ ਅੰਦਰ ਉਤ੍ਰ ਦੇਣ ਹੋਕੇ ਮੇਹਰ ਵਾਨ ਆਹਾ। ਇਕੋ ਰੂਪ ਸਭਨੂੰ ਅਸੀਂ ਜਾਣਦੇ ਹਾਂ ਪੰਖੀ ਪਸੂਨਰ ਵਿੱਚ ਜਹਾਨ ਆਹਾ। ਜੋਤ ਓਸ ਦੀ ਸਰਬ ਦੇ ਵਿਚ ਹੈਗੀ ਅਸੀਂ ਵੇਖਦੇ ਸਾਰੇ ਭਗਵਾਨ ਆਹਾ। ਰਾਮਚੰਦ ਸ਼ਿਵਜੀ ਕਿਸ਼ਨ ਵਡੇ ਸਾਡੇ ਮੈਂ ਵੀ ਕਹਾਂ ਨਾਂ ਬੁਰੀ ਜਵਾਨ ਆਹਾ। ਥੁਹਾਡਾ ਦੂਰ ਕਰਨਾ

Sri Satguru Jagjit Singh Ji Elibrary NamdhariElibrary@gmail.com

ਅਗਿਆਨ ਢਾਹਾਂ ਵਡੇ ਵਡੇ ਬਜ਼ੁਰਗ ਬਖਾਨ ਆਹਾ। ਮਹਾਂ ਪੁਰਸ਼ ਹਨ ਰਬ ਓ ਨਹੀਂ ਭਾਈ ਕਰੋ ਚਿੱਤ ਦੇ ਵਿਚ ਪਛਾਨ ਆਹਾ। ਕਾਲ਼ਾ ਸਿੰਘ ਜੇਕਰ ਤੁਸੀਂ ਕਹੋਂ ਮੈਨੂੰ ਮੈਂ ਤਾਂ ਨਜਰ ਇਕੋ ਦੇਖਾਂ ਜਾਨ ਆਹਾ ॥ ੧੨੫ ॥

ਰਾਗ ਮਾਲੀ ਗਉੜਾ ਸਬਦ ਸ੍ਰੀ ਨਾਮਦੇਵ ਜੀ ਉਮਰ ੨੪ ਸਾਲ

ਧੰਨਿਧੰਨਿਓਰਾਮਬੇਨੁਬਾਜੈ ॥ ਮਧੁਰਮਧੁਰਧੁਨਿਅਨਹਤਗਾਜੈ ॥ ੧ ॥ ਰਹਾਉ ॥ ਧਨਿਧਨਿ ਮੇਘਾਰੋਮਾਵਲੀ ॥ ਧਨਿਧਨਿਕ੍ਰਿਸਨਓਢੈਕਾਂਬਲੀ ॥ ੧ ॥ ਧਨਿਧਨਿਤੂਮਾਤਾਦੇਵਕੀ ॥ ਜਿਹ ਗ੍ਰਿਹਰਮਈਆਕਵਲਾਪਤੀ ॥ ੨ ॥ ਧਨਿਧਨਿਬਨਖੰਡਬਿੰਦ੍ਰਾਬਨਾ ॥ ਜਹਖੇਲੈਸ੍ਰੀਨਾਰਾਇਨਾ॥ ੩ ॥ ਬੇਨੁਬਜਾਵੈਗੋਧਨੁਚਰੈ ॥ ਨਾਮੇਕਾਸੁਆਮੀਆਨੰਦੁਕਰੈ ॥ ੪ ॥ ੨ ॥ ੧-੬ ॥

ਟੀਕਾ ਕਬਿਤ ॥ ਮਾਲ਼ੀ ਗਉੜਾ ਰਾਗ ਮੁਖ ਵਾਕ ਸ੍ਰੀ ਨਾਮਦੇਵ ਬ੍ਰਹਮਹੇ ਗਿਆਨ ਵਿਚਆਖਕੇਸੁਣਾਉਂਦਾ। ਧੰਨ ਰਾਮਚੰਦ ਧੰਨ ਧੰਨ ਹੈ ਕ੍ਰਿਸ਼ਨਦੇਵ ਧੰਨ ਬਾਂਸ ਬੰਸੀ ਸੁਰ ਮਿੱਠੀ ਮੈਂ ਬਜਾਉਂਦਾ। ਧੰਨ ਉਹਭੇਡਾਂਨਾਲੇ ਉਨਵੀ ਹੈ ਧੰਨ ਭਾਈ ਧੰਨ ਹੈ ਕ੍ਰਿਸ਼ਨ ਧੰਨ ਕੰਬਲ਼ੀਹੰਢਾਉਂਦਾ। ਧੰਨ ਮਾਤਾ ਦੇਵਕੀਤੇ ਘਰਵੀ ਓਹ ਧੰਨਜਾਣੋ ਜਿਨ ਵਿਚ ਆਪਹੇ ਜਨਮ ਕ੍ਰਿਸ਼ਨ ਪਾਉਂਦਾ ॥ ੧੨੭॥ ਰਃ ॥ ਧੰਨ ਓਹੇ ਬਣ ਜਿੱਥੇ ਖੇਡਦੇ ਨਾਰੈਣ ਭਾਈ ਬੰਸਰੀ ਬਜ ਇਕੋ ਤੇ ਗਊਆਂਨੂੰ ਚਰਾਉਂਦਾ। ਨਾਮੇਕੇ ਸੁਆਮੀ ਸਾਰੇ ਧੰਦਿਆਂ ਮੈਂ ਲੋਕ ਲਾਇ ਆਪਨਿਰਲੇਪਹੋ ਅਨੰਦਕਰਵਾਉਂਦਾ। ਐਥੇ ਜੋ ਕ੍ਰਿਸ਼ਨ ਜੀ ਨੂੰ ਨਾਰੈਣ ਕਿਹਾ ਬਾਬੇ ਬ੍ਰਹਮ ਜੋ ਗਿਆਨਦਾ ਹੈ ਮੱਤ ਇਹ ਸਦਾਉਂਦਾ। ਏਸੇ ਬਾਣੀ ਵਿਚ ਸ਼ੇਰਕੁਤੇਤੇ ਮੁਗਲਤਾਂਈਂ ਸੁਆਮੀ ਪਦ ਆਖਕੇ ਕਲੰਦੂਨੂੰ ਬੁਲਾਉਂਦਾ ॥ ੧੨੮ ॥

ਦਾਰ ਕਵੀ ਉਮਰ ੨੪ ਸਾਲ

ਨਾਮਦੇਵਜੀਜੋ ਉਪਦੇਸ਼ਕੀਤਾਸੁਣਕੇਲੋਕਵੀ ਹੋਇਸੁਚੇਤਪਿਆਰੇ। ਬਾਮਣਖੁਸ਼ੀਹੋਕੇ ਰੌਲ਼ਾਪਉਣ ਲਗੇ ਭਗਤ ਹਰਿਆ ਹੋਈ ਸਾਡੀ ਜੇਤਪਿਆਰੇ। ਰਾਮਕ੍ਰਿਸ਼ਨਨੂੰ ਰੱਬਅਖਵਾਲਿਆ ਹੈ ਅਗੇ ਕਰਦਾ ਸੀ ਨਿੰਦਿਆ ਰੇਤ ਪਿਆਰੇ। ਕਾਲ਼ਾ ਸਿੰਘ ਪਾਗਲ ਐਵੇਂ ਪੌਂਚ

Sri Satguru Jagjit Singh Ji Elibrary NamdhariElibrary@gmail.com

ਰੌਲਾ ਜਾਨਣ ਸੱਤਿ ਅਸੱਤ ਨਾ ਭੇਤ ਪਿਆਰੇ ॥ ੧੨੯ ॥

ਉਪਦੇਸ਼ ਬਾਬਾ ਜੀ ਬਾਮਣਾਂ ਨੂੰ ਉਮਰ ੨੪ ਸਾਲ

ਬਾਬਾ ਕਹੇ ਜਿੱਤ ਹਾਰ ਨਾ ਜਾਣਦਾ ਮੈ ਖਿਆਲ ਆਪਣੇ ਕਹਾਂ ਪੁਕਾਰ ਭਾਈ। ਇਕ ਨਜਰ ਮੈ ਸਰਬ ਨੂੰ ਦੇਖਦਾ ਹਾਂ ਤੁਸੀਂ ਕਰੋਖਾਂ ਚਿਤ ਵਿਚਾਰ ਭਾਈ। ਵਾਹਿਗੁਰੂ ਨਿਰਲੇਪ ਹੈ ਸਰਬ ਬਿਆਪੀ ਮੈਂ ਤਾਂ ਉਸਦਾ ਹਾਂ ਸੇਵਾਦਾਰ ਭਾਈ। ਰਾਮਚੰਦ ਜੀ ਤੇ ਤੁਹਾਡੇ ਮਹਾਂਦੇਉ ਨੂੰ ਕਦੇ ਮੰਨਾ ਨਾ ਰਬ ਵਿਚਾਰ ਭਾਈ। ਮੈਂ ਤਾਂ ਮੰਨਦਾ ਬੜੇ ਬਜੁਰਗ ਹੈਸ ਨ ਮੈਰਾ ਸੱਚ ਦਾ ਇਹੋ ਕਰਾਰ ਭਾਈ। ਕਾਲਾ ਸਿੰਘ ਮੈ ਕਰਾਂ ਖਿਆਲ ਪਰਗਟ ਤੁਸੀਂ ਕਰੋਗੇ ਠੀਕ ਅਤਵਾਰ ਭਾਈ ॥ ੧੩੦ ॥

ਰਾਗ ਬਿਲਾਵਲੁ ਸ਼ਬਦ ਸ੍ਰੀ ਨਾਮਦੇਵ ਜੀ ਉਮਰ ੨੪ ਸਾਲ

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ੧ ॥ ਰਹਾਉ ॥ ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥ ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥ ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥ ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥ ੨ ॥ ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੩ ॥ ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ ॥ ੪ ॥ ੩ ॥ ੭ ॥ ੧੩੧ ॥

ਟੀਕਾ ਕਬਿਤ ॥ ਗੌਂਡ ਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਬਾਮਣਾਂ ਦੇ ਤਾਂਈ ਆਪ ਆਖ ਕੇ ਸੁਣਾਉਂਦਾ। ਅਜ ਨਾਮਦੇਵ ਨੇ ਅਕਾਲ ਪੁਰਖ ਦੇਖਿਆ ਹੈ ਮੂਰਖ ਦੇ ਤਾਂਈ ਵਾਰ ਵਾਰ ਸਮਝਾਉਂਦਾ। ਪਾਂਡੇ ਤੁਹਾਡੀ ਗਾਇਤ੍ਰੀ ਜੋ ਪਾਪਾਂ ਦਾਸੀ ਖੇਤ ਖਾਂਦੀ ਵਿਦਿਆ ਦਾ ਸੋਟਾ ਟੰਗ ਭੰਨ ਕੇ ਵਿਖਾਉਂਦਾ। ਪੰਡੇ ਤੇਰਾ ਮਹਾਂਦੇਵ ਚਿੱਟੇ ਬੈਲ ਉਤੇ ਚੜੇ ਦੇਖਿਆ ਜਰੂਰ ਤੇਨੂੰ ਤਾਂ ਹੀ ਹਾਂ ਬਤਾਉਂਦਾ ॥੧੩੨॥ ਕ: ॥ ਸੁਖ ਦੇਣ ਵਾਲੀ ਇਕ ਇਸਤ੍ਰੀ ਨੇ ਰੋਟੀ ਕੀਤੀ ਉਸੇ ਦਾ ਜੋ ਪੁਤ੍ਰ ਗਣੇਸ਼ ਤੇ ਮਰਵਾਉਂਦਾ। ਪੰਡੇ ਤੇਰਾ ਰੱਬ ਜੇੜਾ ਰਾਮਚੰਦ ਦੇਖਿਆ ਮੈ ਰਾਵਣ ਨਾਲ ਲੜ ਨਾਰ ਆਪਣੀ ਗਮਾਉਂਦਾ। ਹਿੰਦੂ ਹੈਨ ਅੰਨੇ ਤੇ ਤੁਰਕ ਹੈਨ ਕਾਣੇ ਭਾਈ ਗਿਆਨੀ ਨਾਮ ਜਪ ਕੇ ਸੁਜਾਖਾ ਹੋਇ ਜਾਉਂਦਾ। ਹਿੰਦੂ ਪੂਜੇ ਦੇਹੁਰਾ

Sri Satguru Jagjit Singh Ji Elibrary NamdhariElibrary@gmail.com

ਮਸੀਤਨੂੰਮੁਸਲਮਾਨਨਾਮਾਨਿਰਾਕਾਰਇਕਵਾਹਿਗੁਰੂਪੂਜਾਊਂਦਾ

ਵਾਕ ਕਵੀ ਉਮਰ ੨੪ ਸਾਲ

ਕਈ ਹੈਨ ਭਾਰੇ ਮੂਰਖ ਦੇਸ਼ ਉਤੇ ਆਖਣ ਪੱਥਰ ਪੂਜੇ ਨਾਮਦੇਵ ਭਾਈ। ਕਈ ਕਹਿੰਣ ਸੇਵਕ ਹੈ ਕ੍ਰਿਸ਼ਨਜੀਦਾ ਕਈ ਕਹਿੰਣ ਕਰੇ ਸ਼ਿਵਾਂਦੀ ਸੇਵ ਭਾਈ। ਕਈ ਕਹਿੰਣ ਪੂਜੇ ਰਾਮਚੰਦ ਜੀ ਨੂੰ ਕਈ ਗਾਤ੍ਰੀਦਾ ਆਖਣ ਭੇਵਭਾਈ। ਕਾਲਾਸਿੰਘ ਝੂਠੇਲੋਕਬਕਣ ਐਵੇਂ ਬ੍ਰਹਮ ਗਿਆਨ ਸਰਵੱਗ ਸਵੇਵ ਭਾਈ ॥ ੧੩੪ ॥ ਤਥਾ ॥ ਕਥਾ ਗਾਤ੍ਰੀਦੀ ਹਿੰਦੂਮੱਤ ਅੰਦ੍ਰ ਸਾਰੇਲਿਖੀਇਹੋ ਮਸਾਹੂਰਭਾਈ। ਬਸ਼ਿਸ਼੍ਟ ਵਿਸ਼੍ਵਾਮਿਤ੍ਰ ਨੂੰ ਕਹੇ ਰਾਜਾ ਓਹਦਾ ਪੁਤ੍ਰ ਕਰਦਾ ਨਿੱਤਚੂਰ ਭਾਈ। ਪੜ੍ਹਕੇਗਾਤ੍ਰੀ ਹੱਤਿਆ ਦੂਰ ਕਰਦਾ ਹੋਇ ਜਾਂਦਾ ਨਿਰਭੈ ਜਰੂਰ ਭਾਈ। ਪਤਾ ਲੱਗ ਬਸ਼ਿਸਟ ਨੂੰ ਗਾਤ੍ਰੀਦਾ ਸੋਟਾ ਵਿਦਿਆ ਲਿਆ ਹਜ਼ੂਰਭਾਈ। ਬੱਤੀ ਅੱਖਰਾਂਤੋਂ ਚਵੀਕਰੇਅੱਖਰ ਚੌਥੀਟੰਗ ਕੀਤੀ ਓਸਦੂਰਭਾਈ। ਦੂਜੀਕਥਾ ਬਾਮਣਏਦੀਕਰਨਐਸੀ ਗਈ ਗਾਤ੍ਰੀ ਗੰਗਾ ਜਰੂਰ ਭਾਈ। ਬਹੁ ਬਾਮਣਾਂ ਦੀ ਬਣਕੇ ਜਾ ਬੈਠੀ ਮੰਦੀ ਨਿਗਾਕੀਤੀ ਕਿਸੇ ਸੂਰਭਾਈ। ਗਊ ਰੂਪ ਕਰਕੇ ਖੇਤ ਖਾਣ ਲਗੀ ਲੋਪੇ ਪੈਲੀ ਦਾ ਸੀ ਭਰਾਪੂਰਭਾਈ। ਖੇਤ ਹੁੰਦਾ ਬੈਰਾਨਸੀ ਜੱਟ ਡਿੱਠਾ ਕੀਤੀ ਟੰਗ ਡੰਡੇ ਸੇਤੀ ਦੂਰ ਭਾਈ। ਕਾਲਾਸਿੰਘ ਪੋਥੇ ਆਖਣ ਬਾਮਣਾਂਦੇ ਬਾਬੇ ਦਿੱਤਾਸੀ ਤਾਨਾ ਜਰੂਰ ਭਾਈ ॥੧੩੫॥ ਤਥਾ ॥ ਏਸ ਸ਼ਬਦ ਦਾ ਏਹੋ ਉਪਦੇਸ਼ ਸੰਤੋ ਜੇੜ੍ਹਾ ਸ੍ਰੀ ਮੁਖਵਾਕ ਉਚਾਰਿਆ ਹੈ। ਜੋੜੀਆਂ ਪੁਸਤਕਾਂ ਘੜੀਆਂਨੇਪੰਮਿਆਂਨੇ ਤਾਨਾ ਉਹਨਾਦਾ ਉਹਨਾਂਨੂੰ ਮਾਰਿਆ ਹੈ। ਮਹਾਂਦੇਵ ਜੀ ਤੇ ਰਾਮਚੰਦ ਜੀ ਦਾ ਵਿਚੋ ਗਾਤ੍ਰੀ ਦਾ ਧੰਦਾਸਾਰਿਆ ਹੈ। ਕਾਲਾਸਿੰਘ ਸੁਣਕੇ ਹੋਏ ਰੀਮ ਪੰਮੇ ਜਦੋਂ ਭਗਤਜੀ ਸ਼ਬਦ ਉਚਾਰਿਆ ਹੈ ॥ ਤਥਾ ॥ ਜਦੋਂ ਗੱਜਕੇਤੇ ਉਪਦੇਸ਼ ਹੋਇਆ ਮੇਲੇ ਵਿਚ ਥਰਥੱਲ ਦੀ ਧਾਕ

Sri Satguru Jagjit Singh Ji Elibrary NamdhariElibrary@gmail.com

ਪੈਗਈ। ਸੁਣਨ ਵਾਲਿਆਂ ਦੇ ਚਿੱਤ ਖੁਸ਼ੀ ਹੋਏ ਹਿੱਕ ਬਾਮਣਾ ਦੀ ਵਿਚ ਸਾਂਗ ਪੈਗਈ। ਧੰਨ ਧੰਨ ਕਰਦੇ ਸਾਰੇ ਸੁਣਨ ਵਾਲੇ ਸਿਰ ਬਾਮਣਾਦੇ ਮਾਨੋ ਡਾਂਗ ਪੈ ਗਈ। ਜਲਬੁਜੇਨੇ ਸਰਕੜੇ ਫੂਸਵਾਂਗੁਰ ਰੋਂਦੇਬਾਮਣਾਦੀਚਾਂਗੋਚਾਂਗਪੈਗਈ। ਲੋਕਕਹਨਲੱਗੇਠਠੇਬਾਮਣਾ ਨੂੰ ਚਿੱਤਜਿਨਾਂਦੇ ਸਬਦਦੀ ਕਾਂਗਪੈਗਈ। ਕਾਲਾਸਿੰਘਗੋਲਾਹਿੱਕ ਵਿਚਵਜੇ ਸੁਣਕੇ ਬਾਮਣਾਂ ਦੀ ਹਾਂਗੋ ਹਾਂਗ ਪੈਗਈ ॥ ੧੩੬ ॥

ਤਥਾ ॥ ਸੁਣਿਆਂ ਜਦੋਂ ਨਿਧੜਕ ਉਪਦੇਸ਼ ਸੱਚਾ ਭੁਲੀ ਚੀਜ ਹੈ ਜਿਸਤ੍ਰਾਂ ਟੋਲ ਦਿੱਤੀ। ਸੁਣਨ ਵਾਲਿਆਂ ਦੇ ਪੜਦੇ ਖੁਲਗਏ ਖੋਲ ਬਾਮਣਾਂ ਦੀ ਸਾਰੀ ਪੋਲ ਦਿਤੀ। ਸੰਭੂ ਰਾਮ ਰਾਹੂ ਕੇਤ ਰਗੜ ਦਿਤੇ ਗੰਗਾਗਿਆ ਪ੍ਰਾਗ ਵੀ ਰੋਲ ਦਿਤੀ। ਸਾਲ ਗਰਾਮ ਤੁਲਸੀ ਲਿੰਗ ਕੁਸ਼ਾ ਉਡ ਜਾਈ ਬ੍ਰਤਪੁੰਨਿਓਂ ਕਾਵਸ਼ੀ ਘੋਲ ਦਿਤੀ। ਤੀਰਥ ਬ੍ਰਤ ਪਖੰਡਦੀਭਰੀਟੱਟੀ ਕੰਡੇਗਿਆਨਰੂਪੀਨਾਲ ਡੋਲਦਿਤੀ। ਪੇਸ਼ ਜਾਏ ਨਾ ਹੋਗਏਗੁੰਮ ਪੰਮੇ ਕੋਠੀ ਭਰੀ ਪਖੰਡਦੀ ਖੋਲ ਦਿਤੀ। ਸੱਚਝੂਠ ਨੂੰ ਬਾਬੇ ਜੀ ਜੁਦਾ ਕੀਤਾ ਹੈਸੀ ਬਾਮਣਾਨੇ ਗੱਠ ਗੋਲ ਦਿੱਤੀ। ਕਾਲਾ ਸਿੰਘਧੂੰਏਵਾਂਗਝੂਠਉਡਿਆਸੱਚੇਸਬਦ ਦੀ ਬਾਤਹੈ ਬੋਲ ਦਿਤੀ ॥

ਤਥਾ ॥ ਜੇੜਾਪੂਜਦਾਹੈ ਕੋਈਬਾਮਣਾ ਨੂੰ ਕਾਹਨੂੰਨਾਮੇਦੀਬੰਸਸਦਾਮਦਾਓ। ਜੇੜਾ ਪੂਜੇਪਰੋਹਿਤਾਂ ਪਾਂਦਿ ਆਂਨੂੰ ਬ੍ਰਿਥਾ ਆਪਣਾਜਨਮਗਮਾਂਮਦਾਓ। ਰਾਮ ਕ੍ਰਿਸ਼ਨ ਸ਼ਿਵਜੀ ਪੂਜੇਪੱਥਰਾਂਨੂੰ ਭੈੜੀ ਕਾਠਦੀ ਬੰਨ ਬਨਾਮਦਾਓ। ਠਾਕੁਰ ਦੁਆਰੇ ਦੇ ਵਿਚ ਜਾ ਤਿਲਕ ਲਾਵੇ ਜੰਞੂ ਬੋਦੀ ਅਨੰਤ ਬਨਾਮਦਾਓ। ਬਣੇ ਹੋਰ ਮਤ ਦੇ ਕੋਈ ਹੋਰ ਮਤ ਦੇ ਮੂਰਖ ਵਡਿਆਂ ਦਾ ਮੱਤਿ ਭੁਲਾਮ ਦਾਓ। ਭੰਗਚਰਸ ਹੁੱਕਾ ਸੜਾਸੋੜਪੀਵੇ ਕਾਹਨੂੰਓਸਦੇ ਪੈਰਪੁਜਾਮ ਦਾਓ। ਗੰਗਾ ਗਿਆ ਪਰਾਗਨੂੰ ਮੰਨਦਾਹੈ ਜਾਕੇ ਮਰਿਆਂਦੇ ਪਿੰਡ ਭਰਾਮਦਾਓ। ਕ੍ਰਿਆਬਾਹਰਾਵੇਵੇ ਸਦ ਬਾਮਣਾਨੂੰ ਨਾਮਾ ਬੰਸੀਆ

Sri Satguru Jagjit Singh Ji Elibrary NamdhariElibrary@gmail.com

ਕਾਹਨੂੰ ਸਦਾਮਦਾਓ। ਜੀਦੇ ਪਿਤਾ ਸੇਤੀ ਕੋਈ ਬੈਰ ਰਖੈ ਜੇੜ੍ਹਾ ਓਨਾਂਨੂੰ ਪੂਜਪੁਜਾਮਦਾਓ। ਓਹਨੂੰ ਮੂਰਖਾਂਦੇ ਸਿਰਜਾਨ ਮੂਰਖਨਹੀਂ ਪਿਤਾਦੀ ਸਰਨ ਵਿਚਆਮਦਾਓ। ਕਾਲਾਸਿੰਘ ਖੈੜਾਛੱਡ ਓਸਦਾਤੂੰ ਸਿਰਆਪਣੇ ਖੇਹ ਕੈ ਪਾਂਮਦਾਓ॥ ਸੱਚਾ ਜਦੋਂ ਉਪਦੇਸ ਨਿਧੜਕ ਹੋਇਆ ਸੁਣਨ ਵਾਲਿਆਂਦੀਆਂ ਅੱਖਾਂ ਖੁੱਲਗਈਆਂ। ਲੱਖ ਲੋਕ ਪਰਲੋਕ ਸੁਧਾਰਹੋਏ ਸੁਧਾਂ ਬਾਮਣਾਂਦੀਆਂਨੇ ਭੁਲ ਗਈਆਂ। ਬਾਮ ਣਾਂ ਵਾਂਗ ਬਰੂਦਦੇ ਭੁਜਗਏ ਦਿਲੇ ਵਿਚ ਬਰਥੱਲੀਆਂ ਢੁਲ ਗਈਆਂ। ਆਖਣ ਮਾਰੀਏ ਜੇ ਨਾਮਦੇਵਜੀ ਨੂੰ ਏਹੋ ਕਰੀਆਂ ਸਲਾਹਾਂ ਨੇ ਕੁਲ ਗਈਆਂ, ਮੰਦ੍ਰ ਵਿਚ ਬੜਗਏ ਕੱਠੇ ਹੋਇ ਸਾਰੇ ਪਾਪੀ ਪਾਪ ਲਈਆਂ ਚੀਜਾਂ ਮੁਲ ਗਈਆਂ। ਕਾਲਾ ਸਿੰਘ ਆਖਣ ਮਾਰੋ ਭਗਤ ਜੀ ਨੂੰ ਬੁਧਾਂ ਖਾਖਦੇ ਵਿਚ ਨੇ ਰੁਲ ਗਈਆਂ ॥ ੧੩੯ ॥ ਤਥਾ ॥ ਮੰਦਰ ਵਿਚ ਸੀ ਇਹੋ ਸਲਾਹਿ ਕੀਤੀ ਤਖਤੇ ਆਪ ਹੋਏ ਬੰਦ ਵਾਰ ਸਾਰੇ ਕੁਦਰਤ ਵਾਹਿਗੁਰੂ ਦੀ ਨਾਲ ਅੜੇ ਆਪੇ ਖੁਲੇ ਨਾਹਿ ਹੋਇ ਬਜਰ ਛਾਰ ਸਾਰੇ। ਬਾਮਣ ਅੰਦਰੇ ਹੀ ਸਾਰੇ ਭੁੜਕਦੇ ਸੇ ਤਖਤੇ ਖੁਲੇ ਨਾਂ ਬੈਠਗਏ ਹਾਰ ਸਾਰੇ। ਗਈ ਪੇਸ਼ ਜਾਂ ਕੋਈ ਨਾਂ ਬਾਮਣਾਂ ਦੀ ਕਰ ਨ ਚਿੱਤ ਦੇ ਵਿਚ ਵਿਚਾਰ ਸਾਰੇ। ਪੂਰਨ ਪੁਰਖ ਹੈ ਈਸਰੀ ਭਗਤ ਬਾਬਾ ਸ਼ਰਨ ਪਵੋ ਹੋਕੇ ਸੇਵਾਦਾਰ ਸਾਰੇ। ਜਦੋਂ ਬਾਮਣਾਂ ਇਹੋ ਸਲਾਹਿ ਕੀਤੀ ਲਈਏ ਆਪਣਾ ਜਨਮ ਸੁਧਾਰ ਸਾਰੇ। ਓਸੇ ਬਖਤ ਦਰਵਾਜੇ ਦੁਵਾਰ ਖੁਲੇ ਬਾਮਣ ਡਿਗੇ ਚਰਨੀ ਆਪੇ ਹਾਰ ਸਾਰੇ। ਆਖਣ ਬਖਸ਼ ਦੇਵੋ ਮੇਹਰਬਾਨ ਸਾਨੂੰ ਅਸੀਂ ਹਈ ਪਾਪੀ ਗੁਨਾਗਾਰ ਸਾਰੇ। ਸ਼ਰਨ ਪਿਆਂ ਨੂੰ ਰੱਖ ਲੌ ਮੇਹਰ ਕਰਕੇ ਅਸੀਂ ਭੁਲ ਗਏ ਔਗਣ ਹਾਰ ਸਾਰੇ। ਕਾਲਾ ਸਿੰਘ ਸੇਵਕ ਸਾਨੂੰ ਕਰੋ ਬਾਬਾ ਅਸੀਂ ਦੁਖੀ ਹੋਏ ਦੁਖਿਆਰ ਸਾਰੇ ॥ ੧੪੦ ॥ ਤਥਾ ॥ ਅਰਜ ਬਾਬੇ ਜੀ ਕਰੀ ਮਨਜੂਰ ਛੇਤੀ ਜਪੁ ਵਾਹਿਗੁਰੂ ਨਾਮ ਸੁਣਾ ਦਿੱਤਾ। ਸਿੱਖ ਹੋਇ

Sri Satguru Jagjit Singh Ji Elibrary NamdhariElibrary@gmail.com

ਕੈ ਜਨਮ ਸੁਧਾਰ ਬੈਠੇ ਬੈਰ ਕਰਦਿਆਂ ਤਾਂਈਂ ਤਰਾ ਦਿੱਤਾ। ਨਾਮ ਦਾਨ ਦੜ੍ਹਾਇਕੇ ਸਰਬ ਤਾਂਈਂ ਚਾਲਾ ਪਿਛਾਂ ਨੂੰ ਬਾਬੇਨੇਪਾਦਿਤਾ। ਕਾਲਾ ਸਿੰਘ ਮੁੜਦੇ ਸਣੇ ਸਾਥੀਆਂ ਦੇ ਡੇਰਾ ਇੱਕ ਆਕੇ ਪਿੰਡ ਲਾ ਦਿਤਾ॥ ੧੪੧॥

ਪ੍ਰਸੰਗ ਇਕ ਰਾਖਸ਼ ਨੂੰ ਦੇਵਤਾ ਕੀਤਾ ਬਾਬੇ ਜੀਨੇ ਉਮਰ ੨੬ ਸਾਲ

ਮੇਲਾ ਦੇਖਕੇ ਤੇ ਬਾਬਾ ਆਂਮਦਾ ਹੈ ਡੇਰਾ ਇਕ ਨਗਰ ਆਕੇ ਲਾਂਮਦਾ ਜੇ। ਲੋਕ ਹੋਰ ਵੀ ਆਉਣ ਅਨੇਕ ਮੁੜਕੇ ਮੇਲਾ ਪਾਸ ਬਾਬੇ ਬੈਠ ਜਾਂਮਦਾ ਜੇ। ਓਸੇ ਪਿੰਡ ਕੂਹੇ ਉਪਰ ਰਹੇ ਰਾਖਸ਼ ਵਡਾ ਭਾਰਾ ਜੋ ਬਲੀ ਸਦਾਂਮਦਾ ਜੇ। ਓਸ ਖੂਹੇ ਦੇ ਨੇੜੇ ਨਾਂ ਆਉਣ ਦਿੰਦਾ ਝੱਟ ਆਦਮੀ ਨੂੰ ਮਾਰ ਖਾਂਮਦਾਜੇ। ਕਈਆਂ ਬਾਮਣਾ ਦਿਲੋਂ ਨਾ ਸਾਕ ਛੱਡੀ ਪੰਮਾ ਸਰਬ ਏਹ ਸੋਚ ਸੁਚਾਂਮਦਾਜੇ। ਕਿਸੇ ਤਰਾਂ ਖੂਹੇ ਉਤੇ ਭਗਤ ਜੀਨੂੰ ਦਈਏ ਪਾਣੀ ਨੂੰ ਭੇਜ ਅਲਾਂਮਦਾ ਜੇ। ਓਥੇ ਗਿਆਂ ਨੂੰ ਵੀ ਰਾਖਸ਼ ਮਾਰ ਦੇਗਾ ਟੰਟਾ ਭਗਤ ਦਾ ਮੁਕ ਮੁਕਾਂਮਦਾ ਜੇ। ਓਥੇ ਬੈਠਿਆਂ ਸੰਤਾਂ ਨੂੰ ਕਹਿਣ ਪੰਮੇ ਕਹੋ ਭਗਤ ਨੂੰ ਜਲ ਲਿਆਂਮਦਾ ਜੇ। ਸਗਤੀ ਵਾਲਾ ਇਹਨੂੰ ਲੋਕ ਆਖਦੇ ਨੇ ਰਾਖਸ਼ ਏਸਨੂੰ ਨਹੀਂ ਬੁਲਾਂਮਦਾ ਜੇ। ਕਾਲਾ ਸਿੰਘ ਲਗਾਂਮਦੇ ਦਾਉ ਪੰਮੇ ਰਾਖਾ ਬਾਬੇ ਦਾ ਰਾਮ ਹੋ ਜਾਂਮਦਾ ਜੇ ॥ ੧੪੨ ॥ ਤਥਾ ॥ ਬਾਬੇ ਨਾਲ ਦਸ ਪੰਦ੍ਰਾਂ ਹੈਨ ਸਾਥੀ ਪਾਸੇ ਇਕਹੋ ਬਹੇ ਕਨਾਰ ਭਾਈ। ਏਨੋਂ ਚਿਰਾਂ ਨੂੰ ਸੰਤ ਸੇ ਚੋਰ ਆਏ ਉਹਨਾਂ ਆਣਕੀਤੀਨਮਸਕਾਰ ਭਾਈ। ਆਦਰ ਨਾਲ ਬਠਾਇ ਸੇ ਪਾਸ ਬਾਬੇ ਉਹਨਾਂ ਬੇਨਤੀ ਕਰੀ ਪੁਕਾਰ ਭਾਈ। ਏਥੇ ਪਾਣੀ ਦੀ ਤੰਗੀ ਹੈ ਬਹੁਤ ਭਾਰੀ ਹੋਏ ਵਡੇ ਪਿਆਸ ਲਚਾਰ ਭਾਈ। ਆਖਣ ਖੂਹੇ ਦੇ ਉਤੇ ਬਲਾਇ ਰਹਿੰਦੀ ਡਰਦੇ ਲੋਕ ਆਵਣ ਹਾਰੋਹਾਰਭਾਈ। ਬਾਬਾਆਪਕ੍ਰਿਪਾ ਕਰਕੇ ਲਿਆਓ ਪਾਣੀ ਸੰਤ ਕਹਿਣ ਪਿਆਸ ਅਪਾਰ ਭਾਈ।

Sri Satguru Jagjit Singh Ji Elibrary NamdhariElibrary@gmail.com

ਪਰਉਪਕਾਰੀ ਮਹਾਰਾਜ ਬ੍ਰਹਮਗਿਆਨੀ ਮੰਨ ਬੇਨਤੀ ਹੋਇ ਨੇ
ਤਿਆਰ ਭਾਈ। ਤੁਰਨ ਲਗੇ ਨੂੰ ਰੋਕਿਆ ਸੇਵਕਾਂ ਨੇ ਉਥੇ ਰਹੇ
ਰਾਖਸ਼ ਦੇਵੇ ਮਾਰ ਭਾਈ। ਸੰਤ ਸੇਵਾਦੇ ਵਿਚ ਸੀ ਰਹਿਣ ਲਗੇ
ਬਾਬੇ ਕਰੇ ਭਾਰੇ ਉਪਕਾਰ ਭਾਈ। ਮਹਾਰਾਜ ਜੀਨੂੰ ਡਰ ਕਿਸੇ ਦਾ
ਨਾ ਖੂਹੇ ਉਪਰ ਪਹੁੰਚੇ ਕਰਨ ਕਾਰ ਭਾਈ। ਰਾਖਸ਼ ਦੂਰ ਤੇ ਬੰਦੇ
ਦਾ ਮੁਸ਼ਕ ਲੈਂਦਾ ਝੱਟ ਉਥੇ ਹੀ ਦਿੰਦਾ ਸੀ ਮਾਰ ਭਾਈ। ਦੇਖ
ਭਗਤ ਜੀਨੂੰ ਰਾਖਸ਼ ਖੜਾ ਹੋਇਆ ਮਾੜੀ ਤਕਦਾ ਨਿਗਾ ਪਸਾਰ
ਭਾਈ। ਕਾਂਬਾ ਛਗਾ ਸਰੀਰ ਨੂੰ ਬਖਤ ਓਸੇ ਤੇਜ ਸਕਿਆ
ਨਹੀਂ ਸਹਾਰ ਭਾਈ। ਅਖਾਂ ਨੀਮੀਆਂ ਹੋਈਆਂ ਨਾ ਝਾਕ ਹੋਵੇ
ਹੋਈ ਦੈਤ ਨੂੰ ਸੋਚ ਅਪਾਰ ਭਾਈ। ਮੀਲ ਤਕ ਨਾਂ ਛੱਡਾਂ ਮੈਂ ਆਦ
ਮੀ ਨੂੰ ਦੇਵਾਂ ਮਾਰ ਹੋਵੇ ਵਲਕਾਰ ਭਾਈ। ਇਹੇ ਕੌਣ ਮੇਰੇ ਪਾਸ
ਆਂਮਦਾ ਹੈ ਕੀਤਾ ਮੈਨੂੰ ਵੀ ਏਸ ਲਚਾਰ ਭਾਈ। ਮੇਰੇਵਿੱਚਸਰੀਰ
ਦੇ ਪਿਆ ਕਾਂਬਾ ਦਿਲ ਉਲਟ ਹੋਇਆ ਸਰਾਸਾਰ ਭਾਈ। ਮੇਰੇ
ਸਾਮਣੇ ਐਡ ਪਰਕਾਸ਼ ਵਾਲਾ ਆਵੇ ਕੌਣ ਕੋਈ ਅਵਤਾਰ ਭਾਈ।
ਮੇਰੀਆਂ ਅਖੀਆਂ ਬੰਦ ਤੇ ਸਿਰ ਨੀਵਾਂ ਹੋਇਆ ਸਿਥਲ ਸਰੀਰ
ਬੀਮਾਰ ਭਾਈ। ਜਿਸ ਬਖਤ ਬਾਬਾ ਖੂਹੇ ਪਾਸ ਪੁਜਾ ਰਾਖਸ਼ ਪਿਆ
ਚਰਨੀ ਗਿਰਾ ਹਾਰ ਭਾਈ। ਆਖੇ ਬਖਸ਼ ਦੇਵੋ ਮਹਾਰਾਜ ਮੈਨੂੰ
ਪਾਪੀ ਵਡਾ ਹਾਂ ਮੈਂ ਗੁਨਾਗਾਰ ਭਾਈ। ਫੇਰ ਕਹੇ ਬਾਬਾ ਜਪ
ਵਾਹਿਗੁਰੂਨੂੰਬਖਸ਼ੇਪਾਪਤੇਰੇਕਰਨਹਾਰਭਾਈ। ਨਾਮਦਾਨਦਿਤਾ
ਇਕੇ ਦੇਵਕੀਤਾਹੈਇਆਸਿਖਤਿਆਰਬਰਤਿਆਰ ਭਾਈ। ਲਈ
ਭਗਤਪਾਸੋਂ ਗਾਗਰਪਾਣੀਦੀਜੋਭਰੀਆਪਹੋਕੇਸਿੱਧਾਸਾਰਭਾਈ।
ਸਿਰ ਉਪਰ ਧਰਕੇ ਸੰਗਤ ਵਿਚ ਆਇਆ ਪਾਣੀ ਪਿਆਂਮਦਾ
ਨਾਲ ਪਿਆਰ ਭਾਈ। ਸੇਵਾ ਬਹੁਤਕੀਤੀ ਮਨੋ ਤਨੋ ਲਾਕੇ ਲਿਆ
ਆਪਣਾ ਜਨਮਸੁਧਾਰਭਾਈ। ਕੀਤਾਰਾਖਸ਼ੋਂ ਦੇਵਤਾ ਭਗਤ ਜੀਨੇ

Sri Satguru Jagjit Singh Ji Elibrary NamdhariElibrary@gmail.com

ਲੋਕਦੇਖਪਰਸਿੰਨ ਅਪਾਰਭਾਈ। ਕਾਲਾ ਸਿੰਘ ਹੋਵੇ ਜਸ ਭਗਤ ਜੀਦਾ ਬਾਮਣ ਹੋਇ ਸ਼ਰਮਿੰਦੇ ਗੁਵਾਰਭਾਈ ॥ ੧੪੩ ॥

ਬਾਬੇ ਜੀਦੇ ਪੁਤ੍ਰ ਮਹਾਂਦੇਵ ਜੀਦਾ ਜਨਮ ਹੋਣਾ ਉਮਰ ੨੬ ਸਾਲ

ਬਹੁਤੇ ਨੱਗਰਾਂ ਵਿਚ ਉਪਦੇਸ਼ ਕਰਦੇ ਢੋਲਕ ਛੈਣਿਆਂ ਸਾਜਾਂਦੇ ਨਾਲ ਆਹਾ। ਏਸੇ ਤੌਰ ਉਪਦੇਸ਼ ਬਸ਼ੇਸ਼ ਹੁੰਦਾ ਲੰਗ ਗਿਆਸੀ ਪੱਚੀਆਂ ਸਾਲਆਹਾ। ਜਦੋਂ ਛਬੀਏਦਾ ਹੋਇਆਆਣਗੇੜਾ ਘਰ ਇਕਹੋਇਆ ਪੈਦਾ ਬਾਲ ਆਹਾ। ਮਹਾਂਦੇਵਜੀ ਸੇ ਪੁਤ੍ਰ ਦੂਸਰੇ ਜੋ ੧੩੫੨ ਤੇਰਾਂਸੌ ਬਵੰਜਮਾਂਸਾਲਆਹਾ। ਜਾਨਾ ਬਾਣੀ ਦੱਸੇ ਆਣ ਭਗਤ ਜੀ ਨੂੰ ਸੁਣਕੇ ਹੋਇ ਨਿਹਾਲ ਨਿਹਾਲਆਹਾ। ਸਿੱਖ ਸੰਤ ਸਾਰੇ ਪ੍ਰਸਿੰਨ ਹੋਏ ਜਪਣ ਨਾਮ ਅਕਾਲ ਅਕਾਲ ਆਹਾ। ਸੱਤ ਧਰਮ ਦਾ ਕਰਨ ਪਰਚਾਰ ਸਾਰੇ ਲਾਉਂਦੇ ਰੋਜਦੀਵਾਨ ਦਿਆਲ ਆਹਾ। ਕਲਾਸਿੰਘਜਾਕੇ ਵਿਚ ਨਗਰਾਂਦੇਪਰਗਟਆਪਣੇ ਕਰਨ ਖਿਆਲ ਆਹਾ ॥ ੧੪੪ ॥

ਬਾਬੇ ਜੀ ਦੇ ਪੁਤ੍ਰ ਗੋਬਿੰਦ ਦਾਸ ਜੀ ਦਾ ਜਨਮ ਹੋਣਾ ਉਮਰ ੩੦ ਸਾਲ

ਓਸ ਪਿੰਡ ਤੇ ਸੂ ਡੇਰਾ ਕੂਚ ਕੀਤਾ ਸਾਰੇ ਦੇਸ਼ਦੇਤਾਂਈ ਸੁਧਾਰਦੇਨੇ। ਪਿੰਡੋਪਿੰਡਸ਼ਹਿਰਾਂਵਿਚਕਰਨਡੇਰਾਉਮਰਸਾਲਸਤਾਈ ਉਚਾਰਦੇ ਨੇ। ਗਿਆ ਸਾਲਅਠਾਈਉਣਤੀਆਂਦੀ ਗੋਬਿੰਦਦਾਸਪੁਤ੍ਰ ਜਨਮ ਧਾਰਦੇਨੇ।ਸੰਮਤਤੇਰਾਂਸੌ ਵਿਚਪਚਵੰਜਮੇ ਦੇ ੧੩੫੫ ਭਗਤ ਵਿਚ ਰਹਿੰਦੇਪਰਵਾਰਦੇਨੇ। ਸਾਲਤੀਸਅੰਦਰਆਪਕਰਨਕਾਰਨ ਦਿਨੇ ਰਾਤ ਪ੍ਰਚਾਰ ਖਲਾਰਦੇ ਨੇ। ਕਾਲਾਸਿੰਘ ਇਸ਼ਨਾਨ ਕਰ ਪਹਿਰ ਤੜਕੇ ਮੂੰਹੋਂ ਭਗਤ ਜੀਸ਼ਬਦ ਉਚਾਰਦੇ ਨੇ ॥ ੧੪੫ ॥

ਰਾਗ ਭੈਰੋ ਸ਼ਬਦ ਸ੍ਰੀ ਨਾਮਦੇਵ ਜੀ ਉਮਰ ੩੦ ਸਾਲ

ਰੇਜਿਹਬਾਕਰਉਸਤਖੰਡ ॥ ਜਾਮਿਨਉਚਰਸਿਸ੍ਰੀਗੋਬਿੰਦ ॥ ੧ ॥ ਰੰਗੀਲੇਜਿਹਬਾਹਰਿਕੈਨਾਇ ॥ ਸੁਰੰਗਰੰਗੀਲੇਹਰਿਹਰਿਧਿਆਇ ॥ ੧ ॥ ਰਹਾਉ ॥ ਮਿਥਿਆਜਿਹਬਾਅਵਰੇਕਾਮ ॥ ਨਿਰਬਾਣ ਪਦੁਇਕਹਰਿਕੋਨਾਮੁ ॥੨॥ ਅਸੰਖਕੋਟਿਅਨਪੂਜਾਕਰੀ ॥ ਏਕਨਪੂਜਸਿਨਾਮੈਹਰੀ ॥੩॥ ਪ੍ਰਣਵੈਨਾਮਦੇਉਇਹੁਕਰਣਾ ॥ ਅਨੰਤਰੂਪਤੇਰੇਨਾਰਾਇਣਾ ॥੪॥ ੧੪੬ ॥

Sri Satguru Jagjit Singh Ji Elibrary NamdhariElibrary@gmail.com

ਟੀਕਾ ਕਬਿੱਤ ॥ ਭੈਰੋ ਰਾਗ ਵਿੱਚ ਮੁਖਵਾਕ ਸ੍ਰੀ ਨਾਮਦੇਵ ਆਪ ਕਹੇ ਹੈ ਮਨ ਤਾਈਂ ਆਪ ਸਮਝਾਉਂਦਾ। ਸੁਣ ਜੀਭਾ ਮੇਰੀਏ ਮੈਂ ਟੋਟਾ ਕਰਾਂ ਸੋ ਤੇਰਾ ਜਪੁ ਤੂੰ ਗੋਬਿੰਦ ਤੈਨੂੰ ਆਖਕੇ ਸੁਣਾਉਂਦਾ। ਹੇ ਜੀਭਾ ਰੰਗ ਹੋਜਾ ਜਾਪੁ ਕਰ ਵਾਹਿਗੁਰੂ ਦਾ ਚੰਗਾ ਰੰਗ ਰੰਗ ਧਿਆਨ ਵਾਹਿਗੁਰੂ ਦਾ ਲਾਉਂਦਾ। ਹੋਰ ਕੰਮ ਮਿਥਿਆ ਜੋ ਵਾਦ ਬਾਦਿ ਬੋਲ ਵੀ ਹੈ ਨਾਮ ਦੇ ਬਰਾਬਰ ਨਾ ਕੁਝ ਪੁਜ ਆਉਂਦਾ ॥ ੧੪੭ ॥

ਕਬਿੱਤ ॥ ਇਕ ਨਿਰਬਾਣ ਪਦ ਵਾਹਿਗੁਰੂ ਦਾ ਨਾਮ ਹੈਸੀ ਦੇਵੀ ਦੇਵ ਪੂਜਣਾ ਬੇਅਰਥ ਸਭ ਜਾਉਂਦਾ। ਕਹੇ ਨਾਮਦੇਵ ਮੈਂ ਤਾਂ ਇਕ ਹਰੀ ਪੂਜਦਾ ਹਾਂ ਇਕ ਹਰੀ ਬਿਨਾ ਨਹੀਂ ਕਿਸੇ ਨੂੰ ਧਿਆਉਂਦਾ। ਕਹੇ ਨਾਮਦੇਵ ਇਕ ਵਾਹਗੁਰੂ ਦਾ ਜਾਪੁ ਕਰੋ ਆਪ ਜੋ ਅਨੇਕ ਜੋੜਾ ਰੂਪ ਹੈ ਦਿਖਾਉਂਦਾ। ਮੇਰੇ ਮਨ ਸਾਸ ਤੇ ਗਰਾਸ ਜਪੁ ਵਾਹਿਗੁਰੂ ਨੂੰ ਵਾਹਿਗੁਰੂ ਬਗੈਰ ਸਾਰਾ ਝੂਠ ਦਿਸਆਉਂਦਾ॥

ਬਾਬੇ ਜੀ ਨੇ ਇਕ ਬਾਮਣਾ ਦੇ ਬਾਲਕ ਨੂੰ ਜ਼ਿੰਦਾ ਕਰਨਾ ਉਮਰ ਸਾਲ ੩੦

ਜਦੋਂ ਸ਼ਬਦ ਪ੍ਰੇਮ ਦੇ ਵਿਚ ਪੜਿਆ ਬ੍ਰਿਤੀ ਜੁੜੀ ਸੀ ਨਾਲ ਕਰਤਾਰ ਆਹਾ। ਮਹਾਰਾਜ ਜੀ ਸੇ ਮਸਤਾਨ ਹੋਏ ਵਿੱਚ ਭਜਨ ਦੇ ਅਪਰ ਅਪਾਰ ਆਹਾ। ਓਸੇ ਪਿੰਡ ਦੇ ਵਿੱਚ ਜੋ ਬਾਮਣਾ ਦਾ ਲੜਕਾ ਮਰਗਿਆ ਸੀ ਮੁਟਿਆਰ ਆਹਾ। ਓਹਨੂੰ ਗਏ ਲੈ ਵਿੱਚ ਮਸਾਣ ਧਰਤੀ ਬਾਮਣ ਰੋਣ ਉਚੀ ਧਾਹਾਂ ਮਾਰ ਆਹਾ। ਓਹਦੀ ਇਸਤ੍ਰੀ ਵੀ ਹੋਣ ਸਤੀ ਚਲੀ ਪਤੀਬਰਤ ਹੈਸੀ ਚੰਗੀ ਨਾਰ ਆਹਾ। ਜਾਂਦੀ ਇਸਤ੍ਰੀ ਨੇ ਮਹਾਰਾਜ ਦੇਖੇ ਬੈਠੇ ਲਾਈ ਸਮਾਧ ਦੀ ਤਾਰ ਆਹਾ। ਬੀਬੀ ਓਸਨੇ ਕਿਹਾ ਮਹਾਤਮਾਂ ਨੂੰ ਮਥਾ ਟੇਕ ਜਾਵਾਂ ਜਾਂਦੀ ਵਾਰ ਆਹਾ। ਮੱਥਾ ਟੇਕਿਆ ਚਰਨਾਂ ਤੇ ਸੀਸ ਧਰਕੇ ਮਹਾਰਾਜ ਬੋਲੇ ਮੁਖੋਂ ਟਾਰ ਆਹਾ। ਰਤੀ ਜੀਵ ਸੇਤੀ ਬਾਬੇ ਅਸੀਸ ਦਿੱਤੀ ਬੀਬੀ ਸੁਹਾਗਵੰਤੀ ਵਾਰ ਵਾਰ ਆਹਾ। ਹੱਥ ਜੋੜਕੇ ਬੀਬੀ ਨੇ ਅਰਜ ਕੀਤੀ ਸੁਹਾਗਵੰਤ

Sri Satguru Jagjit Singh Ji Elibrary NamdhariElibrary@gmail.com

ਮੈਨਾਂ ਕਰਨ ਹਾਰ ਆਹਾ। ਮਹਾਰਾਜ ਮੇਰਾ ਪਤੀ ਮਰਗਿਆ ਹੈ ਕਿਵੂੰ ਲਵਾਂ ਸੁਹਾਗਦੀਸਾਰਆਹਾ। ਕਾਲਕਰਿਆ ਉਸਦਾ ਵਾਹਿ ਗੁਰੂਜੋ ਬਚਨਸੱਤ ਅਟੱਲ ਅਪਾਰਆਹਾ। ਹਰੀ ਭਗਤਜੋ ਚਾਹੁੰਣ ਕਰਤਾਰ ਪਾਸੋਂ ਕਰਵਾਉਣ ਜੋ ਚਾਹੁਣ ਵਿਚਾਰ ਆਹਾ। ਕਰਤਾ ਪੁਰਖ ਭਗਤਾਂ ਵਸ ਠੀਕਭਾਈ ਕਹੇ ਗੁਰੂਗਰੰਥ ਵਿਚਾਰ ਆਹਾ। ਮਹਾਂਰਾਜ ਜੀ ਬਾਮਣਦੇ ਮੁਖ ਉਤੋਂ ਲਿਆ ਕੱਪੜਾ ਆਪ ਉਤਾਰ ਆਹਾ। ਬਾਬੇ ਆਖਿਆ ਵਾਹਿਗੁਰੂਨਾਮਜਪਤੂੰ ਬਾਮਨ ਉਠ ਬੈਠਾ ਸਿੱਧਾ ਸਾਰਆਹਾ। ਝੱਟ ਬੈਠਕੇ ਵਾਹਿਗੁਰੂ ਨਾਮ ਜਪਦਾ ਕਰਦਾ ਭਗਤ ਜੀਨੂੰ ਨਮਸਕਾਰ ਆਹਾ। ਬਾਬਾ ਕਹੇ ਜਿੰਦਾ ਕਰਨ ਹਾਰ ਕੀਤਾ ਕੋਈ ਨਾਮ ਧਰੀਏ ਨਾਲਪਿਆਰਆਹਾ। ਮਰਿਆ ਜੀਉਂ ਦਿਆਂ ਵਿਚ ਏਹ ਹੋਗਿਆ ਹੈ ਜੈਦੇਵ ਰਖਣ ਮੁਖੋਂ ਟਾਰ ਆਹਾ। ਕਾਲਾਸਿੰਘ ਬਾਬੇ ਜੈਦੇਵ ਧਰਿਆ ਬਣਿਆਂ ਭਗਤ ਹੈ ਅਪਰ ਅਪਾਰ ਆਹਾ ੧੪੯॥

ਜੈ ਦੇਵਜੀ ਨੇ ਭਜਨ ਪੁਛਕੇ ਅੰਮ੍ਰਿਤ ਛਕਣਾ ਬਾਬੇ ਜੀ ਤੋਂ ਉਮਰ ਸਾਲ ੩੦

ਹੱਥ ਜੋੜ ਜੈਦੇਵ ਨੇ ਅਰਜ ਕੀਤੀ ਮੈਨੂੰ ਸਿੱਖ ਕਰਿਓ ਕਿਰਪਾ ਧਾਰ ਬਾਬਾ। ਤੁਸੀ ਰੂਪ ਕਰਤਾਰਦਾ ਆਪਆਏ ਮੈਨੂੰ ਭਜਨ ਦਸੋ ਕਰਨ ਕਾਰਬਾਬਾ। ਬਾਬੇਖੁਸ਼ੀ ਹੋਕੇਭਜਨਦੱਸਦਿੱਤਾ ਜੈਦੇਵ ਕੀਤੀ ਨਮਸਕਾਰ ਬਾਬਾ। ਕਾਲਾ ਸਿੰਘ ਬਾਮਣ ਸਿੱਖ ਕਈ ਹੋਏ ਤੱਥੀਂ ਆਪਦੇਵੇ ਸੁਧਸਾਰ ਬਾਬਾ॥ ੧੫੦॥

ਵਾਕ ਕਵੀ ਉਮਰ ਸਾਲ ੩੦

ਕਈ ਕਰਨ ਸ਼ੰਕਾ ਏਸ ਬਾਤ ਉਤੇ ਅੰਮ੍ਰਿਤ ਭਗਤਾਂਨੇ ਨਹੀਂ ਛਕਾਇਆ ਸੀ। ਅੰਮ੍ਰਿਤ ਤੇਰਿਆ ਕਹਿਣ ਦਸਮੇਸ਼ ਗੁਰ ਜੀ ਪਹਿਲੇ ਕਿਸੇਨੇ ਨਹੀਂ ਬਣਾਇਆਸੀ। ਸਮਝ ਸੋਚ ਓਹ ਕਰਨ ਵਿਚਾਰਭਾਈ ਆਦਿ ਅੰਤਤੋਂਹੀ ਚਲਾਆਇਆਸੀ। ਪਾਣੀਵਿਚ

Sri Satguru Jagjit Singh Ji Elibrary NamdhariElibrary@gmail.com

ਪਤਾਸਿਆਂ ਪਾ ਕਰਕੇ ਸੰਤਾਂ ਚਰਨ ਖੰਡੇ ਜਗਾਪਾਇਆਸੀ। ਚੌਥੀ
ਨਾਮਦੀ ਵਿਚ ਤਸੀਰ ਮਿਲਦੀ ਅੰਮ੍ਰਿਤ ਤਾਂਹੀ ਹੈ ਸਹੀ ਸਦਾਇ
ਆ ਸੀ। ਭਗਤ ਸੰਤ ਸਾਰੈ ਸਿੱਖਾਂ ਸੇਵਕਾਂਨੂੰ ਅੰਮ੍ਰਿਤ ਏਹੋ ਪ੍ਰਚਾਰ
ਕਰਵਾਇਆ ਸੀ। ਦਸਮੇ ਗੁਰੂਜੀ ਇਹੋ ਪਰਵਾਨ ਕੀਤਾ ਬਖਤ
ਖੰਡੇਦੇਕਰਨਦਾਆਇਆਸੀ। ਅੰਮ੍ਰਿਤਸਹੀਏਸੇਬਾਣੀਨਾਲ ਬਣ
ਦਾ ਪੰਜਾਂ ਪਿਆਰਿਆਂ ਤਾਂਈ ਛਕਾਇਆਸੀ। ਪਹਿਲੇ ਭਗਤੀਦੀ
ਨਿਰੀਸੀ ਲੋੜ ਹੈਸੀ ਰਾਜ ਜੋਗਨੂੰ ਗੁਰਾਂ ਬਧਾਇਆਸੀ। ਜੋ ਗਰੀ
ਬੀਨੂੰ ਪਿਛਾਂਹਟਾਕਰਕੇਬੀਰ ਰਸਨੂੰ ਅੱਗੇਕਰਵਾਇਆਸੀ। ਰਾਜ
ਜੋਗਦੋਵੇਂ ਪੰਥ ਵਿਚਬਰਤਣ ਜੋਧਾ ਪੰਥ ਜੋ ਗੁਰਾਂਸਜਾਇਆਸੀ।
ਕਾਲਾਸਿੰਘ ਬੇਲਾ ਚਰਨ ਪਹੁਲਦਾ ਨਾ ਬਖਤ ਖੰਡੇਦੇ ਛਕਣਦਾ
ਆਇਆਸੀ ॥ ੧੫੧ ॥

ਪੰਜਾਂ ਪਿਆਰਿਆਂ ਦੇ ਨਾਮ ਜਿੰਨ੍ਹਾਂ ਅੰਮ੍ਰਿਤ ਛਕਿਆ ਹੈ

ਸੋਢਬੰਸ ਪਟਣੇ ਦਸਮੇਸ਼ ਪ੍ਰਗਟ ਵਾਸ ਅਨੰਦ ਪੁਰਦੇ ਵਿਚਕਾਰ
ਸੰਤੋ। ਦਿਆਸਿੰਘ ਲਾਹੌਰ ਦਾ ਖਾਸਵਾਸੀ ਪਾਛੇ ਤਨੁਜ ਸੀ ਰਾਮ
ਅਵਤਾਰ ਸੰਤੋ। ਧਰਮ ਸਿੰਘ ਹਸਤਨਾ ਪੁਰ ਖਾਸ ਵਾਸੀ ਪਾਛੇ
ਧੰਨਾ ਜੀ ਜੱਟ ਵਿਚਾਰਸੰਤੋ। ਮੁਹਕਮਸਿੰਘ ਦੁਵਾਰਕਾ ਖਾਸਵਾਸੀ
ਪਾਛੇ ਛੀਪਾ ਨਾਮਦੇਵ ਉਚਾਰ ਸੰਤੋ। ਹਿੰਮਤ ਸਿੰਘ ਵਾਸੀ
ਜਗਨਨਾਥ ਦੀ ਜੋ ਪਾਛੇ ਝੀਉਰ ਤੇ ਕਾਲੂ ਪੁਕਾਰ ਸੰਤੋ। ਸਾਹਿਬ
ਸਿੰਘ ਵਾਸੀ ਰਹਿੰਦਾ ਵਿਦਰ ਅੰਦਰ ਪਾਛੇ ਨਾਈ ਤੇ ਸੈਨਬੰਕਾਰ
ਸੰਤੋ। ਪਹਿਲੇ ਆਪ ਛੱਕਿਆ ਪੰਜਾਂਪਿਆਰਿਆਂਨੇ ਅੰਮ੍ਰਿਤ ਖੰਡੇ
ਦਾ ਅਪਰ ਅਪਾਰ ਸੰਤੋ। ਕਾਲਾਸਿੰਘ ਪ੍ਰਿਥਮ ਖੰਡਾ ਸਾਜ ਕਰਕੇ
ਫੇਰ ਕੀਤਾ ਸੰਸਾਰ ਕਰਤਾਰ ਸੰਤੋ ॥ ੧੫੨ ॥

ਬਾਬੇ ਜੀ ਨੇ ਗੱਡੀ ਵਾਲੇ ਦਾ ਬੈਲ ਜਿੰਦਾ ਕੀਤਾ ਈਸ਼ਰ ਸ਼ਕਤੀ ਨਾਲ ਉਮਰ ਸਾਲ ੪੦

ਓਥੋਂ ਕੂਚ ਕਰਕੇ ਮਹਾਂਰਾਜ ਡੇਰਾ ਨੱਗਰਆਪਣੇ ਅਉਣ ਸਧਾਰ

Sri Satguru Jagjit Singh Ji Elibrary NamdhariElibrary@gmail.com

ਪਿਆਰੇ। ਰਾਹਿ ਵਿਚ ਗੱਡੀਵਾਲੇਦਾਬੈਲਮਰਿਆ ਓਹਵੀਰੋਂਵਦਾ ਸੂ ਧਾਹਾਂਮਾਰ ਪਿਆਰੇ। ਮਹਾਂਰਾਜ ਜੀ ਨੇ ਓਹਨੂੰ ਪੁਛਿਆਸੂ ਓਸ ਦੱਸਿਆ ਹਾਲ ਪੁਕਾਰ ਪਿਆਰੇ। ਕਰੇ ਬਹੁਤ ਬਿਲਾਪ ਅਧੀਨ ਹੋਇਆ ਉੱਚੀਰੋਂਵਦਾਸੂਜਾਰੋਜਾਰਪਿਆਰੇ। ਬਾਬਦੇਖਕੇਤੇ ਮੁਖੋਂ ਬਚਨ ਕੀਤਾ ਜਪਨਾਮਕਰਤਾਰਕਰਤਾਰਪਿਆਰੇ। ਨਾਮ ਜਪਣ ਤੇ ਸਭੋਕੁਝ ਸੌਰਦਾਹੈ ਨਾਮਜਪਣਤੇਹੋਵੇਛੁਟਕਾਰਪਿਆਰੇ। ਗੱਡੀ ਵਾਨਨੇ ਪੁਛਿਆ ਭਜਨ ਭਾਈ ਸਿੱਖ ਬਣ ਗਿਆਸੀ ਸਵਾਦਾਰ ਪਿਆਰੇ। ਬਾਬੇਬੇਨਤੀਕਰੀ ਅਕਾਲਅਗੇ ਹੱਥਜੋੜਕੇਤੇਵਾਰਵਾਰ ਪਿਆਰੇ। ਈਸ਼ਰਸ਼ਕਤਸੇਤੀ ਹੋਇਆਬੈਲਜਿੰਦਾ ਗੱਡੀਵਾਨ ਏਹ ਕਹੇਉਚਾਰ ਪਿਆਰੇ। ਮਹਾਂਰਾਜਮੇਰੇਸਾਥੀਦੂਰਲੰਘੇ ਮੈਂ ਭੀ ਰਿਹਾ ਐਥੇ ਕਰਮੁ ਹਾਰ ਪਿਆਰੇ। ਬਾਬੇ ਬੈਲ ਨੂੰ ਥਾਪੀ ਸੂ ਆਪ ਦਿਤੀ ਬਲੁ ਬਖਸ਼ਿਆ ਅਪਰ ਅਪਾਰ ਪਿਆਰੇ। ਕਾਲਾ ਸਿੰਘ ਮਿਲਿਆ ਨਾਲ ਸਾਥੀਆਂ ਦੇ ਬਾਬਾ ਪਿੰਡ ਪੁਜਾ ਓਸੇ ਵਾਰਪਿਆਰੇ॥੧੫੩॥

ਤ੍ਰਿਲੋਚਨ ਜੀ ਨੇ ਬਾਬੇ ਜੀ ਨੂੰ ਮਿਲਣਾ ਕੁੜੀਆਂ ਦੀ ਖੇਡ ਰਸਤੇ ਵਿੱਚ ਉਮਰ ੩੦ ਸਾਲ

ਇਕ ਰੋਜ ਤ੍ਰਿਲੋਚਨ ਜੀ ਭਗਤ ਆਹਾ ਦਰਸ਼ਨ ਬਾਬੇ ਦਾ ਕਰਨ ਨੂੰ ਜਾਨ ਭਾਈ। ਰਸਤੇ ਵਿਚ ਕੁੜੀਆਂ ਖੁਦੋ ਨਾਲ ਖੇਡਣ ਚਾਰਪੰਜ ਤੂੰ ਕਰੀਂ ਬਖਾਨ ਭਾਈ। ਬੀਬੀ ਭਗਤ ਜੀਦੀ ਲਿੰਬਾ ਬਾਈ ਨਾਮੇ ਝਗੜੇ ਕੁੜੀਆਂ ਦੇ ਨਾਲ ਗਲਤਾਨ ਭਾਈ। ਪਤਾ ਲੱਗਾਤ੍ਰਿਲੋਚਨ ਨੂੰ ਪੁਛਿਆ ਤੇ ਬੀਬੀ ਭਗਤਦੀ ਲਈ ਪੁਛਾਨ ਭਾਈ। ਬੀਬੀ ਕਹੇ ਮੇਰੀ ਖੁਦੋਲਈਇਨਾਂਮੈਨੂੰ ਦੇਣ ਨਾਂਕੁੜੀਆਂ ਸਤਾਨਭਾਈ। ਤ੍ਰਿਲੋਚਨ ਆਖਦਾਬੱਚੀਓ ਦਿਓਖੁਦੋ ਕਰੋਬੀਬੀਨੂੰ ਨਾਂ ਪਰੇਸ਼ਾਨਭਾਈ। ਪੰਜ ਛੀ ਖੇਨੂੰ ਕੁੜੀਆਂ ਰੱਖ ਦਿਤੇ ਆਖਣ ਸਾਡੇ ਨੇ ਸਾਡੇ ਬਖਾਨ ਭਾਈ। ਬੀਬੀ ਕਹੇ ਮੈ ਖੁਦੋ ਪੁਛਾਂਣਲਾਂਗੀਕੁੜੀਆਂਕਹਿਣਤੂੰ ਲਈਂ ਸਿੰਵਾਨ ਭਾਈ। ਖੇਨੂੰ ਚੱਕ ਕੰਨਾਂ ਨਾਲਸਰਬਲਾਏ ਬੀਬੀ ਆਪਣਾ

Sri Satguru Jagjit Singh Ji Elibrary NamdhariElibrary@gmail.com

ਛਿਆ ਪੁਛਾਂਨ ਭਾਈ। ਏਹੋ ਚਲਤ ਤ੍ਰਿਲੋਚਨ ਜੀ ਦੇਖਕੇ ਤੇ ਹੋਇ ਆ ਵਡਾ ਅਚਰਜੁ ਹੈਰਾਨਭਾਈ। ਪੁਛਣਲੱਗਾ ਬੀਬੀ ਅਖਾਂ ਚੀਜ ਵੇਖਣ ਕੰਨ ਸੱਕਦੇ ਨਹੀ ਸਿੰਵਾਂਨ ਭਾਈ। ਕੰਨਾਂ ਨਾਲ ਕਿਸਤਰਾਂ ਪੁਛਾਣ ਆਵੇ ਬੀਬੀ ਦੱਸਤੂੰ ਖੋਲਬਿਆਨ ਭਾਈ।ਬੀਬੀ ਕਹੇ ਮੇਰੀ ਖੁਦੇ ਵਿਚੋਂ ਬਾਬਾ ਆਵੇਬੀਠਲਅਵਾਜ ਭਗਵਾਨ ਭਾਈ।ਖੁਦੇਮੇਰੀ ਹੈ ਵਾਹਿਗੁਰੂ ਨਾਮ ਜਪਦੀ ਕੰਨ ਨਾਲ ਲਾਕੇ ਲਈਜਾਨ ਭਾਈ। ਤ੍ਰਿਲੋਚਨਚੱਕਖੁਦੇਕੰਨਾਂਨਾਲਲਾਈਆਈਬੀਠਲਅਵਾਜ ਮਹਾਨ ਭਾਈ। ਜਿਸ ਘਰ ਵਿਚ ਨਾਮ ਪਰਵਾਹਿ ਚੱਲੇ ਚੀਜਾਂ ਜਪਣ ਸਭ ਨਾਮ ਰਹਿਮਾਨ ਭਾਈ।ਦੂਜੀਕੁੜੀ ਨੇ ਕਿਹਾ ਅਚਰਜ ਬਾਬਾ ਸਾਨੂੰ ਸੁਣੇਅਵਾਜਨਾ ਕਾਨਭਾਈ। ਤ੍ਰਿਲੋਚਨ ਕਹੇ ਬੀਬੀਂਤੁਹਾਡੇ ਮਾਪਿ ਆਂ ਨਾ ਤੁਹਾਨੂੰ ਬਖਸ਼ਿਆ ਨਾਮ ਗਿਆਨ ਭਾਈ।ਐਸੀ ਸੁਣੋਂ ਅ- ਵਾਜ ਜੇ ਤੁਸੀ ਕੰਨੀ ਸੁਣ ਸਕੋ ਨਾਂ ਕਰੋ ਧਿਆਨ ਭਾਈ। ਕਾਲਾ ਸਿੰਘ ਸਮਝਾਇਕੇ ਲੜਕੀਆਂ ਨੂੰ ਤਿਲੋਚਨ ਗਿਆ ਬਾਬੇ ਪਾਸ ਆਨ ਭਾਈ॥ ੧੫੪॥ਤਬ॥ ਤ੍ਰਿਲੋਚਨ ਭਗਤ ਸੀ ਬਾਬੇ ਦਾ ਖਾਸ ਮਿਤ੍ਰ ਕਰੇ ਬਾਬੇ ਜੀ ਨਾਲ ਮਲਾਪ ਭਾਈ।ਅੰਦਰ ਜਾਇ ਸਤਸੰਗ ਹੈ ਕਰਨ-ਵੜਿਆ ਨਾਮ ਦੇਵ ਛੋਲਾਂ ਰਿਹਾ ਛਾਪ ਭਾਈ।ਤ੍ਰਿਲੋਚਨ ਭੂਮਕਾਪਹਿਲੀਸੀ ਜਾਪੁਕਰਦਾ ਨਾਮਦੇਵ ਚੋਬੀਵਿਚ ਆਪਭਾਈ। ਸੀਸ ਰੱਖ ਚਰਨੀ ਪਏ ਭਗਤ ਐਸੇ ਨਾਮਧਾਰੀ ਪੈਂਦੇ ਆਪੋਆਪ ਭਾਈ। ਤਿਲੋਚਨ ਕਹੇ ਕਿਉਂ ਐਨਾਂ ਹੋ ਕੰਮ ਕਰਦੇ ਕ੍ਰਿਤ ਵਿਚ ਹੋਏ ਖਪਾ ਖਾਪ ਭਾਈ। ਕਾਲਾ ਸਿੰਘ ਨਾ ਤੁਸੀਂ ਹੋ ਭਜਨ ਕਰਦੇ ਮੈਨੂੰ ਦੱਸਿਓ ਨਾਲ ਮਲਾਪ ਭਾਈ॥ ੧੫੫॥

ਨਾਮਾਮਾਇਆਮੋਹਿਆਕਹੈਤਿਲੋਚਨਮੀਤ॥ ਕਾਹੇਛੀਪਹੁਛਾਇਲੈਰਾਮਨਲਾਵਹੁਚੀਤੁ॥੨੧੧॥

ਟੀਕਾ ਬੈਂਤ ॥ ਦੋ ਸੈਕੜੇ ਗਿਆਰਾਂ ਸਲੋਕ ਅੰਦਰ ਕਹੇ ਭਗਤ ਕਬੀਰ ਅਤੀਤ ਭਾਈ। ਨਾਮ ਦੇਵ ਨੂੰ ਮਾਇਆ ਦੇ ਵਿੱਚ ਮੋਹਿਆ,

Sri Satguru Jagjit Singh Ji Elibrary NamdhariElibrary@gmail.com

ਤੈਨੂੰ ਕਹੇ ਤਿਲੋਚਨ ਹੈ ਮੀਤ ਭਾਈ। ਕਾਹਨੂੰ ਛਾਪਦਾ ਹੈਂ ਦਿਨੇ ਰਾਤ ਛੈਲਾਂ ਰਾਮ ਨਾਮ ਨੂੰ ਨਾਂ ਲਾਵੇਂ ਚੀਤ ਭਾਈ। ਤ੍ਰਿਲੋਚਨ ਜਾਪੁ ਪਹਿਲੀ ਵਿੱਚ ਭੂਮ ਕਾਦੇ ਬਾਬੇ ਨਾਲ ਕਰਦਾ ਬਾਤ ਚੀਤ ਭਾਈ॥੧੫੬

ਨਾਮਾ ਕਹੈ ਤਿਲੋਚ ਨਾ ਮੁਖ ਤੇ ਰਾਮੁ ਸਮਾਲ ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੨॥

ਟੀਕਾ ਬੈਂਤ ॥ ਦੋ ਸੈਕੜੇ ਬਾਰਾਂ ਸਲੋਕ ਅੰਦਰ ਬਾਣੀ ਲਿਖੀ ਜੋ ਪੁਰਖ ਅਕਾਲ ਪਿਆਰੇ। ਨਾਮਾ ਕਹੇ ਤ੍ਰਿਲੋਚਨਾਂ ਮੁਖ ਸੇਤੀ ਰਾਮ ਨਾਮ ਤੂੰ ਲਈਂ ਸਮਾਲ ਪਿਆਰੇ। ਹੱਥਾਂ ਪੈਰਾਂ ਦੇ ਸਾਥ ਕੈ ਕ੍ਰਿਤ ਕਰਨੀ ਚਿਤ ਲਾਓ ਖਾਂ ਵਾਹਿਗੁਰੂ ਨਾਲ ਪਿਆਰੇ। ਬਾਬਾ ਕਹੇ ਅਜਪੁ ਏਹ ਜਾਪੁ ਕਰਨਾ ਸੁਰਤ ਸ਼ਬਦ ਦਾ ਕਰੋ ਖਿਆਲ ਪਿਆਰੇ ॥ ੧੫੮ ॥

ਰਾਗ ਰਾਮ ਕਲੀ ਘਰ ੧ ਸ਼ਬਦ ਸ੍ਰੀ ਨਾਮ ਦੇਵ ਜੀ ਉਮਰ ੩੦ ਸਾਲ

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥ ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥੧॥ ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥੧॥ ਰਹਾਉ ॥ ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰ ਪੁਰੰਦਰੀਏ॥ ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥੨॥ ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥ ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥੩॥ ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ। ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਖੀਅਲੇ ॥ ੪ ॥ ੧ ॥

ਟੀਕਾ ਕਬਿਤ॥ ਰਾਗ ਰਾਮਕਲੀ ਮੁੱਖ ਵਾਕ ਸ੍ਰੀ ਨਾਮਦੇਵ ਸ੍ਰੀ ਤ੍ਰਿਲੋਚਨ ਦੇ ਤਾਂਈ ਆਪ ਆਖਦਾ। ਲਿਆਣ ਕੇ ਤੇ ਕਾਗਜ ਬਣਾਵੇ ਕੱਟ ਗੁਡੀ ਕੋਈ ਚਾੜ੍ਹ ਕੇ ਅਕਾਸ ਵਿੱਚ ਸਾਰਾ ਦਿਨ ਭਾਖਦਾ। ਭਾਵੇਂ ਪੰਜਾਂ ਸਤਾਂ ਲੋਕਾਂ ਨਾਲ ਬਾਤ ਚੀਤ ਕਰੇ ਉੜ ਕ ਦਲੀਲ ਆਪ ਡੋਰ ਵਿਚ ਰਾਖਦਾ। ਐਸੇ ਚਿਤ ਮੇਰਾ ਰਾਮ ਨਾਮ ਨਾਲ ਬੇਧਿਆ ਹੈ ਜੈਸੇ ਸੁ ਨਿਆਰ ਚਿਤ ਸੋਨੇ ਵਿਚ ਰਾਖਦਾ॥੧੬੦॥ ਕ: ॥ ਜੈਸੇ ਕੋਈ ਅਉਰਤਾਂ ਪਾਣੀ ਦੇ ਘੜੇ ਭਰਦੀਆਂ ਨੇ ਰਾਜ ਦਰਬਾਰ ਵਿਚ ਆ ਉਂਦੀਆਂ ਤੇ ਜਾਂਦੀਆਂ। ਹਸਦੀਆਂ ਖੇਡਦੀਆਂ ਘਰਾਂ ਦਾ ਵਿਚਾਰ ਕੰਮ ਆਪਣਾ ਜੋ ਚਿੱਤ ਵਿਚ ਗਾਗਰ ਰਖਾਂਦੀਆਂ। ਜੈਸੇ ਇਕ

Sri Satguru Jagjit Singh Ji Elibrary NamdhariElibrary@gmail.com

ਮੰਦ੍ਰ ਦੇ ਚਾਰ ਦਰਵਾਜੇ ਹੋਣ ਬਾਗੀ ਛੱਡੇ ਗਊਆਂ ਰੋਹੀ ਚਰਨ
ਸਿਧਾਂਦੀਆਂ। ਪੰਜਚਾਰ ਕੋਸਵਿਚ ਚਰਨ ਜਰੂਰ ਭਾਈ ਫੇਰ ਚਿੱਤ
ਵੱਛਰੇਦੇ ਵਿਚਨੇ ਬਸਾਂਦੀਆਂ ॥ ੧੬੧ ॥ ਰਃ ॥ ਕਹੇ ਨਾਮਦੇਵ
ਤਿਲੋਚਨਾ ਤੂੰ ਸੁਣੀ ਭਾਈ ਜੈਸੇ ਮਾਤਾ ਬਾਲਕੇਦੇ ਤਾਂਈ ਨਿੱਤ ਪਾ
ਲਦੀ। ਮੰਜੀ ਉਤੇ ਪਾਇ ਕੰਮ ਕਾਜਵੀ ਤੁਮਾਂਮ ਕਰੇ ਰੁੱਝੀ ਰਹੇ
ਭਾਰੀ ਅੱਟੀ ਹੋਈ ਜੋ ਪੰਧਾਲ ਦੀ। ਅੰਦਰ ਵਾਹਰਿ ਭਾਂਵੇ ਕੰਮਵੀ
ਜਰੂਰਕਰੇ ਚਿੱਤਵਿਚਤਾਂਵੀ ਖਿੱਚ ਲੱਗੀ ਰਹੇ ਬਾਲਦੀ। ਜੈਸੇ ਇਹੋ
ਭਾਵ ਪਰਮਾਨਨੇ ਸੁਣਾਇ ਤੈਨੂੰ ਤੈਸੇ ਤਾਂਘ ਰੱਖ ਚਿੱਤ ਵਾਹਿਗੁਰੂ
ਅਕਾਲਦੀ ॥ ੧੬੨ ॥

ਵਾਕ ਕਵੀ ਉਮਰ ੩੦ ਸਾਲ

ਸੁਣਕੇ ਸ਼ਬਦ ਪ੍ਰੇਮਦੀ ਠਾਠਵਾਲਾਹੋਇਆਸਾਂਨਤੀ ਕੁਲ ਸਰੀਰ
ਭਾਈ। ਸੱਤ ਸੰਗ ਤੇ ਸੱਤ ਵੀਚਾਰਕੀਤਾ ਦੁਧੋਂ ਜੁਦਾ ਕੀਤਾ ਪਾਣੀ
ਨੀਰ ਭਾਈ। ਹੋਕੇ ਵਡਾ ਅਨੰਦ ਪਰੇਮ ਸੇਤੀ ਤ੍ਰਿਲੋਚਨ ਗਿਆ
ਪ੍ਰ ਘਰੀਂ ਅਖੀਰ ਭਾਈ। ਕਾਲ ਸਿੰਘ ਪਾਖੰਡਨੂੰ ਚੂਰਕਰਦੇ ਸੱਤ
ਧਰਮਦਾ ਪਉਣ ਬਹੀਰ ਭਾਈ ॥ ੧੬੩ ॥ ਤਬਾ ॥ ਪਿਛਲੇ
ਸਿੱਖ ਡਿੱਠੇ ਸੱਚੇ ਵਾਹਿਗੁਰੂ ਦੇ ਬੈਠ ਆਪਣਾ ਆਪ ਸੁਮਾਰਦੇਨੇ।
ਦੂਜੇ ਲੋਕਵੀਬਹੁਤਸੁਧਾਰਹੁੰਦੇ ਭਜਨ ਪੁਛ ਚੁਰਾਸੀਨੂੰ ਟਾਰਦੇਨੇ।
ਅੱਜ ਕੱਲ ਦੇ ਸਿੱਖ ਜੋ ਹੋਣ ਕੱਠੇ ਵੇਖੋ ਕਿਸਤਰਾਂ ਹਾਲ ਗੁਜ਼ਾਰ
ਦੇਨੇ। ਪਹਿਲੇ ਮਿਲਣਤਾਂ ਹੱਥ ਨਾਲ ਹੱਥ ਮੇਲਣ ਆਪਸ ਵਿਚ
ਗਪੌੜਿਆਂ ਮਾਰਦੇਨੇ। ਸੁਰਤਸ਼ਬਦਅਭਿਆਸਨਾ ਗੱਲ ਕਰਨੀ ਬ
ਕਾਬਾਦਤੇਬਾਦਪੁਕਾਰਦੇਨੇ।ਜੁਤਮੁਜੁਤ ਤੇਪੌਲੇਦੀ ਕਰਨਸੇਵਾਮਾਨੋਂ
ਭਰੇ ਹੋਇ ਹੰਕਾਰਦੇਨੇ। ਮਿਲਕੇਗੁਰਾਂਦੀ ਨਹੀਂ ਹੈ ਸਿਫਤ ਕਰਨੀ
ਰਹਿਤ ਦੂਰ ਧਰਨੀਵਿਲੋਂਟਾਰਦੇਨੇ। ਸਿੰਘਗੁਰੂਦਾਵੇਖਨਾਂਕਰਨ
ਸੇਵਾ ਅਨਮੱਤੀਆਂ ਦਾ ਕੰਮ ਸਾਰਦੇਨੇ। ਚਰਨੀ ਸਿੱਖਦੀ ਪਵੇਤਾਂ

ਸਿੱਖ ਬਨਦਾ ਇਹੋ ਗੁਰੂਗਰੰਥਪ੍ਰਕਾਰਦੇ ਨੇ। ਭਾਈ ਸਾਹਿਬ ਗੁਰ
ਦਾਸ ਦਸਮੇਸ਼ ਗੁਰਜੀ ਕਲਮਆਪਣੀ ਨਾਲਪਸਾਰਦੇਨੇ। ਕਾਲਾ
ਸਿੰਘ ਗੁਰ ਸਿੱਖਦਾ ਭੇਦਨਾਹੀਂ ਸਿੱਖਗੁਰੂ ਗੁਰਸਿੱਖਉਭਾਰਦੇਨੇ।

ਬਾਬੇ ਜੀ ਦੇ ਪੁਤ੍ਰ ਬਿਠਲ ਦਾਸ ਦਾ ਜਨਮੁ ਹੋਣਾ ਉਮਰ ਸਾਲ ੪੦ ਤਕ

ਸੱਤ ਧਰਮਆ ਕਰਨ ਪ੍ਰਚਾਰ ਸਾਰੇ ਹੋਏ ਜੀਵਾਂ ਦੇ ਭਰਮਨੇ ਦੂਰ
ਪਿਆਰੇ। ਸਾਲਗਿਆ ਅਕੱਤੀਆ ਬੱਤੀਆ ਜੋ ਘਰ ਹੋਇਸੋ ਪੁਤ੍ਰ
ਜਰੂਰ ਪਿਆਰੇ। ਬਿਠਲ ਦਾਸ ਜੋ ਨਾਮ ਸੀ ਪੁਤ੍ਰ ਚੋਥਾ
ਹੋਇਆ ਸੰਤਸੀਵਡਾ ਮਸ਼ੂਰ ਪਿਆਰੇ। ਸੰਮਤ ਤੇਰਾਂ ਸੌ ਵਿੱਚ
ਅਠਵੰਜਵੇਂ ਦੇ ੧੩੫੮ ਹੈਸੀ ਬਿਕਰਮਾਜੀਤ ਮਸ਼ਹੂਰ ਪਿਆਰੇ।
ਸੱਤ ਧਰਮਦਾ ਕਰੇ ਪ੍ਰਚਾਰ ਬਾਬਾ ਬਰਸੇ ਦੇਸ ਅੰਦਰ ਨੂਰੋਨੂਰ
ਪਿਆਰੇ। ਤੇਤੀ ਚੌਤੀਏ ਸਾਲਦੀ ਉਮਰ ਹੋਈ ਗਿਆ ਪੈਂਤੀਆਂ
ਹੋ ਗਮਰੂਰ ਪਿਆਰੇ। ਛੱਤੀ ਸਾਲਤੇ ਸੈਂਤੀਆਂ ਆਣ ਮਿਲਿਆ
ਅਠੱਤੀ ਸਾਲਉਣਤਾਲੀਅਗਰੂਰਪਿਆਰੇ। ਕਾਲਾਸਿੰਘਚੜ੍ਹਿਆ
ਚਾਲੀਸਾਲਭਾਈ ਬਾਮਣਪਾਂਵਦੇ ਬਹੁਤਫਤੂਰ ਪਿਆਰੇ ॥੧੬੫॥

ਪ੍ਰਸੰਗ ਇਕਾਦਸੀ ਦੇ ਖੰਡਣ ਦਾ ਚੱਲਿਆ ਉਮਰ ੪੦ ਸਾਲ

ਸੱਤਸੁਣ ਉਪਦੇਸ਼ ਸੁਸੱਤਮੰਨਣ ਹੁੰਦੇਜੀਵਾਂਦੇਭਰਮਨੇ ਦੂਰਭਾਈ।
ਲੋਕ ਨਿਕਲੇ ਪੋਪਾਂਦੇ ਫੰਧਵਿਚੋਂ ਬਾਂਮਣ ਸੜਨ ਜਿਉਂ ਤਪੇ ਤੰਦੂ
ਰ ਭਾਈ। ਬਾਬੇ ਨਾਲ ਨੇ ਬਹੁਤ ਬਰੋਧ ਕਰਦੇ ਜਲ ਬੁਝੇਨੇ ਹੋਇ
ਮਨੂਰ ਭਾਈ। ਆਖਣ ਬਾਂਮਣਾਂ ਤੇ ਬਿਨਾਂ ਉਪਦੇਸ਼ ਕਰਨਾ
ਸੁਣਿਨਾ ਲੋਕਾਂ ਨੂੰ ਪਾਪ ਜਰੂਰ ਭਾਈ। ਹੋਰ ਬਰਨਨੇ ਲੱਗੇ ਉਪ
ਦੇਸ਼ ਕਰਨੇ ਕਲਜੁਗ ਆਗਿਆ ਘੋਰ ਅੰਧੂਰ ਭਾਈ। ਜਿਉਂ
ਜਿਉਂ ਬਾਬੇ ਜੀ ਦੇ ਨਾਲ ਬੈਰ ਕਰਦੇ ਬਾਂਮਣ ਬੋਲਕੇ ਪਊਣ
ਫਤੂਰ ਭਾਈ। ਤਿਉਂ ਤਿਉਂ ਭਗਤ ਜੀ ਦੀ ਉਸਤਤ ਬਹੁਤ ਹੋਵੇ
ਬਰਸੇ ਸ਼ਬਦਉਪਦੇਸ਼ਦਾਨੂਰ ਭਾਈ। ਇਕ ਰੋਜਬਾਂਮਣ ਬੈਠਾਕਥਾ

Sri Satguru Jagjit Singh Ji Elibrary NamdhariElibrary@gmail.com

ਕਰਦਾ ਲੋਕਸੁਣਨ ਨੇੜੇ ਬੈਠੇ ਦੂਰਭਾਈ। ਕਹੇਵਡਾ ਹੈ ਬ੍ਰਤਇਕਾ ਦਸੀ ਦਾ ਵਡਾ ਪੁੰਨ ਇਸਦਾ ਭਰਾ ਪੂਰਭਾਈ।ਬਾਹਾਂ ਉਚੀਆਂਕਰ ਉਪਦੇਸ ਦਿੰਦਾ ਬਾਂਮਣ ਬੈਠਾ ਏ ਨਾਲ ਗਰੂਰ ਭਾਈ। ਮਹਾਰਾਜ ਜੀ ਓਧਰੋਂ ਸਬਦ ਪੜਦੇਆਉਂਦੇਵਿਸੇਜਿਉਂ ਸਿੱਧੀ ਖਜੂਰਭਾਈ। ਕਾਲਾ ਸਿੰਘ ਢੋਲਕ ਨਾਲ ਸ਼ਬਦ ਪੜਿਆਪਈਛੈਣਿਆਂਦੀ ਘਮ ਘੂਰ ਭਾਈ ॥ ੧੯੬ ॥

ਰਾਗ ਧਨਾਸਰੀ ਸ਼ਬਦ ਸ੍ਰੀ ਨਾਮ ਦੇਵ ਜੀ ਉਮਰ ੪੦ ਸਾਲ

ਪਤਿਤਪਾਵਨਮਾਧਉਬਿਰਦੁਤੇਰਾ ॥ ਧੰਨਤੇਵੈਮੁਨਿਜਨਜਿਨਧਿਆਇਓਹਰਿਪ੍ਰਭੁਮੇਰਾ॥੧॥ ਮੇਰੈ ਮਾਥੈਲਾਗੀਲੇਧੂਰਿਗੋਬਿੰਦਚਰਨਨਕੀ॥ਸੁਰਿਨਰਮੁਨਿਜਨਤਿਨਹੂਤੇਦੂਰਿ॥੧॥ਰਹਾਉ॥ ਦੀਨਕਾ ਦਇਆਲੁਮਾਧੌਗਰਬਪਰਹਾਰੀ॥ਚਰਨਸਰਨਨਾਮਾਬਲਿਤਿਹਾਰੀ ॥ ੨ ॥ ੫ ॥

ਟੀਕਾ ਕਬਿਤ ॥ ਧਨਾਸਰੀ ਹੈ ਰਾਗ ਮੁਖਵਾਕ ਸ੍ਰੀ ਨਾਮਦੇਵ ਸਾ ਰਿਆਂ ਪ੍ਰਤਿ ਉਪਦੇਸ ਹੈ ਸੁਣਾਉਂਦਾ। ਪਾਪੀਆਂਨੂੰ ਕਰਦਾ ਪਵਿਤ੍ਰ ਮਾਧੋ ਨਾਮ ਤੇਰਾ ਧੰਨ ਓਹ ਮੁਨੀ ਜੇੜਾ ਨਾਮ ਤੇਰਾ ਧਿਆਉਂਦਾ। ਮੇਰੇ ਮੱਥੇ ਲੱਗੀ ਧੂਰ ਗੁਰੂ ਤੇਰੇ ਚਰਨਾਂ ਦੀ ਸੁਰਨਰ ਮੁਨੀਆਂ ਤੋ ਦੂਰ ਤੂੰ ਰਖਾਉਂਦਾ। ਗਰੀਬਾਂਦੇ ਦਿਆਲ ਪ੍ਰਿਤਪਾਲ ਮਹਾਂਰਾਜ ਮੇਰੇ ਹੰਕਾਰੀਦੇ ਹੰਕਾਰਨੂੰ ਤੂੰ ਦੂਰ ਹੈਂ ਗਮਾਉਂਦਾ। ਚਰਨ ਸਰਨ ਬਲਹਾਰ ਨਾਮਦੇਵ ਤੇਰੀ ਹਰਦਮਵਾਹਿਗੁਰੂਮੈਂ ਓਟਹਾਂਤਕਾਉਂਦਾ ॥ ੧੯੮ ॥ ਬੈਂਤ ॥ ਮਹਾਂਰਾਜ ਜੀ ਨੇ ਜਦੋਂ ਸ਼ਬਦ ਪੜ੍ਹਿਆ ਪਿੰਡ ਵਿਚ ਤਾਂ ਖਬਰ ਜਰੂਰ ਹੋਗਈ। ਕਥਾ ਛੱਡਕੇਸਾਰੇਵੀ ਨੱਠ ਆਏ ਲੋਕੀ ਪੰਮੇ ਪਾਸੋਂ ਦੂਰੋਦੂਰ ਹੋਗਈ। ਬਾਮਣ ਰਿਹਾ ਕੱਲਾ ਬਿਤ੍ਰ ਬਿਤ੍ਰਝਾਕੇ ਵਿਚੋਂ ਕਾਦਸ਼ੀਵੀ ਚਕਨਾਚੂਰਹੋਗਈ। ਪੰਡਤ ਭਗਤ ਜੀ ਨੂੰ ਫੇਰ ਕਹਿਣ ਲੱਗਾ ਅਕਲ ਭੁਜਕੇ ਜਦੋਂ ਮਨੂਰ ਹੋਗਈ। ਮੈਤਾਂ ਇਕਾਦਸ਼ੀ ਬ੍ਰਤਦੀ ਕਥਾਕਰਦਾ ਤੁਸੀਂ ਭੰਗਪਾਇਆ ਲੋਕੀ ਦੂਰ ਹੋਗਈ। ਤੁਸੀ ਕਹਿਰ ਕੀਤਾ ਮੇਰੇ ਨਾਲ ਆਕੇ ਰੌਣਕ ਛੁਟ ਮੇਰੀ ਬੂਰੋਬੂਰ ਹੋਗਈ। ਬਾਬਾ ਕਹੇ ਇਹੋ ਉਪਦੇਸ਼ ਸਾਡਾ ਜੀ ਦੇ

Sri Satguru Jagjit Singh Ji Elibrary NamdhariElibrary@gmail.com

ਕਾਦਸ਼ੀ ਅਗੇ ਮਜ਼ੂਰਹੋਗਈ। ਇਹੋ ਸੁਣੀਸੀ ਬਾਬੇਦੇ ਗੱਲ ਮੂੰਹੋਂ ਲੋਕੀਨਾਲਪੰਡੇਘੂਰੇਘੂਰਹੋਗਈ।ਬਾਬੇਹੁਕਮਦਿੱਤਾਸਿੱਖਾਂਸਾਥੀਆਂ ਨੂੰ ਢੋਲਕਛੈਣਿਆਂਦੀ ਸੁਰਪੂਰਹੋਗਈ। ਨਾਮ ਧਾਰੀਆਂਦੇ ਮੰਗ ਸ਼ਬਦ ਪੜ੍ਹਿਆ ਮਸਤੀ ਬਾਬੇਦੇਤਾਂਈਜ਼ਰੂਰਹੋਗਈ। ਕਾਲਾਸਿੰਘ ਜਦੋਂ ਬਾਬਾ ਸ਼ਬਦ ਬੋਲੇ ਸੁਨਕੇ ਸਰਬ ਲੋਕੀ ਨੂਰੋਨੂਰ ਹੋਗਈ ॥

ਰਾਗ ਟੋਡੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ੪੦ ਸਾਲ

ਕੋਈਬੋਲੈਨਿਰਵਾਕੋਈਬੋਲੈਦੂਰ ॥ ਜਲਕੀਮਾਛੁਲੀਚਰੈਖਜੂਰ ॥੧॥ਕਾਂਇਰੇਬਕਬਾਦਲਾਇਓ ॥ ਜਿਨਹਰਿਪਾਇਓਤਿਨਹਿਛਪਾਇਓ॥੧॥ ਪੰਡਿਤੁਹੋਇਕੈਬੇਦਬਖਾਨੈ ॥ ਮੂਰਖਨਾਮਦੇਉਰਾਮਹਿ ਜਾਨੈ ॥ ੨ ॥ ੧ ॥ ੧੧੦ ॥

ਟੀਕਾ ਕਬਿੱਤ ॥ ਟੋਡੀ ਰਾਗ ਵਿਚ ਬਾਬਾ ਕਹੇ ਸੁਣ ਪੰਡਤਾ ਜੇ ਕੋਈ ਰੱਬ ਨੇੜੇ ਕਹੇ ਕੋਈ ਕਹੇਦੂਰਹੈ। ਜਲ ਵਿਚ ਰਹਿੰਣਵਾਲੀ ਮੱਛੀ ਇਕਲਾਨਥਰ ਭੁਲਾ ਕਿਸੇ ਦੇਖੀ ਚੜੀ ਉੱਪਰ ਖਜੂਰ ਹੈ। ਕਾਹੇ ਬਕਾਬਾਦ ਕਰੇ ਮੂਰਖੋ ਬਜਾਰ ਐਵੇਂ ਜੀ ਨੇ ਹਰਿ ਪਾਇਆ ਤੇ ਛਪਾਇਆਹੀ ਜ਼ਰੂਰ ਹੈ। ਹੋਇਕੇ ਤੇ ਪੰਡਤ ਬਖਾਣਦਾ ਹੈ ਵੇਦਾਂ ਤਾਂਈ ਜਪੇਂ ਨਾ ਤੂੰ ਨਾਮ ਤੇਰੇ ਵਿੱਚਏਕਸੂਰਹੈ।ਅਨਪੜ੍ਹਾ ਨਾਮਦੇਵ ਮੂਰਖ ਅਲਾਪਦੇ ਹੋ ਮੇਰਾ ਮਨ ਰਾਮ ਨਾਮ ਵਿਚ ਭਰਪੂਰ ਹੈ ॥ ੧੭੧ ॥ ਬੈਂਤ ॥ ਜਦੋਂ ਬਾਬੇ ਜੀ ਇਹ ਉਪਦੇਸ਼ ਕੀਤਾ ਲੱਗੀ ਪੀੜ ਦੇ ਬਦਨਨੂੰ ਅੱਗਲੋਕ। ਆਖੇ ਵੇਖੋ ਲੋਕੋਕਲੂਕਾਲਆਇਆ ਭੁਲਾ ਫਿਰੇ ਐਵੇਂ ਸਾਡਾ ਜੱਗ ਲੋਕੋ। ਨੀਮੋਂ ਬਣਨਦੇ ਆਣ ਉਪਦੇਸ਼ ਕਰਦੇ ਖੰਧੇ ਲਗ ਗਿਆਹੈ ਸਾਡਾ ਬੱਗ ਲੋਕੋ। ਭਗਤ ਨਾਲ ਜਾਤਾਂ ਨੀਮਹੋਰਮਿਲੀਆਂ ਭਜਨ ਕਰਨ ਏ ਬੈਠ ਅਲੱਗ ਲੋਕੋ। ਕੋਈ ਬਹੁਤ ਇਕਾਦ ਸੀ ਨਹੀ ਰਖਦਾ ਆਖਣ ਇਕ ਹੈ ਰਾਮ ਸਰਬੱਗ ਲੋਕੋ। ਗਈ ਇਨਾਂਦੀ ਕਿਸਤੂੰ ਹਊਗੀਜੇ ਕਹਿਣ ਬਾਮਣਾਂ ਦੇ ਤਾਂਈ ਠੱਗ ਲੋਕੋ। ਪੰਡਾ ਭੁੜਕ ਚੁਕਾ ਮਹਾਰਾਜ ਬੋਲੇ ਇਕ ਸ਼ਬਦ ਦੇ ਵਿਚ ਪਰਤੱਗ ਲੋਕੋ। ਕਾਲਾ ਸਿੰਘ ਛੱਟੀ ਲਾਹੀ

Sri Satguru Jagjit Singh Ji Elibrary NamdhariElibrary@gmail.com

ਕਾਦਸੀ ਦੀ ਵਿਚੇ ਤੀਰਥਾਂ ਦਾ ਕੀਤਾ ਜੱਗ ਛੋਕੇ ॥ ੧੭੨ ॥

ਰਾਗ ਟੋਡੀ ਸਬਦ ਸ੍ਰੀ ਨਾਮਦੇਵ ਜੀ ਉਮਰ ੯੦ ਸਾਲ

ਕਉਨਕੋਕਲੰਕਰਹਿਓਰਾਮੁਨਾਮੁਲੇਤਹੀ ॥ ਪਤਿਤਪਵਿਤਭਏਰਾਮੁਕਹਤਹੀ ॥ ੧ ॥ ਰਹਾਉ ॥
ਰਾਮਸੰਗਿਨਾਮਦੇਵਜਨਕਉਪ੍ਰਤਗਿਆਆਈ ॥ ਏਕਾਦਸੀਬਰਤੁਰਹੈਕਾਹੇਕਉਤੀਰਥਜਾਂਈ ॥੧॥
ਭਨਤਿਨਾਮਦੇਉਸੁਕ੍ਰਿਤਸੁਮਤਿਭਏ॥ ਗੁਰਮਤਿਰਾਮਕਹਿਕੋਕੋਨਬੈਕੁੰਠਗਏ ॥ ੨ ॥੧॥ ੧੭੩ ॥

ਟੀਕਾ ਕਬਿਤ ॥ ਟੋਡੀ ਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਬਾਮ ਣਾਂ ਦੇ ਤਾਂਈ ਇਹੋ ਆਖ ਸਮਝਾਈਏ। ਕਿਨ੍ਹਨੂੰ ਕਲੰਕ ਰਹੇ ਰਾਮ ਨਾਮ ਜਪੇ ਜੇੜ੍ਹਾ ਪਾਪੀਵੀ ਪਵਿਤ੍ਰ ਹੋਇ ਰਾਮਨਾਮ ਗਾਈਏ। ਕਹੇ ਨਾਮਦੇਵ ਮੈਨੂੰ ਨਾਮ ਤੇ ਪਰਤੀਤ ਆਈ ਵਾਹਿਗੁਰੂ ਦੇ ਨਾਮ ਬਿਨਾ ਹੋਰ ਨਾ ਧਿਆਈਏ। ਇਕਾਦਸੀ ਬ੍ਰਤ ਸਾਨੂੰ ਰੱਖਣ ਦੀ ਲੋੜ ਨਾਹੀ ਤੀਰਥਾਂ ਦੇ ਉੱਤੇ ਭਾਈ ਕਾਹਨੂੰ ਅਸੀਂ ਜਾਈਏ ॥ ਕ: ॥ ਬਰਤਾਂ ਤੇ ਤੀਰਥਾਂ ਦਾ ਸਿਆਪਾ ਅਸੀਂ ਛਡਿਆ ਹੈ ਇਕ ਮਨ ਹੋਇ ਜਸ ਵਾਹਿਗੁਰੂ ਦਾ ਗਾਈਏ। ਕਹੇ ਨਾਮਦੇਵ ਇਕ ਵਾਹਿਗੁਰੂ ਦੀ ਕ੍ਰਿਪਾ ਨਾਲ ਮੱਤ ਸਾਡੀ ਚੰਗੀ ਏਹਨੂੰ ਚੰਗੇ ਪਾਸੇ ਲਾਈਏ। ਗੁਰੂ ਮੈਨੂੰ ਮਿਲਿਆ ਜਾਪ ਦੱਸਿਆ ਹੈ ਵਾਹਿਗੁਰੂ ਦਾ ਵਾਹਿਗੁਰੂ ਦਾ ਜਾਪ ਬਹਿੰਦੇ ਉਠਦੇ ਜਪਾਈਏ। ਰਾਤ ਦਿਨੇ ਜਾਪ ਜੇਹੜਾ ਵਾਹਿਗੁਰੂ ਦਾ ਜਪੇ ਭਾਈ ਕਉਣ ਨੀ ਬੈਕੁੰਠ ਗਿਆ ਗਾਇ ਸਾਰੇ ਜਾਈਏ ॥ ਬੈਂਤ ॥ ਮਹਾਂਰਾਜ ਜੀ ਦਾ ਐਸਾ ਸਬਦ ਸੁਣਕੇ ਹੋਇਆ ਅਕਲ ਦੇ ਵਿਰਸੀ ਗੁੰਮ ਪੰਡਾ। ਪਰਸੋਂ ਪੋਪਨੇ ਮੋਨਸੀ ਧਾਰ ਲੀਤਾ ਅਗੇ ਪਾਂਵਦਾ ਸੀ ਰੋਜ ਧੂੰਮ ਪੰਡਾ। ਹੋ ਗਿਆ ਨਿਰਤ੍ਰ ਸੀ ਬੋਲਿਆ ਨਾ ਖਾਇ ਗਿਆ ਸਰਮਿੰਦਗੀ ਹੁੰਮ ਪੰਡਾ। ਕਾਲ ਸਿੰਘ ਬਾਬੇ ਨਾਲ ਵੈਰ ਰਖਦਾ ਉੱਠ ਗਿਆ ਘਰਨੂੰ ਠੁੰਮੋ ਠੁੰਮ ਪੰਡਾ ॥ ੧੭੬ ॥

ਵਾਕ ਕਵੀ ਉਮਰ ਸਾਲ ੫੦

ਸੱਤ ਧਰਮ ਦਾ ਬਾਬਾ ਪ੍ਰਚਾਰਕ ਹੋਆ ਸਾਰੇ ਦੇਸ ਦੇ ਤਾਂਈ ਸੁਧਾਰਿਆ ਵੇ। ਜੇੜ੍ਹਾ ਪਾਸ ਆਵੇ ਸੋ ਮੁਰਾਦ ਪਾਵੇ ਭਜਨ ਦੱਸਕੇ ਪਾਰ ਉਤਾਰਿ

Sri Satguru Jagjit Singh Ji Elibrary NamdhariElibrary@gmail.com

ਆ ਹੈ। ਕੀਤੇ ਦੂਰ ਅਧਰਮ ਕੁਕਰਮ ਸਾਰੇ ਧਰਮ ਜਗਦੇ ਵਿਚ ਪਸਾਰਿਆਹੈ। ਕੀਤੇ ਰਾਖਸੋਂ ਦੇਵਤੇ ਭਗਤਜੀਨੇ ਕਾਗੁ ਹੰਸ ਬਨਾ ਇ ਦਿਖਾਇਆਹੈ। ਏਵੇਂ ਉਮਰ ਪਚਾਸ ਹੈ ਸਾਡ਼ਹੋਈ ਕੰਮਕ੍ਰਿਤ ਪਰਵਾਰਦਾਸਾਰਿਆਹੈ। ਦੋਹਾਂਪੁਤ੍ਰਾਂਤਾਂਈ ਬਿਆਹਿਦਿੱਤਾ ਬੀਬੀ ਸਹਿਬਡ਼ਾਕਾਜਸਮਾਰਿਆਹੈ। ਫੇਰਕਰੀ ਸੁਨਿਆਸਾਦੀ ਖਾਸਬ੍ਰਿਤੀ ਬ੍ਰਹਮਚਰਜ ਸਰੂਪਨੂੰ ਧਾਰਿਆਹੈ। ਕਾਲ੍ਹਾਸਿੰਘ ਪੰਮੇ ਬਹੁਤ ਬੈਰ ਕਰਦੇ ਬਾਬੇ ਬਹੁਤ ਪ੍ਰਚਾਰਖਲਾਰਿਆ ਹੈ॥ ੧੭੭ ॥ ਤਥਾ ॥

ਬਹੁਤ ਨਿੰਮ੍ਰਤਾ ਚਿੱਤਦ ਵਿਚ ਰਹਿੰਦੀਮੂੰਹੋਂ ਵਾਹਿਗੁਰੂ ਨਾਮ ਉਚਾ ਰਦੇਨੇ। ਸਾਗਰ ਸਾਂਤਦੇ ਕਿਸੇ ਨੂੰ ਕਹਿਣ ਕੁਝਨਾ ਚਿੱਤ ਸ਼ਾਨਤੀ ਸ਼ਾਨਤੀ ਧਾਰਦੇਨੇ। ਰਾਹਿ ਪਉਣਬੈਕੁੰਠਦੇ ਸਰਬਤਾਂਈ ਜੇੜਾ ਮਿ ਲੇ ਸੋ ਪਾਰ ਉਤਾਰਦੇ ਨੇ। ਕਾਲਾਸਿੰਘ ਰਹਿੰਦੇ ਵਿਚ ਨਿੰਮ੍ਰਤਾ ਦੇ ਕੈਂਦੇ ਲਉਣ ਸਭਨੂੰ ਫੜਕੇ ਪਾਰਦੇਨੇ॥ ੧੭੮॥

ਪ੍ਰਸੰਗ ਪਰਸੇ ਬਾਮਣਦਾ ਚੱਲਿਆ ਉਮਰ ਸਾਲ ੫੦

ਇਕ ਰੋਜ ਮਹਾਂਰਾਜ ਖੁਸ਼ੀਸੇਤੀ ਚਲੇ ਆਂਵਦੇ ਵਿਚ ਬਜ਼ਾਰਪਿਆ ਰੇ। ਅਗੋਂ ਓਹੀ ਬਾਂਮਣ ਪਰਸਾ ਆਣ ਮਿਲਿਆ ਜੇੜ੍ਹਾ ਕਰਦਾਸੀ ਕਥਾ ਉਚਾਰਪਿਆਰੇ। ਧਨਵਿੱਦਿਆਨੇ ਓਨਾ ਠੀਕਕੀਤਾ ਭਰਿ ਆ ਵਿਚਓਏਸਹੰਕਾਰਪਿਆਰੇ। ਕਥਾ ਕਰਦਾਸੀ ਜਦੋਂ ਇਕਾਦ ਸ਼ੀ ਦੀ ਬਾਬੇਕੀਤਾ ਸਰਮਿੰਦਾ ਮੁਕਾਰ ਪਿਆਰੇ। ਓਨੂੰ ਰਸ਼ਕ ਓਹੋ ਬਦਲਾ ਲੈਂਣਦਾਸੀ ਤਾੜੇ ਬਾਬੇਨੂੰ ਵਿਚ ਬਜਾਰ ਪਿਆਰੇ। ਬਾਬਾ ਖੜਾ ਬਜਾਰਦੇ ਵਿਚ ਕੀਤਾ ਮੂੰਹੋਂ ਕਹੇ ਬਾਂਮਣ ਵਾਰਵਾਰਪਿਆਰੇ। ਨਾਮਦੇਵ ਜੀ ਤੂੰ ਮੈਨੂੰ ਤੰਗ ਕਰਦਾ ਜਿਥੇ ਮਿਲੇਂ ਦੇਵੇਂ ਮੈਨੂੰ ਹਾਰ ਪਿਆਰੇ। ਪ੍ਰਸ਼ਨ ਨਾਲ ਸ਼ਰਮਿੰਦਾ ਤੂੰ ਕਰੇਂ ਮੈਨੂੰ ਮੈਤਾਂ ਹੁੰਦਾ ਹਾਂ ਬਹੁਤਲਚਾਰਪਿਆਰੇ। ਤੇਰੇ ਵਡੇ ਮੇਰੇ ਪੈਰਪੂਜਦਸੇ ਹੈਸਨ ਸਰਬ ਮੇਰੇ ਸੇਵਾਦਾਰਪਿਆਰੇ। ਤੂੰ ਤਾਂ ਜਰਾਵੀ ਨਹੀਂ ਲਿਹਾਜ ਕਰਦਾ

ਸਾਡੀ ਪੋਲਨੂੰ ਦੇਵੇਂ ਉਘਾਰਪਿਆਰੇ। ਬਾਬੇ ਨਾਲਪੰਡਾ ਬੱਧਘਟ ਬੋਲੇ ਰਹਿਆ ਬਹੁਤ ਸਾਰਾ ਝਖ ਮਾਰ ਪਿਆਰੇ। ਬਾਬਾ ਵਿਚ ਪਰੇਮਦੇ ਮਸਤ ਹੋਇਆ ਜਪੇ ਜਾਪ ਕਰਤਾਰ ਕਰਤਾਰ ਪਿਆਰੇ। ਐਸੇ ਬੋਲਾਂ ਦਾ ਗੁੱਸਾ ਨਾ ਮੂਲ ਕਰਿਆ ਬੋਲੇ ਸ਼ਾਂਤ ਭਰਪੂਰ ਭੰਡਾਰ ਪਿਆਰੇ। ਪੰਡਤ ਧੰਨ ਤੂੰ ਹੈਂ ਧੰਨ ਚਰਨ ਤੇਰੇ ਮੇਰੇ ਵਡੇ ਪੂਜਣਮੈਂ ਵਲਿਹਾਰ ਪਿਆਰੇ। ਐਸੇ ਨਿੰਮ੍ਰਤਾ ਦੇ ਭਰੇ ਬਚਨ ਸੁਣਕੇ ਹੋਇ ਲੋਕ ਹੈਰਾਨ ਅਪਾਰ ਪਿਆਰੇ। ਲੋਕ ਉਪਮਾਬਾਬੇਦੀਕਰਨਲੱਗੇ ਧੰਨਧੰਨਆਖਣਮੂੰਹੋਂ ਟਾਰਪਿਆਰੇ। ਪਰਸਾ ਖੁਸ਼ੀਦੇ ਵਿਚ ਹੰਕਾਰ ਭਰਿਆ ਘਰਆਪਣੇਗਿਆਸਧਾਰ ਪਿਆਰੇ। ਔਰਤ ਆਪਣੀ ਦੇ ਨਾਲ ਗੱਲ ਕਰਦਾ ਭਰਿਆ ਵਿਚ ਗੁਮਾਨਹੰਕਾਰਪਿਆਰੇ। ਆਖੇ ਜਿੱਤਿਆਮੈਂ ਨਾਮਦੇਵਜੀਨੂੰ ਮੈਂਤਾਂ ਭਗਤਵੀ ਗਿਆਵੈ ਹਾਰਪਿਆਰੇ। ਓਹਦੀ ਇਸਤ੍ਰੀਨੇ ਸਾਰੀ ਬਾਤ ਸਮਝੀ ਮੂੰਹੋਂਆਖਦੀਬਚਨਪੁਕਾਰ ਪਿਆਰੇ। ਸ਼ਾਂਤੀਪਤੀਜੀ ਕਰੋ ਅਭਿਮਾਨ ਛੱਡੋ ਕਰੋ ਦੂਰ ਹੰਕਾਰ ਦੀ ਧਾਰਪਿਆਰੇ। ਓਸ ਦੀਨ ਦਿਆਲ ਨੂੰ ਜਿੱਤਣਾ ਕੀ ਤੈਨੂੰ ਪਤੀਜੀ ਕੁਝ ਨਾ ਸਾਰ ਪਿਆਰੇ। ਤੂੰਤਾਂ ਵਿੱਦਿਆਵਿਚਹੰਕਾਰ ਭਰਿਆ ਹਿਰਦਾ ਸੱਕੇ ਨਾ ਕੁਝ ਸਹਾਰ ਪਿਆਰੇ। ਐਸੇ ਮਹਾਂਪੁਰਸ਼ਾਂ ਨਾਲ ਵੈਰ ਕਰਨਾ ਸਿਰ ਆਪਣੇ ਪਾਉਣੀਛਾਰਪਿਆਰੇ। ਕਿਤੇ ਸੁਤੇ ਸਿੱਧੇ ਮੂੰਹੋਂ ਬਚਨਕਰਦੇ ਬੇੜਾ ਗਰਕ ਕਰਸਨ ਵਿੱਚ ਧਾਰ ਪਿਆਰੇ। ਕਿਤੇਸਾਨੂੰਨਾ ਗਰਕ ਕਰ ਵਾਇ ਦੇਵੀਂ ਸੰਤਸਰਨ ਪੈਣਾ ਸਿੱਧਾਸਾਰ ਪਿਆਰੇ। ਬਾਬੇਸਾਹਿਬ ਜੀ ਦੀ ਸੇਵਕ ਬਾਮਣੀ ਸੀ ਸਾਰਾ ਜਾਣਦੀ ਕਾਰ ਮੁਦਾਰਪਿਆਰੇ। ਕਾਲਾ ਸਿੰਘ ਹੰਕਾਰ ਸੀ ਦੂਰ ਹੋਇਆ ਪਰਸਾ ਹੋਗਿਆਸੀ ਠੰਢਾ ਠਾਰਪਿਆਰੇ ॥੧੭੯॥ ਤਬਾ ॥ ਬਾਮਣ ਬਾਮਣੀਤੋਂ ਉਪਦੇਸ਼ ਸੁਣਕੇ ਰੋਟੀ ਖਾਇ ਸ਼ਾਂਤੀ ਵਿਚ ਆਂਮਦਾ ਜੇ। ਸੁਣੀ ਉਪਮਾ ਸੀ

Sri Satguru Jagjit Singh Ji Elibrary NamdhariElibrary@gmail.com

ਜਦੋਂ ਭਗਤ ਜੀਦੀ ਕੀਤੇ ਆਪਣੇ ਤੋਂ ਪਛਤਾਂਮਦਾ ਜੇ। ਮਨੋ ਦੂਰ ਅਭਿਮਾਨ ਹੰਕਾਰ ਹਇਆ ਮਨੁ ਆਪਣੇ ਤੇ ਲਾਣਤ ਪਾਂਮਦਾ ਜੇ। ਨਿਮਿਰਤ ਬਚਨ ਬਾਬੇ ਬਾਲੋਂ ਯਾਦ ਕਰਦਾ ਉਠਾ ਕੰਬ ਅੱਖਾਂ ਨੀਰ ਆਂਮਦਾ ਜੇ। ਆਖਰਕਾਰ ਪੰਡਤ ਹੋ ਗੀ ਘਰੋਂ ਤੁਰਕੇ ਨਾਮ ਦੇਵ ਜੀਦੇ ਪਾਸ ਜਾਂਮਦਾ ਜੇ। ਪਲਾ ਪਾਇ ਗੱਲ ਨਾਲ ਅਧੀਨਗੀ ਦੇ ਚਰਨਾਂ ਉਪਰ ਜਾ ਸੀਸ ਟਕਾਂਮਦਾ ਜੇ। ਰੋਇ ਰੋਇ ਬੇਅਕਲ ਤਾ ਬਹੁਤ ਹੋਇਆ ਮੂੰਹੋਂ ਆਖਕੇ ਆਪ ਸੁਣਾਂਮਦਾ ਜੇ। ਬਖਸ਼ ਬਖਸ਼ ਦੇਵੋ ਤੁਸੀਂ ਉਚਹੋਂ ਜੀ ਅਸੀਂ ਨੀਚ ਤੋਂ ਨੀਚ ਅਲਾਂਮਦਾ ਜੇ। ਸਿਰ ਚੁਕ ਬਾਬ ਕਿਹਾ ਪਾਂਡਿਆ ਤੂੰ ਰ ਮੁਨਾਮ ਕਿਉਂ ਨਹੀਂ ਧਿਆਂਮਦਾ ਜੇ। ਭਜਨ ਕਰੀਂ ਤੈਨੂੰ ਓਹੋ ਬਖਸ਼ ਦੇਵੇ ਬਾਮਣ ਨਾਮ ਸੈਤੀ ਚਿੱਤ ਲਾਂਮਦਾ ਜੇ। ਹੱਥ ਜੋੜ ਬਾਮਣ ਫੇਰ ਅਰਜ ਕੀਤੀ ਐਸਾ ਕਰੋ ਉਪਦੇਸ਼ ਜਤਾਂਮਦਾ ਜੇ। ਜਿਸ ਨਾਲ ਜਾਤੀ ਅਭਿਮਾਨ ਟੁਟੇ ਅਗਿਆਨਤਾ ਦੂਰ ਤਜਾਂਮਦਾ ਜੇ। ਅਗੋ ਸੁਣੇ ਨਾਂ ਬਬਾ ਜੀ ਸ਼ਬਦ ਤੇਰੇ ਮੈਨੂੰ ਫੂਕ ਅਭਿਮਾਨ ਜਲਾਂਮਦਾ ਜੇ। ਕਾਲਾ ਸਿੰਘ ਬਾਬਾ ਆਪ ਖੁਸ਼ੀ ਹਕੇ ਪੰਡਤ ਤਾਈਂ ਹੇ ਸਬਦ ਸੁਣਾਂਮਦਾ ਜੇ ॥੧੯੦॥

ਰਾਗ ਗੋਂਡ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਹਰਿਹਰਿਕਰਤਮਿਟੇਸਭਿਭਰਮਾ ॥ ਹਰਿਕੋਨਾਮੁਲੈਊਤਮਧਰਮਾ ॥ ਹਰਿਹਰਿਕਰਤਜਾਤਿਕੁਲਹਰੀ ॥ ਸੋਹਰਿਅੰਧੁਲੇਕੀਲਾਕਰੀ ॥ ੧ ॥ ਹਰਏਨਮਸਤੇਹਰਏਨਮਹ ॥ ਹਰਿਹਰਿਕਰਤਨਹੀਦੁਖੁਜਮਹ ॥ ੧ ॥ ਰਹਾਉ ॥ ਹਰਿਹਰਨਾਖਸਹਰੇਪਰਾਨ ॥ ਅਜੈਮਲਕੀਓਬੈਕੁੰਠਹਿਥਾਨ ॥ ਸੂਆਪੜਾਵਤਗਨਕਾਤਰੀ ॥ ਸੋਹਰਿਨੈਨਹੁਕੀਪੂਤਰੀ ॥੨॥ ਹਰਿਹਰਿਕਰਤਪੂਤਨਾਤਰੀ ॥ ਬਾਲਘਾਤਨੀਕਪਟਹਿਭਰੀ ॥ ਸਿਮਰਨਦ੍ਰੋਪਦਸੁਤਉਧਰੀ ॥ ਗਊਤਮਸਤੀਸਿਲਾਨਿਸਤਰੀ ॥ ੩ ॥ ਕੇਸੀਕੰਸਮਥਨੁਜਿਨਕੀਆ ॥ ਜੀਅਦਾਨਕਾਲੀਕਉਦੀਆ ॥ ਪ੍ਰਣਵੈਨਾਮਾਐਸੋਹਰੀ ॥ ਜਾਸੁਜਪਤਭੈਅਪਦਾਟਰੀ ॥ ੪ ॥ ੧ ॥ ੧੯੧ ॥

ਟੀਕਾ ਕਬਿੱਤ ॥ ਗੋਂਡ ਰਾਗ ਵਿਚ ਮੁਖ ਵਾਕ ਸ੍ਰੀ ਨਾਮਦੇਵ ਪੰਡਤਾਂ ਦੀ ਕੁਫਰੀ ਦਾ ਖੋਲਦੇ ਮਰਮ ਹੈ। ਹਰਿ ਹਰਿ ਕਰ ਦਿਆਂ ਭਰਮ ਸਭ ਦੂਰ ਹੋਵੇ ਵਾਹਿਗੁਰੂ ਦਾ ਨਾਮ ਉਚਾ ਸਭ ਤੋਂ

Sri Satguru Jagjit Singh Ji Elibrary NamdhariElibrary@gmail.com

ਧਰਮ ਹੈ। ਵਾਹਿਗੁਰੂ ਦਾ ਨਾਮ ਜਾਪ ਨੀਚ ਊਚ ਢੋਂਮਦਾਹੈ ਉਚੀ ਨੀਵੀਂ ਜਾਤ ਵਾਲਾ ਚਕਦਾ ਭਰਮ ਹੈ। ਵਾਹਿਗੁਰੂ ਦਾ ਨਾਮੁ ਮੇਰਾ ਅੰਧਲੇ ਦਾ ਸੋਟੜਾ ਹੈ ਵਾਹਿਗੁਰੂ ਦਾ ਨਾਮ ਮੇਰਾ ਪੂਰਨ ਕਰਮ ਹੈ ॥ ੧੮੨ ॥ ਕਃ ॥ ਵਾਹਿਗੁਰੂ ਦੇ ਤਾਂਈਂ ਵਾਰ ਵਾਰ ਹੈ ਨਮਸ਼ ਕਾਰ ਵਾਹਿਗੁਰੂ ਜਪੇ ਤੋ ਦੁਖ ਜਮਦੂਰ ਤਾੜਿਆ। ਵਾਹਿਗੁਰੂ ਜੀ ਆਣ ਹਰਨਾਖਸ਼ ਦੀ ਜਾਨ ਕੱਢੀ ਅਜਾਮਲ ਤਾਂਈਂ ਹੈ ਬੈਕੁੰਠ ਵਿਚ ਵਾੜਿਆ। ਤੋਤੇ ਨੂੰ ਪੜਾਵੰਦੀ ਹੈ ਗਨਕਾ ਜਰੂਰ ਤਰੀ ਨੀਚ ਊਚ ਕਿਸੇ ਦਾ ਨਾਂ ਪੜਦਾ ਉਘਾੜਿਆ। ਐਸਾ ਹਰਨਾਮ ਮੇਰੇ ਨੈਤ੍ਰਾਂ ਦੀ ਪੁਤਲੀ ਹੈ ਅਖਾਂ ਵਿਚ ਰਹੀਂ ਤੂੰ ਸੱਜਣ ਮੇਰੇ ਲਾੜਿਆ॥ ੧੮੩ ॥ ਕਃ ॥ ਵਾਹਿਗੁਰੂ ਦਾ ਨਾਮ ਜਪਪੂਤਨਾਤਰੀਹੈ ਭਾਈ ਰਾਖਸ਼ਾਂ ਦੀ ਜਾਤ ਹੈਸੀਬਾਲਕਾਂਨੂੰ ਮਾਰਦੀ। ਕਰੇ ਜੀਵ ਘਾਤ ਤੇ ਕਪਟ ਨਾਲ ਭਰੀ ਹੋਈ ਵਾਹਿਗੁਰੂ ਦੇ ਨਾਮ ਵਾਲੀ ਭਗਤੀ ਹੈ ਤਾਰਦੀ। ਰਾਜੇ ਦੀ ਜੋ ਪੁਤ੍ਰੀ ਦ੍ਰੋਪਤੀ ਵੀ ਤਰੀ ਭਾਈ ਵਾਹਿਗੁਰੂ ਦੀ ਬੇੜੀ ਪਾਰ ਸਭ ਨੂੰ ਉਤਾਰਦੀ। ਗੋਤਮਰਿਖੀ ਦੀ ਸਤੀਇਸਤ੍ਰੀ ਉਤਾਰੀ ਪਾਰ ਸਿਲਾ ਰੂਪ ਹੋਈ ਜੋ ਸਰਾਪ ਦੇਹੈਭਾਰਦੀ॥੧੮੪॥ ਕਃ ॥ ਪਾਪ ਕਰਨ ਵਾਲਾ ਕੰਸ ਕੇਸੋਂ ਫੜ ਮਾਰਿਆ ਹੈ ਐਸਾ ਜੋਰਾਵਰ ਸਚਾ ਵਾਹਿਗੁਰੂ ਅਪਾਰ ਹੈ। ਕਾਲੀ ਨਾਗ ਤਾਂਈਂ ਫੇਰ ਜ਼ਿੰਦਾ ਕੀਤਾ ਵਾਹਿਗੁਰੂ ਨੇ ਕਹੇ ਨਾਮਦੇਵਐਸਾਵਾਹਿਗੁਰੂਦਤਾਰ ਹੈ। ਜੀਦਾ ਨਾਮ ਜਪੇ ਤੇ ਅਪਦਾ ਵੀ ਦੂਰ ਹੋਵੇ ਸਿਮਰੋ ਅਕਾਲ ਜੋੜਾ ਸਾਰੇ ਨਿਰਾਕਾਰ ਹੈ। ਸੁਣ ਬ੍ਰਹਮ ਗਿਆਨ ਪੰਡਾ ਸੇਵਕ ਜਰੂਰ ਹੋਇਆ ਗਿਆ ਫੇਰ ਘਰੀਂਜਾਪਕਰੇਕਰਤਾਰਹੈ॥੧੮੫॥

ਮੈਹਰਾਸ਼ਟਰ ਦੇਸ਼ ਵਿਚ ਬਾਬੇ ਦੀ ਉਸਤਤ ਉਮਰ ਸਾਲ ੫੦

ਬੈਂਤ ॥ ਸਾਰੇ ਦੇਸ ਮੈਹਰਾਸ਼ਟਰ ਮੁਲਖ ਅੰਦਰ ਹੋਵੇ ਭਗਤ ਜੀ ਦੀ ਜੈ ਜੈ ਕਾਰ ਪਿਆਰੇ। ਭੁੱਲਾਭੁਲਿਆ ਧਰਮਦਾ ਪਾਪਮੁਕਾ

ਚਲੀ ਦੇਸ਼ ਅੰਦਰ ਸੱਚੀ ਕਾਰ ਪਿਆਰੇ। ਸਿਖ ਬਹੁਤ ਹੋਏ ਮਹਾਂ ਰਾਜ ਜੀਦੇ ਸਚੇ ਧਰਮ ਦਾ ਹੋਇਆ ਓਜਾਰ ਪਿਆਰੇ। ਮਹਾਰਾਜ ਜੀ ਜਿਧਰ ਨੂੰ ਜਾਂਵਦੇ ਨੇ ਲੋਕ ਉਠ ਕਰਦੇ ਨਮਸ਼ਕਾਰ ਪਿਆਰੇ। ਜਿਉਂ ਜਿਉਂ ਜਸ ਹੋਵੇ ਮਹਾਰਾਜ ਜੀਦਾ ਤਿਉਂ ਤਿਉਂ ਸੜਨ ਦੋਖੀ ਵਾਰੋ ਵਾਰ ਪਿਆਰੇ। ਸਿੱਖ ਕਈ ਹੋਇ ਮਹਾਰਾਜ ਜੀਦੇ ਬਾਮਣ ਬਾਣੀਏਂ ਬੇਸ਼ੁਮਾਰ ਪਿਆਰੇ। ਕਰਮਾਂ ਵਾਲਿਆਂ ਬਾਮਣਾ ਭੁਜਨ ਪੁਛੇ ਬਣ ਗਏ ਚੰਗੇ ਸੇਵਾਦਾਰ ਪਿਆਰੇ। ਕਈਆਂ ਸ਼ਰਨ ਪੈਕੇ ਉਪਦੇਸ਼ ਪੁਛੇ ਕਈਆਂ ਛਕੇ ਅੰਮ੍ਰਿਤ ਨਾਲ ਪਿਆਰ ਪਿਆਰੇ। ਕਈ ਜਾਣਦੇ ਬਾਬੇ ਨੂੰ ਗੁਰੂ ਪੂਰਾ ਕਈ ਕਰਨ ਬਾਮਣ ਨਮਸ਼ਕਾਰ ਪਿਆਰੇ। ਕਈ ਬਰਖ਼ਲਾਫ ਅਨੇਕ ਬਾਮਣ ਕਈ ਕਰਨ ਬੰਕਾਰਾਂ ਦੀ ਕਾਰ ਪਿਆਰੇ। ਕਈ ਭਰੇ ਅਗਿਆਨ ਦੇ ਨਾਲ ਬਾਂਮਣ ਕਈ ਮਾਰਦੇ ਫਿਰਨ ਢਕਾਰ ਪਿਆਰੇ। ਕਈ ਬਾਬੇ ਦੇ ਨਾਲ ਨੇ ਬੈਰ ਕਰਦੇ ਕਈ ਪਾਉਣ ਰੋਲਾ ਨਿੰਦਾ ਟਾਰ ਪਿਆਰੇ। ਕਾਲਾ ਸਿੰਘ ਵਰੋਧ ਏਹ ਕਾਸਤੇ ਸੀ ਇਹੋ ਦਸਦਾ ਦਾਸ ਨਿਤਾਰ ਪਿਆਰੇ॥ ੧੮੬॥

ਬਾਬਾ ਜੀ ਐਸਾ ਉਪਦੇਸ ਕਰਦਾਸੀ ਸਾਲ ੫੦

ਬਾਬਾ ਜਾਤ ਅਭਿਮਾਨ ਦਾ ਕਰੇ ਖੰਡਣ ਦੂਜੀ ਜੜ ਪਖੰਡ ਦੀ ਪਟਦਾ ਸੀ। ਸਾਲਗਰਾਮ ਸ਼ਿਵਲਿੰਗ ਤੇ ਸਣੇ ਤੁਲਸੀ ਪੱਥਰ ਪੂਜਣੇ ਦੀ ਜੜ ਕਟਦਾ ਸੀ। ਵਰਤ ਪੁੰਨਿਓਂ ਕਾਦਸੀ ਮਾਹਿਭੋਲਾ ਰਾਮ ਕ੍ਰਿਸ਼ਨ ਸ਼ਿਵਜੀ ਵਿਚੋਂ ਛੱਟਦਾ ਸੀ। ਗੰਗਾ ਗਿਆ ਪਰਾਗ ਦੀ ਪੋਲ ਸਾਰੀ ਫਲਗੂ ਵਿਚ ਪਹੋਇ ਨੂੰ ਛਟਦਾ ਸੀ। ਜਗਨਨਾਥ ਕਾਂਸ਼ੀ ਕਰਵਤ ਵਾਲੀ ਦਸੇ ਪੋਲਾਂ ਤੇ ਚਿਤ ਪਲਟਦਾ ਸੀ। ਐਨੇ ਫੰਧਿਆਂ ਦੇ ਵਿਚੋਂ ਲੋਕ ਕਢੇ ਬਾਮਨ ਕੁਲ ਬਾਬੇ ਤਾਂਈਂ ਬਟਦਾ ਸੀ। ਆਮਦ ਬਹੁਤ ਮਾਰੀ ਗਈ ਬਾਮਣਾ ਦੀ ਦੁਖ ਬਹੁਤ ਭਾਰਾ

ਏਸੇ ਸਟਦਾ ਸੀ। ਹੋਇ ਬੇਰੁਜਗਾਰ ਨਿਫੁਟਕ ਬਾਮਣ ਕੰਮ ਕਰਨ ਲਗੇਸਦਾਹੱਟਦਾਸੀ। ਬੰਨੇ ਟੋਲੇ ਅਗਿਆਨੀਆਂਬਾਮਣਾਂਨੇ ਭਗਤ ਮਿਲੇ ਬਦਲਾ ਲਈਏ ਝਟਦਾ ਸੀ। ਕਾਲਾ ਸਿੰਘ ਆਖਣ ਭਾਰੀ ਹਤਕ ਕਰੀਏ ਪਾਪੀ ਪਾਪ ਕਰਨੋ ਨਹੀਂ ਹਟਦਾ ਸੀ ॥ ੧੮੭ ॥

ਬਾਮਣਾਂ ਨੂੰ ਸਿੱਖਿਆ ਉਮਰ ਸਾਲ ੫੦

ਬਸ ਕਰੋ ਅਗਿਆਨੀਓਂ ਮਤ ਮੰਦੇ ਪਾਵੋ ਸੰਤਾਂ ਦੇ ਨਾਲ ਵਿਗਾੜ ਮਿਸਰ। ਬਦਲਾ ਕੀ ਲੈਣਾ ਤੁਸੀਂ ਭਗਤ ਕੋਲੋਂ ਲਵੋ ਆਪਣੇ ਆਪ ਨੂੰ ਹਾੜ ਮਿਸਰ। ਅੱਗ ਨਾਲ ਟਟੈਣੇ ਦਾ ਵਾਸਤਾਕੀ ਸੂਰਜ ਨਾਲਕੀਦੀਵੇਦੀਤਾੜਮਿਸਰ। ਸਾਗਰਚਿੜੀਤੋਂਨਹੀਮੁਕਾਉਹੁੰਦਾ ਤੋੜੀਰਹੀ ਆਪੇ ਕੰਢੇ ਸਾੜ ਮਿਸ਼ਰ। ਹੁਣ ਬਸਕਰ ਜੋ ਤੁਸੀ ਕਰੀ ਬਹੁਤੀ ਨ੍ਹੇਰ ਗਰਦ ਘਮਸਾਂਨ ਤੜਾਕ ਮਿਸ਼ਰ। ਨਿਕਲ ਜਾਂਣ ਦੇਵੋ ਅਗਿਆਨ ਵਿਚੋਂ ਦੁਨੀਆਂ ਰੱਬ ਨਾਲੋਂ ਦਿਤੀ ਪਾੜਮਿਸ਼ਰ। ਭਲਾਚਾਹੋ ਪਖੰਡਨੂੰਛੱਡਦੇਵੋਸਿੱਖਬਣੋਬਾਮਣ ਝਾੜੋਝਾੜ ਮਿਸ਼ਰ। ਚਰਨੀ ਪੜੋ ਜਾਕੇ ਨਾਮਦੇਵ ਜੀ ਦੀ ਕਰੋ ਆਪਉਤੇ ਰੰਗੀ ਬਾੜ ਮਿਸ਼ਰ। ਜੇਕਰ ਕਿਹਾ ਨਾ ਮੰਨੋਗੇ ਜਾਦ ਰਖੋ ਰੋਂਦੇ ਫਿਰੋਗੇ ਅੰਤ ਉਘਾੜ ਮਿਸ਼ਰ। ਕਾਲਾ ਸਿੰਘ ਕੀਤੇ ਤੁਸੀ ਕੰਮ ਮਾੜੇ ਪਾਇਆ ਸਰਬਦੇ ਨਾਲ ਬਿਗਾੜ ਮਿਸ਼ਰ ॥੧੮੮॥

ਪ੍ਰਸੰਗ ਔਢਿਆ ਨਾਗਨਾਥ ਸ਼ਹਿਰ ਦੇਹੁਰਾ ਫਿਰਨਾ ਭਾਰੀ ਸੰਬਾਦ ਹੋਕੇ ਉਮਰ ਸਾਲ ੫੦

ਪੰਡਰਪੁਰੀ ਨਗਰਹੈਸੀਭਗਤਜੀਦਾ ਉਥੇ ਕਰਦੇਸੀ ਰਮ ਪ੍ਰਚਾਰ ਸੰਤੋ। ਓਥੋਂ ਦੂਰਥੋੜੀ ਇਕ ਪਿੰਡ ਮੇਲਾ ਹਿੰਦੂਮੱਤਦਾ ਕੱਠਅਪਾਰ ਸੰਤੋ। ਔਢਿਆ ਨਾਗਨਾਥ ਸ਼ਹਿਰਦਾ ਨਾਮ ਜਾਣੋ ਮੰਦ ਬਹੁਤ ਉਦੂ ਠਾਕੁਰਦੁਆਰ ਸੰਤੋ। ਭਾਰੀਕੱਠ ਓਥੇ ਸਾਲੋਸਾਲ ਹੋਵੇ ਲੋਕੀ ਆਂਵਦੀਬੇਸ਼ੁਮਾਰਸੰਤੋ। ਮੰਦਰ ਉਸਦਾ ਬੂਹਾਜਰੂਰਫਿਰਿਆ ਲੋਕ ਵੇਖਆਏ ਨਿਹਚਾਧਾਰਸੰਤੋ। ਹੋਈ ਭੀੜ ਬੇਅੰਤਸੀ ਬਹੁਤ ਭਾਰੀ

Sri Satguru Jagjit Singh Ji Elibrary NamdhariElibrary@gmail.com

ਜੁੜਿਆ ਆਦਮੀਕਈਹਜਾਰ ਸੰਤੋ। ਨੇੜੇ ਮੰਦ੍ਰਦੇ ਬਾਮਣ ਸੇ ਦੂਰ ਥਾਂਈ ਪਿੱਛੇ ਹੋਰਜਾਤਾਂਡਾਰੋਡਾਰਸੰਤੋ। ਬਾਂਮਣਕਰਨ ਪੂਜਾਬੀਠ ਲਪੱਥਰ ਮੂਰਤ ਨਾਮਦੇਵਡਿੱਠੇਫਾਰੋਵਾਰਸੰਤੋ। ਕਾਲਾ ਸਿੰਘ ਏਦ ਰਏਹੋਕਾਰਹੁੰਦੀ ਓਦਰ ਭਗਤ ਆਵੇ ਹੋਕੇਤਿਆਰਸੰਤੋ॥੧੮੯॥ ਤਥਾ ॥ ਮਹਾਂਰਾਜਜੀ ਫੇਰ ਸਲਾਹਿ ਕੀਤੀ ਮੇਲਾ ਵੇਖਣੇ ਅਸੀ ਵੀਜਾਈਏਜੀ। ਜੇੜਾਹੁਕਮਅਕਾਲਦੇਵਲੋਂ ਸਾਨੂੰਸੱਤ ਧਰਮ ਉਪ ਦੇਸ਼ਦੜਾਈਏਜੀ। ਸਿੱਖ ਸਾਰੇਵੀ ਪਾਸਬੁਲਾਇਲੀਤੇ ਔਦਿਆ ਨਾਗਨਾਥਮੇਲੇਧਾਈਏਜੀ। ਮੰਦ੍ਰ ਠਾਕਰਾਂਦਾ ਮੇਲਾ ਬਹੁਤ ਭਾਰਾ ਓਥੇ ਜਾਇ ਉਪਦੇਸ਼ ਸੁਣਾਈਏ ਜੀ। ਢੋਲਕ ਨਾਲ ਛੈਣੇ ਲੈਕੇ ਤੁਰੇ ਮੇਲੇ ਵਿਚ ਪਹੁੰਚਗਏ ਸ਼ਬਦਗਾਈਏਜੀ। ਕਾਲਾਸਿੰਘ ਬਾਬੇ ਸਣੇ ਗਏ ਸਾਰੇ ਸਿੱਖ ਪੁਛਦੇ ਸਾਜ ਬਜਾਈਏ ਜੀ॥ ੧੯੦ ॥ ਤਥਾ ॥ ਬਾਬੇ ਸਾਜ ਬਜਾਉਣਦਾ ਹੁਕਮ ਦਿੱਤਾ ਸਿੱਖ ਸੁਰਾਂ ਤੇ ਤਾਲਾਂਨੂੰ ਬੁਜਦੇ ਜੀ। ਬੱਜੀ ਢੋਲਕੀ ਹੱਲੇਦਾ ਸ਼ਬਦਪੜਿਆ ਨਾਮ ਧਾਰੀਆਂਦੇ ਮਾਂਗੂ ਲੂਜਦੇਜੀ। ਬਾਬੇ ਬਾਂਮਣਾਂਦੀ ਦੇਖੀ ਕਾਰਧਾਰੀ ਬੀਠਲਪੱਥਰਦੀਮੂਰਤੀ ਪੂਜਦੇਜੀ। ਕਾਲਾਸਿੰਘ ਬਾਬੇਫੇਰਸ਼ਬਦ ਪੜਿਆ ਲੋਕ ਸੱਤਆਸੱਤਨੂੰ ਸੂਜਦੇਜੀ॥ ੧੯੧॥

ਰਾਗ ਆਸਾ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਆਨੀਲੇਕੁੰਭਭਰਾਈਲੇਊਦਕਠਾਕੁਰਕਉਇਸਨਾਨਕਰਉ ॥ ਬਇਆਲੀਸਲਖਜੀਜਲਮਹਿ ਹੋਤੇਬੀਠਲੁਭੈਲਾਕਾਇਕਰਉ ॥ ੧ ॥ ਜਤ੍ਰਜਾਉਤਤਬੀਠਲੁਭੈਲਾ ॥ ਮਹਾਅਨੰਦਕਰੇਸਦਕੇਲਾ ॥ ੧ ॥ ਰਹਾਉ ॥ ਆਨੀਲੇਫੂਲਪਰੋਈਲੇਮਾਲਾਠਾਕੁਰਕੀਹਉਪੂਜਕਰਉ ॥ ਪਹਿਲੇਬਾਸਲਈਹੈ ਭਵਰਹਬੀਠਲੁਭੈਲਾਕਾਇਕਰਉ॥ ੨ ॥ਆਨੀਲੇਦੂਧੁਰੀਧਾਈਲੇਖੀਰੰਠਾਕੁਰਕਉਨੈਵੇਦੁਕਰਉ॥ ਪਹਿਲੇਦੂਧੁਬਿਟਾਰਿਓਬਛਰੈਬੀਠਲੁਭੈਲਾਕਾਇਕਰਉ॥ ੩ ॥ ਈਭੈਬੀਠਲੁਊਭੈਬੀਠਲੁਬੀਠਲ ਬਿਨੁਸੰਸਾਰੁਨਹੀ ॥ ਥਾਨਥਨੰਤਰਿਨਾਮਾਪ੍ਰਣਵੈਪੂਰਿਰਹਿਓਤੂੰਸਰਬਮਹੀ ॥ ੪ ॥ ੨ ॥੧੯੨॥

ਟੀਕਾ ਕਬਿੱਤ ॥ ਆਸਾਰਾਗ ਵਿਚ ਮੁਖਵਾਕ ਸ੍ਰੀਨਾਮਦੇਵ ਪੰਡੀ ਆਂ ਦੇ ਤਾਂਈ ਆਪ ਆਖਕੇ ਸੁਣਾਂਉਂਦੇ। ਠਾਕੁਰਾਂਦੀ ਪੂਜਾ ਕਰਨ ਵਾਲੇ ਸੁਣੋਂ ਪਿਆਰਿਓਜੀ ਪਾਣੀਦਾ ਜੋ ਘੜਾਭੂਸੀ ਭਰਕੇਲਿਆਂ

Sri Satguru Jagjit Singh Ji Elibrary NamdhariElibrary@gmail.com

ਉਂਦੇ। ਸੁਚਾਪਾਣੀਢੋਈ ਤੁਸੀਜਾਂਦੇਹੋਪ੍ਰੇਮਨਾਲ ਠਾਕੁਰਾਂਦਾ ਭਾਈ
ਇਸਨਾਨਹੋਕਰਾਂਉਂਦੇ। ਬਿਆਲੀਲੱਖਜੀਵਜਲਵਿਚਮਰਜਾਂਵਦਾ
ਹੈ ਠਾਕੁਰਾਂਨੂੰ ਸੁਚੇਪਾਣੀਕਿਵੇਂਹੋ ਨਵਾਂਉਂਦੇ॥ ੧੯੩ ॥ ਕਃ ॥
ਜਿੱਥੇ ਵੇਖਾਂਜਾਇਸਾਰੇ ਬੀਠਲ ਨਜਰੀਆਵੇ ਆਪਹੈ ਅਨੰਦਕਲਾ
ਸਾਰੇਭਰਪੂਰਤਾਂ। ਫੁਲਾਂਦੀਪਰੋਇਮਾਲਾਠਾਕੁਰਾਂਦੇਗਲਪਾਵੋਪਹਿ
ਲਾਂ ਭਉਰੇਜੂਠੇ ਫੁਲਕਰੇਨੇਜਰੂਰਤਾਂ। ਠਾਕੁਰਾਂਦੇ ਕਿਸੇ ਕੰਮ ਵਿਚ
ਨਹੀਂ ਆਂਵਦੇਨੇ ਵਾਸਲਈਭਉਰੇਭਾਲੀਪਈਹੈ ਕਸੂਰਤਾਂ। ਚੋਇ
ਕੇ ਤੇ ਦੁਧ ਰਿੰਨ ਖੀਰਨੂੰਲਗਾਵੋਭੋਗਪਹਿਲੇਦਧਵਛਰੇਨੇਪੀਤਾਹੈ
ਬਟੂਰਤਾਂ। ਬੀਠਲਦੇ ਦੁਧਭਾਈ ਕਿਸੇ ਕੰਮ ਆਂਵਦਾਨਾ ਜੂਠਾਕਰ
ਗਿਆਵੱਛਾਰਊਦੇਹਜੂਰਤਾਂ। ਏਥੇਓਥੇਸਾਰੇਇਕਵਾਹਿਗੁਰੂਥਿਆ
ਪਦਾਹੈ ਵਾਹਿਗੁਰੂਤੇ ਬਿਨਾ ਸੰਸਾਰਹੋਵੇਚੂਰਤਾਂ। ਬਾਗਤੇਬਨੰਤੂਜੇ
ਜਲਾਂਥਲਾਂਵਿਚਸਾਰੇਕਹੇਨਾਮਦੇਵਪੂਰਰਹਿਆਨੇੜੇਦੂਰਤਾਂ੧੯੪

ਬਾਬੇ ਦਾ ਸ਼ਬਦ ਸੁਣਕੇ ਬਾਮਣਾ ਨੇ ਘਬਰਾਣਾ ਉਮਰ ਸਾਲ ੫੦

ਸਾਜਾਂਨਾਲਜਾਂ ਬਾਬੇਨੇਸਬਦ ਪੜਿਆ ਸਾਰੇਮੇਲੇਦਾ ਚਿੱਤ ਪਲਟ
ਦਿੱਤਾ। ਕੰਨੀ ਬਾਂਮਣਾਂ ਨੇ ਨੀਅਵਾਜਸਾਰੀਸਾਡੇਮੂਲਪਖੰਡਦਾਪੱਟ
ਦਿੱਤਾ। ਤੱਪੜੱਪਕੇ ਲੋਹੇਦੇ ਹੋਇਪਿੰਨੇ ਸਾਡਾਜੀਊਂਦਿਆਂਦਾ ਗਲ
ਕੱਟਦਿੱਤਾ। ਪਕੜਲਵੇਤੇ ਰੋਕਲਓਭਗਤਤਾਂਈ ਇਹੋਸਾਰਿਆਂਨੂੰ
ਚਾੜਵੱਟਦਿੱਤਾ। ਮਹਾਰਾਜਜੀ ਦੇਸਿੱਖਕਈਓਥੇ ਉਨਾਂ ਬਾਮਣਾਂਨੂੰ
ਮੋੜਝੱਟਦਿੱਤਾ। ਖਬਰਦਾਰਨਾ ਬਾਬੇਨੂੰ ਹਥਲੌਣਾ ਗੱਲਾਂਕਰੋ ਇਹ
ਸਰਬ ਉਲੱਟਦਿੱਤਾ। ਸਮਝ ਗਏ ਬਾਂਮਣ ਫੇਰ ਹੋਸ਼ ਆਈ ਬਾਬੇ
ਬਹੁਤਬਗਾੜਹੈ ਘੱਟਦਿੱਤਾ। ਹੱਡੀਬੇੜੀਵੀ ਸਾਡੀ ਨ ਨਜਰ ਆਉ
ਚਿੱਤ ਬਾਮਣਾਂ ਫੇਰ ਨਿਘੱਟ ਦਿੱਤਾ ॥ ੧੯੫ ॥

ਜਵਾਬ ਬਾਮਣਾ ਦਾ ਬਾਬੇ ਜੀ ਨਾਲ ਉਮਰ ਸਾਲ ੫੦

ਕੱਠੇ ਬਾਮਣਾ ਹੋਇ ਸਲਾਹਿ ਕੀਤੀ ਕਰਨੀ ਆਂਪਾਨੇ ਬੈਸ ਜਰੂਰ

Sri Satguru Jagjit Singh Ji Elibrary NamdhariElibrary@gmail.com

ਆਹਾ। ਬਾਬੇ ਪਾਸਆਏ ਦੂਜੀ ਵਾਰਸਾਰੇਭਰੇਹੋਇਹੰਕਾਰਗਮਰੂਰ ਆਹਾ। ਜਿੱਥੇ ਤੁਸੀ ਖੜੇਥਾਂਉਬਾਮਣਾਂਦਾ ਤੁਸੀਨਹੀ ਬਾਂਮਣ ਹੋਵੇ ਦੂਰਆਹਾ। ਕਾਲਾਸਿੰਘ ਦੂਈਆਂ ਜਾਤਾਂ ਵਿਚਜਾਓ ਬਾਮਣ ਬਾਬੇ ਨੂੰ ਆਖਦੇ ਘੂਰਆਹਾ॥ ੧੯੬॥

ਜਵਾਬ ਬਾਬੇ ਜੀਦਾ ਬਾਮਣਾ ਨਾਲ ਉਮਰ ਸਾਲ ੫੦

ਸਮਝ ਜਾਓ ਅਗਿਆਨੀਓਂ ਮੂਰਖੋ ਓਇ ਚਿੱਤ ਆਪਣੇ ਨੂੰ ਛਵੇ ਚਾੜ ਮਿਸਰ। ਤੁਸਾਂ ਮੰਨਿਆਂ ਰੱਬ ਹੈ ਬਾਮਣਾਂ ਦਾ ਹੋਰ ਕਿਸੇਦਾ ਨਹੀਂ ਹੈ ਹਾੜ ਮਿਸਰ। ਓਸਵਾਹਿਗੁਰੂਨੇਸਾਰੀਸ੍ਰਿਸ਼ਟਕੀਤੀਤੁਸੀ ਪਾਂਵਦੇ ਬਹੁਤਬਗਾੜਮਿਸਰ। ਪਾਣੀਪੌਣਸੂਰਜਚੰਦੁਸਰਬ ਤਾਂਈ ਲਾਭ ਦੇਣਤੂੰ ਅੱਖਾਂ ਉਘਾੜ ਮਿਸਰ। ਭਜਨ ਕਰਨ ਦਾ ਠੇਕਾ ਹੈ ਬਾਮਣਾ ਦਾ ਕੋਈ ਹੋਰਲਾਕਰੇਤੂੰ ਤਾੜਮਿਸਰ। ਤੁਸੀਂ ਕਹੋਬਾਂਮਣ ਕਿਸਤਰਾਂ ਬਣਦੇ ਭਜਨ ਵਿਦਿਆ ਦਿਤੀ ਹੈ ਸਾੜ ਮਿਸਰ। ਜੰਮੇ ਬਾਮਣਾਦੇ ਘਰ ਬਣੇ ਬਾਮਣ ਬੁਹਾਡੇਚਿੱਤਨੂੰਇਹੋਤੜਾੜਮਿਸਰ। ਜੋ ਬਾਂਮਣਾਂਦੇ ਬਣੇਤੁਰਕਜਾਕੇ ਕਰੇ ਜਾਇਮਸੀਤਾਂਦੀਵਾੜ ਮਿਸਰ। ਸੀਵੇਂ ਜੁਤੀਆਂਚਮਿਦੀਕਰੇਕਾਰੀ ਬਾਮਣ ਕਹੋਖਾਂ ਕੀ ਬਗਾੜ ਮਿਸਰ। ਦੂਜਾ ਹੋਰ ਬੰਦਾ ਨੀਮੀਂਜਾਤਵਾਲਾ ਪੜੇ ਵੇਦਚਾਰੇ ਕੜਾ ਕਾੜਮਿਸਰ। ਨਾਮਦਾਨ ਇਸਨਾਨ ਤੇ ਭਜਨ ਬਾਣੀ ਪੂਜਾ ਪਾਠ ਵਿਚ ਹੋਵੇ ਉਘਾੜ ਮਿਸਰ। ਕਹੋ ਓਸਨੂੰ ਕੀ ਵਿਚਾਰ ਦਸੋ ਤੁਸਾਂ ਦਿਤਾਹੈ ਦੇਸਬਿਗਾੜਮਿਸਰ। ਬਾਂਮਣ ਚੁਪ ਹੋਏ ਗੁੰਮੇ ਗੁੰਮ ਸਾਰੇ ਮੂੰਹ ਦੀ ਜਾਣ ਖਾਈ ਪਛਾਪਾੜ ਮਿਸਰ। ਕਾਲਾ ਸਿੰਘ ਬਾਬੇ ਫੇਰ ਸਬਦ ਪੜਿਆ ਬਾਮਣ ਚੁਪ ਹੋਏ ਦਿਤੇ ਝਾੜਮਿਸਰ ॥ ੧੯੭॥

ਰਾਗ ਰਾਮਕਲੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਮਾਇਨਹੋਤੀਬਾਪੁਨਹੋਤਾਕਰਮੁਨਹੋਤੀਕਾਇਆ ॥ ਹਮਨਹੀਹੋਤੇਤੁਮਨਹੀਹੋਤੇਕਵਨੁਕਹਾਂਤੇਆਇਆ ॥੧॥ਰਾਮਕੋਇਨਕਿਸਹੀਕੇਰਾ ॥ ਜੈਸੇਤਰਵਰਿਪੰਖਿਬਸੇਰਾ ॥੧॥ ਰਹਾਉ ॥ ਚੰਦੁਨਹੋਤਾ ਸੂਰੁਨਹੋਤਾਪਾਨੀਪਵਨੁਮਿਲਾਇਆ ॥ ਸਾਸਤੁਨਹੋਤਾਬੇਦੁਨਹੋਤਾਕਰਮੁਕਹਾਂਤੇਆਇਆ ॥ ੨ ॥ ਖੇਚਰਭੂਚਰਤੁਲਸੀਮਾਲਾਗੁਰਪਰਸਾਦੀਪਾਇਆ॥ ਨਾਮਾਪ੍ਰਣਵੈਪਰਮਤਤੁਹੈਸਤਿਗੁਰਹੋਇਲਖਾ

Sri Satguru Jagjit Singh Ji Elibrary NamdhariElibrary@gmail.com

ਇਆ ॥ ੩ ॥ ੩ ॥ ੧੯੮ ॥

ਟੀਕਾ ਕਬਿਤ ॥ ਰਾਗ ਰਾਮਕਲੀ ਮੁਖਵਾਕ ਸ੍ਰੀਨਾਮਦੇਵਪੰਡਿਆਂ ਦੇ ਤਾਂਈ ਉਪਦੇਸ ਏ ਸੁਣਾਇਆ ਹੈ। ਮਾਤਾ ਵੀ ਨਾ ਹੁੰਦੀ ਅਤੇ ਪਿਤਾ ਵੀ ਨਾ ਹੁੰਦਾ ਭਾਈ ਕਰਮਵੀ ਨਾ ਹੁੰਦਾ ਨਾਲੇ ਹੁੰਦੀ ਵੀ ਨਾ ਕਾਂਇਆ ਹੈ। ਅਸੀਂ ਵੀ ਨਾ ਹੁੰਦੇ ਨਾਲੇ ਤੁਸੀ ਵੀ ਨਾਂ ਹੁੰਦੇ ਭਾਈ ਓਸਵੇਲੇ ਦੱਸੋ ਕੇੜਾ ਜੀਵ ਕਿੱਥੋਂ ਆਇਆ ਹੈ। ਕੋਈ ਨਾ ਕਿਸੇ ਦਾ ਸੰਸਾਰ ਵਿਚ ਜਾਣਭਾਈ ਜਿਵੇਂ ਡੇਰਾ ਪੰਛੀਆਂ ਬ੍ਰਿਖ ਉਤੇਲਾ ਇਆ ਹੈ। ਚੰਦ ਵੀ ਨਾ ਹੁੰਦਾਨਾਲੇਸੂਰਜਵੀਹੁੰਦਾਨਾਸੀਪੌਣਪਾਣੀ ਤੱਤਾਂਦਾ ਨ ਮੇਲਸੀ ਮਲਾਇਆ ਹੈ ॥੧੯੮॥ ਕਬਿਤ ॥ ਸਾਸਤ੍ਰ ਨਾ ਹੁੰਦਾ ਨਾਲੇ ਵੇਦ ਵੀ ਨਾ ਹੁੰਦੇ ਸਨ ਓਸ ਵੇਲੇ ਦੱਸੋ ਹੈਸੀ ਕਰਮ ਕਿਥੋਂ ਆਇਆਹੈ। ਖੇਚਰ ਜੋ ਤਾਲੂਏ ਦੇ ਨਾਲ ਜੀਭਾ ਲਾਵਣੀ ਹੈ ਭੂਚਰ ਭਰਵੱਟਿਆਂਦੇ ਵਿਚ ਧਿਆਨ ਲਾਇਆ ਹੈ। ਘੁਮੇ ਜੋ ਅਕਾਸ ਸਾਰੀ ਧਰਤੀ ਗਮਨ ਕਰੇ ਤੁਲਸੀਦੀ ਮਾਲਾਂਦਾ ਜੋ ਗਲ ਫਾਹਾ ਪਾਇਆਹੈ। ਐਤਨੇ ਕਰਮ ਕਰੋਂ ਮਿਲੇਵੀ ਨਾ ਰੱਬ ਭਾਈ ਗੁਰਪਰਸਾਦਿ ਕ੍ਰਿਪਾ ਗੁਣਾਂਦੀਤੇ ਪਾਇਆਹੈ। ਕਹੇ ਨਾਮਦੇਵ ਜੀ ਦੇ ਉਪਰ ਦਿਆਲਰੱਬ ਸਤਗੁਰਾਂ ਦੇ ਵਿੱਚੀਂ ਉਹਨੂੰ ਦਸਿਆਦਸਾ ਇਆ ਹੈ ॥ ੧੯੯ ॥

ਬਾਮਣਾ ਦੇ ਬਲਾਸ ਬਾਬੇ ਨਾਲ

ਮਹਾਂਰਾਜਜੀ ਜਦੋਂ ਉਪਦੇਸ਼ਕੀਤਾ ਸ਼ਾਂਤੀ ਬਰਤੀਹੈ ਸਰਬ ਸਰੀਰ ਤਾਂਈ। ਬਾਂਮਣ ਆਖਦੇ ਸਾਡਾਨਾਦਾਓਲੱਗਾ ਸਾਰੇ ਤੜਫਦੇ ਮੱਛੀ ਜਿਉਂਨੀਰਤਾਂਈ। ਭੈਰੋਂਭੂਤ ਜੋਸੀਤਲਾਲੋਕਪੂਜਣ ਕੀਤੇਸਾਮਲ ਸੇ ਨਾਲ ਅਖੀਰ ਤਾਂਈ। ਓਨਾਂ ਲੋਕਾਂਦੇ ਚਿੱਤ ਭਟਕਉਣ ਖਾਤ੍ਰ ਬਾਂਮਣ ਸੋਚਦੇ ਏਸ ਤਤਬੀਰ ਤਾਂਈ। ਤੁਸੀ ਅਜੁ ਚੰਗਾ ਉਪਦੇਸ ਕੀਤਾ ਪੰਡੇ ਆਖਦੇ ਨੇ ਸੱਚੇ ਪੀਰ ਤਾਂਈ। ਮੈਲੇ ਓਸ ਉਤੋਂ ਤੁਸੀ

ਨਿੰਦਿਆਸੀ ਰਾਮਚੰਦ ਤੇ ਸ਼ੰਭੂ ਪਖੀਰ ਤਾਂਈ। ਦੇਵੀ ਦੇਉਤਿਆਂ ਨੂੰ ਤੁਸੀ ਨਿੰਦਿਆਸੀ ਕੀਤੀ ਗਾੜ੍ਹੀਵੀ ਛੀਰੋਛੀਰ ਤਾਂਈ। ਜੱਗ ਸਣੇ ਨਖੇਧਿਆ ਤੀਰਥਾਂਨੂੰ ਵਿਚ ਰਗੜਿਆ ਗੰਗਾਦੇਨੀਰ ਤਾਂਈ। ਸਾਲਗਰਾਮ ਤੁਲਸੀ ਨਿੰਦੀ ਕਾਦਸ ਕਿਉਂ ਸਾਨੂੰ ਕੋਈ ਖਵਾਵੇ ਨਾ ਖੀਰ ਤਾਂਈ। ਕਾਲ੍ਹਾ ਸਿੰਘ ਤੁਸੀਂ ਕਿਉਂ ਨਿੰਦਦੇ ਹੋ ਸਾਨੂੰ ਦਸਿਓ ਕੋਈ ਨਜੀਰ ਤਾਂਈ॥੨੦੧॥

ਬਾਬੇ ਜੀਦੇ ਬਲਾਸ ਪੰਡਿਆਂ ਨਾਲ ਉਮਰ ਸਾਲ ੫੦

ਬਾਬਾ ਆਖਦਾ ਅਸੀ ਨਾ ਕਰੀ ਨਿੰਦਾ ਨਹੀਂ ਕਰਾਂਗੇ ਆਖ ਸੁਨਾ ਦਿਤਾ। ਸਭਨੂੰ ਨਜਰ ਇਕੇ ਨਾਲ ਦੇਖਦੇ ਹਾਂ ਜੀਵ ਜੰਤ ਜੋ ਰਬ ਬ ਨਾਇ ਦਿਤਾ। ਓਸ ਮੇਲੇਦੇ ਉਪਰ ਜੋ ਕਿਹਾ ਭਾਈ ਤੁਹਾਡੇ ਵਾਸਤੇ ਸੂ ਸਮਝਾ ਦਿਤਾ। ਜੇੜੇ ਆਦਮੀ ਭੇਜੇਨੇ ਵਾਹਿਗੁਰੂ ਨੇ ਤੁਸੀ ਉਨਾਂ ਨੂੰ ਰੱਬ ਅਲ੍ਹਾ ਦਿਤਾ। ਤੁਸੀ ਉਨਾਂ ਤਾਂਈ ਰੱਬ ਮੰਨ ਬੈਠੇ ਸੱਚੇ ਰੱਬ ਨੂੰ ਤੁਸੀ ਭੁਲਾ ਦਿੱਤਾ। ਤੁਹਾਡਾ ਦੂਰ ਅਗਿਆਨ ਦੇ ਕਰਨ ਖਾਤ੍ਰ ਅਸੀਂ ਸੱਚ ਉਪਦੇਸ਼ ਦੜ੍ਹਾ ਦਿਤਾ। ਸਾਂਨੂੰ ਡਰ ਨਾਂਹੀ ਕਿਸੇ ਆਦਮੀ ਦਾ ਉਚੀ ਸਰਬਦੇ ਵਿੱਚ ਸੀ ਗਾ ਦਿਤਾ। ਅਸੀ ਕਿਸੇ ਨੂੰ ਨਹੀਂ ਹੈ ਭੈ ਦੇਂਣੀ ਲੈਂਣੀ ਕਿਸੇ ਦੀ ਨਹੀ ਸੁਣਾ ਦਿੱਤਾ। ਕਾਲ੍ਹਾ ਸਿੰਘ ਖੜਕੇ ਬਾਬਾ ਸ਼ਬਦ ਪੜਦਾ ਹੁਕਮ ਸਾਜ ਬਜੋਣ ਦਾ ਲਾ ਦਿਤਾ॥ ੨੦੨॥

ਰਾਗ ਗੋਂਡ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥੧॥ ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥੧॥ ਰਹਾਉ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ॥ ਬਰਦ ਚਢੇ ਡਉਰੂ ਢਮਕਾਵੈ॥੨॥ ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥੩॥ ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ॥ ਪ੍ਰਣਵੈ ਨਾਮਾ ਇਉ ਕਹੈ ਗੀਤਾ॥੫॥੨॥੬॥੨੦੩॥

ਟੀਕਾ:-ਕਬਿਤ॥ ਗੌਂਡ ਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਪੰਡਿ ਆਂ ਦੇ ਸੀਨੇ ਵੇ ਸਬਦ ਤੀਰ ਮਾਰਦਾ। ਜੇੜ੍ਹਾ ਕੋਈ ਆਦਮੀ ਜੋ

Sri Satguru Jagjit Singh Ji Elibrary NamdhariElibrary@gmail.com

ਭੈਰੋਂ ਤਾਂਈ ਪੂਜਦਾ ਹੈ ਓਸਦਾ ਬਾਹਨ ਰੂਪ ਕੁਤੇਦਾ ਹੈ ਧਾਰਦਾ। ਜੇੜਾ ਲੋਕ ਭੂਤਾਂ ਤੇ ਪਰੇਤਾਂ ਤਾਂਈਂ ਸੇਵੰਦਾ ਹੈ ਹੋਇਕੇ ਤੇ ਭੂਤਨਾ ਸੁਆਹਿ ਸਿਰ ਡਾਰਦਾ। ਨਾਰ ਤੇ ਮਰਦ ਜੇੜਾ ਸੀਤਲਾ ਨੂੰ ਸੇਵੰਦਾ ਹੈ ਖੋਤੇ ਦਾ ਜਨਮੁ ਵਾਰਵਾਰ ਹੈ ਵਟਾਰਦਾ। ਕਹੈ ਨਾਮ ਦੇਵ ਮੈ ਤਾਂ ਇਕ ਪੂਜਾਂ ਵਾਹਿਗੁਰੂ ਨੂੰ ਹੋਰ ਦੇਵੀ ਦੇਵਤੇ ਨੂੰ ਦੂਰ ਦਿਲੋਂ ਟਾਰਦਾ॥ ੨੦੪॥ ਕ॥ ॥ ਜੇੜੇ ਕੋਈ ਲੋਕ ਭਾਈ ਸਿਵਜੀਨੂੰਪੂਜਦੇਨੇਸ਼ਿਵਸ਼ਿਵਕਰਕੇਜੋਰੋਜਹੈ ਧਿਆਉਂਦਾ ਮਰਕੇ ਸੁਆਹਿ ਸਿਰਿ ਪਉਣਗਲਰੁੰਡਮਾਲਾਬੈਲਉਤੇਚੜ੍ਹਕੇ ਫਿਰੇ ਡੋਰੂਨੂੰ ਬਜਾਉਂਦਾ। ਜੇੜਾ ਕੋਈ ਲੋਕ ਦੇਵੀਦੁਰਗਾਨੂੰ ਪੂਜਦਾ ਹੈ ਆਦਮੀ ਤੋਂ ਮਰ ਜਨਮ ਇਸਤ੍ਰੀਦਾ ਪਉਂਦਾ। ਤੂੰਤਾਂ ਜੇੜੀ ਆਦਿ ਤੋ ਭਵਾ ਨੀ ਜੋ ਸਦਾਂਵਦੀ ਹੈਂ ਮੁਕਤੀ ਦੇ ਵੇਲੇ ਤੇਰਾ ਮੁਖ ਨਾ ਦਿਸਾਂਉਦਾ। ਸਤਿਗੁਰੂ ਨੂੰ ਮਿਲਕੇ ਤੇ ਨਾਮ ਜਪੋਵਾਹਿਗੁਰੂ ਦਾ ਸਾਰਿਆਂਦੇ ਤਾਂ ਈ ਮੈ ਤਾਂ ਮਿੱਤਰੋ ਸੁਣਾਉਂਦਾ। ਕਹੈਨਾਮਦੇਵ ਮੈਤਾਂ ਪੂਜਦਾ ਅਕਾ ਲ ਇਕ ਰਾਤਦਿਨ ਗੀਤ ਓਸ ਵਾਹਿਗੁਰੂਦੇ ਗਾਉਂਦਾ॥ ੨੦੫॥

ਵਾਕ ਕਵੀ ਉਮਰ ੫੦ ਸਾਲ

ਸਾਨੂੰ ਪਤਾ ਲੱਗਾ ਬਾਣੀ ਦੇਖ ਸਾਰਾ ਸ਼ਬਦ ਆਇ ਕਤ ਕੇਨੇਦਾਰ ਸੰਤੋ। ਦੇਵੀਦੇਓਤਿਆਂਦੇਖੰਡਨਕਰਨਵਾਲੀ ਬਾਂਣੀਬਾਬੇਦੀ ਅਪਰ ਅਪਾਰ ਸੰਤੋ। ਕੋਈਕਿਸਤ੍ਰਾਂ ਆਦਮੀ ਆਖਦਾ ਹੈ ਬਾਬਾ ਦੇਵਤਾਦਾ ਸੇਵਾਦਾਰ ਸੰਤੋ। ਰਾਮ ਕ੍ਰਿਸ਼ਨ ਤੇ ਬਿਸ਼ਨ ਗਣੇਸ ਸਿਵਜੀ ਕੋਈ ਮੰਨਿਆਂ ਨਹੀ ਅਵਤਾਰ ਸੰਤੋ। ਭੈਰੋਂ ਭੂਤ ਤੇ ਸੀਤਲਾ ਸਣੇ ਦੇਵੀ ਛੱਡੀ ਦੇਹੁਰੇਮਸੀਤਦੀਕਾਰਸੰਤੋ। ਗੀਗਾਖ਼੍ਵਾਜਾਗੁਦਾਬਹੀਗਾਤ੍ਰਦੀ ਜੱਗ ਕਰਨ ਕੀਤਾ ਬੇੜਾਪਾਰਸੰਤੋ। ਸ਼ਾਸਤ੍ਰ ਵੇਦਪੁਰਾਣਦੀ ਰਗੜ ਦਿਤੇ ਇਕੋ ਪੂਜਿਆਸੀਨਿਰੰਕਾਰਸੰਤੋ। ਡੰਬਭੇਖਇਕਾਦਸੀ ਸਣੇ ਤੁਲਸੀ ਬਾਣੀ ਨਾਲ ਦਿਤੀਖੋਰਖਾਰਸੰਤੋ॥ ਕੀਤਾ ਇਕ ਅਕਾਲ

ਦਾ ਜਾਪ ਬ ਬੇ ਜੋੜਾ ਵਾਹਿਗੁਰੂ ਹੈ ਨਿਰਾਕਾਰਸੰਤੋ। ਖਾਲਸ ਮੱਤ
ਸੀ ਬਾਬੇਦਾ ਖਾਲਸਾ ਜੋ ਕਾਲ੍ਹਾਸਿੰਘਬਾਣੀਦੱਸੇਸਾਰਸੰਤੋ॥ ੨੦੬

ਬਾਬੇ ਜੀ ਦਾ ਦੀਵਾਨ ਨਾਮ ਧਾਰੀਆਂ ਜੈਸਾ ਹੁੰਦਾ ਸੀ ਉਮਰ ਸਾਲ ੫੦

ਖੰਡਣਕੀਤਾ ਪਖੰਡ ਦਾ ਸਬਦ ਅੰਦ੍ਰ ਬਾਬੇ ਉਚੀਆਂ ਸੁਰਾਂ ਉਚਾਰੀ
ਆਂ ਨੇ। ਬੱਜੀ ਢੋਲਕੀ ਛੈਣੇ ਨੇ ਠਾਠ ਦਿੰਦੇ ਹੋਈਆਂ ਕੱਠੀਆਂ ਸੰਗ
ਤਾਂ ਸਾਰੀਆਂਨੇ। ਕੂਕੇਸਿੰਘ ਨੇ ਜਿਵੇਂ ਦੀਵਾਨ ਲਾਉਂਦੇ ਨਕਲ ਸਗੀ
ਓਹੀ ਗੱਲਾਂ ਸਾਰੀਆਂਨੇ। ਹਥਾਂ ਵਿਚ ਬਾਬੇ ਜੀ ਨੇ ਫੜੇ ਛੈਣੇ ਬਾਹਾਂ
ਤਾਣਦੇ ਵਿੱਚਉਭਾਰੀਆਂ ਨੇ। ਹਸਦਾ ਖੇਡਦਾ ਮੰਦਰ ਦੇ ਪਾਸਜਾਵੇ
ਹਥ ਨਾਲ ਬਾਬੇ ਤਾੜ੍ਹਾਂ ਮਾਰੀਆਂਨੇ। ਸਿਰੋਂ ਡਾਹਦਸਤਾਰਹੋ ਮਸਤ
ਹੋਇਆਜਿਵੇਂ ਮਸਤ ਹੁੰਦੇ ਨਾਮ ਧਾਰੀਆਂਨੇ। ਮਨੋਤਨੋਲਾਕੇਬਾਬਾ
ਸਬਦ ਪੜ੍ਹਦਾ ਮਸਤ ਹੁੰਦੀਆਂ ਸੰਗਤਾਂ ਸਾਰੀਆਂ ਨੇ। ਨਾਨਕਗੁਰੂ
ਕਬੀਰ ਵੀ ਮਸਤ ਹੋਯਾ ਸਬਦ ਵਿਚ ਲਾਈਆਂ ਜਦੋਂ ਤਾਰੀਆਂਨੇ।
ਸੁਣਕੇ ਸਬਦ ਮੇਲਾ ਕੱਠਾ ਆਣ ਹੋਇਆ ਪੂਜਾ ਬਾਮਣਾ ਦੀਆਂਜੋ
ਮਾਰੀਆਂ ਨੇ। ਸੁਣਕੇ ਸੜੇ ਬਰੂਦ ਦ ਮਾਂਗ ਪੈਂਡ ਭੜਕੀ ਅੱਗ ਕੀ
ਕਗੀ ਪੁਜਾਰੀਆਂ ਨੇ। ਹਾਲੋ ਹਾਲ ਕਰਕੇ ਹਾਲ ਹਾਲ ਕਰਕੇ ਉਚੀ
ਬਾਮਣਾਂ ਨੇ ਧਾਹਾਂ ਮਾਰੀਆਂ ਨੇ। ਕਾਲ੍ਹਾਸਿੰਘ ਸਾਰਾ ਹਾਲਦੱਸਦੇਵੀਂ
ਜਿਵੇਂ ਭੁਗਤ ਦੇ ਨਾਲ ਗੁਜਾਰੀਆਂਨੇ ॥੨੦੭॥

ਵਾਕ ਕਵੀ ਉਮਰ ਸਾਲ ੫੦

ਬਾਬੇ ਜਦੋਂ ਸੀਸਬਦ ਨਿਧੜਕਪੜਿਆ ਬਿੱਦਮਾਨਾਦੇਭਾਈਖਿਆ
ਲ ਆਇਆ।ਸਤ ਧਰਮ ਨੂੰਚਿੱਤਬਸਾ ਲੀਤਾ ਹਬ ਪ੍ਰੇਮੀਆਂਗਿਆ
ਨ ਦਾ ਲਾਲ ਆਇਆ।ਸੁਣਕੇ ਲੱਗੀ ਸੀ ਅੱਗਪਖੰਡੀਆਂ ਨੂੰਮਾਨੋ
ਬਾਮਣਾਂ ਦੇ ਭਾਇਕਾਲਆਇਆ।ਦੇਵੀ ਦੇਓਤਿਆਂ ਦੀ ਪੂਜਕਰਨ
ਵਾਲੇ ਕਾਲ੍ਹਾ ਸਿੰਘ ਓ ਕਹਿਣ ਭੁਚਾਲ ਆਇਆ ॥ ੨੦੮ ॥

ਜਵਾਬ ਬਾਮਣ ਦਾ ਬਾਬੇ ਜੀ ਨਾਲ ਉਮਰ ਸਾਲ ੫੦

ਕਾਂਵਾਂ ਮਾਂਗੂ ਰੌਲਾ ਕੀਤਾ ਬਾਂਮਣਾਂਨੇ ਕੱਠੇ ਆਣ ਹੋਏ ਇਕੋ ਵਾਰ

Sri Satguru Jagjit Singh Ji Elibrary NamdhariElibrary@gmail.com

ਸਾਰੇ। ਤਨ੍ਹ ਮਨ੍ਹਸੀ ਉਹਨਾਂਦਾ ਦਗਧ ਹੋਇਆ ਹਾਲ ਹਾਲ ਕਰ ਰੋ ਮਾਰੋਮਾਰ ਸਾਰੇ। ਇਕੇਵਾਰ ਆਪਏਸੇ ਵਿੱਪ ਮਾਂਗੂ ਪਏ ਸ਼ੋਰ ਪਾਵਣ ਭੁਵਕਾਰ ਸਾਰੇ। ਉਹਨਾ ਪਾਸ ਹੱਥਿਆਰ ਅਗਿ ਆਨ ਭਾਰਾ ਕਰਦੇ ਜਾਤਦਾ ਵਡਾ ਹੰਕਾਰ ਸਾਰੇ। ਕਿਹਾ ਬਾਬੇ ਨੂੰ ਢੋਲਕੀ ਬੰਦ ਕਰਦੇ ਸ਼ਬਦ ਪੜ੍ਹੋ ਨਾ ਤਾੜੀਆਂ ਮਾਰ ਸਾਰੇ। ਰੌਲਾ ਇਹੋ ਪਾਇਆ ਮੰਦ੍ਰ ਬਾਮਣਾਂਦਾ ਸ਼ਬਦ ਪੜ੍ਹੋ ਨਾਂ ਕਹਿਣ ਪੁਕਾਰ ਸਾਰੇ। ਹਾਤਾ ਮੰਦ੍ਰ ਤੇ ਜਗਾ ਹੈ ਬਾਮਣਾਂਦੀ ਥੁਹਾਡੀ ਨਹੀਂ ਹੈ ਕਰੋ ਵਿਚਾਰ ਸਾਰੇ। ਤੇਰੇ ਨਾਲ ਦੇ ਆਦਮੀ ਨਹੀ ਬਾਮਣ ਨਾਈ ਜੱਟ ਤ੍ਰਖਾਣ ਲੁਹਾਰ ਸਾਰੇ। ਦਰਜੀ ਝੀਉਰ ਹੱਟਬਾਣੀਏ ਨਾਲ ਤੇਰੇ ਸੌਦਾ ਕਰਨ ਜੋ ਬਨਜ ਬਪਾਰ ਸਾਰੇ। ਅਸੀ ਸਰਬ ਨੂੰ ਮੰਦ੍ਰ ਦੀ ਹੱਦ ਵਿਚੋਂ ਕੱਢ ਦੇਵਣਾ ਹੈ ਧੱਕੇ ਮਾਰ ਸਾਰੇ। ਕਾਲਾ ਸਿੰਘ ਜਾਤਾਂ ਸਭੇ ਨੀਮੀਆਂਨੇ ਬਾਮਣ ਅਸੀ ਉਚੇ ਸਰਦਾਰ ਸਾਰੇ ॥ ੨੦੯ ॥

ਜਵਾਬ ਲੋਕਾਂ ਦਾ ਨਾਲ ਬਾਮਣਾ ਦੇ ਉਮਰ ਸਾਲ ੫੦

ਲੋਕਾਂ ਦੇਖਕੇ ਆਖਿਆ ਬਾਮਣਾਂ ਨੂੰ ਥੁਹਾਡੀ ਅਕਲ ਦੇ ਵਿਚ ਨਾ ਧੀਰ ਮਿਸਰ। ਸਾਡੇ ਘਰਾਂ ਤੋਂ ਰੋਟੀਆਂ ਰੋਜ ਖਾਵੋ ਹੰਤਕਾਰੀਆਂ ਤੇ ਰਿੱਧੀ ਖੀਰ ਮਿਸਰ। ਸਾਡੇ ਘਰੋਂ ਪਲਕੇ ਤੁਸੀ ਬਣੇ ਝੋਟੇ ਸਾਡਾ ਛੋਰਣ ਦਿੰਦਾ ਬੁਹਾਨੂੰ ਚੀਰ ਮਿਸਰ। ਕਾਲਾ ਸਿੰਘ ਨਾ ਅਸੀ ਧਸਿੰਦ ਥੁਹਾਡੇ ਥੁਹਾਡਾ ਸਾਡਾ ਨਾ ਕਈ ਹੈ ਸੀਰ ਮਿਸਰ ॥ ੨੧੦ ॥

ਬਾਮਣਾ ਨੇ ਬਾਬੇ ਜੀ ਤੇ ਨਾਲੇ ਸੇਵਕਾਂ ਨਾਲ ਸਖਤੀ ਕਰਨੀ ਉਮਰ ਸਾਲ ੫੦

ਜਿਵੇਂ ਲੋਕਾਂ ਦਾ ਇਹੋ ਜੁਵਾਬ ਸੁਣਿਆਂ ਹੋਇ ਵਿਚ ਕ੍ਰੋਧ ਦੇ ਗੱਡ ਸਾਰੇ। ਸ਼ੂਦ੍ਰ ਸ਼ੂਦ੍ਰ ਕਰਕੇ ਕੰਨੇ ਪਏ ਆਕੇ ਆਖਣ ਮਾਰ ਸਿਟਣੇ ਦੇਣੇ ਵੱਡ ਸਾਰੇ। ਹਥੋਪਾਈ ਸੀ ਉਹਨਾਂਨੇ ਸ਼ੁਰੂ ਕੀਤੀ ਬਾਮਣ ਬਣੇ ਚੰਡਾਲ ਖਹੱਡ ਸਾਰੇ। ਕੋਈ ਮਾਰਿਆ ਕਿਸੇ ਨੂੰ ਸੁਟ ਦਿਤਾ ਕੁਟ ਕਈਆਂਦੇ ਭੰਨਦੇ ਹੱਡ ਸਾਰੇ। ਖੋਹੀ ਢੋਲਕੀ ਆਂਣਕੇ ਕਿਸੇ ਬਾਮ

Sri Satguru Jagjit Singh Ji Elibrary NamdhariElibrary@gmail.com

ਣ ਮਾਰ ਸਿੱਖ ਕੀਤੇ ਅੱਡੋ ਅੱਡ ਸਾਰੇ। ਮਹਾਰਾਜਜੀਦੇਛੈਣੇਂ ਆਣ ਖੋਹੇ ਧੱਕੇ ਮਾਰ ਫੜਕੇ ਦਿਤੇ ਕੱਢ ਸਾਰੇ। ਨਾਮ ਜਪਦਿਆਂ ਭਜਨ ਨੂੰ ਕਰਦਿਆਂ ਨੂੰ ਬਾਮਣ ਵੈਰ ਰੱਖਣ ਖੱਡੋ ਖੱਡ ਸਾਰੇ। ਮਾਣ ਜਾਤ ਦਾ ਪਕੜਿਆ ਭਗਤ ਜੀ ਨੂੰ ਆਏ ਹਾਥਿਓਂ ਦੂਰ ਨੇ ਛੱਡ ਸਾਰੇ। ਕਾਲਾ ਸਿੰਘ ਸਖਤੀ ਕੀਤੀ ਜਾਲਮਾਂ ਨੇ ਸਿੱਖ ਨਾਲ ਬਾਬੇ ਆਏ ਛੱਡਸਾਰੇ ॥ ੨੧੧ ॥

ਵਾਕ ਕਵੀ ਉਮਰ ਸਾਲ ੫੦

ਹਾਇ ਸ਼ੋਕ ਐਸੇ ਹਾਰੀ ਭਗਤ ਤਾਂਇ ਧੱਕੇ ਮਾਰਕੇ ਦਿਤਾ ਨਿਕਾਲ ਵੇਖੋ। ਬਸ ਕਰੋ ਅਭਿਮਾਨੀਓ ਨਹਿਂਜਾਵੇ ਤੁਸੀਂ ਕੀਤੇ ਨੇ ਕੰਮ ਖੁਆਰ ਵੇਖੋ। ਨਾਮਦੇਵਜੀਦੇ ਨਾਲ ਨਹੀ ਕੀਤੀ ਤੁਸੀ ਕੀਤੇ ਬਰਾਨ ਅਵਤਾਰ ਵੇਖੋ। ਕਾਲਾਸਿੰਘ ਜੋੜ ਤੁਹਾਡੇ ਹੱਥ ਆਇਆ ਤੁਸੀਂ ਉਸੇ ਨੂੰ ਲਿਆ ਹੈ ਮਾਰਵੇਖੋ ॥ ੨੧੨ ॥

ਕਵਿਤਾ ਬਿਸ਼ਨ ਸਿੰਘ ਕਾਲਾ ਸਿੰਘ ਦੇ ਛੋਟੇ ਪੁਤ੍ਰ ਦੀ ਹੈ

ਦੋਹਰਾ ॥ ਪੰਮੇਸਰਵ ਸਮਾਨਨੇ ਰਹੋਇਨਾਂਤੇਦੂਰ। ਬਿਸ਼ਨਸਿੰਘਾ ਜੋ ਦੁਧ ਪਲਾਵੇ ਮਾਰਨ ਉਸੇ ਜਰੂਰ। ਹੁਣ ਮੈ ਦਸਾਂ ਖੋਲਕੇ ਜਿਸ ਜਿਸਦਾ ਹੈ ਹਾਲ। ਬਿਸ਼ਨ ਸਿੰਘਾ ਸੋ ਜਾਣਦੇ ਬੀਤੀ ਜਿਨ੍ਹਾਂ ਨਾਲ ॥ ੨੧੩ ॥ ਬੈਂਤ ॥ ਕਥਾ ਆਦਤੋ ਅੰਤ ਪੁਰਾਨ ਦੱਸਨਸੰਤ ਜਨਾਂ ਨੂੰ ਦੁਖ ਪੁਰਾਨ ਪੰਮੇ। ਭ੍ਰਿਗੁਲੱਤਮਾਰੀ ਬਿਸ਼ਨ ਛੱਲ ਕੀਤੀ ਈਸ਼ਰ ਅੰਸੀਆਂਦੀ ਵੀ ਕਰਨ ਹਾਨਪੰਮੇ। ਪਲਾਸਤਮੁਨੀ ਧੋਖਾ ਜਿਨ੍ਹਾਂ ਨਾਲ ਕੀਤਾ ਖੋਹਣ ਸੋਹਿਣਾ ਲੰਕ ਮਕਾਨਪੰਮੇ। ਰਾਮਚੰਦ ਸੇਤੀ ਰੌਣ ਜੁਲਮ ਕੀਤਾ ਸੀਤਾ ਕੱਢਕੇ ਘਰੀਂ ਛਪਾਨਪੰਮੇ। ਪਰਸਰਾਮ ਫੜਕੇ ਖੁਹਾੜਾ ਪਾਪ ਕੀਤੇ ਮੇਟਣ ਛੱਤਰੀ ਬੰਸ ਨਿਸ਼ਾਨ ਪੰਮੇ। ਕ੍ਰਿਸ਼ਨ ਜੰਮਦੇਨੂੰ ਮਾਰਨਾ ਚਹੁਣਭਾਈ ਜਾਕੇ ਕੰਸਨੂੰ ਨਿੱਤਸਖਾਨ ਪੰਮੇ। ਕੈਰੋਂ ਪਾਂਡਵਾਂਦੀ ਕੁਲ ਨਸ਼ਟਕੀਤੀ ਪਰਬਤ ਵਿਚ ਹੁਮਾਲੇ

ਗਲਾਨ ਪੰਮੇ। ਕਾਸ਼ੀ ਵਿਚ ਬਹੁਤੀ ਛੱਡ ਬੇਸਮਾਰੀ ਚੀਰ ਆਰੇਦੇ ਨਾਲ ਮੁਕਾਨ ਪੰਮੇ। ਘੜੇ ਗਲੀਂ ਬਨ੍ਹਾਇਕੇਸੇਵਕਾਂਦੇ ਲੱਗੇਗੰਗਾ ਦੇ ਵਿਚ ਹੜ੍ਹਾਨਪੰਮੇ। ਹਰੀਚੰਦ ਨਾਰੀ ਪੁਤ੍ਰ ਬੇਚਦਿਤੇ ਘਰ ਚੂੜ੍ਹਿਆਂ ਕਰਗਫੜ੍ਹਾਨਪੰਮੇ। ਆਡਾ ਕੀਤਾਕਬੀਰ ਰਵਦਾਸ ਸੇਤੀ ਸਧਨੇ ਸੈਨਦੇ ਤਾਂਈਂ ਸਤਾਨਪੰਮੇ। ਬਾਪੂਭਗਤ ਪ੍ਰਹਿਲਾਦ ਸਖਾਲਕੇ ਤੇ ਨਾਲ ਤੱਤਿਆਂ ਥੰਮਾਂ ਲਗਾਨ ਪੰਮੇ । ਨਾਨਕ ਗੁਰੂ ਨੂੰ ਭਾਗੋ ਦੇ ਜੋਗਕਾਰਨ ਨਾਮਧਰਨਕੁਰਾਈਆ ਸਤਾਨਪੰਮੇ। ਬਦਲੇਸਾਕਦੀ ਚੰਦੂਨੂੰਬਹੁਤਭਰਿਆ ਪੰਚਮਗੁਰੂਦੇ ਲੈਣ ਪਰਾਨ ਪੰਮੇ। ਛੀਵੇਂ ਗੁਰੂ ਨੂੰ ਪਾਪੀਆਂ ਵੈਹੁ ਦਿੱਤੀ ਕਹੇ ਗੁਰੂ ਗਰੰਥ ਬਖਾਨ ਪੰਮੇ। ਨੌਮੇਗੁਰੂ ਉਤੇਦੂਗਲੀ ਕਰਨਜਾਕੇ ਵਿਚ ਦਿਲੀਦੇ ਕਤਲ ਕਰਾਨ ਪੰਮੇ। ਸਹਿਬਜਾਦੇ ਸ੍ਰਹਿੰਦ ਸ਼ਹੀਦਕੀਤੇ ਗੰਗੂ ਜੇਹੇ ਹੋਏ ਬੇਈਮਾਨਪੰਮੇ। ਨਾਮਦੇਵਜੀ ਦੇ ਨਾਲ ਜਿਵੇਂ ਕੀਤੀਨਜਰਅਓਂਦੇਨੇਵਿੱਚਧਿਆਨ ਪੰਮੇ। ਲੋਕ ਕਹਿਣਗੇ ਸਿੰਘਸੀ ਲਿਖਨਵਾਲਾ ਖੇੜ੍ਹਾਛੱਡਪਏਹੋਣ ਬਰਾਨਪੰਮੇ। ਬਿਸ਼ਨਸਿੰਘ ਤੂੰ ਵੀ ਹੁਣ ਵੱਸ ਕਰਜਾ ਕੀਤਾ ਆਪਣੇ ਕਰਮਦਾ ਪਾਨਪੰਮੇ॥ ੨੧੪॥ ਤਥਾ ॥ ਜਿੰਨੀ ਅੱਸ ਮਹਾਤਮਾਂ ਸਾਰਿਆਂਦੀ ਕਾਹਨੂੰ ਦੁਧਤੇਖੀਰਖਵਾਲਦੇਹੋ। ਖਹਿੜ੍ਹਾਛਡੋਪਰੋਤਾਂਪਾਧਿਆਂਦਾ ਢਾਕਵਸਹੀ ਜੇ ਵਡਿਆਂਦੇਹਾਲਦੇਹੋ। ਕਸਮਬਾਬੇ ਦੀ ਮੰਨੋਨਾਂ ਬਾਮਣਾਂਨੂੰ ਅੰਸਵੰਸਜੇਦੀਨਦਿਆਲਦੇਹੋ। ਘਰਾਂਵਿੱਚ ਗੁਰਰੀਤ ਅਨੰਦ ਕਰਿਓ ਬਿਸ਼ਨ ਸਿੰਘ ਸੁਪੁਤ੍ਰ ਕ੍ਰਿਪਾਲ ਦੇਹੋ॥ ਤਥਾ॥ ਕਿਸ ਕਿਸਦਾ ਹਾਲਮੈਂ ਕਹਾਂ ਭਾਈ ਜੋੜ੍ਹਾ ਯਾਦ ਸੀ ਸੋਈ ਸੁਣਾਇਆ ਹੈ। ਕਈਆਂ ਮਹਾਂ ਪੁਰਸ਼ਾਂ ਨਾਲ ਬੁਰੀ ਕੀਤੀ ਇਨਾਂ ਜਾਲਮਾਂ ਜੁਲਮ ਕਮਾਇਆ ਹੈ। ਤੁਸੀਂ ਅੱਜ ਤੋਂ ਹੀ ਹੁਣ ਯਾਦ ਰਖੋ ਥੁਹਾਡੇ ਤੇਜ ਦਾ ਅੰਤ ਵੀ ਆਇਆ ਹੈ। ਮਹਾਂ ਪੁਰਖ ਦਾ ਤੁਸੀ ਬੇਅਦਬ ਕੀਤਾ ਬੂਟਾ ਜੈਹਰਿ ਦਾ ਤੁਸੀ ਲਗਾਇਆ ਹੈ।

Sri Satguru Jagjit Singh Ji Elibrary NamdhariElibrary@gmail.com

ਈਸ਼ਰ ਜੋਤ ਦੀ ਕਰੀ ਨਰਾਦਰੀ ਹੈ ਬਦਲਾ ਏਸਦਾ ਵੀ ਦੇਣ ਆਇਆ ਹੈ। ਜੇੜ੍ਹਾ ਜਾਤ ਗੁਮਾਨ ਹੈ ਵਿਦਿਆ ਦਾ ਕਿਸੇ ਦਿਨ ਏਹ ਖਾਕ ਰੁਲਾਇਆ ਹੈ। ਮਹਾਂ ਪੁਰਖ ਨੇ ਥੁਹਾਨੂੰ ਸਰਾਫਿਆ ਹੈ ਥੁਹਾਡਾ ਸਭੋ ਕੁਝ ਦੂਰ ਕਰਾਇਆ ਹੈ। ਥੁਹਾਡੀ ਕਿਸੇ ਨੇ ਪੁਛਣੀ ਬਾਤ ਨਾਹੀ ਸਮਾ ਓਹੀ ਨੇੜੇ ਹੁਣ ਆਇਆ ਹੈ। ਟਕੇ ਟਕੇ ਦੀ ਮਿਨਤ ਨੂੰ ਫਿਰੋ ਸਾਰੇ ਪੰਡਾਂ ਢੋਵੋ ਮਜੂਰ ਸਦਾਇਆਹੈ। ਜਿਨਾ ਸੰਤਾਂ ਨੂੰ ਨੀਵੀਆਂ ਕਿਹਾ ਜਾਤਾਂ ਧਕੇ ਮਾਰਕੇ ਪਕੜਉਠਾ-ਇਆ ਹੈ। ਉਹਨਾਂ ਜਾਤਾਂ ਦੇ ਆਦਮੀ ਹੋਨ ਜਿੰਨੇ ਥੁਹਾਨੂੰ ਨੌਕਰ ਮੂਹ ਰਹਿਣਾ ਆਇਆ ਹੈ। ਹੱਥ ਅੱਡਕੇ ਤੇ ਘਰੋ ਘਰੀਂ ਮੰਗੋਂ ਦੁਰਦਿਸ਼ਾ ਦਾ ਬਖਤ ਸੁਣਾਇਆ ਹੈ। ਨ੍ਹੇਰ ਗਿਆ ਸੂਰਜ ਪ੍ਰਕਾਸ਼ ਹੋਇਆ ਨਜਰ ਸਾਰਿਆਂ ਦੇ ਤਾਂਈਂ ਆਇਆ ਹੈ। ਜੇੜ੍ਹੇ ਵਿਚ ਅੰਨੇਰਦੇ ਕੰਮ ਕਰਦੇ ਬਖਤ ਉਹਨਾਂ ਉਤੇ ਮੰਦਾ ਆਇਆ ਹੈ। ਚਾਨਣ ਵਿੱਚ ਨਾਂ ਉਹਨਾਂ ਦੀ ਪੇਸ਼ ਜਾਂਦੀ ਦਸਾਂ ਗੁਰਾਂ ਪਖੰਡ ਉਡਾਇਆ ਹੈ। ਕ ਲਾ ਸਿੰਘ ਸਾਰਾ ਓਹੀ ਹਾਲ ਦਸੇ ਜੇੜ੍ਹਾ ਬਾਬੇ ਭਾਣਾ ਬਰਤਾਇਆ ਹੈ ॥ ੨੧੬ ॥ ਤਬਾ ॥ ਸਖਤੀ ਪੁਜ ਭਾਰੀ ਕੀਤੀ ਬਾਮਣਾ ਨੇ ਪੰਡਾ ਜੋਰ ਡਾਲੋ ਡਾਲ ਲਾ ਬੈਠਾ।ਬਾਹਾਂ ਪਕੜ ਧਕੇ ਮਾਰੇ ਭਗਤ ਜੀਨੂੰ ਪੰਡਾ ਕੁਲ ਸੀ ਹ ਰ ਹਰਾ ਬੈਠਾ। ਕੌਤਕ ਦੇਖ ਬਾਬਾ ਸਣੇ ਸਾਥੀਆਂ ਦੇ ਬਾਹਰ ਹਾਤਿਓਂ ਨਿਕਲਕੇਜਾਬੈਠਾ। ਓਸ ਮੰਦਰ ਦੇ ਪਿਛਲੇ ਜਾਇ ਪਾਸੇ ਆਸਣ ਲਾਕ ਡੇਰਾ ਜਮਾ ਬੈਠਾ। ਲਿਵ ਵਾਹਿਗੁਰੂ ਦੇ ਚਰਨਾਂ ਵਿਚ ਜੋੜੀ ਬਾਬਾ ਸੁਰਤ ਸਮਾਧ ਲਗਾ ਬੈਠਾ। ਜੋੜੀ ਬਾਮਣਾ ਕਰੀ ਨਰਾਦਰੀ ਸੀ ਦਿਲੋਂ ਓਸਨੂੰ ਦੂਰ ਭੁਲਾ ਬੈਠਾ। ਓਸ ਵਾਹਿਗੁਰੂ ਦੀ ਸਿਫਤ ਕਰੇ ਬਾਬਾ ਚਰਨਾਂ ਵਿਚ ਧਿਆਨ ਹੈ ਲਾ ਬੈਠਾ। ਕਾਲਾ ਸਿੰਘ ਅੰਤ੍ਰ ਧਿਆਨ ਹੋਇ ਬਾਬਾ ਸ਼ਬਦ ਓਸਦੇ ਰੰਗ ਦਾ ਗਾ ਬੈਠਾ ॥ ੨੧੭ ॥

Sri Satguru Jagjit Singh Ji Elibrary NamdhariElibrary@gmail.com

ਰਾਗ ਭੈਰੋ ਸ਼ਬਦ ਸ੍ਰੀਨਾਮਦੇਵ ਜੀ ਉਮਰ ਸਾਲ ੫੦

ਕਬਹੂਖੀਰਖਾਂਡਘੀਉਨਭਾਵੈ ॥ ਕਬਹੂਘਰਘਰਟੂਕਮਗਾਵੈ ॥ ਕਬਹੂਕੂਰਨੁਚਨੇਬਿਨਾਵੈ॥ ੧ ॥ ਜਿਉਰਾਮਰਾਖੈਤਿਉਰਹੀਐਰੇਭਾਈ ॥ ਹਰਿਕੀਮਹਿਮਾਕਿਛੁਕਥਨੁਨਜਾਈ ॥ ੧ ॥ ਰਹਾਉ ॥ ਕਬਹੂਤੁਰੇਤੁਰੰਗਨਚਾਵੈ ॥ ਕਬਹੂਪਾਇਪਨਹੀਓਨਪਾਵੈ ॥ ੨ ॥ ਕਬਹੂਖਾਟਸੁਪੇਦੀਸੁਵਾਵੈ ॥ ਕਬਹੂਭੂਮਿਪੈਆਰੁਨਪਾਵੈ ॥ ੩ ॥ ਭਨਤਿਨਾਮਦੇਉਇਕਨਾਮਨਿਸਤਾਰੈ ॥ ਜਿਹਗੁਰੁਮਿਲੈਤਿਹ ਪਾਰਿਉਤਾਰੈ ॥ ੪ ॥ ੫ ॥ ੨੧੮ ॥

ਟੀਕਾ ਦਃ ॥ ਭੈਰੋ ਰਾਗ ਵਿਚ ਮੁਖ ਵਾਕ ਸ੍ਰੀ ਨਾਮਦੇਵ ਵਾਹਿਗੁਰੂ ਬੇਅੰਤ ਤੇਰਾ ਅੰਤ ਨਹੀਂ ਆਂਮਦਾ। ਕਦੇ ਖੰਡ ਘੀਓ ਨਾਲੇ ਖੀਰ ਵੀ ਨਾਂ ਚੰਗੀ ਲਗੇ ਕਦੇ ਘਰੇ ਘਰ ਰੱਬਾ ਟੁਕ ਤੂੰ ਮੰਗਾਂਮਦਾ। ਵਡਾ ਤੂੰ ਬੇਅੰਤ ਤੇਰਾ ਅੰਤ ਨਾਂ ਕਿਸੇ ਨੇ ਪਾਇਆ ਕਦੇ ਮਹਾਰਾਜ ਕੱਚੇ ਛੋਲੇ ਤੂੰ ਚਬਾਂਮਦਾ। ਜਿਵੇਂ ਰਖੇਂ ਵਾਹਿਗੁਰੂ ਤਿਉਂ ਰਹੀਏ ਮੇਰੇ ਭਾਈ ਸੁਣ ਵਾਹਿਗੁਰੂ ਦੀ ਮਹਿਮਾ ਨੂੰ ਮੈਂ ਕਥਨਨਾਂ ਜਾਂਮਦਾ ॥ ੨੧੯ ॥ ਦਃ ॥ ਕਦੇ ਮੇਰੇ ਵਾਹਿਗੁਰੂ ਤੂੰ ਘੋੜੇ ਉਤੇ ਚਾੜ੍ਹਦਾ ਹੈਂ ਕਦੇ ਮਹਾਰਾਜ ਪੈਰ ਜੁਤੀ ਨਾਂ ਪੁਆਂਮਦਾ। ਕਦੇ ਤੂੰ ਬਛੌਣੇਂ ਛਿਟੇ ਮੰਜੇ ਤੇ ਸੁਲਾਵੇਂ ਰੱਬਾ ਕਦੇ ਤੂੰ ਜਮੀਨ ਉਤੇ ਭੁਸਨਾਂ ਦੁਵਾਂਮਦਾ। ਕਹੇ ਨਾਮਦੇਵ ਇਕ ਵਾਹਿਗੁਰੂ ਦਾ ਨਾਮ ਤਾਰੇ ਜੀਨੂੰ ਗੁਰੂ ਮਿਲੇ ਕੰਢੇ ਪਾਰ ਵਾਲੇ ਲਾਂਮਦਾ। ਜਿਥੇ ਰਖੇ ਰਾਮ ਓਥੇ ਬੈਠ ਓਹਦਾ ਜਾਪ ਕਰੋ ਸ੍ਰੀ ਨਾਮਦੇਵ ਮੁਖ ਵਾਕ ਹੈ ਅਲਾਂਮਦਾ ॥ ੨੨੦ ॥

ਬੈਂਤ ॥ ਸੰਤ ਰਾਮ ਦੇ ਵਿਚ ਨਾ ਭੇਦ ਭਾਈ ਸੰਤ ਰਾਮ ਦਾ ਰੂਪ ਜ਼ਰੂਰ ਸੰਤੋ। ਸੰਤ ਵੈਰ ਬਰੋਧ ਤੇ ਪਰੇ ਰਹਿੰਦੇ ਵੈਰੀ ਮੀਤ ਨੇੜੇ ਨਹੀਂ ਦੂਰ ਸੰਤੋ। ਭਾਵਾਂ ਬਾਮਣਾ ਕਰੀ ਨਰਾਦਰੀਸੀ ਨਹੀਂ ਬਾਬੇ ਨੂੰ ਕੋਈ ਜ਼ਰੂਰ ਸੰਤੋ। ਬ੍ਰਹਮ ਗਿਆਨੀਆਂ ਤੇ ਰੱਬ ਦੂਰ ਨਾਹੀਂ ਓਤਾਂ ਆਪਨੇ ਰੱਬਦਾ ਨੂਰ ਸੰਤੋ। ਅੰਤ੍ਰ ਧਿਆਨ ਕੀਤਾ ਸਰੇ ਵਾਹਿਗੁਰੂ ਦਾ ਜੀਦਾ ਕੁਲ ਹੈ ਨੂਰ ਜਹੂਰ ਸੰਤੋ। ਕਾਲਾ ਸਿੰਘ ਬਾਬਾ ਬੈਠਾ ਅਰਜ਼ ਕਰਦਾ ਨਿਗਾ ਲਾਈ ਸੀ ਵਿਚ ਹਜ਼ੂਰ ਸੰਤੋ ॥ ੨੨੧ ॥ ਡਬਾ ॥ ਜਦੋਂ ਬਾਬੇ ਜੀ ਅੰਤ੍ਰ ਧਿਆਨ ਕੀਤਾ ਨਿਗ੍ਹਾ

Sri Satguru Jagjit Singh Ji Elibrary NamdhariElibrary@gmail.com

ਕਾਰ ਨੇ ਏਹੋ ਸਰੂਪ ਕਰਿਆ । ਟੋਪੀ ਸੀਸ ਪੈਰੀਂ ਪਊਏ ਚੰਮ ਉਤੇ ਸੋਟਾ ਤੰਬ ਤੇ ਚੋਲਾ ਅਨੂਪ ਕਰਿਆ । ਕਾਸਾ ਹੱਥ ਮਸੀਤ ਨਮਾਜ਼ ਪੜਦਾ ਸੀ ਕਲੰਦਰਨੀ ਨਾਲ ਏਹ ਰੂਪ ਕਰਿਆ । ਕਾਲਾ ਸਿੰਘ ਤਾਂ ਬਾਬੇ ਪਛਾਂਣ ਕੀਤੀ ਅੰਦਰ ਚਿੱਤ ਦੇ ਜਗਤ ਦਾ ਭੂਪ ਕਰਿਆ ॥ ੨੨੨ ॥

ਰਾਗ ਭੈਰੋ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਆਉਕਲੰਦਰਕੇਸਵਾ ॥ ਕਰਿਅਬਦਾਲੀਭੇਸਵਾ ॥ ਰਹਾਉ ॥ ਜਿਨਿਆਕਾਸਕੁਲਹਸਿਰਿ ਕੀਨੀਕਉਸੈਸਪਤਪਯਾਲਾ ॥ ਚਮਰਪੋਸਕਾਮੰਦਰੁਤੇਰਾ ਇਹਬਿਧਿਬਨੇਗੁਪਾਲਾ ॥ ੧ ॥ ਛਪਨ ਕੋਟਕਾਪੇਹਨੁਤੇਰਾਸੋਲਹਸਹਸਇਜਾਰਾ ॥ ਭਾਰ ਅਠਾਰਹਮੁਦਗਰਤੇਰਾਸਹਨਕਸਭਸੰਸਾਰਾ ॥ ੨ ॥ ਦੇਹੀਮਹਿਜਿਦਿਮਨੁਮਉਲਾਨਾਸਹਜਨਿਵਾਜਗੁਜਾਰੈ ॥ ਬੀਬੀਕਉਲਾਸਉਕਾਇਨਤੇਰਾਨਿਰੰਕਾਰਆਕਾਰੈ ॥੩॥ ਭਗਤਿਕਰਤਮੇਰੇਤਾਲਛਿਨਾਏਕਿਹਪਹਿਕਰਉਪੁਕਾਰਾ॥ਨਾਮੇਕਾਸੁਆਮੀ ਅੰਤਰਜਾਮੀਫਿਰੇਸਗਲਬੇਦੇਸਵਾ ॥ ੪ ॥ ੨ ॥ ੨੨੩ ॥

ਟੀਕਾ ਕਬਿੱਤ ॥ ਭੈਰੋਂ ਰਾਗ ਵਿਚ ਮੁਖ ਵਾਕ ਸ੍ਰੀ ਨਾਮਦੇਵ ਅੰਤ੍ਰ ਧਿਆਨ ਸੱਚੀ ਜੋਤ ਵਿੱਚ ਲਾਉਂਦਾ। ਆਉ ਤੂੰ ਕਲੰਦ੍ਰ ਫਕੀਰ ਹੋਕੇ ਵਾਹਿਗੁਰੂ ਜੀ ਵਡਾ ਸੋਹਣਾ ਭੇਸ ਬਾਣਾ ਕਰਕੇ ਨਹੀਂ ਆਉਂਦਾ। ਸਾਰੇ ਜੋ ਅਕਾਸ ਦੀ ਹੈ ਟੋਪੀ ਸਿਰ ਉਤੇ ਤੇਰੇ ਸਤ ਜੋ ਪਤਾਲ ਪੈਰੀ ਪਊਏ ਤੂੰਹੀਂ ਪਾਉਂਦਾ। ਚੰਮ ਦਾ ਜੋ ਪੋਸ਼ ਸਾਰਾ ਤੇਰਾ ਬ੍ਰਹਮੰਡ ਰੱਬਾ ਇਹੋ ਬਾਣੇ ਵਾਲਾ ਮੈਨੂੰ ਤੂੰਹੀਂ ਨਿਗਾ ਆਉਂਦਾ॥ ੨੨੪ ॥ ਛਵੰਜਾ ਜੋ ਕਰੋੜ ਹੈਸੀ ਬਦਲਾਂ ਦਾ ਕੋਟ ਤੇਰਾ ਸੋਲਾਂ ਹੈ ਹਜ਼ਾਰ ਤੰਬਾ ਗੋਪੀਆਂ ਦਾ ਪਾਉਂਦਾ। ਅਠਾਂ ਭਾਰ ਬਣੀ ਸਾਰਾ ਤੇਰਾ ਰੱਬਾ ਸੋਟੜਾ ਹੈ ਚੌਦਾਂ ਜੋ ਭਵਨ ਤੇਰਾ ਥਾਲ ਤੂੰ ਬਣਾਉਂਦਾ। ਸਾਰੇ ਜੀਵਾਂ ਦੀ ਜੋ ਦੇਹੀ ਸੋਈ ਤੇਰੀ ਹੈ ਮਸੀਤ ਰੱਬਾ ਰੀਤ ਪ੍ਰਚਲਤ ਤੂੰ ਨਿਮਾਜ ਹੈਂ ਪੜਾਉਂਦਾ। ਲੱਛਮੀ ਦੇ ਨਾਲ ਪਤੀ ਤੇਰਾ ਸਰਬੰਧ ਰੱਬਾ ਤੂੰਹੈਂ ਉਹਦਾ ਵਾਹਿਗੁਰੂ ਜੀ ਮਾਲਕ ਸਦਾਉਂਦਾ ॥ ੨੨੫॥

ਕ: ॥ ਬਿਨਾ ਤੂੰ ਅਕਾਰ ਤੇ ਬਿਆਪਦਾ ਸਰਬ ਥਾਂਈਂ ਹੁਣ ਤੇਰਾ ਬਣਿਆ ਅਕਾਰ ਦਿਸ ਆਉਂਦਾ। ਤੇਰਾ ਨਾਮ ਜਪਦੇ ਦੇ ਛੈਣੇ

ਖੋਹੇ ਬਾਮਣਾ ਨੇ ਤੇਰੇ ਬਿਨਾਂ ਕੀਹਦੇ ਪਾਸ ਬੇਨਤੀ ਸੁਣਾਉਂਦਾ। ਨਾਮੇ ਦਾ ਸੁਆਮੀ ਅੰਤ੍ਰਜਾਮੀ ਸਦਾ ਵਾਹਿਗੁਰੂ ਤੂੰ ਦੇਸਾਂ ਤੇ ਬਿਦੇਸਾਂ ਵਿਚ ਫਿਰੇਂ ਗੇੜਾ ਲਾਉਂਦਾ। ਹੋਈਂ ਤੂੰ ਸਹਾਈ ਦੀਨਾ ਨਾਥ ਮੇਰੇ ਵਾਹਿਗੁਰੂ ਜੀ ਤੇਰੇ ਬਿਨਾ ਕਿਸੇ ਦੀ ਮੈਂ ਓਟ ਨਾ ਤਕਾਉਂਦਾ॥੨੨੬॥

ਬਾਬੇ ਜੀ ਨੇ ਅਕਾਲ ਪੁਰਖ ਅਗੇ ਬੇਨਤੀ ਕਰਨੀ

ਬੈਤ ॥ ਬਾਬੇ ਕਿਸੇ ਦੀ ਹੋਰਨਾ ਓਟ ਤੱਕੀ ਲਿਆ ਇਕ ਹਿਰਦੇ ਵਿਚ ਧਾਰ ਪ੍ਰਭੂ। ਬਾਬੇ ਉਸੇ ਦੇ ਪਾਸ ਪੁਕਾਰ ਕੀਤੀ ਕਹੇ ਵਾਹਿਗੁਰੂ ਤੂੰ ਨਿਰਾਕਾਰ ਪ੍ਰਭੂ। ਮੈਂ ਤਾਂ ਤੇਰੀ ਸੇਵਾ ਮਹਾਰਾਜ ਕਰਦਾ ਮੇਰੀ ਤੂੰ ਕੀਆ ਕੇ ਲਈਂ ਸਾਰ ਪ੍ਰਭੂ। ਮੇਰੀ ਇਨਾਂ ਨੇ ਕਰੀ ਨਰਾਦਰੀ ਹੈ ਮੈਨੂੰ ਕੋਈ ਨਾ ਰੰਜ ਵਿਚਾਰ ਪ੍ਰਭੂ। ਜਿਵੇਂ ਤੂੰ ਰੱਖੇਂ ਉਸੇ ਤਰਾਂ ਰਹਿਣਾ ਮੈਨੂੰ ਆਸਰਾ ਤੇਰਾ ਅਧਾਰ ਪ੍ਰਭੂ। ਤੇਰੀ ਓਟ ਤੂੰ ਕਰੀਂ ਸਹਾਇ ਮੇਰੀ ਵਾਰ ਵਾਰ ਤੈਨੂੰ ਨਮਸਕਾਰ ਪ੍ਰਭੂ। ਤੇਰੇ ਬਿਨਾ ਗਰੀਬ ਦਾ ਨਹੀ ਕੋਈ ਤੇਰੇ ਬਾਝ ਮੈ ਪੁਜਲਚਾਰ ਪ੍ਰਭੂ। ਕਾਲਾ ਸਿੰਘ ਅਧੀਨਗੀ ਨਾਲ ਬਾਬਾ ਪੜਦਾ ਸਬਦ ਹੈ ਅਰਜ ਗੁਜਾਰ ਪ੍ਰਭੂ ॥ ੨੨੭ ॥

ਰਾਗ ਭੈਰੋ ਸਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਹਸਤਖੇਲਤਤੇਰੇਦੇਹੁਰਆਇਆ ॥ ਭਗਤਿਕਰਤਨਾਮਾਪਕਰਿਉਠਾਇਆ ॥ ੧ ॥ ਹੀਨੜੀਜਾਤ ਮੇਰੀਜਾਦਮਰਾਇਆ ॥ ਛੀਪੇਕੇਜਨਮਿਕਾਹੇਕਉਆਇਆ ॥ ੧ ॥ ਰਹਾਉ ॥ ਲੈਕਮਲੀਚਲਿਓ ਪਲਟਾਇ ॥ ਦੇਹੁਰੈਪਾਛੈਬੈਠਾਜਾਇ ॥ ੨ ॥ ਜਿਉਜਿਉਨਾਮਾਹਰਿਗੁਣਉਚਰੈ ॥ ਭਗਤਜਨਾ ਕਉਦੇਹੁਰਾਫਿਰੈ ॥ ੬ ॥ ੨੨੮ ॥

ਟੀਕਾ ਕਬਿੱਤ ॥ ਭੈਰੋਂ ਰਾਗ ਵਿਚ ਮੁਖ ਵਾਕ ਸ੍ਰੀ ਨਾਮ ਦੇਵ ਵਾਹਿਗੁਰੂ ਦੇ ਅੱਗੇ ਦੁਖ ਆਪਣਾ ਸੁਣਾਇਆ ਸੀ। ਹਸਦਾ ਖੇਡਦਾ ਤੇਰੇ ਦੇਹੁਰੇ ਦੇ ਪਾਸ ਆਇਆ ਭਗਤੀ ਕਰੇਂਦਾ ਨਾਮਾ ਪਕੜ ਉਠਾਇਆ ਸੀ। ਵਾਹਿਗੁਰੂ ਮੈਂ ਤੇਰੇ ਅੱਗੇ ਆਜਜ਼ ਗਰੀਬ ਹਾਂ ਜੀ ਇਸ ਤੂੰ ਜਨਮ ਮੈਨੂੰ ਕਾਸਨੂੰ ਲਿਆਇਆ ਸੀ। ਚੁੱਕ ਕੇ ਤੇ ਆਸਣ ਮੈਂ ... ਆਇਆ ਵਾਹਿਗੁਰੂ ਜੀ ਦੇਹੁਰੇ ਪਛਾੜੀ ਜਾਇ ਬੈਠਾ ਤੈਂ ਬਠਾਇਆ ਸੀ। ਜਿਵੇਂ ਜਿਵੇਂ ਬਾਬਾ ਗੁਣ ਵਾਹਿਗੁਰੂ ਦੇ ਗਾਂਵਦਾ ਹੈ ਬਾਬੇ ਜੀ ਦੇ

Sri Satguru Jagjit Singh Ji Elibrary NamdhariElibrary@gmail.com

ਵੱਲ ਤਿਵੇਂ ਦੇਹੁਰਾ ਫਿਰ ਆਇਆ ਸੀ ॥ ੨੨੯ ॥

ਦੇਹੁਰੇ ਦਾ ਫਿਰਨਾ ਔਂਢਿਆ ਨਾਗ ਨਾਥ ਵਿਚ

ਬੈਂਤ ॥ ਮਹਾਰਾਜ ਜੀ ਨੇ ਜਦੋਂ ਅਰਜ ਕੀਤੀ ਹੋਈ ਵਿਚ ਦਰਗਾਹਿ ਮਨਜ਼ੂਰ ਸੰਤੋ। ਰੱਛਕ ਭਗਤ ਦਿਆਲੂ ਜੋ ਵਾਹਿਗੁਰੂ ਹੈ ਰਹਿਦਾ ਭਗਤਾਂ ਦੇ ਵੱਸ ਜਰੂਰ ਸੰਤੋ। ਕਰੀ ਆਪਣੇ ਭਗਤ ਦੀ ਆਸ ਪੂਰੀ ਹੈ ਦਿਆਲ ਕ੍ਰਿਪਾਲ ਜਹੂਰ ਸੰਤੋ। ਬ੍ਰਿਦ ਆਪਣੇ ਭਗਤ ਦਾ ਪਾਲਦਾ ਹੈ ਰਹਿਦਾ ਹਾਜਰ ਤੇ ਸਦਾ ਹਜੂਰ ਸੰਤੋ। ਤੋੜ ਦਿੰਦਾ ਹੰਕਾਰ ਹੈ ਬਾਮਣਾਂ ਦਾ ਕਰੇ ਆਪ ਆਕੇ ਚਕਨਾਂ ਚੂਰ ਸੰਤੋ। ਸ਼ਕਤੀ ਨਾਲ ਹੈਸੀ ਮੰਦ੍ਰ ਫੇਰ ਦਿਤਾ ਜਾਹਰ ਵਾਹਿਗੁਰੂ ਦਾ ਹੋਇਆ ਨੂਰ ਸੰਤੋ। ਔਂਢਿਆ ਨਾਗ ਨਾਥ ਨਾਮੁ ਸ਼ਹਿਰ ਜਾਣੋਂ ਮੰਦਰ ਓਥੇ ਫਿਰਿਆ ਮਸ਼ਹੂਰ ਸੰਤੋ। ਬੂਹਾ ਫਿਰਿਆ ਹੋਇਆ ਓਸ ਮੰਦ੍ਰ ਦਾ ਜੋ ਲੋਕ ਦੇਖ ਆਏ ਨੇੜੇ ਦੂਰ ਸੰਤੋ। ਕਾਲਾ ਸਿੰਘ ਸ਼ਕਤੀ ਸਾਰੀ ਨਾਮ ਦੀ ਹੈ ਭਗਤ ਆਪ ਹੈਸਨ ਭਰਪੂਰ ਸੰਤੋ ॥ ੨੩੦ ॥ ਤਥਾ ॥ ਕੌਤਕ ਦੇਖਿਆ ਜਦੋਂ ਇਹ ਬਾਮਣਾਂ ਨੇ ਉਹਨਾਂ ਫੇਰ ਹੈ ਚਿੱਤ ਵਿਚਾਰ ਕੀਤੀ। ਸਮਝ ਲਿਆ ਹੈ ਵਾਹਿਗੁਰੂ ਨਹੀ ਸਾਡਾ ਹੈਸੀ ਸਰਬ ਦਾ ਫੇਰ ਨਿਹਾਰ ਕੀਤੀ। ਮਹਾਰਾਜ ਅੰਤ੍ਰ ਧਿਆਨ ਵਿਚ ਹੋਕੇ ਫੇਰ ਵਾਹਿਗੁਰੂ ਅਗੇ ਪੁਕਾਰ ਕੀਤੀ। ਕਾਲਾ ਸਿੰਘ ਦੋਵੇਂ ਬਾਹਾਂ ਕਰੇ ਖੜੀਆਂ ਬਾਬੇ ਅਰਜ ਏਹੋ ਵਾਰ ਵਾਰ ਕੀਤੀ ॥ ੨੩੧ ॥

ਰਾਗ ਮਲਾਰ ਸ਼ਬਦ ਸ੍ਰੀ ਨਾਮ ਦੇਵ ਜੀ ਉਮਰ ਸਾਲ ੫੦

ਮੋਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥ ੧ ॥ ਰਹਾਉ ॥ ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥ ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥ ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥ ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥ ੨ ॥ ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ ॥ ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥ ੩ ॥ ੫ ॥ ੨੩੨ ॥

ਟੀਕਾ ਕਬਿੱਤ ॥ ਰਾਗ ਜੋ ਮਲਾਰ ਮੁਖਵਾਕ ਸ੍ਰੀ ਨਾਮ ਦੇਵ ਵਾਹਿਗੁਰੂ ਦੇ ਅੱਗੇ ਖੜਾ ਹੋਇਕੇ ਨਿਵਾਲਜੀ। ਮੈਨੂੰ ਨਾਂ ਬਿਸਾਰੀਂ ਤੇ

Sri Satguru Jagjit Singh Ji Elibrary NamdhariElibrary@gmail.com

ਤੂੰ ਨਾਂਹਿ ਵਿਸਾਰਮੈਨੂੰ ਤੂੰਹੀਂ ਨਾਂਵਿਸਾਰੀ ਮੇਰੇ ਵਾਹਿਗੁਰੂ ਦਿਆਲ ਜੀ। ਇਨਾਂਜੋਹੰਕਾਰੀਆਂਨੂੰ ਸੂਦਰ ਭਰਮਪਿਆ ਮੇਰੇ ਉਤੇ ਗੁਸਾ ਭਾਰਾਕੀਤਾਹੈ ਅਕਾਲਜੀ। ਸੂਦਰਸੂਦਰਆਖਧੱਕੇਮਾਰਕੱਢਦਿਤਾ ਹੁਣਕੀਮੈਕਰਾਂ ਬਾਪੂਵਾਹਿਗੁਰੂਦਿਆਲਜੀ। ਬੇਨਤੀ ਕਰੀਤੇ ਹੋਈ ਬਾਬੇਨੂੰ ਅਕਾਸ਼ ਬਾਣੀ ਦਈਏ ਤੈਨੂੰ ਮੁਕਤੀ ਏਹ ਕਿਹਾਸੀ ਅਕਾਲਜੀ ॥੨੩੩॥ ਮੈਨੂੰ ਮਰੇ ਹੋਏਨੂੰ ਜੋ ਮੁਕਤੀਦੀਓ ਤੁਸੀਂ ਜਾਣੇਗਾ ਨਾਂ ਕੋਈ ਨਾਮਾ ਮੁਕਤ ਹੋਇਆ ਲਾਲਜੀ। ਏਹੋ ਜੋ ਹੰਕਾਰੀ ਪੰਡੇ ਮੈਨੂੰ ਢੇਢ ਆਖਦੇਨੇ ਮੇਰਾ ਨਹੀਂ ਕੁਛ ਤੇਰੀ ਨਿੰਦਾਹੋਵੇ ਦਿਆਲਜੀ। ਤੂੰਹੀਂਜੋ ਦਿਆਲੂਕ੍ਰਿਪਾਲੂਕੀਕਹਾਂਵਦਾਹੈਂ ਵਡੀਆਂ ਬਾਹਾਂ ਵਾਲਾਜੋਰਾਬਰਕ੍ਰਿਪਾਲਜੀ। ਏਨੀ ਅਰਜੋਈਜਦੋਂ ਕਰੀ ਨਾਮਦੇਵ ਜੀ ਨੇ ਸੁਣੀ ਕ੍ਰਿਪਾਲਆਪਵਾਹਿਗੁਰੂ ਅਕਾਲਜੀ। ਫਿਰਿ ਗਿਆ ਸੀ ਦੇਹੁਰਾ ਬੂਹ ਹੋਇਆ ਨਾਮਦੇਵ ਵਲ ਪੰਡਿਆਂ ਤਰਫ ਪਿਠ ਕੀਤੀਸੀ ਗੋਪਾਲਜੀ ॥ ੨੩੪ ॥

ਗਾਇਮੁਹੀਜੀਵਾਲੀਓਨਨਾਮਦੇਉਦਾਛਪਰਛਾਇਆ ॥ ਫੇਰਦੇਹੁਰਾਰਖਿਓਨਚਾਰਵਰਨਲੈਪੈਰੀਪਾਇਆ ॥ ਭਗਤਿਜਨਾਦਾਕਰੇਕਰਾਇਆ ॥ ੧੧ ॥ ੨੩੪ ॥

ਸਹੀਹਾਲਹੈਗੁਰੂਸ਼ਰੀਰਕਅੰਦਰਪੜ੍ਹਕੇਦੇਖਕੇਜ਼ਰੋਵਿਚਾਰਸੰਤੋਨੌਮੀ ਵਾਰ ਪੌੜੀ ਗਿਆਰਾਂ ਵਿਚ ਲਿਖਿਆ ਭਾਈ ਸਾਹਿਬ ਗੁਰਦਾਸ ਉਚਾਰ ਸੰਤੋ। ਵਾਕ ਫੇਰ ਦੇਹੁਰਾ ਆਪਰੱਖਿਓਨੇ ਪੈਰੀਂ ਪਏ ਆਕੇ ਬਰਨ ਚਾਰ ਸੰਤੋ। ਦੇਹੁਰਾ ਸਹੀ ਫਿਰਿਆ ਕਥਾ ਉਸਦੀ ਤੇ ਜੋੜਾ ਵਾਹਿਗੁਰੂ ਹੈ ਕਰਨਕਾਰ ਸੰਤੋ। ਨਾਮਦੇਵ ਸਚੇ ਉਸ ਵਾਹਿਗੁਰੂਦਾ ਰਜਾਰਜਕੇ ਕੀਤਾਦੀਦਾਰਸੰਤੋ। ਕਾਲਾਸਿੰਘ ਪ੍ਰੇਮਦੇ ਵਿਚ ਹੋਕੇ ਬਾਬਾ ਸ਼ਬਦ ਨੂੰ ਕਰੇ ਉਚਾਰ ਸੰਤੋ ॥ ੨੩੫ ॥

ਰਾਗ ਸੋਰਠ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਜਬਦੇਖਾਤਬਗਾਵਾ ॥ ਤਉਜਨਧੀਰਜਪਾਵਾ ॥ ੧ ॥ ਨਾਦਿਸਮਾਇਲੋਰੇਸਤਗੁਰਭੇਟਿਲੇਦੇਵਾ ॥ ੧ ॥ ਰਹਾਉ ॥ ਜਹਝਿਲਿਮਿਲਿਕਾਰਦਿਸੰਤਾ ॥ ਤਹਅਨਹਦਸਬਦਬਜੰਤਾ ॥ ਜੋਤੀਜੋਤਿਸਮਾਨੀ ॥ ਮੈਗੁਰਪਰਸਾਦੀਜਾਨੀ ॥ ੨ ॥ ਰਤਨਕਮਲਕੋਠਰੀ ॥ ਚਮਕਾਰਬੀਜੁਲਤਹੀ ॥ ਨੇਰੈਨਾਹੀਦੂਰਿ ॥

Sri Satguru Jagjit Singh Ji Elibrary NamdhariElibrary@gmail.com

ਗਿਆਤਮੇਰਹਿਆਭਰਪੂਰਿ॥੪॥ਜਹਅਨਹਤਸੂਰਉਜਾਰਾ ॥ ਤਹਦੀਪਕਜਲੈਛੰਛਾਰਾ॥ਗੁਰਪਰ ਸਾਦੀਜਾਨਿਆ ॥ ਜਨੁਨਾਮਾਸਹਜਿਸਮਾਨਿਆ ॥ ੪ ॥ ੧ ॥ ੨੩੬ ॥

ਟੀਕਾ ਕਬਿਤ ॥ ਸੋਰਠ ਹੈ ਰਾਗ ਮੁਖਵਾਕ ਸ੍ਰੀ ਨਾਮਦੇਵ ਵਾਹਿ ਗੁਰੂਦੇ ਪਾਸ ਇਹੋਬੇਨਤੀਸੁਣਾ ਉਂਦਾ। ਕਦੋਂਤੈਨੂੰਦੇਖਾਂ ਤੇਰੇ ਵਾਹਿ ਗੁਰੂ ਜੀ ਗੁਨਗਾਵਾਂ ਤਾਂਹੀਂ ਮਨ ਆਪਣੇਮੇਂਧੀਰਜਹਾਂਪਾਂਉਦਾ। ਇਹੋਉਪਦੇਸ਼ਦਸਾਂਕਦੋਂਸੀਪਰਾਪਤਹੋਇਆ ਜਦੋਂ ਗੁਰੂਮਿਲਿਆ ਮੇਰੇਰਿਦੇਵਿਚਪਾਉਂਦਾ। ਜਿੱਥੇ ਚਮਕਾਰਾਪ੍ਰਕਾਸ਼ਤੇਰਾ ਦਿਸਦਾਹੈ ਓਥੇਂਤੇਰੇਨਾਮਦਾਅਵਾਜਾਮੈਨੂੰ ਆਂਉਦਾ। ਸੱਚੇ ਮੇਰੇ ਵਾਹਿਗੁਰੂਦੀ ਜੋਤਹੈਸਮਾਈਸਾਰਮੇਂਤਾਂਗੁਰੂਕ੍ਰਿਪਾਤੇਂਜਾਣੀਸੋਜਣਾਉਂਦਾ ॥ ੨੩੭

ਕ: ॥ ਦੇਹੀਕੋਠੀਵਿਚਹੈ ਕਵਲ ਰੂਪ ਰਿਦਾਮੇਰਾ ਰਤਨਾਂਦੀ ਚਮ ਕ ਝਰਾਗ ਵਿਚ ਪਾਂਉਂਦਾ। ਚੇਤਨ ਕਲਾਂਦੀ ਹੈਸੀ ਬਿਜਲੀ ਦਮਕ ਦਿੰਦੀ ਤੇਰਾ ਮੇਰੇ ਵਾਹਿਗੁਰੂ ਦਰਸ ਨਿਗਾਆਂਉਂਦਾ। ਨੇੜੇ ਹੈਂ ਤੂੰ ਦੂਰ ਨਹੀ ਵਾਹਿਗੁਰੂ ਹਜ਼ੂਰ ਮੇਰੇ ਆਤਮੇ ਦੇ ਵਿਚ ਭਰਪੂਰ ਦਿਸਆਉਂਦਾ। ਜਿਥੇਗਿਆਨ ਰਸ ਇਕ ਸੂਰਜਪ੍ਰਕਾਸ਼ ਹੋਇਆ ਓਥੇਦੀਵੇ ਜੋਤਦਾ ਪ੍ਰਕਾਸ਼ ਨਾ ਦਿਸਾਉਂਦਾ। ਗੁਰੂਜੀ ਦੀ ਕ੍ਰਿਪਾ ਦੇ ਨਾਲ ਤੇਨੂੰਜਾਣਿਆਂਹੈਸ੍ਰੀਨਾਮਦੇਵਤੇਰੇਵਿਚਹੈਸਮਾਂਉਂਦਾ ॥ ੨੩੮

ਪੰਡਿਆਂ ਤੇ ਚਾਰ ਬਰਨ ਦੇ ਲੋਕਾਂ ਚਰਨੀ ਪੈਣਾ

ਬੈਂਤ॥ ਮਹਾਂਰਾਜ ਅੰਤ੍ਰਧਿਆਨ ਜਲਕਰਦੇਮੰਦ ਫਿਰਗਿਆ ਭਏ ਲਚਾਰ ਪੰਡੇ। ਮਹਾਂਰਾਜ ਜੀ ਦੀ ਤਰਫ ਮੁਖ ਹੋਇਆ ਪਿਛੇ ਕਰੋ ਓ ਮੂਰਖ ਗੁਵਾਰ ਪੰਡੇ। ਲੋਕ ਆਖਦੇ ਧੰਨ ਹੈ ਧੰਨ ਬਾਬਾ ਆਪੇ ਪਾ ਬੈਠੇ ਸਿਰ ਛਾਰਪੰਡੇ। ਖਾਦੀ ਸ਼ਰਮ ਪਛਤਾਕੇ ਬਾਮਣਾਂਨੇ ਚਰ ਨੀ ਪਏ ਕਰਕੇ ਨਮਸਕਾਰ ਪੰਡੇ। ਚਾਰਬਰਨ ਦੇ ਲੋਕ ਆ ਪਏ ਚਰਨੀ ਸਣੇ ਬਾਮਣਾ ਹੋ ਸਿੱਧੇ ਸਾਰਪੰਡੇ। ਮਹਾਂਰਾਜਜੀ ਦੱਸਿਆ ਨਾਮ ਸਭਨੂੰ ਭਵਸਾਗਰੋਂ ਤਰੇ ਸੋ ਪਾਰ ਪੰਡੇ। ਕਈਆਂ ਲੋਕਾਂ ਸੰ ਕਲਪ ਨਿਮ੍ਰਤ ਕੀਤੇ ਕਰਦੇ ਬੇਨਤੀ ਅਰਜ ਗੁਜਾਰਪੰਡੇ। ਦੇਵੀ

Sri Satguru Jagjit Singh Ji Elibrary NamdhariElibrary@gmail.com

ਦੇਵਤੇ ਵੇਦਾਂਨੂੰ ਮੰਨੀਏ ਨਾ ਦੱਸੋ ਮੰਨੀਏ ਆਖਦੇ ਟਾਰਪੰਡੇ । ਬਾਬਾ ਤੁਸੀਕੀਨੂੰ ਦਸੋਮੰਨਦੇਹੋ ਹੱਥ ਜੋੜ ਕਹਿੰਦੇ ਵਾਰਵਾਰਪੰਡੇ । ਕਾਲਾ ਸਿੰਘ ਬਾਬਾਦਿੰਦਾ ਸਿਖਿਆਹੈ ਸਾਰੇ ਲੈਂਦੇਸੰਕਲਪਨਿਮਾਰਪੰਡੇ ।

ਰਾਗ ਰਾਮਕਲੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੫੦

ਬੇਦਪੁਰਾਨਸਾਸਤ੍ਰਆਨੰਤਾਗੀਤਕਬਿਤਨਗਾਵਉਗੋ ॥ ਅਖੰਡਮੰਡਲਨਿਰੰਕਾਰਮਹਿਅਨਹਦਬੇਨ ਬਜਾਵਉਗੋ ॥੧॥ ਬੈਰਾਗੀਰਾਮਹਿਗਾਵਉਗੋ ॥ ਸਬਦਿਅਤੀਤਅਨਾਹਦਿਰਾਤਾਆਕੁਲਕੈਘਰਿ ਜਾਉਗੋ ॥ ੧ ॥ ਰਹਾਉ ॥ ਇੜਾਪਿੰਗਲਾਅਉਰੁਸੁਖਮਨਾਪਉਨੈਬੰਧਿਰਹਾਉਗੋ ॥ ਚੰਦੁਸੂਰਜੁ ਦੁਇਸਮਕਰਿਰਾਖਉਬ੍ਰਹਮਜੋਤਮਿਲਿਜਾਉਗੋ ॥ ੨ ॥ ਤੀਰਥਦੇਖਿਨਜਲਮਹਿਪੈਸਉਜੀਅਜੰਤ ਨਸਤਾਵਉਗੋ॥ ਅਠਸਠਿਤੀਰਥਗੁਰੂਦਿਖਾਏਘਟਹੀਭੀਤਰਿਨਾਉਗੋ ॥ ੩ ॥ਪੰਚਸਹਾਈਜਨਕੀ ਸੋਭਾਭਲੋਭਲੋਨਕਹਾਉਗੋ॥ਨਾਮਾਕਹੈਚਿਤੁਹਰਿਸਿਉਰਾਤਾਸੁੰਨਸਮਾਧਸਮਾਉਗੋ॥੪॥੨॥੨੪੦॥

ਟੀਕਾ ਕਬਿਤ ॥ ਰਾਗ ਰਾਮਕਲੀ ਮੁਖਵਾਕ ਸ੍ਰੀ ਨਾਮਦੇਵ ਸਾਰਿ ਆਪੇ ਤਾਂਈ ਉਪਦੇਸ਼ ਏ ਸੁਣਾਊਗਾ । ਵੇਦਤੇ ਪੁਰਾਣਸਾਰੇ ਸ਼ਾਸਤ੍ਰ ਅਨੇਕ ਜੇੜ੍ਹੇ ਗੀਤਤੇ ਕਬਿੱਤਾਂਨੂੰ ਨਾਂ ਪੜ੍ਹਨਾਂ ਪੜ੍ਹਾਊਗਾ । ਨਾਸ਼ ਜੋ ਨਾ ਹੋਵੇ ਓਸ ਜਗਾ ਵਿੱਚ ਪਹੁਚਕੇ ਮੈਂ ਵਾਹਿਗੁਰੂ ਦੇ ਨਾਲ ਬ੍ਰਿਤੀ ਇਕਸੇ ਰਖਾਊਗਾ । ਦੁਨੋਭੇਖਧਾਰੀਓਬਰਾਗੀਓ ਪ੍ਰੇਮਨਾਲ ਵਾਹ ਗੁਰੂ ਅਕਾਲਦੇ ਮੈਂ ਸੱਚੇਗੁਣਗਾਊਗਾ ॥ ੨੪੧ ॥ ਕ: ॥ ਬਾਣੀ ਓਂ ਬਗੈਰ ਇਕ ਰਸ ਵਿਚ ਰੱਤਾ ਹੋਇਆ ਸਭਤੋਂ ਰਹਿਤ ਘਰ ਵਾਹਿਗੁਰੂਦੇ ਜਾਂਊਗਾ।ਇੜਾਅਤੇਪਿੰਗਲਾ ਸੁਆਸਾਂਨੂੰਨਾਰੋਕਣਾ ਹੈ ਐਸੇ ਜੋ ਪਖੰਡ ਮੈਨਾਂਕਰੂੰਨਾਕਰਾਂਊਗਾ । ਸੱਜੇ ਖੱਬੇ ਸੁਰਨੂੰਉਤਾ ਰਨਾਂ ਚੜ੍ਹਾਵਣਾਂ ਜੋ ਛੱਡਿਕੇ ਪਖੰਡ ਜੋਤ ਨਾਲ ਮਿਲਿ ਜਾਂਊਗਾ। ਤੀਰਥਾਂਨੂੰ ਦੇਖ ਪਾਣੀ ਵਿਚ ਵੀਨਾ ਬੜੂੰਗਾ ਮੈਛੋਟੇਜੀਵਜੰਤ ਤਾਂਈ ਨਹੀਂ ਮੈ ਸਤਾਂਊਗਾ ॥ ੨੪੨ ॥ ਕ: ॥ ਅੱਠ ਸੱਠ ਤੀਰਥ ਜੋ ਗੁਰੂਜੀ ਦਿਖਾਇਮੈਨੂੰ ਉਨਾਂਦੇਹੁਮੇਸ਼ਵਿਚ ਘਟ ਦੇ ਮੈ ਨਾਊਂਗਾ । ਸੰਤਾਂਦੀ ਜੋ ਸੋਭਾ ਜੇੜੀ ਲੋਕਾਂ ਨੇ ਹੈ ਕਰੀ ਭਾਈ ਓਹੋ ਸੋਭਾ ਦੇਖੂੰ ਨਹੀਂ ਆਪਣੀ ਕਰਾਂਊਗਾ । ਕਹੇਨਾਮਦੇਵਚਿੱਤਰੱਤਾ ਵਿਚ ਵਾਹਿ ਗੁਰੂ ਦੇ ਸੁੰਨ ਜੋ ਸਮਾਧ ਓਸ ਵਿਚ ਮੈ ਸਮਾਊਂਗਾ । ਫੁਰਨੇ ਤੋ ਰ

Sri Satguru Jagjit Singh Ji Elibrary NamdhariElibrary@gmail.com

ਹਿਤਜੋ ਅਜੱਪ੍ਰ ਜਾਪ ਵਾਹਿਗੁਰੂ ਦਾ ਜੋੜਕੇ ਤੇ ਲਿਵ ਰਾਤ ਦਿਨ ਰੁਪੀ ਜਾਊਂਗਾ ॥ ੨੪੩ ॥

ਬਾਬੇ ਜੀਨੇ ਸਰਬ ਨੂੰ ਸਿੱਖ ਬਣਾਕੇ ਫੇਰ ਆਉਣਾ ॥ ਬੈਂਤ

ਮਹਾਰਾਜਜੀਨੇ ਉਪਦੇਸ਼ ਕਰਕੇ ਸੁਣਨ ਵਾਲਿਆਂ ਦਾ ਚਿੱਠਾਤਾਰ ਦਿੱਤਾ। ਸਾਂਤੀਗਿਆਨ ਪਰਾਪਤੀ ਸਭਬ ਕੀਤੀ ਭੇਖਾਂ ਬਾਂਮਣਾਂਦਾ ਕੰਮ ਸਾਰਦਿੱਤਾ। ਜੋੜਾ ਪਾਸ ਆਵੇ ਸੋ ਮੁਰਾਦ ਪਾਵੇ ਬਾਬੇ ਸਰਬ ਦੇ ਤਾਂਈਂਵਿਚਾਰਦਿੱਤਾ। ਦੂਰਦੂਰਤੇ ਸੀ ਬਹੁਤ ਲੋਕ ਆਏ ਬਾਬੇ ਸਰਬ ਨੂੰ ਨਾਮਦਾ ਸਾਰ ਦਿਤਾ। ਬਾਲਕ ਇਕ ਛੋਟਾ ਆਇਆ ਪੰਡਿਆਂਦਾ ਬਾਬੇ ਦੱਸਕੇ ਭਜਨ ਸੋ ਤਾਰਦਿੱਤਾ। ਜਸ ਲੋਕ ਕਰਦੇ ਗਏ ਨੱਗਰਾਂ ਨੂੰ ਕਾਲਾਸਿੰਘ ਬਾਬੇ ਚਾਲਾ ਡਾਰ ਦਿੱਤਾ॥ ੨੪੪ ॥

ਪ੍ਰਸੰਗ ਨਿਰਲੋਭ ਹਰੀ ਭਗਤ ਰਾਂਕਾ ਤੇ ਬਾਂਕਾ ਦਾ ਚਲਿਆ

ਬੈਂਤ ॥ ਉਸੇ ਦੇਸ ਇਲਾਕੇ ਦੇ ਵਿਚ ਭਾਈ ਹੈਸਨ ਭਗਤ ਦੋ ਅਪਰ ਅਪਾਰ ਸੰਤੋ। ਰਾਕਾ ਨਾਮ ਸੀ ਭਗਤ ਦਾ ਜਾਣ ਲੈਣਾਂ ਬਾਂਕਾ ਭਗਤਣੀ ਸੀ ਉਹਦੀ ਨਾਰ ਸੰਤੋ। ਬੀਬੀ ਉਨਾਂ ਦੀ ਜਾਣ ਸੀ ਨਾਮ ਵੰਕਾ ਜਪੇ ਨਾਮ ਕਰਤਾਰ ਕਰਤਾਰਸੰਤੋ। ਹੈਸਨਭਗਤ ਨਿਰਲੋਭ ਅਪਾਰ ਚੰਗੇ ਸਿਫਤ ਕਰਦਾ ਸੀ ਸਭ ਸੰਸਾਰ ਸੰਤੋ। ਇਕ ਰੋਜ ਘਰ ਤੋਂ ਕਠੇ ਹੋਇ ਤਿੰਨੇ ਗਏ ਲਕੜਾਂ ਚੁਗਣ ਹੋ ਤਿਆਰ ਸੰਤੋ। ਨਾਮਦੇਵ ਜੀ ਓਧਰੋਂ ਆਂਵਦੇ ਸੇ ਮੇਲ਼ਾ ਦੇਖ ਮੁੜੇ ਸਿਧੇ ਸਾਰ ਸੰਤੋ। ਮਹਾਰਾਜ ਜੀਨੇ ਤਿੰਨੇ ਦੇਖ ਲੀਤੇ ਫੁਰੀ ਚਿਤ ਸੀ ਇਕ ਵਿਚਾਰ ਸੰਤੋ। ਲੋਕ ਇਨਾਂ ਨੂੰ ਨੇ ਨਿਰਲੋਭ ਕਹਿੰਦੇ ਅਸੀਂ ਪ੍ਰਖ ਕਰ ਲਈਏ ਨਿਹਾਰ ਸੰਤੋ। ਜਿਸ ਲਕੜੀ ਨੂੰ ਰਾਂਕੇ ਚੁਕਣਾ ਸੀ ਸੋਨੇ ਚੀਜ਼ ਦਿਤੀ ਹੇਠ ਡਾਰ ਸੰਤੋ। ਬਾਬਾ ਇਕ ਪਾਸੇ ਆਪ ਖੜਾ ਹੋਇਆ ਰਾਂਕਾ ਆਇਆ ਤਿਆਰ ਬਰਤਿਆਰ ਸੰਤੋ। ਚੁਕੀ ਲਕੜੀ ਹੇਠ ਸੀ ਪਈ ਮਾਇਆ ਦੇਖ ਕਰਦਾ ਸੂ ਖੜਾ

Sri Satguru Jagjit Singh Ji Elibrary NamdhariElibrary@gmail.com

ਵਿਚਾਰ ਸੰਤੋ। ਡਿਗੀ ਕਿਸੇ ਦੀ ਸਾਡਾ ਨਾਂ ਹੱਕ ਕੋਈ ਅਸੀਂ ਕੀ ਕਰਨੀ ਕਹੇ ਟਾਰ ਸੰਤੋ। ਪਿਛੇ ਬਾਂਕਾਵੀ ਆ ਹੈ ਰਹੀ ਮੇਰੇ ਛਵੇ ਚੁਕ ਨਾਂ ਲੋਭ ਵਿਚਕਾਰ ਸੰਤੋ। ਮਿਟੀ ਪਾਇਕੇ ਕੱਜ ਹੈ ਗਿਆ ਅਗੇ ਚੁਕੇ ਲਕੜਾਂ ਕਰੇ ਵਿਹਾਰਸੰਤੋ। ਬਾਂਕਾਆਣਕੇਓਥੇ ਵਿਚਾਰ ਕੀਤੀ ਪਤੀ ਵੇਖਦਾਸੂ ਕੇੜੀ ਕਾਰ ਸੰਤੋ। ਓਸ ਜਾਗਾ ਟੋਹੀ ਮਾਯਾ ਵਿਸੀ ਸਾਰੀ ਕੀਤੀ ਓਸਵੀ ਸੋਚ ਅਪਾਰਸੰਤੋ। ਚੀਜ਼ ਕਿਸੇ ਦੀ ਅਸੀਂ ਹੈ ਕੀ ਕਰਨੀ ਮਾਈ ਸਿਟਦੀ ਝੱਟਬਰਾਰ ਸੰਤੋ। ਮੇਰੇਪਿਛੇ ਆਵੇ ਵੰਕਾ ਬਾਲਕੀ ਵੀ ਲੋਭ ਵਿਚ ਨਾ ਛਵੇਉਭਾਰਸੰਤੋ। ਮਿਟੀ ਪਾਕੇ ਦੱਬਕੇ ਗਈ ਅਗੇ ਕਰੇ ਲਕੜੀਆਂ ਚੁਕਣ ਦੀ ਕਾਰ ਸੰਤੋ। ਵੰਕਾ ਆਣਕੇ ਓਥੇ ਵਿਚਾਰ ਕੀਤੀ ਮਾਤਾ ਪਿਤਾ ਕੀ ਕਰਦੇ ਨਿਹਾਰ ਸੰਤੋ। ਲਗਾ ਪਤਾ ਪਾਈ ਮਿਟੀ ਸਗਰੀ ਸੀ ਕੀਤੀ ਇਕ ਪਾਸੇ ਲਗੀ ਸਾਰ ਸੰਤੋ। ਹੇਠੋਂ ਸੋਨੇ ਦੀ ਚੀਜ਼ ਸੂ ਨਿਕਲ ਆਈ ਵੰਕਾ ਹੱਸ ਪਈ ਵਾਰੋ ਵਾਰ ਸੰਤੋ। ਮਾਤਾ ਪਿਤਾ ਮੇਰੇ ਕੈਸੇ ਹੈਨ ਭੋਲੇ ਮਿੱਟੀ ਸੋਨੇ ਦੇ ਫਰਕ ਦੀ ਸਾਰ ਸੰਤੋ। ਇਹੋ ਆਖ ਬੀਬੀ ਓਥੇ ਸੁਟ ਘਤੀ ਗਈ ਅਗੇ ਨੂੰ ਕਰਨ ਵਿਹਾਰ ਸੰਤੋ। ਬਾਬੇ ਕਿਹਾ ਜੋ ਲੋਕ ਨ ਸਿਫਤ ਕਰਦੇ ਸੋਈ ਸਹੀ ਹੈ ਲਈ ਨਿਹਾਰ ਸੰਤੋ। ਮਹਾਰਾਜ ਜੀ ਉਹਨਾਂਨੂੰ ਮਿਲੇ ਓਥੇ ਆਪਸ ਵਿਚ ਕੀਤੀ ਨਮਸਕਾਰ ਸੰਤੋ। ਬਾਬਾ ਆਖਦਾ ਧੰਨ ਹੋ ਧੰਨ ਭਾਈ ਧੰਨ ਧੰਨ ਤੁਹਾਡਾ ਪ੍ਰਵਾਰ ਸੰਤੋ। ਉਨਾਂ ਆਖਿਆ ਬਾਬਾ ਜੀ ਧੰਨ ਤੂੰ ਹੈਂ ਤੇ ਗਰੀਬ ਅਸੀਂ ਲਕੜ ਹਾਰ ਸੰਤੋ। ਬਾਬਾ ਕਹੇ ਗਰੀਬਾਂ ਦਾ ਵਾਹਿਗੁਰੂ ਹੈ ਰਹਿਣੀ ਦੇਖਦਾ ਧਰਮ ਦੀ ਕਾਰ ਸੰਤੋ। ਬਾਮਣ ਨਹੀਂ ਚੁਮਾਰ ਨੂੰ ਵੇਖਦਾ ਹੈ ਪੜੇ ਨਹੀਂ ਅਨਪੜੇ ਦੀ ਸਾਰ ਸੰਤੋ। ਧੰਨ ਧੰਨ ਕਰਦੇ ਭਗਤ ਕੰਮ ਲਗੇ ਬਾਬਾ ਆਗਿਆ ਨੱਗਰ ਮਝਾਰ ਸੰਤੋ। ਕਾਲਾ ਸਿੰਘਪ੍ਰਸੰਗਹੈਭਿਆਪੂਰਾਅਗੇਬਸਤਾਵੀਤੁਰੂਗੀਕਾਰਸੰਤੋ॥੨੪੫

Sri Satguru Jagjit Singh Ji Elibrary NamdhariElibrary@gmail.com

ਪ੍ਰਸੰਗ ਬਾਬੇ ਦੀ ਵਸਤਾ ਦਾ ਤੇ ਘਰਦੇ ਵਿਹਾਰ ਦਾ ਚੱਲਿਆ

ਮਹਾਰਾਜ ਪੰਡਰ ਪੁਰ ਵਿਚ ਆਕੇ ਸਤ ਧਰਮ ਦਾ ਕਰਨ ਪ੍ਰਚਾਰ ਪਿਆਰੇ। ਕਰਨ ਕ੍ਰਿਤ ਅਕੰਤ ਨੇ ਬ੍ਰਿਤ ਰਖਦੇ ਛਕਣ ਵਿੱਚਸਾਰੇ ਪਰਵਾਰ ਪਿਆਰੇ।ਰਹਿਕੇਵਿਚ ਗ੍ਰਿਸਤ ਉਪਦੇਸ਼ ਕਰਨਾ ਖਾਲਸ ਧਰਮ ਦੀ ਹੈ ਇਕੋ ਕਾਰ ਪਿਆਰੇ।ਜਟਾ ਜੂਟ ਰਿਹਾ ਬਾਬਾ ਉਮਰ ਸਾਰੀ ਬਸਤ੍ਰ ਸੇਤ ਰੱਖੇ ਅੰਗ ਧਾਰ ਪਿਆਰੇ। ਦਾੜ੍ਹੀ ਕੇਸ ਸਰੀਰ ਤੇ ਸਹੀ ਰੱਖੇ ਰੱਖੀ ਸੀਸ ਚਿੱਟੀ ਦਸਤਾਰ ਪਿਆਰੇ।ਓਸੇ ਬਾਣੀਦਾ ਹੁਣ ਪ੍ਰਚਾਰ ਕਰੀਏ ਬਾਂਮਣ ਕਰਨ ਓਹੋ ਕਾਰ ਵਾਰ ਪਿਆਰੇ। ਸਾਡੀ ਖਾਤ੍ਰ ਸਰੀਰ ਤੇ ਕਸ਼ਟ ਝੱਲੇ ਬਾਬੇ ਵਡਾ ਕੀਤਾ ਉਪਕਾਰ ਪਿਆਰੇ।ਵਿਚ ਦੁਖਾਂਦੇ ਉਮਰ ਬਤੀਤ ਕਰਦਾ ਸਾਰੀਆਪਣੀਲਵੇ ਨਿਹਾਰ ਪਿਆਰੇ।ਨਾਮੇ ਬੰਸੀਓਂ ਬਾਬੇ ਦੀ ਜਨਮ ਬ੍ਰਹਮਨੂੰ ਮੰਨੋਬਾ ਮਣਾ ਨਾ ਰਿਦੇ ਧਾਰ ਪਿਆਰੇ। ਸੱਠਸਾਲਦੀ ਬਾਬੇਦੀਉਮਰਹੋਈ ਖਾਲਸ ਧਰਮ ਦਾ ਕੀਤਾ ਉਜਾਰ ਪਿਆਰੇ।ਧੰਨ ਧੰਨ ਹੈ ਉਨਾਂ ਨੂੰ ਲੱਖ ਵਾਰੀ ਕਾਲਾ ਸਿੰਘ ਕਰਦਾ ਨਮਸ਼ਕਾਰ ਪਿਆਰੇ ॥੨੪੬॥

ਬਾਬੇ ਜੀ ਦੀ ਵਿੱਦਿਆ ਦੀ ਵਿਚਾਰ ਉਮਰ ਸਾਲ ੬੦

ਕਿਸੇ ਮੁਗਧ ਬਾਬਾ ਅਣਪੜ੍ਹਾ ਲਿਖਿਆ ਬਾਬਾ ਆਇਆ ਪੜ੍ਹਕੇ ਕਰਨ ਕਾਰ ਪਾਸੋਂ। ਭਗਤ ਸਰਬ ਨੇ ਗੁਣਾ ਭਰਪੂਰ ਹੁੰਦੇ ਦਿੰਦਾ ਆਪ ਜਦ ਆਉਣ ਕਰਤਾਰ ਪਾਸੋਂ। ਉਰੇ ਆਣ੍ਹੇ ਈਬੀ ਦੀ ਲੋੜ ਨਾਹੀ ਆਏ ਸਿੱਖਸੱਚੇ ਪਰਵਦਗਾਰਪਾਸੋਂ। ਸੱਤਾਂਸਾਲਾਂਦਾ ਬਾਬਾ ਸ੍ਰ ਪੜ੍ਹਨ ਬੈਠਾ ਦਿਤੀ ਪੰਡੇ ਨੂੰ ਪੜ੍ਹਨ ਵਿਚਾਰਪਾਸੋਂ। ਕੇੜੀਪੜ੍ਹਤ ਕਬੀਰ ਪ੍ਰਹਲਾਦ ਪੜ੍ਹਿਆ ਪੜ੍ਹਕੇ ਧੁਰੋਂ ਆਏ ਨਿਰਾਕਾਰ ਪਾਸੋਂ। ਕਾਲਾ ਸਿੰਘ ਮੋੜੇ ਮੂੰਹ ਪੰਡਿਆਂ ਦੇ ਬਾਣੀ ਗੁਰੂ ਗਰੰਥ ਵਿਚਾਰ ਪਾਸੋਂ ॥੨੪੭॥

ਪ੍ਰਸੰਗ ਬਾਮਣ ਦੀ ਮੂਰਖਤਾ ਦਾ ਚੱਲਿਆ ਹੈ

ਪੜ੍ਹਨ ਵਾਲੇ ਦੀ ਕਹਿਣਗੇ ਬਾਂਓ ਬਾਈਂ ਲਿਖਿਆ ਪਿਆ ਬਰੋਧ

ਹੈ ਪੰਮਿਆਂ ਦਾਇਸ ਵਿਚ ਨਾ ਸਾਡਾ ਰਲਾਓ ਕੋਈ ਬਾਬਾ ਦਸਦਾ ਹਾਲ ਨਿਕੰਮਿਆਂਦਾ।ਬਾਬੇਜੀ ਦੇ ਉਪਦੇਸ਼ ਨੂੰ ਰੋਕਣ ਵਾਲਾਨਹੀ ਕੋਈ ਜੇ ਹੋਸੀ ਤਾਂ ਟੋਲਾ ਅਣ ਜੰਮਿਆਂਦਾ। ਨਾਮ ਦੇਵਜੀਦਾ ਬੈਰੀ ਕੋਈ ਨਾਸੀ ਜੇਸੀ ਤਾਂ ਟੋਲਾਸੂਪੰਮਿਆਂ ਦਾ। ਕਸ਼ਟ ਉਮਰ ਦੇਣੇ ਵਾਲਾ ਕੋਈ ਨਾਸੀ ਜੇਸੀ ਜੱਥਾ ਨਿੱਜ ਜਮਿਆਂਦਾ। ਸਾਗਰ ਵਿਚ ਅਗਿਆਨ ਦੇ ਹੜੇ ਹੋਏ ਕਾਲਾ ਸਿੰਘ ਹੈ ਟੋਲਾ ਨਿਕੰਮਿਆਂ ਦਾ॥ ੨੪੮॥ ਤੁਥਾ॥ ਕਾਰਨ ਏਹੋ ਸਾਨੂੰ ਲਿਖਣਾ ਪਿਆ ਭਾਈ ਥਾਂਉ ਥਾਂਈ ਜੋ ਹਾਲ ਅਗਿਆਨੀਆਂ ਦਾ। ਇਨਾਂ ਮੂਰਖਾਂ ਬਹੁਤ ਬਰੋਧ ਕੀਤੇ ਲਿਖਿਆ ਬਾਣੀ ਵਿਚ ਹਾਲ ਦੁਰਾਨੀਆਂ ਦਾ।ਸਰਬ ਜਾਤਾਂ ਦੇ ਲੋਕ ਉਧਾਰ ਹੋਏ ਉਪਦੇਸ ਸੁਣਕੇ ਬ੍ਰਹਮ ਗਿਆਨੀਆਂ ਦਾ। ਬਾਮਣ ਕਈ ਹਜਾਰ ਨੂੰ ਬੋਧ ਹੋਯਾ ਦੂਰ ਗਿਆ ਅਭਿਮਾਨਅਭਿ ਮਾਨੀਆਂਦਾ।ਕਰਾਮਾਤਾਂ ਬਾਮਣਬਹੁਤ ਦੇਖ ਚੁਕੇ ਚਲਿਆ ਗਿਆ ਗੁਮਾਨ ਗੁਮਾਨੀਆਂਦਾ।ਇਨਾਂ ਵਿਚੋਂ ਭਾਰਾ ਇਕੁਵੱਡਾਟੋਲਾਕੱਠਾ ਹੋਇਆ ਸੀ ਨਿਰਾ ਤੁਫਾਨੀਆਂਦਾ। ਕਈ ਵਾਰ ਪੂਰੀ ਤਿਗਰੀਲੈ ਚੁਕਾ ਮੂੰਹਿ ਮੋੜਿਆ ਉਨਾਂ ਸਤਾਨੀਆਂਦਾ। ਇਕ ਇਕ ਆਦਮੀ ਬਾਬੇ ਦਾ ਵੱਡਾ ਬੈਰੀ ਕਾਲਾ ਸਿੰਘ ਟੋਲਾ ਦੁਸ਼ਮਣ ਜਾਨੀਆਂ ਦਾ॥

ਤੁਥਾ ॥ ਪੰਡਰ ਪੁਰ ਮੰਦ੍ਰ ਇੱਕ ਬਹੁਤ ਚੰਗਾ ਠੰਢੀ ਜਗਾ ਸੀ ਅਪਰ ਅਪਾਰ ਵੀਰੋ। ਬਾਬਾ ਓਸ ਥਾਂ ਜਾਇਬਰਾਜਿ ਗਿਆ ਸੁੰਦਰ ਲਈ ਸੀ ਜਗਾ ਵਿਚਾਰਵੀਰੋ। ਮੂਰਖਓਸਟੋਲੇਵਿੱਚੋਂਕਈਬੰਦੇ ਕਹਿਣ ਬਾਬੇ ਜੀ ਨੂੰ ਦਈਏ ਮਾਰ ਵੀਰੋ। ਦੁਸ਼ਟ ਪਾਪੀਆਂ ਇਹੋ ਸਲਾਹਿ ਕੀਤੀ ਕੀਤੇ ਬੰਦ ਦਰਵਾਜੇ ਦੇ ਵਾਰ ਵੀਰੋ। ਏਨੇ ਚਿਰਾਂ ਨੂੰ ਬਾਬਾ ਵੀ ਜਾਗ ਉਠਾ ਬੈਠ ਗਿਆ ਤਿਆਰ ਬਰਿਆਰ ਵੀਰੋ। ਓਦ੍ਰ ਪੰਮੇ ਵੀ ਹੋਇਕੇ ਤਿਆਰ ਆਏ ਆਖਣ ਮਾਰ ਜਾਣੋ ਕਰੀਏ ਪਾਰ ਵੀਰੋ। ਭਗਤ ਆਪਣੇ ਦੀ ਰੱਛਪਾਲ ਕਰਦਾ ਭਾਵੇ ਰੱਬ ਨੂੰ

ਨਾ ਇਹੋਕਾਰਵੀਰੋ। ਓਹਦੇ ਭਗਤਨੂੰ ਜੇਕੋਈ ਬੁਰਾ ਝਾਕੇ ਕਰਦਾ ਓਸਨੂੰ ਝੱਟ ਖੁਆਰ ਵੀਰੋ। ਐਸੀ ਕਲਾ ਬਰਤਾਈਸੀ ਵਾਹਿਗੁਰੂ ਨੇ ਮਾਰਨ ਆਏ ਸੂ ਮੁਗਧ ਗਵਾਰ ਵੀਰੋ। ਇਕ ਦੂਜੇ ਨੂੰ ਪਕੜ ਕੇ ਮਾਰਦਾ ਹੈ ਸਮਝੇ ਭਗਤ ਸਰੂਪ ਵਿਚਾਰ ਵੀਰੋ । ਓਹਨੂੰ ਓਹੁ ਮਾਰੇ ਮਾਰੇ ਓਸਨੂੰ ਓਹ ਦੂਜਾ ਦੂਜੇ ਨੂੰ ਮਾਰੇ ਉਭਾਰ ਵੀਰੋ। ਆਪਸ ਵਿਚ ਹੋਇਆ ਨਾਸ ਬਾਮਣਾ ਦਾ ਫੁਟੇ ਹੱਡ ਰੋਂਦੇ ਧਾਹਾਂਮਾਰਵੀਰੋ। ਕਾਲਾਸਿੰਘ ਬਾਬਾ ਜਦੋਂ ਗਿਆਘਰਨੂੰ ਬਾਂਮਣ ਰੋਣ ਮੰਦ੍ਰ ਵਿਚਕਾਰਵੀਰੋ ॥ ੨੫੦ ॥ ਤਬਾ ॥ ਮਾਰੇ ਕੁਟੇ ਭੰਨੇ ਹੋਇਆਂ ਬਾਂਮਣਾਂਨੂੰ ਆਈਹੋਸ਼ ਆਖਣਖੋਲੋਦਾਰਆਹਾ। ਖੋਲਣ ਲੱਗੇ ਦਰਵਾਜਾਨਾਖੁਲਿਆਸੀ ਲਾਇਆ ਜੋਰ ਆਖਰ ਗਏ ਹਾਰ ਆਹਾ।ਇੰਨੇਚਿਰਾਂਨੂੰ ਹੋਈ ਅਕਾਸ਼ਬਾਣੀ ਸੁਣੋਂ ਮੂਰਖੋਵੈਰਗਵਾਰ ਆਹਾ।ਹਰਬਖਤਬੂਹਾਡਾਬੈਰਭਗਤਸੇਤੀਬੂਹਾਨੂੰਅੰਦ੍ਰੋਦੇਊਮੈਮਾਰ ਆਹਾ। ਪੰਡੇ ਡਰੇ ਕਰਤੱਤ ਜੋ ਆਪਣੇ ਤੇ ਲੱਗੇ ਭੁਲ ਬਖਸ਼ਉਣ ਵਿਚਾਰਆਹਾ। ਬਾਣੀ ਹੋਈ ਆਕਾਸ਼ਤੋਂ ਬਾਮਣਾਂਨੂੰ ਬੈਰ ਭਗਤ ਨਾਲੋਂ ਛਡੋਟਾਰਆਹਾ। ਅੰਦ੍ਰਮੰਦ੍ਰਾਂਦੇ ਆਉਨ ਤੇ ਜਾਂਣਦੇਵੋ ਖੁਲੀ ਤ੍ਰਾਂ ਓਹ ਭਗਤ ਅਪਾਰਆਹਾ। ਇਹਬਾਮਣਾਂ ਗੱਲਪ੍ਰਮਾਣਕੀਤੀ ਬੂਹਾ ਖੁਲਿਆਸੀ ਝੱਟ ਵਾਰ ਆਹਾ । ਆਪੋ ਆਪਣੇਘਰਾਂਨੂੰ ਗਏ ਬਾਂਮਣ ਨਾਲ ਸਾਥੀਆਂ ਕਰਨਵਿਚਾਰਆਹਾ। ਮਹਾਂਰਾਜਆਵਣ ਜਾਂਵਣ ਕਿਸੇ ਮੰਦ੍ਰ ਦਿਤੀ ਖੁੱਲ ਏਹ ਕੂਲ ਪੁਕਾਰ ਆਹਾ । ਕਾਲਾ ਸਿੰਘ ਬਾਬਾ ਆਵੇਂ ਕਿਤੇਜਾਵੇ ਮੰਨੀਬਾਮਣਾਂਨੇਓੜਕਹਾਰਆਹਾ।

ਬਾਬੇ ਜੀਨੂੰ ਨਦੀ ਵਿਚ ਡੋਬਣਾ ਧੋਖੇ ਨਾਲ ਬਾਮਣਾ ਨੇ

ਆਉਣ ਜਾਣ ਦੀ ਬਾਬੇ ਨੂੰ ਖੁਲ ਦਿਤੀ ਸਾਰੇ ਮੰਦ੍ਰੀਂ ਜਾਏਨਿਸੰਗ ਆਹਾ। ਬਾਬੇ ਖੋਲ ਉਪਦੇਸ਼ ਭੰਡਾਰ ਦਿਤਾ ਕਰਦਾ ਸਰਬ ਨੂੰ ਹੈ ਖੁਸ਼ੀ ਦੰਗ ਆਹਾ। ਉੱਤੋਂ ਖੁਸ਼ੀਰਹਿੰਦੇ ਬਾਬੇ ਨਾਲ ਬਾਮਣ ਰਹਿੰ

Sri Satguru Jagjit Singh Ji Elibrary NamdhariElibrary@gmail.com

ਦੇ ਅੰਦਰੋਂ ਵਡੇ ਸੇ ਤੰਗ ਆਹਾ। ਹਰ ਬਖਤ ਰਖਦੇ ਦਿਲੋਂ ਨੀਤ ਮਾੜੀ ਪਾਪ ਵਿਚ ਰਖਦੇ ਚਿਤ ਨੰਗ ਆਹਾ। ਇਕ ਰੋਜ ਨੇ ਬੈਠ ਸਲਾਹਿ ਕਰਦੇ ਮਾਰੋ ਭਗਤ ਜੀਨੂੰ ਕਰਕੇ ਢੰਗ ਆਹਾ। ਨਦੀਓਂ ਪਾਰ ਭੇਜੋ ਪਿੰਡ ਭਗਤ ਜੀਨੂੰ ਕੋਈ ਕਰੋ ਬਹਾਨੇ ਦਾ ਰੰਗ ਆਹਾ। ਲਾਲਚ ਦੇਓ ਮਲਾਹਿ ਨੂੰ ਡੋਬ ਦੇਵੇ ਮੁੜਕੇ ਆਵੇਗਾ ਜਦੋਂ ਨਿਹੰਗ ਆਹਾ। ਨੀਚ ਮਤਾ ਕਰਕੇ ਬਾਮਣ ਭੇਜ ਦਿੰਦੇ ਨਦੀਓਂ ਪਾਰ ਬਾਬਾ ਗਿਆ ਲੰਘ ਆਹਾ। ਬਾਬਾ ਜਾਂਦਾ ਮਲਾਹਿ ਲੰਘਾਇਦਿਤਾ ਮੁੜਕੇ ਫੇਰ ਆਇਆ ਮੇਓ ਸੰਗ ਆਹਾ। ਮੇਓ ਕਹੇ ਬੇੜੀ ਕੰਢੇ ਪਾਰਦੇ ਹੈ ਜੇ ਤੂੰ ਜਾਣਾ ਜ਼ਰੂਰ ਨਿਸੰਗ ਆਹਾ। ਮੇਓ ਕਹੇ ਚੜ੍ਹ ਜਾਂਈਂ ਤੂੰ ਮਸ਼ਕ ਉਤੇ ਭਰਕੇ ਪਾਰ ਲੰਘੇਂ ਵਾਂਗ ਪੰਗ ਆਹਾ। ਬਾਬੇ ਕਿਹਾ ਏਹੋ ਮਸ਼ਕ ਸਹੀ ਭਾਈ ਮਸ਼ਕ ਫੂਕ ਸੇਤੀ ਭਰੀ ਜੰਗ ਆਹਾ। ਨਾਮ ਦੇਵ ਨੂੰ ਉਤੇ ਅਸਵਾਰ ਕੀਤਾ ਆਪ ਨਾਲ ਚੜਿਆ ਮੇਓ ਨੰਘ ਆਹਾ। ਜਿਸ ਵੇਲੇ ਸੂ ਨਦੀ ਵਿਚਕਾਰ ਪੁਜਾ ਪਾਪੀ ਆਖਦਾ ਮੇਓ ਮਲੰਗ ਆਹਾ। ਲਾਲਚ ਬਾਮਣਾ ਤੇ ਓਸ ਖਾਲਿਆ ਸੂ ਪੀਤੀ ਲੋਭ ਮਲਾਹਿ ਨੇ ਭੰਗ ਆਹਾ। ਮੇਓ ਆਖਦਾ ਪਾਣੀ ਦਾ ਜੋਰ ਬਾਬਾ ਕਰੀਂ ਆਪਣਾ ਤੂੰ ਕੋਈ ਢੰਗ ਆਹਾ। ਏਹੋ ਆਖਕੇ ਮਸ਼ਕ ਦੀ ਫੂਕ ਕੱਢੀ ਮੇਓ ਤਰੇ ਆਇਆ ਪਾਰ ਲੰਘ ਆਹਾ। ਬਾਬੇ ਦੇਖਿਆ ਮਸ਼ਕ ਵੀ ਗਈ ਹੇਠਾਂ ਨੇੜੇ ਡੁਬਣ ਦਾ ਹੋਗਿਆ ਸੰਗ ਆਹਾ। ਓਸ ਬਖਤ ਸਚੇ ਓਸ ਵਾਹਿਗੁਰੂ ਤੇ ਸਰਬ ਬਿਆਪੀ ਤੇ ਮੰਗਦਾ ਮੰਗ ਆਹਾ। ਕਾਲਾ ਸਿੰਘ ਅਡੋਲਪ੍ਰੇਮਸੇਤੀ ਕਰਦਾ ਬੇਨਤੀ ਹੋ ਵਿਚ ਰੰਗ ਆਹਾ ॥ ੨੫੨ ॥

ਰਾਗ ਗੋਂਡ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੬੦

ਮੋਕਉਤਾਰਿਲੇਰਾਮਾਤਾਰਿਲੇ ॥ ਮੈਅਜਾਨੁਜਨੁਤਰਿਬੇਨਜਾਨਉਬਾਪਬੀਠੁਲਾਬਾਹਦੇ ॥ ੧ ॥ ਰਹਾਉ ॥ ਨਰਤੇਸੁਰਹੋਇਜਾਤਨਿਮਖਮੈਸਤਿਗੁਰਬੁਧਿਸਿਖਲਾਈ ॥ ਨਰਤੇਉਪਜਿਸੁਰਗਕਉਜੀਤਿਓਸੋਅਵਖਧਮੈਪਾਈ ॥ ੧ ॥ ਜਹਾਜਹਾਧੂਅਨਾਰਦੁਟੇਕੇਨੈਕੁਟਿਕਾਵਹੁਮੋਹਿ ॥ ਤੇਰੇਨਾਮਅਵਿ

ਲੀਂਬਿਬਹੁਤੁਜਨਉਧਰੇਨਾਮੇਕੀਨਿਜਮਤਿਏਹ ।॥ ੨ ॥ ੩ ॥ ੨੫੩ ॥

ਟੀਕਾ ਕਬਿਤ ॥ ਗੋਂਡ ਰਾਗ ਵਿਚ ਮੁਖ ਵਾਕ ਸ੍ਰੀ ਨਾਮਦੇਵ ਵਾਹਿਗੁਰੂ ਦੇ ਅਗੇ ਇਹੋ ਅਰਜ ਸੁਣਾਂਮਦਾ । ਤਾਰ ਲੈ ਤੂੰ ਮੈਨੂੰ ਮੇਰੇ ਵਾਹਿਗੁਰੂ ਤੂੰ ਤਾਰ ਮੈਨੂੰ ਮੈਂ ਅਣਜਾਣ ਮੇਤੋਂ ਤਰਿਆ ਨਹੀਂ ਜਾਂਮਦਾ। ਹੇ ਮੇਰੇ ਵਾਹਿਗੁਰੂ ਤੂੰ ਸਚੇ ਪਿਤਾ ਬਾਹਾਂ ਫੜ ਤੇਰੀ ਰਾਤ ਦਿਨੈ ਜੀ ਮੈਂ ਓਟ ਹਾਂ ਤਕਾਂਮਦਾ। ਆਦਮੀ ਤੋਂ ਦੇਵਤਾ ਪਲਕ ਵਿਚ ਹੋਂਮਦਾ ਹੈ ਸਤਿਗੁਰੂ ਹੈ ਸਚੀਮੈਨੂੰਬੁਧਏਸਖਾਂਮਦਾ॥੨੫੪॥ ਕਃ ॥ ਮਨੁੱਖ ਜਨਮ ਪਾਏਕੇ ਸੁਰਗਨੂੰ ਮੈਜਿੱਤਿਆਹੈ ਜਾਣਿਆਹੈ ਤੁਛਬਾਬਾ ਸੱਚਹੈਅਲਾਂਮਦਾ। ਜਿਵੇਂਧ੍ਰੂਨਾਰਦਦੇਉੱਤੇਤੇਰੀਕ੍ਰਿਪਾਹੈ ਮੇਰੇਉਤੇਕਿਉਂਨਹੀਕ੍ਰਿਪਾਟਕਾਂਮਦਾ । ਤੇਰੇਰੱਬਾਆਸਰੇ ਅਨੇਕਾਂ ਦਾ ਉਧਾਰਹੋਇਆ ਕਰੇ ਨਾਮਦੇਵ ਮੇਰੀ ਮੱਤਵਿਚਆਂਮਦਾ । ਤੇਰੇ ਬਿਨਾ ਵਾਹਿਗੁਰੂ ਸਹਾਈ ਮੇਰਾਕੋਈਨਹੀ ਵਾਰਵਾਰ ਬਾਬਾ ਗੁਣ ਵਾਹਿਗੁਰੂ ਦੇ ਗਾਂਮਦਾ ॥ ੨੫੫ ॥ ਬੈਂਤ ॥ ਬਾਬੇ ਸ਼ਬਦ ਪ੍ਰੇਮਦੇ ਨਾਲਪੜਿਆ ਕੀਤੀ ਅਰਜਸੱਚੇਪਰਵਦਗਾਰਅਗੇ।ਮਹਾਂਰਾਜਜੀ ਨੇ ਜਦੋਂ ਨੈਣਖੋਲੇ ਕੰਢਾਂ ਦਿਸਿਆਨਦੀਦਾਪਾਰਅਗੇ। ਓਸਮਲ਼ਕ ਵਿਚੋਂ ਫੂਕਨਿਕਲਗਈਜੇ ਸ਼ਕਤਨਾਲਭੁਠਦਿਤੀ ਕਰਤਾਰਅਗੇ। ਮਹਾਂਰਾਜਜੀ ਨਦੀਦੇ ਲੰਘ ਵਿਚੋਂ ਨੱਗਰਆਪਣੇ ਗਏ ਘਰ ਬਾਰ ਅਗੇ । ਬਾਂਮਣ ਵੇਖਕੇ ਬਹੁਤਹੈਰਾਨਹੋਇ ਆਪਸਵਿਚਦੀ ਕਰਨ ਵਿਚਾਰ ਅਗੇ। ਹੋਗਏ ਸਰਮਿੰਦੇ ਨੇ ਮੁਗਧ ਪਾਪੀ ਹੋਕਾ ਭਰਨਓ ਨੀਚਮੁਕਾਰਅਗੇ। ਆਖਣਲਗੇ ਸਾਡਾ ਦਾਉ ਗਿਆ ਖਾਲੀ ਫੇਰ ਲੈਣਨੂੰ ਰਹੇ ਤਯਾਰ ਅਗੇ। ਕਾਲਾਸਿੰਘ ਹੰਕਾਰੀ ਤੇ ਮਹਾਂ ਨਿੰਦਕ ਮਾੜੀਨੀਤਲੈਂਦੇਪੰਮੋਧਾਰਅਗੇ ॥ ੨੫੬ ॥ ਤਥਾ ॥ ਗੁਰੂ ਬਾਣੀ ਦੇ ਨੇਮੀ ਪ੍ਰੇਮੀਓਂਜੀਤੁਸਾਂਪਾਸਹੈਦਾਸਦੀਅਰਜੀਓਜੀ। ਖੈੜਾਛੱਡ ਪਰੇੜਾਂ ਪਾਧਿਆਂ ਦਾ ਬੂਹਾਨੂੰ ਕਸਮ ਹੈ ਬਾਬੇ ਦੀ ਦਰਜੀਓ ਜੀ।

Sri Satguru Jagjit Singh Ji Elibrary NamdhariElibrary@gmail.com

ਕਿੱਕੁਰ ਕਰੀਹੇ ਬਾਬੇ ਦੇ ਨਾਲ ਦੇਖੋ ਭਾਈਆਂ ਸਾਰਿਆਂ ਦੇ ਤਾਂਈ ਬਰਜੀਓਜੀ। ਸੱਠ ਸਾਲ ਤੇ ਬਾਬੇ ਦੀ ਉਮਰ ਟੱਪੀ ਉਣੱਤ੍ਰਾਂ ਸਾਲ ਪਹੁਚੀ ਰੱਬ ਮਰਜੀਓਜੀ। ਸਾਰੀ ਉਮਰ ਕੀਤੇ ਬੈਰ ਬਾਮਣਾਂ ਨੇ ਹੁਣ ਵੱਸਕਰਜੋ ਝੂਠ ਫਰਜੀਓਜੀ। ਕਾਲਾਸਿੰਘ ਪਾਪੀ ਕਾਹਨੂੰ ਬੰਦ ਹੁੰਦੇ ਬਾਮਣ ਦ੍ਵੈਸ਼ ਕਰਦੇ ਭਾਰੇਦਰਜੀਓਜੀ ॥ ੨੫੭ ॥

ਬਾਬੇ ਜੀ ਨੂੰ ਬਾਂਮਣਾ ਨੇ ਜੈਹਰਦੇਣੀ ਉਮਰ ਸਾਲ ੬੯

ਸਬਦਰਾਗਭੈਰਉ॥ਜਉਗੁਰਦੇਉਤਦੁਆਦਸਸੇਵਾ ॥ ਜਉਗੁਰਦੇਉਸਭੈਬਿਖੁਮੇਵਾ ॥ ੧ ॥

ਬੈਂਤ ॥ ਮੂਰਖਬਾਮਣਾਤੇ ਅਭਿਮਾਨੀਆਂਦਾਲੱਗੇਦਾਓ ਨਾ ਦਾਓ ਲਗਾਂਵਦੇਨੇ। ਨਦੀ ਵਿਚ ਨਾ ਡੋਬਨਦੀ ਪੇਸ਼ ਚਲੀ ਕੋਈ ਹੋਰ ਤਤਵੀਰਬਣਾਂਵਦੇਨੇ। ਇਕਰੋਜਨੇਬੈਠਸਲਾਹਿਕਰਦੇਕਈ ਨੀਚ ਕੱਠੇਹੋਇਜਾਂਵਦੇਨੇ। ਕਿਸੇਤੌਰਬਾਬੇਜੀਨੂੰਜੈਹਰਦੇਈਏ ਖੋਟੀਨੀਤ ਦਾ ਮਤਾ ਪਕਾਂਵਦੇਨੇ। ਟੰਟਾ ਮੁਕੇ ਬਿਗਾੜੇ ਨੇ ਲੋਕ ਸਾਰੇ ਮਗਰ ਆਪਣੇ ਲੋਕਾਂ ਨੂੰ ਲਾਂਵਦੇਨੇ। ਕੀੜਾ ਮਤਾਲੋ ਲੱਡੂ ਪਤਾਸਿਆਂ ਨੂੰ ਵਿਚ ਖੂਬਓ ਜੈਹਿਰ ਮਿਲਾਂਵਦੇ ਨੇ। ਥਾਲ ਵਿਚ ਪਾ ਉਤੇ ਰਮਾਲ ਦਿਤਾ ਮਹਾਂਰਾਜ ਦੇ ਅੱਗੇ ਟਿਕਾਂਵਦੇਨੇ। ਕੀਤੀ ਬੇਨਤੀ ਨਾਲ ਅ ਧੀਨਗੀਦੇ ਭੇਟਾ ਕਰੋ ਪ੍ਰਮਾਨ ਅਲਾਂਵਦੇਨੇ। ਜਾਣੀ ਜਾਣਨੇ ਭੇਟ ਮਨਜੂਰ ਕੀਤੀ ਉਸੇ ਬਖਤ ਪਰਸ਼ਾਦਿ ਬਰਤਾਂਵਦੇ ਨੇ। ਪਹਿਲੇ ਬਾਂਮਣਾਂ ਨੂੰ ਬ੍ਰਤਾਇ ਦਿੱਤਾ ਫੇਰ ਵਿਚ ਪਰਵਾਰ ਛਕਾਂਵਦੇਨੇ। ਉਹਨਾਂ ਬਾਂਮਣਾਂ ਸੱਟਿਆ ਵਾਹਰ ਜਾਕੇ ਭੋਰਾ ਇਕ ਵੀ ਮੁਖ ਨਾ ਪਾਂਵਦੇਨੇ। ਮਹਾਂਰਾਜਦੇ ਕੁਲਪ੍ਰਵਾਰ ਖਾਦਾ ਜੈਹਰ ਭਰੇਦੇਈ ਗੱਫੇ ਲਾਂਵਦੇਨੇ। ਦਿਲੋਂ ਖੁਸ਼ੀ ਹੋਇ ਸਾਡਾ ਦਾਓ ਲੱਗਾ ਸਾਰੇ ਕੱਲਨੂੰ ਹੀ ਮਰਜਾਂਵਦੇਨੇ। ਬਾਬਾ ਸਣੇ ਟੱਬਰ ਟੀਹਰਪਾਰਹੋਵੇ ਦਿਲੋਂ ਸ਼ਾਦੀ ਆਂ ਪੌਪਮਨਾਂਵਦੇਨੇ। ਕਾਲਾਸਿੰਘਬਹੁਤੇ ਇੰਨਾਂ ਪਾਪਕੀਤੇ ਧੁਰੋਂ ਆਏ ਏਹ ਪਾਪ ਕਮਾਂਵਦੇਨੇ ॥ ੨੫੮ ॥ ਤਥਾ ॥ ਰਾਮਚੰਦ ਤੇ

Sri Satguru Jagjit Singh Ji Elibrary NamdhariElibrary@gmail.com

ਬਿਸ਼ਨਦਾ ਹਾਲ ਸੁਣਿਆਂ ਕ੍ਰਿਸ਼ਨਦੇਵਜੀ ਨੂੰ ਜੈਹਰ ਡਾਰਿਆ ਹ ।
ਛੀਵੇਂ ਗੁਰੂਜੀਨੂੰ ਇੰਨ੍ਹਾਂ ਜੈਹਰਦਿਤਾ ਨਾਮਦੇਵਨੂੰ ਜੈਹਰਿ ਪਸਾਰਿ
ਆਹੈ। ਨਸ਼ ਉਨਾਂਨੂੰ ਕਿਸਤ੍ਰਾਂ ਚੜੈ ਭਾਈ ਜਿਨਾਂਵਾਹਿਗੁਰੂਨੂੰ ਚਿੱਤ
ਧਾਰਿਆਹੈ। ਤੱਤੇ ਥੰਮ ਪ੍ਰਹਿਲਾਦਦੀ ਕਰੈ ਖਾਤ੍ਰ ਠੰਢੇ ਹਏਕੀ ਕੰਮ
ਬਗਾਰਿਆ ਹੈ । ਮਹਾਂਰਾ ਜਦੋਂ ਕਿਸੇ ਪ੍ਰਵਾਰ ਉਤੇ ਨਹੀ ਜੈਹਰ
ਕੋਈ ਅਸਰ ਡਾਰਿਆ ਹੈ। ਪਾਨੀ ਡੋਬਦਾ ਅੱਗ ਨਾ ਸਾੜਦੀ ਹੈ
ਕਾਲਾਸਿੰਘ ਜਿਨ ਰਾਮ ਚਿਤਾਰਿਆ ਹੈ॥ ੨੫੮ ॥ ਤਥਾ ॥
ਉਧਰ ਜੈਹਰ ਦੇਕੇ ਬਾਂਮਣ ਘਰੀਂ ਆਏ ਸੁਤੇ ਰਾਤ ਨੂੰ ਪਏ
ਸੁਮਾਰਕਰਕੇ। ਪਾਪ ਉਹਨਾਂਦੇ ਜਮਾਂਦੀ ਸ਼ਕਲ ਧਾਰੀ ਗੁਰਜਾਂ
ਪਕੜ ਆਏ ਮਾਰੋਮਾਰਕਰਕੇ। ਮਾਰਕੁਟਉਡਾਇਸੇਸਰਬਬਾਮਣ
ਧਾਹਾਂਮਾਰਦੇ ਹਾਲਪੁਕਾਰਕਰਕੇ। ਦਿਨ ਚੜੇਤਾਂ ਉਹਨਾਂਦਾ ਇਕ
ਮੋਹਰੀ ਗਿਆ ਪਰਾਨ ਤਿਆਗ ਬੀਮਾਰ ਕਰਕੇ। ਰੋਣਾ ਪਿੱਟਣਾਂ
ਪੈਗਿਆ ਬਾਂਮਣਾਂ ਦੇ ਹਾਲ ਹਾਲ ਕਰਦੇ ਧਾਹਾਂ ਮਾਰ ਕਰਕੇ।
ਓਹਦੇ ਘਰਿਦਿਆਂ ਨੇ ਘੜ ਪਾਪ ਵਾਲੀ ਸੁਣੀ ਵਾਰਤਾ
ਸਰਬ ਨਿਹਾਰ ਕਰਕੇ। ਕੱਠੇ ਹੋਇਕੇ ਪਾਪੀ ਨੂੰ ਚੁਕਲਿ
ਆਏ ਘਰ ਬਾਬੇ ਦੇ ਗਏ ਵਿਚਾਰ ਕਰਕੇ। ਮਰੇ ਹੋਇ ਜੋ
ਬਾਮਣਦੀ ਇਸਤ੍ਰੀਸੀ ਮਾਤਾਪਿਤਾ ਰੋਂਦੇ ਜਾਰੋਜਾਰ ਕਰਕੇ। ਕਰ
ਦੇ ਬਹੁਤਬਿਰਲਾਪਤੇ ਪੈਹਣ ਗਲੀਆਂ ਗੋਡੇਖਾਂਮਦੇ ਹੋਇ ਲਚਾਰ
ਕਰਕੇ। ਮਹਾਂਰਾਜਜੀਦੇ ਅੱਗੇ ਅਰਜਕਰਦੇ ਸਾਨੂੰਬਖਸ਼ਦੇਵੋਕ੍ਰਿਪਾ
ਧਾਰਕ੍ਰਕੇ।ਬਾਬਾ ਆਖਦਾਬਖਸ਼ੇਗਾ ਰਬਭਾਈ ਧਰੋ ਓਸਦਾ ਧਿਆ
ਨ ਸ਼ੁਮਾਰਕਰਕੇ। ਕਰਨੈ ਜੋਗੁ ਸੱਚਾ ਮੇਰਾਵਾਹਿਗੁਰੂਹੈ ਕਰੋ ਓਸ
ਪਹਿ ਅਰਜ ਗੁਜਾਰ ਕਰਕੇ। ਬਾਂਮਣ ਬਾਮਣੀ ਚਰਨਾ ਤੇ ਸੀਸ
ਧਰਿਆ ਕੀਤੀ ਬੇਨਤੀ ਮੂੰਹੋਂ ਉਚਾਰ ਕਰਕੇ। ਸਾਡੀ ਪਾਪੀਆਂ
ਦੀ ਕਿਕੂੰ ਅਰਜ ਸੁਣਦਾ ਤੁਸੀ ਕਰੋਜੇ ਆਪਪੁਕਾਰਕਰਕੇ। ਤੁਸੀ

Sri Satguru Jagjit Singh Ji Elibrary NamdhariElibrary@gmail.com

ਕਰੋ ਕ੍ਰਿਪਾ ਬੁਗਾੜੀ ਸੁਣੇ ਛੇਤੀ ਸਾਡਾਤਾਰਦੇਵੇ ਬੇੜਾਪਾਰਕਰਕੇ। ਮਹਾਂਰਾਜ ਜੀ ਡਿੱਠੇ ਆਧੀਨਹੋਇ ਬਾਂਮਣ ਬਾਂਮਣੀ ਸਣੇ ਪ੍ਰਵਾਰ ਕਰਕੇ। ਮਹਾਂਰਾਜ ਜੀ ਬੇਨਤੀ ਤੁਰਤ ਕੀਤੀ ਅਗੇ ਵਾਹਿਗੁਰੂ ਦੇ ਨਿਗਾਧਾਰਕਰਕੇ। ਉਸ ਵਾਹਿਗੁਰੂ ਆਪਣੀ ਮੇਹਰ ਸੇਤੀ ਜੀਵ ਦਾਨ ਦਿਤਾ ਕ੍ਰਿਪਾਧਾਰਕਰਕੇ। ਮਰਿਆਹੋਇਆ ਬਾਂਮਣ ਜਿੰਦਾ ਹੋਗਿਆਸੀ ਸੁਣੀ ਬਾਬੇਦੀ ਅਰਜ ਪਿਆਰ ਕਰਕੇ। ਬਾਂਮਣਜਾਤ ਦਾ ਤੋੜ ਅਭਿਮਾਨਦਿਤਾ ਚਰਨੀ ਡਿਗੇ ਸਾਰੇ ਹਾਰੋਹਾਰ ਕਰਕੇ। ਬਣੇ ਸਿੱਖਤੇ ਪੁਛਿਆ ਭਜਨ ਸਭਨਾ ਜਪਦੇ ਵਾਹਿਗੁਰੂ ਜਾਪ ਉਚਾਰਕਰਕੇ। ਕਾਲ਼ਾਸਿੰਘ ਬਾਂਮਣ ਬਹੁਤ ਸਿੱਖ ਹੋਏ ਕਰਨ ਬਾਬੇ ਦਾ ਜਸ ਪੁਕਾਰ ਕਰਕੇ॥ ੨੬੦॥

ਪ੍ਰਸੰਗ ਗਊ ਜਿੰਦੀ ਕਰਨ ਦਾ ਚਲਿਆ ਉਮਰ ਸਾਲ ੬੯

ਮਹਾਰਾਜ ਜੀ ਸਤ ਉਪਦੇਸ਼ ਕਰਦੇ ਦਿੰਦੇ ਭਵਜਲੋਂ ਪਾਰ ਉਤਾਰ ਸਭਨੂੰ। ਛੰਨ ਬਣੀ ਮੰਦਰ ਜੋੜਾ ਫੇਰਿਆ ਸੀ ਜਿੰਦੇ ਕਰੇ ਮੁਰਦੇ ਦਿਸੇ ਜਾਹਰ ਸਭਨੂੰ। ਕਰਾਮਾਤਾਂ ਦਿਖਾਲੀਆਂ ਬਹੁਤ ਹੈਸਨ ਐਸੇ ਅਨਕ ਦਿਸੇ ਚਮਕਾਰ ਸਭਨੂੰ। ਬਾਮਣ ਬੈਰ ਕਰਨਾ ਕਈ ਛੱਡ ਗਏ ਬਾਬਾ ਦਿਸਦਾ ਸੀ ਕਰਨਕਾਰ ਸਭ ਨੂੰ। ਮੂਰਖ ਇਕ ਟੋਲਾ ਹੈਸੀ ਬਾਮਣਾ ਦਾ ਬਹੁਤ ਵਾਰ ਦਿਤੀ ਹੈਸੀ ਹਾਰ ਸਭ ਨੂੰ। ਧੋਖੇ ਬਾਜੀਆਂ ਉਨਾਂ ਨੇ ਬਹੁਤ ਕਰੀਆਂ ਗਈ ਪੇਸ਼ ਨਾਂ ਹੋਈ ਲਚਾਰ ਸਭ ਨੂੰ। ਮਹਾਰਾਜ ਦਾ ਹੋਵੇ ਨਾ ਵਾਲ ਵਿੰਗਾ ਰਹਿੰਦੀ ਬਾਮਣਾ ਦੇ ਚਿਤ ਖਾਰ ਸਭ ਨੂੰ। ਇਕ ਰੋਜ ਆਨਰਥ ਸਲਾਹਿ ਕਰਦੇ ਕਠੇ ਹੋਇਕੇ ਕਰਨ ਵਿਚਾਰ ਸਭਨੂੰ। ਬਾਦਸ਼ਾਹਨੂੰਜਾਏਸਿਖਾਲਦਈਏ ਝੂਠੀ ਕਰੋ ਫਰੇਬ ਦੀ ਕਾਰ ਸਭ ਨੂੰ। ਨਾਮਦੇਵ ਨੂੰ ਪਕੜ ਮਰ ਵਾਇ ਦਈਏ ਕਾਲਾ ਸਿੰਘ ਹੋਵੇ ਖਬਰ ਸਾਰ ਸਭ ਨੂੰ॥ ੨੬੧॥

ਤੁਥਾ ॥ ਰੰਦਾ ਮਤਾ ਕਰਕੇ ਸਾਰੇ ਤੁਰੇ ਪਾਪੀ ਬਾਦਸ਼ਾਹ ਨੂੰ

Sri Satguru Jagjit Singh Ji Elibrary NamdhariElibrary@gmail.com

ਹਾਲ ਸੁਣਾਵੰਦੇ ਨੇ। ਸੰਮਤ ਤੇਰਾਂ ਸੌ ਵਿਚ ਪਚਾਨਮੇਂ ਦੇ ੧੩੯੫ ਹੋਸੀ ਬਿਕ੍ਰਮਾਜੀਤ ਅਲ ਵੰਦੇ ਨੇ। ਉਮਰ ਬਾਬੇ ਦੀ ਸਾਲ ਉਣਾ ਹਟਵੀ ਸੀ ਬਾਮਣਬਾਦਸ਼ਾਹਦੇ ਪਾਸ ਜਾਂਵਦੇ ਨੇ। ਸ਼ਹਿਰ ਦੌਲਤਾ ਬਾਦ ਦੇ ਵਿਚ ਜਾਕੇ ਮਹੰਮਦ ਤੁਗਲਕ ਅਗੇ ਚੁਗਲੀ ਖਾਵੰਦੇ ਨੇ। ਸਾਡੇ ਪਿੰਡ ਦੇ ਵਿਚ ਹੈ ਭਗਤ ਭਾਰਾ ਨਾਮਦੇਵ ਜੀ ਨਾਮਸਦਾਵੰਦੇ ਨੇ। ਕਰਾਮਾਤਾਂ ਵਿਖਾਲਦਾ ਬਹੁਤ ਸਾਨੂੰ ਜਿੰਦੇ ਮੁਰਦਿਆਂ ਤਾਂਈਂ ਕਰਾਵੰਦੇ ਨੇ। ਕਈ ਚੋਨ ਅਮੀਰ ਕੰਗਾਲ ਕੀਤੇ ਕਈ ਰੰਕ ਅਮੀਰ ਬਣਾਵੰਦੇ ਨੇ। ਮੁਸਲਮਾਨਾਂ ਤੋਂ ਬਹੁਤ ਬਰੁੱਧ ਬੋਲਣ ਗੱਲਾਂ ਬਰ ਖਲਾਫ ਅਲਾਵੰਦੇ ਨੇ। ਬਾਦਸ਼ਾਹ ਨੂੰ ਦਬਕੇ ਬਹੁਤ ਭਰਿਆ ਗੱਲਾਂ ਝੂਠ ਤੇ ਸਚ ਰਲਾਵੰਦੇ ਨੇ। ਉਸੇ ਬਖਤ ਸਪਾਹੀਆਂ ਨੂੰ ਸਦਕੇ ਤੇ ਬਾਦਸ਼ਾਹ ਏਹ ਹੁਕਮ ਲਗਾਵੰਦੇ ਨੇ। ਪੰਡਰਪੁਰੋਂ ਪਕੜੇ ਨਾਮਦੇਵ ਜੀਨੂੰ ਹਾਜਰ ਕਰੋ ਏ ਆਖ ਬਤਾਵੰਦੇ ਨੇ। ਨਾਮਦੇਵ ਘਰ ਆਪਣੇ ਵਿਚ ਬੈਠੇ ਕਾਲਾ ਸਿੰਘ ਏ ਸਬਦ ਨੂੰ ਗਾਵੰਦੇ ਨੇ ॥੨੬੨॥

ਤਥਾ ॥ ਮਹੰਮਦ ਤੁਗਲਕ ਨਾਮ ਸੀ ਬਾਦਸ਼ਾਹ ਦਾ ਚੜ੍ਹਿਆ ਦਿਲੀਓਂ ਸੌ ਧੌਂਸਾ ਮਾਰ ਸੰਤੋ। ਗਿਆ ਦੇਸ ਮੈਰਾਸ਼ਟਰ ਵਿਚ ਭਾਈ ਦੇਵਗਿਰੀ ਕੀਤਾ ਸ਼ਹਿਰ ਖੁਆਰ ਸੰਤੋ। ਨਾਮ ਰਖਿਆ ਦੌਲਤਾ ਬਾਦ ਉਸਦਾ ਰਾਜਧਾਨੀ ਸੀ ਕਰੀ ਅਪਾਰ ਸੰਤੋ। ਦੌਰਾ ਦੇਸ ਦੇ ਸੰਤ੍ਰ ਦਾ ਸ਼ਾਹ ਕਰਕੇ ਪੰਡਰ ਪੁਰੀ ਆਇਆ ਇਕ ਵਾਰ ਸੰਤੋ। ਨਾਮਦੇਵ ਜੀਨੂੰ ਓਥੇ ਸਦਿਆ ਸੀ ਬਾਦਸ਼ਾਹ ਕੀਤੀ ਜੋਰੀ ਕਾਰ ਸੰਤੋ। ਕਾਲਾ ਸਿੰਘ ਬਾਦਸ਼ਾਹ ਨੇ ਦੂਤ ਭੇਜੇ ਬਾਬਾ ਪੜ੍ਹਦਾ ਸੀ ਬਾਣੀ ਉਚਾਰ ਸੰਤੋ ॥ ੨੬੩ ॥

ਰਾਗ ਗੂਜਰੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੬੯

ਮਲੈਨਲਾਛੈਪਾਰਮਲੋਪਰਮਲੀਓਬੈਠੋਰੀਆਈ ॥ ਆਵਤਕਿਨੈਨਪੇਖਿਓਕਵਨੈਜਾਣੈਰੀਬਾਈ॥ ੧ ॥ ਕਉਣੁਕਹੈਕਿਣਿਬੂਝੀਐਰਮਈਆਆਕੁਲੁਰੀਬਾਈ ॥ ੧ ॥ ਰਹਾਉ ॥ ਜਿਉਆਕਾਸੈ ਪੰਖੀਅਲੋਖੋਜੁਨਿਰਖਿਓਨਜਾਈ ॥ ਜਿਉਜਲਮਾਝੈਮਾਛਲੋਮਾਰਗੁਪੇਖਣੋਨਜਾਈ ॥ ੨ ॥ ਜਿਉ

ਆਵਾਸੰਘਣੂਅਲੋਮ੍ਰਿਗਤ੍ਰਿਸਨਾਭਰਿਆ॥ਨਾਮੇਚੇਸੁਆਮੀਬੀਠਲੋਜਿਨਤੀਨੈਜਰਿਆ॥੩॥੨॥੨੬੪॥

ਟੀਕਾ ਕਬਿੱਤ ॥ ਗੁਜਰੀ ਹੈ ਰਾਗ ਮੁਖ ਵਾਕ ਸ੍ਰੀ ਨਾਮਦੇਵ ਵਾਹਿਗੁਰੂ ਦੇ ਅਗੇ ਹੈਸੀ ਬੇਨਤੀ ਸੁਣਾਉਂਦਾ। ਮੈਲ ਤੋਂ ਰਹਿਤ ਜੋ ਸੁਗੰਧ ਵਾਲਾ ਵਾਹਿਗੁਰੂ ਹੈ ਸਰਬ ਵਿਆਪਕ ਹੈ ਸਾਰੇ ਦਿਸ ਆਉਂਦਾ। ਆਵੰਦਾ ਕਿਸੇ ਨੇ ਨਹੀਂ ਦੇਖਿਆ ਜਰੂਰ ਬਾਈ ਕਉ ਣ ਕਹੇ ਜਿੰਦੇ ਰਬ ਪੁਛਿਆ ਨਾ ਜਾਉਂਦਾ। ਜਿਸ ਤਰਾਂ ਅਕਾਸ਼ ਵਿਚਪੰਖੀਦਾਨਾਖੋਜਮਿਲੇਤਿਵੇਂ ਜਲਵਿਚਰਾਹਮਛੀਦਾ ਨਾਂ ਥਿਆਉਂਦਾ॥੨੬੫॥ਕਬਿੱਤ॥ਏਸੇਤਰਾਂਵਾਹਿਗੁਰੂਦੇਮਿਲਣ ਦੀ ਅਉਖ ਭਾਈਓਹੋਨਿਰਾਕਾਰਹੈਮਸਾਂਹੀਹਥਆਉਂਦਾ। ਜਿਸਤਰਾਂ ਅਕਾਸ਼ ਵਿਚ ਮ੍ਰਿਗਾਂ ਨੂੰ ਦਿਸੇ ਪਾਣੀ ਤਿਵੇਂ ਸੰਸਾਰ ਸਾਰਾ ਝੂਠਾ ਦਿਸ ਆਉਂਦਾ। ਤਿੰਨੇ ਦ੍ਰਿਸ਼ਟਾਂਤ ਜੋ ਸੁਣਾਏ ਝੂਠੇ ਨਾਮਦੇਵ ਐਵੇਂ ਵਾਹਿਗੁਰੂ ਵੀ ਨਹੀਂ ਹੈ ਦ੍ਰਿਗਾ ਆਉਂਦਾ। ਕਦੋਂ ਪੈਦਾ ਕਰਦਾ ਤੇ ਮਾਰਦਾ ਹੈ ਕਦੋਂ ਭਾਈ ਪਾਲਣਾਹੇ ਕਦੋਂ ਆਕੇਜਗਦੀਕਰਾਉਂਦਾ ॥੨੬੬॥ ਬੈਂਤ ॥ ਬਾਬਾ ਨਾਲ ਪ੍ਰੇਮ ਦੇ ਪੜੇ ਬਾਣੀ ਲਾਈ ਵਾਹਿਗੁਰੂ ਦੇ ਵਿਚ ਤਾਰ ਆਹਾ। ਬਾਹਰੋਂ ਆਣਕੇ ਕਿਸੇ ਅਵਾਜ ਮਾਰੀ ਬਾਬੇ ਖੋਲਿਆ ਸੀ ਝਟ ਵਾਰ ਆਹਾ। ਬਾਬੇ ਡਿਠੇ ਸਰਕਾਰ ਦੇ ਆਦਮੀ ਨੇ ਉਨਾਂ ਪੁਛਿਆ ਫੇਰ ਪੁਕਾਰ ਆਹਾ। ਨਾਮਦੇਵ ਜੀ ਆਪਣਾ ਨਾਮ ਬਾਬਾ ਸਾਨੂੰ ਦਸ ਦੇਵੋ ਮੁਖੋਂ ਟਾਰ ਆਹਾ। ਬਾਬਾ ਆਖਦਾ ਮੇਰਾ ਹੈ ਨਾਮ ਭਾਈ ਨਾਮਦੇਵਜੀ ਕਹਿਣਉਚਾਰਆਹਾ। ਦੂਤਾਂ ਝਟ ਪਰਮਾਨਾ ਫੜਾਇ ਦਿਤਾ ਬਾਦਸ਼ਾਹ ਸਦੇ ਏਕ ਵਾਰ ਆਹਾ। ਮਹਾਰਾਜ ਜੀਦੀ ਮਾਤਾ ਪਾਸ ਬੈਠੀ ਪੁਛੇ ਹੋਇ ਹੈਰਾਨ ਵਿਚਾਰ ਆਹਾ। ਕੇਹੜੀ ਗਲ ਤੇ ਹੈ ਬਾਦਸ਼ਾਹ ਸਦੇ ਮਾਈ ਦੂਤਾਂ ਨੂੰ ਕਹੇ ਉਚਾਰ ਆਹਾ। ਕਿਸੇ ਬਾਤ ਦਾ ਨਾ ਸਾਨੂੰ ਪਤਾ ਮਾਤਾ ਬਾਦਸ਼ਾਹ ਨੇ ਲੈਣਾ ਦੀਦਾਰ ਆਹਾ। ਬਾਬਾ ਆਖਦਾ ਫਿਕਰ ਨਾ

ਕਰੀਂ ਮਾਈ ਨਿਰਭੈ ਹੋਇਕੇ ਕਹਿਣ ਬੰਕਾਰ ਆਹਾ । ਬਾਦਸ਼ਾਹ ਤਾਂਈਂ ਸਾਡਾ ਕੰਮ ਨਾਹੀਂ ਜੇ ਤਾਂ ਸਦਦਾ ਜਾਊਂ ਹੋਤਿਆਰਆਹਾ। ਏਸ ਵਿਚ ਸਾਡਾ ਕੋਈ ਹਰਜ ਨਾਹੀਂ ਸਾਨੂੰ ਕਿਸੇ ਦਾ ਡਰਨਾਡਾਰ ਆਹਾ। ਖੁਸ਼ੀ ਹੋਇਕੇ ਉਨਾਂ ਦੇ ਨਾਲ ਜਾਂਦੇ ਬਾਦਸ਼ਾਹ ਦੇ ਪੁਜੇ ਦਰਬਾਰ ਆਹਾ। ਨਾਮਦੇਵ ਜੀ ਨਹੀਂ ਸਲਾਮਕੀਤੀ ਜਦੋਂ ਗਿਆ ਕਚੈਹਰੀ ਦੇ ਵਾਰ ਆਹਾ। ਸਤਿ ਸ੍ਰੀ ਅਕਾਲ ਗਜਾਇ ਦਿਤੀ ਫਤੇ ਵਾਹਿਗੁਰੂ ਕਹੀ ਕਰਭਾਰ ਆਹਾ। ਕਾਲਾਸਿੰਘ ਸਲਾਮ ਨਾ ਕਰੀ ਬਾਬੇ ਕਹੇ ਗੁਰੂ ਗੂੰਬ ਉਭਾਰ ਆਹਾ ॥ ੨੬੭ ॥ ਤਬਾ ॥ ਸੁਣਦੇ ਸਾਰ ਫਤੇ ਡਾਢੀ ਅੱਗ ਲੱਗੀ ਬਾਦਸ਼ਾਹ ਕਚੀਰੀਆਂ ਖਾਵੰਦਾ ਜੇ । ਗੁੱਸੇ ਹੋਇਕੇ ਲਵਾਂ ਨੂੰ ਕਟਦਾ ਹੈ ਲਹੂ ਅਖੀਆਂ ਤੋਂ ਭਰਆਵੰਦਾ ਜੇ। ਤਕ ਬਾਮਣਾ ਦੀ ਵਲ ਕਹਿਣ ਲਗਾ ਕੋਈ ਭਗਤ ਨੂੰ ਨਹੀਂ ਸਮਝਾਵੰਦਾ ਜੇ। ਬਾਮਣ ਉੱਠਕੇ ਇਕ ਹੈ ਕਹਿਣ ਲਗਾ ਤੇਨੂੰ ਬਾਬਾ ਜੀ ਸ਼ਾਹ ਫੁਰਮਾਵੰਦਾ ਜੇ । ਝੁਕ ਕਰੀਂ ਸਲਾਮ ਤੂੰ ਸ਼ਾਹ ਤਾਂਈਂ ਕਾਲਾ ਸਿੰਘ ਹੈ ਬਾਮਣ ਸੁਣਾਵੰਦਾ ਜੇ ॥ ੨੬੮ ॥ ਤਬਾ ॥ ਮੈ ਤਾਂ ਇਕ ਅਕਾਲ ਨੂੰ ਜਾਣਦਾ ਹਾਂ ਹੋਰ ਕਿਸੇ ਨੂੰ ਸੀਸ ਨਿਮਾਮਣਾ ਕੀ। ਅੰਮ੍ਰਿਤ ਨਾਮ ਮੇਰੇ ਚਿਤ ਵਿਚ ਵਸਿਆ ਰਾਮ ਛਡ ਸਲਾਮ ਬੁਲਾਮਣਾ ਕੀ। ਜਿਸ ਵਾਹਿਗੁਰੂ ਪੈਦਾ ਸੰਸਾਰ ਕੀਤਾ ਛਡਓਸ ਨੂੰ ਹੋਰ ਧਿਆਮਣਾ ਕੀ। ਮੈਂ ਤਾਂ ਸੀਸ ਦਿਤਾ ਇਕ ਵਾਹਿਗੁਰੂ ਨੂੰ ਔਰ ਗੈਰ ਦੇ ਤਾਂਈਂ ਝੁਕਾਮਣਾ ਕੀ। ਕਾਲਾ ਸਿੰਘ ਜੋ ਵਾਹਿਗੁਰੂ ਨਾਮ ਜਪਦੇ ਭੌ ਮੌਤ ਦਾ ਉਨਾਂ ਨੇ ਪਾਮਣਾ ਕੀ ॥ ੨੬੯ ॥

### ਮਹੰਮਦ ਤੁਗਲਕ ਬੜੀ ਜ਼ੁਲਮੀ ਕਰਦਾ ਹੁੰਦਾ ਸੀ

ਮਹੰਮਦ ਤੁਗਲਕ ਤੁਅਸਦੀ ਵਡਾ ਜ਼ਾਲਮ ਕਰਦਾ ਜ਼ੁਲਮਤੇਬੇਥਰ ਕਗਾਰ ਜ਼ੁਲਮੀ। ਮੁਲਾਂ ਕਾਜੀਆਂ ਦਾ ਜ਼ੋਰ ਬਹੁਤ ਹੈਸੀ ਕਰਦੇ ਹਿੰਦੂਆਂ ਤਾਂਈਂ ਖੁਆਰ ਜ਼ੁਲਮੀ। ਕਰੇ ਕਾਫਰਾਂ ਨੂੰ ਮੁਸਲਮਾਨ

Sri Satguru Jagjit Singh Ji Elibrary NamdhariElibrary@gmail.com

ਫੜਕੇ ਹੁਕਮ ਦਿੰਦੇ ਏਹ ਆਪ ਉਚਾਰ ਜ਼ੁਲਮੀ। ਰੋਜ ਸੈ ਹਿੰਦੂ ਮੁਸਲਮਾਨ ਕਰਦਾ ਬਾਦਸ਼ਾਹ ਸੀ ਬਹੁਤ ਮੁਕਾਰ ਜ਼ੁਲਮੀ। ਹਿੰਦੂ ਸੈਂਕੜੇ ਦਿਨੋਂ ਦਿਨ ਕਤਲ ਹੁੰਦੇ ਸਿਰ ਛਡਦੇ ਜਦੋਂ ਤਲਵਾਰ ਜ਼ੁਲਮੀ। ਮੰਦਰ ਢਾਹਿ ਮਸੀਤਾਂ ਬਣਾਵੰਦੇ ਸੇ ਜੰਞੂ ਟਿਕਾ ਰਹੇ ਬੋਦੀ ਉਤਾਰ ਜ਼ੁਲਮੀ। ਐਸੇ ਰਾਜ ਜ਼ਾਲਮ ਵਿਚ ਬਾਮਣਾ ਨੇ ਕੀਤੀ ਮੁਕਬਰੀ ਦੀ ਬੁਰੀ ਕਾਰ ਜ਼ੁਲਮੀ। ਕਾਲਾ ਸਿੰਘ ਜਾਂ ਬਾਬਾ ਫੜਾਇ ਦਿਤਾ ਬਾਮਣ ਹੋਇ ਬੈਠੇ ਠੰਢੇ ਠਾਰ ਜ਼ੁਲਮੀ ॥ ੨੭੦ ॥

ਤਬਾ ॥ ਬਾਦਸ਼ਾਹ ਬਠਾਲਕੇ ਪਾਸ ਪੁਛੇ ਸਚ ਮੁਖ ਤੇ ਕਹੀਂ ਉਚਾਰ ਭਗਤਾ। ਅਸੀਂ ਸੁਣਿਆ ਹੈ ਗਾਏਂ ਨਾਂ ਬਾਮਣਾਂ ਤੇ ਤੂੰ ਤਾਂ ਵਡਾ ਹੈਂ ਕੋਈ ਅਵਤਾਰ ਭਗਤਾ। ਕਰਾਮਾਤਾਂ ਤੂੰ ਬਹੁਤ ਦਿਖਾਲਦਾ ਹੈਂ ਮੁਰਦੇ ਕਰੇ ਜਿੰਦੇ ਕਈ ਵਾਰ ਭਗਤਾ। ਕੋਈ ਮੈਨੂੰ ਕਰਾਮਾਤ ਦਿਖਾਲ ਦੇਵੇ ਕਾਲਾ ਸਿੰਘ ਆਖੇ ਵਾਰਵਾਰ ਭਗਤਾ॥ ੨੭੧॥ ਤਬਾ ॥ ਸ਼ਾਂਤੀਨਾਲ ਅਗੋਂ ਨਾਮ ਦੇਵਬੋਲ ਆਖੇ ਕਰੀਂ ਤੂੰ ਸੋਚ ਵਿਚਾਰ ਸ਼ਾਹਾ। ਮੇਰੇ ਵਿਚ ਕੋਈ ਕਰਾਮਾਤ ਨਾਂਹੀ। ਤੈਨੂੰ ਦੇਵਾਂਕੀ ਮੈਂ ਦਿਖਾਲ ਸ਼ਾਹਾ। ਮੇਰਾ ਰਾਮ ਚਾਹੇ ਸਭ ਕੁਝ ਕਰਦਾ ਕਰਨੇ ਜੋਗ ਜੋ ਹੈ ਨਿਰਾਕਾਰ ਸ਼ਾਹਾ। ਕਾਲਾਸਿੰਘ ਮੇਰੇ ਕੁਝਵਸਨਾਹੀ ਵੱਸ ਓਸਦੇ ਜੋ ਕਰਨਕਾਰਸ਼ਾਹਾ॥ ੨੭੨॥ ਤਬਾ ॥ ਸੁਣਕੇ ਬਾਦਸ਼ਾਹ ਨੂੰ ਗੁਸਾ ਬਹੁਤ ਚੜਿਆ ਹੋਕੇ ਬੋਲਿਆ ਗਜਬ ਗੁਵਾਰ ਭਗਤਾ। ਲੋਕਾਂ ਤਾਂਈ ਕਰਾਮਾਤਾਂ ਦਿਖਾਖਦਾਹੈਂ ਤੂੰਤਾਂ ਆਪਣੇ ਆਪ ਵਿਚਾਰ ਭਗਤਾ। ਮੇਰੇ ਹੁਕਮ ਨੂੰ ਮੂਲਤੂੰ ਨਹੀਂ ਮੰਨਦਾ ਤੇਰਾ ਦੇਖਗਾ ਰਾਮ ਨਿਹਾਰ ਭਗਤਾ। ਕਾਲਾਸਿੰਘਤੂੰ ਸ਼ਰਾਕਬੂਲਮੇਰੀ ਨਹੀਂ ਕਰੂੰਮੈ ਬਹੁਤ ਖੁਆਰਭਗ ਤਾ॥ ੨੭੩ ॥ ਬਾਬਾ ਆਖਦਾ ਕਦੇ ਨਾਂ ਧਰਮ ਛੱਡਾਂ ਕਾਹਨੂੰ ਲੱਗਾ ਤੂੰ ਜੋਰ ਲਗਾਨ ਸ਼ਾਹਾ। ਸੂਰਜ ਲਹਿੰਦਿਓਂ ਚੜ੍ਹਦੇ ਦੇ ਵੱਲ

ਆਵੇ ਪੁਠੀ ਹੋਵੇ ਜ਼ਮੀਂ ਨ ਅਸਮਾਨ ਸ਼ਾਹਾ। ਗੰਗਾ ਜਮਨ ਦ੍ਰਿਆਓ ਜੋ ਵਗਣ ਪੁਠੇ ਮੈਤਾਂ ਕਰਾਂ ਨਾ ਧਰਮ ਦੀ ਹਾਨ ਸ਼ਾਹਾ। ਕਾਲਾ ਸਿੰਘ ਤੂੰ ਆਪਣਾ ਜੋਰ ਲਾ ਲੈ ਹੋਵਾਂ ਕਦੇ ਨਾ ਮੈਂ ਮੁਸਲਮਾਨ ਸ਼ਾਹ: ॥੨੧੪॥

ਬਾਦਸ਼ਾਹ ਨੇ ਬਾਬੇ ਜੀ ਨੂੰ ਦੁਖ ਦੇਣੇ ਭਾਰੀ ਉਮਰ ਸਾਲ ੬੯

ਬਾਬਾ ਬ੍ਰਿਧ ਬਸਤਾ ਵਿਚ ਕੈਦ ਕੀਤਾ ਬਾਦਸ਼ਾਹ ਹੈ ਦੁਖ ਪੁਚਾਂਵਦਾ ਜੇ। ਕਰਾਮਾਤਾਂ ਨੂੰ ਨਹੀਂ ਦਿਖਾਲਦਾ ਜੇ ਮੁਸਲਮਾਨ ਹੋ ਜਾਹਿ ਸੁਣਾਂਵਦਾ ਜੇ। ਬਾਬਾ ਮੰਨਦਾ ਕੋਈ ਨਾ ਗੱਲ ਅੱਗੋਂ ਸ਼ਾਹ ਆਪਣਾ ਜੋਰ ਲਗਾਂਵਦਾ ਜੇ। ਕਾਜੀ ਸੱਦ ਕੇ ਸਾਹਮਣੇ ਖੜੇ ਕੀਤੇ ਫਤਵਾ ਸ਼ਰਾ ਦਾ ਫੇਰ ਲਗਾਂਵਦਾ ਜੇ। ਕਾਫਰ ਹੋਏ ਇਸ ਨੂੰ ਅੱਗ ਦੇ ਵਿਚ ਸਾੜੋ ਨਾਲੇ ਪਾਣੀ ਦੇ ਵਿਚ ਡੁਬਾਂਵਦਾ ਜੇ। ਫੇਰ ਸਿੱਟਦੇ ਚਾੜ੍ਹ ਪਹਾੜ ਉਤੋਂ ਦੁਖ ਬਾਬੇ ਦੇ ਪਾਸ ਨਾ ਆਂਵਦਾ ਜੇ। ਖੂਨੀ ਹਾਥੀ ਨੂੰ ਫੇਰ ਤਿਆਰ ਕੀਤਾ ਚੋਟਾਂ ਸੁੰਡ ਦੇ ਨਾਲ ਲਗਾਂਵਦਾ ਜੇ। ਵਾਰ ਵਾਰ ਆਖਣ ਦੀਨ ਮੰਨ ਸਾਡਾ ਬਾਬਾ ਵਾਹਿਗੁਰੂ ਨਾਮ ਧਿਆਂਵਦਾ ਜੇ। ਮੰਨੀ ਭੈ ਨਾਂ ਰਿਹਾ ਨਿਰਭੈ ਬਾਬਾ ਆਪ ਵਾਹਿਗੁਰੂ ਆਣ ਬਚਾਵੰਦਾ ਜੇ। ਬਾਦਸ਼ਾਹ ਜ਼ੁਲਮੀ ਓੜਕ ਜ਼ੁਲਮ ਕਰਦਾ ਪਾਪੀ ਪਾਪ ਦਾ ਕੇ ਨਕਸ਼ਾਂ ਰੁਲਾਂਵਦਾ ਜੇ। ਗਊ ਕੁੱਟ ਮਰਵਾ ਇਕੋ ਸਿੱਟ ਦਿਤੀ ਵੱਛਾ ਹੁਕਮਾਂ ਪਾਸ ਲਿਜਾਂਵਦਾ ਜੇ। ਬਾਦਿਸ਼ਾਹ ਕਹਿੰਦਾ ਏਹਨੂੰ ਕਰ ਜਿੰਦੀ ਨਹੀਂ ਤੁਰਕ ਹੋ ਜਾਹ ਸੁਣਾਂਵਦਾ ਜੇ। ਨਹੀਂ ਕਰੂੰ ਮੈਂ ਕਤਲ ਤਲਵਾਰ ਸੇਤੀ ਕਾਲਾ ਸਿੰਘ ਏ ਸ਼ਾਹ ਅਲਾਂਵਦਾ ਜੇ ॥ ੨੧੫ ॥

ਰਾਗ ਭੈਰੋ ਸਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੬੯

ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮਾਰੇ ਕਾਮਾ ॥ ੧ ॥ ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥ ੧ ॥ ਰਹਾਉ ॥ ਬਿਸਮਿਲਿ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥ ੨ ॥ ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥ ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥ ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥ ੫ ॥ ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥ ੬ ॥ ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥ ਪਿੰਡੁ ਪੜੈ ਤਉ ਹਰਿ ਗੁਨ ਗਾਇ ॥ ੭ ॥ ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥ ੮ ॥ ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ ਮੇਰਾ ਮਲਿਆ ਮਾਨੁ ॥ ੯ ॥

Sri Satguru Jagjit Singh Ji Elibrary NamdhariElibrary@gmail.com

ਬਾਦਿਸਾਹਬੇਨਤੀਸੁਨੇਹੁ ॥ ਨਾਮੇਸਰਭਰਿਸੋਨਾਲੇਹੁ॥੧੦॥ ਮਾਲੁਲੇਉਤਉਦੋਜਕਿਪਰਉ ॥ ਦੀਨ
ਛੋਡਿਦੁਨੀਆਕਉਭਰਉ ॥ ੧੧ ॥ ਪਾਵਹੁਬੇੜੀਹਾਥਹੁਤਾਲ ॥ ਨਾਮਾਗਾਵੈਗੁਨਗੋਪਾਲ ॥੧੨॥
ਗੰਗਜਮੁਨਜਉਉਲਟੀਬਹੈ ॥ ਤਉਨਾਮਾਹਰਿਕਰਤਾਰਹੈ ॥ ੧੩ ॥ ਸਾਤਘੜੀਜਬਬੀਤੀਸੁਣੀ ॥
ਅਜਹੁਨਆਇਓਤ੍ਰਿਭਵਣਧਣੀ ॥ ੧੪ ॥ ਪਾਖੰਤਣਬਾਜਬਜਾਇਲਾ ॥ ਗਰੁੜਚੜੇਗੋਬਿੰਦਆਇ
ਲਾ॥੧੫॥ਅਪਨੇਭਗਤਪਰਿਕੀਪ੍ਰਤਿਪਾਲ॥ ਗਰੁੜਚੜੇਆਏਗੋਪਾਲ॥੧੬॥ ਕਹਹਿਤਧਰਣਿਇ
ਕੋਡੀਕਰਉ ॥ ਕਹਹਿਤਲੇਕਰਿਊਪਰਧਰਉ ॥ ੧੭ ॥ ਕਹਹਿਤਮੂਈਗਊਦੇਉਜੀਆਇ ॥
ਸਭੁਕੋਈਦੇਖੈਪਤੀਆਇ॥੧੮॥ਨਾਮਾਪ੍ਰਣਵੈਸੇਲਮਸੇਲ॥ਗਊਦੁਹਾਈਬਛਰਾਮੇਲਿ॥੧੯॥ਦੂਧਹਿ
ਦੁਹਿਜਬਮਟੁਕੀਭਰੀ ॥ ਲੇਬਾਦਿਸਾਹਕੇਆਗੇਧਰੀ॥ ੨੦ ॥ ਬਾਦਿਸਾਹੁਮਹਲਮਹਿਜਾਇ॥ਅਉ
ਘਟਕੀਘਟਲਾਗੀਆਇ ॥ ੨੧ ॥ ਕਾਜੀਮੁਲਾਬਿਨਤੀਫੁਰਮਾਇ ॥ ਬਖਸੀਹਿੰਦੂਮੈਤੇਰੀਗਾਇ
॥ ੨੨ ॥ ਨਾਮਾਕਹੈਸੁਨਹੁਬਾਦਿਸਾਹ ॥ ਇਹੁਕਿਛੁਪਤੀਆਮੁਝੈਦਿਖਾਇ ॥ ੨੩ ॥ ਇਸਪਤੀ
ਆਕਾਇਹੈਪਰਵਾਨੁ ॥ ਸਾਚਿਸੀਲਚਾਲਹੁਸੁਲਿਤਾਨ ॥ ੨੪ ॥ ਨਾਮਦੇਉਸਭਰਹਿਆਸਮਾਇ
॥ ਮਿਲਿਹਿੰਦੂਸਭਨਾਮੇਪਹਿਜਾਹਿ॥੨੫॥ ਜਉਅਬਕੀਬਾਰਨਜੀਵੈਗਾਇ ॥ ਤਨਾਮਦੇਵਕਾਪਤੀ
ਆਜਾਇ ॥ ੨੬ ॥ ਨਾਮੇਕੀਕੀਰਤਿਰਹੀਸੰਸਾਰ ॥ ਭਗਤਜਨਾਲੇਉਧਰਿਆਪਾਰ ॥ ੨੭ ॥
ਸਗਲਕਲੇਸਨਿੰਦਕਭਇਆਖੇਦ ॥ ਨਾਮੇਨਾਰਾਇਨਨਾਹੀਭੇਦ॥ ੨੮ ॥ ੧ ॥ ੧੦ ॥੨੭੬॥

ਟੀਕਾ ਬੈਂਤ ॥ ਭੈਰੋ ਰਾਗ ਬਾਬੇ ਜੀਨੂੰ ਸ਼ਾਹ ਪੁਛੇ ਤੇਰਾ ਰਾਮ ਕੀ ਕਰੂਗਾ ਕਾਰ ਭਗਤਾ। ਨਾਮਦੇਵ ਨੂੰ ਬੰਨਿਆਂ ਬਾਦਸ਼ਾਹ ਨੇ ਦੇਖ ਆਕੇ ਛੁਡਾਊ ਕਰਤਾਰ ਭਗਤਾ। ਮਰੀ ਗਊ ਤਾਂਈ ਜਿੰਦੀ ਹੁਣੇ ਕਰਦੇ ਨਹੀਂ ਤੈਨੂੰ ਵੀ ਦੇਵਾਂਗਾ ਮਾਰ ਭਗਤਾ। ਸੀਸ ਜੁਦਾ ਤੇਰਾ ਧੜ ਜੁਦਾ ਕਰਸਾਂ ਤੇਰੇ ਕਰਾਂਗਾ ਟੋਟੇ ਮੈਂ ਚਾਰ ਭਗਤਾ ॥ ੨੧੭ ॥ ਤਥਾ ॥ ਬਾਦਸ਼ਾਹ ਨਾਂ ਐਸੀ ਹੈ ਕਦੇ ਹੁੰਦੀ ਜੇੜਾ ਰੱਬ ਭਾਣਾ ਬਰਤਾ ਦਿਤਾ। ਮਰਿਆ ਹੋਇਆ ਕਿਕਰ ਹੋਵੇ ਜੀਵ ਜਿੰਦਾ ਜੇੜਾ ਵਾਹਿਗੁਰੂ ਹੁਕਮ ਝੜਾ ਦਿਤਾ। ਮੇਰਾ ਕਰਿਆ ਵੀ ਕੁਛ ਨਹੀਂ ਹੋਂਵਦਾ ਹੈ ਕਰੇ ਰਾਮ ਸੋ ਆਖ ਸੁਨਾ ਦਿਤਾ। ਵਸ ਬਾਤ ਸਾਰੀ ਕਰਨਹਾਰ ਦੇ ਹੈ ਬਾਦਸ਼ਾਹ ਨੂੰ ਬਾਬੇ ਅਲਾ ਦਿਤਾ ॥ ੨੧੮ ॥ ਤਥਾ ॥ ਬਾਦਸ਼ਾਹ ਤਾਂਈ ਗੁਸਾ ਬਹੁਤ ਚੜਿਆ ਕਹਿਰ ਗਜਬ ਦੇ ਨਾਲ ਹੰਕਾਰ ਕਰਦਾ। ਹੁਕਮ ਆਪ ਦਿੰਦਾ ਹਾਥੀਵਾਨ ਤਾਂਈ ਖੂਨਖਾਰ ਹਸਤੀ ਛੱਟ ਤਿਆਰ ਕਰਦਾ। ਲਿਆ ਵਿਚ ਮੈਦਾਨ ਦੇ ਖੜਾ ਕੀਤਾ ਹਾਥੀ ਮਸਤਿਆ ਬੋਲ ਚਿੰਘਾਰ ਕਰਦਾ। ਅਗੇ ਬੰਨਕੇ ਬਾਬੇ ਨੂੰ ਖੜਾ ਕੀਤਾ ਬਾਬਾ ਵਾਹਿਗੁਰੂ ਨਾਮ ਉਚਾਰ ਕਰਦਾ ॥ ੨੧੯ ॥ ਤਥਾ ॥

Sri Satguru Jagjit Singh Ji Elibrary NamdhariElibrary@gmail.com

ਮਾਈ ਜਾਇਆਖੇ ਨਾਮਦੇਵਜੀ ਦੀ ਰੋਂਦੀ ਪਿੱਟਦੀਮੈਂ ਧਾਹਾਂ ਮਾਰ ਬੇਟਾ। ਰਾਮ ਛੋਡ ਖੁਦਾਇਦਾ ਨਾਮਜਪਤੂੰ ਅਖੀਂ ਦਿਸੇਂ ਵਿਚ ਮੈਨੂੰ ਸੰਸਾਰ ਬੇਟਾ। ਮੁਸਲਮਾਨ ਹੋਜਾ ਬਚੇ ਜਾਨ ਤੇਰੀ ਏਸ ਵਿਚ ਨਾਂ ਹਰਜ ਵਿਚਾਰਬੇਟਾ। ਰਾਮਛੋਡਖੁਦਾਇਦਾ ਜਾਪਕਰਤੂੰ ਤੇਨੂੰ ਆਖ ਦੀ ਮੈ ਵਾਰਵਾਰਬੇਟਾ ॥੨੮੦॥ ਤਥਾ ॥ ਬਾਬਾ ਆਖਦਾ ਆਪ ਣੀ ਮਾਂਇ ਤਾਂਈ ਚਿੱਤ ਸਮਝ ਤੂੰ ਕਰੀਂ ਵਿਚਾਰ ਮਾਏ। ਨਾਂ ਮੈਂ ਪੁਤ੍ਰ ਤੇਰਾ ਨਾ ਤੂੰ ਮਾਂਇ ਮੇਰੀ ਮੂੰਹੋਂ ਕਹਾਂ ਖੁਦਾਇ ਨਾਟਾਰਮਾਏ। ਮੇਰਾ ਜਾਇ ਸਰੀਰਤਾਂ ਜਾਣ ਦੇਵਾਂ ਕਰਾਂ ਵਾਹਿਗੁਰੂ ਨਾਮ ਉਚਾਰ ਮਾਏ। ਧਰਮ ਛੱਡਕੇ ਨਾ ਮੁਸਲਮਾਨਹੋਵਾਂ ਕਦੇ ਦਿਆਂ ਨਾਂ ਧਰਮ ਨੂੰ ਹਾਰਮਾਏ॥੨੮੧॥ ਤਥਾ ॥ ਹਾਥੀਵਾਨਨੂੰ ਬਾਦਸ਼ਾਹ ਹੁਕ ਮ ਦਿੰਦਾ ਹਾਥੀਤਾਂਈਹਥਿਵਾਨਤਿਆਰਕਰਦਾ। ਨਾਮਦੇਵਨੂੰਬੰਨ ਕੇ ਖੜਾਕੀਤਾ ਸ਼ਹਿਰ ਦੇਖਸਾਰਾ ਹਾਹਾਕਾਰ ਕਰਦਾ। ਸੁੰਡ ਨਾਲ ਹਾਥੀ ਚੋਟਾਂਮਾਰਦਾਹੈ ਬਾਬਾਵਾਹਿਗੁਰੂਨਾਮਉਚਾਰਕਰਦਾ। ਹਾਥੀ ਫੇਰਨਾ ਬਾਬੇ ਦੇ ਗਿਆ ਨੇੜੇ ਸੁੰਡ ਚੁਕਕੇ ਭੀ ਨਮਸਕਾਰ ਕਰਦਾ॥ ੨੮੨॥ ਬਾਦਸ਼ਾਹ ਹੈ ਦੇਖ ਹੈਰਾਨ ਹੋਇਆ ਕਹੇ ਭਗਤਜੀ ਮੈਨੂੰ ਮਜੂਰਕੀਤਾ। ਕਾਜੀਮੁਲਾਂ ਆਕਰਨਸਲਾਮਮੈਨੂੰ ਹਿੰਦੂ ਏਸ ਮੇਰਾ ਮਾਣਦੂਰਕੀਤਾ। ਮੈਨੂੰ ਕਰੀ ਨਾ ਭਗਤਸਲਾਮਆਕੇ ਖਾਕ ਨਾਲ ਮੇਰਾ ਮਾਣਚੂਰਕੀਤਾ। ਸਾਰੇ ਲੋਕਮੇਰੀ ਅਮਦਾਦਕਰਦੇ ਏਸਭਗ ਤ ਜੀ ਬਹੁਤ ਖਸੂਰ ਕੀਤਾ॥੨੮੩॥ ਤਥਾ ॥ ਹਿੰਦੂ ਸੇਵਕਾਂ ਆਣਕੇ ਅਰਜ ਕੀਤੀ ਸਾਡੀ ਸੁਣੀਂ ਤੂੰ ਇੱਕਪ੍ਰਕਾਰਸ਼ਾਹਾ। ਕ੍ਰਿਪਾ ਆਪਕਰਕੇ ਛੱਡੋ ਭਗਤਜੀਨੂੰ ਸਾਡੀ ਬੇਨਤੀਹੈ ਵਾਰਵਾਰ ਸ਼ਾਹਾ। ਨਾਮਦੇਵ ਦੇ ਤੋਲਦਾ ਲਵੇ ਸੋਨਾ ਦੇਈਏਚਾੜਬਰਾਬਰ ਦਾ ਭਾਰਸ਼ਾ ਹਾ। ਦਿਓ ਦੁਖਨਾਬਾਬੇਨੂੰ ਤੁਰਕ ਕਰਿਓ ਮ ਦਿਆ ਲਦਾਂ ਬੇਅੰਤ ਸ਼ੁਮਾਰਸ਼ਾਹਾ॥੨੮੪॥ ਤਥਾ ॥ਬਾਦਸ਼ਾਹਉਤ੍ਰਦਿੰਦਾਸੇਵਕਾਂਨੂੰ

ਦੌਲਤ ਲਵਾਂਤਾਂ ਦੋਜਕੀਜਾਵਸਾਂਮੈ। ਦੀਨ ਛੱਡਕੇ ਤੁਛ ਪਦਾਰਥਾਂ ਨੂੰ ਭਰਲਵਾਂਤਾਂਖੋਟਕਮਾਵਸਾਂਮੈ।ਦੀਨਸ਼ਰਾਤੋਂਨਾਂਮਾਇਆ ਵਡੀਜਾ ਣਾਂ ਨਾਮਦੇਵ ਨੂੰ ਦੀਨਮਨਾਵਸਾਂ ਮੈ । ਦਉਲਤ ਲਵਾਂਤਾਂ ਦੋਜ਼ਕਾਂ ਵਿਚਜਾਵਾਂ ਬੁਹਾਨੂੰ ਸਚਦੀ ਬਾਤ ਸੁਣਾਵਸਾਂਮੈ ॥ ੨੮੫ ॥ ਤਥਾ ॥ ਬਾਬਾ ਕਹੈ ਮੈਂ ਬੰਨਿਆਂ ਬਾਦਸ਼ਾਹਨੇ ਸਾਰੀਕਚੀਸੀ ਏਹੋ ਜੋ ਕਾਰ ਸੰਤੋ। ਪੈਰੀਂ ਬੇੜੀਆਂ ਹਥੀਂ ਘਰੇਟਲਾਏ ਕੀਤਾ ਕੈਦਮੈ ਵਿਚਲਚਾ ਰਸੰਤੋ। ਛੈਣੇਂ ਉਹਨਾਂ ਦੇ ਮੈਂ ਬਜਾਉਣ ਲੱਗਾ ਗਾਵਾਂ ਸ਼ਬਦ ਕਰ ਤਾਰ ਕਰਤਾਰ ਸੰਤੋ । ਗਾਵਾਂ ਵਾਹਿਗੁਰੂ ਦੇ ਗੁਣ ਦਿਨੇ ਰਾਤੀ ਚਰਨ ਤੋੜ ਲੱਗੀ ਸੁਰਤਿ ਤਾਰ ਸੰਤੋ ॥ ੨੮੬ ॥

ਤੁਥਾ ॥ ਬਾਦਸ਼ਾਹ ਹੰਕਾਰਦੇ ਨਾਲ ਆਖੇ ਮੇਰੀ ਗੱਲਨੂੰ ਕਦੇ ਨਾ ਭੁਲ ਭਗਤਾ। ਦੁਖ ਦਿਆਂ ਮੈ ਸਿਰੋਂ ਪਰੰਦ ਤੈਨੂੰ ਜੇ ਤੂੰ ਕਰੇਂ ਨਾ ਦੀਨ ਕਬੂਲ ਭਗਤਾ। ਜਾਂਤੇਕਰੇਮਰੀਹੋਈਗਊਜਿੰਦੀਕਾਂਤੇ ਕਹੇਂ ਗਾ ਨਬੀ ਰਸੂਲਭਗਤਾ। ਦੋਹਾਂਬਾਤਾਂਤੇ ਇਕ ਮਨਜੂਰਕਰਲੈਜਣੀ ਸਾਰਿਆਂਦੀ ਹੱਦਮੂਲਭਗਤਾ ॥ ੨੮੭ ॥ ਤਥਾ ॥ ਬਾਬਾ ਆਖ ਦਾ ਹੈ ਬਾਦਸ਼ਾਹ ਤਾਂਈ ਤੇਰਾ ਹੋਵਾਂ ਨਾਂ ਕਦੇ ਅਧੀਨਸ਼ਾਹਾ। ਗੰਗਾ ਜਮਨਾ ਜੋ ਹੈਨ ਦਿਆਉ ਸਾਰੇ ਉਲਟ ਨੀਰਚਲੇ ਚੜ੍ਹਦੀ ਸੀਨ ਸ਼ਾਹਾ।ਸੂਰਜਲੈਹਦਿਓਂ ਜੇਚੜ੍ਹਦੀਤਰਫਜਾਵੇਮੈਂਭੀਕਰਾਂਕਬੂਲਨਾਂ ਦੀਨ ਸ਼ਾਹਾ। ਰਾਮਨਾਮਦਾ ਜਾਪ ਨਾਕਦੇ ਛੱਡਾਂ ਤੈਨੂੰ ਕਹਾਂ ਮੈਂ ਨਾਲ ਯਕੀਨ ਸ਼ਾਹਾ ॥ ੨੮੮ ॥ ਤਥਾ ॥ ਬਾਬਾ ਆਖ ਦਾ ਜਦੋਂ ਮੈਂ ਕਸ਼ਟਝੱਲੇ ਘੜੀਆਂ ਬੀਤੀਆਂ ਸੱਤ ਉਖਾਲ ਸੰਤੋ। ਮੇਰੇ ਚਿੱਤਦ ਵਿਚ ਪ੍ਰੇਮ ਹੋਇਆ ਮੈਨੂੰ ਉਪਜਿਆ ਏਹੋ ਖਿਆਲ ਸੰਤੋ। ਮੇਰੀ ਰਖਿਆਵਾਸਤੇ ਨਹੀਂਆਏ ਤਿੰਨਾਂ ਲੋਕਾਂਦੇ ਧਨੀ ਅ ਕਾਲ ਸੰਤੋ। ਬਾਜਾ ਬੱਜਿਆ ਛੈਗਾਂਦੀ ਗੂੰਜ ਪੈਗਈ ਗਰੜ ਉਤੇ ਚੜ੍ਹ ਆਏ ਗੋਪਾਲ ਸੰਤੋ। ਕ੍ਰਿਪਾ ਕਰੀ ਮੇਰੇ ਉਤੇ ਵਾਹਗੁਰੂ

ਨੇ ਕਰੀ ਆਨ ਮੇਰੀ ਪ੍ਰਿਤਪਾਲ ਸੰਤੋ । ਗਰੁੜ ਉਪਰ ਚੜ੍ਹ ਆਪ ਅਕਾਲ ਆਇਆ ਓਦੀ ਜੋਤ ਜੋ ਦੀਨ ਦਿਆਲ ਸੰਤੋ ॥ ਤਬਾ ॥ ਆਕੇ ਰੱਬ ਆਖੇ ਨਾਮਦੇਵ ਜੀ ਨੂੰ ਮੈਨੂੰ ਆਖ ਤੂੰ ਕੋਈ ਸੁਵਾਲ ਭਗਤਾ। ਜੇਤੂੰ ਕਹੇਂ ਸਾਰੀ ਧਰਤ ਕਰਾਂ ਟੇਢੀ ਪਾਵਾਂ ਕੂਲ ਦੇ ਵਿਚ ਭੁਚਾਲ ਭਗਤਾ। ਜੇਤੂੰ ਕਹੇਂ ਮੈਂ ਹੱਥ ਦੇਵਿਚ ਲੈਕੇ ਸਿਰ ਏਸ ਦੇ ਧਰਾਂ ਕਪਾਲ ਭਗਤਾ। ਜੇਤੂੰ ਕਹੇਂ ਮਰੀਗਊ ਕਰਾਂ ਜਿੰਦੀ ਸਾਰੇ ਭਵਨ ਗੋਲੋਕ ਖਿਆਲ ਭਗਤਾ। ਆਵੇ ਸਰਬ ਦੇ ਤਾਂਈਂ ਯਕੀਨ ਚੰਗਾ ਸਾਰੇ ਜਪਣ ਅਕਾਲ ਅਕਾਲ ਭਗਤਾ। ਭਗਤ ਜਨਾਂ ਨੂੰ ਕੋਈ ਨਾ ਦੁਖ ਦੇਵੇ ਨਾਮ ਜਪਣਗੇ ਹੋਇ ਨਿਹਾਲ ਭਗਤਾ ॥ ੨੯੦ ॥ ਤਬਾ ॥ ਬਾਬਾ ਆਖਦਾ ਕਿਹਾ ਮੈ ਵਾਹਿਗੁਰੂ ਨੂੰ ਮਰੀਗਊ ਕਰਦੇ ਜਿੰਦੀ ਤਿਆਰ ਸਤਿਗੁਰ। ਮਰੀਗਊ ਜੀਊਂਦੀ ਕਰੀ ਵਾਹਿਗੁਰੂ ਨੇ ਜੇੜ੍ਹਾ ਆਪ ਹੈਸੀ ਕਰਨਹਾਰ ਸਤਿਗੁਰ। ਬਾਬੇ ਛੱਡਿ ਵੱਛਾ ਥਾਪੀ ਲਾਇ ਚੋਈ ਦੁਧ ਕੱਢਿਆ ਥਣ ਬਟਾਰ ਸਤਿਗੁਰ। ਡੋਂਗੀ ਦੁਧ ਦੇ ਨਾਲ ਸੀ ਭਰੀ ਹੋਈ ਰੱਖੀ ਬਾਦਸ਼ਾਹ ਦੇ ਅੱਗੇ ਰਖਾਰ ਸਤਿਗੁਰ॥ ਤਬਾ ॥ ਬਾਦਸ਼ਾਹ ਚਲਿਆ ਗਿਆ ਵਿਚ ਮਹਲਾਂ ਹੋਇ ਗਿਆ ਸੀ ਸਖਤ ਬੀਮਾਰ ਲੋਕ। ਅਉਖੀ ਘੜੀ ਸੂ ਓਸਨੂੰ ਆਣ ਲਗੀ ਸੂਲ ਪੇਟ ਵਿਚ ਹੋਇਆ ਅਪਾਰ ਲੋਕੋ। ਕਾਜੀ ਮੌਲਵੀ ਬਾਦਸ਼ਾਹ ਕਰੇ ਕਠੇ ਕੀਤੀ ਬੈਠ ਸਲਾਹ ਵਿਚਾਰ ਲੋਕੋ। ਨਾਮਦੇਵ ਜੀਤੋਂ ਬਖਸ਼ਾਓ ਮੈਨੂੰ ਮੇਰਾ ਹਟੇ ਏ ਦੁਖ ਅਜਾਰ ਲੋਕੋ। ਹੱਥ ਜੋੜ ਕੇ ਤੇ ਸਾਰੇ ਖੜੇ ਹੋਇ ਕਰਨ ਬੇਨਤੀ ਅਰਜ਼ ਗੁਜਾਰ ਲੋਕੋ। ਹਿੰਦੂ ਬਖਸ਼ ਬਾਬਾ ਤੇਰੀ ਗਊ ਹਾਂ ਮੈਂ ਮੈਨੂੰ ਬਖਸ਼ ਆਖੇ ਕ੍ਰਿਪਾ ਧਾਰ ਲੋਕੋ ॥ ੨੯੨ ॥ ਤਬਾ ॥ ਬਾਬਾ ਆਖਦਾ ਹੈ ਬਾਦਸ਼ਾਹ ਤਾਂਈਂ ਜੋ ਕੁਝ ਦੇਖਿਆ ਤੁਸੀਂ ਨਿਹਾਰ ਸ਼ਾਹਾ। ਜੇੜ੍ਹਾ ਤੈਨੂੰ ਏਹ ਪਰਚਾ ਦਿਖਾਇਆ ਹੈ ਤੇਰੇ ਕਰਮ ਦਾ ਫਲ ਵਿਚਾਰ ਸ਼ਾਹਾ। ਏਸ

Sri Satguru Jagjit Singh Ji Elibrary NamdhariElibrary@gmail.com

ਪਤੇ ਦਾ ਹੈ ਤਾਤਪਰਜ ਏਹੋ ਸਚੇ ਸੀਲਤਾ ਦੇ ਕਰੋ ਕਾਰ ਸ਼ਾਹਾ। ਸਤ ਸੰਤੋਖ ਤੇ ਦਯਾ ਜੋ ਧਰਮ ਕਰਨਾ ਦੇਓ ਕਿਸੇ ਨੂੰ ਦੁਖ ਨਾ ਮਾਰ ਸ਼ਾਹਾ। ਛਡ ਦਈਂ ਤਕਬਰੀ ਨਾਮ ਜਪ ਤੂੰ ਜੇੜਾ ਵਾਹਿਗੁਰੂ ਹੈ ਕਰਨ ਹਾਰ ਸ਼ਾਹਾ। ਬਾਦਸ਼ਾਹ ਅਧੀਨ ਹੋ ਡਿਗਾ ਚਰਨੀ ਬਾਬਾ ਆਖਦਾ ਜਪੀਂ ਕਰਤਾਰ ਸ਼ਾਹ। ॥ ੨੯੨ ॥ ਤਬਾ ॥ ਸਾਰੇ ਦੇਸ਼ਦੇ ਲੋਕ ਨੇ ਸਿਫਤ ਕਰਦੇ ਜਸ ਫੈਲਿਆ ਅਪਰ ਅਪਾਰ ਵੀਰੋ। ਹਿੰਦੂ ਮਿਲੇ ਸੇਵਕ ਬਾਬੇ ਪਾਸ ਆਏ ਸਾਰੇ ਲਗੇ ਨੇ ਕਰਨ ਪਜਾਰ ਵੀਰੋ। ਆਪਸ ਵਿਚ ਕਈ ਲੋਕ ਕਰਨ ਗੱਲਾਂ ਜੇਕਰ ਗਊ ਨਾਂ ਜੀਂਵਦੀ ਤਿਆਰ ਵੀਰੋ। ਮਰੀ ਪਈ ਰਹਿੰਦੀ ਹੁੰਦੀ ਜੀਂਵਦੀ ਨਾ ਸਾਰਾ ਵੇਖ ਲੈਂਦਾ ਸੰਸਾਰ ਵੀਰੋ। ਪਰਚਾ ਬਣਿਆ ਹੋਇਆ ਨਾਮ ਦੇਵ ਜੀਦਾ ਚਲਿਆ ਸਰਬ ਜਾਂਦਾ ਇਕੋ ਵਾਰ ਵੀਰੋ। ਭਗਤੀ ਜਸ ਸਾਰੇ ਸੰਸਾਰ ਅੰਦਰ ਰਿਹਾ ਫੈਲ ਹੈ ਅਪਰ ਅਪਾਰ ਵੀਰੋ। ਵਾਹਿਗੁਰੂ ਦਾ ਨਾਮ ਦ੍ਰੜਾਇਕੇ ਤੇ ਬਾਬੇ ਭਗਤ ਜਨਾਂ ਵੀ ਦਿਤੇ ਤਾਰ ਵੀਰੋ। ਸਾਗਰ ਏਸ ਸੰਸਾਰ ਦੇ ਦੁਖ ਕਲੋਂ ਬਾਬੇ ਦਿਤੇ ਸੇ ਪਾਰ ਉਤਾਰ ਵੀਰੋ। ਬਾਦਸ਼ਾਹ ਤੇ ਕਾਜ਼ੀਆਂ ਕਸ਼ਟ ਪਾਏ ਪਈ ਨਿੰਦਕਾਂ ਦੇ ਸਿਰ ਛਾਰ ਵੀਰੋ। ਨਾਮਦੇਵ ਜੀਤੇ ਸਚੇ ਵਾਹਿਗੁਰੂ ਦਾ ਆਪਸ ਵਿਚ ਨਾ ਭੇਦ ਵਿਚਾਰ ਵੀਰੋ। ਕਾਲਾ ਸਿੰਘ ਸਾਰੇ ਲੋਕਾਂਜਾਣਿਆਹੈਬਾਬਾਆਪਕਰਤਾਕਰਨਕਾਰ ਵੀਰੋ ॥ ੨੯੪ ॥

ਵਾਕ ਕਵੀ ਉਮਰ ਸਾਲ ੬੯

ਬਾਦਸ਼ਾਹ ਨੇ ਬਾਬੇ ਨੂੰ ਦੁਖ ਦਿਤੇ ਕਈ ਤਰਾਂ ਦੇ ਲਵੇ ਵਿਚਾਰ ਲੋਕੋ। ਹਥੀਂ ਕੜੀਆਂ ਤੇ ਬੇੜੀਆਂ ਲਾਇ ਪੈਰੀਂ ਮੁਸ਼ਕਾਂ ਦੇ ਕੀਤੇ ਦੁਖਿਆਰ ਲੋਕੋ। ਡੂੰਘੇ ਵਿਚ ਪਾਣੀ ਜ਼ਾਲਮ ਡੋਬਦੇ ਸੇ ਸਿਟਕ ਪਰਵਤੋਂ ਫੇਰ ਉਭਾਰ ਲੋਕੋ। ਅਗ ਵਿਚ ਬਾਬੇ ਤਾਂਈਂ ਸਾੜਦੇ ਸੇ ਦਿੰਦੇ ਕਸ਼ਟ ਭਾਰੇ ਜ਼ੁਲਮਦਾਰ ਲੋਕੋ। ਖੂੰਨੀ ਹਾਥੀਦੇ ਅਗੇ ਸਿਟ

ਇ ਦਿਤੇ ਸੁੰਡ ਨਾਲ ਮਰਵਉਨ ਮਕਾਰ ਲੋਕੋ। ਦੁਖ ਦੇਣ ਭਾਰੇ ਆਖਣ ਤੁਰਕ ਬਣਜਾ ਇਹੋ ਪੁਛਦੇ ਸੇ ਵਾਰ ਵਾਰ ਲੋਕੋ। ਬਾਬੇ ਗਜਕੇ ਤੇ ਉਤ੍ਹ ਕਈ ਦਿਤੇ ਤੁਰਕ ਹੋਇ ਸੇ ਬਹੁਤ ਲਚਾਰ ਲੋਕੋ। ਗੰਗਾ ਜਮਨਾਂ ਜੇ ਉਲਟ ਦ੍ਰਿਆਓ ਵੱਗਣ ਸੂਰਜ ਲਹਿਦਿਓਂ ਚੜੇ ਹੋ ਤਿਆਰ ਲੋਕੋ। ਬਾਬਾ ਕਹੇ ਮੈਂ ਕਦੇ ਨਾ ਤੁਰਕ ਹੋਵਾਂ ਕਦੇ ਕਰਾਂ ਨਾਂ ਧਰਮਦੀ ਹਾਰਲੋਕੋ। ਕਾਲਾਸਿੰਘ ਬਾਬੇ ਬਹੁਤ ਕਸ਼ਟ ਝੱਲੇ ਦਿਤੇ ਬਾਮਣਾਂਦੁਖ ਅਪਾਰਲੋਕੋ॥ ੨੯੫ ॥ ਤਥਾ॥ ਧਰਮ ਪਾਲਣ ਵਾਲੇ ਸਿੰਘ ਕਈ ਸਿਦਕੀ ਧਰਮ ਆਪਣੇ ਉਤੇ ਕੁਰਵਾਨਹੋਇ। ਤਾਰੂਸਿੰਘ ਭਾਈ ਮਨੀ ਸਿੰਘ ਜੇਹੇ ਖੋਪਰ ਅੰਗ ਕਟਾਇਕੁਰਵਾਨ ਹੋਏ।ਵਿਚਕੋਟਲੇ ਤੋਪਦੇਉਡੇਮੂਰੇਅੱਸੀ ਸਿੰਘਸ਼ਗੀਦ ਜੁਆਨਹੋਏ। ਸਿੰਘਗੁਰੂਦੇ ਬਹੁਤ ਸ਼ਹੀਦਹੋਇ ਕਾਲਾਸਿੰਘਲਾ ਕੁਝ ਵਿਆਨਹੋਏ॥ ੨੯੬ ॥ ਤਥਾ ॥ ਓਸਸਮੇ ਅੰਦ੍ਰ ਨਾਮਦੇਵ ਜੀਨੇ ਅਨਕ ਤਰਾਂਦੇ ਝੱਲੇਸੇ ਦੁਖਪਿਆਰੇ। ਓਸ ਦੇਸ ਦੀਆਂ ਦਸ ਣ ਤਵਾਰੀਖਾਂ ਕਹੇ ਗੁਰੂਗ੍ਰੰਥ ਦੀ ਤੁਖ ਪਿਆਰੇ। ਬਾਬੇ ਪਾਸ ਕੋਈ ਐਸੀ ਫੌਜ ਨਾਸੀ ਜੋੜੀ ਆਂਨਕੇ ਤੇ ਦੇਵੇ ਸੁਖਪਿਆਰੇ। ਓਸੇ ਦੇਸ ਵਿਚ ਬਾਬਾ ਕੁਰਵਾਨ ਹੋਇਆ ਖੜਾ ਧਰਮ ਉਤੇ ਮਾਂਗੂ ਰੁਖ ਪਿ- ਆਰੇ। ਓਸ ਦੇਸ ਦੇ ਵਿਚ ਨਾ ਕਦੇ ਹੋਇਆ ਕੁਰਵਾਨ ਸੀ ਕੋਈ ਮਨੁਖਪਜਾਰੇ। ਜਿਸਤੋਂ ਸਿਖਜਾ ਬਾਬੇਨੂੰ ਮਿਲੀਹੋਵੇ ਕਹੇ ਆਦਮੀ ਨਾਲ ਜੋ ਮੁਖਪਿਆਰੇ। ਦਿੜਤਾ ਬਾਬੇਦੀ ਉਪਰਸੀ ਵਾਹਿਗੁਰੂ ਦੇ ਜੋੜਾ ਆਪ ਅਕਾਲ ਪੁਰਖ ਪਿਆਰੇ। ਮੈਹਰਾਸ਼ਟਰ ਸਾਰੇ ਵਿਚ ਖਬਰ ਹੋਈ ਆਖਣ ਧੰਨਬਾਬੇ ਮਾਂਦੀ ਕੁਖ ਪਿਆਰੇ। ਕਾਲਾਸਿੰਘ ਕੁਰਵਾਨੀਦੀ ਖਬਰ ਸੁਣਕੇ ਮੁਰਦੇ ਜਾਗੇ ਸਰੀਰ ਮਨੁਖ ਪਜਾਰੇ॥ ੨੯੭ ॥ ਤਥਾ ॥ ਮਹੰਮਦ ਤੁਗਲਕ ਦੇਸ਼ਨੂੰ ਜਿਤਿਆਸੀ ਓਹਦਾ ਕਿਸੇਨੇ ਮੂੰਹਨਾਂ ਮੋੜਿਆਸੀ। ਲੋਕਾਂ ਬਾਬੇਦਾਹੋਣਾ ਕੁਰਵਾਨ ਸੁਣਿ

Sri Satguru Jagjit Singh Ji Elibrary NamdhariElibrary@gmail.com

ਆਂ ਪੈਗਈ ਜਾਨ ਸਭਨੇ ਚੰਗਾ ਲੋੜਿਆ ਸੀ। ਤੁਰਕਾਂ ਨਾਲ ਲੜ ਮਰਨਨੂੰ ਤਿਆਰ ਹੋਗਏ ਦੇਸ਼ ਰੱਖਿਆ ਨੂੰ ਜੋੜ ਜੋੜਿਆਸੀ। ਜੋਸ਼ ਵਿਚ ਹਦੋਂ ਪਰੇ ਜ਼ੋਰ ਭਰਿਆ ਕਈਆਂ ਹੋਣ ਕੁਰਬਾਨਵੀ ਲੋੜਿਆਸੀ। ਕਈ ਹੋਏ ਸ਼ਹੀਦ ਸੁਦੇਸ ਖਾਤ੍ਰ ਤੁਰਕ ਨੇ ਬੂਦੇ ਮਾਂਗ ਨਿਚੋੜਿਆਸੀ। ਥੋੜੇ ਦਿਨਾਂ ਪਿੱਛੇ ਸਿਟਾ ਨਿਕਲਿਆ ਕੀ ਬਾਬੇ ਧਰਮ ਤੋਂ ਮੁਖ ਨਾ ਮੋੜਿਆਸੀ। ਝਲੇ ਕਸ਼ਟ ਬੇਅੰਤ ਸਰੀਰ ਉਤੇ ਬਾਬੇ ਰਾਮ ਿਤੀ ਚਿੱਤ ਜੋੜਿਆਸੀ। ਕਰਤੇ ਪੁਰਖ ਸਹਾਇਤਾ ਕਰੀ ਆਕੇ ਚਾਹੇ ਬਾਬੇ ਨੂੰ ਨਾਹਿ ਵਿਛੋੜਿਆ ਸੀ। ਸ਼ਕਤੀ ਆਪਣੀ ਸੇ ਗਊ ਕਰੀ ਜਾਉਂਦੀ ਬੰਧਨ ਭਗਤ ਦਾ ਵਾਹਿਗੁਰੂ ਤੋੜਿਆ ਸੀ। ਕਾਲਾ ਸਿੰਘ ਖੁਸ਼ੀ ਹੋਕ ਸ਼ਬਦ ਪੜ੍ਹ ਦਾ ਬਾਬੇ ਚਿੱਤ ਸਤਿਗੁਰ ਸੇਤੀ ਜੋੜਿਆ ਸੀ ॥ ੨੯੮ ॥

ਰਾਗ ਮਾਰੂ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੬੯

ਚਾਰਿਮੁਕਤਿਚਾਰੈਸਿਧਿਮਿਲਿਕੈਦੂਲਹਪ੍ਰਭਕੀਸਰਨਿਪਰਿਓ ॥ ਮੁਕਤਿਭਇਓਚਉਹੂੰਜੁਗਜਾਨਿਓਜਸੁਕੀਰਤਿਮਾਥੈਛਤ੍ਰੁਧਰਿਓ॥ ੧ ॥ਰਾਜਾਰਾਮਜਪਤਕੋਕੋਨਤਰਿਓ॥ਗੁਰਉਪਦੇਸਿਸਾਧਕੀਸੰਗਤਿਭਗਤੁਭਗਤੁਤਾਕੋਨਾਮਪਰਿਓ ॥ ੧ ॥ ਰਹਾਉ ॥ ਸੰਖਚਕ੍ਰਮਾਲਾਤਿਲਕੁਬਿਰਾਜਤਦੇਖਿਪ੍ਰਤਾਪੁਜਮੁਡਰਿਓ ॥ ਨਿਰਭਉਭਏਰਾਮਬਲਗਰਜਿਤਜਨਮਮਰਨਸੰਤਾਪਹਿਰਿਓ ॥ ੨ ॥ ਅੰਬਰੀਕਕਉਦੀਓਅਭੈਪਦੁਰਾਜੁਭਭੀਖਨਅਧਿਕਕਰਿਓ ॥ ਨਉਨਿਧਿਠਾਕੁਰਿਦਈਸੁਦਾਮੈਧ੍ਰੂਅਅਟਲੁਅਜਹੂਨਟਰਿਓ ॥ ੩ ॥ ਭਗਤਹੇਤਿਮਾਰਿਓਹਰਨਾਖਸੁਨਰਸਿੰਘਰੂਪਹੋਇਦੇਹਧਰਿਓ ॥ ਨਾਮਾਕਹੈਭਗਤਿਬਸਿਕੇਸਵਅਜਹੂੰਬਲਿਕੇਦੁਆਰਖਰੋ ॥ ੪ ॥ ੧ ॥ ੨੯੯ ॥

ਟੀਕਾ ਬੈਂਤ ॥ ਮਾਰੂ ਰਾਗ ਅੰਦ੍ਰ ਮੁੱਖਵਾਕ ਆਖੇ ਬਾਬੇ ਬਾਣੀਆਂ ਸੱਚ ਉਚਾਰੀਆਂ ਨੇ। ਚਾਰੇ ਮੁਕਤੀਆਂ ਸਿੱਧੀਆਂ ਚਾਰ ਮਿਲਕੇ ਸ਼ਰਨ ਰੱਬਦੇ ਬੂਹੇ ਪੁਕਾਰੀਆਂ ਨੇ। ਮੁਕਤਿ ਭਏ ਚਉਹਾਂ ਜੁਗਾਂ ਵਿਚ ਜਾਣੋਂ ਨਾਮੁ ਜਪਣ ਦੀਆਂ ਧਾਰਨਾਂ ਧਾਰੀਆਂ ਨੇ। ਮੱਥੇ ਛਤ੍ਰ ਧਰਿਆ ਨਾਮ ਜਪਣ ਲੱਗੇ ਜਿਵੇਂ ਜਾਪੁ ਕੀਤੇ ਨਾਮ ਧਾਰੀਆਂ ਨੇ। ਰਾਮ ਨਾਮ ਜਪਕੇ ਕੌਣ ਕੌਣ ਤਰਿਆ ਸਰਬ੍ਰ ਤਰੇ ਲਾਂਈਆਂ ਜਿਨਾਂ ਤਾਰੀਆਂ ਨੇ। ਭਜਨ ਗੁਰੂ ਤੋਂ ਪੁਛਕੇ

Sri Satguru Jagjit Singh Ji Elibrary NamdhariElibrary@gmail.com

ਨਾਮ ਜਪਿਆ ਚਿੱਤ ਬਾਣੀਆਂ ਬੈਠ ਵਿਚਾਰੀਆਂ ਨੇ। ਭਜਨ ਸੰਤ ਸੰਗਤ ਵਿਚ ਬੈਠ ਕੀਤਾ ਦਿਲੋਂ ਦੂਰ ਸਭ ਆਲਸਾ ਟਾਰੀਆਂ ਨੇ। ਭਗਤ ਭਗਤ ਤਾਂਕਾ ਜਗਤ ਨਾਮ ਆਖੇ ਭਗਤ ਕਹਿੰਦੀਆਂ ਸੰਗ ਤਾਂ ਸਾਰੀਆਂਨੇ। ਸੰਖ ਤਿਲਕ ਚੱਕਰ ਸਜੇ ਸੀਸਉਪਰ ਮਾਲਾ ਉਨਦੀ ਗਲੀਂ ਪਸਾਰੀਆਂਨੇ। ਭਗਤਾਂ ਦੀਆਂ ਨਿਸ਼ਾਨੀਆਂ ਵੇਖ ਕਰ ਕੇ ਜਮ ਡਰੇ ਮਾਰੇ ਕਲ ਕਾਲੀਆਂਨੇ। ਭਗਤਨ ਮਵੇ ਜੋਰਤੇ ਗੱਜਦੇ ਨੇ ਜਨਮ ਮਰਨ ਫਾਸਾਂ ਦੂਰ ਡਾਰੀਆਂਨੇ ॥ ੩੦੦ ॥ ਤਥਾ ॥

ਉਸ ਵਾਹਿਗੁਰੂ ਦੀ ਭਜਨ ਭਗਤ ਸੇਤੀ ਅੰਬਰੀਕ ਅਭੈ ਪਦ ਪਾ ਦਿੱਤਾ। ਭਭੀਖਣ ਭਗਤਜੀਨੇ ਬਹੁਤ ਰਾਜ ਕੀਤਾ ਨੌਨਿਧੀਸੁਦਾਮਾ ਬਣਾਦਿਤਾ। ਧ੍ਰ ਅਟੱਲ ਖੜਾ ਜਗਾ ਆਪਣੀਤੇ ਇਕੋ ਬਾਂਇ ਅਕਾਲ ਘੜਾਦਿਤਾ। ਉਸ ਰਾਮਦੇ ਭਜਨ ਪ੍ਰਤਾਪ ਕਰਕੇ ਭਗਤ ਆਣ ਪ੍ਰਹਿਲਾਦ ਬਚਾ ਦਿਤਾ। ਮਾਰ ਦਿਤਾ ਹਰਨਾਕਸ਼ ਨੂੰ ਬਖਤ ਉਸੇ ਸ਼ਕਤੀਨਾਲ ਨਰਸਿੰਘ ਬਣਾਦਿੱਤਾ। ਬਾਬਾਕਹੇ ਭਗਤਾਂ ਵੱਧ ਵਾਹਿਗੁਰੂਹੇ ਬਲਰਾਜਾਦੇ ਬੂਹੇ ਘੜਾਦਿਤਾ। ਹਰ ਜਗਾ ਸਹਾਇਤਾ ਕਰੇ ਸਭਦੀ ਹੁਣ ਤੱਕ ਹੈ ਠੀਕ ਅਜਮਾਦਿਤਾ ॥ ੩੦੧ ॥

ਬਾਦਸ਼ਾਹ ਨੇ ਬਾਬੇ ਜੀਨੂੰ ਸੋਹਜਾ ਭੇਟਾ ਕਰਨੀ ਉਮਰ ਸਾਲ ੬੯

ਨਾਮਦੇਵਜੀਨੇ ਗਊ ਕਰੀਜੀਉਂਦੀ ਸ਼ਕਤੀ ਵਾਹਿਗੁਰੂਦੀ ਬਰਤੀ ਆਨ ਪਿਆਰੇ। ਦੇਖ ਲਿਆ ਪ੍ਰਤਾਪਸੂ ਬਾਦਸ਼ਾਹਨੇ ਚਰਨੀ ਢੇ ਪਿਆਸੀ ਮੁਸਲਮਾਨ ਪਿਆਰੇ। ਹੋਕੇ ਬਹੁਤ ਅਧੀਨਸੂ ਅਰਜ਼ ਕੀਤੀ ਮੈਨੂੰਬਖਸ਼ ਦੇਵੇ ਮੇਹਰਵਾਨ ਪਿਆਰੇ। ਖੁਸ਼ੀ ਹੋਇ ਬਾਬੇ ਉਪਦੇਸ਼ਕੀਤਾ ਬ੍ਰਹਮ ਗਿਆਨ ਅੰਦ੍ਰ ਆਲੀਸ਼ਾਨ ਪਿਆਰੇ। ਬਾਦਿਸ਼ਾਹ ਬਾਬੇ ਤਾਂਈਂ ਭੇਟ ਦਿੰਦਾ ਦੌਲਤ ਲੀੜੇ ਦੁਸ਼ਾਲੇ ਮਹਾਨ ਪਿਆਰੇ।ਨਾਮਦੇਵ ਆਖੇ ਸਾਡੇ ਕੰਮਨਾਂਹੀਸ਼ਾਹਕਹੇ ਕਰਭੇਟ ਪ੍ਰਮਾਨ ਪਿਆਰੇ। ਬਾਬੇ ਜਦੋਂ ਗਰੀਬਾਂਨੂੰ ਬੰਡ ਦਿਤਾ ਬਾਦਸ਼ਾਹ ਹੋਗਿਆ

Sri Satguru Jagjit Singh Ji Elibrary NamdhariElibrary@gmail.com

ਹੈਰਾਨਪਿਆਰੇ। ਸ਼ਾਹ ਅਰਜ ਕਰਦਾ ਨਾਮਦੇਵ ਅਗੇ ਦਾਸ ਵਲੋਂ ਇਹੋ ਫਰਮਾਨ ਪਿਆਰੇ। ਕੋਈ ਚੀਜ ਮੇਰੀ ਅੰਗੀਕਾਰ ਕਰਿਓ ਬਾਦਸ਼ਾਹ ਏਹ ਕਹੇਬਖਾਨਪਿਆਰੇ। ਇਕ ਛੇਜ ਦੁਸ਼ਾਲਾ ਸੀ ਭੇਟ ਕੀਤਾ ਬਾਬੇ ਕਰਕਿਆਸੀ ਪ੍ਰਮਾਨ ਪਿਆਰੇ। ਬਾਬਾ ਆਉਣ ਚਾਹੇ ਨੱਗਰ ਆਪਣੇ ਨੂੰ ਬਾਦਸ਼ਾਹਨੇ ਸੁਣੀ ਜੁਵਾਨ ਪਿਆਰੇ। ਬਾਦਸ਼ਾਹਿ ਨੌਕਰ ਕਈ ਨਾਲ ਦਿਤੇ ਨਾਮਦੇਵਜੀਨੇ ਕੀਤਾ ਪਿਆਨ ਪਿਆਰੇ।ਬਾਦਸ਼ਾਹ ਦੇ ਪਾਸਤੋਂ ਵਿਦਾ ਹੋਕੇ ਕਾਲਾ ਸਿੰਘ ਹੋਗਏ ਰਮਾਨ ਪਿਆਰੇ॥ ੩੦੨ ॥

ਸ੍ਰੀ ਨਾਮਦੇਵ ਜੀਨੇ ਬਾਦਸ਼ਾਹ ਦੀ ਸੇਜ ਨਦੀ ਵਿਚ ਸਿਟ ਦੇਣੀ ਉਮਰ ਸਾਲ ੬੯

ਕਈ ਲੱਖ ਰੁਪੱਯੇਦੀਛੇਜ ਹੈਸੀ ਜੋੜੀਕਰੀਬ ਦੇਅੰਗੀਕਾਰਆਹਾ। ਬਾਦਸ਼ਾਹਦੇ ਪਾਸਤੋਂ ਵਿਦਾਹੋਕੇ ਕੰਢੇ ਨਦੀ ਬੈਠੇ ਉਸੇ ਵਾਰਆਹਾ। ਠਹਿਰ ਗਏ ਸਭ ਲੋਕਾਂ ਅਰਾਮਪਾਇਆ ਬਾਬਾ ਵਿਚ ਪ੍ਰੇਮ ਅਪਾਰ ਆਹਾ। ਬਾਦਸ਼ਾਹ ਦਿਤੇ ਜੋੜੇ ਨਾਲ ਨੌਕਰ ਬਾਬਾ ਉਨਾਂਨੂੰ ਕਹੇ ਪੁਕਾਰਆਹਾ। ਇਸ ਛੇਜਨੂੰ ਨਦੀਦੇ ਵਿਚਸੁਟੋ ਸੁਣਕੇ ਨੌਕਰ ਦੀਹੋਇਲਚਾਰਆਹਾ।ਉਨਾਂਆਖਿਆਲੱਖਾਂਦੀ ਸੇਜ ਬਾਬਾ ਕਾਹਨੂੰ ਸਿੱਟਣੀਨਦੀਵਿਚਕਾਰਆਹਾ। ਬਾਬਾਆਖਦਾਸਤੈਨਾ ਕੰਮ ਭਾਈ ਹੈਸੀ ਦੁਖਾਂਦਾਰੂਪਵਿਸੀਆਰਆਹਾ।ਬਾਬੇ ਆਪਲੈਲਈਸੇਜਨੌਕਰਾਂ ਤੋਂਡੂੰਘੀਨਦੀਸੁਟੀ ਵਿਚਧਾਰ ਆਹਾ। ਬਾਦਸ਼ਾਹਦੇ ਨੌਕਰ ਹੈਰਾਨ ਹੋਇ ਗੱਲਾਂ ਕਰਨ ਲੱਗੇ ਵਾਰ ਵਾਰ ਆਹਾ। ਦੇਖੋ ਲੱਖ ਰੁਪਏ ਦੀ ਸੇਜ ਬਾਬੇ ਸੁੱਟੀ ਨਦੀ ਦੇ ਵਿਚ ਵਿਚਕਾਰ ਆਹਾ। ਰੋੜ੍ਹ ਦਿਤੀ ਦਰਯਾਓ ਦੇ ਵਿਚ ਐਵੇਂ ਨਹੀਂ ਏਸਨੂੰ ਸੀ ਏਦੀ ਸਾਰ ਆਹਾ। ਨੌਕਰ ਸਾਰੇ ਜੋ ਗੁੱਸੇ ਦੇ ਵਿਚ ਹੋਕੇ ਆਕੇ ਸ਼ਾਹਨੂੰ ਕਹਿਣ ਬੰਕਾਰ ਆਹਾ। ਜੋੜੀ ਸੇਜ ਸੀ ਬਾਬੇਨੂੰ ਤੁਸੀਂ ਦਿੱਤੀ ਟਕਾ ਲੱਗਾ ਸੀ ਲੱਖ ਹਜਾਰ ਆਹਾ। ਉਸਚੁਕਕੇ ਨਦੀਦੇ ਵਿਚ ਸੁੱਟੀ ਲੈਗਈ ਰੋਹੜਕੇ

Sri Satguru Jagjit Singh Ji Elibrary NamdhariElibrary@gmail.com

ਨਦੀਦੀ ਧਾਰ ਆਹਾ। ਸੁਣਕੇ ਬਾਦਸ਼ਾਹਨੂੰ ਗੁੱਸਾ ਬਹੁਤ ਚੜ੍ਹਿਆ ਲਾਲੋਲਾਲ ਹੋਇਆ ਖੂਨੀਖਾਰ ਆਹਾ। ਮੇਰੀ ਸੋਜ ਦੀ ਬਾਬੇ ਕੀ ਕਦਰ ਕੀਤੀ ਹੁਕਮ ਆਪ ਦਿੱਤਾ ਮੁਖੋਂ ਟਾਰ ਆਹਾ। ਛੇਤੀ ਬਾਬੇ ਨੂੰ ਲਿਆਵੇ ਨਾ ਡੇਰ ਲਾਵੇ ਨੌਕਰ ਭੇਜ ਦਿੱਤੇ ਸਰਕਾਰ ਆਹਾ। ਬਾਬਾ ਨਦੀਦੇ ਉੱਤੇ ਸੂ ਭਜਨ ਕਰਦਾ ਨੌਕਰ ਜਾਇ ਪੁੱਜੇ ਓਸੇ ਵਾਰ ਆਹਾ। ਆਕੇ ਆਖਦੇ ਬਾਬੇ ਨੂੰ ਸ਼ਾਹ ਸੱਦੇ ਬਾਬਾਜੀਆ ਹੋ ਤਿਆਰਬਰਤਿਆਰ ਆਹਾ। ਆਕੇਬਾਦਸ਼ਾਹਦੇ ਪਾਸ ਖੜਾ ਬਾਬਾ ਬਾਦਸ਼ਾਹਨੇ ਕਿਹਾ ਵਿਚਾਰਆਹਾ। ਤੈਨੂੰ ਲੱਖਰੁਪਏਦੀ ਸੋਜਦਿਤੀ ਕੀਤੀ ਕਦਰ ਕੀ ਦਸ ਪੁਕਾਰ ਆਹਾ। ਬਾਬਾ ਆਖਦਾ ਮੈਨੂੰ ਤੂੰ ਦੇ ਚੁਕਾ ਮਰਜੀ ਆਪਣੀ ਸੁਟੀ ਮੈ ਡਾਰ ਆਹਾ। ਬਾਦਸ਼ਾਹ ਗੁਸੇ ਨਾਲ ਫੇਰ ਆਖੇ ਬਰਤਨ ਵਾਸਤੇ ਦਿਤੀ ਮੈ ਯਾਰ ਆਹਾ। ਜੇ ਤੂੰ ਨਹੀਂਸੀ ਬ੍ਰਤਣੀਮੋੜ ਦਿੰਦੋਂ ਮੇਰਾਬਰਤਦਾਜੋਪ੍ਰਵਾਰਆਹਾ॥੩੦੪॥ ਤਬਾ ॥ ਸ਼ਾਂਤੀ ਨਾਲ ਮਹਾਰਾਜ ਦੇਕ ਉਤ੍ਰ ਨਦੀ ਵਿਚ ਦਿਤੀ ਛੇਜ ਡਾਰ ਭਾਈ। ਹੁਣ ਕਿਸਤਰਾਂ ਮਿਲਗੀ ਦਸ ਸ਼ਾਹਾ ਲੈ ਗਈ ਰੋੜਕੇ ਨਦੀ ਦੀ ਧਾਰ ਭਾਈ। ਸ਼ਾਹ ਆਖਦਾ ਤੇਰੇ ਮੈਂ ਨਾਲ ਚਲ ਦਾ ਦੇਵੀਂ ਨਦੀ ਦੇ ਵਿਚੋਂ ਨਿਕਾਰ ਭਾਈ। ਏਹੋ ਆਖਕੇ ਬਾਬੇ ਦੇ ਨਾਲ ਤੁਰਿਆ ਕੰਢੇ ਨਦੀ ਪੁਜੇ ਓਸੇ ਵਾਰ ਭਾਈ। ਬਾਬਾ ਕਹੇ ਤੈਂ ਛੇਜ ਜਰੂਰ ਲੈਣੀ ਸ਼ਾਹ ਕਹੇ ਲੈਣੀ ਵਾਰੋ ਵਾਰ ਭਾਈ। ਲਹਿਰਾਂ ਨਦੀ ਦੀਆਂ ਵਲ ਤੂੰ ਧਿਆਨ ਰੱਖੀਂ ਬਾਬਾ ਸ਼ਾਹ ਨੂੰ ਕਹੇ ਉਚਾਰ ਭਾਈ। ਬਾਦਸ਼ਾਹ ਨਿਗਾ ਪਾਣੀ ਵਿਚ ਲਾਇ ਨਦੀ ਵਿਚ ਵੇਖੇ ਨਿਗਾ ਮਾਰ ਭਾਈ। ਥੋੜੇ ਚਿਰਾਂ ਪਿਛੋਂ ਇਕ ਛੇਜ ਆਈ ਰੁੜਦੀ ਵਿਚ ਦ੍ਰਿਆਓ ਦੀ ਧਾਰ ਭਾਈ। ਓਦੂੰ ਮਗਰ ਛੇਜਾਂ ਪੰਜ ਸਤ ਆ ਵਣ ਆਵੇ ਹੋਰ ਵੀ ਕਈਹਜਾਰਭਾਈ। ਬਹੁਤਸੋਹਣੀਆਂ ਸੋਜੀਆਂ ਕਈ ਆਈਆਂ ਇਕੋ ਇਕ ਤੋਂ ਚੜ੍ਹਦੀ ਦੀ ਡਾਰ ਭਾਈ। ਪਿਛੋਂ

Sri Satguru Jagjit Singh Ji Elibrary NamdhariElibrary@gmail.com

ਇਕ ਆਈ ਛੋਜ ਬਾਦਸ਼ਾਹ ਦੀ ਘਟ ਪਹਿਲੀ ਤੋਂ ਕਈ ਹਜ਼ਾਰ
ਭਾਈ। ਬਾਦਸ਼ਾਹ ਨੇ ਫੇਰ ਹੈਰਾਨ ਹੋਕੇ ਕੀਤੀ ਬੇਨਤੀ ਅਰਜ
ਗੁਜ਼ਾਰ ਭਾਈ। ਮਹਾਰਾਜ ਜੋ ਨੇ ਗਈਆਂ ਲੰਘ ਛੋਜਾਂ ਕਹੋ ਕਿਸ
ਦੀਆਂ ਹੈਨ ਉਚਾਰ ਭਾਈ॥ ੩੦੫॥ ਤਥਾ ॥ ਨਾਮਦੇਵ ਆਖ
ਣ ਜੋ ਕੋਈ ਦਾਨ ਕਰਦਾ ਹੈ ਨਮਿੱਤ ਓਸੇ ਕਰਨ ਕਾਰ ਸ਼ਾਹਾ॥
ਕਈਆਂ ਗੁਣਾਂ ਤੋਂ ਓਸਨੂੰਦੇਇਛਧਕੇਸਚਾਆਪਆਕੇਪ੍ਰਵਦਗਾਰ
ਸ਼ਾਹਾ। ਤੇਰੀ ਇਕ ਛੋਜਾਂ ਬਦਲੇ ਕਈ ਛੋਜਾਂ ਓਸ ਦੇਣੀਆਂ ਸੀ
ਕਰਨ ਹਾਰ ਸ਼ਾਹਾ। ਤੇਰੀ ਮੂਰਖਤਾ ਤੇ ਨਾਹਿ ਮਿਲਣ ਤੈਨੂੰ ਸੋਮੈਂ
ਆਖਦਾ ਸਚ ਉਚਾਰ ਸ਼ਾਹਾ॥ ੩੦੬॥ ਤਥਾ ॥ਬਾਦਸ਼ਾਹ ਸੁਣ
ਕੇ ਚਰਨੀ ਡਿਗ ਪਿਆ ਸੀ ਬਖਸ਼ਾਂਵਦਾ ਭੁਲ ਵਿਚਾਰ ਲੋਕ।
ਸਤ ਧਰਮ ਬਾਬੇ ਉਪਦੇਸ਼ ਦਿਤਾ ਸਿਖ ਸ਼ਾਹ ਹੋਇਆ ਸੇਵਾਦਾਰ
ਲੋਕੋ। ਜ਼ੁਲਮ ਕਰਨ ਤੋਂ ਹਟ ਗਿਆ ਓਸ ਰੋਜੋਂ ਜਪੇ ਨਾਮ ਕਰ
ਤਾਰ ਕਰਤਾਰ ਲੋਕੋ। ਕਾਲਾ ਸਿੰਘ ਗਿਆ ਬਾਦਸ਼ਾਹ ਘਰ ਨੂੰ
ਸਿਖ ਹੋਇਕੇ ਤੇ ਸਿਧ ਸਾਰ ਨੇ ਲੋ॥ ੩੦੭॥ ਤਥਾ । ਬਾਦਸ਼ਾਹ
ਪਾਸੋਂ ਬਾਬਾ ਗਿਆਅਰ ਨੂੰ ਕਸ਼ਟ ਭੋਗ ਬੇਅੰਤ ਸ਼ੁਮਾਰ ਸੰਤੋ।
ਜਿੰਦੀ ਰਊ ਕੀਤੀ ਛੋਜ ਕਢ ਦਿਤੀ ਕੌਤਕ ਕੀਤੇ ਸੇ ਬੇ ਅਸਾਰ
ਸੰਤੋ। ਮਾਤਾ ਪਿਤਾ ਨੋਹਾਂ ਪੁਤ੍ਰ ਭੈਣ ਲੜਕੀ ਸਾਰਾ ਮਿਲ ਗਿਆ
ਸੀ ਪਰਵਾਰ ਸੰਤੋ। ਮਿਲਕੇ ਸਾਰਾ ਪ੍ਰਵਾਰ ਹੇ ਖੁਸ਼ੀ ਹੋਇਆ ਧੰਨ
ਧੰਨ ਕਰਦਾ ਸੰਸਾਰ ਸੰਤੋ। ਸਾਰੇ ਮਿਲੇ ਸਤਿਸੰਗੀ ਪ੍ਰੇਮ ਸੇਤੀ ਕਰ
ਦੇ ਆਣਕੇ ਬਹੁਤ ਪਿਆਰ ਸੰਤੋ। ਕਸ਼ਟ ਦੁਖ ਸਾਰੇ ਬਾਬੇ ਫੋਲ
ਦਸੇ ਬਾਦਸ਼ਾਹ ਦੇ ਜੋ ਕਾਰੋਬਾਰ ਸੰਤੋ। ਫੇਰ ਬੈਠਕੇ ਇਕ ਇਕੰਤ
ਜਾਗਾ ਬਾਬਾ ਕਰਦਾ ਹੈ ਸਿਫਤ ਕਰਤਾਰ ਸੰਤੋ। ਲਾਕੇ ਆਪ
ਦੀਵਾਨ ਸਤ ਸੰਗ ਕਰਦਾ ਸੰਗੀ ਸਣੇ ਪਰਵਾਰ ਵਿਚਕਾਰ ਸੰਤੋ।
ਛੈਣੇਂ ਢੋਲਕੀ ਬਾਬੇ ਨੇ ਸ਼ੁਰੂ ਕੀਤੀ ਲਾਈ ਵਿਚ ਅਕਾਲ ਦੇ ਤਾਰ

Sri Satguru Jagjit Singh Ji Elibrary NamdhariElibrary@gmail.com

ਸੈਂਤੇ। ਕਾਲਾ ਸਿੰਘ ਸਾਰੇ ਏਸ ਸ਼ਬਦ ਅੰਦਰ ਆਵੇ ਕੌਤਕਾਂ ਦਾ ਅਲੰਕਾਰ ਸੈਂਤੇ ॥ ੩੦੮ ॥

ਰਾਗ ਭੈਰੋਂ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੬੯

ਜਉਗੁਰਦੇਉਤਮਿਲੈਮੁਰਾਰਿ॥ ਜਉਗੁਰਦੇਉਤਉਤਰੈਪਾਰਿ ॥ ਜਉਗੁਰਦੇਉਤਬੈਕੁੰਠਤਰੈ ॥ ਜਉਗੁਰਦੇਉਤਜੀਵਤਮਰੈ॥੧॥ਸਤਿਸਤਿਸਤਿਸਤਿਸਤਿਗੁਰਦੇਵ ॥ ਝੂਠਝੂਠਝੂਠਝੂਠਆਨਸਭਸੇਵ॥੧ ॥ ਰਹਾਉ ॥ ਜਉਗੁਰਦੇਉਤਨਾਮੁਦ੍ਰਿੜਾਵੈ ॥ ਜਉਗੁਰਦੇਉਨਦਹਦਿਸਧਾਵੈ ॥ ਜਉਗੁਰਦੇਉਪੰਚਤੇਦੂਰਿ ॥ ਜਉਗੁਰਦੇਉਨਮਰਿਬੋਝੂਰਿ॥੨॥ ਜਉਗੁਰਦੇਉਤਅੰਮ੍ਰਿਤਬਾਨੀ ॥ ਜਉਗੁਰਦੇਉਤਅਕਥਕਹਾਨੀ॥ ਜਉਗੁਰਦੇਉਤਅੰਮ੍ਰਿਤਦੇਹ ॥ ਜਉਗੁਰਦੇਉਨਾਮਜਪਿਲੇਹਿ ॥ ੩ ॥ ਜਉਗੁਰਦੇਉਭਵਨਤ੍ਰੈਸੂਝੈ ॥ ਜਉਗੁਰਦੇਉਊਚਪਦਬੂਝੈ ॥ ਜਉਗੁਰਦੇਉਤਸੀਸਅਕਾਸ ॥ ਜਉਗੁਰਦੇਉਸਦਾਸਾਬਾਸ ॥ ੪ ॥ ਜਉਗੁਰਦੇਉਸਦਾਬੈਰਾਗੀ ॥ ਜਉਗੁਰਦੇਉਪਰਨਿੰਦਾਤਿਆਗੀ ॥ ਜਉਗੁਰਦੇਉਬੁਰਾਭਲਾਏਕ ॥ ਜਉਗੁਰਦੇਉਲਿਲਾਟਹਿਲੇਖ ॥ ੫ ॥ ਜਉਗੁਰਦੇਉਕੰਧੁਨਹੀਹਿਰੈ ॥ ਜਉਗੁਰਦੇਉਦੇਹੁਰਾਫਿਰੈ ॥ ਜਉਗੁਰਦੇਉਤਛਾਪਰਿਛਾਈ ॥ ਜਉਗੁਰਦੇਉਸਿਹਜਨਿਕਸਾਈ ॥ ੬ ॥ ਜਉਗੁਰਦੇਉਤਅਠਸਠਨਾਇਆ ॥ ਜਉਗੁਰਦੇਉਤਨਿਚਕ੍ਰਲਗਾਇਆ ॥ ਜਉਗੁਰਦੇਉਤਦੁਆਦਸਸੇਵਾ ॥ ਜਉਗੁਰਦੇਉਸਭੈਬਿਖੁਮੇਵਾ ॥ ੭ ॥ ਜਉਗੁਰਦੇਉਤਸੰਸਾਟੂਟੈ ॥ ਜਉਗੁਰਦੇਉਤਜਮਤੇਛੂਟੈ ॥ ਜਉਗੁਰਦੇਉਤਭਉਜਲਤਰੈ ॥ ਜਉਗੁਰਦੇਉਤਜਨਮਿਨਮਰੈ ॥ ੮ ॥ ਜਉਗੁਰਦੇਉਅਠਦਸਬਿਉਹਾਰ ॥ ਜਉਗੁਰਦੇਉਅਠਾਰਹਭਾਰ ॥ ਬਿਨੁਗੁਰਦੇਉਅਵਰਨਹੀਜਾਈ ॥ ਨਾਮਦੇਉਗੁਰਕੀਸਰਣਾਈ ॥ ੯ ॥ ੧ ॥ ੨ ॥ ੧੧ ॥ ੩੦੯ ॥

ਟੀਕਾ ਬੈਂਤ ॥ ਭੈਰੋਂਰਾਗਅੰਦਰਮੁਖਵਾਕਏਹੈਨਾਮਦੇਵਜੀ ਆਖਸੁਣਾਂਵਦਾ ਹੈ। ਕ੍ਰਿਪਾ ਗੁਰਾਂਦੀ ਤੇ ਮਿਲੈਰੱਬ ਭਾਈ ਕ੍ਰਿਪਾਕਰੇ ਗੁਰ ਪਾਰ ਲੰਘਾਂਵਦਾ ਹੈ। ਕ੍ਰਿਪਾ ਗੁਰਾਂ ਦੀ ਤਾਰੇ ਬੈਕੁੰਠ ਅੰਦਰ ਕ੍ਰਿਪਾ ਕਰੇ ਗੁਰ ਜਿੰਦਾ ਮਰਜਾਂਵਦਾ ਹੈ। ਸਤਿਸਤਿਹੈ ਸਤਿਗੁਰਦੇਵਭਾਈ ਝੂਠੋ ਝੂਠ ਸਭ ਸੇਵ ਅਲਾਂਵਦਾ ਹੈ। ਕ੍ਰਿਪਾ ਗੁਰਾਂ ਦੀ ਨਾਮ ਦੜ੍ਹਾਂਵਦੀ ਹੈ ਕ੍ਰਿਪਾ ਕਰਨ ਨਾ ਦਸ ਦਿਸ਼ਾ ਧਾਂਵਦਾ ਹੈ। ਕ੍ਰਿਪਾ ਗੁਰਾਂ ਦੀ ਤੋਂ ਪੰਜੇ ਦੂਰ ਹੁੰਦੇ ਕਾਮ ਕ੍ਰੋਧ ਮੋਹ ਲੋਭ ਨਾਂ ਆਂਵਦਾ ਹੈ। ਕ੍ਰਿਪਾ ਗੁਰੂ ਕਰਸਨ ਮਰਕੇ ਝੂਰੀਏ ਨਾਂ ਕ੍ਰਿਪਾ ਗੁਰੂ ਕਰ ਨਾਮ ਸੁਣਾਂਵਦਾ ਹੈ। ਕ੍ਰਿਪਾ ਗੁਰੂ ਅਕੱਥ ਦੀ ਸਾਰ ਦਿੰਦੀ ਕਿਰਪਾ ਗੁਰੂ ਕਰ ਅੰਮ੍ਰਿਤ ਛਕਾਂਵਦਾ ਹੈ। ਕ੍ਰਿਪਾ ਗੁਰੂਦੀ ਤੇ ਸੱਚਾਨਾਮ ਜਪੀਏ ਕਿਰਪਾ ਗੁਰੂ ਤ੍ਰਿਭਵਨ ਸੁਝਾਂਵਦਾ ਹੈ। ਗੁਰੂਮਿਲੇ ਊਚਾ ਪਦ ਬੁਝ ਲਈਏ ਗੁਰੂ ਮਿਲੇ ਅਕਾਸ਼ ਝੜਾਂਵਦਾ ਹੈ। ਗੁਰੂਮਿਲੇ ਸਦਾ ਸ਼ਾਬਾਸ਼

Sri Satguru Jagjit Singh Ji Elibrary NamdhariElibrary@gmail.com

ਭਜਨਕਰੀਏ ਗੁਰੂ ਮਿਲੇ ਬਰਾਗ ਹੋਜਾਂਵਦਾਹੈ। ਕ੍ਰਿਪਾ ਗੁਰੂ ਪਰ ਨਿੰਦਿਆ ਤਿਆਗ ਹੋਵੇ ਗੁਰੂ ਮਿਲੇ ਭਲਾ ਬੁਰਾ ਜਿਤਾਂਵਦਾ ਹੈ। ਗੁਰੂ ਮਿਲੇ ਤਾਂਹੀ ਲਾਲ ਲੇਖ ਹੁੰਦੇ ਗੁਰੂ ਮਿਲੇ ਨਾ ਕੈਦ ਛਿਪਾਂਵਦਾ ਹੈ। ਗੁਰੂ ਕਰੀ ਕ੍ਰਿਪਾ ਦੇਹੁਰਾ ਫੇਰ ਦਿੱਤਾ ਕ੍ਰਿਪਾ ਗੁਰੂ ਛੱਪਰ ਮੇਰਾ ਛਾਂਵਦਾ ਹੈ। ਗੁਰੂ ਕਰੀ ਕਿਰਪਾ ਛੇਜ ਨਿਕਲ ਆਈ ਨਦੀ ਵਿਚੋਂਆ ਆਪ ਘੜਾਂਵਦਾਹੈ। ਗੁਰੂਕਰੇਕਿਰਪਾ ਅਠਸਠ ਤੀਰਥ ਨਾਈਏ ਵਿਚ ਘਰੇ ਇਸ਼ਨਾਨ ਕਰਾਂਵਦਾ ਹੈ। ਗੁਰੂ ਮਿਲੇ ਤਨ ਚ ਕਰਦੀ ਖਬਰ ਹੋਵੇ ਖੋਲਖੋਲ ਤਨਭੇਦ ਦਿਖਾਂਵਦਾਹੈ। ਗੁਰੂ ਕਰੀ ਕ੍ਰਿਪਾ ਦੁਆਦਸ਼ ਸੇਵਲਾਇਆ ਬਾਰਾਂ ਗੁਰਾਂਦਾ ਦਰਸ ਦਿਖਾਂਵਦਾ ਹੈ। ਗੁਰੂ ਕਰੀ ਕ੍ਰਿਪਾ ਬਿਖ ਬਣੀ ਮੇਵਾ ਬਾਮਣ ਧੋਖੇ ਦੇ ਵਿਚ ਖਵਾਂਵਦਾਹੈ। ਗੁਰੂਕਰੇ ਕ੍ਰਿਪਾ ਸਿਸਾਟੁਟਜਾਵੇ ਗੁਰੂ ਜਮਾਂਤੋਂ ਮਿਲੇ ਛੁਡਾਂਵਦਾ ਹੈ। ਗੁਰੂ ਕਰੇ ਕ੍ਰਿਪਾ ਤਾਰੇ ਭਵਜਲਾਂ ਤੋਂ ਇਸ ਜੀਵ ਨੂੰ ਪਾਰਲੰਘਾਂਵਦਾਹੈ। ਗੁਰੂ ਕਰਨ ਕ੍ਰਿਪਾ ਜਨਮੇਂ ਮਰੇ ਨਾਂਹੀ ਅੱਠ ਦੱਸ ਵਿਹਾਰ ਜਨਾਂਵਦਾਹੈ। ਗੁਰੂ ਮਿਲੇ ਅਠਾਰਾਂਵੀ ਭਾਰਲਾਹੇ ਗੁਰੂ ਵੱਡਾ ਬੇਅੰਤ ਸਦਾਂਵਦਾਹੈ। ਬਿਨਾ ਗੁਰੂਤੋਂ ਅਵਰਮੈਂ ਨਾਹਿ ਜਾਂਣਾ ਨਾਮਦੇਵ ਗੁਰਕੀ ਸਰਨਆਂਵਦਾਹੈ॥ ੩੧੦॥

ਬਾਬੇ ਜੀਦੇ ਜਗਤ ਦੀ ਜਾਤ੍ਰਾ ਕਰਨ ਜਾਣਾ ਉਮਰ ਸਾਲ ੭੦

ਨਾਮਦੇਵ ਸਤਸੰਗਹਮੇਸ਼ਕਰਦੇ ਸਾਜਾਂਨਾਲਬਾਣੀਂ ਸ਼ਬਦ ਗਾਂਵਦੇ ਸੋ।ਸੱਤ੍ਰਸਾਲਦੀਬਾਬੇਦੀਉਮਰਹਈਸੱਤਧ੍ਰਮਉਪਦੇਸ਼ ਦੜਾਂਵਦੇਸੇ। ਬਾਬਾ ਚਿੱਤਦੇ ਵਿਚ ਵਿਚਾਰ ਕਰਦਾ ਮਨ ਆਪਣੇ ਨੂੰ ਸਮਝਾਂਵਦੇ ਸੇ। ਜੇੜਾ ਮੈਨੂੰ ਅਕਾਲਜੀ ਹੁਕਮ ਦਿਤਾ ਓਹੋ ਵਿਚ ਸੰਸਾਰ ਸੁਣਾਂਵਦੇਸੇ। ਜਾਕੇ ਵਿਚਰੀਏਦੇਸਦਿਸੰਤਅੰਦਰ ਸੱਤ ਧਰਮਦਾ ਡੰਕ ਬਜਾਂਵਦੇਸੇ। ਬਾਬਾਕਰਦਾਸਲਾਹਿਪ੍ਰਵਾਰਸੁਣਿਆਂ ਰਲਕੇ ਮੋਹਿਦਾ ਜਾਲਵੀ ਪਾਂਵਦੇਸੇ। ਕਾਲਾ ਸਿੰਘ ਬਾਬਾ ਚਿੱਤ ਆਪਣੇ ਨੂੰ ਏਸ

Sri Satguru Jagjit Singh Ji Elibrary NamdhariElibrary@gmail.com

ਸਬਦ ਸੇਤੀ ਹੋੜਾਲਾਂਵਦੇਸੇ ॥ ੩੧੧॥

ਰਾਗ ਸਾਰੰਗ ਸਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੦

ਕਾਂਇਰੇਮਨਬਿਖਿਆਬਨਜਾਇ ॥ ਭੂਲੌਰੇਠਗਮੂਰੀਖਾਇ ॥ ੧ ॥ ਰਹਾਉ ॥ ਜੈਸੇਮੀਨਪਾਨੀ ਮਹਿਰਹੈ ॥ ਕਾਲਜਾਲਕੀਸੁਧਿਨਹਿਲਹੈ॥ ਜਿਹਬਾਸੁਆਦੀਲੀਲਿਤਲੋਹ॥ਐਸੇਕਨਿਕਕਾਮਨੀ ਬਾਂਧਿਓਮੋਹ ॥ ੧ ॥ ਜਿਉਮਧਮਾਖੀਸੰਚੈਅਪਾਰ ॥ ਮਧੁਲੀਨੋਮੁਖਦੀਨੀਛਾਰ ॥ ਗਊਬਾਛਕਉ ਸੰਚੈਖੀਰ ॥ ਗਲਾਬਾਂਧਦੁਹਿਲੇਇਅਹੀਰੁ ॥ ੨ ॥ ਮਾਇਆਕਾਰਨਸ੍ਰਮੁਅਤਿਕਰੈ ॥ ਸੋਮਾਇਆ ਲੈਗਾਡੈਧਰੈ ॥ ਅਤਿਸੰਚੈਸਮਝੈਨਹੀਮੂੜ ॥ ਧਨੁਧਰਤੀਤਨੁਹੋਇਗਇਓਧੂੜਿ ॥ ੩ ॥ ਕਾਮਕ੍ਰੋਧ ਤ੍ਰਿਸਨਾਅਤਿਜਰੈ ॥ ਸਾਧਸੰਗਤਿਕਬਹੂਨਹੀਕਰੈ ॥ ਕਹਤਨਾਮਦੇਉਤਾਚੀਆਣ ॥ ਨਿਰਭੈਹੋਇ ਭਜੀਐਭਗਵਾਨ ॥ ੪ ॥ ੧ ॥ ੩੧੨ ॥

ਟੀਕਾ ਕਬਿੱਤ ॥ ਸਾਰੰਗ ਕੈ ਰਾਗ ਮੁਖ ਵਾਕ ਸ੍ਰੀ ਨਾਮਦੇਵ ਬੈਠਕੇ ਇਕੱਤ੍ਰ ਚਿੱਤਤਾਂਈ ਸਮਝਾਉਂਦਾ। ਕਾਹੇ ਮਨੁ ਮੇਰੇ ਬਣ ਬਿਖਿਆ ਦੇ ਵੱਲ ਜਾਵੇਂ ਝੂਠੇ ਸੰਸਾਰ ਨਾਲ ਮੋਹਿ ਕਾਹਨੂੰ ਲਾਉਂਦਾ। ਭੁਲੇ ਹੋਏ ਮਨ ਠੱਗੀ ਵਿਚ ਕਾਹਨੂੰ ਆਂਵਦਾ ਹੈਂ ਜੱਗਦੇ ਪਦਾਰਥਾਂ ਦੇ ਵਿਚ ਫਸੀਜਾਉਂਦਾ। ਜੈਸੇ ਮੱਛ ਜਲਦੇ ਹੁਮੇਸ਼ ਵਿਚ ਰਹੇ ਭਾਈ ਮੌਤ ਜਾਲ ਕਾਲਦੀ ਜੋ ਸੁਧ ਨਾ ਰਖਾਉਂਦਾ ॥ ੩੧੩ ॥ ਜਿਹਬਾ ਦੀ ਸੁਆਦੀ ਮੀਨ ਲੋਹਿ ਕੁੰਡੀ ਖਾਂਵਦੀ ਹੈ ਏਸੇ ਤਰਾਂ ਮਨ ਗਿਰਿਸਤ ਵਿਚ ਬੱਧਾਜਾਂਉਦਾ। ਜਿਸ ਤ੍ਰਾਂ ਏਹ ਮੱਖੀ ਕੱਠੇ ਸ਼ਹਿਤ ਨੂੰ ਹਮੇਸ਼ ਕਰੇ ਮਾਖੋਂ ਲੈਣ ਵਾਲਾ ਧੂੰਆਂ ਛਾਰਮੁਖਪਾਂਉਦਾ। ਜਿਸ ਤ੍ਰਾਂ ਹੈ ਗਊ ਦੁਧ ਵੱਛੇ ਤਾਂਈ ਕਰੇ ਕੱਠਾਬੰਨਕੇ ਗੁਜਰ ਗਲ ਚੋਇ ਕੇ ਲੈ ਜਾਂਉਦਾ। ਏਸੇਤ੍ਰਾਂ ਜੀਵ ਮਾਇਆ ਖਾਤ੍ਰ ਦੁਖ ਪਾਂਵਦਾ ਹੈ ਓਹੋ ਮਾਇਆ ਲੈਕੇ ਧਰਤ ਵਿਚ ਗਡਵਾਉਂਦਾ ॥ ੩੧੪ ॥ ਫੇਰ ਵੀ ਏ ਮੂਰਖ ਨਾਂ ਜੀਵ ਕਦੇ ਸਮਝਦਾ ਹੈ ਮਾਇਆ ਬਹੁਤੀ ਬਹੁਤੀ ਨੂੰ ਏ ਕੱਠੀ ਕਰਵਾਉਂਦਾ। ਸਾਰਾ ਧਨ ਦੱਬਿਆ ਧਰਤ ਵਿਚ ਰਹਿਜਾਂਦਾ ਏਹੋਵੀ ਸਰੀਰ ਮਿੱਟੀ ਵਿਚ ਮਿਲ ਜਾਉਂਦਾ। ਕਾਮ ਕ੍ਰੋਧ ਤ੍ਰਿਸਨਾ ਜੋ ਏਸਤਾਂਈ ਸਾੜਦੀਹੈ ਸਾਧ ਤੇ ਸੰਗਤ ਪਾਸ ਕਦੇਨਾਂਜਾਂਉਦਾ। ਕਹੇ ਨਾਮਦੇਵ ਮੋਹਛੱਡਸੰਸਾਰਵਾਲਾ ਨਿਰਭੈ

ਰੋਇ ਮੈਂ ਤਾਂ ਵਾਹਿਗੁਰੂ ਧਿਆਉਂਦਾ ॥ ੩੧੫ ॥

ਵਾਕ ਕਵੀ ਉਮਰ ਸਾਲ ੭੦

ਬੈਂਤ॥ ਸਾਡੇਪਾਪੀਆਂਦੇਸਮਝਾਉਣਖਾਤੂਕਰੇਆਪਨੇਚਿੱਤਵਿਚਾਰ ਬਾਬਾ। ਸਮਝ ਆਵੇ ਪ੍ਰੇਮੀਆਂ ਨੇਮੀਆਂ ਨੂੰ ਵਿਚ ਬਾਣੀਦੇ ਕਹੇ ਉਚਾਰ ਬਾਬਾ। ਪੜ੍ਹਕੇ ਆਪਣੇ ਚਿੱਤਨੂੰ ਦੇਣ ਹੋੜਾ ਕਰੇ ਸੰਗੀਆਂ ਨੂੰ ਖਬਰਸਾਰਬਾਬਾ। ਕਾਲਾਸਿੰਘ ਸੱਚੇ ਓਸ ਵਾਹਿਗੁਰੂਨੂੰ ਸ਼ਬਦ ਨਾਲ ਕਰਦਾ ਨਮਸਕਾਰ ਬਾਬਾ ॥ ੩੧੬ ॥

ਰਾਗ ਬਸੰਤ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੦

ਲੋਭਲਹਰਿਅਤਿਨੀਝਰੁਬਾਜੈ॥ ਕਾਇਆਡੂਬੈਕੇਸਵਾ ॥ ੧ ॥ ਸੰਸਾਰਸਮੁੰਦੇਤਾਰਿਗੋਬਿੰਦੇ ॥ ਤਾਰਿਲੈਬਾਪੁਬੀਠੁਲਾ ॥ ੧ ॥ ਰਹਾਉ ॥ ਅਨਿਲਬੇੜਾਹਉਖੇਵਿਨਸਾਕਉ ॥ ਤੇਰਾਪਾਰੁਨਪਾਇਆਬੀਠੁਲਾ ॥ ੨ ॥ ਹੋਹੁਦਇਆਲੁਸਤਿਗੁਰਮੇਲਿਤੂਮੋਕਉਪਾਰਿਉਤਾਰੇਕੇਸਵਾ ॥ ੩ ॥ ਨਾਮਾ ਕਹੈਹਉਤਰਿਭੀਨਜਾਨਉਮੋਕਉਬਾਹਦੇਹਿਬਾਹਦੇਹਿਬੀਠੁਲਾ ॥ ੪ ॥ ੧ ॥ ੨ ॥ ੭੧੭ ॥

ਟੀਕਾ ਕਬਿਤ ॥ ਰਾਗ ਹੈ ਬਸੰਤ ਮੁਖ ਵਾਕ ਸ੍ਰੀ ਨਾਮਦੇਵ ਆਪ ਣੇ ਸਰੀਰ ਤਾਂਈ ਆਪਸਮਝਾਂਮਦਾ। ਏਹੋ ਸੰਸਾਰ ਸਾਗਰਲੋਭਦੀ ਲਹਿਰ ਭਰਿਆ ਏਸ ਵਿੱਚ ਮੇਰਾ ਹੈ ਸਰੀਰ ਗੋਤੇ ਖਾਂਮਦਾ। ਸੱਚੇ ਮੇਰੇ ਵਾਹਿਗੁਰੂ ਸੁਮੁੰਦ ਵਿਚੋਂ ਤਾਰ ਤੂੰਹੀ ਤੇਰੇ ਬਿਨਾ ਪਿਤਾ ਜੀ ਨਾ ਕੋਈ ਹੈ ਤਰਾਂਮਦਾ। ਉਤਪਤੀ ਤੇ ਲੈਂਡਾ ਕਰਨ ਵਾਲੇ ਪਿਤਾ ਮੇਰੇ ਪਿਆਰੇ ਤਾਰਕੇਤੇ ਤੂੰਹੀਂ ਮੈਨੂੰ ਪਾਰਨੀ ਲੰਘਾਮਦਾ॥ ਕਃ॥ ਤ੍ਰਿਸ਼ਨਾ ਦੀ ਨਦੀ ਤੋਂ ਸਰੀਰ ਬੇੜਾ ਡੋਲਦਾ ਹੈ ਮੇਰੇ ਚਿੱਤ ਰੋਕਣੇ ਦਾ ਵਲ ਨਹੀ ਪਾਉਂਦਾ। ਤੇਰਾਮੇਰੇ ਵਾਹਿਗੁਰੂ ਕਿਸੇ ਨੇ ਅੰਤ ਪਾ ਇਆ ਨਾਹੀ ਮੇਰੇ ਤੇ ਦਿਆਲ ਹੋਈਂ ਦਾਸ ਮੈਂ ਅਖ਼ਾਉਂਦਾ। ਆਪਣੀ ਤੂੰ ਸ਼ਕਤੀ ਮਲਾਈਂ ਗੁਰੂ ਮੇਰੇ ਤਾਂਈ ਪਾਰ ਤੂੰ ਉਤਾਰ ਮਹਾਂਰਾਜਮੈਂ ਸੁਣਾਉਂਦਾ। ਕਹੇਨਾਮਦੇਵਮੈਂ ਤਰਨਨਹੀਂ ਜਾਣਦਾ ਹਾਂ ਮੈਨੂੰ ਬਾਂਹਿ ਬਲ ਸੇਤੀ ਪਾਰਤੂੰਲੰਘਾਂਉਦਾ ॥ ੩੧੯ ॥

ਰਾਗ ਬਸੰਤ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੦

ਸਹਜਿਅਵਲਿਧੂੜਮਣੀਗਾਡੀਚਾਲਤੀ ॥ ਪੀਛੈਤਿਨਕਾਲੈਕਰਿਹਾਂਕਤੀ ॥ ੧ ॥ ਜੈਸੇਪਨਕਤਥ੍ਰੂਟਿਟਿਹਾਂਕਤੀ ॥ ਸਰਿਧੋਵਨਚਾਲੀਲਾਡੁਲੀ ॥ ੧ ॥ ਰਹਾਉ ॥ ਧੋਬੀਧੋਵੈਬਿਰਹਬਿਰਾਤਾ॥ਹਰਿ

Sri Satguru Jagjit Singh Ji Elibrary NamdhariElibrary@gmail.com

ਚਰਨਮੈਰਾਮਨੁਰਾਤਾ ॥ ੨ ॥ ਭਨਤਿਨਾਮਦੇਉਰਮਿਰਹਿਆ ॥ ਅਪਨੇਭਗਤਪਰਕਰਿ ਦਇਆ ॥ ੪ ॥ ੪ ॥ ੩੨੦ ॥

ਟੀਕਾ ਕ੪ ॥ ਰਾਗ ਹੈ ਬਸੰਤ ਮੁਖਵਾਕ ਸ੍ਰੀ ਨਾਮਦੇਵ ਵਾਹਿਗੁਰੂ ਦੀ ਲੀਲ੍ਹਾਦਾਹੈ ਕਰਦਾ ਵਿਚਾਰਤਾਂ। ਮਿੱਟੀ ਤੱਤ ਮੇਲ ਦੇਹੀ ਸਹਿ ਜਗਾਤੀ ਚੱਲਦੀਹੈ ਪਿਛੇ ਪ੍ਰਾਲੱਬਧ ਹਿੱਕੋ ਇੱਛਾ ਅਨੁਸਾਰਤਾਂ। ਜਿਵੇਂ ਗਾਰੇ ਵਿਚੋਂ ਕੋਈ ਭੂੰਡ ਚੀਜ ਖਿੱਚਦਾ ਹੈ ਤਿਵੇਂ ਪ੍ਰਾਲੱਬਧ ਵੀ ਖਿੱਚੇ ਵਾਰਵਾਰਤਾਂ। ਉਤਮ ਪੁਰਸ਼ ਬੁਧ ਧੋਣ ਸਤ ਸੰਗ ਜਾ ਕੇ ਗੁਰੂ ਰੂਪ ਧੋਬੀ ਅਗੇ ਧੋਮਦਾ ਅਪਾਰਤਾਂ ।ਜੀਦਾ ਸੰਸਾਰਵਲੋਂ ਚਿੱਤ ਉਪਰਾਮਹੈਗਾ ਰਾਮਨਾਮ ਨਾਲ ਮਨ ਰੱਤਾ ਹੈ ਤਿਆਰਤਾਂ। ਕਹੇ ਨਾਮਦੇਵ ਰੱਬ ਸਰਬ ਵਿਆਪਕ ਹੈ ਆਪਣੇ ਭਗਤ ਉਤੇ ਦਿਆ ਨਾਮ ਧਾਰਤਾਂ ॥ ੩੨੧ ॥

ਬ ਬੇ ਜੀਨੇ ਉਪਦੇਸ਼ ਕਰਨ ਨੂੰ ਦੇਸ ਦਾ ਗਮਨ ਕਰਨਾ ਉਮਰ ਸਾਲ ੭੦

ਬੈਤ॥ਨਾਮਦੇਵ ਵੈਰਾਗਦੇਵਿਚਹੋਕੇਕਰਦਾਵਾਹਿਗੁਰੂ ਪਾਸ ਪੁਕਾਰ ਸਤਗੁਰ।ਮੇਰਾ ਮੋਹਿ ਪ੍ਰਵਾਰਤੋਂ ਤੋੜਦੇਂਵੀ ਮੇਰੇ ਦੀਨਦਿਆਲ ਕ ਰਤਾਰ ਸਤਗੁਰ। ਵਾਕੀ ਉਮਰਮੈ ਦੇਸ਼ਦੇ ਵਿਚ ਫਿਰਕੇ ਤੇਰੇ ਨਾਮ ਦਾ ਕਰਾਂ ਪਰਚਾਰਸਤਗੁਰ। ਸੇਵਾ ਤੇਰੀ ਤੇਰਾ ਹੁਕਮ ਕਰਾਂ ਪੂਰਾ ਫਿਰਕੇ ਵਿਚ ਸਾਰੇ ਸੰਸਾਰ ਸਤਿਗੁਰ ॥ ੩੨੨ ॥ ਤਥਾ ॥ ਦੂਜੇ ਰੋਜ ਬਾਬੇ ਮਾਤਾ ਪਿਤਾ ਪਾਸੋਂ ਮੰਗੀਆਗਿਆ ਅਰਜ ਗੁਜਾਰ ਪਿ ਆਰੇ। ਕਰਾਂ ਦੇਸ ਪ੍ਰਦੇਸ ਉਪਦੇਸ਼ ਜਾਕੇ ਬਖਸ਼ੋ ਖੁਸ਼ੀ ਮੈਨੂੰ ਕ੍ਰਿਪਾ ਧਾਰ ਪਿਆਰੇ। ਹੈਸੀ ਦੁਖ ਵਿਛੋੜੇਦਾ ਬਹੁਤ ਭਾਰਾ ਰੋਕੇ ਬਾਬੇ ਨੂੰ ਸਾਰਾ ਪ੍ਰਵਾਰ ਪਿਆਰੇ। ਮਹਾਂਕ੍ਰਿਜਜੀ ਰਾਇਦਿਓਂਬਹੁਤ ਪੱਕੇ ਤੀਜੇ ਰੋਜਨੇ ਹੋਇ ਤਿਆਰਪਿਆਰੇ ।ਤੁਰੇ ਘਰੋਂ ਜਗਤ ਜਾਤ੍ਰ ਕਰਨਖਾ ਤ੍ਰ ਰਸਤੇ ਪੈਏ ਗਏਸੇ ਕਰਨਕਾਰ ਪਿਆਰੇ। ਰਾਹਿ ਵਿਚ ਡੇਰਾ ਇਕ ਜਗਾ ਲਾਇਆ ਕਰਦੇ ਵਾਹਿਗੁਰੂ ਪਾਸ ਪੁਕਾਰ ਪਿਆਰੇ। ਕਾਲ੍ਹਾਸਿੰਘਵੈਰਾਗਦੇਵਿਚਹੋਕੇਬਾਬਾਸਬਦਨੂੰਕਹੇਉਚਾਰਪਿਆਰੇ

Sri Satguru Jagjit Singh Ji Elibrary NamdhariElibrary@gmail.com

ਰਾਗ ਸਾਰੰਗ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੦

ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥ ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥੧॥ ਰਹਾਉ॥
ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥ ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂ
ਜਾ ॥ ੧ ॥ ਆਪਹਿ ਗਾਵੈ ਆਪਹਿ ਨਾਚੈ ਆਪ ਬਜਾਵੈ ਤੂਰਾ॥ ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ
ਤੂ ਪੂਰਾ ॥ ੨ ॥ ੨ ॥੩੨੪॥

ਟੀਕਾ ਕਬਿਤ ॥ ਸਾਰੰਗ ਹੈ ਰਾਗ ਮੁਖਵਾਕ ਸ੍ਰੀ ਨਾਮਦੇਵ ਬ੍ਰਹਮ
ਹੈ ਗਿਆਨ ਵਿਚ ਬੈਠਾ ਜਸ ਗਾਂਉਦਾ। ਵਾਹਿਗੁਰੂ ਤੂੰ ਮੇਰੇ ਨਾਲ
ਸ਼ਰਤ ਕਿਓਂ ਨੀ ਲਾਇ ਲੈਂਦਾ ਏਸ ਗੱਲ ਵਾਸਤੇ ਕਥਾ ਮੈਂ
ਕਰਾਉਂਦਾ । ਮਾਲਕ ਤੇ ਦਾਸ ਦਾਸੋਂ ਮਾਲਕ ਜ਼ਰੂਰ ਹੋਵੇ ਇਧੇ
ਤੂੰ ਭਗਤਾਂ ਨੂੰ ਖੇਡ ਤੂੰ ਖਡਾਉਂਦਾ। ਆਪ ਤੂੰਹੀ ਦੇਵਤਾ ਤੇ ਦੇਹੁਰਾ ਵੀ
ਆਪ ਤੂੰਹੀਂ ਆਪ ਤੂੰ ਪੁਜਾਰੀ ਪੂਜਾ ਆਪੇ ਤੂੰ ਕਰਾਉਂਦਾ ॥੩੨੫॥
ਕ: ॥ ਜਲ ਤੇ ਤਰੰਗ ਤੇ ਤਰੰਗਾਂ ਤੇ ਵੀ ਜਲ ਤੂੰਹੀਂ ਕਹਿਣ ਤੇ
ਸੁਣਨ ਵਿੱਚ ਦੂਜਾ ਐਵੇਂ ਆਉਂਦਾ। ਆਪੇ ਤੂੰਹੀਂ ਗਾਂਵਦਾ ਤੇ
ਆਪੇ ਤੂੰਹੀਂ ਨੱਚਦਾ ਹੈਂ ਆਪੇ ਮੇਰੇ ਵਾਹਿਗੁਰੂ ਤੂੰ ਬਾਜਾ ਹੈਂ ਬਜਾ
ਉਂਦਾ। ਕਹੇ ਨਾਮਦੇਵ ਸਚੇ ਵਾਹਿਗੁਰੂ ਤੂੰ ਰੱਬ ਮੇਰਾ ਮੈਂ ਦਾਸ ਊਣਾ
ਭਰਪੂਰ ਤੂੰ ਸਦਾਉਂਦਾ। ਬ੍ਰਹਮਗਿਆਨ ਵਿਚ ਰਾਤ ਦਿਨੇ ਮਸਤ ਤਾਂ
ਨਰ ਹਿੰਦੇ ਹਰਦਮ ਗੁਣ ਬਾਬਾ ਵਾਹਿਗੁਰੂ ਦੇ ਗਾਂਉਂਦਾ ॥ ੩੨੬॥

ਪ੍ਰਸੰਗ ਇਕ ਕੁਤੇ ਦਾ ਬ੍ਰਹਮ ਗਿਆਨ ਅੰਦਰ ਚਲਿਆ ਉਮਰ ਸਾਲ ੭੦

ਬੈਤ॥ ਬ੍ਰਹਮਗਿਆਨੀ ਸ੍ਰੀ ਨਾਮਦੇਵ ਹੈ ਸੀ ਬ੍ਰਹਮਗਿਆਨ ਦਾ ਕਰੇ ਪ੍ਰਚਾ
ਰ ਬਾਬਾ। ਰਹਿਣ ਕਹਿਣ ਅੰਦਰ ਪੂਰੇ ਚਲਦੇ ਸੇ ਬ੍ਰਹਮ ਗਿਆਨੀ
ਸੀ ਸੁਚਾ ਅਪਾਰ ਬਾਬਾ। ਸੱਪ ਸ਼ੇਰ ਵਿਛੂ ਗਊ ਸੂਰ ਤਾਈਂ ਜਾਣੇ ਕੁ
ਤਿਆਂ ਵਿਚ ਕਰਤਾਰ ਬਾਬਾ। ਸਰਬ ਜੀਵਾਂ ਦੇ ਨਾਲ ਪਿਆਰ ਕਰ
ਦਾ ਈਸਰ ਸਰਬ ਨੂੰ ਮੰਨੇ ਅਵਤਾਰ ਬਾਬਾ। ਦਾੜ੍ਹਾ ਕੇਸ ਤੇ ਭੇਸ ਸੀ
ਸੰਤ ਰਖਦਾ ਚਿੱਟੀ ਸੀਸ ਰਖੇ ਦਸਤਾਰ ਬਾਬਾ। ਜਟਾ ਜੂਟ ਗਰਿਸ
ਤ ਦੇ ਵਿਚ ਰਹਿਕੇ ਖਾਲਸ ਮੱਤ ਦਾ ਕਰੇ ਪ੍ਰਚਾਰ ਬਾਬਾ। ਜੋਗੀ ਜੰ
ਗਮ ਸਨਿਆਸੀ ਵੈਰਾਗੀਆਂ ਦਾ ਨਾਂਸੀ ਭੇਖੀਆਂ ਦਾ ਸੇਵਾਦਾਰ ਬਾ

Sri Satguru Jagjit Singh Ji Elibrary NamdhariElibrary@gmail.com

ਥਾ । ਵਿਸ਼ੋਵਾ ਖੇਚਰ ਜੀ ਦਾ ਮੱਤ ਖਾਲਸਾ ਸੀ ਹੈਸੀ ਓਸਦਾ ਸਿਖ ਅਪਾਰਬਾਬਾ ।ਬਿਕ੍ਰਮ ਤੇਰਾਂਸੈਛਾਹਟ ਸੋਣ ਸੁਦੀ ਕਾਦਸ਼ ੧੩੬੬ ਵਿਸ਼ੋਬਾ ਖੇਚਰਜੀ ਗਿਆ ਸਧਾਰਬਾਬਾ । ੁਭ ਸੋਧਤੇ ਰਹਿਤ ਮਰ ਜਾਤਸਾਰੀ ਨਾ ਦੇਵ ਰਖੇ ਨਿਰਾਧਾਰਥਾ ਬਾ । ਜਾਗਰ ਨਮੀ ਹਮੇਸ਼ ਲਿਆ ਕਰਕੇਤੇ ਕਰੇ ਸੋਧ ਕਬੀਰ ਅਪਾਰਬਾਬਾ । ਨਾਮਧਾਰੀਆਂ ਦੇ ਵਾਂਗੂ ਸੋਧ ਰਖਦੇ ਜਿੱਨੇ ਭਗਤਸੇ ਵਿਚ ਸੰਸ ਰਬਾਬਾ । ਜਿਸਥਾਏਂ ਡੇਰਾ ਨਾਮਦੇਵ ਛਾਇਆ ਓਥੇਕਰੇ ਪ੍ਰਸਾਦਿ ਤਿਆਰਬਾਬਾ । ਸੁਰ ਸੋਧ ਦੇ ਵੱਲ ਧਿਆਨ ਲੱਗਾ ਜਲ ਪਾਣੀ ਹਥੀਂ ਕਰੇ ਕਾਰਬਾਬਾ। ਇਕ ਪਾਸਿਓਂ ਕੁਤਾ ਵੀ ਆਣਕੇਤੇ ਚੁਕੇ ਰੋਟੀਆਂ ਹੋਵੇਉਡਾਰ ਬਾ ਬਾ । ਨਾਮਦੇਵ ਮਹਾਰਾਜ ਬ੍ਰਹਮਗਿਆਨੀ ਕੁਤੇ ਮਗਰ ਜਾਵੇ ਸਰਾ ਸਾਰ ਬਾਬਾ । ਕੁਤੇ ਉਪਰ ਕ੍ਰੋਧ ਨਾ ਜਰਾ ਕੀਤਾ ਮੂੰਹੋਂ ਆਖਦਾ ਸੀ ਵਾਰਵਾਰਬਾਬਾ । ਮੇਰੇਵਾਹਿਗੁਰੂਦੇਸਾਜੇਹੋਏਕੂਕਰਓਹਦੇਹੁਕਮਵਿ ਚ ਆਏ ਸੰਸਾਰਬਾਬਾ । ਮੇਤੋਂ ਡਰੀਂ ਨਾ ਤੈਨੂੰਮੈਂ ਭਲਾਜਾਣਾਂ ਮੈਨੂੰ ਦਿਸੇਂ ਤੂੰ ਰੂਪ ਕਰਤਾਰਬਾਬਾ । ਦੇ ਪਰ ਰੋਟੀਆਂ ਘਿਓਤੇ ਦਾਲਦੇਵਾਂ ਖਾਵੇਂ ਸੁਕੀਆਂ ਰੁਖੀਆਂ ਜਾਰਬਾਬਾ । ਭੁਲੇ ਲੋਕ ਤੂੰ ਰੋਟੀਆਂਦਈਂ ਮੈਨੂੰ ਹੋਰ ਲੈਣੀਆਂ ਚਾਹੇਂਦੇਇ ਚਾਰਬਾਬਾ । ਘਿਓ ਦਾਲ ਸਲੂਣੇਦੇ ਨਾਲ ਦੇਵਾਂ ਮੇਰੇ ਪਾਸ ਹੈ ਸਭ ਤਿਆਰਬਾਬਾ । ਏਸਵਿਚੋਂ ਪੂਰਾ ਹਿ ਸਾ ਮਿਲੇ ਤੈਨੂੰ ਅਧਾ ਰਹੇ ਬਾਟਾ ਸਰਾਸਾਰ ਬਾਬਾ । ਇਹੋ ਆਖਕੇ ਰੋਟੀਆਂ ਦਾਲ ਘਿਓ ਵੀ ਮੂਰੇ ਰਖਦਾ ਤਿਆਰਥਰ ਤਿਆਰ ਬਾਬਾ। ਹਿਸਾ ਓਸਦਾ ਓਨੂੰ ਦੇਕਰਕਫੇਰਆਪਛਕਦਾ ਕ੍ਰਿਪਾਧਾਰਬਾਬਾ। ੩੨੭ ॥ ਤਥਾ ॥ ਕੈਸਾ ਪੂਰਨ ਖਿਆਲਹੈ ਬ੍ਰਹਮਗਿਆਨੀ ਨਾਮ ਦੇਵਦਾ ਅਪਰ ਅਪਾਰਲੋਕੋ । ਭੇਖਧਾਰੀਓ ਰੋਤਿਓ ਖਿਆਲ ਕਰਿ ਓ ਏਸ ਬਾਤ ਨੂੰ ਸਮਝ ਵਿਚਾਰਲੋਕੋ। ਕੇਵਲ ਨਾਲ ਜੁਬਾਨਦੇ ਆ ਖ ਦੇਣਾ ਏਕ ਬ੍ਰਹਮ ਭੀਆ ਨਾਸ਼ਕਾਰ ਲੋਕੋ । ਕੋਈ ਆਪਣੀਕਰ

ਮਸਾਲ ਦਸੋ ਕਾਲ਼ਾ ਸਿੰਘ ਆਖੇ ਵਾਰਵਾਰ ਲੋਕੋ ॥ ੩੨੮ ॥

ਪ੍ਰਸੰਗ ਬਾਬੇ ਦਾ ਦੁਵਾਰਕਾ ਦੇ ਰਾਹ ਵਿਚ ਮੁਗਲ ਰੂਪ ਨਾਲ ਚਲਿਆ ਉਮਰ ਸਾਲ ੧੨

ਨਾਮਦੇਵ ਜੀ ਦੇਸ ਦਾ ਸੈਲ ਕਰਦੇ ਸਤਿ ਧਰਮ ਪ੍ਰਚਾਰ ਚਲਾਂਮਦੇ ਨੇ। ਝੂਠੇ ਫੰਧ ਤੋਂ ਲੋਕ ਵਚਉਣ ਖਾਤ੍ਰ ਗੇੜਾ ਦੇਸਸਾਰੇ ਵਿਚ ਲਾਂਮਦੇ ਨੇ। ਮੜੀ ਗੋਰ ਭੈਰੋਂ ਭੂਤ ਦੇਵਦੇਵੀ ਛਡਵਾਇ ਅਕਾਲ਼ ਜਪਾਂਮਦੇ ਨੇ। ਘਰਤੋਂ ਚਲ ਰਾਹੇਪਏ ਦੁਵਾਰਕਾਦੇ ਪਿੰਡੋਂ ਪਿੰਡਾਂਵਿਚੀਂ ਚਲੇ ਜਾਮਦੇ ਨੇ। ਰਸਤੇ ਵਿਚ ਕਿਸੇ ਪਿੰਡ ਰਾਤ ਪੈਂਦੀ ਓਸੇ ਪਿੰਡ ਪ੍ਰਚਾਰ ਸੁਣਾਂਮਦੇ ਨੇ। ਛੱਟਾ ਦੇਕੇ ਨਾਮ ਦਾ ਤੁਰਨਭਲਕੇ ਏਸੇਤੋਰ ਬਹੁਤੀ ਡੇਰ ਲਾਂਮਦੇਨੇ। ਕਹੱਤ੍ਰ ਸਾਲੋਂ ਬਹੱਤ੍ਰਾਫੇਰ ਆਇਆ ਮਹਾਰਾਜ ਇਉਂ ਉਮਰ ਬਤਾਂਮਦੇਨੇ। ਕਾਲ਼ਾ ਸਿੰਘ ਕਈ ਰੋਜ ਗੁਜਰ ਗਏ ਰਾਹਿ ਵਿਚ ਜਾਂਦੇ ਥੱਕ ਜਾਂਮਦੇਨੇ ॥ ੩੨੯ ॥ ਤਬਾ ॥ ਮਹਾਰਾਜ ਦੇ ਚਿਤ ਸੰਕਲਪ ਹੋਇਆ ਕੋਈ ਮਿਲੇ ਸਾਥੀ ਦਿਲੀ ਚਾਮ ਦਾ ਹੈ। ਵਾਟ ਕੱਟਹੋਵੇ ਘੋੜੀ ਮਿਲੇਕੋਈ ਅਸਵਾਰੀ ਨੂੰ ਚਿਤ ਲਲਚਾਂਮਦਾ ਹੈ। ਈਹੋ ਉਠਿਆ ਸੀ ਸੰਕਲਪ ਚਿਤੋਂ ਓਦਰ ਖੇਡ ਅਕਾਲ ਰਚਾਂਮਦਾ ਹੈ। ਨਾਮਦੇਵ ਤੇ ਭਾਣਾ ਮਨਾਉਣ ਖਾਤ੍ਰ ਪਰਖ ਕਰਨ ਦਾ ਖੇਲ ਬਣਾਂਮਦਾਹੈ। ਸ਼ਕਤੀ ਆਪਣੀ ਦਾ ਮੁਗਲ ਰੂਪਕੀਤਾ ਘੋੜੀ ਉਤੇ ਅਸਵਾਰ ਹੋ ਜਾਂਮਦਾਹੈ। ਨਾਮਦੇਵ ਜੀਨੂੰ ਆਕੇ ਹੁਕਮ ਦਿੰਦਾ ਮੁਗਲ ਰੂਪ ਮੁਖ ਵਾਕ ਅਲਾਂਮਦਾਹੈ। ਓਇ ਰਾਹੀਮੇਰੀ ਘੋੜੀ ਹੁਣੇ ਸੂਈ ਨਹੀਂ ਤੁਰਿਆ ਵਛੇਰੇ ਤੋਂ ਜਾਂਮਦਾ ਹੈ। ਏਸੇ ਲਈ ਵਛੇਰੇ ਨੂੰ ਚੁਕ ਲੈ ਤੂੰ ਮੁਗਲ ਰੂਪ ਏ ਆਖ ਸੁਣਾਂਮਦਾ ਹੈ। ਬਾਬੇਸੋਚਿਆ ਥਕਿਆ ਬਹੁਤ ਸੂਮੇਂ ਘੋੜੀ ਚੜਨ ਸੰਕਲਪ ਉਠਾਂਮਦਾਹੀ ਸਗੋਂ ਹੋਰ ਬਕੇਵੇਂਦਾ ਕੰਮਪਿਆ ਜਾਣੀਜਾਣ ਵਿਚਾਰ ਦਿੜਾਂਮਦਾ ਹੈ। ਸਾਰੇ ਜਾਣਦਾ ਪੁਰਖ ਅਕਾਲ਼ਹੈਗਾ ਬ੍ਰਹਮ ਗਿਆਨ ਵਿਚਖੇਡ ਖਡਾਂਮਦਾਹੈ। ਕਹਿੰਦਾਵਿਓ ਵਛੇਰਾ ਮੈਂ ਚੁਕ ਲਵਾਂ ਆਪ ਮੋਢਿਆਂ

Sri Satguru Jagjit Singh Ji Elibrary NamdhariElibrary@gmail.com

ਉਪਰ ਉਠਾਂਮਦਾ ਹੈ। ਬਾਬਾ ਵਾਹਿਗੁਰੂ ਜਾਣਕੇ ਬਚਨ ਕਰਦਾ ਕਾਲਾ ਸਿੰਘ ਨਾਲੇ ਗੁਣ ਗਾਂਮਦਾ ਹੈ ॥ ੩੩੦ ॥

ਰਾਗ ਤਿਲੰਗ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਹਲੇਯਾਰਾਂਹਲੇਯਾਰਾਂਖੁਸਖਬਰੀ ॥ ਬਲਿਬਲਿਜਾਉਹਉਬਲਿਬਲਿਜਾਉ ॥ ਨੀਕੀਤੇਰੀਬਿਗਾਰੀ ਆਲੇਤੇਰਾਨਾਉ ॥ ੧ ॥ ਰਹਾਉ ॥ ਕੁਜਾਆਮਦਕੁਜਾਰਫਤੀਕੁਜਾਮੇਰਵੀ ॥ ਦ੍ਵਾਰਕਾਨਗਰੀਰਾਸਿਬ੍ਰਗੋਈ ॥ ਖੂਬਤੇਰੀਪਗਰੀਮੀਠੇਤੇਰੇਬੋਲ ॥ ਦ੍ਵਾਰਕਾਨਗਰੀਕਾਹੇਕੇਮਗੋਲ ॥ ੨ ॥ ਚੰਦੀਹਜਾਰਆਲਮਏਕਲਖਾਨਾ ॥ ਹਮਚਿਨੀਪਾਤਿਸਾਹਸਾਂਵਲੇਬਰਨਾ ॥ ੩ ॥ ਅਸਪਤਿਗਜਪਤਿਨਰਹਨਰਿੰਦ ॥ ਨਾਮੇਕੇਸ੍ਵਾਮੀਮੀਰਮੁਕੰਦ ॥ ੪ ॥ ੨ ॥ ੩ ॥ ੩੩੧ ॥

ਟੀਕਾ ਕਬਿਤ ॥ ਰਾਗ ਹੈ ਤਿਲੰਗ ਮੁਖ ਵਾਕ ਸ੍ਰੀ ਨਾਮਦੇਵ ਬਾਬੇ ਜੀ ਦੇ ਛਾਂਈ ਪਹਿਲੇ ਮੁਗਲ ਕੋ ਬੁਲਾਉਂਦਾ। ਹੇ ਮਿੱਤ੍ਰ ਹੇ ਮਿੱਤ੍ਰ ਰਾਜੀ ਪ੍ਰਸਿੰਨ ਹੈਂ ਤੂੰ ਸ੍ਰੀ ਨਾਮਦੇਵ ਅੱਗੋਂ ਉਤ੍ਰ ਸੁਣਾਉਂਦਾ। ਵਲਿਹਾਰ ਵਲਿਹਾਰ ਮੈਂ ਵਾਰ ਵਾਰ ਜਾਂ ਤੇਰੀ ਜੋ ਵਿਗਾਰ ਮੈਨੂੰ ਚੰਗਾ ਕੰਮ ਭਾਉਂਦਾ। ਆਲੇ ਤੇਰਾ ਨਾਮ ਮੈਨੂੰ ਵਾਹਿਗੁਰੂ ਜੀ ਚੰਗਾ ਲਗੇ ਦਸੋ ਹੇ। ਗਲ ਕਿੱਥੋਂ ਆਇ ਹੋਂ ਅਲਾਉਂਦਾ। ਕਿਥੇ ਗਏ ਸੋ ਦਸੋ ਜਾਉਗੇ ਕਿਦਰਤਾਂਈ ਦੁਵਾਰਕਾ ਨੂੰ ਜਾਣ ਵਾਲੇ ਸੱਚ ਮੈਂ ਪੁਛਾਉਂਦਾ ॥ ੩੩੨ ॥ ਕਬਿਤ ॥ ਸੋਹਣੀ ਤੇਰੀ ਪੱਗ ਮਿੱਠੇ ਬਚਨ ਸ੍ਰਿਦ੍ਰ ਤੇਰੇ ਦੁਵਾਰਕਾ ਨਗਰ ਵਿਚ ਮੁਗਲ ਕਾਹਨੂੰ ਜਾਉਂਦਾ। ਤੂੰਤਾਂ ਹੈਂ ਅਕਾਲ ਪੁਰਖ ਸਾਰੇ ਖੇਲ ਕਰਨਵਾਲਾ ਕਈ ਜੋ ਹਜਾਰ ਤੇਨੂੰ ਜੱਗ ਜਾਣ ਜਾਂਉਦਾ। ਸੋਹਣੇ ਰੰਗ ਵਾਲੇ ਮੇਰੇ ਮੁਗਲ ਰੂਪ ਪਾਤਿਸ਼ਾਹ ਸਾਰੇ ਜੱਗਵਿਚਮੈਨੂੰਤੂੰਹੀਂ ਦਿਸਆਉਂਦਾ। ਸੱਤਾਂ ਮੂੰਹਾਂ ਵਾਲੇ ਘੋੜੇ ਸੂਰਜ ਦਾ ਪਤੀ ਹੈਂ ਤੂੰ ਐਰਾਪਤਿ ਹਾਥੀਦਾਤੂੰ ਮਾਲਕ ਸਦਾਉਂਦਾ। ਇੰਦ੍ਰ ਆਦਮੀ ਦਾ ਰਾਜਾ ਨਾਮਦੇਵਜੀ ਦਾ ਪਾਤਿਸ਼ਾਹ ਸਾਰਿਆਂ ਤੋਂ ਵਡਾ ਮੁਕਤ ਦਾਇਕਤੂੰ ਕਹਾਂਉਦਾ॥ ਤਥਾ ਬੈਂਤ॥ ਨਾਮਦੇਵਜੀਨੇ ਵਡੇ ਬਚਨ ਕੀਤੇ ਮੁਗਲ ਰੂਪਜੋਵਾਹਿਗੁਰੂ ਧਾਰਿਆ ਹੈ। ਓਸੇ ਜੋਤਨੂੰ ਚਿਤ ਬਸਾਕੇਤੇ ਅੰਤ੍ਰ ਧਿਆਨ ਪਸਾਰ ਪਸਾਰਿਆਹੈ। ਖੁਸ਼ੀ ਹੋਇਕੇ ਬਾਬੇਦੀਦਾਰਕੀਤਾ ਸਚੇ ਵਾਹਿਗੁਰੂ ਬਾਬੇ

Sri Satguru Jagjit Singh Ji Elibrary NamdhariElibrary@gmail.com

ਨੂੰ ਤਾਰਿਆ ਹੈ। ਕਾਲ੍ਹਾ ਸਿੰਘ ਅਨੰਦ ਦੇ ਵਿਚ ਆ ਕੇ ਮਹਾਂਰਾਜ ਜੀ ਸ਼ਬਦ ਉਚਾਰਿਆ ਹੈ॥ ੩੩੩ ॥

ਰਾਗ ਟੋਡੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ੭੨ ਸਾਲ

ਤ੍ਰੀਨਛੈਦੇਖੇਲੁਆਛੈ ॥ ੧ ॥ ਰਹਾਉ ॥ ਕੁੰਭਾਰਕੇਘਰਹਾਂਡੀਆਛੈਰਾਜਾਕੇਘਰਸਾਂਡੀਗੋ ॥ ਬਾਮਨਕੇਘਰਰਾਂਡੀਆਛੈਰਾਂਡੀਸਾਂਡੀਹਾਂਡੀਗੋ॥ ੧॥ਬਾਣੀਏਕੇਘਰਹੀਂਗੁਆਛੈਭੈਸਰਮਾਥੈਸੀਂਗੋ ॥ ਦੇਵਲਮਧੇਲੀਗੁਆਛੈਲੀਗੁਸੀਗੁਹੀਗੁਗੋ॥੨॥ਤੇਲੀਕੇਘਰਤੇਲੁਆਛੈਜੰਗਲਮਧੇਬੇਲਗੋ ॥ ਮਾਲੀਕੇਘਰਕੇਲਆਛੈਕੇਲਬੇਲਤੇਲਗੋ ॥ ੩ ॥ ਸੰਤਾਮਧੇਗੋਬਿੰਦਆਛੈਗੋਕਲਮਧੇਸਿਆਮਗੋ ॥ ਨਾਮੇਮਧੇਰਾਮਆਛੈਰਾਮਸਿਆਮਗੋਬਿੰਦਗੋ ॥ ੪ ॥ ੨ ॥ ੩੩੪ ॥

ਟੀਕਾ ਕਬਿੱਤ ॥ ਟੋਡੀ ਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਏਸ ਛੰਦ ਵਿਚ ਭਾਗ ਤਿੰਨ ਹੈ ਸੁਣਾਉਂਦਾ। ਘਰ ਘੁਮਿਆਰ ਸੋਹੇ ਭਾਂਡਿਆਂ ਦੇ ਨਾਲ ਚੰਗਾ ਰਾਜੇ ਦਾ ਜੋ ਘਰ ਫੌਜ ਨਾਲ ਛਬ ਪਾਂਉਦਾ। ਬ੍ਰਾਹਮਣਾਂ ਦਾ ਘਰ ਚੰਗਾ ਵਿਦਿਆ ਦੇ ਨਾਲ ਲਗੇ ਰਾਂਡੀ ਸਾਂਡੀ ਹਾਂਡੀ ਪ੍ਰਸੰਗ ਬਾਬਾ ਗਾਂਉਦਾ। ਬਾਣੀਏ ਦੀ ਹੱਟੀ ਵਿਚ ਹਿੰਗ ਸੋਹਣੀ ਲੱਗਦੀ ਹੈ ਮੱਝੀਆਂ ਦੇ ਮੱਥੇ ਕੁੰਢਾ ਸਿੰਗ ਹੈ ਸੁਹਾਂਉਦਾ। ਠਾਕਰ ਦੁਵਾਰੇ ਵਿਚ ਲਿੰਗ ਸੋਹਣਾ ਲਗਦਾ ਹੈ ਲੀਂਗ ਸੀਂਗ ਹੀਂਗ ਪ੍ਰਸੰਗ ਬਾਬਾ ਲਾਂਉਦਾ ॥ ੩੩੫ ॥ ਕਬਿਤ ॥ ਤੇਲੀਆਂ ਦੇ ਘਰ ਬਹੁਤਾ ਤੇਲ ਸੋਹਣਾ ਲਗਦਾ ਹੈ ਰੋਹੀ ਵਿਚ ਬੇਲ ਚੰਗਾ ਜੰਗਲ ਦਿਸਾਉਂਦਾ। ਮਾਲੀਆਂ ਦੇ ਘਰ ਚੰਗਾ ਪੇੜ ਸੋਣਾ ਲੱਗਦਾ ਹੈ ਕੇਲੁ ਬੇਲੁ ਤੇਲੁ ਪ੍ਰਸੰਗ ਬਾਬਾ ਪਾਂਉਦਾ। ਸੰਤਾਂ ਦੇ ਵਿਚ ਨਾਮ ਵਾਹਿਗੁਰੂ ਦਾ ਚੰਗਾ ਲਗੇ ਗੋਕਲ ਦੇ ਵਿਚ ਕ੍ਰਿਸ਼ਨ ਦੇਵ ਹੈ ਸੁਹਾਉਂਦਾ। ਕਹੇ ਨਾਮਦੇਵ ਮੈਨੂੰ ਵਾਹਿਗੁਰੂ ਜੀ ਚੰਗਾ ਲਗੇ ਰਾਮ ਸਿਆਮ ਗੋਬਿੰਦ ਬਾਬਾ ਆਖ ਕੇ ਬਤਾਉਂਦਾ। ਜਿਸ ਤਰਾਂ ਪ੍ਰਮਾਨ ਸਾਰੇ ਥਾਂਓ ਥਾਂਈਂ ਸੋਭਦੇ ਨੇ ਮੇਰੇ ਚਿੱਤ ਭਾਂਈ ਨਾਮ ਵਾਹਿਗੁਰੂ ਦਾ ਭਾਉਂਦਾ ॥੩੩੬॥ ਤਥਾ ਬੈਂਤ॥ ਮਹਾਂਰਾਜ ਜੀ ਸ਼ਬਦ ਦਾ ਭੋਗ ਪਾਇਆ ਮੁਗ਼ਲ ਵਿੱਚ ਮਿਲਿਆ ਨਿਰਾਕਾਰ ਸੰਤੋ ਨਾਮਦੇਵ ਜੀ, ਚੱਲ ਪਏ ਤੁਰਤ ਓਥੋਂ ਤੁਰੇ ਦੁਵਾਰਕਾ ਨੂੰ ਸਿੱਧੇ ਸਾਰ ਸੰਤੋ। ਥੋੜੇ ਦਿਨਾਂ ਅੰਦਰ ਪਹੁੰਚ ਗਿਆ

Sri Satguru Jagjit Singh Ji Elibrary NamdhariElibrary@gmail.com

ਬਾਬਾ ਪੁਜਾ ਦੁਵਾਰਕਾ ਵਿੱਚ ਦਰਵਾਰ ਸੰਤੋ । ਜਿਸ ਮੰਦਰ ਦਾ ਕਰੇ ਦੀਦਾਰ ਬਾਬਾ ਅੱਗੋਂ ਕਰਨ ਪੁਜਾਰੀ ਏਕਾਰਸੰਤੋ। ਹੱਥਾਂ ਤੋਂ ਫੜਾਵਾ ਜੋ ਭੇਟ ਮੰਗਣ ਮੂੰਹੋਂ ਆਖਦੇਸੋ ਵਾਰਵਾਰਸੰਤੋ। ਏਸਪੱਥਰ ਦੇ ਠਾਕੁਰ ਨੂੰ ਟੇਕ ਮੱਥਾ ਨਾਮਦੇਵ ਨੂੰ ਕਹਿਨਪੁਕਾਰ ਸੰਤੋ ॥ ੩੩੭ ॥ ਤਥਾ ॥ ਨਾਮਦੇਵ ਜੀ ਹਾਲ ਏਹ ਵੇਖ ਕਰਕੇ ਕਰਦਾ ਚਿੱਤਦੇ ਵਿਚ ਵਿਚਾਰਸਤਿਗੁਰ। ਮੇਰੇ ਵਾਹਿਗੁਰੂਵੱਡ ਬੇਅੰਤਹੈਂਤੂੰ ਕਈਕਰੇ ਰਾਜੇਸ਼ਾਹੂਕਾਰਸਤਿਗੁਰ। ਕਈਹੱਥਾਂਨੂੰਅੱਡਕੇਮੰਗਦੇਨੇ ਐਵੇਂ ਫਿਰਨ ਕਈ ਬੇਰੁਜ਼ਗਾਰ ਸਤਿਗੁਰ। ਕਾਲਾ ਸਿੰਘ ਜਿੱਥੇ ਤੂੰਹੀਂ ਆਪ ਰੱਖੇਂ ਓਥੇ ਅਸੀ ਰਹੀਏ ਕ੍ਰਿਪਾਧਾਰ ਸਤਿਗੁਰ ॥

ਰਾਗ ਗੂਜਰੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਜੌਰਾਜਦੇਹਿਤਕਵਨਬਡਾਈ ॥ ਜੌਭੀਖਮੰਗਾਵਹਿਤਕਿਆਘਟਿਜਾਈ ॥ ੧ ॥ ਤੂੰਹਰਿਭਜੁਮਨਮੇਰੇ ਪਦੁਨਿਰਬਾਨੁ ॥ ਬਹੁਰਿਨਹੋਇਤੇਰਾਆਵਨੁਜਾਨੁ॥ ੧॥ਰਹਾਉ॥ ਸਭਤੈਉਪਾਈਭਰਮਿਭੁਲਾਈ॥ ਜਿਸਤੂੰਦੇਵਹਿਤਿਸਹਿਬੁਝਾਈ॥ ੨॥ਸਤਿਗੁਰਮਿਲੈਤਸਹਸਾਜਾਈ॥ ਕਿਸੁਹਉਪੂਜਉਦੂਜਾਨਦਰਿਨ ਆਈ॥ ੩॥ ਏਕੈਪਾਥਰਕੀਜੈਭਾਉ॥ਦੂਜੈਪਾਥਰਧਰੀਐਪਾਉ॥੪॥ਜੇਓਹੁਦੇਉਤਓਹੁਭੀਦੇਵਾ॥ ਕਹਿ ਨਾਮਦੇਉਹਮਹਰਿਕੀਸੇਵਾ ॥੪ ॥੧॥

ਟੀਕਾ ਕਬਿਤ ॥ ਗੂਜਰੀਹੈ ਰਾਗ ਮੁਖਵਾਕ ਸ੍ਰੀ ਨਾਮਦੇਵ ਵਾਹਿਗੁਰੂ ਦੇ ਅੱਗੇ ਇਹੋ ਬੇਨਤੀ ਸੁਣਾਂਮਦਾ। ਜੇਤੂੰ ਦੇਵੇਂ ਰਾਜ ਤਾਂਤੇ ਕੀ ਵਡਿਆਈ ਤੇਰੀ ਭੀਖਜੇ ਮੰਗਾਂਵੇ ਕੁਝ ਘਟਦੀ ਨਾਂ ਜਾਂਮਦਾ। ਮੇਰੇ ਮਨ ਸ਼ੁਧ ਪਦ ਵਾਹਿਗੁਰੂ ਨੂੰ ਜਾਦਕਰ ਆਂਵਣਾ ਤੇ ਜਾਂਣਾ ਤੇਰਾ ਸਾਰਾ ਮਿਟ ਜਾਂਮਦਾ। ਜਿੰਨਾਂ ਜਗ ਸਾਜਿਆ ਸੋ ਤੇਰੇ ਤਾਂਈ ਭੁਲਿਆਹੈ ਛੱਡਕੇਤੇ ਤੈਨੂੰ ਰੱਬ ਹੋਰਹੈ ਬਣਾਂਮਦਾ। ਜਿਸਨੂੰ ਤੂੰ ਦੱਸ ਦੇਵੇਂ ਪਤਾ ਓਹਨੂੰ ਲੱਗਦਾ ਹੈ ਪੂਰਾ ਗੁਰੂ ਮਿਲੇ ਸਾਰੇ ਸੰਸੇ ਮਿਟਾਂਮਦਾ ॥ ੩੪੧ ॥ ਕਬਿਤ ॥ ਮੈਨੂੰ ਏਹ ਪੁਜਾਰੀ ਕਹਿੰਦੇ ਪੱਥਰਾਂ ਨੂੰ ਟੇਕ ਮੱਥਾ ਤੇਰੇ ਬਿਨਾਂ ਮੈਨੂੰ ਨਹੀਂ ਕੋਈ ਦਿਸ ਆਂਮਦਾ। ਮੰਦ੍ਰ ਦੇ ਪੁਜਾਰੀਆਂਨੂੰ ਬਾਬਾ ਉਪਦੇਸ਼ਕਰੇ ਦੁਵਾਰਕਾਦੇ ਵਿਚਹੈ ਸ਼ਬਦ ਇਹੋ ਗਾਂਮਦਾ। ਇਕ ਜੋ ਪੱਥਰ ਤਾਂਈ ਤੁਸੀ ਭਾਵੀ ਪੂਜਦੇਹੋ ਦੂਜੇ

ਉਤੇ ਪੱਥਰਾਂ ਦੇ ਜੱਗ ਪੈਰ ਲਾਂਮਦਾ। ਜੇ ਇਹੋ ਦੇਵਤੇ ਤਾਂ ਉਹਵੀ ਜਾਣੋ ਦੇਵਤੇ ਨੇ ਪੱਥਰਾਂ ਦਾ ਰੂਪ ਸਾਰੇ ਪੱਥਰ ਦਿਸਾਂਮਦਾ। ਕਹੇ ਨਾਮਦੇਵ ਮੈ ਤਾਂ ਇਕ ਪੂਜਾਂ ਵਾਹਿਗੁਰੂ ਨੂੰ ਓਸਤੋ ਬਗੈਰ ਨਹੀਂ ਕਿਸੇ ਨੂੰ ਧਿਆਂਮਦਾ ॥ ੩੪੨ ॥

ਪ੍ਰਸੰਗ ਦੁਵਾਰਕਾ ਵਿਚ ਉਪਦੇਸ਼ ਪ੍ਰਸਰਾਮ ਪੰਡਿਤ ਨੂੰ ਉਮਰ ਸਾਲ ੭੨

ਬੈਂਤ॥ ਵਿੱਚ ਦ੍ਵਾਰਕਾ ਦੇ ਖਬਰਆਮਹੋਈ ਪੰਡਰਪੁਰੋਂ ਨਾਮਦੇਵਜੀ ਲਾਲ ਆਇਆ। ਪੂਰਨ ਬ੍ਰਹਮ ਗਿਆਨੀ ਭਗਤ ਵਾਹਿਗੁਰੂ ਦਾ ਲੋਕ ਆਖਦੇ ਪੁਰਖ ਅਕਾਲ ਆਇਆ।ਮਹਾਂਰਾਜ ਜੀਦਾ ਦਰਸ਼ ਲੋਕ ਪਾਵਨ ਕਈ ਆਖਦੇ ਸੋ ਬ੍ਰਿਜ ਲਾਲ ਆਇਆ।ਪ੍ਰਸ ਰਾਮ ਬਾਂਮਣ ਪੰਡਾ ਦੁਵਾਰਕਾਦਾਮਾਨੋ ਓਸਦੇ ਭਾਇਦਾਕਾਲਆਇਆ। ਓਸ ਉਪਮਾਂ ਬਾਬੇ ਦੀ ਸੁਣੀ ਕੰਨੀਂ ਜਾਣੋ ਚਿਤ ਨੂੰ ਵਡਾ ਭੁਚਾਲ ਆਇਆ।ਸੜਕੇ ਜਤਨਕਰਦਾ ਉਤ੍ਰ ਕਰਾਂ ਪ੍ਰਸ਼ਨ ਬਾਬੇ ਨਾਲਏਹੋ ਉਹਨੂੰ ਖਿਆਲ ਆਇਆ।ਏਹੋ ਜੇਹੇ ਸੰਕਲਪ ਓਧਾਰਦਾਸੀ ਪੰਡ ਤ ਤਾਈਂ ਹੰਕਾਰ ਮੁਹਾਲ ਆਇਆ। ਜਾਣੀ ਜਾਣ ਬਾਬਾ ਪੰਡੇਪਾ ਸ ਪੂਜਾ ਤੋੜਨ ਲਈ ਹੰਕਾਰ ਦਿਆਲ ਆਇਆ। ਬੈਠਾ ਕਥਾ ਕ ਰਦਾ ਪ੍ਰਸਰਾਮ ਹੈਸੀ ਲੋਕ ਸੁਣਨ ਖਾਤ੍ਰ ਟਾਲੋ ਟਾਲ ਆਇਆ। ਆਦਰ ਨਾਲ ਬਠਾਲਿਆ ਭਗਤ ਜੀ ਨੂੰ ਪੰਡੇ ਠਾਠ ਕਰਕੇ ਵਡਾ ਜਾਲ ਲਾਇਆ। ਬਾਬਾ ਚਿਤਦੇ ਵਿਚ ਮੁਸਕਾਇਹਸੇ ਪੰਡੇ ਤਾਈਂ ਹੰਕਾਰ ਉਛਾਲ ਆਇਆ। ਪੰਡਾ ਵਿਦਿਆ ਵਿਚ ਘੁਮੰਡ ਭਰਿਆ ਮੂੰਹੋਂ ਬੋਲਦਾ ਜਾਦ ਸੁਵਾਲ ਆਇਆ। ਕਾਲਾ ਸਿੰਘ ਪੰਡੇ ਕਹੇ ਬ ਚਨ ਬੋਲੋ ਮਹਾਰਾਜ ਨੂੰ ਸ਼ਬਦ ਦਾ ਖਿਆਲ ਆਇਆ ॥ ੩੪੩॥

ਰਾਗ ਸੋਰਠ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਅਣਮੜਿਆਮੰਦਲੁਬਾਜੈ ॥ ਬਿਨੁਸਾਵਣਘਨਹਰੁਗਾਜੈ ॥ ਬਾਦਲਬਿਨੁਬਰਖਾਹੋਈ ॥ ਜਉਤਤੁ ਬਿਚਾਰੈਕੋਈ ॥ ੧ ॥ ਮੋਕਉਮਿਲਿਓਰਾਮੁਸਨੇਹੀ ॥ ਜਿਹਮਿਲਿਐਦੇਹਸੁਦੇਹੀ ॥ ੧ ॥ ਮਿਲਿ ਪਾਰਸਕੰਚਨੁਹੋਇਆ ॥ ਮੁਖਮਨਸਾਰਤਨੁਪਰੋਇਆ ॥ ਨਿਜਭਾਉਭਇਆਭ੍ਰਮੁਭਾਗਾ॥ਗੁਰਪੂਛੇ ਮਨੁਪਤੀਆਗਾ ॥ ੨ ॥ ਜਲਭੀਤਰਿਕੁੰਭਸਮਾਨਿਆ ॥ ਸਭੁਰਾਮੁਏਕੁਕਰਿਜਾਨਿਆ ॥ ਗੁਰ

Sri Satguru Jagjit Singh Ji Elibrary NamdhariElibrary@gmail.com

ਰੇਲੇਹੈਮਨੁਮਾਨਿਆ ॥ ਜਨਨਾਮੇਤਤੁਪਛਾਨਿਆ ॥ ੬ ॥ ੩ ॥ ੩੪੪ ॥

ਟੀਕਾ ਕਬਿੱਤ ॥ ਸੋਰਠਹੈ ਰਾਗ ਮੁਖ ਵਾਕ ਸ੍ਰੀਨਾਮਦੇਵਦ੍ਵਾਰਕਾਦੇ ਵਿਚ ਪੰਡੇਤਾਂਈਸਮਝਾਂਮਦਾ। ਇਹੋ ਸੰਸਾਰਸਾਰਾ ਝੂਠਾਪੰਡੇ ਜਾਣ ਲੈਣਾ ਜਿਵੇਂ ਤੇਰੇ ਤਾਈਂ ਉਪਦੇਸ਼ਮੈਂ ਸੁਝਾਂਮਦਾ। ਜੇ ਕੋਈ ਆਕੇ ਕਹੇਬਿਨਾ ਮਣੇਢੋਲਬੱਜਦਾਹੈ ਬਦਲਾਂਤੋਂ ਬਿਨਾ ਮੀਂਹ ਪੈਂਦਾਦਿਸ ਆਮਦਾ। ਜਿਵੇਂ ਏਹੋ ਗੱਲਾਂ ਏਸੇ ਤੌਰ ਸੰਸਾਰ ਝੂਠਾ ਝੂਠ ਦਾ ਪਸਾਰਾ ਭਾਈ ਸਾਰੇ ਦਿਸ ਆਂਮਦਾ ॥ ੩੪੫ ॥ ਕ: ॥ ਜੇਕੋ ਕਹੇ ਬਦਲਾਂ ਤੇ ਬਿਨਾਂ ਬਰਖਾ ਹੋਈ ਭਾਰੀ ਤਤ ਜੋ ਵਿਚਾਰੇ ਤਾਂਹੀ ਸਚ ਦਿਸ ਆਉਂਦਾ। ਇਹੋ ਦ੍ਰਿਸ਼ਟਾਂਤ ਉਪਰੋਕਤ ਵਿਚਾਰ ਲੈਣੇ ਝੂਠਾ ਸੰਸਾਰ ਝੂਠ ਝੂਠ ਨਿਗਾ ਆਉਂਦਾ। ਮੈਨੂੰ ਮੇਰਾ ਪਿਆਰਾ ਵਾਹਿਗੁਰੂ ਆਕੇ ਮਿਲ ਗਿਆ ਹੈ ਮਿਲੇ ਤੇ ਸਰੀਰ ਹੈ ਸੁਫਲ ਹੋਇ ਜਾਉਂਦਾ। ਜਿਸ ਤੌਰ ਲੋਹਾ ਪਾਰਸ ਲੱਗ ਸੋਨਾ ਹੋਂਮਦਾ ਹੈ ਇਸੇ ਤੌਰ ਸੰਤ ਦੀ ਸ਼ਰਨ ਕੋਈ ਆਉਂਦਾ। ਜਿਸ ਤੌਰਤਾਗੇ ਵਿਚ ਰਤਨ ਪਰੋਇ ਜਾਂਦੇ ਇਸੇ ਤੌਰ ਗੁਰੂ ਜੀਨੂੰ ਮਿਲੇ ਸੁਧ ਪਾਉਂਦਾ ॥ ੩੪੬ ॥ ਕ: ॥ ਕਰਕੇ ਭਜਨ ਚਿਤ ਚਾਨਣਾ ਜ਼ਰੂਰ ਹੋਵੇ ਭਰਮ ਭੇਦ ਦਿਲਦੇ ਜੋ ਦੂਰ ਹੈ ਗਮਾਉਂਦਾ ॥ ਗੁਰੂ ਪਾਸੋਂ ਨਾਮ ਪੁਛੇ ਮਨ ਨੂੰ ਭਰੋਸਾ ਆਵੇ ਵਾਹਿਗੁਰੂ ਦਾ ਨਾਮ ਦੁਖ ਦਰਦ ਮਟਾਉਂਦਾ। ਜਿਸ ਤੌਰ ਪਾਣੀ ਵਿਚ ਘੜਾਹੈ ਸਮਾਇਆਹੋਇਆ ਸਾਗਰ ਦੇ ਵਿਚ ਪਾਣੀ ਪਾਣੀ ਮਿਲ ਜਾਉਂਦਾ। ਏਸੇ ਤੌਰ ਮੈਂ ਭੀ ਸੰਸਾਰ ਵਿਚ ਰਬ ਜਾਣਾ ਰੰਮਿਆ ਹੈ ਸਾਰੇ ਮੈਨੂੰ ਸਾਰੇ ਦਿਸ ਆਉਂਦਾ। ਗੁਰਾਂ ਨਾਲ ਦਾਸ ਦਾ ਜ਼ਰੂਰ ਮਨ ਮੰਨਿਆ ਹੈ ਨਾਮਾ ਵਾਹਿਗੁਰੂ ਦੀ ਪਛਾਣ ਮਨ ਪਾਉਂਦਾ ॥ ੩੪੭ ॥ ਬੈਂਤ ॥ ਸੁਣਨ ਵਾਲਿਆਂ ਦੇ ਚਿਤ ਖੁਸ਼ੀ ਹੋਏ ਧੰਨ ਧੰਨ ਸਾਰੇ ਮੁਖੋਂ ਟਾਰਦੇਸੇ। ਪੰਡਾ ਫਸਿਆ ਸੰਸਾਰ ਦੀ ਲਾਜ ਅੰਦਰ ਖਚਤ ਹੋਏ ਦੀ ਸੁਰਤ ਨੂੰ

Sri Satguru Jagjit Singh Ji Elibrary NamdhariElibrary@gmail.com

ਮਾਰਦੇ ਜੇ। ਪਰਸ ਰਾਮ ਨੀਂ ਵਿਲੋਂ ਅਨੰਦ ਹੋਇਆ ਓਸੇ ਤੌਰ ਦੀਆਂ ਗੱਲਾਂ ਮਾਰਦੇ ਜੇ। ਓਹਨੂੰ ਵਿਦਿਆ ਦਾ ਹੈਸੀ ਮਾਣ ਭਾਰਾ ਬਾਬੇ ਤਾਂਈਂ ਪੰਡਾ ਹੇ ਪੁਕਾਰਦੇਜੇ। ਮਹਾਰਾਜ ਤੁਸੀਂ ਬਚਨ ਸਤ ਆਖੋਮੈਨੂੰ ਦਸੋਖਿਆਲ ਸੰਸਾਰਦੇਜੇ। ਸਚਕਹੋ ਸ੍ਰਿਸ਼ਟੀਬਣੀ ਕਿਸ ਤਰਾਂ ਹੈ ਪੰਡਿਤ ਚਿਤ ਅੰਦਰ ਮੁਸਕਾਰਦੇ ਜੇ। ਪ੍ਰਸ਼ਨ ਕਰਿਆ ਭਾਰਾ ਮਹਾਰਾਜ ਅਗੋ ਬਾਮਣ ਚਿਤ ਵਿਚਾਰ ਵਿਚਾਰਦੇਜੇ। ਕਾਲਾ ਸਿੰਘ ਮਹਾਰਾਜ ਦੇਣ ਉਤ੍ਰ ਇਕ ਸ਼ਬਦ ਦੇ ਵਿਚ ਉਚਾਰ ਦੇ ਜੇ॥ ੩੪੮॥

ਰਾਗ ਧਨਾਸਰੀ ਸ਼ਬਦ ਸ੍ਰੀ ਨਾਮਦੇਵ ਉਮਰ ਸਾਲ ੭੨

ਪਹਿਲਪੁਰੀਏਪੁੰਡਰਕਵਨਾ ॥ ਤਾਚੇਹੰਸਾਸਗਲੇਜਨਾ ॥ ਕ੍ਰਿਸ੍ਨਾਤੇਜਾਨਊਹਰਿਹਰਿਨਾਚੰਤੀਨਾਚਨਾ ॥ ੧ ॥ ਪਹਿਲਪੁਰਸਾਬਿਰਾ ॥ ਅਥੋਨਪੁਰਸਾਦਮਰਾ ॥ ਅਸਗਾਅਸਉਸਗਾ ॥ ਹਰਿਕਾਬਾਗਰਾਨਾਚੈਪਿੰਧੀਮਹਿਸਾਗਰਾ ॥ ੧ ॥ ਰਹਾਉ ॥ ਨਾਚੰਤੀਗੋਪੀਜੰਨਾ ॥ ਨਈਆਤੇਬੈਰੇਕੰਨਾ ॥ ਤਰਕੁਨਚਾ ॥ ਭ੍ਰਮੀਆਚਾ ॥ ਕੇਸਵਾਬਚਉਨੀਅਈਏਮਈਏਏਕਆਨਜੀਉ ॥੨॥ ਪਿੰਧੀਉਭਕਲੇਸੰਸਾਰਾ ॥ ਭ੍ਰਮਿਭ੍ਰਮਿਆਏਤੁਮਚੇਦੁਆਰਾ ॥ ਤੂਕੁਨੁਰੇ ॥ ਮੈਜੀ ॥ ਨਾਮਾ ॥ ਹੋਜੀ ॥ ਆਲਾਤੇਨਿਵਾਰਣਾਜਮਕਾਰਣਾ ॥ ੩ ॥ ੪ ॥ ੩੪੯ ॥

ਟੀਕਾ ਬੈਂਤ॥ ਮੁਖ ਵਾਕ ਧਨਾਸਰੀ ਰਾਗ ਅੰਦਰ ਬਾਬਾ ਪੰਡੇ ਦੇ ਤਾਈਂ ਸੁਣਾਂਮਦਾ ਏ। ਪਹਿਲੇ ਸਰਬ ਤੋਂ ਇਕ ਅਕਾਲ ਸਰਾ ਚਿਟਾ ਕਵਲ ਦਾ ਫੁਲ ਸੁਹਾਂਮਦਾ ਏ। ਓਸ ਫੁਲ ਵਿਚੋਂ ਬ੍ਰਹਮਾਂ ਖਾਸ ਬਣਿਆ ਬ੍ਰਹਮੇ ਅਗੇ ਸੰਸਾਰ ਹੋ ਜਾਂਮਦਾਏ। ਸ਼ੰਕਾ ਪੰਡਾ ਬ੍ਰਮਾਂ ਪਹਿਲੇ ਕਿਵੇਂ ਬਣਿਆ ਬਾਬਾ ਦਸ ਕਿਉਂ ਨਹੀਂ ਸਮਝਾਂਮਦਾਏ। ਉਤ੍ਰ ਬਾਬਾ ਪਹਿਲੇ ਪਹਿਲ ਵਾਹਿਗੁਰੂ ਸੀ ਕੀਤੀ ਇਛਿਆ ਖੇਲ ਰਚਾਂਮਦਾਏ। ਕਹੇ ਇਕ ਤੋਂ ਮੈਂ ਅਨੇਕ ਹੋਵਾਂ ਫੇਰਮਾਇਆ ਨੂੰ ਆਪ ਬਣਾਂਮਦਾਏ। ਫੇਰ ਮਾਇਆ ਤੇ ਬਣੀ ਹੈ ਕੁਲ ਸ੍ਰਿਸ਼ਟੀ ਪਾਇਆ ਭਾਵ ਵਾਹਿਗੁਰੂ ਵਿਚ ਆਂਮਦਾਏ। ਭਾਵ ਵਾਹਿਗੁਰੂ ਸ਼ਕਤੀ ਦੇ ਨਾਲ ਮਿਲਿਆ ਰੂਪ ਦੋਹਾਂ ਦਾ ਇਕ ਹੋ ਜਾਂਮਦਾਏ। ਮਿਲਕੇ ਦੋਹਾਂ ਨੇ ਸਾਰਾ ਸੰਸਾਰ ਕੀਤਾ ਵਾਹਿਗੁਰੂ ਏਹ ਬਾਗਲਗਾ

ਮਦਾਏ। ਵਿਚ ਜੀਵਾਂ ਦੇ ਵਾਹਿਗੁਰੂ ਆਪ ਨਚੇ ਜਿਵੇਂ ਟਿੰਡਾਂ ਵਿਚ ਪਾਣੀ ਸੁਹਾਂਮਦਾ ਏ। ਜਿਕਰ ਖੂਹ ਦੀਆਂ ਟਿੰਡਾਂ ਵਿਚ ਪਾਣੀ ਨਚਦਾ ਇਕਰ ਸਰਬ ਵਿਚ ਰਾਮ ਸਮਾਂਮਦਾਏ। ਓਹਦੀ ਸਤਿਆ ਇੰਦ੍ਰੀਆਂ ਸਰਬ ਨਚਣ ਅਖਾਂ ਦੇਖਣ ਹਥ ਹਿਲ ਹਿਲਾਂਮਦਾ ਏ। ਓਹਦੀ ਸਤਿਆ ਤੋਂ ਬਿਨਾਂ ਕੌਣ ਦਸੋ ਨਾਲ ਸਤਿਆ ਖੇਲਖਲਾਂਮਦਾ ਏ। ਮੇਰੀ ਬਾਤ ਤੇ ਤਰਕ ਨਾਂ ਕਰੀਂ ਪੰਡੇ ਤੇਰੀ ਸ਼ੱਕ ਤੇ ਭਰਮ ਮਟਾਂਵਦੇ। ਵਾਹਿਗੁਰੂ ਜੀਦਾ ਏਹੋ ਬਚਨ ਭਾਈ ਜਗਤ ਰੂਪ ਮੇਰਾ ਨਜਰ ਆਂਮਦਾਏ। ਇਹੋ ਬਚਨ ਮੇਰਾ ਚਿਤ ਵਿਚ ਧਾਰੋ ਨਿਹਚਾ ਕਰੋ ਮੈਂ ਆਖ ਸੁਣਾਂਮਦਾਏ। ਮੁਕਤ ਹੋਣਦੀ ਹੈ ਜੀਨੂੰ ਲੋੜ ਭਾਈ ਕਰੇ ਭਜਨ ਕਰਤਾਰ ਮੈਂ ਗਾਂਮਦਾਏ। ਜਿਕਰ ਵਿਚ ਖੂਹੇ ਟਿੰਡਾਂ ਭੌਂਦੀਆਂ ਨੇ ਹੇਠ ਉਪਰ ਗੇੜਾ ਮਾਲ ਖਾਂਮਦਾਏ। ਏਸੇ ਤਰਾਂ ਅਸੀਂ ਜਨਮੋ ਜਨਮ ਭੌਂਦੇ ਬੂਹੇ ਤੇਰੇ ਆਡਿਗੇ ਅਲਾਂਮਦਾਏ। ਅਗੋਂ ਕਹੂ ਅਕਾਲ ਤੂੰ ਕੌਣ ਹੈਗਾ ਕੇੜੇ ਕੇੜੇ ਦਾ ਹੁਕਮ ਸੁਣਾਂਮਦਾ ਏ। ਫੇਰ ਜੀਵ ਏਹ ਬੇਨਤੀ ਕਰੇ ਅਗੋਂ ਮੈਂ ਜੀ ਨਾਮਾ ਤੇ ਨਾਮਾ ਜਨਾਂਮਦਾਏ। ਅਕਾਲ ਪੁਰਖ ਆਖੂ ਕੀ ਤੂੰ ਚਾਹਮਦਾ ਹੈਂ ਅਗੋਂ ਜੀਵ ਏਹ ਅਰਜ਼ ਸੁਣਾਂਮਦਾਏ। ਅੰਧਕੂਪ ਸੰਸਾਰ ਤੋਂ ਕੱਢ ਮੈਨੂੰ ਡੰਡਾ ਜਮਾਂ ਦਾ ਸੈਹਿਆ ਨਾਂ ਜਾਂਮਦਾ ਏ। ਜਨਮ ਮਰਨ ਦਾ ਹੈ ਦੁਖਵਡਾ ਕਾਰਨ ਨਾਮਦੇਵ ਜੀ ਹੋਕਾ ਫਿਰਾਂਮਦਾ ਏ ॥ ੩੫੦ ॥

ਰਾਗ ਪ੍ਰਭਾਤੀ ਸ਼ਬਦ ਸ੍ਰੀ ਨਾਮਦੇਵ ਜੀ ਸਿਫਤ ਅਕਾਲ ਪੁਰਖ ਦੀ ਉਮਰ ਸਾਲ ੭੨

ਆਦਿਜੁਗਾਦਿਜੁਗਾਦਿਜੁਗੋਜੁਗੁਤਾਕਾਅੰਤੁਨਜਾਨਿਆ ॥ ਸਰਬਨਿਰੰਤਰਿਰਾਮੁਰਹਿਆਰਵਿਐਸਾਰੂਪੁਬਖਾਨਿਆ ॥ ੧ ॥ ਗੋਬਿੰਦੁਗਾਜੈਸਬਦੁਬਾਜੈ ॥ ਆਨਦਰੂਪੀਮੇਰੋਰਾਮਈਆ ॥ ੧ ॥ ਰਹਾਉ ॥ ਬਾਵਨਬੀਖੂਬਾਨੈਬੀਖੇਬਾਸੁਤੇਸੁਖਲਾਗਿਲਾ॥ ਸਰਬੇਆਦਿਪਰਮਲਾਦਿਕਾਸਟਚੰਦਨੁਭੈਇਲਾ ॥੨॥ਤੁਮਚੇਪਾਰਸੁਹਮਚੇਲੋਹਾਸੰਗੇਕੰਚਨੁਭੈਇਲਾ॥ਤੂਦਇਆਲੁਰਤਨੁਲਾਲੁਨਾਮਾਸਾਚਿਸਮਾਇਲਾ ॥ ੩ ॥ ੨ ॥ ੩੫੧ ॥

ਟੀਕਾ ਕਬਿੱਤ ॥ ਰਾਗ ਪ੍ਰਭਾਤੀ ਮੁਖਵਾਕ ਸ੍ਰੀ ਨਾਮਦੇਵ ਪੰਡੇ ਤਾਈਂ ਕਹੇ ਸੁਣ ਬਾਮਣਾ ਨਿਕਾਣਿਆਂ। ਜੁੱਗਾਂ ਤੋਂ ਵੀ ਪਹਿਲੇ ਇੱਕ

ਵਾਹਿਗੁਰੂ ਸੀ ਆਦਿ ਅੰਤ ਤ੍ਰਿਸਦਾ ਅੰਨਤ ਕਿਸੇ ਜੀਵ ਨਹੀਂ ਜਾਣਿਆਂ। ਸਾਰਿਆਂ ਦੇ ਵਿਚ ਵਸ ਰਿਹਾ ਇਕ ਵਾਹਿਗੁਰੂ ਹੈ ਸ੍ਰੀ ਨਾਮਦੇਵ ਓਹਦਾ ਰੂਪ ਹੈ ਬਖਾਣਿਆਂ। ਜਿਵੇਂ ਪੰਜਾਂ ਸਬਦਾਂ ਦੇ ਬਾਜੇ ਭਾਈ ਵਜਦੇ ਨੇ ਗੁਰੂਜੀਨੂੰ ਮਿਲੇ ਇਹੋ ਮਰਮ ਪਛਾਣਿਆਂ। ਕਃ॥ ਅਨੰਦ ਦਾ ਸਰੂਪ ਮੇਰਾ ਇਕੋ ਸੱਚਾ ਵਾਹਿਗੁਰੂ ਹੈ ਸਾਰਿਆਂ ਦੇ ਵਿਚ ਹੈ ਨਜ਼ਰ ਮੈਨੂੰ ਆਉਂਦਾ। ਜਿਵੇਂ ਵਾਸ ਚੰਨਣ ਦੀ ਲੱਗੇ ਸਾਰੇ ਬ੍ਰਿਛਾਂ ਨੂੰ ਤਿਵੇਂ ਵਿੱਚ ਸਾਰਿਆਂ ਦੇ ਤੂੰਹੀਂ ਦਿਸ ਆਉਂਦਾ। ਲੱਕੜ ਵਤ ਜੀਵ ਚੰਨਣ ਵੱਤ ਸੰਤ ਹੋਇਕੇਤੇ ਸਾਰਿਆਂ ਦੇ ਵਿਚ ਪ੍ਰਕਾਸ਼ਹੈ ਕਰ ਉਂਦਾ। ਅਸਾਂ ਨੀਚਾਂ ਤਾਂਈ ਤੂੰਹੀ ਉਧਕਰ ਲਈਂ ਰੱਬਾ ਵਾਹਿਗੁਰੂਦੇ ਪਾਸ ਇਹੋ ਬੇਨਤੀ ਸੁਣਉਂਦ। ਤੂੰਹੀਂ ਆਪੇ ਪਾਰਸ ਤੇ ਅਸੀਂ ਖਸ ਲੋਹਾ ਰੱਬਾ ਤੇਰੇ ਨਾਲ ਮਿਲ ਸੋਨਾ ਰੂਪ ਹੋਇ ਜਾਉਂਦਾ। ਤੂੰਹੀਂ ਹੈਂ ਦਿਆਲ ਤੇ ਰਤਨ ਲਾਲ ਨਾਮ ਤੇਰਾ ਨਾਮਦੇਵ ਵਿਚ ਸੱਚੇ ਰੂਪਦੇ ਸਮਾਉਂਦਾ॥੩੫੩॥ ਬੈਂਤ॥ ਵਿਦਯਾ ਨਿਮ੍ਰਤਾ ਤੇ ਗਿਆਨਵਾਨ ਹੈਸੀ ਸਰਬ ਗੁਣਾ ਅੰਦਰ ਭਰਪੂਰ ਬਾਬਾ।ਸੁਣਕੇ ਬਚਨ ਪੰਡਿਤਾਂਈ ਬੋਧ ਆਇਆ ਓਹਦੇਕਰੋ ਘੁਮੰਡ ਨੂੰ ਦੂਰ ਬਾਬਾ। ਪੰਡਾ ਜਾਣਦਾ ਸੂ ਅਨਪੜ ਕੋਈ ਸਾਰੇ ਗੁਣਾ ਭਰਪੂਰ ਜ਼ਰੂਰ ਬਾਬਾ। ਹੱਥ ਜੋੜਕੇ ਪੰਡੇ ਨੇ ਅਰਜ਼ ਕੀਤੀ ਕਿਵੇਂ ਪਹੁੰਚੇ ਇਹ ਦਰਜੇ ਹਜ਼ੂਰ ਬਾਬਾ॥ ੩੫੪॥ ਤਥਾ॥ ਬਾਬਾ ਕਹੇ ਇਹੋ ਜਾਣੋ ਵਾਹਿਗੁਰੂ ਜੀ ਮੈਂਤਾਂ ਕੁਝਨੀ ਚੀਜ਼ ਜ਼ਰੂਰ ਭਾਈ। ਕਿਰਪਾ ਓਸਦੀ ਤੇ ਸਭੇ ਕੁਝ ਹੋਵੇ ਕਰਨ ਕਾਰ ਓਹੋ ਜਗਤ ਨੂਰ ਭਾਈ। ਪੰਡਾ ਨਾਲ ਅਧੀਨਗੀ ਅਰਜ ਕਰਦਾ ਕਰੋ ਬਚਨ ਮੇਰਾ ਸੰਸਾ ਦੂਰ ਭਾਈ। ਕਾਲਾ ਸਿੰਘ ਪੰਡੇ ਤਾਈਂ ਬੋਧ ਕਰਦੇ ਇਕ ਸ਼ਬਦ ਬੋਲਣ ਭਰਪੂਰ ਭਾਈ॥ ੩੫੫॥

Sri Satguru Jagjit Singh Ji Elibrary NamdhariElibrary@gmail.com

ਰਾਗ ਧਨਾਸਰੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਦਸਬੈਰਾਗਨਿਮੋਹਿਬਸਿਕੀਨੀਪੰਚਹੁਕਾਮਿਟਨਾਵਉ ॥ ਸਤਰਿਦੋਇਭਰੇਅੰਮ੍ਰਿਤਸਰਿਬਿਖੁਕਉ ਮਾਰਿਕਢਾਵਉ ॥ ੧ ॥ ਪਾਛੈਬਹੁਰਿਨਆਵਨੁਪਾਵਉ ॥ ਅੰਮ੍ਰਿਤਬਾਣੀਘਟਤੇਉਚਰਉਆਤਮਕ ਉਸਮਝਾਵਉ ॥ ੧ ॥ ਰਹਾਉ ॥ ਬਜਰਕੁਠਾਰਮੋਹਿਹੈਛੀਨਾਕਰਿਮਿੰਨਤਿਲਗਿਪਾਵਉ ॥ ਸੰਤਨ ਕੇਹਮਉਲਟੇਸੇਵਕਭਗਤਨਤੇਡਰਪਾਵਉ ॥ ੨ ॥ ਇਹਸੰਸਾਰਤੇਤਬਹੀਛੂਟਉਜਉਮਾਇਆਨਹ ਲਪਟਾਵਉ ॥ ਮਾਇਆਨਾਮੁਗਰਭਜੋਨਿਕਾਤਿਹਤਜਿਦਰਸਨੁਪਾਵਉ ॥ ੩ ॥ ਇਤੁਕਰਿਭਗਤਿ ਕਰਹਿਜੋਜਨਤਿਨਭਉਸਗਲਚੁਕਾਈਐ ॥ਕਹਤਨਾਮਦੇਉਬਾਹਰਿਕਿਆਭਰਮਹੁਇਹਸੰਜਮਹਰਿ ਪਾਈਐ ॥ ੪ ॥ ੨ ॥ ੩੫੬ ॥

ਟੀਕਾ ਕਬਿਤ ॥ ਧਨਾਸਰੀ ਹੈ ਰਾਗ ਮੁਖਵਾਕ ਸ੍ਰੀ ਨਾਮਦੇਵ ਪਰਸਰਾਮ ਪੰਡੇ ਤਾਂਈ ਬਾਬਾ ਸਮਝਾਂਵਦਾ। ਦਸ ਜੋ ਬੈਰਾਗਣਾਂਮੈਂ ਇੰਦ੍ਰੀਆਂ ਵੱਸ ਕਰੀਆਂ ਹੈਂ ਕਾਮ ਤੇ ਕ੍ਰੋਧ ਨਾਮ ਪੰਜਾਂ ਦਾ ਮਟਾਂ ਵਦਾ। ਸੱਤਰ ਪੜਦਿਆਂ ਦੇ ਵਿੱਚ ਦੋਵੇਂ ਮਨ ਬੁਧੀ ਰੈਹਣ ਵਾਲੇ ਉਹਨਾਂ ਨੂੰ ਅੰਮ੍ਰਿਤ ਨਾਮ ਨਾਲ ਮੈਂ ਭਰਾਂਵਦਾ। ਵਿਸ਼ੇ ਰੂਪ ਵਿਖ ਨੂੰ ਮੈਂ ਵਿਚੋਂ ਮਾਰ ਕੱਢਦਾ ਹਾਂ ਰੱਬ ਵਲ ਜਾਵਾਂ ਨਾਂ ਸੰਸਾਰ ਵਿਚ ਜਾਂਵਦਾਂ ॥ ੩੫੭ ॥ ਕਃ ॥ ਅੰਮ੍ਰਿਤ ਰੂਪ ਬਾਣੀ ਰਿਦੇ ਵਿਚ ਮੈਂ ਉਚਾਰਦਾ ਹਾਂ ਆਪਣੇਮੈਂ ਆਤਮੇਨੂੰ ਰੋਜ ਸਮਝਾਉਂਦਾ। ਗਿਆਨ ਦੇ ਖੁਆੜੇ ਨਾਲ ਮੋਹਿ ਬ੍ਰਿਛ ਕੱਟ ਦਿੱਤਾ ਕਰਕੇ ਅਰਜ ਚਰਨੀ ਗੁਰੂ ਦੇ ਪੈ ਜਾਉਂਦਾ। ਜੱਗ ਵਲੋਂ ਹਟਕੇ ਮੈਂ ਸਤਿਗੁਰਾਂ ਦਾ ਸਿੱਖ ਹੋਇਆ ਸੰਤਾਂ ਦੇ ਸੇਵਕਾਂ ਤੋਂ ਡਰ ਹਾਂ ਮੈਂ ਪਾਉਂਦਾ। ਏਸ ਸੰਸਾਰ ਵਲੋਂ ਤਾਂਹੀ ਤੁਸੀ ਛੁਟੋਂ ਭਾਈ ਮਾਇਆ ਦੇ ਵਿਚ ਕੋਈ ਨਹੀਂ ਲਪਟਾਉਂਦਾ ॥ ੩੫੮ ॥ ਕਬਿਤ ॥ ਮਾਇਆ ਨਾਮੁ ਸਾਰਾ ਭਾਰਾ ਦੁੱਖ ਗਰਭ ਜੂਨ ਦਾ ਹੈ ਛੱਡ ਕੇ ਮੈਂ ਏਹਨੂੰਦਰਸ਼ਨ ਵਾਹਿਗੁਰੂ ਦਾ ਪਾਉਂਦਾ। ਏਸ ਰੀਤ ਨਾਲ ਜੇੜ੍ਹਾ ਵਾਹਿਗੁਰੂ ਦਾ ਨਾਮ ਜਪੇ ਉਹੋਸਾਰਾਡਰੁ ਦਿਲੋਂ ਦੂਰ ਹੈ ਗਮਾਂਉਦਾ।ਕਹੇਨਾਮ ਦੇਵ ਭਾਈ ਵਾਹਿਰ ਕਾਹਨੂੰ ਭਰਮਦੇ ਹੋ ਏਸ ਰੀਤ ਨਾਲ ਮੈ ਹਾਂ ਵਾਹਿਗੁਰੂ ਨੂੰ ਪਾਉਂਦਾ।ਏਸੌਤਰਾਂ ਪਾਈਦਾਹੈ ਜਾਣਲਈਂ ਪੰਡਤਾ

Sri Satguru Jagjit Singh Ji Elibrary NamdhariElibrary@gmail.com

ਤੂੰ ਸ੍ਰੀ ਨਾਮ ਦੇਵ ਸਰਬ ਜੀਵਾਂ ਨੂੰ ਸੁਣਾਉਂਦਾ ॥ ੩੫੯ ॥ ਬੈਂਤ ॥ ਪਰਸ ਰਾਮ ਤੇ ਓਸਦੀ ਸਭਾ ਸਾਰੀ ਭਜਨ ਦੱਸ ਸਭ ਦਾ ਬੇੜਾ ਪਾਰ ਕੀਤਾ। ਅੰਮ੍ਰਿਤ ਪਾਨ ਕਰਕੇ ਨਾਮੁ ਜਪਣ ਲੱਗੇ ਬਾਬੇ ਦੁਵਾਰਕਾ ਵਿਚ ਉਧਾਰ ਕੀਤਾ। ਸੇਵਕ ਬਹੁਤ ਕਰਕੇ ਬਾਬਾ ਤੁਰਨ ਲੱਗਾ ਆ ਕੇ ਸਾਰਿਆਂ ਨੇ ਨਮਸਕਾਰ ਕੀਤਾ। ਕਾਲਾ ਸਿੰਘ ਬਾਬੇ ਫੇਰ ਵਿਦਾ ਹੋਕੇ ਰਾਹਿ ਤੁਰਨ ਦਾ ਹੈ ਸਾਰਾ ਕਾਰ ਕੀਤਾ ॥ ੩੬੦ ॥

ਪ੍ਰਸੰਗ ਇਕ ਸੁਵਾਂਗੀ ਸੰਤ ਦਾ ਦੁਵਾਰਕਾ ਵਿਚ ਛਲਿਆ ਉਮਰ ਸਾਲ ੭੨

ਜਿਸ ਆਦਮੀ ਦੇ ਭਗਵੇਂ ਹੋਣ ਲੀੜੇ ਉਹਨੂੰ ਲੋਕ ਆਖਣ ਵਡਾ ਸੰਤ ਭਾਰਾ। ਵਾੜਾ ਬੋਹਿਰ ਦਾ ਫਲੁ ਨਾਂ ਕਦੇ ਦੇਵੇ ਇਹ ਸਮਝ ਲਾਂ ਆਦ ਤੋਂ ਅੰਤ ਭਾਰਾ। ਸਿਰ ਸੁਆਹਿ ਤੇ ਲੰਬੀਆਂ ਜਟਾਂ ਹੋਵਣ ਚੋਲਾ ਹੋਇ ਲੰਬਾ ਮੋਟਾ ਜੰਤ ਭਾਰਾ. ਚਿੱਪੀ ਹੱਥ ਭਾਵੇਂ ਰੁੰਡ ਮੁੰਡ ਹੋਵੇ ਓਹਨੂੰ ਆਖਦੇ ਲੋਕ ਮਹੰਤ ਭਾਰਾ। ਸੁਵਾਂਗੀ ਹੋਵੇ ਜੇ ਢੋਲਦੇ ਮਾਂਗ ਪੋਲਾ ਲੋਕ ਮੰਨ ਦੇ ਓਸਨੂੰ ਕੰਤ ਭਾਰਾ। ਭੇਖ ਵਿਚ ਕਈ ਪੂਰਨ ਸੰਤ ਹੋਸਨ ਨਹੀ ਓਨਾਂ ਦਾ ਆਂਵਦਾ ਅੰਤ ਭਾਰਾ। ਸੰਤਾਂ ਤਾਂਈਂ ਬਦਨਾਮ ਨੇ ਠੱਗ ਕਰਦੇ ਭੇਸ ਧਾਰਦੇ ਹੋਇ ਇਕੰਤ ਭਾਰਾ। ਨਾਮ ਦੇਵ ਜੀ ਵਿਚ ਦੁਵਾਰਕਾ ਦੇ ਨਦੀ ਨਾਉਣ ਗਏ ਕਰਕੇ ਮੰਤ ਭਾਰਾ। ਕੰਢੇ ਉਤੇ ਭਗਵੇਂ ਲੰਬੇ ਚੋਲੇ ਵਾਲਾ ਬੈਠ ਹੋਇਆ ਸੀ ਸਾਧ ਮਹੰਤ ਭਾਰਾ। ਬੈਠਾ ਲਾਈ ਸੁਮਾਧ ਮ੍ਰਿਗਾਨ ਹੇਠਾਂ ਬਗਲੇ ਮਾਂਗੁ ਬੈਠਾ ਮੋਟਾ ਜੰਤ ਭਾਰਾ। ਇਕ ਸੇਠ ਆਕੇ ਬੇੜੀ ਉਪਰ ਚੜ੍ਹਿਆ ਥੈਲੀ ਭੁੱਲ ਗਈ ਧਨੁ ਬੇਅੰਤ ਭਾਰਾ। ਕਾਲਾ ਸਿੰਘ ਏਸੇ ਕੰਢੇ ਭੁਲ ਥੈਲੀ ਪਾਰ ਲੰਘਿਆ ਸੇਠ ਸੁਤੰਤ ਭਾਰਾ॥ ੩੬੧॥ ਇਧਰ ਸੰਤ ਥੈਲੀ ਆਪ ਚੁੱਕ ਕਰਕੇ ਆਸਣ ਆਪਣੇ ਹੇਠ ਲੁਕਾਂਮੰਦਾ ਜੋ। ਪਾਰ ਜਾਇ ਕੇ ਸੇਠ ਨੂੰ ਯਾਦ ਆਈ ਤੁਰਤ ਉਸੇ ਬੇੜੀ ਮੁੜ ਆਮੰਦਾ ਜੇ। ਆਕੇ ਵੇਖਦਾ ਥੈਲੀ ਨਾਂ ਮਿਲੀ ਓਥੋਂ ਚਿੱਤ ਵਿਚ ਵਿਚਾਰ ਦੇ ਲਾਮਦਾ ਜੇ। ਸਾਧ ਵਿਚ

ਸਮਾਧੀ ਦੇ ਮਸਤ ਬੈਠਾ ਚੁੱਕੀ ਨਉਣ ਵਾਲੇ ਮੁਖੋਂ ਗਾਂਮਦਾ ਜੇ। ਨਾਮ ਦੇਵ ਜੀ ਨੂੰ ਸੇਠ ਪੁਛਿਆ ਸੂ ਬਾਬਾ ਮੋੜ ਜੁਵਾਬ ਸੁਣਾਮਦਾ ਜੇ। ਤੇਰੀ ਥੈਲੀ ਦਾ ਅਸਾਂ ਨੂੰ ਪਤਾ ਨਾਂਹੀ ਸੇਠ ਕਹੇ ਤੂੰ ਝੂਠ ਅਲਾਂਮਦਾ ਜੇ। ਤੈਨੂੰ ਰਾਜ ਦਰਬਾਰ ਵਿਚ ਲੈ ਜਾਂਊ ਸੇਠ ਬਾਬੇ ਦੇ ਤਾਂਈ ਬਤਾਂਮਦਾ ਜੇ। ਸੰਤਾਂ ਤਾਂਈ ਬਦਨਾਮ ਜੋ ਕਰਨ ਵਾਲਾ ਸੁਵਾਂਗੀ ਸੰਤ ਵੀ ਉਠ ਕੇ ਆਂਮਦਾ ਜੇ। ਮੂੰਹੋਂ ਬੋਲਦਾ ਥੈਲੀ ਹੈ ਏਸ ਚੁਕੀ ਲੈ ਜਾਓ ਕਤਵਾਲੀ ਸੁਣਾਂਮਦਾ ਜੇ। ਸੁਵਾਂਗੀ ਸੰਤ ਤੇ ਸੇਠ ਵੀ ਰਲ ਕੇ ਦੋਵੇਂ ਉੱਚੀ ਨੀਮੀਆਂ ਗੱਲਾਂ ਅਲਾਂਮਦਾ ਜੇ। ਸ਼ਾਂਤੀ ਰਹੀ ਕ੍ਰੋਧ ਨਾ ਜਰਾ ਕੀਤਾ ਸ਼ਾਂਤੀ ਨਾਲ ਮੁੱਖੋਂ ਬਾਬਾ ਗਾਂਮਦਾ ਜੇ। ਥੈਲੀ ਮੇਰੇ ਜੇ ਪਾਸ ਬਿਛੱਕ ਲੈਜਾ ਤੋੜ ਦਈਂ ਵਿਵਾਇ ਜਨਾਂਮਦਾ ਜੇ। ਏਨੇ ਚਿਰ ਨੂੰ ਗੁਰੂ ਦੀ ਮੇਹਰ ਸੇਤੀ ਬੁੱਲਾ ਨ੍ਹੇਰੀ ਦਾ ਗੱਜ ਕੇ ਆਂਮਦਾ ਜੇ। ਆਸਨ ਓਸ ਪਖੰਡੀ ਦਾ ਉਡ ਗਿਆ ਸੀ ਥੈਲੀ ਮਾਲ ਨੰਗਾ ਹੋ ਜਾਂਮਦਾ ਜੇ। ਸਾਂਤੀ ਨਾਲ ਕਿਹਾ ਬਾਬੇ ਸੇਠ ਤਾਂਈ ਥੈਲੀ ਚੁਕ ਲੈ ਤੇਰੀ ਸੁਣਾਂਮਦਾ ਜੇ। ਸੇਠ ਥੈਲੀ ਨੂੰ ਦੌੜ ਕੇ ਚੁਕ ਆਂਦਾ ਚਰਨੀ ਡਿਗਾ ਤਾਂ ਫੇਰ ਬਖਸ਼ਾਮਦਾ ਜੇ। ਬਾਬਾ ਕਹੇ ਤੈਨੂੰ ਵਾਹਿਗੁਰੂ ਬਖਸ਼ੇ ਸੇਠ ਸੁਵਾਂਗੀ ਨੂੰ ਪਕੜ ਲੈ ਜਾਂਮਦਾ ਜੇ। ਸਾਫਾ ਪਾਇਆ ਪਖੰਡੀ ਦੇ ਵਿਚ ਗਲ ਦੇ ਛਿਤ੍ਰ ਸੇਠ ਹੈ ਭੁਖੀ ਦੇ ਲਾਂਮਦਾ ਜੇ। ਕਾਲਾ ਸਿੰਘ ਪਖੰਡੀ ਦੀ ਵੇਖ ਠੱਗੀ ਨਾਮ ਦੇਵ ਜੀ ਸ਼ਬਦ ਏ ਗਾਂਮਦਾ ਜੇ ॥ ੩੬੨ ॥

ਰਾਗ ਆਸਾ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਸਾਪੁਕੁੰਚਛੋਡੈਬਿਖੁਨਹੀਛਾਡੈ ॥ ਉਦਕਮਾਹਿਜੈਸੇਬਗੁਧਿਆਨੁਮਾਡੈ ॥ ੧ ॥ ਕਾਹੇ ਕਉਕੀਜੈਧਿਆਨੁਜਪੰਨਾ ॥ ਜਬਤੇਸੁਧੁਨਾਹੀਮਨੁਅਪਨਾ ॥ ੧ ॥ ਰਹਾਉ ॥ ਸਿੰਘਚਭੋਜਨੁਜੋ ਨਰੁਜਾਨੈ ॥ ਐਸੇਹੀਠਗਦੇਉਬਖਾਨੈ ॥ ੨ ॥ ਨਾਮੇਕੇਸੁਆਮੀਲਾਹਿਲੇਝਗਰਾ ॥ ਰਾਮਰਸਾਇ ਣਪੀਓਰੇਦਗਰਾ ॥ ੩ ॥ ੪ ॥ ੩੬੩ ॥

ਟੀਕਾ ਕਬਿੱਤ ॥ ਆਸਾ ਰਾਗ ਵਿਚ ਮੁਖ ਵਾਕ ਸ੍ਰੀ ਨਾਮਦੇਵ ਸੁਵਾਂਗੀ ਸੰਤ ਪ੍ਰਤ ਬਾਬਾ ਆਖ ਕੇ ਸੁਣਾਂਮਦਾ। ਸਪ ਕੁੰਜ ਛਡੇ ਬਿਖ

Sri Satguru Jagjit Singh Ji Elibrary NamdhariElibrary@gmail.com

ਮੁਖਤੇ ਨਾਂ ਛੋੜਦਾ ਹੈ ਕਪੜੇ ਰੰਗਾਇ ਭੇਖੀ ਵਿਸ਼ੇ ਨਾਂ ਹਟਾਂਮਦਾ। ਮੀਟਕੇ ਤੇ ਅਖਾਂ ਐਸੀ ਲਾਈ ਹੈ ਸਮਾਧ ਭਾਈ ਜਿਵੇਂ ਪਾਣੀ ਵਿਚ ਧਿਆਨ ਬਗਲਾ ਲਗਾਂਮਦਾ। ਦਸ ਤੂੰ ਪਖੰਡੀ ਕਿਸ ਵਾਸਤੇ ਧਿਆਨ ਲਾਵੇਂ ਜਪੇਂ ਕਾਹਨੂੰ ਜਾਪ ਮਨ ਸੁਧ ਨਾਂ ਦਿਸਾਂਮਦਾ। ਸ਼ੇਰ ਅਤੇ ਤਿਤਰ ਸੁਭਾਨ ਕੁਦਰਤ ਤੇਰੀ ਕਹੇ ਇਕ ਜਾਨਬਰ ਜੰਗਲ ਵਿਚ ਰਹਿਣਾ ਪਾਂਮਦਾ॥ ੩੬੪॥ ਕਃ ॥ ਕਾਹਲੀ ਅ ਤੇ ਮਕਰ ਦੀ ਅਵਾਜ਼ ਮੂੰਹੋਂ ਆਖਦਾ ਹੈ ਸ਼ੇਰ ਵੀ ਉਦਾਸੀ ਜਾੜੋਂ ਮਾਸ ਕੱਢ ਖਾਮਦਾ। ਜੇੜਾ ਪੁਰਸ਼ ਸ਼ੇਰ ਵਾਂਗੂੰ ਮਾਸ ਖਾਨ ਜਾਣਦਾ ਹੈ ਏਸੇ ਤਰਾਂ ਠਗਾਂ ਦਾ ਹੈ ਗੁਰੂ ਸੋ ਸਦਾਂਮਦਾ। ਕਹੇ ਨਾਮਦੇਵ ਮੇਰੇ ਸੁਆਮੀ ਝਗੜਾ ਗਲੋਂ ਲਾਹਿਆ ਏਸ ਜੋ ਪਖੰਡੀ ਦੇ ਤੂੰ ਗਲੋਂ ਨੀ ਲਹਾਂਮਦਾ। ਕਹੇ ਨਾਮਦੇਵ ਭੇਖ ਧਾਰਕੇ ਸੁਆਮੀ ਵਾਲਾ ਦਗੀ ਬਾਜੀ ਝਗੜੇ ਨੂੰ ਦੂਰ ਨੀ ਹਟਾਂਮਦਾ। ਵਾਹਿਗੁਰੂ ਦਾ ਰੂਪ ਨਾਮ ਵਾਹਿਗੁਰੂ ਦਾ ਜਾਪ ਕਰ ਮਿਲੇ ਤੈਨੂੰ ਆਪ ਜੇੜਾ ਵਾਹਿਗੁਰੂ ਸਦਾਂ ਮਦਾ॥ ੩੬੫॥ ਬੈਂਤ ॥ ਮਹਾਰਾਜ ਦਾ ਸਤ ਉਪਦੇਸ਼ ਸੁਣਕੇ ਪਖੰਡੀ ਪੁਰਸ਼ ਚਰਨੀ ਸੀਸ ਲਾ ਦਿਤਾ। ਪਿਛਲੇ ਐਬ ਔਗਣ ਸਾਰੇ ਦੂਰ ਕਰਕੇ ਕੰਨ ਵਿਚ ਬਾਬੇ ਨਾਮ ਪਾ ਦਿਤਾ। ਭਲੇ ਲੋਕ ਤੂੰ ਭੇਖ ਸੁਵਾਂਗ ਛੱਡਦੇ ਘਰੇ ਰਹਿੰਣਦਾ ਹੁਕਮ ਲਗਾ ਦਿਤਾ। ਕਾਲਾ ਸਿੰਘ ਲੱਗਾ ਬੈਠ ਭਜਨਕਰਨੇ ਜਨਮਓਸਦਾਸੁਫਲਕਰਾਦਿਤਾ॥

### ਬਾਬੇ ਜੀਨੇ ਦੁਆਰਕਾ ਤੇ ਮਥਰਾ ਬਿੰਦ੍ਰਾਬਨ ਨੂੰ ਜਾਣਾ ਉਮਰ ਸਾਲ ੭੨

ਬਾਬਾ ਦੁਵਾਰਕਾ ਦੇ ਵਿਚੋਂ ਕੂਚ ਕਰਕੇ ਮਥਰਾ ਬਿੰਦ੍ਰਾਬਨ ਨੂੰ ਆਂ ਮਦਾ ਹੈ। ਰਸਤੇ ਵਿਚ ਹੈ ਮਾਰਵਾੜ ਦੇਸ਼ ਆਇਆ ਤੁਰਕੇ ਓਥੋਂ ਦੀ ਵੀ ਲੰਘ ਜਾਂਮਦਾਹੈ। ਲੱਗੀ ਪਿਆਸ ਤੇ ਚਿੱਤ ਉਦਾਸ ਹੋਇ ਆ ਮੂੰਹੋਂ ਵਾਹਿਗੁਰੂਨਾਮ ਧਿਆਂਮਦਾ ਹੈ। ਮਾਰਵਾੜ ਵਿੱਚ ਪਾਣੀ ਦੀ ਟੋਟ ਭਾਰੀ ਪਾਣੀ ਖੂਹਾਂਦਾ ਡੂੰਘਾ ਦਿਸਾਂਮਦਾ ਹੈ। ਲੱਗੀ ਪਿ

Sri Satguru Jagjit Singh Ji Elibrary NamdhariElibrary@gmail.com

ਆਸ ਭਾਰੀ ਖੂਹਾ ਇਕ ਆਇਆ ਲੱਜ ਡੋਲ ਬਾਝੋਂ ਨਜਰ ਆਂ ਮਦਾ ਹੈ। ਪਾਣੀ ਦੂਰ ਬਹੁਤੀ ਤਾਰੇ ਮਾਂਗੂ ਦਿਸਦਾ ਭਗਤ ਦੇਖ ਹੈ ਰਾਨ ਹੋ ਜਾਂਮਦਾ ਹੈ। ਨਾਮ ਦੇਵ ਪ੍ਰੇਮ ਦੇ ਵਿੱਚ ਆਕੇ ਮਹਾਂਰਾਜ ਦੇ ਸ਼ਬਦ ਨੂੰ ਗਾਂਮਦਾ ਹੈ ॥ ੩੬੭ ॥

ਰਾਗ ਧਨਾਸਰੀ ਸਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੧੨

ਮਾਰਵਾੜਿਜੈਸੇਨੀਰੁਬਾਲਹਾਬੇਲਿਬਾਲਹਾਕਰਹਲਾ ॥ ਜਿਉਕੁਰੰਕਨਿਸਿਨਾਦੁਬਾਲਹਾਤਿਉਮੇਰੈਮਨਿਰਾਮਈਆ ॥ ੧ ॥ ਤੇਰਾਨਾਮੁਰੂੜੋਰੂਪੁਰੂੜੋਅਤਿਰੰਗਰੂੜੋਮੇਰੋਰਾਮਈਆ ॥ ੧ ॥ ਰਹਾਉ ॥ ਜਿਉਧਰਣੀਕਉਇੰਦ੍ਰੁਬਾਲਹਾਕੁਸਮਬਾਸੁਜੈਸੇਭਵਰਲਾ ॥ ਜਿਉਕੋਕਿਲਕਉਅੰਬੁਬਾਲਹਾਤਿਉਮੇਰੈਮਨਿਰਾਮਈਆ ॥ ੨ ॥ ਚਕਵੀਕਉਜੈਸੇਸੂਰੁਬਾਲਹਾਮਾਨਸਰੋਵਰਹੰਸੁਲਾ ॥ ਜਿਉਤਰੁਣੀਕਉਕੰਤੁਬਾਲਹਾਤਿਉਮੇਰੈਮਨਿਰਾਮਈਆ ॥ ੩ ॥ ਬਾਰਿਕਕਉਜੈਸੇਖੀਰੁਬਾਲਹਾਚਾਤ੍ਰਿਕਮੁਖਜੈਸੇਜਲਧਰਾ ॥ ਮਛੁਲੀਕਉਜੈਸੇਨੀਰੁਬਾਲਹਾਤਿਉਮੇਰੈਮਨਿਰਾਮਈਆ ॥ ੪ ॥ ਸਾਧਿਕਸਿਧਸਗਲਮੁਨਿਚਾਹਹਿਬਿਰਲੇਕਾਹੂਡੀਠੁਲਾ ॥ ਸਗਲਭਵਣਤੇਰੋਨਾਮੁਬਾਲਹਾਤਿਉਨਾਮੇਮਨਿਬੀਠੁਲਾ ॥ ੫ ॥ ੩ ॥ ੩੬੯ ॥

ਟੀਕਾ ਕਬਿਤ ॥ ਧਨਾਸ਼ਰੀ ਹੈ ਰਾਗ ਮੁਖਵਾਕ ਸ੍ਰੀ ਨਾਮਦੇਵ ਮਾਰਵਾੜ ਦੇਸ ਵਿਚ ਸ਼ਬਦ ਉਚਾਰਿਆ। ਮਾਰਵਾੜ ਦੇਸ਼ ਵਿਚ ਨੀਰ ਹੈ ਪਿਆਰਾ ਜਿਵੇਂ ਤਿਵੇਂ ਊਠ ਵੇਲਦਾ ਪਿਆਰ ਚਿੱਤ ਧਾਰਿਆ। ਜਿਵੇਂ ਰਾਗ ਘੰਟਾ ਹੇੜਾ ਮ੍ਰਿਗਾਂ ਨੂੰ ਪਿਆਰਾ ਲੱਗੇ ਤਿਵੇਂ ਮੈਂ ਵੀ ਰਾਮ ਚਿੱਤ ਅੰਦਰ ਵਿਚਾਰਿਆ। ਨਾਮ ਤੇਰਾ ਸੁੰਦਰ ਤੇ ਰੂਪ ਤੇਰਾ ਸੁੰਦਰ ਹੈ ਰੰਗੁ ਤੇਰਾ ਚੰਗਾ ਰਮਿਆ ਸਾਰੇ ਮੈਂ ਨਿਹਾਰਿਆ॥੩੭੦॥ ਕਬਿਤ ॥ ਜਿਸ ਤੌਰ ਧਰਤੀ ਨੂੰ ਬਰਖਾ ਪਿਆਰੀ ਲੱਗੇ ਏਸ ਤੌਰ ਭੌਰੇ ਫੁਲਾਂ ਵਾਸ਼ਨਾਂ ਦੀ ਸਾਰ ਤਾਂ। ਜਿਵੇਂ ਕੋਇਲ ਤਾਂਈ ਬੂਟਾ ਅੰਬਦਾ ਪਿਆਰਾ ਲੱਗੇ ਏਸੇ ਤੌਰ ਮੈਨੂੰ ਵਾਹਿਗੁਰੂ ਦਾ ਪਿਆਰ ਤਾਂ। ਚਕਵੀ ਨੂੰ ਜਿਸ ਤੌਰ ਸੂਰਜ ਪਿਆਰਾ ਹੈਸੀ ਹੰਸ ਤਾਂਈ ਮਾਨ ਹੈ ਸਰੋਬਰ ਉਚਾਰ ਤਾਂ। ਇਸਤ੍ਰੀ ਦੇ ਤਾਂਈ ਜਿਵੇਂ ਪਤੀ ਹੈ ਪਿਆਰਾ ਹੁੰਦਾ ਓਸੇ ਤੌਰ ਮੇਰੇ ਮਨ ਰਾਮ ਦਾ ਅਧਾਰ ਤਾਂ॥੩੭੧॥ ਕਬਿਤ ॥ ਬਾਲਕਾਂ ਨੂੰ ਜਿਸ ਤੌਰ ਦੁਧ ਦਾ ਪਿਆਰ ਹੈਸੀ ਚਾਤ੍ਰਿਕ ਮੁਖ ਵੱਲ ਬੱਦਲਾਂ ਦੇ ਰਾਖਦਾ। ਮੱਛਲੀ ਨੂੰ ਜਿਸ ਤੌਰ ਪਾਣੀ ਦਾ

Sri Satguru Jagjit Singh Ji Elibrary NamdhariElibrary@gmail.com

ਪਿਆਰ ਹੁੰਦਾ ਮੇਰਾ ਮਨ ਵਾਹਿਗੁਰੂ ਨੂੰ ਤਿਵੇਂ ਨਿੱਤ ਭਾਖਦਾ।
ਸਾਧਕ ਤੇ ਸਿੱਧ ਮੁਨੀ ਸਾਰੇਤੇਨੂੰਚਾਹੁੰਦੇਨੇ ਕੋਈ ਜਨ ਵਿਰਲਾ ਦਿ
ਦਾਰ ਤੇਰਾ ਚਾਖਦਾ। ਸਾਰੇ ਜੱਗ ਵਿਚ ਨਾਮ ਤੇਰਾਹੀ ਪਿਆਰਾ
ਲੱਗੇ ਸ੍ਰੀ ਨਾਮਦੇਵ ਚਿੱਤ ਵਾਹਿਗੁਰੂਨੂੰਰਾਖਦਾ ॥੩੧੨॥ ਬੈਂਤ ॥
ਮਹਾਂਰਾਜਜੀਨੇ ਏਹੋ ਅਰਜ ਕਰਕੇ ਜਦੋਂ ਸਬਦਦਾ ਭੋਗਵੀ ਪਾਇ
ਆ ਹੈ। ਕੀ ਦੇਖਦੇ ਖੂਹੇਦਾਤੁਰਤ ਪਾਣੀ ਆਪੇ ਉਛਲਕੇ ਵਾਹਿਰ
ਨੂੰ ਆਇਆ ਹੈ। ਬਾਬੇ ਛਕਲਿਆਸੀ ਆਪ ਖੁਸ਼ੀ ਹੋਕੇ ਧੰਨ
ਵਾਦਿ ਅਕਾਲਦਾ ਗਾਇਆ ਹੈ। ਕਾਲਾਸਿੰਘ ਚਾਲਾ ਪਾਕੇ ਤੁਰੇ
ਅੱਗੇ ਮੂਹਰੇ ਜੰਗਲੀਆਂਦਾ ਪਿੰਡ ਆਇਆ ਹੈ॥ ੩੧੩॥

ਪ੍ਰਸੰਗ ਜੰਗਲੀਆਂ ਦੇ ਪਿੰਡ ਦਾ ਡਾਕੂਆਂ ਨਾਲ ਦੇਸ ਮਾਰ ਵਾੜ ਵਿਚ ਚਲਿਆ

ਓਸ ਦੇਸ ਮਾਰਵਾੜ ਦੇ ਵਿਚ ਭਾਈ ਮੰਡਲ ਨੱਗਰਦਾ ਨਾਮ ਉਚਾ
ਰ ਪਿਆਰੇ। ਓਸ ਪਿੰਡ ਜੰਗਲ ਵਿਚ ਰਹਿਣ ਡਾਕੂ ਹੈ ਸੀ ਉਨਾਂ
ਦਾ ਏਹੋ ਬਿਹਾਰ ਪਿਆਰੇ। ਅਉਂਦੇ ਜਾਂਦੇ ਰਾਹੀਤਾਂਈ ਲੁਟਲੈਣਾ
ਏਹੋ ਨਿੱਤਸੀ ਉਨਾਂਦੀ ਕਾਰ ਪਿਆਰੇ। ਏਸਅਲਾਕੇ ਵਿਚ ਇਨਾਂ
ਨੂੰ ਭੂਤ ਆਖਣ ਪਿੰਡ ਭੂਤਾਂ ਦਾ ਕਹਿੰਣ ਪੁਕਾਰ ਪਿਆਰੇ। ਜੇੜਾ
ਆਦਮੀਕਦੇਨਾਂਭਜਨਕਰਦਾਕਰੇ ਪਾਪ ਜੋ ਨਿੱਤਮੁਕਾਰਪਿਆਰੇ।
ਉਨਾਂ ਤਾਂਈ ਜੱਗ ਭੂਤ ਪ੍ਰੇਤ ਆਖੇ ਗੁਰੂਗਰੰਥ ਜੀ ਕਹੇ ਉਚਾਰ
ਪਿਆਰੇ। ਓਸ ਪਿੰਡ ਬਾਬੇ ਜੀ ਨੂੰ ਰਾਤ ਪੈਗਈ ਬਾਬਾ ਆਇਆ
ਸੂ ਕਦਮ ਉਭਾਰ ਪਿਆਰੇ। ਉਨਾਂ ਡਾਕੂਆਂ ਨੂੰ ਵੱਡੀ ਖੁਸ਼ੀ ਹੋਈ
ਸਾਡੇ ਆਇਆਹੈ ਹੱਥ ਸ਼ਿਕਾਰਪਿਆਰੇ। ਏਸ ਬਾਤਦਾ ਉਨਾਂ ਨੂੰ
ਪਤਾਨਾਸੀ ਅਸੀਂ ਹੋਵਾਂਗੇਆਪਸ਼ਕਾਰਪਿਆਰੇ। ਮਹਾਂਰਾਜਜੀ ਉ
ਨਾਂਦੇ ਪਾਸ ਜਾਕੇ ਕੀਤੀ ਨਿਗਾਹਚੰਗੀ ਕ੍ਰਿਪਾਧਾਰਪਿਆਰੇ। ਨਿਗਾ
ਨਾਲਸੀ ਉਨਾਂਦੀ ਦਿਸ਼ਾ ਬਦਲੀ ਬੇੜਾ ਹੋਗਿਆ ਉਨਾਂਦਾ ਪਾਰ
ਪਿਆਰੇ। ਜਿੱਥੋਂਮਾਰਨੇਦੇ ਦਿਲੋਂ ਖਿਆਲਉਠਦੇਸਾਰੇਆਣ ਕਰ

Sri Satguru Jagjit Singh Ji Elibrary NamdhariElibrary@gmail.com

ਦੇ ਨਮਸਕਾਰ ਪਿਆਰੇ। ਧੰਨਧੰਨ ਦੇਖੋ ਨਾਮਵਡਾ ਸਭਤੋਂ ਕੀਤਾ ਰਾਖਸਾਂ ਨੂੰ ਠੰਡਠਾਰ ਪਿਆਰੇ। ਲੋਕ ਕਹਿੰਣ ਪਾਰਸ ਲੋਹੇ ਨਾਲ ਛੋਹੇ ਇਕੋਵਾਰਸੋਨਾਂ ਹੋਵੇ ਸਾਰਪਿਆਰੇ। ਰਾਮ ਨਾਮ ਪਾਰਸ ਸਭ ਤੋਂ ਵਡਾ ਜਾਣੋਂ ਛੋਹੇ ਬਿਨਾਂ ਕਰਦਾ ਬੇੜਾ ਪਾਰ ਪਿਆਰੇ। ਪੱਥਰ ਹਿਰਦਿਆਂਨੂੰ ਝੱਟਮੋਂਮਕੀਤਾਕੀਤੇ ਰਾਖਸ਼ੋਂਦੇਵ ਅਪਾਰਪਿਆਰੇ। ਸਾਰੇਡਾਕੂ ਆ ਬਾਬੇ ਦੇ ਡਿਗੇ ਚਰਨੀ ਆਖਣ ਭਜਨ ਦੱਸੋ ਵਾਰ ਵਾਰ ਪਿਆਰੇ। ਕਾਲਾਸਿੰਘ ਬਾਬਾ ਉਪਦੇਸ਼ ਕਰਦਾ ਇਕ ਸ਼ਬਦ ਦੇ ਵਿਚ ਉਚਾਰ ਪਿਆਰੇ॥ ੩੧੪॥

ਰਾਗ ਭੈਰੋਂ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਪਰਧਨਪਰਦਾਰਾਪਰਹਰੀ॥ ਤਾਕੈਨਿਕਟਿਬਸੈਨਰਹਰੀ ॥੧॥ ਜੋਨਭਜੰਤੇਨਾਰਾਇਣਾ ॥ ਤਿਨਕਾਮੈਨਕਰਉਦਰਸਨਾ ॥੧॥ ਰਹਾਉ॥ ਜਿਨਕੈਭੀਤਰਿਹੈਅੰਤਰਾ ॥ ਜੈਸੇਪਸੁਤੈਸੇਓਇ ਨਰਾ॥੨॥ ਪ੍ਰਣਵਤਿਨਾਮਦੇਉਨਾਕਹਿਬਿਨਾ॥ ਨਾਸੋਹੈਬਤੀਸਲਖਨਾ॥੩॥ ੩੧੫॥

ਟੀਕਾ ਕਬਿਤ ॥ ਭੈਰੋਂਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਡਾਕੂਆਂ ਦੇ ਤਾਂਈ ਸਮਝਾਉਣਲਈ ਦਸਦਾ। ਕਿਸੇ ਦਾ ਜੋ ਧਨ ਪਰਇਸ ਤ੍ਰੀ ਤਿਆਗੀ ਭਾਈ ਤਿਸ ਬੰਦੇ ਪਾਸ ਮੇਰਾ ਵਾਹਿਗੁਰੂ ਹੈ ਵੱਸਦਾ। ਜੇੜੇ ਲੋਕ ਵਾਹਿਗੁਰੂ ਦਾ ਨਾਮ ਨਾਂ ਜਪਣ ਭਾਈ ਮੈ ਨਾਂ ਕਰਾਂ ਦਰ ਸ ਸੱਚ ਤੁਸਾਂ ਤਾਂਈ ਦੱਸਦਾ। ਜਿੰਨਾਂ ਜਨਾਂ ਅੰਦਰ ਨਾਮ ਵਾਹਿਗੁਰੂ ਦਾ ਫਰਕ ਭਾਈ ਪਸੂ ਲਵੋ ਜਾਣ ਕਹਾਂ ਸੱਚ ਨਾਂ ਮੈ ਹੱਸਦਾ। ਕਹੇ ਨਾਮਦੇਵ ਬੱਤੀ ਲੱਖਣਾਂ ਜੋਆ ਦਸੀਂਹੇ ਨੱਕਤੋਂ ਬਗੈਰ ਚੰਗਾ ਲਗੇ ਨਾਂਹੀਂ ਵੱਸਦਾ। ਇਸੇਤੋਰ ਨਾਮ ਤੋ ਬਗੈਰ ਜੇੜੇ ਲੋਕਭਾਈ ਮੁਗ ਧ ਗੁਵਾਰ ਪਤਾ ਨਹੀਂ ਨਾਮਜੱਸਦਾ॥ ੩੧੬॥ਬੈਂਤ॥ ਮਹਾਂਰਾਜ ਜੀ ਏਹੋ ਉਪਦੇਸ਼ ਕਰਕੇ ਉਨਾਂ ਤਾਂਈ ਵੀ ਸਿੱਖ ਬਣਾ ਦਿਤਾ। ਕਾਮ ਕ੍ਰੋਧ ਬਿਕਾਰਾਂਨੂੰ ਦੂਰ ਕਰਕੇ ਇਕ ਵਾਹਿਗੁਰੂ ਨਾਮ ਦੜਾ ਦਿੱਤਾ। ਪੰਜ ਰੋਜ ਮਹਾਂਰਾਜ ਰਹੇ ਓਥੇ ਭਜਨ ਕਰਨ ਹੈ ਸਰਬਨੂੰ ਲਾ ਦਿੱਤਾ। ਕਾਲਾਸਿੰਘ ਓ ਰਾਖਸ਼ੋਂ ਦੇਵਕੀਤੇ ਵੀਵੇਂ ਰੋਜ ਚਾਲਾ

ਬਾਬੇ ਦਿਤਾ ॥ ੩੭੭ ॥

ਬਾਬਾ ਜੀ ਮਥਰਾ ਬਿੰਦ੍ਰਾਬਨ ਵਿਚ ਪਹੁੰਚ ਗਿਆ ਉਮਰ ਸਾਲ੭੨

ਓਥੋਂ ਤੁਰੇ ਡੇਰਾ ਫੇਰ ਕੂਚ ਕੀਤਾ ਮਜ਼ਲੋ ਮਜ਼ਲ ਰਸਤੇ ਚਲਾ ਜਾਂ ਮਦਾਏ। ਸ਼ਹਿਰਾਂ ਨੱਗਰਾਂ ਵਿਚ ਉਪਦੇਸ਼ ਕਰਦੇ ਮਥਰਾ ਬਿੰਦ੍ਰਾ ਵਨ ਵਿੱਚ ਆਂਮਦਾਏ। ਜ਼ਾਂਣੀ ਜਾਂਣ ਜੇੜਾ ਵਿਸ਼ਾ ਸਮਝਦਾਸੂ ਓਹੋ ਜੇਹਾ ਉਪਦੇਸ ਸੁਣਾਂਮਦਾਏ। ਇਕ ਜਗਾ ਬੈਠੇ ਲੋਕ ਕਰਨ ਗੱਲਾਂ ਨਾਮਦੇਵ ਓਥੇ ਖੜ ਜਾਂਮਦਾਏ। ਹਾਲ ਸਮਝ ਉਥੇ ਉਪਦੇਸ ਕਰਦਾ ਪ੍ਰਭ ਇਸਤ੍ਰੀ ਬ੍ਰਤ ਜਨਾਂਮਦਾਏ। ਕਾਲਾਸਿੰਘ ਓਥੇ ਬਾਬਾ ਖੜਾ ਹੋਕੇ ਗੁਰੂਗਰੰਥ ਦਾ ਸ਼ਬਦ ਸੁਣਾਂਮਦਾਏ ॥ ੩੭੮ ॥

ਰਾਗ ਭੈਰੋਂ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਘਰਿਕੀਨਾਰਿਤਿਆਗੈਅੰਧਾ ॥ ਪਰਨਾਰੀਸਿਉਘਾਲੈਧੰਧਾ ॥ਜੈਸੇਸਿੰਬਲੁਦੇਖਿਸੂਆਬਿਗਸਾਨਾ॥ ਅੰਤਕੀਬਾਰਮੂਆਲਪਟਾਨਾ ॥ ੧ ॥ ਪਾਪੀਕਾਘਰੁਅਗਨੇਮਾਹਿ ॥ ਜਲਤਰਹੈਮਿਟਵੈਕਬਨਾਹਿ ॥ ੧ ॥ ਰਹਾਉ ॥ ਹਰਿਕੀਭਗਤਿਨਦੇਖੈਜਾਇ ॥ ਮਾਰਗੁਛੋਡਿਅਮਾਰਗਿਪਾਇ ॥ ਮੂਲਹੁਭੂਲਾ ਆਵੈਜਾਇ ॥ ਅੰਮ੍ਰਿਤੁਡਾਰਿਲਾਦਿਬਿਖੁਖਾਇ ॥ ੨ ॥ ਜਿਉਬੇਸ੍ਵਾਕੇਪਰੈਅਖਾਰਾ ॥ ਕਾਪਰੁ ਪਹਿਰਿਕਰਹਿਸੀਗਾਰਾ ॥ ਪੂਰੇਤਾਲਨਿਹਾਲੇਸਾਸ ॥ ਵਾਕੇਗਲੇਜਮਕਾਹੈਫਾਸ॥ ੩ ॥ ਜਾਕੇਮਸ ਤਕਿਲਿਖਿਓਕਰਮਾ ॥ ਸੋਭਜਿਪਰਿਹੈਗੁਰਕੀਸਰਨਾ ॥ ਕਹਤਨਾਮਦੇਉਇਹੁਬੀਚਾਰੁ ॥ ਇਨ ਬਿਧਿਸੰਤਹੁਉਤਰਹੁਪਾਰਿ ॥ ੪ ॥ ੨ ॥ ੨ ॥ ੩੭੯ ॥

ਟੀਕਾ ਕਬਿੱਤ ॥ ਭੈਰੋਂ ਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਦਾ ਇਸਤ੍ਰੀ ਬ੍ਰਤ ਉਪਦੇਸ਼ ਹੈ ਸੁਣਾਂਮਦਾ। ਧਰਮਤੋਂ ਜੋ ਅੰਧਾ ਲੋਕ ਘਰੋਂ ਨਾਰ ਛੱਡਿ ਦਿੰਦਾ ਪਰਾਈ ਨਾਰ ਨਾਲ ਹੈ ਜੋ ਧੰਦਾ ਜਾਕੇ ਪਾਂਮਦਾ। ਜਿਸ ਤੌਰ ਤੋਤਾ ਸਿੰਮਲ ਰੁਖ ਦੇਖ ਖੁਸ਼ ਹੁੰਦਾ ਅੰਤਵਾਰਨ ਲ ਲੱਗ ਉਥੇ ਮਰ ਜਾਂਮਦਾ। ਪਾਪੀ ਦਾ ਜੋ ਘਰ ਅੱਗ ਨਾਲ ਨਿਤ ਸੜਦੇ ਭਾਈ ਚਿੱਤ ਦਾ ਕ੍ਰੋਧ ਕਦੇ ਦੂਰ ਨਾਂ ਗਮਾਂਮਦਾ ॥ ੩੮੦ ॥ ਕਬਿਤ ॥ ਜਾਕੇ ਸਤ ਸੰਗ ਅੱਖਾਂ ਨਾਲ ਨਹੀਂ ਦੇਖਦਾ ਹੈ ਰਸਤੇ ਨੂੰ ਛਡ ਕੇ ਕੁਰਾਹ ਾ ਜਾਉਂਦਾ। ਮੁਢੋਂ ਭੁਲਾ ਹੋਇਆ ਐਵੇਂ ਅਉਂਦਾ ਨਾਲੇ ਜਾਂਮਦਾ ਹੈ ਜਮਣ ਮਰਣ ਵਿਚ ਫਿਰਦਾ ਫਿਰਾਂਉਦਾ। ਅੰਮ੍ਰਿਤ ਜੋ ਨਾਮ ਡ੍ਹਾਈ ਸਿੱਟ ਦਿੰਦਾ ਹੱਥ ਵਿਚੋਂ ਵਿਸ਼ੇ ਰੂਪ ਜ਼ੈਹਰ ਨੂੰ ਹਮੇਸ਼ ਜਾਏ

Sri Satguru Jagjit Singh Ji Elibrary NamdhariElibrary@gmail.com

ਖਾਂਉਂਦਾ। ਜਪੇ ਨਹੀਂ ਜਾਪ ਕਦੇ ਬੈਠਕੇਤੇ ਵਾਹਿਗੁਰੂਦਾ ਵਿਸ਼ਿਆਂ ਵਕਾਰਾਂ ਵਲ ਨਿਤਾਨੇਤ ਧਾਉਂਦਾ ॥ ੩੮੧ ॥ ਕਬਿੱਤ ॥ ਜਿਸ ਤੌਰ ਕੰਜਰੀਦਾ ਲਗਦਾਅਖਾੜਾਭ ਈ ਪਾਇਕੇ ਤੇ ਕਪੜੇ ਜੋ ਕਰ ਦੀ ਸ਼ੰਗਾਰਜੀ। ਪੂਰਕੇਤੇ ਤਾਲ ਨਾਲੇ ਸੁਰਾਂ ਤਾਂਈ ਦੇਖਦੀਹੈ ਅੰਤ ਨੂੰ ਜਮਾਂਦਾ ਰਾਲ ਫਾਹਾ ਵੀ ਤਿਆਰਜੀ। ਜਿਸ ਦੇ ਮੱਥੇ ਦੇ ਉਤੇ ਕਰਮ ਚੰਗੇ ਲਿਖੇ ਹੋਇ ਦੌੜਕੇ ਸ਼ਰਨ ਆਵੇ ਸਤਿਗੁਰਾਂ ਦੀ ਜਾਰ ਜੀ। ਕਹੇ ਨਾਮਦੇਵ ਸੁਣੋਂ ਮਿਤ੍ਰੋ ਤੇ ਸੰਤਜਨੋਂ ਸਾਗਰ ਸੰਸਾਰੋਂ ਬਿਧ ਇਸ ਹੋਵੈ ਪਾਰਜੀ ॥ ੩੮੨ ॥

ਬਾਬੇ ਜੀਨੇ ਮਥਰਾ ਬਿੰਦਰਾਬਨ ਤੋਂ ਗੰਗਾ ਨੂੰ ਜਾਣਾ ਉਮਰ ਸਾਲ ੭੨

ਬੈਤ॥ ਮਹਾਂਰਾਜਜੀ ਜਦੋਂ ਉਪਦੇਸ਼ਕੀਤਾ ਸੁਣਨਵਾਲਿਆਂਨੂੰ ਹੋਈ ਸਾਰ ਭਾਈ। ਕਈਆਂ ਭਜਨ ਪੁਛੇ ਕਈਆਂ ਛਕੇ ਅੰਮ੍ਰਿਤ ਕਈ ਸਿੱਖਹੋਇਨਿਰਾਧਾਰ ਭਾਈ। ਮਥਰਾ ਬਿੰਦਰਾਬਨ ਦੀਦਾਰ ਕਰਕੇ ਚੰਦੇ ਗੰਗਾ ਨੂੰ ਆਪਤਿਆਰ ਭਾਈ। ਕਾਲਾਸਿੰਘ ਤੁਰੇ ਡੇਰਾ ਕੂਚ ਕਰਕੇ ਸਾਰੇ ਨਾਮਦਾ ਕਰਨ ਪ੍ਰਚਾਰਭਾਈ ॥ ਤਥਾ ॥ ਮਹਾਂਰਾਜ ਸਾਰੇ ਸ਼ਹਿਰਾਂ ਵਿਚ ਅਉਂਦੇ ਸੱਤ ਧਰਮਦਾ ਕਰਨ ਪ੍ਰਚਾਰ ਪਿਆ ਰੇ। ਥੋੜੇ ਦਿਨਾਂ ਤੋੜੀ ਗੰਗਾ ਜਾਇ ਪਹੁੰਚੇ ਓਥੇ ਖੋਲ੍ਹਿਆ ਏਹੋ ਭੰਡਾਰ ਪਿਆਰੇ। ਬਾਂਮਣ ਦੇਖਕੇ ਤੇ ਚਿੱਟੇ ਬਸਤਰਾਂਨੂੰ ਆਕੇ ਕ ਰਨ ਲੱਗੇ ਸਾਰੇਰਾੜਪਿਆਰੇ। ਕਾਲਾਸਿੰਘ ਬਾਬਾ ਉਪਦੇਸ਼ਕਰਦਾ ਸੁਣਕੇ ਹੋਣ ਸੀਨੇ ਠੰਢੇਠਾਰਪਿਆਰੇ ॥ ੩੮੪ ॥ ਤਥਾ ॥ ਸੁਣ ਦੇ ਸਾਰ ਬਾਮਣ ਇੱਕੋਵਾਰ ਆਏ ਇੱਲਾਂਉਤ੍ਰੀਆਂ ਜਿਵੇਂ ਅਕਾਸ ਵਿਚੋਂ। ਜੋਗੀ ਜੰਗਮ ਸਰੇਉੜਾ ਨਾਥ ਕੋਈ ਭੇਖੀ ਨਹੀਂ ਬਰਾ ਗ ਸਨਾਸ ਵਿਚੋਂ। ਚਿੱਟੇ ਲੀੜੇ ਅਨਪੜ੍ਹਾ ਮਲੂਮ ਹੋਇਆ ਸਿੱਧਾ ਸਾਦਾਨਾਸੰਤਲਬਾਸਵਿਚੋਂ। ਨਾਮਦੇਵਦਾਰੇਕਉਪਦੇਸਦਿੱਤਾ ਨੂੰਹੋਂ ਬੋਲਦੇਬਰਨਬਲਾਸਵਿਚੋਂ। ਆਖਣਮੁਕਤਭੀਰਥਹੈਂਸਰਬੇਕਰਦੇ

ਗੰਗਾ ਗਿਆ ਗੁਦਾਬਰੀ ਖਾਸ ਵਿਚੋਂ। ਆਖਣ ਦਾਨ ਦੇਵੇ ਬਹੁਤਾ ਬਾਮਣਾਂ ਨੂੰ ਮੁਕਤਿ ਹੋਵੇਗੀ ਬੰਦ ਖਲਾਸਵਿਚੋਂ। ਜੋਰੋਜੋਰ ਜਮੀਨ ਤੇ ਜੱਗ ਗਊਆਂ ਦਾਨ ਮੁਕਤ ਦੇਵੇ ਬਿਨ ਆਸਵਿਚੋਂ। ਬਚਨਸੁਣੇ ਸਾਰੇ ਬਾਬੇ ਬਾਮਣਾਂਦੇ ਉਨਾਂ ਭਾਈ ਫਿਰ ਹੋਇਆ ਕਿਆਸਵਿਚੋਂ। ਕਾਲ਼ਾਸਿੰਘ ਬਾਬਾ ਉਪਦੇਸ਼ ਕਰਦਾ ਆਖੇ ਸ਼ਬਦ ਜੁਬਾਨ ਦੇ ਖਾਸ ਵਿਚੋਂ ॥ ੩੮੫ ॥

ਰਾਗ ਰਾਮਕਲੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਛੋਡਿਛੋਡਿਰੇਪਾਖੰਡੀਮਨਕਪਟੁਨਕੀਜੈ ॥ ਹਰਿਕਾਨਾਮੁਨਿਤਨਿਤਹਿਲੀਜੈ ॥ ੧ ॥ ਰਹਾਉ ॥ ਗੰਗਾਜਉਗੋਦਾਵਰਿਜਾਈਐ ॥ ਕੁੰਭਿਜਉਕੇਦਾਰਿਨਾਈਐਗੋਮਤੀਸਹਸਗਊਦਾਨਕੀਜੈ ॥ ਕੋਟਿਜਉਤੀਰਥਕਰੈਤਨੁਜਉਹਿਵਾਲੇਗਾਰੈਰਾਮਨਾਮਸਰਿਤਊਨਪੂਜੈ ॥ ੨ ॥ ਅਸੁਦਾਨਗਜਦਾਨਸਿਹਜਾਨਾਰੀਭੂਮਿਦਾਨਐਸੋਦਾਨੁਨਿਤਨਿਤਹਿਕੀਜੈ ॥ ਆਤਮਜਉਨਿਰਮਾਇਲੁਕੀਜੈ ॥ ਆਪਬਰਾਬਰਿਕੰਚਨੁਦੀਜੈ ॥ ਨਾਮਨਾਮਸਰਿਤਊਨਪੂਜੈ ॥ ੩ ॥ ੩੮੬ ॥

ਟੀਕਾ ਕਬਿੱਤ ॥ ਛਡ ਛਡ ਰੇ ਪਖੰਡ ਗੁਸਾ ਕਰੋ ਤੁਸੀ ਮੱਤ ਭਾਈ ਹਰਿ ਕਾ ਜੋ ਨਾਮ ਨਿਤਾ ਨੇਤ ਪਿਆਰੇਲੀਜੀਓ। ਗੰਗਾ ਜੋ ਗੋਦਾਬਰ ਜਾਈਏ ਕੁੰਭ ਤੇ ਕਦਾਰ ਨਾਈਏ ਗੋਮਤੀ ਸੈਹਸ ਗਊ ਦਾਨ ਭਾਵੇਂ ਕੀਜੀਓ। ਕਰੋੜ ਤੀਰਥ ਕਰੇ ਭਾਵੇਂ ਤਨ ਵੀ ਹਿਵ ਲੇਗਾਰੇ ਰਾਮ ਨਾਮ ਤੁਲ ਪੁਜੇ ਨਾਹਿ ਕੁਝ ਦੀਜੀਓ। ਘੋੜੇ ਹਾਥੀ ਦਾਨਸੇਜ ਇਸਤ੍ਰੀ ਜਮੀਨ ਦਾਨ ਐਸਾ ਐਸਾ ਦਾਨ ਨਿਤਾ ਨੇਤ ਭਾਵੇਂ ਕੀਜੀਓ। ਆਤਮਾ ਨਿਰਮੈਲ ਬੈਠ ਵਾਹਿਗੁਰੂ ਦਾ ਜਾਪ ਕਰ ਏਸ ਤੋਂ ਬਗੈਰ ਕੰਮ ਹੋਰ ਨੂੰ ਨਾ ਰੀਜੀਓ ॥ ੩੮੭ ॥ ਬੈਂਤ ॥ ਨਾਮਦੇਵ ਇਹੋ ਉਪਦੇਸ਼ ਕੀਤਾ ਤੀਰਥ ਦਾਨ ਬ੍ਰਤ ਨਾਮ ਦੀ ਤੁਲ ਨਾਹੀਂ। ਇਹੋ ਸਭੋ ਪ੍ਰਪੰਚ ਦੀ ਕਾਰ ਫੋਕੀ ਰਾਮ ਨਾਮ ਦਾ ਕਦੇ ਵੀ ਮੁਲ ਨਾਹੀਂ। ਪਾਣੀ ਪੈ ਗਿਆ ਸੀ ਸਿਰ ਬਾਮਣਾਂਦੇ ਹੋਇ ਚੁਪ ਆਇਆ ਹਥ ਗੁਲ ਨਾਹੀਂ। ਛੋਕਆਖਦੇ ਵਡਾ ਉਪਦੇਸ਼ਹੋਇਆ ਸਾਡੇ ਹਿਰਦਿਓਂ ਵੀ ਜਾਵੇ ਭੁਲਨਾਹੀਂ। ਕਈ ਹੱਸ ਆਖਣ ਵਡਾ ਸੰਤ ਆਇਆ ਮੰਨੇ ਤੀਰਥਾਂ ਨੂੰ ਨਾਮ ਤੁਲ ਨਾਹੀਂ। ਕਾਲਾ ਸਿੰਘ ਬਾਬੇ ਫੇਰ ਸ਼ਬ

Sri Satguru Jagjit Singh Ji Elibrary NamdhariElibrary@gmail.com

ਦ ਪੜਿਆ ਪ੍ਰਿਥੀ ਚੁਪ ਹੋਈ ਬੋਲੇ ਕੁਲ ਨਾਹੀਂ ॥ ੩੮੮ ॥

ਰਾਗ ਬਸੰਤ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਸਾਹਿਬੁਸੰਕਟਵੈਸੇਵਕੁਭਜੈ ॥ਚਿਰੰਕਾਲਨਜੀਵੈਦੋਊਕੁਲਲਜੈ॥੧॥ਤੇਰੀਭਗਤਿਨਛੋਡਉਭਾਵੈਲੋਗੁ ਹਸੈ ॥ ਚਰਨਕਮਲਮੇਰੇਹੀਅਰੇਬਸੈ ॥ ੧ ॥ ਰਹਾਉ ॥ ਜੈਸੇਅਪਨੇਧਨਹਿਪ੍ਰਾਨੀਮਰਨੁਮਾਂਡੈ ॥ ਤੈਸੇਸੰਤਜਨਾਰਾਮਨਾਮੁਨਛਾਡੈਂ ॥ ੨ ॥ ਗੰਗਾਗਇਆਗੋਦਾਵਰੀਸੰਸਾਰਕੇਕਾਮਾ ॥ ਨਾਰਾਇਣੁ ਸੁਪ੍ਰਸੰਨਹੋਇਤਸੇਵਕੁਨਾਮਾ ॥ ੩ ॥ ੩੮੯ ॥

ਟੀਕਾ ਕਬਿੱਤ ॥ ਬਸੰਤ ਰਾਗ ਵਿਚ ਮੁਖਵਾਕ ਸ੍ਰੀਨਾਮਦੇਵ ਗੰਗਾ ਹਰਿਦੁਵਾਰ ਉਪਦੇਸ਼ਹੈ ਸੁਣਾਂਮਦਾ। ਜਦੋਂ ਸਾਹਿਬਉਤੇ ਦੁਖ ਪਵੇ ਕੋਈ ਆਣ ਕੋਤੇ ਦੇਖਕੇ ਜੋ ਨੌਕਰ ਤੁਰਤ ਭਜਜਾਂਮਦਾ। ਜਦ ਏਸ ਜੀਵ ਤਾਂਈ ਵਾਹਿਗੁਰੂ ਹੈ ਦੁਖ ਦਿੰਦਾ ਸੇਵਕ ਵੀ ਨਾਮ ਛੱਡ ਦੇਵੇ ਹੈ ਜਨਾਮਦਾ। ਚਿਰਨਹੀਂ ਜੀਵੰਦਾ ਤੁਰਤ ਮਰਜਾਂਮਦਾਹੇ ਨਾਨਕੇ ਤੇ ਦਾਦਕੇਨੂੰ ਸ਼ਰਮ ਦਿਵਾਂਮਦਾ। ਹੇ ਮੇਰੇ ਵਾਹਿਗੁਰੂਮੈਭਗਤ ਤੇਰੀ ਛੱਡੂਗਾ ਨਾ ਲੋਕ ਭਾਵੇਂਹੱਸਣਮੈਤੈਨੂੰ ਰਹੂੰਗਾਂਵਦਾ ॥ ੩੯੦॥ ਕਃ॥ ਆਪਦੇ ਚਰਨ ਮੇਰੇ ਹਿਰਦੇ ਬਸਣ ਵਿਚ ਜਿੱਕੁਰ ਪਰਾਣੀ ਧਨ ਕਿਸੇ ਨੀ ਫੜਾਂਮਦਾ। ਏਸੇ ਤੌਰ ਸੰਤ ਜਨ ਰਾਮ ਨਾਮ ਛਡਦੇ ਨਾਂ ਮੈਂ ਵੀ ਵਾਹਿਗੁਰੂ ਜਸ ਰਾਤ ਦਿਨ ਗਾਂਮਦਾ। ਗੰਗਾ ਗਿਆ ਤੀਰ ਥ ਗੋਦਾਬਰੀ ਦੇ ਵਿਚ ਨੌਣਾਂ ਕੰਮ ਸੰਸਾਰੀ ਪਿਆ ਲੋਕ ਧਕੇ ਖਾਂਮਦਾ। ਜਿਸ ਉਤੇ ਵਾਹਿਗੁਰੂ ਦਿਆਲ ਮੇਰਾ ਹੋਇ ਜਾਵੇ ਕਹੇ ਨਾਮਦੇਵ ਸੋਈ ਸਿਖ ਹੋਇ ਜਾਂਮਦਾ। ਗੰਗਾ ਗਿਆ ਤੀਰਥ ਨਾਂ ਮੰਨਿਆ ਹੈ ਭਗਤਾਂ ਨੇ ਬਾਣੀ ਗੁਰੂ ਗਰੰਥ ਵਿਚੋਂ ਫੈਸਲਾ ਹੋਵਾਂਮ ਦਾ ॥ ੩੯੧ ॥ ਬੈਂਤ ॥ ਨਾਮਦੇਵ ਦਾ ਸਤ ਉਪਦੇਸ਼ ਸੁਣਕੇ ਹਾਸਲ ਕਈਆਂ ਨੂੰ ਹੋਗਿਆ ਗਿਆਨ ਭਾਈ। ਕਈ ਬੈਠ ਗਏ ਕਈ ਖੜੇ ਸੁਣਦੇ ਕਈ ਹੋਰ ਵੀ ਅਉਣ ਤੇ ਜਾਨ ਭਾਈ । ਥੋੜੇ ਚਿਰੋਂ ਟੋਲਾ ਇਕ ਹੋਰ ਆਇਆ ਓਸੇ ਦੇਸ ਦਾ ਲਈਂ ਤੂੰ ਮਾਨ ਭਾਈ। ਦਾੜੀ ਕੇਸ ਰਟਮ ਹੱਥਾਂ ਵਿਚ ਚਿਲਮਾਂ ਕਈ ਹੁਕੀਆਂ ਨੂੰ

Sri Satguru Jagjit Singh Ji Elibrary NamdhariElibrary@gmail.com

ਬੁਤ ਕਾਨ ਭਾਈ। ਇਕੋ ਖੜੇ ਪਾਸੇ ਔਰਤ ਮਰਦ ਸਾਰੇ ਚਬ ਸੁਕੇ ਤਮਾਕੂ ਨੂੰ ਖਾਨ ਭਾਈ। ਅ ਵੇ ਸਮਝ ਨਾਂ ਖੜੇ ਸੇ ਵਾਂਗ ਡਰਨੇ ਮੂਤਰ ਮੂਤ ਸਾਰੇ ਝਾਕੀ ਜਾਨ ਭਾਈ। ਆਪਸ ਵਿਚ ਆਖਣ ਕੀ ਬੋਲਦਾ ਹੈ ਇਤੂ ਬਿਤੂ ਰੌਲਾ ਪਾਉਂਦੇ ਮਾਨ ਭਾਈ। ਮਹਾਰਾਜ ਜੀ ਦੇਖਿਆ ਵਲ ਉਨ੍ਹਾਂ ਬਾਬਾ ਬੋਲਦਾ ਨਾਲ ਜੁਵਾਨ ਭਾਈ। ਭਲੇ ਲੋਕ ਤਮਾਕੂ ਨੂੰ ਛਡ ਦੇਵੇ ਕੋੜੀ ਆਂਵਦੀ ਹੈ ਸੜੇ ਹਾਨ ਭਾਈ। ਖੋਤਾ ਪਸੂ ਹੈਸੀ ਟੇਢੀ ਜੂਨ ਵਾਲਾ ਏਵੀ ਖਾਵੇ ਨਾਂ ਕਰੋ ਪਛਾਨ ਭਾਈ। ਭੇਡ ਬਕਰੀ ਕੋਈ ਨਾਂ ਪਸੂ ਖਾਵੇ ਤੁਸੀਂ ਸਮਝ ਦੇਖੋ ਕਰੋ ਧਿਆਨ ਭਾਈ। ਜਗਤ ਜੂਠ ਤੇ ਬੋ ਦਾ ਘਰ ਹੈਗਾ ਕੁਤਾ ਕਰੇ ਪਸ਼ਾਬ ਨਾ ਆਨ ਭਾਈ। ਗੰਦਾ ਧੂੰ ਪੀਂਦੇ ਸੜ ਗਏ ਅੰਦਰ ਖਹੂੰ ਖਹੂੰ ਕਰਕੇ ਰੌਲਾ ਪਾਨ ਭਾਈ। ਹੱਥਾਂ ਮੂੰਹ ਵਿਚੋਂ ਭੈੜੀ ਬੋ ਆਵੇ ਪਾਸ ਬੈਠਿਆਂ ਚਿਤ ਘਬਰਾਨ ਭਾਈ। ਹੁਕੇ ਪੀਂਨ ਮੰਦੇ ਕਰਮ ਹੋਣ ਰੋਗੀ ਨਾਮਦੇਵ ਆਖੇ ਮੇਹਰਵਾਨ ਭਾਈ ॥ ੩੯੨ ॥

ਤਥਾ ॥ ਕਈਆਂ ਪੰਡਤਾਂ ਉਠਕੇ ਅਰਜ ਕੀਤੀ ਏਹਦਾ ਬੀਜ ਕਿਥੋਂ ਪੈਦਾਵਾਰ ਹੋਇਆ। ਐਸੀ ਭਰਿਸ਼ਟ ਬਸਤੂ ਧਰਮ ਨਸ਼ਟ ਕਰਨੀ ਵਿਚ ਏਸਦੇਖਰਤਸੰਸਾਰਹੋਇਆ। ਵਡੇ ਵਡੇ ਰਿਖੀ ਮੁਨੀ ਹੋਇ ਪਿਛੇ ਉਨ੍ਹਾਂ ਪੀਣੋਂ ਹਟਾਉਣਾ ਨਾ ਸਾਰ ਹੋਇਆ। ਕਿਸੇ ਵੇਦ ਪੁਰਾਣ ਵਿਚ ਏਸ ਖਾਤਰ ਕੁਝ ਲਿਖਕੇ ਨਹੀਂ ਉਚਾਰ ਹੋਇਆ॥ ੩੯੩॥

ਸ੍ਰੀ ਨਾਮਦੇਵ ਜੀਨੇ ਤਮਾਕੂਦੀਨਖੇਧੀ ਬਾਬਤ ਬਿਆਸ ਜੀ ਦਾਲਿਖਿਆ ਸਕੰਦ ਪੁਰਾਨ ਮੰਗਾਕੇ ਮਥਰਾ ਖੰਡ ਬਵੰਜਵੇਂ ਧਿਆ ਵਿਚੋਂ ਸਲੋਕਾਂ ਸਹਿਤ ਦੇਖਾਲ ਦੇਣਾ ਮੈਂ ਏਥੇ ਥੜੇ ਲਿਖੂੰਗਾ ॥

ਬਾਬਾ ਕਹੇ ਸਕੰਦ ਪੁਰਾਨ ਲਿਆਵੋ ਲਿਆਕੇ ਪੰਡਤਾਂ ਪਾਸਖੁਲਾਇਆ ਹੈ। ਦੇਖੋ ਬਿਆਸ ਜੀ ਵਡੀ ਵਿਚਾਰ ਵਾਲੇ ਏਹਦੇ ਵਾਸਤੇ ਬੁਰਾ ਲਿਖਾਇਆ ਹੈ। ਮਥਰਾ ਖੰਡ ਸਕੰਦ ਪੁਰਾਨ ਅੰਦਰ ਧਿਆ

Sri Satguru Jagjit Singh Ji Elibrary NamdhariElibrary@gmail.com

ਏ ਵਿਚ ਬਦੇਜੇ ਵਿਖਾਇਆ ਹੈ । ਵੇਖੋ ਪੰਡਤੋ ਪੀ'ਦੇ ਜੋ ਏਸ ਤਾਂਈਂ ਉਨ੍ਹਾਂ ਜਨਮ ਅਮੋਲ ਗੁਆਇਆ ਹੈ ॥ ੩੯੪ ॥ ॥

ਮੂਲ ॥ ਸਲੋਕ ॥ ਧੂਮਰ ਪਾਨ ਦਾਨੰ ਕੁਰ ਬਸਤੁਯੇਨਰਾਃ॥ਦਾਤਾਰੋ ਨਰਕੀ ਜਾਇਤੀ ਬ੍ਰਹਮਣੋ ਗ੍ਰਾਮਸੂਕਰਾਃ ॥ ੩੯੫ ॥

ਟੀਕਾ ॥ ਬ੍ਰਹਮਾਨਾਰਦ ਦੇ ਤਾਂਈਂ ਸੁਣਾਂਮਦਾ ਹੈ ਸੁਣੋਂ ਰਿਖੀ ਮੇਰੀ ਏਹ ਬਾਤ ਭਾਈ । ਬ੍ਰਹਮਣ ਹੋਇ ਤਮਾਕੂ ਨੂੰ ਬਰਤਦਾ ਜੋ ਜਪ ਤਪ ਰਲਦਾ ਉਹਦਾ ਖਾਕ ਭਾਈ । ਦਾਤਾ ਦਾਨ ਦਿੰਦਾ ਜੇੜ੍ਹਾ ਓਸ ਤਾਂਈਂ ਨਰਕ ਵਿਚ ਪੈਂਦਾ ਡੂੰਘੇ ਖਾਤ ਭਾਈ । ਕਾਲਾ ਸਿੰਘ ਬਾਮਣ ਭ੍ਰਿਸ਼ਟ ਅੰਤ ਮਰਕੇ ਹੋਵੇ ਪਿੰਡ ਦਾ ਸੂਰ ਵਿਖਿਆਤ ਭਾਈ॥

ਮੂਲ ॥ ਸਲੋਕ ॥ ਧੂਮਰ ਪਾਨ ਨਾਭੋ ਪ੍ਰੇਤਃ ॥ ਤ੍ਰੈਰੇਵ ਜਯਤੇ ਕਲੌਤ ਕਾਲਰਪੰ ਹਿਤ ਮਾਲ ਮੇਵ ਜਾਯਤੇ ॥ ਧੂਮਰਪਾਨ ਸਯ ਮਾਤ੍ਰੈਨ ਨਰਥਾ ਦਾਨਾਦਿਕੇ ਕ੍ਰਿਯਾ ਬ੍ਰਿਥੇਵ ਜਾਯਤੇ ਪ੍ਰੇਤਃ ਯਥਾ ਕੁੰਜਰ ਸੋਚਵਤਾ ॥ ੩੯੭ ॥

ਟੀਕਾ ਬੈਂਤ ॥ ਧੂਮਰ ਪਾਨ ਜੇੜ੍ਹਾ ਪੁਰਸ਼ ਕਰੇ ਕੋਈ ਨਿਹਚੇ ਪ੍ਰੇਤ ਦੀ ਜੂਨ ਨੂੰ ਪਾਂਮਦਾ ਹੈ । ਕਲ ਜੁਗ ਜਾਂ ਕਲਾ ਦਾ ਮੂਲ ਆਵੇ ਏਹ ਤਮਾਲ ਕੁਰੀਤੀ ਫੈਲਾਂਮਦਾ ਹੈ । ਪੁੰਨ ਦਾਨ ਤੇ ਧਰਮ ਸਭ ਨਸ਼ਟ ਹੁੰਦੇ ਜੋ ਤਮਾਕੂ ਨੂੰ ਬਰਤਕੇ ਖਾਂਮਦਾ ਹੈ । ਕਾਲਾ ਸਿੰਘ ਹਾਥੀ ਵਾਂਗ ਇਸ਼ਨਾਨ ਕਰਕੇ ਸਿਰ ਵਿਚ ਆਪੇ ਖੇਹ ਪਾਂਮਦਾ ਹੈ॥

ਮੂਲ ॥ ਸਲੋਕ ॥ ਨਰਕੇ ਖਪਤ ਖਯੰਤਿਤ ਮਲ ਸ਼ਯ ਪਾਨਤਾਃ ॥ ਉਪਾਸਤੇ ਤਮਾਲਵੇ ਕਲੌਤੁ ਪੁਰਖਾਧ ਃ ਖਯੀਨ ਪੁਨਯਾਪਤ ਖਯੰਤਿ ਮਹਾਂ ਰੌਰਵ ਸੰਗਕੇ ॥ ੩੯੯ ॥

ਟੀਕਾ ॥ ਕਲਜੁਗ ਘੋਰ ਆਵੇ ਸੁਣ ਨਾਰਦਾ ਜੀ ਜਿੰਨੇ ਬਰਨ ਅਸਰਮ ਸਦਾਨ ਭਾਈ । ਕੇਵਲ ਏਸ ਤਮਾਕੂ ਦੇ ਬਰਤਣੇ ਤੇ ਸਭੇ ਵਿਚ ਨਰਕਾਂ ਗੋਤੇ ਖਾਨ ਭਾਈ । ਨਿਤਾ ਪ੍ਰਤ ਜੋ ਏਸਨੂੰ ਪੀਂਮਦੇ ਨੇ ਕਲ ਜੁਗ ਦੇ ਪਾਪੀ ਸਦਾਨ ਭਾਈ । ਕਾਲਾ ਸਿੰਘ ਸਾਰੇ ਪੁੰਨ ਨਸ਼ਟ ਹੋਵਣ ਬਾਸਾ ਵਿਚ ਨਰਕਾਂ ਅੰਤ ਪਾਨ ਭਾਈ॥੪੦੦

ਮੂਲ ॥ ਸਲੋਕ ॥ ਅਭਖ ਭਖਣਾਤ ਪਾਪਾ ਸਗ ਮਯਾਗਿਮਣੰ ਚਯਤ ਮਦਜੰ ਪਾਨਾਤ ਚਯਤ ਪਾਪੰ ਧੂਮਰ ਪਾਨ ਸਮਾਤ੍ਰਾਤਃ ॥ ੪੦੧ ॥

ਟੀਕਾ॥ ਅਭੱਖ ਮਾਸਦੇ ਖਾਣਦਾ ਪਾਪ ਜਿੰਨਾਂ ਜਿੰਨਾਂ ਹੋਣ ਸ਼ਰਾਬ

Sri Satguru Jagjit Singh Ji Elibrary NamdhariElibrary@gmail.com

ਵਿੱਚ ਛੀਨ ਦਾ ਜੇ। ਧੀ ਭੈਣ ਅਜੋਗਦਾ ਪਾਪ ਜਿੰਨਾਂ ਜਿੰਨਾਂ ਹੋਰ ਕੇ ਧਰਮ ਤੋਂ ਹੀਨਦਾਜੇ। ਉੱਪਰਲਿਖੀਆਂ ਗੱਲਾਂਦਾ ਪਾਪ ਜਿੰਨਾਂ ਏਨਾਂ ਪਾਪ ਤਮਾਕੂਦੇ ਪੀਨਦਾਜੇ। ਕਾਲ੍ਹਾਸਿੰਘ ਕਾਹਨੂੰ ਫੇਰ ਲੋਕ ਪੀਂਦੇ ਕੀ ਹਜ ਧਰਮੋਂ ਡਿਨਾਂ ਜੀਨਦਾ ਜੇ॥ ੪੦੨॥

ਵਾਕ ਕਵੀ ਉਮਰ ਸਾਲ ੭੨

ਏਹੋ ਜੇਹੇ ਸ਼ਲੋਕ ਨੇ ਬਹੁਤ ਸਾਰੇ ਲਿਖੇ ਵਿਚ ਸਕੰਦ ਪੁਰਾਨ ਭਾਈ। ਨਾਰਦ ਭਾਈ ਸੁਣਾਇ ਸੇ ਬ੍ਰਹਮਾਂ ਜੀ ਨੇ ਲਿਖੇ ਬਿਆਸ ਜੀ ਵਿੱਚ ਪੁਰਾਨ ਭਾਈ। ਤਿੰਨ ਜੁਗ ਨਾ ਵਰਤਿਆ ਕਿਸੇ ਏਨੂੰ ਕਲਜੁਗ ਵਿਚ ਪਖੰਡ ਵਧਾਨ ਭਾਈ। ਬਰਤਗਿਆ ਸਾਰੇ ਸੰਸਾਰ ਅੰਦਰ ਘੋਰ ਨਰਕ ਲੋਕਾਂ ਤਾਈਂ ਪਾਨ ਭਾਈ। ਹਿੰਦੂ ਤੁਰਕ ਸਾਰੇ ਏਨੂੰ ਬਰਤਦੇਨੇਂ ਮਨੇ ਕੀਤਾ ਹੈ ਵਿਚ ਕੁਰਾਨ ਭਾਈ। ਪਾਰਾ ਪੱਗੀ ਤੇ ਸੂਰਤ ਦੁਖਾਨ ਅੰਦ੍ਰ ਐਤ ਦਸਮੀਂ ਦਾ ਫਰਮਾਨ ਭਾਈ। ਠਾਕੁ ਦੁਆਰੇ ਮਸੀਤ ਨਾ ਵਿਚ ਵਾੜਨ ਮੂਰਖ ਮੁਗਧ ਐਵੇਂ ਪੀਣ ਖਾਨ ਭਾਈ। ਕਾਲ੍ਹਾਸਿੰਘ ਬਜੁਰਗਾਂਨੇ ਮਨਾਕੀਤਾ ਧਰਮੋਂ ਹੀਨ ਖਾਈ ਪੀਂਦੇ ਜਾਨ ਭਾਈ॥ ੪੦੩॥

ਬਾਬੇ ਜੀਨੇ ਰੰਗਾ ਤੇ ਉਪਦੇਸ਼ ਕਰਕੇ ਪੰਜਾਬ ਆਉਣਾ ਮੁੜਕੇ ਉਮਰ ਸਾਲ ੭੨

ਪੜ੍ਹਕੇ ਬਾਬੇ ਪੁਰਾਣ ਦਿਖਾਲ ਦਿਤਾ ਪੰਡੇ ਦੇਖ ਸੁਣ ਹੋਇ ਹੈਰਾਨ ਸੰਤੋ। ਧੰਨ ਧੰਨ ਕਰਕੇ ਡਿਗੇ ਆਣ ਚਰਨੀ ਅਸੀਂ ਡਿੱਠਾ ਨਾਂ ਕਦੇ ਪੁਰਾਨ ਸੰਤੋ। ਕਰਕੇ ਨੇਮ ਤੁਮਾਕੂ ਨੂੰ ਛੱਡ ਦਿੱਤਾ ਚਿਲਮਾਂ ਭੰਨੀਆਂ ਸਾਰਿਆਂ ਆਨ ਸੰਤੋ। ਭਜਨ ਪੁਛ ਸੇਵਕ ਬਣੇ ਬਹੁਤ ਸਾਰੇ ਸਣੇ ਪੰਡਿਆਂ ਸਿੱਖ ਸਦਾਨ ਸੰਤੋ। ਸਤ ਧਰਮ ਦਾ ਸਤ ਉਪਦੇਸ਼ ਸੁਣਕੇ ਹਾਸਲ ਕਈਆਂ ਨੂੰ ਹੋਗਿਆ ਗਿਆਨ ਸੰਤੋ। ਕਾਲ੍ਹਾਸਿੰਘ ਮਹਾਰਾਜ ਵਿਦਾਹੋਕੇ ਦੇਸਵਿੱਚ ਪੰਜਾਬਦੇ ਜਾਨਸੰਤੋ॥

ਪ੍ਰਸੰਗ ਇਕ ਕੂੜ ਪਿੰਡ ਵਿਚ ਮਾਈ ਅਜੋਲੀ ਦਾ ਚਲਿਆ ਉਮਰ ਸਾਲ ੭੨

ਨਾਮਦੇਵ ਜੀ ਰੰਗਾ ਤੋਂ ਕੂਚ ਕਰਕੇ ਰਸਤੇ ਤੁਰੇ ਪੰਜਾਬ ਨੂੰ ਆਵ

Sri Satguru Jagjit Singh Ji Elibrary NamdhariElibrary@gmail.com

ਦੇਨੇ। ਸ਼ਹਿਰਾਂ ਪਿੰਡਾਂਦੇ ਵਿਚ ਪ੍ਰਚਾਰਕਰਦੇ ਭੂਤਪਿੰਡ ਆਕੇ ਡੇਰਾ ਲਾਂਵਦੇ ਨੇ। ਜਿਲਾ ਖਾਸ ਤਸੀਲਹੈ ਅੰਮ੍ਰਿਤਸਰ ਜੀ ਓਥੇ ਠਹਿਰ ਉਪਦੇਸ਼ ਸੁਣਾਂਵਦੇ ਨੇ। ਸੁਣਕੇ ਲੋਕ ਸੇਵਕ ਸਿਖ ਬਹੁਤ ਹੋਏ ਮੂੰਹੋਂ ਉਪਮਾਂ ਸਰਬ ਅਲਾਂਮਦੇ ਨੇ। ਪਟੜੀ ਫੇਰ ਪਿੰਡੀਂ ਜਸ ਫੈਲਿਆ ਸੂ ਦੂਰੋਂ ਲੋਕ ਆਕੇ ਦਰਸ਼ਨ ਪਾਂਵਦੇ ਨੇ। ਭੂਤਵਿੰਡ ਨੱਗਰ ਵਿਧਵਾ ਇਸਤ੍ਰੀ ਥੀ "ਅੜੋਲੀ" ਨਾਮ ਕਹਿ ਲੋਕ ਬੁਲਾਂਵਦੇਨੇ ॥੪੦੫॥ ਤਥਾ-ਏਦਾ ਇਕ ਪੁਤ੍ਰ ਬੈਠੀ ਪਾਲਦੀਸੂ ਬਾਲਕ ਬਾਬੇ ਦੇ ਦਰਸ ਨੂੰ ਆਂਵਦਾ ਹੈ। ਨਾਮਦੇਵਜੀ ਵਡੇ ਪ੍ਰੇਮ ਸੇਤੀ ਓਸ ਬਾਲ ਨੂੰ ਪਾਸ ਬਠਾਂਵਦਾ ਹੈ। ਸਿੱਖ ਮੱਤਦਾ ਬਾਬੇ ਉਪਦੇਸ਼ ਕੀਤਾ ਗੁਰਮਤ ਬਾਲਕ ਸਿੱਖ ਜਾਂਵਦਾ ਹੈ। ਬਾਲਕ ਰੋਜ਼ ਬਾਬੇ ਪਾਸ ਆਂਵਦਾ ਸੂ ਦਰਸਨ ਕਰੇ ਪ੍ਰੇਮ ਵਧਾਵਾ ਹੈ। ਇਕ ਰੋਜ਼ ਬਾਲਕ ਪੇਟ ਪੀੜ ਹੋਈ ਥੋੜੀ ਡੇਰ ਚਲਾਣਾ ਕਰਾਂਵਦਾ ਹੈ। ਏਹਦੀ ਮਾਏ ਅੜੋਲੀ ਬਿਲਾਪ ਕਰਦੀ ਬਾਬੇ ਤਾਂਈ ਪਤਾ ਲੱਗ ਜਾਂਵਦਾ ਹੈ। ਨਾਮਦੇਵ ਜੀ ਓਸਦੇ ਘਰ ਪੁਜੇ ਉਤ੍ਰ ਮਾਈ ਜੀ ਵਲੋਂ ਏਹ ਆਂਮਦਾ ਹੈ। ਮਹਾਰਾਜ ਮੈਂ ਰੰਡੀ ਗਰੀਬਣੀ ਦਾ ਪੁਤ੍ਰ ਇਕੋ ਚਲਾਣਾ ਕਰਾਂਮਦਾ ਹੈ। ਵਡੇ ਕਸ਼ਟ ਸੇਤੀ ਪੁਤ੍ਰ ਪਾਲਿਆ ਸੂ ਉਤ੍ਰ ਮਾਈ ਦਾ ਬਾਬੇ ਨੂੰ ਆਂਮਦਾ ਹੈ। ਕ੍ਰਿਪਾ ਕਰੋ ਬਚਾ ਲਵੋ ਮੇਹਰ ਕਰਕੇ ਸਿਖ ਤੁਸਾਂ ਦਾ ਬਾਲ ਸਦਾਮਦਾ ਹੈ। ਬਾਬਾ ਆਖਦਾ ਮਾਈ ਜੀ ਮਰ ਚੁਕਾ ਬਣ ਸਕੇ ਨਾ ਕੁਝ ਸੁਨਾਂਮਦਾ ਹੈ। ਮਾਈ ਆਖਦੀ ਆਪ ਸਮਰਥਹੋਜੀ ਸੰਤ ਚਾਹੁਣ ਸੋ ਕਾਰ ਹੋ ਜਾਂਮਦਾ ਹੈ। ਬਾਬਾ ਕਹੇ ਮੈਂ ਨਹੀਂ ਕੁਝ ਕਰਸਕਦਾ ਮੇਰਾ ਵਾਹਿਗੁਰੂ ਕਾਜਕਰਾਂਮਦਾ ਹੈ। ਮਾਈ ਲੱਗੀਸੂ ਕਰਨ ਵਿਰਲਾਪਭਾਰਾ ਨਾਮਦੇਵਜੀਨੂੰਤਰਸਆਂਮਦਾ ਹੈ। ਜਿਸ ਪੁਰਸ਼ਨੂੰਵਾਹਿਗੁਰੂਮਾਰਦੇਵੇ ਤਾਕਤਨਹੀ ਕੋਈ ਜਿੰਦਾਕਰਾਂਮਦਾ ਹੈ। ਖ਼ਾਲਸਿੰਘ ਏਹ ਗੁਰੂ ਗਰੰਥ ਦੱਸੇ ਨਾਮਦੇਵ ਜੀ ਸ਼ਬਦ

Sri Satguru Jagjit Singh Ji Elibrary NamdhariElibrary@gmail.com

ਸੁਣਾਂਮਦਾਹੈ॥ ੪੦੬ ॥

ਰਾਗ ਸਾਰੰਗ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੨

ਦਾਸਅਨਿੰਨਮੇਰੋਨਿਜਰੂਪ॥ਦਰਸਨਨਿਮਖਤਾਪਤ੍ਰਈਮੋਚਨਪਰਸਤਮੁਕਤਿਕਰਤਗ੍ਰਿਹਕੂਪ ॥੧॥ ਰਹਾਉ ॥ ਮੇਰੀਬਾਧੀਭਗਤੁਛਡਾਵੈਬਾਧੈਭਗਤੁਨਛੂਟੈਮੋਹਿ ॥ ਏਕਸਮੈਮੋਕਉਗਹਿਬਾਧੈਤਉਫੁਨਿਮੋਪੈਜਬਾਬੁਨਹੋਇ ॥ ੧ ॥ ਮੈਗੁਨਬੰਧਸਗਲਕੀਜੀਵਨਿਮੇਰੀਜੀਵਨਿਮੇਰੇਦਾਸ॥ ਨਾਮਦੇਵਜਾਕੇਜੀਅਐਸੀਤੈਸੋਤਾਕੈਪ੍ਰੇਮਪ੍ਰਗਾਸ ॥ ੨ ॥ ੪੦੭ ॥

ਟੀਕਾ ਕਬਿਤ ॥ ਸਾਰੰਗ ਹੈ ਰਾਗ ਮੁਖਵਾਕ ਸ੍ਰੀਨਾਮਦੇਵ ਸੇਵਕਾਂ ਪ੍ਰਤ ਆਪ ਵਾਹਿਗੁਰੂ ਸੁਣਾਉਂਦਾ। ਅਨਿੰਨ ਮੇਰਾਦਾਸ ਸੋਈ ਖਾਸ ਮੇਰਾ ਰੂਪ ਜਾਨੋ ਉਸਦਾ ਦਰਸ ਤਿੰਨ ਤਾਪ ਹੈ ਗਮਾਂਉਂਦਾ। ਤਿਸ ਨਾਲ ਲਗਕੇ ਮੁਕਤ ਹੋਜਾਈਦਾਹੈ ਜਪਕੇ ਤੇ ਨਾਮ ਛੇਤੀ ਮੁਕਤ ਕਰਾਂਉਦਾ। ਮੇਰੀ ਬੰਧੀ ਰੀਤਨੂੰ ਭਗਤ ਤੋੜ ਸੱਕਦੇ ਨੇ ਭਗਤਾਂਦੀ ਬੰਧੀ ਮੈਤੋਂ ਟੁਟੇ ਨਾ ਛੁਟਾਂਉਦਾ। ਜੰਮਣ ਮਰਨ ਸਿਰ ਭਗਤਾਂਦੇ ਬੰਨਿਆਂ ਹੈ ਤੋੜਕੇ ਭਗਤਜਨ ਦੂਰਹੈ ਗਮਾਂਉਦਾ ॥੪੦੮॥ ਕਃ॥ ਕਿਸੇ ਸਮੇ ਨਾਮ ਡੋਰੀ ਨਾਲ ਮੈਨੂੰ ਬੰਨ ਲੈਂਦੇ ਮੇਰੇ ਤੋਂ ਵੀ ਕੋਈ ਨਾ ਜੁਵਾਬ ਅੱਗੋਂ ਆਉਂਦਾ। ਮੈਂ ਤਾਂ ਗੁਣਾਂਸਾਰ ਸਾਰੇ ਜੀਵਾਂਨਾਲ ਬੰਨਿ ਹੋਇਆ ਸਾਰਿਆਂਦਾ ਜੀਉਣ ਰੂਪ ਬੂਟਾ ਮੈਂ ਸਦਾਂਉਦਾ। ਮੇਰਾ ਜੀਉਣ ਬੂਟਾ ਮੇਰੇ ਦਾਸਾਂਨੂੰ ਜਰੂਰ ਜਾਣੋਂ ਉਨਾਂ ਤੋਂ ਬਗੈਰ ਮੈਨੂੰ ਕੋਈ ਨਾਂ ਜਨਾਂਉਦਾ। ਕਹੈ ਨਾਮਦੇਵ ਨਾਲ ਭਗਤਾਂ ਪ੍ਰੀਤ ਜੋ ਦੀ ਤਿਸ ਨਾਲ ਸਾਨੂੰ ਵੀ ਪਿਆਰ ਹੈ ਸੁਹਾਂਉਦਾ ॥ ੪੦੯ ॥

ਮਾਈ ਅੜੋਲੀ ਦਾ ਪੁਤ੍ਰ ਬਹੁਰ ਦਾਸ ਮਰਿਆ ਹੋਇਆ ਜਿੰਦਾ ਕਰਨਾ ਬਾਬੇ ਜੀ ਨੇ

ਬੈਤ॥ਏਸ ਸ਼ਬਦ ਵਿਚੋਂ ਸਿੱਧਾ ਸਾਫਹੋਇਆ ਵੱਸਭਗਤਾਂਦੇ ਆਪ ਕਰਤਾਰ ਸੰਤੋ। ਕੀਤੇ ਓਸਦੇ ਨੂੰ ਭਗਤ ਮੋੜ ਦਿੰਦੇ ਮੋੜ ਲੈਂਦਾ ਹੈ ਓਹਨਿਰਾਕਾਰਸੰਤੋ। ਮਾਈ ਅਰਜਕਰਦੀ ਨਾਮਦੇਵ ਅਗੇ ਬਾਲ ਕਰਾਂ ਤੁਹਾਡਾ ਸੇਵਾਦਾਰ ਸੰਤੋ। ਦਿਸਦਾ ਰਹੇ ਮੇਰੇ ਅੱਗੇ ਅੱਖੀਆਂ ਦੇ ਮੇਰੀਅਰਜਮੰਨੋਕਰਨਕਾਰਸੰਤੋ।ਮਹਾਂਰਾਜ ਅੰਤ੍ਰ ਧਿਆਨ ਵਿਚ ਹੋਕੇ ਕੀੜਾ ਜਾਦ ਸੱਚਾ ਸਿਰਜਨਹਾਰਸੰਤੋ।ਉਸੇ ਬਖਤਬੱਚਾ ਜੀਊ

Sri Satguru Jagjit Singh Ji Elibrary NamdhariElibrary@gmail.com

ਦਾ ਉਠਖੜਿਆ ਬਾਬੇਤਾਂਈ ਛਰਦਾਨਮਸਕਾਰਸੰਤੋ। ਬਹੁਰਦਾਸ ਬਾਬੇਜੀਨੇ ਨਾਮਧਰਿਆ ਪ੍ਰਗਟਵਿਚਸਾਰੇਸੰਸਾਰਸੰਤੋ। ਕੌਂਮਓਸ ਦੇ ਦਾ ਕੋਈ ਪਤਾ ਨਾਂਹੀ ਲੋਕ ਕਹਿੰਣ ਭਰਖਾਨ ਲੁਹਾਰ ਸੰਤੋ॥ ੪੧੦ ॥ ਤਥਾ ॥ ਮਾਈ ਬਾਬੇ ਜੀ ਦਾ ਧੰਨਵਾਦ ਕਰਕੇ ਕਰੇ ਬੇਨਤੀ ਅਰਜਗੁਜਾਰਮਾਈ। ਬਹੁਰਦਾਸ ਨੂੰ ਬਾਬਾਜੀ ਨਾਲ ਲੈ ਜੋ ਇਹੋ ਆਖਦੀ ਹੈ ਵਾਰਵਾਰਮਾਈ। ਬਾਬਾ ਆਖਦਾ ਏਥੇ ਤੂੰ ਰੱਖ ਏਨੂੰ ਅਸੀ ਕਰਾਂਗੇ ਯਾਦ ਵਿਚਾਰ ਮਾਈ। ਫੇਰ ਆਪ ਸਾਡੇ ਪਾਸ ਆਇ ਜਾਵੇ ਤੈਨੂੰ ਆਖ ਦਿਤਾ ਇਕੋ ਵਾਰ ਮਾਈ॥੪੧੧॥ ਤਥਾ ॥ ਕੁਛਰੋਜ ਬਾਬਾ ਏਥੇ ਠਹਿਰਕੇਤੇ ਫੇਰ ਤੁਰਪਿਆ ਕਰਨ ਪ੍ਰਚਾਰਲੋਕੋ। ਵਿਚ ਜਿਲੇ ਗੁਰਦਾਸਪੁਰਜ ਇਥੜਿਆ ਲੋਕ ਦਿੱਤੇ ਸੰ ਬਹੁਤਸੁਧਾਰਲੋਕੋ। ਭੂਰੇਵਿੰਡ ਨੱਗਰਅੰਦੂ ਬਣੀ ਸੋਹਣੀ ਹੈਸੀ ਬਾਬੇ ਜੀ ਦੀ ਜਾਦਗਾਰ ਲੋਕੋ। ਕਾਲਾ ਸਿੰਘ ਜਾਕੇ ਹੁਣਵੀ ਕਰੇ ਦਰਸ਼ਨ ਮੈਂਵੀ ਕੀਤਾ ਹੈ ਆਪ ਦੀਦਾਰ ਲੋਕੋ॥ ੪੧੨॥

ਪ੍ਰਸੰਗ ਭਟੀ ਵਾਲ ਤੇ ਮਰੜ ਵਿਚ ਉਪਦੇਸ਼ ਦਾ ਚਲਿਆ ਉਮਰ ਸਾਲ ੭੩

ਭੂਤ ਪਿੰਡ ਵਿਚੋਂ ਡੇਰਾ ਕੂਚ ਕਰਕੇ ਪਿੰਡੋ ਪਿੰਡ ਪਰਚਾਰ ਕਰਾਂਮ ਦੇਨੇ। ਸੱਤ ਧਰਮ ਭੰਡਾਰਨੂੰ ਖੋਲ ਕਰਕੇ ਸਾਰੇ ਦੇਸਦੇ ਵਿਚ ਬਰਤਾਂਮਦੇਨੇ। ਤਿਹੱਤ੍ਰ ਸਾਲਦੀ ਬਾਬੇ ਦੀ ਉਮਰ ਹੋਈ ਉਦਮ ਧਾਰਕੇ ਜਗਤ ਤਰਾਂਮਦੇਨੇ। ਨਾਮਦੇਵ ਠਹਿਰੇ ਮਰੜ ਪਿੰਡ ਅੰਦੂ ਜਿਲੇ ਵਿਚ ਗੁਰਦਾਸਪੁਰਜਾਂਮਦੇਨੇ। ਸੱਤ ਧਰਮ ਪ੍ਰਚਾਰਦੀ ਕਰਨ ਬਰਖਾ ਕਈਆਂ ਜੀਵਾਂਦੇ ਤਾਂਈ ਤਰਾਂਮਦੇਨੇ। ਏਸ ਨੱਗਰਅੰਦੂ ਹੁਣ ਵੀ ਜਗਾ ਚੰਗੀ ਜਾਦਗਾਰ ਬਾਬੇ ਵਾਲੀ ਗਾਂਮਦੇਨੇ॥ ੪੧੩॥ ਤਥਾ ॥ ਏਦੇ ਪਿੱਛੋ ਭਾਈ ਇਸੇ ਜ਼ਿਲੇ ਅੰਦੂ ਭੱਟੀ ਵਾਲਦਾ ਦੌਰਾ ਕਰਾਇਆ ਹੈ। ਜੰਗਲ ਵਿਚ ਬਾਹਰ ਡੇਰਾ ਲਾਇ ਦਿੱਤਾ ਬੈਠ ਵਾਹਿਗੁਰੂਦਾ ਗੁਣਗਾਇਆਹੈ। ਇਕ ਮਾਈ ਰੋਟੀ ਬਾਹਿਰ

Sri Satguru Jagjit Singh Ji Elibrary NamdhariElibrary@gmail.com

ਲਈ ਜਾਵੇ ਦੇਕ ਹਾਲੀਆਂ ਤਾਂਈ ਜਨਾਇਆ ਹੈ। ਪਾਸ ਲੌਂਘ ਦੀ ਮਾਈ ਸੀ ਸੰਤ ਸੇਵਕ ਬਾਬੇ ਤਾਂਈ ਪ੍ਰਸਾਦਿ ਛਕਾਇਆ ਹੈ। ਪਤੀ ਉਸਦਾਸੂ ਵਾਹੀਖੇਤਕਰਦਾ ਮਾਈਜਾਇਕੇਹਾਲਸੁਣਾਇਆ ਹੈ। ਜ਼ੀਮੀਂਦਾਰ ਸੁਨਕੇ ਬਾਬੇ ਪਾਸ ਆਇਆ ਪਿੰਡ ਲੈ ਗਿਆ ਸੇਵ ਕਰਾਇਆਹੈ। ਇਕ ਰੋਜ਼ਸਾਰੇ ਲੋਕਾਂਪਾਸਬਾਬੇ ਖੁਸ਼ੀ ਨਾਲ ਆਕੇ ਦਰਸ਼ਨ ਪਾਇਆਹੈ। ਨਾਮਦੇਵਜੀ ਕਰਨ ਉਪਦੇਸ਼ ਲਗੇ ਲੋਕਾਂਸਾਰਿਆਂਨੂੰ ਸਮਝਾਇਆ ਹੈ। ਸਰਬ ਕੰਮ ਨਾਲੋਂ ਈਸ਼ਰ ਭਜਨ ਵੱਡਾ ਤੁੱਲਏਸਦੀ ਹੋਰ ਨਾ ਆਇਆਹੈ। ਹਰਿਜਗਾ ਸਹਾ ਇਤਾਕਰਨਵਾਲਾਸਰਬਜੀਵਾਂਨੂੰ ਰਾਮਤਰਾਇਆਹੈ। ਕਾਲਾਸਿੰਘ ਜੋ ਭਗਤਪ੍ਰਹਿਲਾਦਜੀਦਾਬਾਬੇਫੇਰਪ੍ਰਸੰਗਸੁਨਾਇਆਹੈ॥੪੧੪॥

ਰਾਗ ਭੈਰੋਂ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੩

ਸੰਡਾਮਰਕਾਜਾਇਪੁਕਾਰੇ ॥ ਪੜੈਨਹੀਹਮਹੀਪਚਿਹਾਰੇ ॥ ਰਾਮਕਹੈਕਰਤਾਲਬਜਾਵੈਚਟੀਆਸਭੈ ਬਿਗਾਰੇ ॥ ੧ ॥ ਰਾਮਨਾਮਾਜਪਿਬੋਕਰੈ ॥ ਹਿਰਦੈਹਰਿਜੀਕੋਸਿਮਰਨੁਧਰੈ ॥ ੧ ॥ ਰਹਾਉ ॥ ਬਸੁਧਾਬਸਿਕੀਨੀਸਭਰਾਜੇਬਿਨਤੀਕਰੈਪਟਰਾਨੀ ॥ ਪੂਤੁਪ੍ਰਹਿਲਾਦਕਹਿਆਨਹੀਮਾਨੈਤਿਨਿ ਤਉਅਉਰੈਠਾਨੀ ॥ ੨ ॥ ਦੁਸਟਸਭਾਮਿਲਿਮੰਤਰਉਪਾਇਆਕਰਸਹਅਉਧਘਨੇਰੀ ॥ ਗਿਰਿ ਤਰਜਲਜੁਆਲਾਭੈਰਾਖਿਓਰਾਜਾਰਾਮਿਮਾਇਆਫੇਰੀ ॥ ੩ ॥ ਕਾਢਿਖੜਗੁਕਾਲੁਭੈਕੋਪਿਓਮੋਹਿਬ ਤਾਉਜੁਤੁਹਿਰਾਖੈ ॥ ਪੀਤਪੀਤਾਂਬਰਤ੍ਰਿਭਵਣਧਣੀਥੰਭਮਾਹਿਹਰਿਭਾਖੈ ॥ ੪ ॥ ਹਰਨਾਖਸੁਜਿਨਿ ਨਖਹਿਬਿਦਾਰਿਓਸੁਰਿਨਰਕੀਏਸਨਾਥਾ ॥ ਕਹਿਨਾਮਦੇਉਹਮਨਰਹਰਿਧਿਆਵਹਿਰਾਮੁਅਭੈਪਦ ਦਾਤਾ ॥ ੫ ॥ ੪੧੫ ॥

ਟੀਕਾ ਕਬਿੱਤ ॥ ਭੈਰੋਂਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਭੱਟੀ ਵਾਲ ਪਿੰਡ ਉਪਦੇਸ਼ ਹੈ ਸੁਣਾਂਉਦਾ। ਸੰਡਾ ਅਤੇ ਮਰਕਾ ਦੋਇ ਪੰਡੇ ਸੇ ਪੜ੍ਹਾਨਵਾਲੇ ਪਾਸ ਹਰਨਾਖਸਦੇ ਜਾਇਕੇ ਅਲਾਂਉਦਾ। ਅਸੀ ਹਾਰਗਏ ਪ੍ਰਹਿਲਾਦਨਹੀਂ ਪੜ੍ਹਦਾਹੈ ਰਾਮਰਾਮ ਆਖਕੇਤੇ ਛੈਣੇ ਹੈ ਬਜਾਂਉਦਾ। ਪਾਠਸ਼ਾਲਾਵਿਚ ਮੁੰਡੇਸਾਰੇਨੇ ਵਿਗਾੜ ਦਿੱਤੇ ਸਾਰਿਆਂਦੇਤਾਂਈਰਾਮਨਾਮਹੈਜਪਾਂਉਦਾ। ਦਿਨੇਰਾਤ ਆਪ ਰਾਮ ਰਾਮਦਾਈ ਜਾਪ ਕਰੇ ਹਿਰਦੇ ਦੇ ਵਿਚ ਹਰੀ ਹਰੀ ਜਸ ਗਾਉਂਦਾ ॥ ੪੧੬ ॥ ਕਬਿਤ ॥ ਹਰਨਾਖਸਦੀ ਰਾਣੀ ਅਰਜ ਕਰੇ ਪ੍ਰਹ

Sri Satguru Jagjit Singh Ji Elibrary NamdhariElibrary@gmail.com

ਲਾਦ ਅੱਗੇ ਬੈਠਕੇਤੇ ਪਾਸ ਵਾਰ ਵਾਰ ਸਮਝਾਉਂਦੀ। ਦੇਖ ਪੁਤ੍ਰ ਤੇਰੇ ਪਿਤਾ ਸਾਰੀ ਲੋਕੀ ਵੱਸ ਕੀਤੀ ਰਾਜੇ ਦੇਜੋ ਡਰਤੇ ਹੈ ਸਾਰੀ ਖੌਫ ਖਾਂਉਦੀ। ਪੁਤ੍ਰ ਪ੍ਰਹਿਲਾਦ ਅਜੇ ਕਿਹਾ ਨਹੀ ਮੰਨਦਾਹੈ ਰਾਜੇ ਨੇ ਸਲਾਹਿਕੀਤੀ ਹੋਰਮੈ ਸੁਣਾਂਉਦੀ। ਕੀਤੀਹੈ ਸਲਾਹੁਤੇਨੂੰ ਹੁਣੇ ਬਚਾ ਮਾਰਦੇਣਾਂ ਭੇੜੀ ਸਭਾ ਮੰਤ੍ਰੀਹੈ ਰਾਜੇਦੀ ਸਦਾਉਂਦੀ। ਰਾਜੇ ਨੇ ਸਲਾਹਿ ਚਿੱਤ ਆਪਣੇਦੇ ਵਿਚ ਕੀਤੀ ਰਾਮ ਨਾਮ ਜਪਣੇ ਦੀ ਬਾਤ ਮੈਂ ਛੁਡਾਉਂਦੀ। ਵਡੀ ਹੋਵੇ ਅਓਘ ਸੁਖ ਪਾਂਈ ਤੂੰ ਉਮਰ ਵਿਚ ਨਹੀਂ ਮਾਰ ਦੇਣਗੇ ਮੈਂ ਸਚ ਹਾਂ ਬਤਾਉਂਦੀ ॥ ੪੧੭ ॥ ਕਬਿਤ ॥ ਪਹਾੜ ਉਤੋਂ ਸਿੱਟਿਆ ਤੇ ਪਾਣੀ ਵਿੱਚ ਡੋਬਿਆਸੂ ਅੱਗ ਵਿਚ ਸੜਨੇਤੋਂ ਵਾਹਿਗੁਰੂ ਬਚਾਇਆ। ਮਿਆਨੋਂ ਤਲਵਾਰ ਕੱਢ ਮਾਰਦੇ ਭਗਤ ਤਾਂਈਂ ਗੁਸੇ ਹੋਵੇ ਬਾਪ ਰੱਖੂ ਕੌਣ ਹੈ ਸੁਣਾ ਇਆ। ਪੀਲੇ ਪ੍ਰਕਾਸ਼ ਵਾਲਾ ਤੀਨ ਲੋਕ ਮਾਲਕ ਜੋ ਮੇਰਾ ਰਾਖਾ ਹੁਣੇ ਏਸ ਥੰਮ ਵਿਚੋਂ ਆਇਆ। ਇਸਤੌਰ ਜ਼ਾਲਮਹਰਨਾਖਸਨੂੰ ਥੰਮ ਵਿਚੋਂ ਨਿਕਲਕੇ ਨੌਹਾਂਦੇ ਨਾਲ ਨਾਸ ਹੈ ਕਰਾਇਆ ॥ ੪੧੮ ॥ ਕਬਿਤ ॥ ਦੇਵਤਿਆਂ ਤਾਂਈ ਜਿਸ ਆਣ ਵਡਿਆਈ ਦਿੱਤੀ ਆਦਮੀਆਂ ਤਾਂਈ ਉਸੇ ਆਣ ਵਡਿਆਇਆ। ਕਹੇ ਨਾਮ ਦੇਵ ਹਰੀਹਰਵੇਲੇਧਿਆਮਦਾਮੈਂ ਵਾਹਿਗੁਰੂ ਅਕਲ ਚਿੱਤ ਵਿਚ ਮੈਂ ਬਸਾਇਆ। ਤੁਸੀਂ ਵੀ ਧਿਆਵੋ ਓਸ ਵਾਹਿਗੁਰੂਨੂੰ ਦਿਨੇਰਾਤ ਅਭੈਪਦ ਦੇਣੇ ਵਾਲਾ ਆਪ ਹੈ ਸਦਾਇਆ। ਜੀਨੇ ਐਸੇ ਕਸਟਾਂ ਤੋਂ ਰੱਖਪ੍ਰਹਿਲਾਦਲੀਤਾਤੁਸੀਂ ਓਹਨੂੰ ਜਪੋਬਾਬੇਆਖਕੇਸੁਣਾਇਆ ॥ ੪੧੯ ॥ ਬੈਂਤ ॥ ਸੁਣਿਆਂ ਜਦੋਂ ਉਪਦੇਸ਼ ਸਰੋਤਿਆਂਨੇ ਅਸਰ ਦਿਲਾਂ ਉਤੇ ਭਾਰਾ ਆਇਆਸੀ। ਇਕ ਰੋਜ ਉਨਾਂ ਸਤਸੰਗੀਆਂ ਨੇ ਨਾਮਦੇਵ ਨੂੰ ਹਾਲ ਸੁਣਾਇਆਸੀ। ਸਾਨੂੰ ਪਾਣੀ ਦੀ ਵਡੀਹੈ ਅਉਖਬਾਬਾ ਟੋਬਾ ਖੂਹਾ ਨਾ ਨੇੜੇ ਲਗਾਇਆਸੀ। ਪਾਣੀਂ ਮਾਲ

ਨੂੰ ਦੂਰਪਛਾਉਣਜਾਂਦੇ ਔਖਾਹੋਂਵਦਾ ਮਾਲਤਿਹਾਇਆਸੀ। ਮਹਾਂ ਰਾਜ ਸੁਣਕੇ ਅਰਜਸੇਵਕਾਂਦੀ ਲੈਕੇਨਾਲ ਜੰਗਲਵਿਚ ਆਇਆ ਸੀ। ਓਥੇ ਹੁਕਮ ਦਿੱਤਾ ਸਤਸੰਗੀਆਂਨੂੰ ਜਿਮੀਂ ਖੋਦੋ ਏਹੋ ਫੁਰਮਾ ਇਆਸੀ। ਖੋਦੀ ਥੋੜੀ ਜਮੀਂਨ ਤੇ ਸੁਆਦ ਪਾਂਣੀ ਉਸੇ ਬਖਤਵਿ ਚੋਂ ਨਿਕਲਆਇਆਸੀ। ਸਿੱਖ ਵੇਖਕੇ ਬਹੁਤ ਆਨੰਦ ਹੋਇ ਜਸ ਬਾਬੇ ਜੀ ਦਾ ਸਰਬ ਗਾਇਆਸੀ। ਓਸੇ ਥਾਂਇ ਬਾਬੇ ਕਰਕੇ ਇਕ ਪਾਸੇ ਖੂਹਾ ਆਪਣੇ ਹੱਥੀਂ ਲਗਾਇਆਸੀ। ਖੂਹਾ ਟੋਬਾਵੀ ਹੁਣ ਤੱਕ ਕੈਂਮ ਹੈਸੀ ਨਾਮੋਆਂਣਾ ਕਰਨਾਮ ਸਦਾਇਆਸੀ। ਕੰਢੇ ਏ[illegible] ਦੇ ਬ੍ਰਿਛਾਂ ਦੀ ਝਿੜੀ ਚੰਗੀ ਗੁਰੂਗਰੰਥ ਪ੍ਰਕਾਸ਼ ਕਰਾਇਆਸੀ। ਇਹੋ ਜਗਾ ਘੁਮਾਣਾਂਤੋਂ ਦੂਰ ਥੋੜੀ ਸੇਵਕ ਸਾਰਾਹੀ ਪਿੰਡ ਸਦਾਇ ਆਸੀ। ਬਾਬਾ ਜੱਲੋ ਏਸੇ ਪਿੰਡੋਂ ਸਿੱਖ ਹੈਸੀ ਦਿਨੇ ਰਾਤ ਰਹਿੰਦਾ ਚਰਨੀ ਆਇਆਸੀ। ਕਾਲਾਸਿੰਘ ਭੱਟੀ ਵਾਲ ਪਿੰਡੂਥਾਬੇ ਨਿਗਾ ਆਪਣੀ ਨਾਲ ਬਸਾਇਆਸੀ ॥ ੪੨੦ ॥

ਪ੍ਰਸੰਗ ਭਟੀ ਵਾਲ ਤੇ ਸਖੋ ਵਾਲ ਤੇ ਕਾਦੀਆਂ ਵਾਲੇ ਬਾਬੇ ਲਧੇ ਦਾ ਚਲਿਆ

ਏਸੇ ਜਿਲੇ ਗੁਰਦਾਸਪੁਰ ਵਿਚ ਭਾਈ ਇਕ ਕਾਦੀਆਂ ਪਿੰਡ ਸ ਦਾਮਦਾਏ। ਕੌਂਮਖੱਤ੍ਰੀ ਪ੍ਰੇਮੀਂਦਾ ਨਾਮ ਲੱਧਾ ਲੂਣ ਤੇਲ ਬੇਚਣ ਪਿੰਡੀ ਜਾਂਮਦਾਏ। ਓਸ ਉਪਮਾ ਬਾਬੇ ਦੀ ਸੁਣੀਂਕੰਨੀ ਸੌਦਾ ਦੇਂਣ ਭੱਟੀ ਵਾਲ ਆਂਮਦਾਏ। ਆਕੇ ਬਾਬੇਦਾ ਲੱਧੇ ਦੀਦਾਰਕੀਤਾ ਨਾਮ ਦੇਵ ਉਪਦੇਸ਼ ਸੁਣਾਮਦਾਏ। ਲੱਧੇ ਅੰਦ੍ਰ ਪ੍ਰੇਮਦੀ ਲਹਿਰ ਆਈ ਹੱਥ ਜੋੜਕੇ ਬਚਨ ਅਲਾਂਮਦਾਏ। ਮਹਾਂਰਾਜ ਮੈਨੂੰ ਕੋਈਸੇਵ ਦੱਸੋ ਬਾਬਾ ਲੱਧੇ ਨੂੰ ਭਜਨ ਜਨਾਂਮਦਾਏ। ਨਾਮ ਜਪੀਂ ਏਹੋ ਦਿਨਰਾਤ ਭਾਈ ਸਾਡੀ ਸੇਵ ਇਹੋ ਬਾਬਾ ਗਾਂਮਦਾਏ। ਲੱਧੇ ਸੇਵਾਦੀ ਮਨੋਂ ਦਲੀਲ ਧਾਰੀ ਪਲੀ ਤੇਲ ਦੀ ਦੀਵੇ ਵਿਚ ਪਾਂਮਦਾਏ। ਲਧੇ ਰੋਜ ਏਹੋ ਪਰਣ ਧਾਰ ਲੀਤਾ ਬਹੁਤ ਡੇਰਦੇ ਤਕ ਨਿਭਾਂਮਦਾਏ। ਇਕ

Sri Satguru Jagjit Singh Ji Elibrary NamdhariElibrary@gmail.com

ਰੋਜ ਸਾਰਾ ਤੇਲ ਵਿਕ ਗਿਆ ਸੂ ਕੁਪੀ ਖਾਲੀ ਤੇ ਖਾਲੀ ਕਰਾਂਮਦਾ ਏ। ਚਿਤੋਂ ਸੋਚਿਆ ਤੇਲ ਵੀ ਮੁਕ ਗਿਆ ਨਹੀਂ ਅਜ ਬਾਬੇ ਪਾਸ ਜਾਂਮਦਾਏ। ਪਲੀਆਂ ਦੋਇ ਭਲਕੇ ਦੀਵੇ ਵਿਚ ਪਾਊਂ ਚਿਤ ਵਿਚ ਦਲੀਲ ਦੁੜਾਂਮਦਾਏ।। ਏਹੋ ਸੋਚਕੇ ਦੂਰ ਦੀ ਲੰਘਦਾਸੂ ਨਾਮਦੇਵ ਅਵਾਜ਼ ਅਲਾਂਮਦਾ ਏ। ਪ੍ਰੇਮੀ ਲਧਿਆ ਦੂਰ ਦੀ ਲੰਘਦਾ ਹੈਂ ਹਥ ਜੋੜਕੇ ਲਧਾ ਸੁਣਾਂਮਦਾਏ। ਮਹਾਰਾਜ ਮੇਰਾ ਤੇਲ ਮੁਕ ਗਿਆ ਖਾਲੀ ਹਥੀਂ ਮੈਂ ਨਾਂ ਅਉਣਾ ਚਾਂਮਦਾਏ।ਬਾਬਾ ਕਹੇਤੂੰ ਭਜਨ ਕਰ ਵਾਹਿਗੁਰੂ ਦਾ ਤੇਰੇ ਨਿਜਮ ਨੂੰ ਭੰਗ ਨਾਂ ਪਾਂਮਦਾਏ। ਲਧੇ ਕੁਪੀ ਵਿਚੋਂ ਪਲੀ ਭਰੀ ਕੱਢੀ ਛੇਤੀ ਨਾਲ ਦੀਵੇ ਵਿਚ ਪਾਂਵਦਾਏ। ਹੱਥ ਜੋੜਕੇ ਬੇਨਤੀ ਨਾਲ ਆਖੇ ਮੈਨੂੰ ਰਖ ਲੌ ਪਾਸ ਸੁਣਾਂਮਦਾਏ। ਚਰਨੀ ਲਾਓ ਕਲੇਸ਼ਾਂ ਨੂੰ ਦੂਰ ਕਰਕੇ ਦੁਖ ਰੂਪ ਸੰਸਾਰਸਦਾਂਮਦਾ ਏ। ਮਹਾਰਾਜ ਆਖਣ ਨਾਮ ਜਪ ਭਾਈ ਸਰਬ ਦੁਖ ਨੂੰ ਦੂਰ ਕਰਾਂਮਦਾਏ। ਲਧਾ ਕਹੇ ਜੋ ਅੱਜ ਕਲ ਦੇ ਧੀ ਪੁਤ੍ਰ ਮਾਤਾ ਪਿਤਾ ਨੂੰ ਦੁਖ ਪੁਚਾਂਮਦਾਏ। ਭਜਨ ਬਾਣੀ ਦੇ ਵਲ ਨਾਂ ਖਿਆਲ ਕਰਦੇ ਕਈ ਤਰਾਂ ਅਧਰਮ ਕਮਾਂਮਦਾਏ। ਮੈਨੂੰ ਭਾਰਾ ਕੁਟੰਬ ਨਾਂ ਦਈਂ ਬਾਬਾ ਇਕੋ ਪੁਤ੍ਰ ਸਪੁਤ੍ਰ ਬਖਸ਼ਾਂਮਦਾ ਏ। ਬਾਬੇ ਬਚਨ ਕੀਤਾ ਲਧੇ ਸਿਖ ਤਾਂਈਂ ਤੇਰੀ ਆਸ ਰਬ ਸਿਰੇ ਚੜ੍ਹਾਂਮਦਾਏ। ਲਧਾ ਕਾਦੀਆਂ ਪਿੰਡ ਨੂੰ ਛਡ ਆਇਆ ਸਖੋ ਵਾਲ ਆਕੇ ਵਸ ਜਾਂਮਦਾ ਏ। ਹੁਣ ਤਕ ਏਹ ਬਾਤ ਪ੍ਰਸਿਧ ਸਾਰੇ ਓਹਦੀ ਅੰਸ ਦੀ ਬਾਤ ਸੁਣਾਂਮਦਾਏ। ਇਕੋ ਘਰ ਜਾਂ ਡੇਢ ਵੀ ਕਦੇ ਹੋਵੇ ਇਕੋ ਪੁਤ੍ਰ ਆਕੇ ਜਨਮ ਪਾਂਮਦਾਏ। ਭਟੀ ਵਾਲ ਨਾਲੇ ਸਖੋ ਵਾਲ ਅੰਦਰ ਗੁਰਦੁਆਰਾ ਵੀ ਚੰਗਾ ਸੁਹਾਂਮਦਾਏ। ਸਖੋ ਵਾਲ ਸਿਦਕੀ ਬਾਬੇ ਲਧੇ ਜੀਦਾ ਮੰਦਰ ਹੁਣ ਸੋਹਣਾ ਦਿਸ ਆਂਮਦਾਏ। ਕਾਲਾ ਸਿੰਘ ਪ੍ਰਸੰਗ ਏ ਲਧਿਆ ਪੂਰਾ ਅਗੇ ਹਾਲ ਘੁਮਾਣਾ ਦਾ ਆਂਮਦਾ ਏ॥ ੪੨੧॥

Sri Satguru Jagjit Singh Ji Elibrary NamdhariElibrary@gmail.com

ਭੁਟੀ ਵਾਲ਼ ਤੋਂ ਉਠਕੇ ਮੋਹਰ ਸੇਤੀ ਬਾਬਾ ਵਿਚ ਘੁਮਾਣਾਂ ਦੇ ਆ ਇਆ ਹੈ। ਉਤਮ ਦੇਖਕੇ ਜਗਾ ਅਕੰਤ ਚੰਗੀ ਜੰਗਲ਼ ਵਿਚ ਬਾਬੇ ਡੇਰਾ ਲਾਇਆ ਹੈ। ਕੁਛਕ ਦਿਨਾਂ ਪਿਛੋਂ ਕੋਈ ਹੋਰ ਨਗਰ ਏਥੇ ਉਜੜਕੇਤੇ ਫੇਰ ਆਇਆ ਹੈ। ਨਾਮਦੇਵ ਜੀ ਨੇ ਕਿਹਾ ਵਸੋ ਏਥੇ ਬੰਨੋਂ ਪਿੰਡ ਏ ਆਖ ਸੁਣਾਇਆ ਹੈ। ਉਨਾਂ ਬਾਬੇ ਜੀਦੀ ਕੁਟੀ ਕਰੀ ਪਹਿਲੇ ਫੇਰ ਆਪਣਾ ਪਿੰਡ ਬਸਾਇਆ ਹੈ। ਓਸ ਪਿੰਡ ਦਾ ਨਾਮ ਘੁਮਾਣ ਕਹੀਏ ਨਾਮਦੇਵ ਜੀ ਪਿੰਡ ਬੰਨਾਇਆ ਹੈ। ਬਾਬਾ ਜਦੋਂ ਤੁਰਿਆਭੱਟੀਵਾਲ਼ਤੋਂ ਸੀ ਨਹੀਂ ਜਲੋਨੂੰਦਸਕੇਆਇਆਹੈ। ਜਲੋ ਭਾਲ਼ਦਾ ਸੂ ਪਿੰਡੋ ਪਿੰਡ ਫਿਰਦਾ ਦਰਸ਼ਨ ਵਿਚ ਘੁਮਾ ਣਾ ਆ ਪਾਇਆ ਹੈ। ਏਥੇ ਆਣਕੇ ਬਾਬੇ ਦੇ ਪਾਸ ਰਹਿੰਦਾ ਬ੍ਰਿਧ ਬਸਤਾ ਦੀ ਸੇਵ ਕਰਾਇਆ ਹੈ। ਭੂਤ ਵਿੰਡ ਬਾਹੁਰ ਦਾਸ ਉਡੀਕ ਦਾ ਸੂ ਹੁਕਮ ਬਾਬੇ ਦਾ ਮੈਨੂੰ ਨਾਂ ਆਇਆ ਹੈ। ਬਾਬਾ ਸਦੇਮੈਂ ਉਨਾਂ ਦੇ ਪਾਸ ਜਾਵਾਂ ਇਹੋ ਚਿਤ ਦੇ ਵਿਚ ਠਹਿਰਾਇਆ ਹੈ। ਅੰਤਰ ਜਾਮੀ ਏਧਰ ਜਾਣੀ ਜਾਣ ਬਾਬਾ ਜਲੋ ਸਿਖ ਨੂੰ ਪਾਸਬੁਲਾਇਆ ਹੈ। ਦਿਤੀ ਆਗਿਆ ਨਗਰ ਜੋ ਭੂਤ ਵਿੰਡੋਂ ਬਾਹੁਰ ਦਾਸ ਨੂੰ ਕਹੀਂ ਬੁਲਾਇਆ ਹੈ। ਬਾਬਾ ਜਲੋ ਜਾਕੇ ਬਾਹੁਰ ਦਾਸ ਜੀਨੂੰ ਓਸੇ ਰੋਜ ਜੋ ਸਦ ਲਿਆਇਆ ਹੈ। ਬਾਹੁਰ ਦਾਸ ਬਾਬਾ ਨਾਲ਼ ਮਾਇ ਉਸਦੀ ਨਾਮਦੇਵ ਜੀਦਾ ਦਰਸ਼ਨ ਪਾਇਆ ਹੈ। ਦੋਵੇਂ ਵਿਚ ਘੁਮਾ ਣਾਂ ਦੇ ਰਹਿਣ ਲਗੇ ਨਾਮਦੇਵ ਦੀ ਸੇਵ ਕਰਾਇਆ ਹੈ। ਏਸਪਿੰਡ ਵੀ ਪਾਣੀ ਦੀ ਟੋਟ ਭਾਰੀ ਟੋਬੇ ਸੁਕ ਗਏ ਮਾਲ਼ ਤਿਸਾਇਆ ਹੈ। ਡੰਗਰ ਵਛੇ ਨੂੰ ਪਾਣੀ ਪਿਲਾਉਣ ਜਾਂਦੇ ਦੂਜੇ ਨਗਰੀਂ ਜਾਇ ਛਕਾਇਆ ਹੈ। ਇਕ ਰੋਜ ਬਾਬੇ ਪਾਸ ਅਰਜ ਕਰਦੇ ਲੋਕਾਂ ਪਾਣੀ ਦਾ ਦੁਖ ਅਲਾਇਆ ਹੈ॥ ੪੨੨॥ ਤਬਾ ॥ ਬਾਬਾ ਕਹੇ ਏਥੇ

Sri Satguru Jagjit Singh Ji Elibrary NamdhariElibrary@gmail.com

ਟੋਬਾ ਪਟ ਛਡੋ ਪਾਣੀ ਪਵੇ ਬਰਸਾਤ ਨੂੰ ਆਇਆ ਜੇ। ਪਿੰਡ ਵਾਸੀਆਂ ਲੋਕਾਂ ਨੇ ਅਰਜ ਕੀਤੀ ਕਦੋਂ ਪਵੇ ਬਰਖਾ ਮੁਖੋਂ ਗਾਇਆ ਜੇ। ਓਨਾਂ ਚਿਰ ਬਾਬਾ ਸਾਨੂੰ ਔਖ ਭਾਰੀ ਹੱਥ ਜੋੜਕੇ ਸਰਬ ਸੁਣਾਇਆ ਜੇ। ਸੁਣਕੇ ਬੇਨਤੀ ਬਾਬੇ ਜ ਹੁਕਮ ਦਿਤ ਖੋਦੋਜਗਾ ਏ ਬਾਬੇ ਅਲਾਇਆ ਜੇ। ਤੁਹਾਡੇ ਬਰਤਣ ਜੋਗਾ ਪਾਣੀ ਹੁਣੇ ਭੇਜੇ ਵਾਹਿਗੁਰੂ ਬਾਬੇ ਫੁਰਮਾਇਆ ਜੇ। ਉਨਾਂ ਸੇਵਕਾਂ ਵਾਹਿਗੁਰੂ ਜਾਪ ਕਰਕੇ ਟੋਬਾ ਆਣਕੇ ਪਟ ਪਟਾਇਆ ਜੇ। ਹੇਠੋਂ ਅਤੀ ਨਿਰਮਲ ਪਾਣੀ ਨਿਕਲ ਆਇਆ ਧੰਨ ਧੰਨ ਬਾਬਾ ਸਭਨੇ ਗਾਇਆ ਜੇ। ਨਗਰ ਵਾਸੀ ਨੇ ਸਰਬ ਅਨੰਦ ਹੋਇ ਦੂਰ ਜਾਣ ਦਾ ਦੁਖ ਮਟਾਇਆ ਜੇ। ਨਾਮ ਦੇਵ ਜੀਦਾ ਜਸ ਕਰਨ ਸਾਰੇ ਕਾਲਾ ਸਿੰਘ ਪ੍ਰਸੰਗ ਸੁਣਾਇਆ ਜੇ॥ ੪੨੩ ॥

### ਪ੍ਰਸੰਗ ਕੇਸ਼ੋ ਵਡੇ ਦੁਖ ਵਾਲੇ ਦਾ ਚਲਿਆ ਉਮਰ ਸਾਲ ੭੩

ਏਸੇ ਜਿਲੇ ਗੁਰਦਾਸ ਪੁਰ ਵਿਚ ਮਾਝੇ ਤਾਰਾ ਨਾਮ ਇਕ ਪਿੰਡ ਸਦਾਂਮਦਾਏ। ਜਾਤ ਖਤ੍ਰੀ ਕੇਸ਼ੋ ਸੂ ਨਾਮ ਉਹਦਾ ਤਾਰੇ ਪਿੰਡ ਦੇ ਵਿਚ ਬਸਾਂਮਦਾ ਏ। ਖੂਨ ਵਿਗੜਕੇਤੇ ਵਡਾ ਰੋਗ ਲਗਾ ਹਰਬਖਤ ਸੂ ਦੁਖੀ ਰਹਾਂਮਦਾਏ। ਘਰਦੇ ਕੇਸ਼ੋਦੇ ਨਾਲ ਸਨ ਘਿਣਾਂ ਕਰਦੇ ਚਿਤੋਂ ਬਹੁਤ ਹੀ ਦੁਖ ਮਨਾਂਮਦਾ ਏ। ਕੇਸ਼ੋ ਪਾਣੀ ਮੰਗੇ ਨਾਰ ਆ ਪਣੀ ਤੇ ਨੌਣ ਵਾਸਤੇ ਆਖ ਸੁਣਾਂਮਦਾ ਏ। ਓਹਦੀ ਇਸਤ੍ਰੀ ਭਰੀ ਕ੍ਰੋਧ ਬੋਲੀ ਬਚਨ ਬੁਰਾ ਮੂੰਹੋਂ ਨਿਕਲ ਆਂਮਦਾਏ। ਦੁਖੀ ਹੋਇਕੇ ਤੇ ਬਾਹਰ ਗਿਆ ਕੇਸ਼ੋ ਸਮਾ ਮਰਨ ਦਾ ਆਪ ਕਰਾਂਮਦਾ ਏ। ਮਾਰੇ ਛਾਲ ਖੂਹੇ ਉਤੇ ਖੜਾ ਹੋਕੇ ਸੋਚਾਂ ਸੋਚ ਦਲੀਲ ਦੁੜਾਂਮ ਦਾਏ।ਏਸ ਜੀਊਣ ਨਾਲੋਂ ਮੈਨੂੰ ਮਰਨ ਚੰਗਾ ਛਾਲਮਾਰਨੇਤਾਈਂ ਤਕਾਂਮਦਾਏ। ਇਕ ਪਾਸਿਓਂ ਕਿਸੇ ਅਵਾਜ਼ ਮਾਰੀ ਠਹਿਰ ਜਾਹਿ ਕੇਸ਼ੋ ਮੁਖੋਂ ਗਾਂਮਦਾ ਏ। ਕੇਸ਼ੋ ਆਖਦਾ ਭਾਈ ਤੂੰ ਪਾਪ ਕੀਤਾ ਮੈਂ

ਤਾਂ ਦੁਖਾਂ ਤੋਂ ਸੀ ਛੁਟ ਜਾਂਮਦਾ ਏ। ਜਿਸ ਸਿਖ ਨੇ ਮਾਰੀ ਅਵਾਜ਼ ਹੈਸੀ ਕੇਸ਼ੋ ਤਾਂਈਂ ਆਕੇ ਸਮਝਾਂਮਦਾ ਏ। ਆਤਮ ਘਾਤ ਕਰਨਾ ਮਹਾਂਪਾਪ ਹੈਗਾ ਜੇ ਤੂੰ ਦੁਖੀ ਤਾਂ ਤੈਨੂੰ ਜਨਾਂਮਦਾ ਏ। ਤੈਨੂੰ ਕੋਈ ਜੇ ਕਿਤੇ ਨਾਂ ਰਹਿਣ ਦਿੰਦਾ ਤੈਨੂੰ ਰਾਹਿ ਘੁਮਾਣਾਂ ਮੇਂ ਪਾਂਮਦਾ ਏ। ਨਾਮ ਦੇਵ ਜੀ ਦੀ ਸ਼ਰਨ ਪਈਂ ਜਾਕੇ ਤੇਰੇ ਕੋੜ੍ਹ ਨੂੰ ਦੂਰ ਗਮਾਂਮਦਾ ਏ। ਕੇਸ਼ੋ ਜਦੋਂ ਘੁਮਾਣਾਂ ਦੇ ਵਿਚ ਆਇਆ ਬਾਬਾ ਆਉਂਦੇ ਨੂੰ ਭਜਨ ਸੁਣਾਂਮਦਾ ਏ। ਜੇ ਕੋਈ ਆਪਣਾ ਦੁਖ ਮਟਾਉਣ ਚਾਹੇ ਨਾਮ ਵਾਹਿਗੁਰੂ ਰਹੇ ਧਿਆਂਮਦਾ ਏ। ਨਾਮ ਜਪਨ ਲਗਾ ਦਿਨ ਰਾਤ ਕੇਸ਼ੋ ਨਾਮਦੇਵ ਜੀ ਹੁਕਮ ਲਗਾਂਮਦਾ ਏ। ਏਸ ਤਾਲ ਦੇ ਵਿਚ ਇਸ਼ਨਾਨ ਕਰਲੈ ਤੇਰਾ ਵਾਹਿਗੁਰੂ ਦੁਖ ਗਮਾਂਮਦਾ ਏ। ਸਚ ਮੁਚ ਕੇਸੋ ਇਸ਼ਨਾਨ ਕੀਤਾ ਕੋੜ੍ਹ ਦੂਰ ਓਹਦਾ ਹੋ ਜਾਂਮਦਾ ਏ। ਓਸ ਦਿਨੋਂ ਘੁਮਾਣੀ ਸੂ ਰਹਿਣ ਲਗਾ ਸੇਵਾ ਬਾਬੇ ਦੀ ਰੋਜ ਕਮਾਂਮਦਾ ਏ। ਗੁਰਦੁਆਰੇ ਦੇ ਪਾਸ ਹੈ ਤਾਲ ਜੋੜਾ ਕਾਲਾ ਸਿੰਘ ਕੇਸ਼ੋ ਫਲ ਪਾਂਮਦਾ ਏ॥ ੪੨੪॥

### ਪ੍ਰਸੰਗ ਘੁਮਾਣਾਂ ਵਿਚ ਸੰਗਤ ਦਾ ਚਲਿਆ ਉਮਰ ਸਾਲ ੩੪

ਮਾਝੇ ਦੇਸ ਤੇ ਜ਼ਿਲੇ ਗੁਰਦਾਸਪੁਰ ਦੇ ਪਿੰਡ ਨਾਮ ਘੁਮਾਣ ਉਚਾਰ ਸਾਰੇ। ਨਾਮਦੇਵ ਜੀ ਦਾ ਦੇਹੁਰਾ ਖਾਸ ਓਥੇ ਪ੍ਰਗਟ ਵਿਚ ਹੈਸੀ ਸੰਸਾਰ ਸਾਰੇ। ਸਿੱਖ ਸੰਗਤਾਂ ਦੀ ਵਡੀ ਭੀੜ ਰਹਿੰਦੀ ਅੱਵਲ ਸਿੱਖ ਹੈਸਨ ਸੰਤ ਚਾਰ ਸਾਰੇ। ਬਾਹੁਰ ਦਾਸ ਦਾ ਕੌਮ ਤ੍ਰਖਾਣ ਕਹਿੰਦੇ ਕਈ ਲੋਕ ਆਖਣ ਮੁਖੋਂ ਟਾਰ ਸਾਰੇ। ਭੂਤਵਿੰਡ ਦਾ ਵਾਸੀ ਵਿਚਾਰ ਲੈਣਾ ਜੀਉਂਦਾ ਮੁਰਦਿਓਂ ਕੀਤਾ ਤਿਆਰ ਸਾਰੇ। ਬਾਬਾ ਲੱਧਾ ਜੀ ਜਾਤ ਦੇ ਖੱਤ੍ਰੀ ਸੇ ਪਿੰਡ ਕਾਦੀਆਂ ਲਵੇ ਵਿਚਾਰ ਸਾਰੇ। ਬਾਬੇ ਜੱਲੋ ਦੀ ਜਾਤ ਤਰਖਾਣ ਹੈਸੀ ਭੱਟੀਵਾਲ ਦਾ ਪਿੰਡ ਉਚਾਰ ਸਾਰੇ। ਬਾਬ ਕੇਸ਼ੋ ਦੀ ਜਾਤ ਦਾ ਖਤਰੀ ਸੂ ਤਾਰਾ ਪਿੰਡ ਦਾ ਨਾਮ ਪੁਕਾਰ ਸਾਰੇ ਰਹੇ ਭੀੜ ਹਜ਼ੂਰ ਹਮੇਸ਼ ਲੱਗੀ ਚਾਰੇ ਕਰਨ ਸੇਵਾ ਕੰਮ ਕਾਰ ਸਾਰੇ

Sri Satguru Jagjit Singh Ji Elibrary NamdhariElibrary@gmail.com

ਚੁਹੱਤ੍ਰ ਸਾਲ ਦੀ ਬਾਬੇ ਦੀ ਬ੍ਰਿਧ ਅਵਸਥਾ ਸੇਵਾ ਬਹੁਤ ਕਰਦੇ ਸੇਵਾਦਾਰ ਸਾਰੇ। ਕਾਲਾ ਸਿੰਘ ਸਾਰੇ ਦੇਸ ਖਬਰ ਹੋਈ ਪ੍ਰੇਮੀ ਕਰਦੇ ਸੁ ਆਣ ਦੀਦਾਰ ਸਾਰੇ ॥ ੪੨੫ ॥

ਪ੍ਰਸੰਗ ਬਾਦਸ਼ਾਹ ਨੇ ਬਾਬੇ ਜੀਦਾ ਦਰਸ਼ਨ ਕਰਨਾ ਆਕੇ ਉਮਰ ਸਾਲ ੭੪

ਮਹੰਮਦ ਤੁਗਲਕ ਬਾਦਸ਼ਾਹ ਦਿੱਲੀ ਵਾਲਾ ਸੈਲ ਕਰਨ ਪੰਜਾਬ ਨੂੰ ਆਇਆ ਹੈ। ਲਿਦਿਹਾਣਾ ਸਰਹੰਦ ਜਲੰਧਰ ਵਿਚਦੀ ਅਮ੍ਰਿਤਸਰ ਲਾਹੌਰ ਨੂੰ ਧਾਇਆ ਹੈ। ਸੰਮਤ ਚੌਦਾਂ ਸੌ ਬਿਕ੍ਰਮੀ ਸਾਲ ਅੰਦਰ ਗੇੜਾ ਮਾਝੇ ਦੇ ਵਿਚ ਲਗਾਇਆ ਹੈ। ਨਾਮਦੇਵ ਦੀ ਉਪਮਾਂ ਸੁਣੀ ਕੰਨੀਂ ਚਿੱਤ ਕਵਲ ਵਾਂਗੂ ਖਿੜਿ ਆਇਆ ਹੈ। ਸੇਵਕ ਜਦੋ ਬਾਬੇ ਜੀ ਦਾ ਹੋਗਿਆ ਸੂ ਮਰੀ ਗਊ ਜਦ ਜੀਉਂਦੀ ਕਰਾਇਆ ਹੈ। ਛੋਜਾ ਗਊ ਵਾਲਾ ਕੌਤਕ ਦੇਖ ਕਰਕੇ ਨਾਮਦੇਵ ਦਾ ਸਿੱਖ ਸਦਾਇਆ ਹੈ। ਸੰਮਤ ਤੇਰਾਂ ਸੌ ਵਿਚ ਪਚਾਨਵੇਂ ਦੇ ਦੌਰਾ ਦੇਸ ਮੇ ਹਰਾਸ਼ਟਰ ਕਰਾਇਆ ਹੈ। ਅੱਗੇ ਸਾਰਾ ਪ੍ਰਸੰਗ ਏਹ ਆਗਿਆ ਹੈ ਗੁਰੂ ਗਰੀਬ ਜੀ ਵਿਚੋਂ ਲਿਖਾਇਆ ਹੈ। ਬਾਦਸ਼ਾਹ ਘੁਮਾਣਾਂ ਦੇ ਵਿਚ ਆਕੇ ਨਾਮਦੇਵ ਜੀ ਦਾ ਦਰਸ਼ਨ ਪਾਇਆ ਹੈ। ਨਾਮਦੇਵ ਜੀ ਨੂੰ ਮਾਇਆ ਭੇਟ ਕੀਤੀ ਬਾਬੇ ਲਈ ਨਾਂ ਆਖ ਸੁਣਾਇਆ ਹੈ। ਸਾਡੇ ਮਾਇਆ ਹੈ ਕਿਸੇ ਨਾ ਕੰਮ ਭਾਈ ਸ਼ਾਹ ਖੁਸ਼ੀ ਅੰਦਰ ਭਾਰਾ ਆਇਆ ਹੈ। ਮੰਦਰ ਤਾਲ ਬਨਾਉਣ ਦਾ ਹੁਕਮ ਦਿਤਾ ਪਿਛੋਂ ਨੌਕਰਾਂ ਕਾਰ ਚਲਾਇਆ ਹੈ। ਬਾਦਸ਼ਾਹ ਸਣੇ ਸਾਰੇ ਸੂਬਿਆਂ ਦੇ ਸੈਲ ਸ਼ਹਿਰ ਲਾਹੌਰ ਦਾ ਪਾਇਆ ਹੈ। ਮੰਦਰ ਸਾਰਾ ਤਿਆਰਬਰ ਤਿਆਰ ਹੋਇਆ ਵਾਹੀ ਤਾਲ ਦੀ ਇਕ ਬਣਾਇਆ ਹੈ। ਕਾਲਾ ਸਿੰਘ ਨੌਕਰ ਫੇਰ ਚਲੇ ਗਏ ਏਹੋ ਸਾਖੀਆਂ ਦਸ ਦਸਾਇਆ ਹੈ॥

ਪ੍ਰਸੰਗ ਇਕ ਰਾਧੇ ਖਤ੍ਰੀ ਸ਼ਾਹੂਕਾਰ ਦਾ ਚਲਿਆ ਉਮਰ ਸਾਲ ੭੪

ਰਾਧਾ ਖੱਤ੍ਰੀ ਪੱਟੀ ਦੇ ਰਹਿਣ ਵਾਲਾ ਹੈਸੀ ਵਡਾ ਜੋ ਸਖਤ ਬੀਮਾਰ

Sri Satguru Jagjit Singh Ji Elibrary NamdhariElibrary@gmail.com

ਪਿਆਰੇ। ਕੀਤੇ ਏਸਨੇ ਬਹੁਤ ਇਲਾਜ ਭਾਰੇ ਰੋਗ ਹਟਿਆ ਨਾ ਅੰਤ ਲਚਾਰ ਪਿਆਰੇ। ਸੂਬੇ ਪਾਸ ਹੈ ਵਿਚ ਲਹੌਰ ਪੁੱਜਾ ਓਸ ਦੇ ਖਿਆ ਨਿਗਾ ਨਿਹਾਰ ਪਿਆਰੇ। ਸੂਬਾ ਪੁਛੇ ਬੁਹਾਨੇ ਨਹੀ ਇਲਾ ਜ ਕੀਤਾ ਆਇਆ ਨਹੀਂ ਅਰਾਮ ਪੁਕਾਰਪਿਆਰੇ। ਰਾਧਾ ਆਖ ਦਾ ਕਈ ਹਕੀਮ ਲਾਏ ਨਹੀਂ ਆਇਆ ਅਰਾਮ ਵਿਚਾਰ ਪਿਆ ਰੇ। ਸੂਬਾ ਕਹੇ ਘੁਮਾਣਾ ਦੇ ਵਿੱਚ ਵੱਡਾ ਇਕ ਸੰਤ ਹੈ ਅਪਰ ਅ ਪਾਰ ਪਿਆਰੇ। ਮਰੇ ਜੀਉਂਦੇ ਕੀਤੇ ਰਾਜੀ ਕੋੜ੍ਹ ਵਾਲੇ ਨਾਮਦੇਵ ਜੀ ਰੂਪ ਕਰਤਾਰ ਪਿਆਰੇ। ਵਡੀ ਕਲਾ ਵਾਲਾ ਸਰਨੀ ਪੜੀਂ ਜਾਕੇ ਦੁਖ ਕੱਟਦਾ ਨਿਗਾਨੂੰ ਧਾਰਪਿਆਰੇ । ਰਾਧਾ ਆਣ ਘੁ ਮਾਣੀਸੂ ਪਿਆ ਸਰਣੀ ਕਰੇ ਬੇਨਤੀ ਅਰਜ ਗੁਜਾਰ ਪਿਆਰੇ। ਮਹਾਰਾਜ ਮੇਰਾ ਕਿਮੇ ਦੁੱਖ ਕੱਟੇ ਬਾਬੇ ਦੱਸਿਆ ਭਜਨ ਉਚਾਰਪਿਆਰੇ।ਦਿੱਤਾ ਹੁਕਮ ਵਿੱਚ ਤਾਲਇਸ਼ਨਾਨ ਕਰਲੈਬਾਹੀ ਇੱਕੁ ਪੱਕੀ ਵਿਚਕਾਰ ਪਿਅ ਰੇ।ਭਜਨ ਕਰੀਂਇਹੋਜੇੜ੍ਹਾ ਦੱਸਿਆ ਹੈ ਸਾਸ ਸਾਸ ਅੰਤ੍ਰੀਬ ਨਿਹਾਰ ਪਿਆਰੇ। ਹੁਕਮੁ ਮੰਨ ਰਾਧੇ ਇਸ਼ ਨਾਨ ਕਰਿਆ ਦੁੱਖਦੂਰ ਹੋਇਇੱਕੇ ਵਾਰਪਿਆਰੇ।ਓਸਖੱਤ੍ਰੀਕੀਤੀ ਸੂਭੇਟ ਮਾਇਆ ਲਿਆਇਆ ਬਾਬੇਜੀ ਮੂਹਰੇ ਉਸਾਰਪਿਆਰੇ।ਬਾਬਾ ਕਹੇਚੱਕੋ ਸਾਡੇ ਕੰਮ ਨਾਹੀ ਅਸਾਂਕਿਆ ਕਰਨੀਖੂੰਨਣਖਾਰ ਪਿਆ ਰੇ। ਓਸ ਖੱਤ੍ਰੀ ਮਾਇਆ ਉਠਾ ਕਰਕੇ ਤਾਲੂ ਦੇਖਿਆ ਨਾਲਵਿਚਾ ਰ ਪਿਆਰੇ।ਪੂਣੇ ਸਣੇ ਬਾਹੀਜੇੜ੍ਹੀ ਪੂਰੇਪਾਸੇ ਕੀਤੀਤਾਲਦੀ ਪੱਕੀ ਤਿਆਰਪਿਆਰੇ।ਕਾਲਾਸਿੰਘ ਓਹ ਬਾਬੇਦੀ ਸਿਫਤ ਕਰਦਾਗਿਆ ਆਪਣੇ ਪਿੰਡ ਸਧਾਰ ਪਿਆਰੇ ॥ ੪੨੧ ॥

ਪ੍ਰਸੰਗ ਘੁਮਾਣਾਂ ਵਿਚ ਸੰਗਤ ਦਾ ਚਲਿਆ ਉਮਰ ਸਾਲ ੭੪

ਸੱਤ ਧਰਮ ਦਾ ਕਰੇ ਪ੍ਰਚਾਰ ਬਾਬਾ ਚਿੱਤ ਜੀਵਾਂ ਦੇ ਸ਼ੁੱਧ ਕਰਾਂਮਦੇ ਨੇ। ਦਸਣ ਜਿਸਨੂੰ ਭਜਨ ਦਿਆਲ ਹੋਕੇ ਜਨਮ ਮਰਨ ਤੋਂ ਜੀਵ

Sri Satguru Jagjit Singh Ji Elibrary NamdhariElibrary@gmail.com

ਛੁੜਾਮਦੇਨੇ। ਰਹੇ ਭੀੜ ਹਮੇਸ਼ ਹਜ਼ੂਰ ਲੱਗੀ ਕਈ ਆਉਣ ਕਈ ਚਲੇ ਜਾਂਮਦੇਨੇ।ਪ੍ਰੇਮੀ ਕਈ ਦੂਰੋਂ ਦੂਰੋਂ ਆਵੰਦੇਨੇ ਕਈ ਪਾਸ ਰਹਿੰਦੇ ਜਸ ਗਾਂਮਦੇਨੇ। ਜੱਲੋ ਕੈਸ਼ੋ ਲੱਧਾ ਬਾਹੁਰਦਾਸ ਭਾਰੇ ਅੱਬਲ ਸਿੱਖ ਏ ਚਾਰ ਸਦਾਂਮਦੇਨੇ । ਬਾਬੇ ਜਲੋਦੀ ਜਾਤ ਤਰਖਾਣ ਆਖਣ ਆਮ ਲੋਕ ਏ ਆਖਸੁਣਾਂਮਦੇਨੇ। ਧਾਲੀਵਾਲ ਪਿੰਡ ਵਿਚ ਸਮਾਧ ਏਦੀ ਸਾਕਨਾਤੇ ਤਰਖਾਣ ਕਰਾਂਮਦੇਨੇ। ਬਹੁਰਦਾਸ ਬਾਬਾ ਮੁਖ ਚੋਹਾਂ ਵਿਚੋਂ ਕਾਰਵਾਰ ਵਿਹਾਰ ਚਲਾਂਮਦੇਨੇ । ਨਾਮਦਾਨ ਇਸ਼ਨਾਨ ਤੇ ਭਜਨ ਬਾਣੀ ਨਾਲੇ ਬਾਬੇਦੀ ਸੇਵਾ ਕਰਾਂਮਦੇਨੇ । ਨਾਮਦੇਵ ਜੀ ਨਾਲ ਸ੍ਰੂ ਪਿਆਰ ਇਸਦਾ ਮਹਾਰਾਜ ਸੀਨੇ ਰੋਜ ਲਾਂਮਦੇਨੇ। ਭੂਤ ਵਿੰਡ ਬਾਬਾ ਜਦੋਂ ਰਹਿਆ ਪਹਿਲੇ ਮਰੇ ਏਸਨੂੰ ਜਾਂ ਉਦਾ ਬਣਾਂਮਦੇਨੇ। ਏਹਦੀ ਮਾਈਨੇ ਬਾਬੇਦਾ ਸਿਖ ਕੀਤਾ ਤਾਂਹੀ ਬਹੁਤ ਪਿਆਰ ਰਖਾਂਮਦੇਨੇ। ਪਿਤਾ ਗੁਜਰਕੇ ਆਪਯਤੀਮ ਹੋਇਆ ਮਾਤਾ ਬਾਬੇਜੀਦੇ ਚਰਨੀ ਲਾਂਮਦੇਨੇ। ਕਾਲਾਸਿੰਘ ਏਹਜਮਾਂ ਝੜਾਇ ਦਿਤਾ ਸੁਣਨੇ ਵਿਚ ਪ੍ਰਸੰਗ ਏਹ ਆਂਮਦੇਨੇ ॥ ੪੨੮ ॥

ਪ੍ਰਸੰਗ ਸ੍ਰੀ ਬਾਬੇ ਬਾਹੁਰ ਦਾਸ ਜੀਦੇ ਅਨੰਦ ਦਾ ਚਲਿਆ ਉਮਰ ਸਾਲ ੧੪

ਇਕ ਰੋਜ ਸੰਗਤ ਕੱਠੀ ਬਹੁਤ ਹੋਈ ਆਕੇ ਬਾਬੇਦਾ ਕਰੇ ਦੀਦਾਰ ਸੰਤੋ। ਪਿੰਡ ਮਰੜ ਜਿਥੇ ਬਾਬਾ ਰਹਿਆ ਪਹਿਲੇ ਉਨਾਂ ਵਿਚ ਇਕ ਸਿੱਖ ਅਪਾਰ ਸੰਤੋ । ਰਾਧਾ ਨਾਮ ਸੇਵਕ ਨਾਮਦੇਵ ਜੀਦਾ ਉਠ ਅਰਜ ਕਰਦਾ ਵਾਰਵਾਰ ਸੰਤੋ। ਮੇਰੀ ਕੰਨਿਆਂਦੀ ਕੁੜਮਾਈ ਕਰਨੀ ਬਾਹੁਰਦਾਸ ਤੁਹਾਡਾ ਸੇਵਾਦਾਰ ਸੰਤੋ । ਮਹਾਰਾਜ ਏਹ ਅਰਜ ਮਨਜ਼ੂਰ ਕਰਨੀ ਬਾਬੇ ਕਰੀ ਪ੍ਰਮਾਨ ਵਿਚਾਰ ਸੰਤੋ । ਜਾਤ ਪਾਤ ਦੇ ਭਰਮਤੋਂ ਬਰੀ ਬਾਬਾ ਹੁਕਮ ਧੁਰੋਂ ਦਿਤਾ ਨਿਰਾਕਾਰ ਸੰਤੋ। ਪਹਿਲੇ ਭਗਤ ਆਇ ਪਿੱਛੋਂ ਗੁਰੂ ਬਾਰਾਂ ਹੁਕਮ ਇਕ ਹੈ ਬਾਣੀ ਨਿਹਾਰ ਸੰਤੋ । ਦਿਤਾ ਸਗਨ ਤੇ ਸੰਤ ਅਰਦਾਸ ਕਰਦੇ ਬਿਆਹੂ

Sri Satguru Jagjit Singh Ji Elibrary NamdhariElibrary@gmail.com

ਨਾਲ ਅਨੰਦ ਉਚਾਰ ਸੰਤੋ। ਜੰਞ ਚੜ੍ਹੀ ਬਾਬੇ ਬਾਹੁਰ ਦਾਸ ਜੀ
ਦੀ ਨਾਲ ਸੰਤ ਸਨ ਭਗਤ ਅਪਾਰ ਸੰਤੋ। ਬਾਬਾ ਜੱਲੋ ਲੱਧਾ ਕੌਸ਼ੇ
ਨਾਲ ਬਾਬਾ ਕਈ ਹੋਰ ਸਨ ਬੇਸ਼ੁਮਾਰ ਸੰਤੋ। ਰਾਂਕਾ ਬਾਂਕਾ ਤ੍ਰਿ
ਲੋਚਨ ਜੈਦੇਵ ਆਇਆ ਸਾਰੇ ਭਗਤ ਸੱਦੇ ਨਾਲ ਪਿਆਰ ਸੰਤੋ।
ਅੰਧਾ ਇਕਸੀ ਜੰਞਦੇ ਨਾਲ ਜਾਂਦਾ ਖਾਵੇ ਠੋਕਰਾਂ ਬਹੁਤ ਲਚਾਰ
ਸੰਤੋ। ਬਾਬੇ ਵੇਖਕੇ ਭਜਨਸੂ ਦੱਸ ਦਿਤਾ ਹੱਥ ਸੀਸ ਤੇ ਧਰੇ
ਕਰਤਾਰ ਸੰਤੋ। ਦਿਤਾ ਹੁਕਮ ਮੁੜਿਕੇ ਤਾਲ ਮੁਖਧੋਲੈ ਹੋਇਗਿਆ
ਸੁਜਾਖਾ ਤਿਆਰ ਸੰਤੋ। ਨਾਮਦੇਵ ਜੀ ਜੰਞ ਦੇ ਨਾਲ ਜਾਂਦੇ ਮਰੜ
ਪਿੰਡ ਪੁਜੇ ਉਸੇਵਾਰ ਸੰਤੋ। ਬਾਂਮਣ ਬਾਬੇ ਦੇ ਨਾਲ ਜੋ ਵੈਰ ਰਖਦੇ
ਇਤ੍ਰ ਬਿਤ੍ਰ ਹੋਗਏ ਧੂਆਂ ਧਾਰ ਸੰਤੋ। ਜੋਹਿਰਾਂ ਦਿੱਤੀਆਂ ਮਾਰੇ
ਸੇ ਭਜਨ ਕਰਦੇ ਚੁਗਲੀਆਂਕੀਤੀਆਂਪਾਸਸਰਕਾਰਸੰਤੋ। ਇਨਾਂ
ਗੱਲਾਂ ਨੂੰ ਪੰਮੇ ਵਿਚਾਰ ਬੈਠੇ ਬਿਆਹਿ ਵਿਚ ਨਾ ਆਇ ਮੁਕਾਰ
ਸੰਤੋ। ਬਾਬੇ ਬਿਆਹਿਲਾਮਾਂ ਬਾਣੀ ਨਾਲ ਕਰੀਆਂ ਗੁਰਮੱਤ ਕੀਤੇ
ਕਾਰੋਬਾਰ ਸੰਤੋ। ਬਾਬਾ ਪਹਿਲੇ ਤੋਂ ਜਾਣਦਾ ਬਾਂਮਣਾਂ ਨੂੰ ਝੂਠੀ
ਛੱਟਦਿੱਤੀ ਦੂਰ ਡਾਰ ਸੰਤੋ। ਵਿਦਾ ਹੋਇ ਘੁਮਾਣਾਂ ਦੇ ਵਿਚ ਆਏ
ਬਾਹੁਰ ਦਾਸ ਵਸਦਾ ਘਰਵਾਰ ਸੰਤੋ। ਬਾਹੁਰ ਦਾਸਦੀ ਫੇਰ ਸੰਤਾਨ
ਹੋਈ ਵਿੱਚ ਪਿੰਡ ਘੁਮਾਣ ਨਿਹਾਰ ਸੰਤੋ। ਤਿੰਨ ਪੱਤੀਆਂ ਤੇ ਖਾਨ
ਦਾਨ ਬਾਬੇ ਸਾਰਾ ਵਸੇ ਓਥੇ ਪ੍ਰਵਾਰ ਸੰਤੋ। ਨਾਮਦੇਵ ਦੀ ਬੰਸ ਦੇ
ਨਾਲ ਸਾਰਾ ਸਾਕ ਨਾਤੇਦਾ ਕੁਲ ਵਿਹਾਰਸੰਤੋ।ਮਹਾਂਰਾਜਜੀ ਮੰਦ੍ਰ ਦੇ
ਵਿਚ ਰਹਿੰਦੇ ਬ੍ਰਿਧ ਬਸਤਾ ਤਿਆਰ ਬਰਤਿਆਰ ਸੰਤੋ। ਕਾਲਾ
ਸਿੰਘ ਪ੍ਰੇਮਦੇ ਵਿਚ ਬਾਬਾ ਪੜ੍ਹੇ ਸਬਦ ਤੇ ਬਾਣੀ ਉਚਾਰ ਸੰਤੋ॥

ਰਾਗ ਗੋਂਡ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੪

ਨਾਦਭ੍ਰਮੇਜੈਸੇਮਿਰਗਾਏ ॥ ਪ੍ਰਾਨਤਜੇਵਾਕੋਧਿਆਨੁਨਜਾਏ ॥ ੧ ॥ ਐਸੇਰਾਮਾਐਸੇਹੇਰਉ॥ ਰਾਮੁ ਛੋਡਿਚਿਤੁਅਨਤਨਫੇਰਉ ॥ ੧ ॥ ਰਹਾਉ ॥ ਜਿਉਮੀਨਾਹੇਰੈਪਸੂਆਰਾ ॥ ਸੋਨਾਗਢਤੇਹਿਰੈ ਸੁਨਾਰਾ ॥ ੨ ॥ ਜਿਉਬਿਖਈਹੇਰੈਪਰਨਾਰੀ ॥ ਕਉਡਾਡਾਰਤਹਿਰੈਜੁਆਰੀ ॥ ੩ ॥ ਜਹਜਹ

Sri Satguru Jagjit Singh Ji Elibrary NamdhariElibrary@gmail.com

ਦੇਖਉਤਹਤਹਰਾਮਾ ॥ ਹਰਿਕੇਚਰਨਨਿਤਧਿਆਵੈਨਾਮਾ ॥ ੪ ॥ ੨ ॥ ੪੩੦ ॥

ਟੀਕਾ ਕਬਿਤ ॥ ਗੋਂਡ ਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਆਪ ਨੇਹੈ ਚਿੱਤਤਾਂਈਆਪਸਮਝਾਉਂਦਾ। ਜਿਵੇਂ ਘੰਡਾ ਹੇੜੇਦੀਹੈ ਮ੍ਰਿਗ ਅਵਾਜ਼ ਸੁਣੇ ਤਜਦਾ ਪਰਾਂਨ ਤੇ ਧਿਆਨ ਨਾਂ ਛੁਡਾਉਂਦਾ। ਹੇ ਮਨਾਂ ਏਸੇਤਰਾਂ ਰਾਮਨਾਮ ਨਾਲ ਜੁੜ ਓਸ ਵਲੋਂ ਮੋੜ ਹੋਰ ਪਾਸੇ ਨਾ ਲਗਾਉਂਦਾ। ਜਿਵੇਂ ਬੱਗ ਮੱਛੀਆਂਦੇ ਮਾਰਨੇ ਨੂੰ ਦੇਖਦਾ ਹੈ ਤਿਵੇਂ ਸੁਨਿਆਰਾ ਦੇਖ ਸੋਨੇ ਨੂੰ ਚੁਰਾਉਂਦਾ। ਜਿਵੇਂ ਕੇ ਵਸ਼ਈ ਪਰਾਇਸਤ੍ਰੀਨੂ ਦੇਖਦਾ ਹੈ ਜਿਵੇਂ ਹੈ ਜੁਹਾਰੀ ਦਾਉ ਆਪਨਾ ਤਕਾਂਉਦਾ। ਏਸੇਤਰਾਂ ਜਿਥੇ ਕਿਥੇ ਵਾਹਿਗੁਰੂ ਮੈਂ ਦੇਖਦਾਹਾਂ ਨਾਮਦੇਵ ਵਾਹਿਗੁਰੂ ਦੇ ਚਰਨ ਨਿੱਤ ਧਿਆਂਉਦਾ ॥ ੪੩੧ ॥ ਬੈਂਤ ॥ ਕੋਈ ਘੜੀ ਭੀ ਐਸੀਨਾਂ ਗੁਜਰਦ ਸੀ ਵਾਹਿਗੁਰੂ ਦਾ ਨਾਮ ਧਿਆਂਮਦੇਸੈ। ਪਲ ਘੜੀ ਤੇ ਮਿੰਟ ਸਕਿੰਟ ਅੰਦ੍ਰ ਸਾਸ ਸਾਸ ਦਾ ਭਜਨ ਕਰਾਂਮਦੇਸੇ। ਰਹਿੰਦੇ ਮਗਨ ਅਕਾਲਦੇ ਜਾਪ ਅੰਦ੍ਰ ਇਕ ਮਿੰਟਭੀ ਫਰਕਨਾਂ ਪਾਂਮਦੇਸੇ। ਕਾਲਾਸਿੰਘ ਇਹ ਸ਼ਬਦਤੋਂ ਪਤਾਲੱਗਾ ਮਹਾਂਰਾਜ ਜਿਵੇਂ ਜਸੁਗਾਂਮਦੇਸੇ ॥ ੪੩੨ ॥

ਰਾਗ ਭੈਰੋਂ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੪

ਜੈਸੀਭੂਖੇਪ੍ਰੀਤਿਅਨਾਜੁ ॥ ਤ੍ਰਿਖਾਵੰਤਜਲਸੇਤੀਕਾਜ ॥ ਜੈਸੀਮੂੜਕੁਟੰਬਪਰਾਇਣ ॥ ਐਸੀਨਾਮੇਪ੍ਰੀਤਿਨਾਰਾਇਣ ॥ ੧ ॥ ਨਾਮੇਪ੍ਰੀਤਿਨਾਰਾਇਣਲਾਗੀ ॥ ਸਹਜਿਸੁਭਾਇਭਇਓਬੈਰਾਗੀ ॥੧॥ ਰਹਾਉ ॥ ਜੈਸੀਪਰਪੁਰਖਾਰਤਨਾਰੀ ॥ ਲੋਭੀਨਰੁਧਨਕਾਹਿਤਕਾਰੀ ॥ ਕਾਮੀਪੁਰਖਕਾਮਨੀਪਿਆਰੀ ॥ ਐਸੀਨਾਮੇਪ੍ਰੀਤਿਮੁਰਾਰੀ ॥ ੨ ॥ ਸਾਈਪ੍ਰੀਤਿਜਿਆਪੇਲਾਏ ॥ ਗੁਰਪਰਸਾਦੀਦੁਬਿਧਾਜਾਏ ॥ ਕਬਹੁਨਤੂਟਸਿਰਹਿਆਸਮਾਇ ॥ ਨਾਮੇਚਿਤੁਲਾਇਆਸਚਿਨਾਇ ॥ ੩ ॥ ਜੈਸੀਪ੍ਰੀਤਿਬਾਰਿਕਅਰਮਾਤਾ ॥ ਐਸਾਹਰਿਸੇਤੀਮਨੁਰਾਤਾ ॥ ਪ੍ਰਣਵੈਨਾਮਦੇਉਲਾਗੀਪ੍ਰੀਤਿ ॥ ਗੋਬਿੰਦਬਸੈਹਮਾਰੈਚੀਤਿ ॥ ੪ ॥ ੭ ॥ ੪੩੩ ॥

ਟੀਕਾ ਕਬਿੱਤ ॥ ਭੈਰੋ ਰਾਗ ਵਿਚ ਮੁਖਵਾਕ ਸ੍ਰੀ ਨਾਮਦੇਵ ਆਪ ਨੇ ਸਰੀਰ ਤਾਂਈ ਕਰਦਾ ਗਿਆਂਨਤਾਂ। ਭੁਖੇ ਦੀ ਪ੍ਰੀਤਿ ਜਿਵੇਂ ਹੁੰਦੀ ਹੈਗੀ ਅੰਨਤਾਂਈ ਪਿਆਸੇ ਦਾ ਜੋ ਹੈਸੀ ਭਾਈ ਪਾਣੀ ਤਾਂਈ ਧਿਆਂਨਤਾਂ। ਮੂਰਖਦੀ ਪ੍ਰੀਤ ਜਿਵੇਂ ਹੁੰਦੀ ਹੈ ਕੁਟੰਬਨਾਲ ਤਿਵੇਂ

Sri Satguru Jagjit Singh Ji Elibrary NamdhariElibrary@gmail.com

ਨਾਮ ਦੇਵ ਜੀ ਦੀ ਨਾਲ ਭਗਵਾਨਤਾਂ। ਜਦ ਮੇਰੀ ਪ੍ਰੀਤਿ ਵਾਹਿ ਗੁਰੂ ਜੀ ਦੇ ਨਾਲ ਲੱਗੀ ਸਹਿਜ ਤੇ ਸੁਭਾਇਜੋ ਬਰਾਗ ਵਲਿ ਧਿ ਆਂਨਤਾਂ। ਜਿਵੇਂ ਪਰ ਪੁਰਖਸੰਦੀ ਇਸਤ੍ਰੀ ਪ੍ਰੀਤਿ ਕਰੈ ਲੋਭੀ ਨਰ ਤਾਈਂ ਜਿਵੇਂ ਧਨ ਦਾ ਗੁਮਾਨਤਾਂ। ਕਾਮੀ ਜਿਵੇਂ ਆਦਮੀ ਨੂੰ ਇਸਤ੍ਰੀ ਪਿਆਰੀ ਹੁੰਦੀ ਤਿਵੇਂ ਮੇਰੀ ਪ੍ਰੀਤਿ ਨਾਲ ਵਾਹਿਗੁਰੂ ਦੇ ਮਾਂਨਤਾਂ ॥ ੪੩੪ ॥ ਕਬਿਤ ॥ ਏਹੋ ਹੈਗੀ ਪ੍ਰੀਤ ਜੋੜੀ ਵਾਹਿਗੁਰੂ ਦੇ ਨਾਲ ਲਾਵੇ ਗੁਰਾਂ ਦੀ ਮੇਹਰ ਦੂ ਬਧਾ ਦੂਰ ਹੈ ਗੁਮਾਉ ਦੀ। ਨਾਮਦੇਵ ਚਿੱਤ ਸੱਚੇ ਨਾਮ ਨਾਲ ਜੋ ੜਿਆ ਹੈ ਨਾਲਈ ਸਮਾਇਆ ਬ੍ਰਿਤੀ ਹਿੱਲ ਨਹੀਂ ਜਾਉਂਦੀ। ਜਿਕੂਰ ਪ੍ਰੀਤ ਬਾਲ ਨਾਲ ਮਾਂਦੀ ਹੋਂਮਦੀ ਹੈ ਇਕੂਰ ਪ੍ਰੀਤਿ ਮੈਨੂੰ ਵਾਹਿਗੁਰੂ ਦੀ ਭਾਂਉਦੀ। ਕਹੈ ਨਾਮਦੇਵ ਮੇਰੀ ਪ੍ਰੀਤ ਨਾਲ ਵਾਹਿ ਗੁਰੂਦੇਵਾਹਿਗੁਰੂਦੀ ਜੋਤ ਚਿੱਤ ਵਿਚਵਸਜਾਂਉਦੀ॥੪੩੫॥ ਬੈਂਤ॥ ਨਾਮਦੇਵ ਦਾ ਚਿੱਤ ਸੰਸਾਰ ਕੋਲੋਂ ਰਹਿੰਦਾ ਵਡਾ ਉਪਰਾਮ ਉਦਾਸ ਪਿਆਰੇ। ਕਈਵਾਰਸੀਪੁਛਿਆ ਸੇਵਕਾਂਨੇ ਮੂੰਹੋਂ ਕਹਿੰਣ ਨਾਂ ਕੁਝ ਬਲਾਸ ਪਿਆਰੇ। ਕਦੇ ਕਦੇ ਬੈਠੇ ਓਸ ਵਾਹਿਗੁਰੂ ਦੀ ਕਹਿੰਦੇ ਉਸਤਤੀ ਹੋਇ ਖਲਾਸ ਪਿਆਰੇ। ਕਾਲਾ ਸਿੰਘ ਬਰਾਗ ਦੇ ਵਿੱਚ ਹੋਕੇ ਕਰਦੇ ਸਬਦ ਉਚਾਰ ਪ੍ਰਕਾਸ ਪਿਆਰੇ॥ ੪੩੬ ॥

ਰਾਗ ਗਉੜੀ ਸਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੪

ਦੇਵਾਪਾਹਨਤਾਰੀਅਲੇ ॥ ਰਾਮਕਹਤਜਨਕਸਨਤਰੇ ॥ ੧ ॥ ਰਹਾਉ ॥ ਤਾਰੀਲੇਗਨਕਾਬਿਨੁ ਰੂਪਕੁਬਿਜਾਬਿਆਧਿਅਜਾਮਲਤਾਰੀਅਲੇ ॥ ਚਰਨਬਧਿਕਜਨਤੇਊਮੁਕਤਿਭਏ॥ਹਉਬਲਿਬਲਿ ਜਿਨਰਾਮਕਹੇ ॥ ੧ ॥ ਦਾਸੀਸੁਤਜਨੁਬਿਦਰੁਸੁਦਾਮਾਉਗ੍ਰਸੈਨਕਉਰਾਜਦੀਏ ॥ ਜਪਹੀਨਤਪ ਹੀਨਕੁਲਹੀਨਕ੍ਰਮਹੀਨਨਾਮੇਕੇਸੁਆਮੀਤੇਊਤਰੇ ॥ ੨ ॥ ੧ ॥ ੪੩੭ ॥

ਟੀਕਾਕ:ਗਉੜੀਰਾਗਵਿਚਮੁਖਵਾਕਸ੍ਰੀਨਾਮਦੇਵਆਪਣੇਹੀ ਚਿੱਤ ਤਾਂਈਆਪ ਸਮਝਾਉਂਦਾ। ਹੇ ਮੇਰੇਵਾਹਿਗੁਰੂ ਤੈਂ ਪੱਥਰ ਜੇਹੇਪਾਪੀ ਤਾਰੇਤੇਰਾ ਨਾਮ ਜਪਦੇ ਨੂੰ ਮੈਨੂੰਨੀਤਰਾਉਂਦਾ। ਗਨਕਾ ਹੈ ਤਾਰੀ

Sri Satguru Jagjit Singh Ji Elibrary NamdhariElibrary@gmail.com

ਬਿਨਾਂ ਰੂਪ ਤਾਰੀ ਕੁਵਜਾਂ ਹੈ ਅਜਾਮੱਲ ਪਾਪੀ ਤਾਂਈ ਆਪ ਤੂੰ ਤਰਾਉਂਦਾ। ਚਰਨਾਂ ਨੂੰ ਤੀਰ ਮਾਰੇ ਉਦਕ ਮੁਕਤ ਹੋਇਆ ਮੈਂ ਵਿਹਾਰ ਜੇੜਾ ਰਾਮ ਨਾਮੁ ਗਾਉਂਦਾ। ਦਾਸੀਦਾ ਜੋ ਪੁਤ ਤਰਿਆ ਬਿਦਰ ਸੁਦਾਮੇ ਨਾਲ ਉਗ੍ਰਸੈਨ ਤਾਂਈ ਰਾਜ ਤੂੰ ਦਿਵਾਉਂਦਾ। ਜਪੁ ਹੀਣ ਤਪ ਹੀਣ ਕੁਲ ਕਰਮ ਹੀਣ ਤਾਰੇ ਐਸਾ ਮੇਰਾ ਵਾਹਿਗੁਰੂ ਹੈ ਮੈਨੂੰ ਵੀ ਤਰਾਉਂਦਾ ॥੪੩੮॥

ਬਾਬੇ ਜੀਨੇ ਘੁਮਾਣਾ ਤੇ ਜਨਮ ਅਸਥਾਨ ਪੰਡਰ ਪੁਰ ਨੂੰ ਜਾਣਾ ਉਮਰ ਸਾਲ ੭੫

ਬੈਂਤ॥ਬਾਬਾਵਾਹਿਗੁਰੂਦੇਲਿਵਜੋੜਚਰਨੀਕਰੇਬੇਨਤੀਨਾਲ ਪਿਆਰ ਕਰਕੇ। ਉਦਾਸੀਨਗੀ ਦੇ ਵਿਚ ਰਹੇ ਬਾਬਾ ਦਿਨੇ ਰਾਤ ਉਦਾਸਗੀ ਧਾਰ ਕਰਕੇ। ਇਕ ਰੋਜ ਪੁਛੇ ਬਾਹੁਰ ਦਾਸ ਆਕੇ ਨਾਮਦੇਵ ਜੀ ਤਾਂਈ ਪੁਕਾਰ ਕਰਕੇ। ਰਹਿੰਦੇ ਕਾਸਤੇ ਤੁਸੀ ਉਦਾਸ ਬਾਬਾ ਮੈਨੂੰ ਦੱਸ ਦੇਵੋ ਕ੍ਰਿਪਾ ਧਾਰ ਕਰਕੇ। ਬਾਬਾ ਕਹੇ ਮੈਨੂੰ ਨਗਰ ਪੰਡਰ ਪੁਰ ਜੋ ਮਾਤਾ ਪਿਤਾ ਰਹੁਦੇ ਯਾਦਗਾਰ ਕਰਕੇ।ਇਸ ਲਈ ਮੈਂ ਓਥੇ ਨੂੰ ਜਾਵਣਾ ਹੈ ਨਾਮ ਦੇਵ ਜੀ ਕਹਿਣ ਉਚਾਰਕਰਕੇ।ਬਾਹੁਰ ਦਾਸ ਕੇਸ਼ੋ ਲੱਧਾ ਸੁਣੇ ਜਦੋਂ ਹੋਇ ਬਹੁਤ ਉਦਾਸ ਲਚਾਰ ਕਰਕੇ। ਸੇਵਕ ਸਿੱਖ ਵਿਛੋੜੇ ਦਾ ਦੁਖ ਸੁਣਕੇ ਹੁੰਦੇ ਬਹੁਤ ਹੈਰਾਨ ਵਿਚਾਰ ਕਰਕੇ। ਪਜੱਤ੍ਰ ਸਾਲਦੀ ਬਾਬੇਦੀ ਉਮਰਹੋਈ ਸੰਮਤਚੌਦਾਂਸੌ ਇੱਕ ਵਿਰਕਾਰ ਕਰਕੇ। ਮਾਘ ਮਾਹਿ ਸੰਗਰਾਂਦ ਦਾ ਰੋਜ ਜਾਣੋ ਦਿਨੁ ਜਾਣ ਲੈਣਾ ਐਤਵਾਰ ਕਰਕੇ। ਨਾਮ ਦੇਵ ਜੀ ਭਗਤ ਜੋ ਬ੍ਰਹਮ ਗਿਆਨੀ ਤੁਰਦੇ ਦੇਸ ਪੰਜਾਬ ਤੋਂ ਤਿਆਰ ਕਰਕੇ। ਬਾਹੁਰ ਦਾਸ ਕੱਠੇ ਹੋਕੇ ਸੇਵਕਾਂ ਨੇ ਕੀਤੀ ਅਰਜ ਏਹੋ ਵਾਰ ਵਾਰ ਕਰਕੇ। ਕੋਈ ਦੇਵੋ ਨਿਸ਼ਾਨੀ ਜੀ ਅਸਾਂਤਾਂਈ ਅਸੀ ਦਰਸੁ ਕਰੀਏ ਨਿਹਚਾਧਾਰ ਕਰਕੇ। ਬਾਬੇ ਚੋਲ਼ਾ ਤੇ ਪਊਆਂ ਦੀ ਬਖਸ਼ ਦਿੱਤੀ ਸਾਂਭੀ ਸੇਵਕਾਂ ਆਪ ਪਿਆਰ ਕਰਕੇ, ਧਰਤ ਛੱਡ ਪੰਜਾਬ ਦੀ ਤੁਰਨ ਛੇਤੀ ਪੰਡਰ

Sri Satguru Jagjit Singh Ji Elibrary NamdhariElibrary@gmail.com

ਪੁਰੀ ਨੂੰ ਜਾਣ ਨਿਹਾਰ ਕਰਕੇ। ਮਾਘੀ ਵਾਲੜੇ ਰੋਜ ਸੂ ਕੂਚ ਕੀਤਾ ਡੇਰਾ ਪਿੰਡ ਘੁਮਾਣਾ ਤੋਂ ਤਿਆਰ ਕਰਕੇ। ਪੰਧ ਪੈ ਗਏ ਛੱਡਕੇ ਸੇਵਕਾਂ ਨੂੰ ਛੱਟਾ ਦੇਣ ਸੱਤ ਧਰਮ ਪ੍ਰਚਾਰ ਕਰਕੇ। ਸ਼ਹਿਰਾਂ ਨਗਰਾਂਵਿਚ ਉਪਦੇਸ਼ ਕਰਦੇ ਚਲੇ ਆਮਦੇ ਜੀਵਾਂਨੂੰ ਤਾਰਕਰਕੇ। ਕਾਲਾਸਿੰਘ ਪੰਡਰ ਪੁਰ ਆਣ ਪੁਜੇ ਮਿਲੇ ਵਿਚ ਪਰਵਾਰ ਪਿਆ ਰ ਕਰਕੇ॥ ੪੩੯॥

ਪ੍ਰਸੰਗ ਘੁਮਾਣਾ ਦੇ ਦੇਹਰੇ ਦਾ ਚਲਿਆ ਉਮਰ ਸਾਲ ੭੫

ਓਦਰ ਬਾਬਾ ਘੁਮਾਣਾ ਤੋਂ ਵਿਦਾ ਹੋਇਆ ਬਾਹੁਰ ਦਾਸ ਕੀ ਰੰਗੁ ਬਣਾਇਆ ਹੈ। ਬਾਦਸ਼ਾਹ ਏਹ ਦੇਹਰਾ ਬਣਾ ਗਿਆਸੂ ਬਾਬੇ ਹੁੰਦੇ ਤੇ ਸਿਰੇ ਚੜ੍ਹਾਇਆ ਹੈ।ਬਾਹੁਰਦਾਸਚਲਾ ਪਉੜੇ ਰੱਖਕਰਕੇ ਬੜਾ ਦੇਹੁਰੇ ਦੇ ਵਿਚ ਸਜਾਇਆ ਹੈ। ਜਾਦਗਾਰ ਵਿਛੋੜੇ ਦੀ ਭਗਤ ਜੀ ਦੀ ਮੇਲਾ ਸਾਲ ਬਰ ਸਾਲ ਲਗਾਇਆ ਹੈ।ਮਾਘ ਮਾਹਿ ਨੂੰ ਨੱਗਰ ਘੁਮਾਣ ਅੰਦ੍ਰ ਮੰਦ੍ਰ ਵਿੱਚ ਜੋ ਕੰਠ ਸੁਹਾਇਆ ਹੈ। ਕਾਲਾ ਸਿੰਘ ਦੇਹੁਰਾ ਸਾਹਿਬ ਨਾਮੂ ਹੈਸੀ ਨਾਮਦੇਵਦਾ ਆਖਸਦਾਇਆਹੈ॥੪੪੦॥

ਸ੍ਰੀ ਨਾਮਦੇਵ ਜੀ ਪੰਡਰਪੁਰ ਵਿਚ ਆਕਰਕੇ ਪ੍ਰਵਾਰਨੂੰ ਮਿਲੇ ਉਮਰ ਸਾਲ ੭੬

ਨਾਮ ਦੇਵ ਘੁਮਾਣਾਂਤੇ ਕੂਚਹੋਕੇ ਥੋੜੇ ਦਿਨੀ ਪੰਡਰਪੁਜਆਂਮਦੇਨੇ। ਅੱਗੇ ਸਾਰਾ ਪ੍ਰਵਾਰ ਉਡੀਕ ਦਾ ਸੀ ਛੀਵੇਂ ਸਾਲ ਪਿੱਛੋਂ ਦਰਸ਼ਨ ਪਾਂਮਦੇਨੇ।ਮਾਤਾਪਿਤਾ ਨੌਂਹਾਪੁਤ੍ਰ ਯਾਦ ਕਰਦੇ ਲੜਕੀ ਭੈਣ ਪੋਤ੍ਰੇ ਦਰਸ ਚਾਂਮਦੇਨੇ। ਦਰਸ਼ਨ ਅੱਜੁ ਹੋਵੇ ਮਹਾਰਾਜ ਜੀ ਦਾ ਸਾਰੇ ਤਰਸ ਪਿਆਰ ਬਧਾਂਮਦੇਨੇ। ਚਾਤ੍ਰਕ ਜਿਵੇਂ ਤਰਸੇ ਪਾਣੀ ਬੂੰਦ ਤਾਂਈ ਚੰਦ ਜਿਵੇਂ ਚਕੋਰ ਦਿਸਾਂਮਦੇਨੇ। ਮਹਾਰਾਜ ਜਦੋਂਘਰਵਿਚ ਪੁਜੇ ਸਾਰੇ ਜੀਵ ਅਨੰਦ ਹੋ ਜਾਂਮਦੇਨੇ। ਖੁਸ਼ੀ ਬਹੁਤ ਸਾਰਾ ਪਰਵਾ ਰ ਹੋਇਆ ਸੇਵਕ ਸਿੱਖ ਆਕੇ ਦਰਸ਼ਨ ਪਾਂਮਦੇਨੇ। ਰਾਂਕਾ ਬਾਂਕਾ ਤ੍ਰਿਲੋਚਨ ਜੈ ਦੇਵ ਆਇਆ ਆਪਸ ਵਿਚ ਚਰਨੀ ਸੀਸ ਲਾਂਮਦੇ

Sri Satguru Jagjit Singh Ji Elibrary NamdhariElibrary@gmail.com

ਨੇ। ਜਿਨਾਂ ਬਾਮਣਾ ਬਾਬੇ ਨੂੰ ਦੁਖ ਦਿਤੇ ਦਰਸ਼ਨ ਪਾਇ ਭੁਲਾਂ ਬਖਸ਼ਾ ਮਦੇਨੇ। ਨਾਮ ਦਾਨ ਦਿੰਦਾ ਬਾਬਾ ਸਰਬ ਤਾਂਈ ਖੁਸ਼ੀ ਹੋਇ ਘਰ ਨੂੰ ਲੋਕ ਜਾਂਮਦੇ ਨੇ। ਆਦ ਅੰਤ ਤੇਰੀ ਨਾਮ ਦੇਵ ਜੀ ਦਾ ਇਕੋ ਰਿਹਾ ਖਿਆਲ ਜਿਤਾਂਮਦੇ ਨੇ। ਰਾਤ ਦਿਨੇ ਓਸੇ ਸੱਚੇ ਵਾਹਿਗੁਰੂ ਦੇ ਸਾਰੀ ਉਮਰ ਹੀ ਜੀਵਾਂ ਨੂੰ ਜਾਂਮਦੇ ਨੇ। ਏਸੇ ਤੋਰ ਛੀਂਹੱਤ੍ਰ ਨੇ ਸਾਲ ਬੀਤੇ ਜਾਂਦਾ ਸਿੰਘ ਤਾਂ ਸ਼ਬਦ ਸੁਣਾਂਮਦੇ ਨੇ ॥ ੪੪੧ ॥

ਰਾਗ ਮਾਲੀ ਗਉੜਾ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੬

ਸਭੈਘਟਰਾਮੁਬੋਲੈਰਾਮਾਬੋਲੈ ॥ ਰਾਮਬਿਨਾਕੋਬੋਲੈਰੇ ॥ ੧ ॥ ਰਹਾਉ॥ ਏਕਲਮਾਟੀਕੁੰਜਰਚੀਟੀ ਭਾਂਜਨਹੈਬਹੁਨਾਨਾਰੇ ॥ ਅਸਥਾਵਰਜੰਗਮਕੀਟਪਤੰਗਮਘਟਿਘਟਿਰਾਮੁਸਮਾਨਾਰੇ ॥ ੧ ॥ ਏਕਲਚਿੰਤਾਰਾਖੁਅਨੰਤਾ ਅਉਰਤਜਹੁਸਭਆਸਾਰੇ ॥ ਪ੍ਰਣਵੈਨਾਮਾਭਏਨਿਹਕਾਮਾਕੋਠਾਕੁਰਕੋਦਾਸਾਰੇ ॥ ੨ ॥ ੩ ॥ ੪੪੨ ॥

ਟੀਕਾ ਕਬਿਤ ॥ ਮਾਲੀ ਗਉੜਾ ਰਾਗ ਮੁਖਵਾਕ ਸ੍ਰੀ ਨਾਮਦੇਵ ਸਰਬ ਲੋਕਾਂ ਤਾਂਈ ਉਪਦੇਸ਼ ਹੈ ਸੁਣਾਂਉਦਾ। ਸਾਰਿਆਂ ਸਰੀਰ ਰੂਪੀ ਘੜਿਆਂ ਦੇ ਵਿਚ ਭਾਈ ਬੋਲ ਰਿਹਾ ਰਾਮ ਨਾਲੇ ਰਾਮ ਹੈ ਬੁਲਾਉਂਦਾ। ਸਾਰੇ ਭਰਪੂਰ ਇਕੁ ਵਾਹਿਗੁਰੂ ਜਰੂਰ ਜਾਣੋ ਵਾਹਿ ਗੁਰੂ ਤੋਂ ਬਿਨਾ ਹੋਰ ਕੌਣ ਹੈ ਅਲਾਉਂਦਾ। ਹਾਥੀ ਕੀੜੀ ਬ੍ਰਿਛ ਅਤੇ ਕੀੜੇ ਜੋ ਪਤੰਗੇ ਹੈਨ ਇਕੋ ਮਿੱਟੀ ਤੋਂਈ ਨਾਨਾ ਰੂਪ ਤੂੰ ਬਣਾਉਂਦਾ ॥ ੪੪੩ ॥ ਕ: ॥ ਏਸੇ ਤੌਰ ਜੜ ਤੇ ਚੈਤੰਨ ਜੋ ਅਨੇਕ ਕੀੜੇ ਹੇ ਮੇਰੇ ਵਾਹਿਗੁਰੂ ਤੂੰ ਸਾਰੇ ਹੈਂ ਸਮਾਉਂਦਾ ਹੇ ਮੇਰੇ ਪਿਆਰੇ ਇਕ ਵਾਹਿਗੁਰੂ ਦਾ ਜਾਪੁ ਕਰੋ ਹੋਰ ਆਲ ਜਾਲ ਸਾਰੇ ਦੂਰ ਛਡਵਾਉਂਦਾ। ਕਹੇ ਨਾਮ ਦੇਵ ਜਦੋਂ ਤੁਸੀ ਏਹੋ ਕੰਮ ਕਰੋ ਕਾਮਨਾ ਤੋਂ ਰਹਿਤ ਹੋ ਜਾਵੋਗੇ ਅਲਾਂਉਦਾ। ਫੇਰ ਹੋਵੇ ਨਾ ਪਛਾਣ ਤੇ ਸੁਆਮੀ ਅਤੇ ਦਾਸ ਕੇੜਾ ਵਾਹਿਗੁਰੂ ਦੇ ਨਾਲ ਹੈ ਅਭੇਦ ਹੋਇ ਜਾਂਉਦਾ॥

ਬਾਬੇ ਜੀ ਪਾਸ ਦੁਸ਼ਮਣਾ ਬਾਮਣਾ ਨੇ ਆਕੇ ਦਰਸ਼ਨ ਕਰਨਾ ਉਮਰ ਸਾਲ ੭੬

ਬੈਤ॥ ਇਕ ਰੋਜ ਸਾਰੇ ਬਾਮਣ ਕੱਠ ਕਰਕੇ ਨਾਮਦੇਵ ਦਾ ਕਰਨ ਦੀਦਾ ਰ ਆਏ। ਜੇੜੇ ਪਹਿਲੇ ਹੈਸਨ ਭਾਰਾ ਬੈਰ ਕਰਦੇ ਹਿਰਦੇ ਵਿਚ ਓ

Sri Satguru Jagjit Singh Ji Elibrary NamdhariElibrary@gmail.com

ਨਿੰਮਰਤਾ ਧਾਰ ਆਏ। ਚਰਨੀ ਸੀਸ ਧਰਕੇ ਪਾਲੋ ਪਾਲ ਬਹਿੰਦੇ ਕਰਦੇ ਦੂਰਤੇ ਸੇ ਨਮਸ਼ਕਾਰ ਆਏ। ਕਾਲਾ ਸਿੰਘ ਬਾਬਾ ਉਪਦੇਸ਼ ਕਰਦਾ ਇਕੁ ਸਬਦ ਮੁਖਵਾਕ ਉਚਾਰ ਆਏ ॥ ੪੪੪ ॥

ਰਾਗ ਆਸਾ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੬

ਪਾਰਬ੍ਰਹਮਜਿਚੀਨਸੀਆਸਾਤੇਨਭਾਵਸੀ ॥ ਰਾਮਾਭਗਤਹਚੇਤੀਅਲੇਅਚਿੰਤਮਨੁਰਾਖਸੀ ॥ ੧ ॥ ਕੈਸੇਮਨਤਰਹਿਗਾਰੇਸੰਸਾਰਸਾਗਰੁਬਿਖੈਕੋਬਨਾ ॥ ਝੂਠੀਮਾਇਆਦੇਖਿਕੈਭੂਲਾਰਮਨਾ ॥ ੧ ॥ ਰਹਾਉ ॥ ਛੀਪੇਕੇਘਰਿਜਨਮੁਦੈਲਾਗੁਰਉਪਦੇਸਭੈਲਾ ॥ ਸੰਤਹਕੈਪਰਸਾਦਿਨਾਮਾਹਰਿਭੇਟੁਲਾ ॥ ੨ ॥ ੫ ॥ ੪੪੫ ॥

ਟੀਕਾਕਬਿੱਤੁ ॥ ਆਸਾ ਰਾਗ ਵਿਚ ਮੁਖਵਾਕ ਸ੍ਰੀ ਨਾਮ ਦੇਵ ਬਾਮਣਾ ਦੇ ਤਾਂਈ ਉਪਦੇਸ਼ ਹੈ ਸੁਣਾਮਦਾ। ਵਾਹਿਗੁਰੂ ਨੂੰ ਜੇੜ੍ਹੇ ਲੋਕ ਜਾਣ ਦੇ ਜਿਗਰ ਵਿਚ ਉਨਾਂ ਸੰਸਾਰ ਆਸਾ ਫੁਰਨਾ ਨਾ ਆਂਮਦਾ। ਵਾਹਿਗੁਰੂ ਦਾ ਜਾਪੁ ਨਿਤ ਦਿਨ ਰਾਤੁ ਜਪੈ ਜੇੜ੍ਹਾ ਓਸਦਾ ਹੈ ਮਨੁਨਹੀਂ ਚਿੰਨਤਾਰਖਾਮਦਾ। ਸਾਗਰ ਸੰਸਾਰ ਵਿਸ਼ੇ ਰੂਪ ਪਾਣੀ ਨਾਲ ਭਰਿਆ ਹੇ ਮਨੁ ਕਿਸ ਤੋਰ ਤਰਨਾਂ ਤੂੰ ਚਾਂਹਮਦਾ ॥ ੪੪੬ ॥ ਕਃ ॥ ਝੂਠੀ ਮਾਇਆ ਦੇਖਕੇ ਤੂੰ ਮੇਰੇ ਮਨ ਭੁਲਿਆ ਹੈਂ ਵਾਹਿਗੁਰੂ ਨੂੰ ਚਿੱਤ ਵਿਚ ਕਿਉਂ ਨੀ ਬਸਾਂਉਂਦਾ। ਛੀਂਬਿਆਂਦੇ ਘਰ ਮੈਨੂੰ ਜਨਮੁ ਦਿਤਾ ਵਾਹਿਗੁਰੂ ਨੇ ਪੂਰਿਆਂ ਗੁਰਾਂਦਾ ਉਪਦੇਸ਼ ਓਹ ਮਿਲਾਂਉਂਦਾ। ਸੰਤਾਂ ਨੇ ਕ੍ਰਿਪਾ ਕਰੀ ਮਿਲਿਆ ਮੈਨੂੰ ਵਾਹਿਗੁਰੂ ਹੈ ਸ੍ਰੀ ਨਾਮ ਦੇਵ ਜਸੁ ਸੰਤਾਂ ਦਾ ਗਾਂਉਂਦਾ। ਸੰਤਾਂ ਨੂੰ ਮਿਲਣੇ ਦੀ ਲੋੜ ਹੈ ਸਰਬਤ੍ਰਾਂਈ ਸ੍ਰੀ ਗੁਰੂ ਗਰੰਥ ਜੀ ਹੈ ਸਾਰੇ ਫਰਮਾਉਂਦਾ ॥ ੪੪੭ ॥ ਬੈਤ ॥ ਬਾਮਣ ਦੇਖਕੇ ਨਿੰਮ੍ਰਤਾ ਦੰਗ ਹੋਇ ਧੰਨ ਧੰਨ ਬਾਬਾ ਸਾਰੇ ਗਾਮ ਦੇਨੇ। ਦਰਜੇ ਉਚੇਨੂੰ ਪਹੁਚਕੇ ਰਹੇ ਨੀਮੇ ਧੰਨ ਨਿੰਮ੍ਰਤਾ ਚਿੱਤ ਰਖਾਂਮਦੇਨੇ। ਸਤੱਤ੍ਰ ਸਾਲ ਦੀ ਬਾਬੇ ਦੀ ਉਮਰ ਹੋਈ ਬੈਠੇ ਵਾਹਿਗੁਰੂ ਦਾ ਗੁਣ ਗਾਮਦੇਨੇ। ਕਾਲਾ ਸਿੰਘ ਪ੍ਰੇਮ ਦੇ ਵਿਚ ਹੋਕੇ ਕਰਦੇ ਬੇਨਤੀ ਸਬਦ ਸੁਣਾਮਦੇਨੇ ॥ ੪੪੮ ॥

Sri Satguru Jagjit Singh Ji Elibrary NamdhariElibrary@gmail.com

ਰਾਗ ਮਲਾਰ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੭

ਸੇਵੀਲੇਗੋਪਾਲਰਾਇਅਕੁਲਨਿਰੰਜਨ ॥ ਭਗਤਿਦਾਨੁਦੀਜੈਜਾਚਹਿਸੰਤਜਨ ॥ ੧ ॥ ਰਹਾਉ ॥ ਜਾਂਚੈਘਰਿਦਿਗਦਿਸੈਸਰਾਇਚਾਬੈਕੁੰਠਭਵਨਚਿਤ੍ਰਸਾਲਾਸਪਤਲੋਕਸਾਮਾਨਿਪੂਰੀਅਲੇ ॥ ਜਾਂਚੈਘਰਿਲਛਿਮੀਕੁਆਰੀਚੰਦੁਸੂਰਜੁਦੀਵੜੇਕਉਤਕੁਕਾਲੁਬਪੁੜਾਕੋਟਵਾਲੁਸੁਕਰਾਸਿਰੀ॥ ਸੁਐਸਾਰਾਜਾਸ੍ਰੀਨਰਹਰੀ ॥੧॥ ਜਾਂਚੈਘਰਿਕੁਲਾਲੁਬ੍ਰਹਮਾਚਤੁਰਮੁਖਡਾਂਵੜਾਜਿਨਿਬਿਸੁਸੰਸਾਰੁਰਾਚੀਲੇ॥ ਜਾਂਚੈਘਰਿਈਸਰੁਬਾਵਲਾਜਗਤੁਗੁਰੂਤਤਸਾਰਖਾਗਿਆਨੁਭਾਖੀਲੇ ॥ ਪਾਪੁਪੁੰਨੁਜਾਂਚੈਡਾਂਗੀਆਦੁਆਰੈਚਿਤ੍ਰਗੁਪਤੁਲੇਖੀਆ ॥ ਧਰਮਰਾਇਪਰਲੀਪ੍ਰਤਿਹਾਰੁ ॥ ਸੋਐਸਾਰਾਜਾਸ੍ਰੀਗੋਪਾਲੁ ॥ ੨ ॥ ਜਾਂਚੈਘਰਿਗਣਗੰਧਰਬਰਿਖੀਬਪੁੜੇਢਾਢੀਆਗਾਵੰਤਆਛੈ ॥ ਸਰਬਸਾਸਤ੍ਰਬਹੁਰੂਪੀਆਅਨਗਰੂਆਆਖਾੜਾਮੰਡਲੀਕਬੋਲਬੋਲਹਿਕਾਛੇ ॥ ਚਉਰਢੂਲਜਾਂਚੈਹੈਪਵਣੁ ॥ ਚੇਰੀਸਕਤਿਜੀਤਿਲੇਭਵਣੁ॥ ਅੰਡਟੂਕਜਾਂਚੈਭਸਮਤੀ॥ ਸੋਐਸਾਰਾਜਾਤ੍ਰਿਭਵਣਪਤੀ॥੩॥ਜਾਂਚੈਘਰਿਕੂਰਮਾਪਾਲੁਸਹਸ੍ਰਫਨੀਬਾਸਕੁਸੇਜਵਾਲੂਆ ॥ ਅਠਾਰਹਭਾਰਬਨਾਸਪਤੀਮਾਲਣੀਛਿਨਵੈਕਰੋੜੀਮੇਘਮਾਲਾਪਾਣੀਹਾਰੀਆ॥ ਨਖਪ੍ਰਸੇਵਜਾਂਚੈਸੁਰਸਰੀ ॥ ਸਪਤਸਮੁੰਦਜਾਂਚੈਘੜਥਲੀ ॥ ਏਤੇਜੀਅਜਾਂਚੈਵਰਤਣੀ ॥ ਸੁਐਸਾਰਾਜਾਤ੍ਰਿਭਵਣਧਣੀ॥ ੪ ॥ ਜਾਂਚੈਘਰਿਨਿਕਟਿਵਰਤੀਅਰਜਨੁਧ੍ਰੂਪ੍ਰਹਲਾਦੁਅੰਬਰੀਕੁਨਾਰਦੁਨੇਜੈਸਿਧਬੁਧਗਣਗੰਧਰਬਬਾਨਵੈਹੇਲਾ ॥ ਏਤੇਜੀਅਜਾਂਚੈਹਹਿਘਰੀ ॥ ਸਰਬਬਿਆਪਕਅੰਤਰਹਰੀ ॥ ਪ੍ਰਣਵੈਨਾਮਦੇਉਤਾਂਚੀਆਣਿ ॥ ਸਗਲਭਗਤਜਾਂਚੈਨੀਸਾਣਿ ॥ ੫ ॥ ੪੮੯ ॥

ਟੀਕਾ ਕਬਿੱਤ ॥ ਰਾਗ ਹੈ ਮਲਾਰ ਮੁਖ ਵਾਕ ਸ੍ਰੀ ਨਾਮਦੇਵ ਸਰਬ ਜੀਵ ਤਾਂਈਂ ਇਹੋ ਕਰੇ ਉਪਦੇਸ਼ ਤਾਂ । ਮਾਇਆ ਤੋਂ ਰਹਿਤ ਕਲਾ ਆਪ ਹੈ ਗੋਪਾਲ ਰਾਇ ਭਗਤ ਦਾਨ ਦੀਜੋ ਸੰਤ ਮੰਗਦੇ ਹਮੇਸ਼ਤਾਂ । ਜੀਦੇ ਘਰ ਦਸਾ ਅਤੇ ਦਿਸਾ ਦੀ ਕਨਾਤ ਹੈਗੀ ਬੈਕੁੰਠ ਤੇ ਭਵਨ ਚਿਤ੍ਰ ਕਾਰੀ ਦੀ ਦਰੇਸ਼ਤਾਂ । ਸਤਿ ਲੋਕ ਦੇ ਸਮਾਨ ਨਗਰ ਜ਼ਰੂਰ ਹੈਨ ਜੀਦੇ ਘਰ ਲਛਮੀ ਕੁਮਾਰੀ ਹੈ ਬਸ਼ੇਸ਼ਤਾਂ ॥ ੪੫੦॥ਕ:॥ ਚੰਦ ਤੇ ਸੂਰਜ ਦੋਵੇਂ ਦੀਵੇ ਆਪ ਬਾਲਦਾ ਹੈ ਤਮਾਸ਼ਗੀਰ ਭਾਰਾ ਭਾਈ ਕਾਲ ਕੁਤਵਾਲ ਹੈ । ਜੀਦੇ ਹਥ ਡੰਡਾ ਜੀਵਾਂ ਸਾਰਿਆਂ ਦੇ ਸਿਰ ਉਤੇ ਸਾਰਿਆਂ ਦੇ ਸਿਰ ਭਾਈ ਗਜਦਾ ਵੀ ਕਾਲ ਹੈ । ਸਾਰਿਆਂ ਜੀਵਾਂ ਨੂੰ ਹਰੇ ਕਰਨ ਵਾਲਾ ਵਾਹਿਗੁਰੂ ਹੈ ਵਿੰਦਾ ਪ੍ਰਕਾਸ਼ ਸੋਭਾਵਾਨ ਜੋ ਅਕਾਲਹੈ । ਜੀਦੇ ਘਰ ਬ੍ਰਹਮਾ ਘੁਮਾਰ ਮੁਖ ਚਾਰ ਵਾਲਾ ਰਚਿਆ ਸੰਸਾਰ ਸੰਚੇ ਵਿਚ ਢਾਲ ਢਾਲ ਹੈ ॥ ੪੫੧॥ ਕ: ॥ ਜੀਦੇ ਘਰ ਸ਼ਿਵਜੀ ਜਗਤ ਗੁਰ ਸੋਭਦੇਨੇ ਕਰਦੇ ਕਥਨ ਸਦਾ ਸ੍ਰੇਸ਼ਟ ਗਿਆਨਤਾਂ । ਪਾਪ ਪੁੰਨ ਜੀਦੇ ਬੂਹੇ ਚੋਪਦਾ

Sri Satguru Jagjit Singh Ji Elibrary NamdhariElibrary@gmail.com

ਰ ਹੈਨ ਦੋਇ ਚਿਤ ਦੀ ਜੋ ਬਾਤ ਛਿਪੀ ਹੋਈ ਲਿਖੀ ਜਾਨਤਾਂ। ਧਰਮ ਰਾਜ ਓਸ ਘਰ ਵਿਚ ਜੋ ਅਦਾਲਤੀ ਹੈ ਓਹੋ ਵਡਾ ਰਾਜਾ ਸ੍ਰੀ ਆਪ ਭਗਵਾਨ ਤਾਂ। ਜੀਦੇ ਘਰ ਸ਼ਿਵਜੀ ਗਣੇਸ਼ ਆਦਿ ਦੇਵ ਤੇ ਨੇ ਰਾਗੀ ਜੋ ਗੁਵਈਏ ਅਛੇ ਕਰਦੇ ਬਿਖਿਆਨਤਾਂ॥ ੪੫੨ ॥ ਕਃ ॥ ਸਾਰੇ ਹੈਨ ਸ਼ਾਸਤ੍ਰ ਅਖਾੜਾ ਭਾਰ ਦੇਵਤਾ ਦਾ ਦੇਂਤਾਂ ਦਾ ਮੰਡਲ ਸੋਹਣੇ ਬੋਲਦੇ ਬਿਆਨ ਤਾਂ। ਜੀਦੇ ਘਰ ਪਉਣ ਹੋਰੀ ਫੇਰਦਾ ਹੈ ਦਿਨ ਰਾਤ ਸ਼ਕਤੀ ਹੈ ਦਾਸੀ ਵਿਚ ਸਾਰੇ ਜੋ ਜਹਾਨ ਤਾਂ। ਜੀਨੇ ਸਾਰੇ ਲੋਕ ਜਿਤ ਲੀਏ ਸੰਸਾਰ ਵਿਚ ਭਾਰਥ ਜੋ ਖੰਡ ਸਾਰਾ ਚੁਲਾ ਹੈ ਮਹਾਨ ਤਾਂ। ਓਹੋ ਹੈਗਾ ਰਾਜਾ ਰਾਮ ਤੀਨ ਲੋਕ ਪਤੀ ਭਾਈ ਵਡਾ ਹੈ ਬੇਅੰਤ ਆਪੇ ਆਪ ਮੇਹਰਬਾਨਤਾਂ ॥੪੫੩॥ ਕਃ ॥ ਜੀਦੇ ਘਰ ਕਛੂ ਪਾਲ ਸੁੰਦਰ ਪਲੰਘ ਭਾਈ ਹਜਾਰਾਂ ਫਣਾਂ ਵਾਲਾ ਵਾਸਕ ਨਾਗ ਸੇਜਦਾਰ ਹੈ। ਅਠਾਰਾਂ ਭਾਰ ਜੋ ਬਨਾਸ ਪਤੀ ਮਾਲਣੀ ਹੈ ਮੇਘ ਮਾਲਾ ਛਿਨਵੇਂ ਕ੍ਰੋੜ ਪਾਣੀ ਭਰੇ ਤੀਉਰੀ ਤਿਆਰ ਹੈ। ਜੀਦੇ ਘਰ ਮੁਣਕਾ ਜੋ ਗੰਗਾ ਹੈ ਜਰੂਰ ਭਾਈ ਸਤੇ ਨੇ ਸਮੁੰਦਰ ਜਗ ਘੜਿਆਂਦੀ ਅਪਾਰ ਹੈ। ਜੀਦੇ ਘਰ ਜੀਵਾਂ ਇੰਨੇ ਨੌਕਰ ਜ਼ਰੂਰ ਹੈਨ ਸੋਈ ਤਿੰਨ ਲੋਕ ਪਤੀ ਆਪ ਕਰਤਾਰ ਹੈ॥ ੪੫੪॥ ਕਃ ॥ ਜੀਦੇ ਘਰ ਪਾਸ ਰਹਿੰਦੇ ਅਰਜਨ ਧਰੂ ਹੈਨ ਨਾਰਦ ਪ੍ਰਹਿਲਾਦ ਅੰਬਰੀਕ ਦਰਵਾਰ ਤਾਂ। ਸਿਧ ਬੁਧ ਗਣ ਗੰਧਰਬ ਵਾਵਨ ਬੀਰ ਹਲਾ ਕਰਦੇ ਏਤਨੇ ਜੋ ਜੀਵ ਜੀਦੇ ਘਰ ਸੇਵਾਦਾਰ ਤਾਂ। ਸਾਰਿਆਂ ਦੇ ਵਿਚ ਹਰੀ ਆਪ ਹੀ ਬਿਆਪਦਾ ਹੈ ਓਸਦਾ ਨਾਂ ਆਵੇ ਕੋਈ ਅੰਤ ਵੀ ਸ਼ੁਮਾਰ ਤਾਂ। ਕਹੇ ਨਾਮਦੇਵ ਮੈਨੂੰ ਓਸਦੀ ਸੁਗੰਦ ਭਾਈ ਜੀਦੇ ਅਗੇ ਸਾਰੇ ਨੇ ਭਗਤ ਮੁਖਤਿਆਰ ਤਾਂ॥ ੪੫੫॥ ਬੈਂਤ ॥ ਏਸੇ ਤੋਰ ਉਪਦੇਸ਼ ਬਖ਼ਸ਼ਸ਼ ਕਰਦੇ ਸਾਰੇ ਜੀਵਾਂ ਨੂੰ ਬਾਬਾ ਜੀ ਤਾਰਦੇ ਨੇ। ਜੇੜਾ ਪਾਸ ਆਵੇ ਸੋ ਪ੍ਰਸ਼ਾਦ ਪਾਵੇ

Sri Satguru Jagjit Singh Ji Elibrary NamdhariElibrary@gmail.com

ਏਸੇ ਸਾਗਰੋਂ ਪਾਰ ਉਤਾਰਦੇ ਨੇ। ਅਠਤ੍ਰ ਸਾਲ ਦੀ ਬਾਬੇ ਦੀ ਉਮਰ ਹੋਈ ਬੈਠ ਵਾਹਿਗੁਰੂ ਨਾਮ ਪੁਕਾਰਦੇ ਨੇ। ਕਾਲਾ ਸਿੰਘ ਪ੍ਰੇਮ ਦੇ ਵਿਚ ਆਕੇ ਏਸੇ ਤੌਰਦੇ ਸ਼ਬਦ ਉਚਾਰਦੇ ਨੇ ॥ ੪੫੬ ॥

ਰਾਗ ਪ੍ਰਭਾਤੀ ਸ਼ਬਦ ਸ੍ਰੀ ਨਾਮਦੇਵ ਜੀ ਉਮਰ ਸਾਲ ੭੮

ਮਨਕੀਬਿਰਥਾਮਨੁਹੀਜਾਨੈਕੈਬੂਝਲਆਗੈਕਹੀਐ ॥ ਅੰਤਰਜਾਮੀਰਾਮੁਰਵਾਂਈਮੈਡਰੁਕੈਸੇਚਹੀਐ ॥੧॥ ਬੇਧੀਅਲੇਗੋਪਾਲਗੋੁਸਾਈ ॥ ਮੇਰਾਪ੍ਰਭੁਰਵਿਆਸਰਬੇਠਾਈ ॥ ੧ ॥ ਰਹਾਉ ॥ ਮਾਨੈਹਾਟੁਮਾਨੈਪਾਟੁਮਾਨੈਹੈਪਾਸਾਰੀ ॥ ਮਾਨੈਬਾਸੈਨਾਨਾਭੇਦੀਭਰਮਤੁਹੈਸੰਸਾਰੀ॥੨॥ ਗੁਰਕੈਸਬਦਿਏਹੁਮਨੁਰਾਤਾਦੁਬਿਧਾਸਹਜਿਸਮਾਣੀ॥ਸਭੋਹੁਕਮੁਹੁਕਮੁਹੈਆਪੇਨਿਰਭਉਸਮਤੁਬੀਚਾਰੀ॥੩॥ ਜੋਜਨਜਾਨਿਭਜਹਿਪੁਰਖੋਤਮੁਤਾਚੀਅਬਿਗਤੁਬਾਣੀ ॥ ਨਾਮਾਕਹੈਜਗਜੀਵਨੁਪਾਇਆਹਿਰਦੈਅਲਖਬਿਡਾਣੀ ॥ ੪ ॥ ੧ ॥੪੫੭॥

ਟੀਕਾ ਕਬਿੱਤ ॥ ਰਾਗ ਪ੍ਰਭਾਤੀ ਮੁਖ ਵਾਕ ਸ੍ਰੀ ਨਾਮਦੇਵ ਆਪ ਣੇ ਹੇ ਮਨ ਤਾਂਈਂ ਆਪ ਸਮਝਾਈਏ। ਮੰਨ ਦੀ ਜੋ ਬ੍ਰਿਥਾ ਸੋਈ ਮਨ ਮੇਰਾ ਜਾਣਦਾ ਹੈ ਹੋਰ ਕੋਈ ਬੁਝੇ ਜਾਇ ਓਸਨੂੰ ਸੁਣਾਈਏ। ਜਾਮੀ ਰਾਮ ਮੇਰਾ ਰਵਿਆ ਸਰਬ ਥਾਂਈਂ ਮੈਨੂੰ ਡਰ ਕਿਸੇ ਦਾ ਭੀ ਮੂਲ ਨਹੀਂ ਚਾਹੀਏ। ਮੇਰਾ ਮਨ ਬੇਧਿਆ ਗੁਪਾਲ ਆਪ ਵਾਹਿਗੁਰੂ ਨੇ ਮੇਰਾ ਜੋ ਪ੍ਰਭੁਰਵਿਆ ਆਪਸਭਥਾਈਂਏ॥੪੫੮॥

ਕਃ ॥ ਮਨ ਮੇਰਾ ਹਟ ਅਤੇ ਮਨ ਮੇਰਾ ਪਟ ਜਾਣੇ ਮਨ ਹੈ ਪਸਾਰੀ ਮੇਰਾ ਸਾਰੇ ਜੋ ਪਸਾਰਿਆ। ਮਨ ਮੇਰੇ ਵਿਚ ਨਾਨਾ ਭੇਦੀ ਵਸੇ ਵਾਹਿਗੁਰੂ ਜੀ ਹੋਰ ਸੰਸਾਰ ਹੈ ਭਰਮ ਕੇਤੇ ਹਾਰਿਆ। ਗੁਰਕੇ ਸ਼ਬਦ ਨਾਲ ਮਨ ਮੇਰਾ ਲਾਲ ਹੋਇਆ ਦੁਬਧਾ ਜੋ ਦੂਜੀ ਨੂੰ ਮੈਂ ਦੂਰ ਹੈ ਝੜਾਰਿਆ। ਸਾਰੇ ਤੇਰਾ ਹੁਕਮ ਹੁਕਮ ਵਿਚ ਜੀਵ ਸਾਰੇ ਨਿਰਭਉ ਮਤਿ ਵਿਚ ਤੂੰਹੀਂ ਮੈਂ ਵਿਚਾਰਿਆ। ਜੇੜ੍ਹਾ ਜਨ ਜਾਣ ਕੇ ਜਪੇਗਾ ਜਾਪ ਵਾਹਿਗੁਰੂ ਦਾ ਤਿਸਦੀ ਜੋ ਗਤ ਜਾਣੀ ਜਾਵੇ ਨਾਂ ਉਚਾਰਿਆ। ਕਹੇ ਨਾਮਦੇਵ ਜਗ ਜੀਵਨ ਮੈਂ ਪਾਇਆ ਹੈ ਵਾਹਿ ਗੁਰੂ ਦਾ ਹਿਰਦੇ ਦੇ ਵਿਚ ਜਾਪ ਧਾਰਿਆ ॥ ੪੫੯ ॥

Sri Satguru Jagjit Singh Ji Elibrary NamdhariElibrary@gmail.com

ਬੈਂਤ॥ਪੰਡਰਪੁਰਅੰਦਰਨਾਮਦੇਵਜਾਕੇਕਰਦੇਸਰਬਦੇਨਾਲ ਪਿਆਰ ਸੰਤੋ। ਹਰਿ ਬਖਤ ਅਨੰਦ ਦੇ ਵਿਚ ਰਹਿੰਦੇ ਕਰਦੇ ਵਾਹਿਗੁਰੂ ਨਾਮ ਉਚਾਰ ਸੰਤੋ। ਬ੍ਰਿਧ ਬਸਤਾ ਉਨਾਸੀ ਹੈ ਸਾਲ ਹੋਈ ਸੇਵਾ ਕਰੇ ਸਾਰਾ ਪ੍ਰਵਾਰ ਸੰਤੋ। ਕਾਲਾ ਸਿੰਘ ਹਮੇਸ਼ ਅਨੰਦ ਰਹਿੰਦੇਸਤਿ ਧਰਮ ਦਾ ਕਰਨ ਪ੍ਰਚਾਰ ਸੰਤੋ॥ ੪੬੦॥ ਤਥਾ ॥ਸੰਗਤ ਬਹੁਤ ਸਾਰੀ ਦਿਨੇ ਰਾਤ ਰਹਿੰਦੀ ਕਈ ਆਂਮਦੇ ਤੇ ਕਈ ਜਾਂਮਦੇ ਨੇ। ਰਹੇ ਭੀੜ ਹਜ਼ੂਰ ਦੇ ਪਾਸ ਭਾਰੀ ਸਿੱਖ ਹੋਰ ਨਵੇਂ ਸਜੀ ਆਂਮਦੇ ਨੇ। ਸ਼ਬਦ ਬਾਨੀ ਦਾ ਵਡਾ ਪ੍ਰਚਾਰ ਕਰਦੇ ਸੁਬ੍ਹਾ ਸ਼ਾਮ ਦੀਵਾਨ ਲਗਾਂਮਦੇ ਨੇ। ਗੋਰ ਮੜੀ ਭੈਰੋਂ ਭੂਤ ਦੇਵਦੇਵੀਪਥਰਪੂਜਣਾਦੂਰ ਹਟਾਂਮਦੇ ਨੇ। ਬ੍ਰਤ ਪੂੰਨਿਆ ਕਾਦਸੀ ਛਡ ਕਰਕੇ ਰਬ ਪੂਜਣਾ ਬਰਤ ਰਖਾਂਮਦੇ ਨੇ। ਗੰਗਾ ਗਿਆ ਪ੍ਰਾਗ ਗੁਦਾਵਰੀ ਦਾ ਟੰਰੇ ਛੁਕ ਅਕਾਲ ਜਪਾਂਮਦੇ ਨੇ। ਰਾਮ ਕ੍ਰਿਸ਼ਨ ਤੇ ਬਿਸ਼ਨ ਗਣੇਸ਼ ਸ਼ਿਵਜੀ ਭੁਲ ਨਹੀਂ ਅਵਤਾਰ ਮਨਾਂਮਦੇ ਨੇ। ਨਹੀਂ ਭੇਖ ਪਖੰਡ ਸੀ ਕੁਝ ਕੀਤਾ ਚਿਟੇ ਕਪੜੇ ਪੈਨ ਹੰਢਾਂਮਦੇ ਨੇ। ਦਾੜ੍ਹੀ ਕੇਸ ਤੇ ਸੀਸ ਦਸਤਾਰ ਰਖੀ ਜਟਾ ਜੂਟ ਦੀ ਬ੍ਰਿਤ ਰਖਾਂਮਦੇਨੇ। ਭੰਗਫੀਮ ਸ਼ਰਾਬ ਤੇ ਚਰਸ ਹੁਕਾ ਪੱਟ ਏਸਦਾ ਬੀਜ ਗਮਾਂਮਦੇ ਨੇ। ਜੇੜ੍ਹੀ ਰੀਤ ਆਕੇ ਦਸਾਂ ਗੁਰਾਂ ਤੋਰੀ ਨਾਮਦੇਵ ਏਹ ਰੀਤ ਚਲਾਂਮਦੇਨੇ। ਗੁਰੂ ਗਰੰਥ ਅੰਦ੍ਰ ਮੁਖਵਾਕ ਦੇਖੋ ਭਗਤ ਬਾਨੀਦੇ ਹੁਕਮ ਕੀ ਆਂਮਦੇਨੇ। ਅੱਸੀ ਸਾਲਤੇ ਬਾਬੇਦੀਉਮਰ ਟੱਪੀ ਮੱਘਰ ਪਹਿਤੇ ਮਾਘ ਜਤਾਂਮਦੇਨੇ। ਹਰਬਖਤ ਅਨੰਦ ਦੇ ਵਿੱਚ ਰਹਿੰਦੇ ਵਾਹਿਗੁਰੂ ਜੀ ਦਾ ਜਸਗਾਂਮਦੇਨੇ। ਸਾਰੀਉਮਰ ਉਚਾਰਦੇ ਰਹੇ ਬਾਂਣੀ ਦਿਨੇਰਾਤ ਵੀ ਨਾਮ ਧਿਆਮਦੇਨੇ। ਅੱਠ ਪਹਿਰ ਬਰਾਗਦੇ ਵਿੱਚ ਹੋਕੇ ... ਧਲਗਾਂਮਦੇਨੇ। ਪਿਤਾ ਜਾਣਦੇਸੇ ਓਸਵਾਹਿ...

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਪ੍ਰਬੰਧਕ ਕਮੇਟੀ ਗੁਰਦੁਆਰਾ ਕਲਗੀਧਰ ਸਿੰਘ ਸਭਾ
ਮੰਡੀ ਡਬਵਾਲੀ (ਸਿਰਸਾ)

ਨੰ: ਮਿਤੀ 1-5-98

ਸ੍ਰੀਮਾਨ 2189 ਜੀ ਪਾਸੋਂ

ਰੁਪਏ (ਅਖਰੀਂ) ਕੇਵਲ ਸਵਾ ਰੁਪਿਆ

ਬਾਬਤ ..........

ਧੰਨਵਾਦ ਸਹਿਤ ਵਸੂਲ ਪਾਏ।

ਰੁ: 1/25 ਦ: ਪ੍ਰਾਪਤ ਕਰਤਾ

---

ਪ੍ਰਬੰਧਕ ਕਮੇਟੀ ਗੁਰਦੁਆਰਾ ਕਲਗੀਧਰ ਸਿੰਘ ਸਭਾ
ਮੰਡੀ ਡਬਵਾਲੀ (ਸਿਰਸਾ)

ਨੰ: ਮਿਤੀ 1-6-98

ਸ੍ਰੀਮਾਨ 2185 ਜੀ ਪਾਸੋਂ

ਰੁਪਏ (ਅਖਰੀਂ) ਕੇਵਲ ਸਵਾ ਰੁਪਿਆ

ਬਾਬਤ ..........

ਧੰਨਵਾਦ ਸਹਿਤ ਵਸੂਲ ਪਾਏ।

ਰੁ: 1/25 ਦ: ਪ੍ਰਾਪਤ ਕਰਤਾ

Sri Satguru Jagjit Singh Ji Elibrary NamdhariElibrary@gmail.com